ੴ ਵਾਹਿਗੁਰੂ ਜੀ ਕੀ ਫ਼ਤਹ ॥

ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ ॥



SikhBookClub.com

ਗੁਰਚਰਨਜੀਤ ਸਿੰਘ ਲਾਂਬਾ

੧ੴ ਵਾਹਿਗੁਰੂ ਜੀ ਕੀ ਫਤਹ ॥

ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ

ਗੁਰਚਰਨਜੀਤ ਸਿੰਘ ਲਾਂਬਾ

ਪ੍ਰਕਾਸ਼ਕ :
ਸੰਤ ਸਿਪਾਹੀ ਐਲ.ਐਲ.ਸੀ. (ਯੂ.ਐਸ.ਏ.)

SikhBookClub.com

Sakhi Sikh Rehat Maryada Ji Ki

by

Gurcharanjit Singh Lamba

© Author

Year of Publication : 2020

Price : ₹ 550.00
US $ 15.00

ISBN : 978-1-7327881-1-4

Publisher :
Sant Sipahi LLC (USA)

Distributors :
Singh Brothers
S.C.O. 223-24, City Centre,
Amritsar-143001
Tele : 0183-2543965, 2550739

Printer :
Printwell, 146, Industrial Focal Point, Amritsar

SikhBookClub.com

ੴ ਵਾਹਿਗੁਰੂ ਜੀ ਕੀ ਫ਼ਤਹ ॥

ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ

(ਮ. ੧ ਅੰਗ ੭੪)

ਸਾਦਰ ਸਮਰਪਿਤ

ਗੁਰੂ ਗ੍ਰੰਥ ਅਤੇ ਗੁਰੂ ਪੰਥ ਦੇ ਸੰਕਲਪ ਨੂੰ ਪ੍ਰਣਾਈ

ਅਕਾਲੀ ਚੱਕ੍ਰ ਕੌਰ ਸਿੰਘ ਜੀ ਨਿਹੰਗ

ਪੰਥ ਰਤਨ ਮਾਸਟਰ ਤਾਰਾ ਸਿੰਘ ਜੀ

ਗਿਆਨੀ (ਸੰਤ) ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਅਕਾਲੀ ਕੌਰ ਸਿੰਘ ਜੀ ਨਿਹੰਗ,

ਪੰਥ ਰਤਨ ਮਾਸਟਰ ਤਾਰਾ ਸਿੰਘ ਜੀ,

ਅਤੇ

ਗਿਆਨੀ (ਸੰਤ) ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ

ਦੀ ਤ੍ਰਿਵੇਣੀ ਨੂੰ

ਜਿਹਨਾਂ ਦਾ ਜੀਵਨ ਹੀ

ਸਿੱਖ ਰਹਿਤ ਮਰਯਾਦਾ ਦੀ ਪ੍ਰਤੱਖ ਮੂਰਤ ਸੀ।

SikhBookClub.com

ਸਮਰਪਣ

(ਇਹ ਪੁਸਤਕ ਸਮਰਪਿਤ ਹੈ ਅਕਾਲੀ ਕੌਰ ਸਿੰਘ ਜੀ, ਮਾਸਟਰ ਤਾਰਾ ਸਿੰਘ ਜੀ ਅਤੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੂੰ। ਸਰਦਾਰ ਹਰਵਿੰਦਰ ਸਿੰਘ ਜੀ ਖ਼ਾਲਸਾ ਨੇ ਇਹਨਾਂ ਬਾਰੇ ਸੰਖੇਪ ਜਾਣਕਾਰੀ ਪਾਠਕਾਂ ਨਾਲ ਸਾਂਝੀ ਕੀਤੀ ਹੈ।)

ਮਹਾਨ ਤਪੱਸਵੀ ਅਕਾਲੀ ਕੌਰ ਸਿੰਘ ਨਿਹੰਗ

ਸੰਸਾਰ 'ਤੇ ਮਨੁੱਖ ਜਨਮ ਲੈਂਦਾ ਹੈ ਅਤੇ ਜੀਵਨ ਭੋਗ ਕੇ ਚਲਾ ਜਾਂਦਾ ਹੈ। ਕੁੱਝ ਇਨਸਾਨ ਇਹੋ ਜਿਹੇ ਵੀ ਹੁੰਦੇ ਹਨ ਜੋ ਆਪਣੇ ਜੀਵਨ ਕਾਲ ਸਮੇਂ ਇੰਨੀ ਸਾਧਨਾ ਕਰਦੇ ਹਨ ਕਿ ਉਨ੍ਹਾਂ ਦਾ ਜੀਵਨ ਸਮਾਜ ਨੂੰ ਅਰਪਣ ਹੋ ਜਾਂਦਾ ਹੈ। ਅਕਾਲੀ ਕੌਰ ਸਿੰਘ ਜੀ ਉਚੇ-ਸੁੱਚੇ ਜੀਵਨ ਵਾਲੇ ਇਕ ਮਹਾਨ ਤਪੱਸਵੀ, ਤਿਆਗੀ, ਲੋਕ ਸੇਵਕ, ਵਿਦਵਾਨ ਲੇਖਕ ਅਤੇ ਮਹਾਨ ਖੋਜੀ ਸਨ। ਅਕਾਲੀ ਕੌਰ ਸਿੰਘ ਜੀ ਦਾ ਜਨਮ 28 ਜੂਨ 1886 ਈ. ਨੂੰ ਭਾਈ ਮਹਾਂ ਸਿੰਘ ਅਤੇ ਮਾਤਾ ਕਰਮ ਕੌਰ ਜੀ ਦੇ ਗ੍ਰਹਿ ਪਿੰਡ ਚਕਾਰ, ਜ਼ਿਲ੍ਹਾ ਮੁਜ਼ਫਰਾਬਾਦ, ਕਸ਼ਮੀਰ ਵਿਖੇ ਹੋਇਆ। ਪਰਿਵਾਰ ਦਾ ਪਿਛੋਕੜ ਤ੍ਰਿਲੋਕੀ ਨਾਥ ਤੋਂ ਪਤਾ ਲਗਾਇਆ ਜਾ ਸਕਦਾ ਹੈ ਜੋ 1675 ਈ. ਨੂੰ ਕਸ਼ਮੀਰੀ ਪੰਡਤਾਂ ਦੇ ਵਫ਼ਦ ਨਾਲ ਸ੍ਰੀ ਅਨੰਦਪੁਰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਪੁਕਾਰ ਕਰਨ ਆਏ ਸਨ। ਤ੍ਰਿਲੋਕੀ ਨਾਥ ਦੇ ਪੁੱਤਰ ਅਮੋਲਕ ਨਾਥ ਜੋ ਬਾਅਦ ਵਿਚ ਅਮੋਲਕ ਸਿੰਘ ਬਣੇ, ਅਕਾਲੀ ਕੌਰ ਸਿੰਘ ਜੀ ਦੇ ਦਾਦਾ ਜੀ ਸਨ। ਅਕਾਲੀ ਕੌਰ ਸਿੰਘ ਜੀ ਦਾ ਵੀ ਪਹਿਲਾ ਨਾਮ ਪੂਰਨ ਸਿੰਘ ਸੀ ਅਤੇ ਹਜ਼ੂਰ ਸਾਹਿਬ ਅੰਮ੍ਰਿਤ ਛੱਕਣ ਤੋਂ ਬਾਅਦ ਕੌਰ ਸਿੰਘ ਬਣ ਗਏ। ਉਸੇ ਦਿਨ ਤੋਂ ਨਿਹੰਗ ਬਾਣਾ ਪਾਉਣਾ ਸ਼ੁਰੂ ਕਰ ਦਿਤਾ। ਅਕਾਲੀ ਕੌਰ ਸਿੰਘ ਜੀ ਨੇ ਹਜ਼ੂਰ ਸਾਹਿਬ ਦੋ ਸਾਲ ਦਾ ਸਮਾਂ ਬਤੀਤ ਕੀਤਾ। ਆਪ ਜੀ ਨੇ ਬਾਵਾ ਮਹਾਂ ਸਿੰਘ ਬੇਦੀ ਕੋਲੋਂ ਸਿੱਖ ਧਰਮ ਗ੍ਰੰਥਾਂ, ਸੰਸਕ੍ਰਿਤ, ਬ੍ਰਜ ਅਤੇ ਦਵਾਈ ਦੀ ਭਾਰਤੀ ਪ੍ਰਣਾਲੀ ਵਿਚ ਸਿਖਿਆ ਪ੍ਰਾਪਤ ਕੀਤੀ ਅਤੇ ਦਸਮ ਗ੍ਰੰਥ ਦਾ ਅਧਿਐਨ ਪਿਸ਼ਾਵਰ ਜਾ ਕੇ ਗਿਆਨੀ ਬਾਗ ਸਿੰਘ ਜੀ ਤੋਂ ਕੀਤਾ। ਆਪ ਜੀ ਨੇ 1907 ਈ. ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤੁਕ-ਰੂਪ ਵਿਚ ਅੱਖਰ ਕ੍ਰਮ ਅਨੁਸਾਰ ਅਨੁਕ੍ਰਮਣਿਕਾ (ਇੰਡੈਕਸ) ਤਿਆਰ ਕਰਨਾ ਸ਼ੁਰੂ ਕੀਤਾ ਜੋ 13 ਸਾਲ ਦੀ ਸਖਤ ਸਾਧਨਾ ਦੇ ਬਾਅਦ 1920 ਈ. ਵਿੱਚ ਸੰਪੂਰਨ ਹੋਇਆ ਅਤੇ ਮਾਰਚ 1923 ਵਿੱਚ 'ਗੁਰ ਸ਼ਬਦ ਰਤਨ ਪ੍ਰਕਾਸ਼' ਸਿਰਲੇਖ ਹੇਠ ਪ੍ਰਕਾਸ਼ਿਤ ਹੋਇਆ, ਜਿਸ ਨੂੰ ਆਮ ਤੌਰ 'ਤੇ ਤੁਕ-ਤਤਕਰਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ। 'ਗੁਰ ਸ਼ਬਦ ਰਤਨ ਪ੍ਰਕਾਸ਼' ਤੋਂ ਇਲਾਵਾ ਤਤਕਰਾ ਭਾਈ ਗੁਰਦਾਸ ਜੀ, ਕਵੀ ਸੈਨਾਪਤਿ ਦੀ ਸ੍ਰੀ ਗੁਰ ਸੋਭਾ, ਰੋਜ਼ਾਨਾ ਸਿੱਖ ਅਰਦਾਸ ਦਾ ਪ੍ਰਮਾਣਿਕ ਗੁਟਕਾ, ਗੁਟਕਾ ਪ੍ਰਮਾਣਿਕ ਨਿਤਨੇਮ, ਬੁਧਿਬਾਰਧ ਹਿਤੋਪਦੇਸ਼ ਰਤਨਾਕਰ, ਸੁਖ ਸਾਗਰ ਆਦਿ ਰਚਨਾਵਾਂ ਵੀ ਆਪ ਜੀ ਦੀ ਦੇਣ ਹਨ।

ਅਕਾਲੀ ਕੌਰ ਸਿੰਘ ਜੀ ਨੇ ਇਲਾਕਾ ਚਕਾਰ (ਮੁਜ਼ਫਰਾਬਾਦ) ਵਿੱਚ ਵਿਦਿਆ ਦੀ ਘਾਟ ਨੂੰ ਮਹਿਸੂਸ ਕਰਦਿਆਂ ਗੁਰੂ ਨਾਨਕ ਆਸ਼ਰਮ ਦੇ ਨਾਂ ਹੇਠ ਸੰਸਥਾ ਸਥਾਪਿਤ ਕੀਤੀ

SikhBookClub.com

ਅਤੇ ਨਾਲ ਹੀ ਰਿਹਾਇਸ਼ੀ ਸਕੂਲ ਖੋਲ੍ਹਿਆ। ਇਹਨਾਂ ਨੇ ਇੱਕ ਲਾਇਬਰੇਰੀ ਸਥਾਪਿਤ ਕੀਤੀ ਜਿਸ ਵਿੱਚ ਪੁਸਤਕਾਂ ਤੋਂ ਇਲਾਵਾ ਹੱਥ ਲਿਖਤ ਪੁਰਾਣੀਆਂ ਲਿਖਤਾਂ ਵੀ ਰੱਖੀਆਂ ਗਈਆਂ ਸਨ। ਆਪ ਜੀ ਨੇ 'ਕਸ਼ਮੀਰ ਸਿੱਖ ਸਮਾਚਾਰ' ਅਖਬਾਰ ਸ਼ੁਰੂ ਕੀਤਾ ਤਾਂ ਜੋ ਸਿੱਖ ਸਮੇਂ ਦੇ ਹਾਲਾਤਾਂ ਤੋਂ ਜਾਣੂ ਹੋ ਸਕਣ। ਇਹ ਸਮਾਚਾਰ ਪੱਤਰ ਸ੍ਰੀਨਗਰ ਤੋਂ ਛਪਦਾ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਰਹਿਤ ਮਰਯਾਦਾ ਬਨਾਉਣ ਲਈ ਜੋ 'ਰਹੁ-ਰੀਤੀ ਸਬ-ਕਮੇਟੀ' ਬਣਾਈ ਸੀ ਅਕਾਲੀ ਕੌਰ ਸਿੰਘ ਜੀ ਉਸ ਕਮੇਟੀ ਦੇ ਮੈਂਬਰ ਸਨ। ਇਸ ਕਮੇਟੀ ਦੀਆਂ ਜਿੰਨੀਆਂ ਵੀ ਮੀਟਿੰਗਾਂ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਹੋਈਆਂ ਉਨ੍ਹਾਂ ਵਿਚ ਸ਼ਾਮਲ ਹੋ ਕੇ ਵਿਚਾਰ ਸਾਂਝੇ ਕੀਤੇ ਅਤੇ ਸੁਝਾਅ ਦਿੱਤੇ। ਸਿੱਖ ਪੰਥ ਦੀ ਸਿੱਖ ਰਹਿਤ ਮਰਯਾਦਾ ਬਨਾਉਣੀ ਕੋਈ ਸੌਖਾ ਕੰਮ ਨਹੀਂ ਸੀ, ਇਸ ਨੂੰ ਅਕਾਲੀ ਕੌਰ ਸਿੰਘ ਜੀ ਵਰਗੇ ਜੀਵਨ ਵਾਲੇ ਮਹਾਂਪੁਰਖ ਹੀ ਬਣਾ ਸਕਦੇ ਸਨ। ਇਸ ਰਹਿਤ ਮਰਯਾਦਾ ਨੂੰ ਬਨਾਉਣ ਲਈ ਸੁਝਾਅ ਦੇਣ ਵਾਲੇ ਵੀ ਗੁਰਸਿੱਖ ਸੱਜਣ ਸਨ। ਭਾਈ ਕਾਨ੍ਹ ਸਿੰਘ ਨਾਭਾ ਜੋ ਆਪ ਉਚ ਜੀਵਨ ਵਾਲੇ ਸਨ ਨੇ ਅਕਾਲੀ ਕੌਰ ਸਿੰਘ ਜੀ ਦੀ ਰਹਿਤ ਬਹਿਤ ਅਤੇ ਰਹਿਣੀ-ਬਹਿਣੀ ਨੂੰ ਮੁੱਖ ਰੱਖਦੇ ਹੋਏ ਸਿੱਖੀ ਦਾ ਸਹੀ ਸਰੂਪ ਆਖਿਆ ਸੀ।

ਅੱਜ ਸਮੁੱਚੇ ਸਿੱਖ ਪੰਥ ਵੱਲ ਨਜ਼ਰ ਮਾਰਦਿਆਂ ਇਨ੍ਹਾਂ ਗੁਰਮੁਖ ਪਿਆਰਿਆਂ ਵਰਗਾ ਇੱਕ ਵੀ ਗੁਰੂ ਦੁਲਾਰਾ ਨਜ਼ਰ ਨਹੀਂ ਆਉਂਦਾ। ਉਹੀ ਗੁਰਮੁਖ ਪਿਆਰਾ ਦਲੇਰੀ ਨਾਲ ਗੁਰਸਿੱਖੀ ਰਹਿਣੀ ਬਹਿਣੀ ਦੀ ਗੱਲ ਕਰ ਸਕਦਾ ਹੈ, ਜਿਸ ਉਪਰ ਅਕਾਲ ਪੁਰਖ ਵਾਹਿਗੁਰੂ ਜੀ ਦੀ ਕ੍ਰਿਪਾ ਹੋਵੇਗੀ। ਅਕਾਲੀ ਜੀ ਨੇ 1947 ਦੇ ਘੱਲੂਘਾਰੇ ਸਮੇਂ ਜਿਨ੍ਹਾਂ ਸਿੱਖਾਂ ਦੀ ਰਹਿਤ ਮਰਯਾਦਾ ਭੰਗ ਹੋ ਗਈ ਸੀ ਅਤੇ ਜਿਨ੍ਹਾਂ ਨੂੰ ਜ਼ਬਰਦਸਤੀ ਪਤਿਤ ਕਰ ਦਿਤਾ ਗਿਆ ਸੀ, ਅਲੱਗ ਅਲੱਗ ਥਾਵਾਂ 'ਤੇ ਇਨ੍ਹਾਂ ਸ਼ਰਨਾਰਥੀਆਂ ਦੇ ਕੈਂਪਾਂ ਵਿਚ ਜਾ ਕੇ ਅੰਮ੍ਰਿਤਪਾਨ ਕਰਵਾਇਆ। ਅਖੀਰ ਸਿੱਖ ਪੰਥ ਦੀ ਸੇਵਾ ਕਰਦਿਆਂ ਤੇ ਰਹਿਣੀ ਅਤੇ ਬਹਿਣੀ ਵਿੱਚ ਪ੍ਰਪੱਕ ਰਹਿੰਦਿਆਂ ਹੋਇਆਂ ਅਕਾਲੀ ਕੌਰ ਸਿੰਘ ਜੀ 23 ਜਨਵਰੀ, 1953 ਨੂੰ ਪਟਿਆਲਾ ਵਿਖੇ ਅਕਾਲ ਚਲਾਣਾ ਕਰ ਗਏ।

ਹਰਵਿੰਦਰ ਸਿੰਘ ਖਾਲਸਾ, ਬਠਿੰਡਾ

SikhBookClub.com

ਦ੍ਰਿੜ੍ਹ ਇਰਾਦੇ ਦਾ ਮਾਲਕ ਮਾਸਟਰ ਤਾਰਾ ਸਿੰਘ

ਵੀਹਵੀਂ ਸਦੀ ਦੇ ਵਿੱਚ ਸਿੱਖ ਧਰਮ ਅਤੇ ਸਿੱਖ ਸਿਆਸਤ ਨੂੰ ਸੇਧ ਦੇਣ ਵਾਲੇ, ਦ੍ਰਿੜ੍ਹ ਇਰਾਦੇ ਦੇ ਮਾਲਕ ਮਾਸਟਰ ਤਾਰਾ ਸਿੰਘ ਨੂੰ ਜੋ ਮਾਣ ਅਤੇ ਇੱਜ਼ਤ ਪ੍ਰਾਪਤ ਹੋਇਆ, ਉਸ ਤਰ੍ਹਾਂ ਦਾ ਸਨਮਾਨ ਕਿਸੇ ਨੂੰ ਘੱਟ ਹੀ ਨਸੀਬ ਹੋਇਆ। ਸਿੱਖ ਰਾਜਨੀਤੀ 30-35 ਸਾਲ ਮਾਸਟਰ ਤਾਰਾ ਸਿੰਘ ਜੀ ਦੁਆਲੇ ਹੀ ਘੁੰਮਦੀ ਰਹੀ। ਜਦ ਨਾਨਕ ਚੰਦ ਅੰਮ੍ਰਿਤ ਛਕ ਕੇ ਨਾਨਕ ਸਿੰਘ ਬਣਿਆ ਤਾਂ ਸੰਤ ਬਾਬਾ ਅਤਰ ਸਿੰਘ ਜੀ ਦੇ ਬਚਨ ਸਨ, ਜਵਾਨਾ, "ਹੁਣ ਤੂੰ ਨਾਨਕ ਚੰਦ ਨਹੀਂ ਸਗੋਂ ਨਾਨਕ ਸਿੰਘ ਏਂ, ਤੂੰ ਆਪਣੀ ਜ਼ਿੰਦਗੀ ਵਿਚ ਤਾਰਾ ਬਣਕੇ ਚਮਕੇਂਗਾ। ਵਾਹਿਗੁਰੂ ਤੈਨੂੰ ਆਪਣੇ ਅਤੇ ਆਪਣੀ ਕੌਮ ਦੀ ਚੜ੍ਹਦੀ ਕਲਾ ਲਈ ਬਲ ਬਖਸ਼ੇ।" ਮਹਾਂ ਪੁਰਸ਼ਾਂ ਦੇ ਕਹੇ ਹੋਏ ਸ਼ਬਦ ਸੱਚ ਸਾਬਤ ਹੋਏ।

ਮਾਸਟਰ ਤਾਰਾ ਸਿੰਘ ਜੀ ਜਮਾਂਦਰੂ ਆਗੂ ਸਨ ਤੇ ਸਭ ਤੋਂ ਪਹਿਲਾਂ ਆਪ ਦੇ ਪਰਿਵਾਰ ਨੇ ਆਪ ਦੀ ਰਹਿਨੁਮਾਈ ਕਬੂਲ ਕੇ ਆਪ ਦੇ ਪਿਛੇ ਸਿੱਖੀ ਸੰਗਤ ਵਿਚ ਪ੍ਰਵੇਸ਼ ਕੀਤਾ। ਮਾਸਟਰ ਤਾਰਾ ਸਿੰਘ, ਸਿੱਖ ਰਾਜਨੀਤੀ ਵਿੱਚ ਪ੍ਰਵੇਸ਼ ਕਰਨ ਤੋਂ ਬਾਅਦ ਜਦੋਂ ਸਿੱਖਾਂ ਦੇ ਨੇਤਾ ਬਣੇ ਤਾਂ ਸਿੱਖਾਂ ਦੀ ਨਬਜ਼ ਨੂੰ ਪਹਿਚਾਣਦੇ ਹੋਏ ਕਿਹਾ ਕਰਦੇ ਸਨ ਕਿ "ਗੁਰਦੁਆਰਾ ਸੁਧਾਰ ਦੇ ਜੋਸ਼ ਵਿਚੋਂ ਹੀ ਸਿੱਖਾਂ ਵਿੱਚ ਸਵੈ ਭਰੋਸਾ, ਰਾਜਸੀ ਜਾਗ੍ਰਤੀ ਤੇ ਦੇਸ਼ ਭਗਤੀ ਦੀ ਭਾਵਨਾ ਪੈਦਾ ਕੀਤੀ ਜਾ ਸਕਦੀ ਹੈ।" ਮਾਸਟਰ ਤਾਰਾ ਸਿੰਘ ਸਿੱਖ ਹੱਕਾਂ ਦੇ ਪਹਿਰੇਦਾਰ ਸਨ। ਮਾਸਟਰ ਤਾਰਾ ਸਿੰਘ ਦੀ ਪ੍ਰਧਾਨਗੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਰਹਿਤ ਮਰਯਾਦਾ ਦਾ ਖਰੜਾ ਤਿਆਰ ਕਰਨ ਲਈ ਰਹੁ-ਰੀਤੀ ਕਮੇਟੀ ਬਣਾਣ ਦਾ ਮਤਾ ਪਾਸ ਕੀਤਾ। ਆਪ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਿਆਰ ਕੀਤੀ ਸਿੱਖ ਰਹਿਤ ਮਰਯਾਦਾ ਲਈ ਜਿੱਥੇ ਸੁਝਾਅ ਤੇ ਸਹਿਯੋਗ ਦਿੱਤਾ ਉੱਥੇ ਰਹਿਤ ਮਰਯਾਦਾ ਦੇ ਅਨੁਸਾਰ ਚਲਦੇ ਹੋਏ ਦ੍ਰਿੜ੍ਹਤਾ ਨਾਲ ਪਹਿਰਾ ਵੀ ਦਿੱਤਾ। ਰਾਜਨੀਤੀ ਵਿੱਚ ਰਹਿ ਕੇ ਰਹਿਤ ਮਰਯਾਦਾ ਅਨੁਸਾਰ ਚਲਣ ਵਾਲੇ ਘੱਟ ਹੀ ਇਨਸਾਨ ਹੁੰਦੇ ਹਨ ਜੋ ਗੁਰੂ ਆਸ਼ੇ ਅਨੁਸਾਰ ਸਿੱਖ ਪੰਥ ਦੀ ਸੇਵਾ ਕਰ ਸਕਣ।

ਮਾਸਟਰ ਤਾਰਾ ਸਿੰਘ ਜੀ ਦਾ ਵਿਆਹ 1904 ਈ. ਨੂੰ ਬੀਬੀ ਤੇਜ ਕੌਰ ਨਾਲ ਹੋਇਆ। ਜਦੋਂ ਆਨੰਦ ਕਾਰਜ ਹੋਣ ਲੱਗਾ ਤਾਂ ਤਾਰਾ ਸਿੰਘ ਨੇ ਪੁਛਿਆ ਕਿ ਕੀ ਉਸ ਦੀ ਹੋਣ ਵਾਲੀ ਪਤਨੀ ਤੇਜ ਕੌਰ ਨੇ ਅੰਮ੍ਰਿਤ ਛਕਿਆ ਹੋਇਆ ਹੈ ਅਤੇ ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਤੇਜ ਕੌਰ ਅੰਮ੍ਰਿਤਧਾਰੀ ਹੀ ਨਹੀਂ ਹੈ ਤਾਂ ਤਾਰਾ ਸਿੰਘ ਨੇ ਲਾਵਾਂ ਲੈਣ ਤੋਂ ਇਨਕਾਰ ਕਰ ਦਿਤਾ। ਉਸ ਨੂੰ ਕਾਫੀ ਸਮਝਾਇਆ ਗਿਆ ਕਿ ਤੇਜ ਕੌਰ ਦੂਜੇ ਦਿਨ ਹੀ ਅੰਮ੍ਰਿਤਪਾਨ ਕਰ ਲਵੇਗੀ ਪਰੰਤੂ ਤਾਰਾ ਸਿੰਘ ਨਾ ਮੰਨਿਆ। ਅਖੀਰ ਰਾਵਲਪਿੰਡੀ ਤੋਂ

SikhBookClub.com

ਪੰਜ ਪਿਆਰੇ ਮੰਗਵਾਏ ਗਏ। ਬੀਬੀ ਤੇਜ ਕੌਰ ਨੇ ਅੰਮ੍ਰਿਤਪਾਨ ਕੀਤਾ ਅਤੇ ਫਿਰ ਆਨੰਦ ਕਾਰਜ ਹੋਏ।

ਜਿੰਨ੍ਹਾਂ ਦਿਨਾਂ ਵਿੱਚ ਬੰਬਈ ਕਾਲਜ ਤਿਆਰ ਹੋ ਰਿਹਾ ਸੀ, ਉਨ੍ਹਾਂ ਦਿਨਾਂ ਵਿੱਚ ਇਕ ਅਮਰੀਕਨ ਲੇਡੀ, ਮਿਸ ਬੋਲਟਰ ਬੰਬਈ ਆ ਕੇ ਸਿੱਖੀ ਆਦਰਸ਼ਾਂ ਦੀ ਦੇਖ-ਭਾਲ ਕਰ ਰਹੀ ਸੀ। ਰੇਲ ਦੇ ਜਿਸ ਡੱਬੇ ਵਿਚ ਮਾਸਟਰ ਜੀ ਬੈਠੇ ਸਨ ਉਸੇ ਵਿੱਚ ਉਹ ਲੇਡੀ ਵੀ ਬੈਠ ਕੇ ਪੰਜਾਬ ਆਈ ਸੀ। ਉਸ ਨੇ ਅੰਮ੍ਰਿਤਸਰ ਆ ਕੇ ਲਿਖਿਆ ਕਿ "ਤੁਹਾਡਾ ਅਦੁੱਤੀ ਲੀਡਰ ਮੇਰੇ ਨਾਲ ਦੋ ਦਿਨ ਤੇ ਦੋ ਰਾਤਾਂ ਗੱਡੀ ਵਿਚ ਬੈਠਾ ਰਿਹਾ, ਪਰ ਉਹ ਇਤਨਾ ਪਵਿੱਤਰ ਸੀ ਕਿ ਉਸ ਨੇ ਕਿਸੇ ਵਕਤ ਵੀ ਅੱਖ ਪੁਟ ਕੇ ਮੇਰੇ ਵਲ ਨਹੀਂ ਡਿੱਠਾ।"

ਮਾਸਟਰ ਤਾਰਾ ਸਿੰਘ ਜੀ ਨੇ ਸਿੱਖ ਰਹਿਤ ਮਰਯਾਦਾ ਲਈ ਉਸਾਰੂ ਸੁਝਾਅ ਦਿਤੇ ਅਤੇ ਉਨ੍ਹਾਂ ਸੁਝਾਵਾਂ ਉਤੇ ਸਾਰੀ ਜ਼ਿੰਦਗੀ ਅਮਲ ਕੀਤਾ। ਮਾਸਟਰ ਜੀ ਨੇ ਸਿੱਖ ਸੰਗਤਾਂ ਅਤੇ ਅਕਾਲੀ ਵਰਕਰਾਂ ਨੂੰ ਅੰਮ੍ਰਿਤ ਛੱਕਣ ਲਈ ਸਿਰਫ਼ ਪ੍ਰੇਰਿਆ ਹੀ ਨਹੀਂ ਸਗੋਂ ਪੰਜ ਪਿਆਰਿਆਂ ਵਿੱਚ ਸ਼ਾਮਲ ਹੋ ਕੇ ਅੰਮ੍ਰਿਤ ਛਕਾਉਂਦੇ ਰਹੇ।

ਮਾਸਟਰ ਤਾਰਾ ਸਿੰਘ ਕਹਿੰਦੇ ਸਨ ਕਿ "ਮੈਂ ਪੰਥ ਸਦਕੇ ਦੇਸ਼ ਤਾਂ ਛੱਡ ਸਕਦਾ ਹਾਂ ਪਰ ਦੇਸ਼ ਸਦਕੇ ਪੰਥ ਛੱਡਣ ਲਈ ਮੈਂ ਉੱਕਾ ਹੀ ਤਿਆਰ ਨਹੀਂ।" ਮਾਸਟਰ ਤਾਰਾ ਸਿੰਘ ਦੇ ਸਮੇਂ ਜਿੰਨੀਆਂ ਵੀ ਸਰਬ ਹਿੰਦ ਅਕਾਲੀ ਕਾਨਫਰੰਸਾਂ ਹੋਈਆਂ ਉਸ ਵਿੱਚ ਸਿੱਖ ਕੌਮ ਨੂੰ ਪੰਥਕ ਰਹਿਣੀ ਬਹਿਣੀ ਵਿੱਚ ਪ੍ਰਪੱਕ ਰਹਿਣ ਸੁਨੇਹਾ ਦਿੰਦਿਆਂ ਹੋਇਆਂ, 'ਮੈਂ ਮਰਾਂ-ਪੰਥ ਜੀਵੇ' ਦਾ ਨਾਅਰਾ ਬੁਲੰਦ ਕੀਤਾ। ਪਿਛਲੇ ਛੇ ਦਹਾਕਿਆਂ ਦੀ ਸਿੱਖ ਰਾਜਨੀਤੀ ਵਿੱਚ ਕੋਈ ਅਜਿਹਾ ਸਿੱਖ ਨੇਤਾ ਨਹੀਂ ਆਇਆ ਜੋ ਮਾਸਟਰ ਜੀ ਵਰਗਾ ਅਣਖੀ ਸੂਰਮਾ ਹੋਵੇ। ਮਾਸਟਰ ਤਾਰਾ ਸਿੰਘ ਭਾਰਤੀ ਰਾਜਨੀਤਕ ਲੋਕਾਂ ਅਤੇ ਵਿਦੇਸ਼ੀ ਚਿੰਤਕਾਂ ਲਈ, ਇੱਕ ਨਿਡਰ, ਇਮਾਨਦਾਰ, ਉਚੇ ਜੀਵਨ ਵਾਲਾ, ਤਿਆਗੀ, ਫ਼ਕੀਰੀ ਜੀਵਨ ਵਾਲਾ ਨੇਤਾ ਸੀ। ਇਕ ਵਾਰ ਅਕਾਲੀ ਨੇਤਾ ਸ੍ਰ. ਹਰਚਰਨ ਸਿੰਘ ਹੁਡਿਆਰਾ ਨੇ ਕਿਹਾ ਸੀ ਕਿ "ਮੇਰੇ ਨਾਲ ਮਾਸਟਰ ਜੀ ਨੇ ਘੱਟ ਜ਼ਿਆਦਤੀਆਂ ਨਹੀਂ ਕੀਤੀਆਂ। ਜਦੋਂ ਜ਼ਿਆਦਤੀਆਂ ਨੂੰ ਯਾਦ ਕਰਦਾ ਹਾਂ ਤਾਂ ਮੇਰੇ ਮੂੰਹੋਂ ਮਾਸਟਰ ਜੀ ਬਾਰੇ ਘੱਟ ਵੱਧ ਬੋਲਿਆ ਜਾਂਦਾ ਹੈ, ਪਰ ਜਦੋਂ ਮੈਂ ਪੰਥ ਦੀ ਗੱਲ ਸੋਚਦਾ ਹਾਂ ਮੈਨੂੰ ਯਕੀਨ ਅਤੇ ਨਿਸ਼ਚਾ ਹੋ ਜਾਂਦਾ ਹੈ ਕਿ ਜੇ ਮਾਸਟਰ ਤਾਰਾ ਸਿੰਘ ਤੋਂ ਬਿਨਾਂ ਕੋਈ ਵੀ ਹੋਰ ਬੰਦਾ ਸਿੱਖਾਂ ਦਾ ਆਗੂ ਬਣ ਗਿਆ ਤਾਂ ਪੰਥ ਦੀ ਬੇੜੀ ਡੋਬ ਕੇ ਹੀ ਰਹੇਗਾ। ਮੇਰੇ ਲਈ ਮਾਸਟਰ ਜੀ ਚੰਗੇ ਨਹੀਂ, ਪਰ ਪੰਥ ਲਈ ਉਨ੍ਹਾਂ ਤੋਂ ਚੰਗਾ, ਹੋਰ ਕੋਈ ਵੀ ਨਹੀਂ। ਇਸੇ ਲਈ ਨਿੱਜੀ ਗਿਲੇ ਸ਼ਿਕਵੇ ਹੋਣ ਦੇ ਬਾਵਜੂਦ ਮੈਂ ਹਰ ਰੋਜ਼ ਅਰਦਾਸ ਕਰਦਾ ਹਾਂ ਕਿ 'ਸੱਚੇ ਪਾਤਸ਼ਾਹ ਮੇਰੀ ਉਮਰ ਵੀ ਮਾਸਟਰ ਜੀ ਨੂੰ ਲਗ ਜਾਏ ਤਾਂ ਕਿ ਪੰਥ ਦਾ ਵੀ ਕੁੱਝ ਬਣ ਆਵੇ..।"

ਹਰਵਿੰਦਰ ਸਿੰਘ ਖਾਲਸਾ, ਬਠਿੰਡਾ

SikhBookClub.com

ਰੰਗਲੇ ਸੱਜਣ ਸੰਤ ਕਰਤਾਰ ਸਿੰਘ ਖਾਲਸਾ ਭਿੰਡਰਾਂਵਾਲੇ

ਸੰਤ ਕਰਤਾਰ ਸਿੰਘ 'ਖਾਲਸਾ' ਆਪਣੇ ਸਮੇਂ ਦੇ ਇੱਕ ਮਹਾਨ ਸੁਲਝੇ ਹੋਏ ਕਥਾਕਾਰ, ਗੁਰਬਾਣੀ ਦੇ ਵਿਆਖਿਆਕਾਰ, ਕਹਿਣੀ ਤੇ ਕਥਨੀ ਦੇ ਪੂਰੇ, ਉੱਚੇ-ਸੁੱਚੇ ਜੀਵਨ ਦੇ ਮਾਲਕ, ਗੁਰਮਤਿ ਟਕਸਾਲ ਦੇ ਸੰਚਾਲਕ, ਮੋਹ ਮਾਇਆ ਤੋਂ ਨਿਰਲੇਪ, ਧੁਰੰਧਰ ਵਿਦਵਾਨ, ਹਮੇਸ਼ਾਂ ਪੰਥ ਨੂੰ ਚੜ੍ਹਦੀ ਕਲਾ ਵਿਚ ਵੇਖਣ ਦੇ ਚਾਹਵਾਨ ਸਨ। ਆਪ ਜੀ ਦਾ ਜਨਮ 21 ਅਕਤੂਬਰ 1932 ਨੂੰ ਜਥੇਦਾਰ ਝੰਡਾ ਸਿੰਘ ਅਤੇ ਮਾਤਾ ਲਾਭ ਕੌਰ ਜੀ ਦੇ ਗ੍ਰਹਿ ਪਿੰਡ ਭੂਰਾ ਕੋਹਨਾ ਤਹਿਸੀਲ ਕਸੂਰ ਜ਼ਿਲ੍ਹਾ ਲਾਹੌਰ, ਹੁਣ ਤਹਿਸੀਲ, ਪੱਟੀ ਜ਼ਿਲ੍ਹਾ ਤਰਨਤਾਰਨ ਵਿਖੇ ਹੋਇਆ। ਆਪ ਜੀ ਨੂੰ ਬਚਪਨ ਤੋਂ ਹੀ ਸਿੱਖ ਇਤਿਹਾਸ, ਗੁਰਬਾਣੀ ਨਾਲ ਲਗਾਅ ਸੀ। ਆਪ ਜੀ ਨੂੰ ਬਚਪਨ ਵਿੱਚ ਹੀ ਪੰਜ ਬਾਣੀਆਂ ਕੰਠ ਹੋ ਗਈਆਂ ਸਨ। ਆਪ ਜੀ ਨੇ 1948 ਈ. ਨੂੰ ਭਿੰਡਰੀਂ ਪੰਜਾਂ ਪਿਆਰਿਆਂ ਪਾਸੋਂ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕੀਤਾ। ਆਪ ਜੀ 1957 ਈ. ਵਿੱਚ ਸੰਤ ਗੁਰਬਚਨ ਸਿੰਘ 'ਖਾਲਸਾ' ਜੀ ਕੋਲ ਜੱਥੇ ਵਿੱਚ ਸੇਵਾ ਕਰਨ ਲਈ ਪੁਹੰਚੇ। ਆਪ ਜੀ 1958 ਤੋਂ 1969 ਈ. ਤਕ 'ਖਾਲਸਾ' ਜੀ ਨੂੰ ਹਰ ਰੋਜ਼ ਅੰਮ੍ਰਿਤ ਵੇਲੇ ਪੰਜ ਬਾਣੀਆਂ, ਜੈਤਸਰੀ ਦੀ ਵਾਰ , ਸੱਤੇ ਬਲਵੰਡੇ ਦੀ ਵਾਰ, ਪੰਜਾਹ ਅੰਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅਤੇ ਸ਼ਾਮ ਨੂੰ ਸਾਰੀ ਪੰਜ ਗ੍ਰੰਥੀ, ਦੋਵੇਂ ਬਾਰਹਮਾਹਾਂ, ਜਪੁ ਜੀ ਸਾਹਿਬ ਦੇ ਕਈ ਪਾਠ ਸੁਣਾਉਂਦੇ। ਸੰਤ ਗੁਰਬਚਨ ਸਿੰਘ 'ਖਾਲਸਾ' ਜੀ ਨੇ 18 ਜਨਵਰੀ, 1967 ਈ. ਨੂੰ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਦਮਦਮੀ ਟਕਸਾਲ ਦੀ ਸੇਵਾ ਸਿਰੋਪਾਓ ਦੇ ਕੇ ਸੌਂਪੀ।

ਸੰਤ ਕਰਤਾਰ ਸਿੰਘ ਜੀ ਨੇ ਅੱਠ ਸਾਲਾਂ ਦੇ ਸਮੇਂ ਦੌਰਾਨ ਜੋ ਮਹਾਨ ਪੰਥਕ ਸੇਵਾਵਾਂ ਕੀਤੀਆਂ ਉਨ੍ਹਾਂ ਨੂੰ ਭੁਲਾਇਆ ਨਹੀਂ ਜਾ ਸਕਦਾ। ਆਪ ਜੀ ਹਮੇਸ਼ਾ ਕਿਹਾ ਕਰਦੇ ਸਨ ਕਿ, ਸਿੱਖੋ ! ਇਹ ਜਵਾਨੀਆਂ ਅਤੇ ਸਿੱਖਾਂ ਦੇ ਘਰ ਦਾ ਜਨਮ ਬਾਰ ਬਾਰ ਨਹੀਂ ਮਿਲਣਾ, ਇਸ ਕਰਕੇ ਵੱਧ ਤੋਂ ਵੱਧ ਪ੍ਰਚਾਰ ਕਰਨਾ ਅਤੇ ਇਸ ਤੋਂ ਪੂਰਾ ਲਾਹਾ ਲੈਣਾ ਚਾਹੀਦਾ ਹੈ।

ਸਿੱਖੀ ਪ੍ਰਚਾਰ ਦੀ ਤਾਂਘ ਇੰਨੀ ਜ਼ਿਆਦਾ ਸੀ ਕਿ ਜੇ ਕਦੇ ਗੱਡੀ ਕੋਲ ਨਾ ਵੀ ਹੋਈ ਤੇ ਉਧਰੋਂ ਕਥਾ ਵਾਰਤਾ ਲਈ ਸੱਦਾ ਆ ਜਾਣਾ ਤਾਂ ਆਪ ਸਾਇਕਲ 'ਤੇ ਜਾਂ ਪੈਦਲ ਹੀ ਪਿੰਡਾਂ ਵਿੱਚ ਪ੍ਰਚਾਰ ਲਈ ਚੱਲ ਪੈਂਦੇ। ਆਪ ਜੀ ਨੇ ਭਾਰਤ ਦੇ ਵੱਡੇ ਵੱਡੇ ਸ਼ਹਿਰਾਂ ਵਿੱਚ ਪਹੁੰਚ ਕੇ ਹਜ਼ਾਰਾਂ ਵਿਅਕਤੀਆਂ ਨੂੰ ਸ਼ਰਾਬ, ਪਾਨ, ਤਮਾਕੂ ਤੇ ਜਰਦਾ ਆਦਿ ਚੰਦਰੀਆਂ ਬਿਮਾਰੀਆਂ ਤੋਂ ਛੁਡਾਇਆ, ਕੇਸ ਦਾਹੜੇ ਦੀ ਬੇਅਦਬੀ ਕਰਨੋਂ ਹਟਾਇਆ ਅਤੇ ਅੰਮ੍ਰਿਤ ਛਕਾ ਕੇ ਸਿੰਘ ਸਜਾ ਕੇ, ਗੁਰੂ ਵਾਲੇ ਬਣਾਇਆ। ਆਪ ਜੀ ਕਿਹਾ ਕਰਦੇ ਸਨ ਕਿ 'ਜੇ ਕੋਈ ਸਿੱਖ ਅੰਮ੍ਰਿਤ ਛੱਕਣ ਲਈ ਤਿਆਰ ਹੈ ਅਤੇ ਇਕ ਦਸ ਪੈਸੇ ਦਾ ਖਤ ਪਾ ਦੇਵੇ ਤਾਂ

SikhBookClub.com

ਦਾਸ ਹਨ੍ਹੇਰਾ ਸਵੇਰਾ ਨਹੀਂ ਵੇਖੇਗਾ ਅਤੇ ਸਿਰ ਪਰਨੇ ਚੱਲ ਕੇ ਵੀ ਜ਼ਰੂਰ ਹਾਜ਼ਰ ਹੋਵਾਂਗੇ।' ਸਿੱਖੀ ਲਈ ਮਨ ਵਿੱਚ ਅਜਿਹੀ ਤੜਫ਼ ਸੀ ਕਿ ਇੱਕ ਸਿੱਖ ਨੂੰ ਸਿੰਘ ਸਜਾਉਣ ਲਈ ਹਜ਼ਾਰਾਂ ਮੀਲ ਚਲਣਾ ਆਪਣੀ ਖੁਸ਼ਕਿਸਮਤੀ ਸਮਝਦੇ ਸਨ।

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਤੀਸਰੀ ਸ਼ਹੀਦੀ ਸ਼ਤਾਬਦੀ ਸਮੇਂ ਵੱਖੋ ਵੱਖ ਸ਼ਹਿਰਾਂ, ਕਸਬਿਆਂ ਵਿੱਚ (ਐਮਰਜੈਂਸੀ ਦੀਆਂ ਪਾਬੰਦੀਆਂ ਦੇ ਬਾਵਜੂਦ) 37 ਨਗਰ ਕੀਰਤਨ ਕੱਢੇ, ਜਿਸ ਨਾਲ ਸਮੁੱਚੇ ਪੰਜਾਬ ਵਿੱਚ ਸਿੱਖੀ ਲਹਿਰ ਪ੍ਰਚੰਡ ਹੋਈ। ਇੱਕ ਨਗਰ ਕੀਰਤਨ ਕਈ ਸੌ ਕਿਲੋਮੀਟਰ ਸਫ਼ਰ ਤਹਿ ਕਰਦਾ ਹੋਇਆ ਵੱਖ-ਵੱਖ ਨਗਰਾਂ ਵਿਚੋਂ ਲੰਘਦਾ ਸੀ ਅਤੇ 300 ਤੋਂ 500 ਤੱਕ ਗੱਡੀਆਂ ਮੋਟਰਾਂ ਹੁੰਦੀਆਂ ਸਨ। ਸੰਤ ਜੀ ਵੱਲੋਂ ਸੰਗਤਾਂ ਪਾਸੋਂ ਬਾਹਾਂ ਖੜੀਆਂ ਕਰਵਾ ਕੇ ਇਹ ਪ੍ਰਣ ਕਰਵਾਇਆ ਜਾਂਦਾ ਸੀ ਕਿ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਕਿਸੇ ਵੀ ਪਖੰਡੀ ਦੇਹਧਾਰੀ ਨੂੰ ਗੁਰੂ ਨਹੀਂ ਮੰਨਣਾ, ਦਾਹੜੀ ਕੇਸਾਂ ਦੀ ਬੇਅਦਬੀ ਨਹੀਂ ਕਰਨੀ, ਸ਼ਰਾਬ ਨਹੀਂ ਪੀਣੀ ਆਦਿ। ਸੰਤ ਜੀ ਨੇ ਇਨ੍ਹਾਂ ਨਗਰ ਕੀਰਤਨਾਂ ਦੌਰਾਨ 16-16 ਘੰਟੇ ਲਗਾਤਾਰ ਖੜ੍ਹੇ ਰਹਿ ਕੇ ਸਿੱਖੀ ਦਾ ਪ੍ਰਚਾਰ ਕੀਤਾ ਅਤੇ ਲੱਖਾਂ ਸੰਗਤਾਂ ਨੂੰ ਗੁਰਮਤਿ ਦਾ ਪੈਗਾਮ ਦਿੱਤਾ। ਉਸ ਸਮੇਂ ਪੰਜਾਬ ਦੇ ਹਰ ਕੋਨੇ ਵਿਚੋਂ ਇੱਕ ਹੀ ਧੁੰਨ ਸੁਣਾਈ ਦਿੰਦੀ ਸੀ:

"ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨਾ ਜਾਵੇ"

ਤੀਜੀ ਸ਼ਹੀਦੀ ਸ਼ਤਾਬਦੀ ਸਮੇਂ ਆਪ ਜੀ ਨੇ ਗੁਰਮਤਿ ਪ੍ਰਚਾਰਕਾਂ ਦੀ ਢਲਿਆਈ ਕੱਢਣ ਲਈ ਉਹਨਾਂ ਨੂੰ ਅੰਮ੍ਰਿਤ ਛਕਾਉਣ ਦਾ ਉਦਮ ਕੀਤਾ। ਉਨ੍ਹਾਂ ਦੀ ਹਿੰਮਤ ਸਦਕਾ 36 ਢਾਡੀ ਜੱਥਿਆਂ ਨੇ ਅੰਮ੍ਰਿਤ ਛੱਕਿਆ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤੀਜੀ ਸ਼ਹੀਦੀ ਸ਼ਤਾਬਦੀ ਸਮੇਂ 8 ਦਸੰਬਰ 1975 ਈ. ਨੂੰ ਨਗਰ ਕੀਰਤਨ ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲ ਕੇ ਵੱਖੋ ਵੱਖ ਪੜਾਅ ਕਰਦਾ ਹੋਇਆ ਦਿੱਲੀ ਪਹੁੰਚਿਆ। ਦਿੱਲੀ ਸਟੇਜ ਤੋਂ ਸ੍ਰੀਮਤੀ ਇੰਦਰਾ ਗਾਂਧੀ ਨੇ ਗੁਰੂ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਸੰਗਤ ਦਾ ਇੰਨਾ ਵੱਡਾ ਇਕੱਠ ਦੇਖਣ ਵਾਸਤੇ ਮੈਨੂੰ ਦੂਰਬੀਨ ਨਾਲ ਲੈ ਕੇ ਆਉਣੀ ਚਾਹੀਦੀ ਸੀ। ਜਥੇਦਾਰ ਸੰਤੋਖ ਸਿੰਘ ਦਿੱਲੀ ਨੇ ਇੰਦਰਾ ਗਾਂਧੀ ਦੀ ਪ੍ਰਸੰਸਾ ਕੀਤੀ ਤੇ ਖੁਸ਼ੀ ਪ੍ਰਗਟ ਕੀਤੀ ਕਿ ਸ੍ਰੀ ਸੰਜੇ ਗਾਂਧੀ ਦੀ ਸ਼ਾਦੀ ਸਿੱਖ ਘਰਾਣੇ ਵਿਚ ਹੋਈ ਹੈ। ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਪੰਜਾਬ ਨੇ ਜਥੇਦਾਰ ਸੰਤੋਖ ਸਿੰਘ ਦੀ ਪ੍ਰੋੜਤਾ ਕਰਦਿਆਂ ਕਿਹਾ ਕਿ ਸਿੱਖਾਂ ਲਈ ਇਹ ਬੜੇ ਗੌਰਵ ਦੀ ਗੱਲ ਹੈ ਕਿ ਸਿੱਖ ਲੜਕੀ ਦੀ ਸ਼ਾਦੀ ਇਕ ਦੇਸ਼ ਦੇ ਵੱਡੇ ਘਰਾਣੇ ਵਿੱਚ ਹੋਈ ਹੈ, ਸਿੱਖ ਕੌਮ ਇਸ 'ਤੇ ਜਿੰਨਾ ਵੀ ਫ਼ਖਰ ਕਰੇ ਥੋੜ੍ਹਾ ਹੈ। ਸੰਤ ਕਰਤਾਰ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਇਸੇ ਸਟੇਜ 'ਤੇ ਸਿੱਖ ਰਹੁ-ਰੀਤਾਂ ਤੇ ਮਰਯਾਦਾ ਦੀ ਵਿਆਖਿਆ ਕਰਦਿਆਂ ਫ਼ਰਮਾਇਆ ਕਿ ਸਿੱਖ ਲੜਕੀ ਦੀ ਪਤਿਤ ਘਰਾਣੇ ਵਿਚ ਸ਼ਾਦੀ ਹੋ ਜਾਣੀ ਕੋਈ ਗੌਰਵਤਾ ਦੀ ਗੱਲ ਨਹੀਂ ਕਹੀ ਜਾ ਸਕਦੀ, ਭਾਵੇਂ ਪਤਿਤ ਘਰਾਣਾ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ। ਸਿੱਖ ਕੌਮ ਨੂੰ ਸਦਾ ਹੀ ਰਹੁ-ਰੀਤਾਂ ਅਤੇ ਮਰਯਾਦਾ 'ਤੇ ਗੌਰਵ ਰਿਹਾ ਹੈ ਅਤੇ ਰਹੇਗਾ।

SikhBookClub.com

ਸੰਤ ਕਰਤਾਰ ਸਿੰਘ ਜੀ ਖਾਲਸਾ ਦੇ ਮਨ ਅੰਦਰ ਗੁਰੂ ਕਲਗੀਧਰ ਪਾਤਸ਼ਾਹ ਜੀ ਦੇ ਸਾਜੇ ਨਿਵਾਜੇ ਖਾਲਸੇ ਨੂੰ ਵੱਧਦਾ ਫੁੱਲਦਾ ਵੇਖਣ ਦੀ ਰੀਝ ਬੜੀ ਪ੍ਰਬਲ ਸੀ। ਇਹੀ ਕਾਰਨ ਸੀ ਕਿ ਆਪ ਜੀ ਅਖੰਡ ਕੀਰਤਨੀ ਜਥੇ ਦੇ ਦੀਦਾਰੀ ਸਿੰਘਾਂ ਨਾਲ ਬਹੁਤ ਹਿਤ ਕਰਦੇ ਸਨ। ਆਪ ਜੀ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਪ੍ਰਚਾਰ ਕਰਦੇ ਹੋਏ 16 ਅਗਸਤ 1977 ਈ. ਨੂੰ ਸੱਚਖੰਡ ਜਾ ਬਿਰਾਜੇ। ਅੱਜ ਲੋੜ ਹੈ ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਰਗੇ ਮਹਾਂਪੁਰਖਾਂ ਦੀ ਜੋ ਸਿੱਖ ਕੌਮ ਨੂੰ ਘੁੰਮਣ ਘੇਰੀਆਂ ਵਿਚੋਂ ਕੱਢ ਕੇ ਸਹੀ ਰਾਹ ਦਿਖਾ ਸਕਣ।

ਹਰਵਿੰਦਰ ਸਿੰਘ ਖਾਲਸਾ, ਬਠਿੰਡਾ

SikhBookClub.com

ਤਰਤੀਬ ਤਤਕਰਾ

ਭਾਗ ਪਹਿਲਾ - ਅਸੀਸ ਸੁਨੇਹੇ

ਸਚਿਖੰਡ ਸ੍ਰੀ ਹਰਿਮੰਦਰ ਸਾਹਿਬ (ਸਿੰਘ ਸਾਹਿਬ ਗਿ. ਜਗਤਾਰ ਸਿੰਘ ਜੀ) 3

ਸ੍ਰੀ ਅਕਾਲ ਤਖ਼ਤ ਸਾਹਿਬ (ਸਿੰਘ ਸਾਹਿਬ ਗਿ. ਹਰਪ੍ਰੀਤ ਸਿੰਘ ਜੀ) 4

ਸ੍ਰੀ ਅਕਾਲ ਤਖ਼ਤ ਸਾਹਿਬ (ਸਿੰਘ ਸਾਹਿਬ ਗਿ. ਗੁਰਬਚਨ ਸਿੰਘ ਜੀ) 5

ਤਖ਼ਤ ਸ੍ਰੀ ਪਟਨਾ ਸਾਹਿਬ (ਸਿੰਘ ਸਾਹਿਬ ਗਿ. ਰਣਜੀਤ ਸਿੰਘ ਜੀ ਗੌਹਰ) 6

ਤਖ਼ਤ ਸ੍ਰੀ ਕੇਸਗੜ ਸਾਹਿਬ (ਸਿੰਘ ਸਾਹਿਬ ਗਿ. ਰਘਬੀਰ ਸਿੰਘ ਜੀ) 7

ਤਖ਼ਤ ਸ੍ਰੀ ਹਜ਼ੂਰ ਸਾਹਿਬ (ਸਿੰਘ ਸਾਹਿਬ ਜਥੇਦਾਰ ਕੁਲਵੰਤ ਸਿੰਘ ਜੀ) 8

ਸਿੰਘ ਸਾਹਿਬ ਗਿ. ਜੋਗਿੰਦਰ ਸਿੰਘ ਜੀ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) 9

ਸ੍ਰੀ ਨਨਕਾਣਾ ਸਾਹਿਬ, ਭਾਈ ਬਲਵੰਤ ਸਿੰਘ ਜੀ 10

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਜਥੇਦਾਰ ਗੋਬਿੰਦ ਸਿੰਘ ਜੀ ਲੌਂਗੋਵਾਲ, ਪ੍ਰਧਾਨ) 11

ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਜੀ (ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ) 12

ਸੰਪ੍ਰਦਾਇ ਦਲ ਬਾਬਾ ਬਿਧੀ ਚੰਦ ਜੀ (ਸਿੰਘ ਸਾਹਿਬ ਜਥੇਦਾਰ ਬਾਬਾ ਅਵਤਾਰ ਸਿੰਘ ਜੀ) 13

ਚੀਫ਼ ਖ਼ਾਲਸਾ ਦੀਵਾਨ, ਸ੍ਰੀ ਅੰਮ੍ਰਿਤਸਰ 14

ਸੰਤ ਗਿ. ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ 15

ਬਾਬਾ ਸਰਬਜੋਤ ਸਿੰਘ ਜੀ ਬੇਦੀ 16

ਸੰਤ ਸੇਵਾ ਸਿੰਘ ਜੀ ਰਾਮਪੁਰ ਖੇੜਾ 17

ਪ੍ਰਿੰਸੀਪਲ ਡਾਕਟਰ ਸ਼ਮਸ਼ੇਰ ਸਿੰਘ ਜੀ 18

ਡਾ. ਇੰਦਰਜੀਤ ਸਿੰਘ ਜੀ ਗੋਗੋਆਣੀ 19

ਭਾਈ ਪਿੰਦਰਪਾਲ ਸਿੰਘ ਜੀ 21

ਡਾ. ਬਲਜਿੰਦਰ ਸਿੰਘ ਜੀ 24

ਸੰਤ ਸਿਪਾਹੀ ਨੋਟ (1961)

ਭਾਗ ਦੂਜਾ - ਭੂਮਿਕਾ ਅਤੇ ਇਤਿਹਾਸ

ਕਿਉਂ ਪਈ ਲੋੜ ਇਸ ਕਿਤਾਬ ਦੀ? 27

ਸਿੱਖ ਰਹਿਤ ਮਰਯਾਦਾ ਦਾ ਪਿਛੋਕੜ 37

SikhBookClub.com

ਭਾਗ ਤੀਜਾ - ਸਿੱਖ ਰਹਿਤ ਮਰਯਾਦਾ ਮੂਲ ਪਾਠ ਤੇ ਵਿਆਖਿਆ
ਸਿੱਖ ਰਹਿਤ ਮਰਯਾਦਾ

ਮੂਲ ਪਾਠ ਤੇ ਵਿਆਖਿਆ 77

ਰੀਪੋਰਟ 'ਰਹੁ-ਰੀਤ ਸਬ-ਕਮੇਟੀ' 78

ਸਿੱਖ ਦੀ ਤਾਰੀਫ਼ 85

ਸ਼ਖਸੀ ਰਹਿਣੀ 91

(1) ਨਾਮ ਬਾਣੀ ਦਾ ਅਭਿਆਸ

(1) ਅੰਮ੍ਰਿਤ ਵੇਲਾ 93

(2) ਨਿਤਨੇਮ 95

(3) ਅਰਦਾਸ 105

(4) ਗੁਰਬਾਣੀ ਦਾ ਅਭਿਆਸ ਸਾਧ ਸੰਗਤ ਵਿਚ 121

ਗੁਰਦੁਆਰੇ (19 ਮੱਦਾਂ) 121-163

(ੳ) ਸਾਧ ਸੰਗਤ (ਅ) ਪ੍ਰਕਾਸ਼ (ੲ) ਸਨਮਾਨ (ਸ) ਧੂਪ ਦੀਪ (ਹ) ਵਾਕਰ ਪੁਸਤਕ (ਕ) ਮੁੱਠੀਆਂ ਭਰਨੀਆਂ (ਖ) ਅਸਵਾਰਾ ਸਾਹਿਬ (ਗ) ਪ੍ਰਕਾਸ਼ ਵੇਲੇ ਵਾਕ (ਘ) ਸਨਮਾਨ ਵਿਚ ਖੜ੍ਹੇ ਹੋਣਾ (ਙ) ਪੈਰ ਧੋ ਕੇ (ਚ) ਵਿਵਰਜਿਤ ਦੀ ਮਨਾਹੀ (ਛ) ਮੱਥਾ ਟੇਕਣਾ (ਜ) ਬੈਠਣ ਵਿਚ ਵਿਤਕਰਾ (ਝ) ਗਦੇਲਾ ਆਸਨ (ਞ) ਨੰਗੇ ਸਿਰ ਮਨਾਹੀ (ਟ) ਪੰਜ ਤਖ਼ਤ (ਠ) ਤਖ਼ਤ ਤੇ ਕੇਵਲ ਅੰਮ੍ਰਿਤਧਾਰੀ (ਡ) ਨਿਸ਼ਾਨ ਸਾਹਿਬ (ਢ) ਨਗਾਰਾ।

ਕੀਰਤਨ (4 ਮੱਦਾਂ) 164-170

(ੳ) ਕੇਵਲ ਸਿੱਖ (ਅ) ਰਾਗਾਂ ਵਿਚ ਗਾਇਨ (ੲ) ਕੇਵਲ ਗੁਰਬਾਣੀ ਦਾ (ਸ) ਜੋਟੀਆਂ ਤੇ ਧਾਰਨਾ।

ਹੁਕਮ ਲੈਣਾ (6 ਮੱਦਾਂ) 171-175

(ੳ) ਦਰਸ਼ਨ ਗੁਰੂ ਗ੍ਰੰਥ ਸਾਹਿਬ ਦੇ (ਅ) ਕੀਰਤਨ, ਕਥਾ, ਵਖਿਆਨ (ੲ) ਤਾਬਿਆ ਸਿੱਖ ਹੀ (ਸ) ਪਾਠ ਸਿੱਖ ਹੀ (ਹ) ਹੁਕਮ ਲੈਣਾ (ਕ) ਭੋਗ।

ਸਾਧਾਰਨ ਪਾਠ (5 ਮੱਦਾਂ) 176-179

(ੳ) ਪ੍ਰਕਾਸ਼ ਦਾ ਸਥਾਨ (ਅ) ਪਾਠ ਸਿੱਖਣਾ (ੲ) ਰੋਜ਼ਾਨਾ ਹੁਕਮ ਲੈਣਾ (ਸ) ਸਾਧਾਰਨ ਪਾਠ (ਹ) ਪਾਠ ਦੀ ਅਰੰਭਤਾ।

ਅਖੰਡ ਪਾਠ (ਮੱਦਾਂ 3) 180-184

(ੳ) ਮਰਯਾਦਾ (ਅ) ਖ਼ੁਦ ਜਾਂ ਮਿਲ ਕੇ (ੲ) ਅਖੰਡ ਪਾਠ ਸਮੇਂ ਮਨਮਤ।

ਸਾਧਾਰਨ ਪਾਠ/ਅਖੰਡ ਪਾਠ ਦਾ ਅਰੰਭ (1 ਮਦ) 185

ਭੋਗ (ਮੱਦਾਂ 2) 186-189

(ੳ) ਰਾਗਮਾਲਾ (ਅ) ਭੋਗ ਤੇ ਭੇਟਾ।

SikhBookClub.com

ਕੜਾਹ ਪ੍ਰਸ਼ਾਦਿ (4 ਮੱਦਾਂ) 190-197

(ੳ) ਸੰਗਤ ਵਿਚ ਪ੍ਰਵਾਨਗੀ (ਅ) ਤਿਆਰ ਕਰਨ ਦੀ ਵਿਧੀ (ੲ) ਪੰਜਾਂ ਪਿਆਰਿਆਂ ਦਾ ਗੱਫਾ (ਸ) ਭੇਟ ਕਰਨ ਸਮੇਂ ਟਕਾ ਅਰਦਾਸ।

(5) ਗੁਰਬਾਣੀ ਦੀ ਕਥਾ (3 ਮੱਦਾਂ) 198-201

(ੳ) ਕੇਵਲ ਸਿੱਖ ਕਰੇ (ਅ) ਮਨੋਰਥ (ੲ) ਗੁਰਬਾਣੀ ਅਤੇ ਪ੍ਰਵਾਨਤ ਗ੍ਰੰਥਾਂ ਦੀ।

(6) ਵਖਿਆਨ 202

(7) ਗੁਰਦੁਆਰੇ ਦਾ ਪ੍ਰੋਗਰਾਮ 203

(2) ਗੁਰਮਤਿ ਦੀ ਰਹਿਣੀ (20 ਮੱਦਾਂ) 204-253

(ੳ) ਇਕ ਅਕਾਲ ਪੁਰਖ (ਅ) ਮੁਕਤੀ ਦਾਤਾ ਤੇ ਇਸ਼ਟ (ੲ) ਜੋਤਿ ਇੱਕੋ (ਸ) ਜਾਤ-ਪਾਤ, ਛੂਤ-ਛਾਤ ਆਦਿ ਭਰਮ ਰੂਪ ਕਰਮ (ਹ) ਖਾਲਸਾ ਨਿਆਰਾ (ਕ) ਕਾਰਜ ਦੀ ਓਟ ਵਾਹਿਗੁਰੂ ਅੱਗੇ ਅਰਦਾਸ (ਖ) ਗੁਰਮੁਖੀ ਲਾਜ਼ਮੀ (ਗ) ਸੰਤਾਨ ਨੂੰ ਗੁਰਮੁਖੀ (ਘ) ਕੇਸ ਜਮਾਂਦਰੂ (ਙ) ਨਸ਼ਿਆਂ ਦਾ ਤਿਆਗ (ਚ) ਨਕ ਕੰਨ ਛੇਦਣਾ (ਛ) ਕੁੜੀ ਮਾਰ ਨਾਲ ਵਰਤਣ (ਜ) ਕਿਰਤ ਧਰਮ ਦੀ (ਝ) ਗਰੀਬ ਦੀ ਰਸਨਾ ਗੁਰੂ ਦੀ ਗੋਲਕ (ਞ) ਗਰੀਬ ਦੀ ਰਸਨਾ (ਟ) ਨਿਜ-ਨਾਰ ਪਰ-ਨਾਰ (ਠ) ਜੀਵਨ ਗੁਰ ਮਰਯਾਦਾ ਵਿਚ (ਡ) ਮਿਲਣ 'ਤੇ ਫ਼ਤਹਿ (ਢ) ਘੁੰਡ 'ਤੇ ਪਰਦਾ (ਣ) ਪਾਬੰਦੀ ਪੁਸ਼ਾਕ 'ਤੇ।

(1) ਜਨਮ ਤੇ ਨਾਮ-ਸੰਸਕਾਰ (3 ਮੱਦਾਂ) 254-260

(ੳ) ਸ਼ੁਕਰਾਨਾ ਜਨਮ 'ਤੇ (ਅ) ਸੂਤਕ ਪਾਤਕ (ੲ) ਚੋਲਾ ਰੁਮਾਲਾ ਸਾਹਿਬ ਦਾ।

(2) ਅਨੰਦ ਸੰਸਕਾਰ (17 ਮੱਦਾਂ) 261-277

(ੳ) ਵਿਚਾਰ ਜਾਤ-ਪਾਤ ਦਾ (ਅ) ਧੀ ਦਾ ਵਿਆਹ ਸਿੱਖ ਨਾਲ ਹੀ (ੲ) ਕੇਵਲ ਅਨੰਦ ਨਾਲ (ਸ) ਬਾਲ ਵਿਆਹ (ਹ) ਵਿਆਹ ਦੀ ਉਮਰ (ਕ) ਕੁੜਮਾਈ (ਖ) ਥਿੱਤ ਵਾਰ ਮਹੂਰਤ (ਗ) ਗੀਤਾਂ ਮਨਮਤ ਦੀਆਂ (ਘ) ਬਰਾਤ ਤੇ ਬਰਾਤੀ (ਙ) ਗੀਤ ਅਨੰਦ ਕਾਰਜ ਦੀ (ਚ) ਅਨੰਦ ਅਨਮਤੀਆਂ ਦਾ (ਛ) ਸੰਜੋਗ ਪੈਸੇ ਨਾਲ (ਜ) ਵਰਤਣ ਕੁੜਮਾਂ ਦਾ (ਝ) ਜੀਵਨ ਸਾਥੀ ਦਾ ਅਕਾਲ ਚਲਾਣਾ (ਞ) ਪੁਨਰ ਵਿਆਹ (ਟ) ਵਿਆਹ ਇਕ ਤੋਂ ਵੱਧ (ਠ) ਸਿੰਘਣੀ ਵੀ ਅੰਮ੍ਰਿਤਧਾਰੀ।

(3) ਮਿਰਤਕ ਸੰਸਕਾਰ (7 ਮੱਦਾਂ) 278-283

(ੳ) ਮਿਰਤਕ ਦੀ ਦੇਹ (ਅ) ਰਜ਼ਾ ਮੰਨਣੀ (ੲ) ਸਸਕਾਰ ਹੀ ਕਰਨਾ (ਸ) ਭਰਮ ਦਿਨ ਰਾਤ ਦਾ (ਹ) ਸਸਕਾਰ ਦੀ ਰੀਤ (ਕ) ਅੰਗੀਠਾ ਫ਼ੋਲਣਾ (ਖ) ਰਸਮਾਂ ਮਨਮਤ ਦੀਆਂ।

(4) ਹੋਰ ਰੀਤੀਆਂ 284

3. ਸੇਵਾ (2 ਮੱਦਾਂ) 285-289

(ੳ) ਗੁਰੂ ਕਾ ਲੰਗਰ (ਅ) ਲੰਗਰ ਵਿਚ ਇਕਸਾਰਤਾ।

SikhBookClub.com

ਪੰਥਕ ਰਹਿਣੀ

(1) ਗੁਰੂ ਪੰਥ (1 ਮੱਦ) 292-297

(2) ਅੰਮ੍ਰਿਤ ਸੰਸਕਾਰ (16 ਮੱਦਾਂ) 298-349

(ੳ) ਅੰਮ੍ਰਿਤ ਦੀ ਦਾਤ ਦੀ ਥਾਂ (ਅ) ਤਿਆਰ-ਬਰ-ਤਿਆਰ ਸਿੰਘ (ੲ) ਪੰਜ ਪਿਆਰਿਆਂ ਦੀ ਯੋਗਤਾ (ਸ) ਦਾਤ ਹਰ ਇੱਕ ਲਈ (ਹ) ਅੰਮ੍ਰਿਤ ਕੁਰਹਿਤੀਏ ਨੂੰ (ਕ) ਧਰਮ ਦੇ ਅਸੂਲਾਂ ਦੀ ਜਾਣਕਾਰੀ (ਖ) ਅਰਦਾਸਾ ਤੇ ਤਿਆਰੀ (ਗ) ਬਾਟਾ ਤੇ ਹੋਰ ਵਸਤਾਂ (ਘ) ਬਾਟੇ ਵਿਚ ਪਤਾਸੇ (ਙ) ਬਾਣੀਆਂ ਅੰਮ੍ਰਿਤ ਦੀਆਂ (ਚ) ਵਿਧੀ ਤਿਆਰੀ ਦੀ (ਛ) ਅਰਦਾਸਾ ਸੰਪੂਰਨਤਾ ਦਾ (ਜ) ਅਧਵਾਟੇ ਆਉਣ ਵਾਲਾ ਅਧਿਕਾਰੀ ਨਹੀਂ (ਝ) ਛੱਟੇ ਅੰਮ੍ਰਿਤ ਦੇ (ਞ) ਮੂਲ ਮੰਤ੍ਰ ਦਾ ਰਟਨ (ਟ) ਜਾਣਕਾਰੀ ਰਹਿਤ ਦੀ (ਠ) ਤਨਖ਼ਾਹੀਏ (ਡ) ਅਰਦਾਸਾ (ਢ) ਨਵਾਂ ਨਾਮ ਜੇ ਲੋੜ ਹੋਵੇ (ਣ) ਦੇਗ ਕੜਾਹ ਪ੍ਰਸ਼ਾਦਿ ਦੀ ਇੱਕੋ ਬਾਟੇ ਵਿਚ।

(3) ਤਨਖ਼ਾਹ ਲਾਉਣ ਦੀ ਵਿਧੀ (4 ਮੱਦਾਂ) 350-351

(ੳ) ਭੁੱਲ ਬਖ਼ਸ਼ਾਉਣ ਦੀ ਵਿਧੀ (ਅ) ਪੇਸ਼ੀ ਪੰਜ ਪਿਆਰਿਆਂ ਦੇ ਅੱਗੇ (ੲ) ਬਖ਼ਸ਼ਣ ਲਈ ਹਠ ਨਹੀਂ (ਸ) ਅਰਦਾਸ ਸੋਧ ਦੀ।

(4) ਗੁਰਮਤਾ ਕਰਨ ਦੀ ਵਿਧੀ (2 ਮੱਦਾਂ) 352-353

(ੳ) ਮਤਾ ਤੇ ਗੁਰਮਤਾ (ਅ) ਗੁਰਮਤਾ ਕਰਣ ਦਾ ਅਧਿਕਾਰੀ

(5) ਸਥਾਨਕ ਫ਼ੈਸਲਿਆਂ ਦੀ ਅਪੀਲ 354-358

ਭਾਗ ਚੌਥਾ

ਅੰਤਿਕਾ (Appendix)

1. ਮਹੱਤਵਪੂਰਨ ਤਰੀਖਾਂ ਅਤੇ ਸੰਖੇਪ ਵੇਰਵਾ: 359
2. ਰਹਿਤ ਮਿਰਜਾਦਾ ਦਾ ਪਹਿਲਾ ਖਰੜਾ, ਗੁਰਦੁਆਰਾ ਗਜ਼ਟ, ਅਪ੍ਰੈਲ 1931, ਲਾਹੌਰ 363
3. ਗੁਰਦੁਆਰਾ ਗਜ਼ਟ ਜਨਵਰੀ, 1934 (ਕਾਰਵਾਈ ਜਨਰਲ ਸਮਾਗਮ 30, 31 ਦਿਸੰਬਰ, 1933) 393
4. ਪ੍ਰਵਾਨਤ ਸਿੱਖ ਰਹਿਤ ਮਰਯਾਦਾ - ਗੁਰਦੁਆਰਾ ਗਜ਼ਟ, ਅਕਤੂਬਰ, 1936
5. ਪ੍ਰਵਾਨਤ ਸਿੱਖ ਰਹਿਤ (ਪਹਿਲੀ ਐਡੀਸ਼ਨ) ਪ੍ਰਕਾਸ਼ਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
6. ਸਿੱਖ ਰਹਿਤ ਮਰਯਾਦਾ ਵਿਚ ਤਬਦੀਲੀਆਂ ਦੀ ਸੂਚੀ 451
   ੳ. ਅਸੀਸ ਸ੍ਰੀ ਅਕਾਲ ਤਖ਼ਤ ਸਾਹਿਬ
   ਅ. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋ ਪ੍ਰੇਰਨਾ

ਸਹਾਇਕ ਗ੍ਰੰਥ ਅਤੇ ਪੁਸਤਕ ਸੂਚੀ 456

SikhBookClub.com

ਅਸੀਸ ਸੁਨੇਹੇ

SikhBookClub.com

॥ਅਕਾਲ ਸਹਾਇ॥

ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ
ਹੈੱਡ ਗ੍ਰੰਥੀ
ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ,
ਸ੍ਰੀ ਅੰਮ੍ਰਿਤਸਰ।

Singh Sahib Giani Jagtar Singh
Head Priest
Sachkhand Sri Harmandir Sahib Ji,
Sri Amritsar (Pb.) India.

Ref. No.________

Dated 25 ਜਨਵਰੀ 2017

[ਸੰਦੇਸ਼]

'ਸਿੱਖ ਰਹਿਤ ਮਰਯਾਦਾ' ਸਿੱਖ ਪੰਥ ਦਾ ਗੁਰਮਤਿ ਅਨੁਸਾਰ ਸਪੱਸ਼ਟ ਜੀਵਨ ਵਿਧਾਨ ਹੈ, ਜਿਸ ਵਿਚ ਸਿੱਖ ਦੀ ਤਾਰੀਫ਼, ਸ਼ਖ਼ਸੀ ਤੇ ਪੰਥਕ ਰਹਿਣੀ, ਨਾਮ ਬਾਣੀ ਦਾ ਅਭਿਆਸ, ਅਰਦਾਸ ਦਾ ਸਰੂਪ, ਗੁਰਦੁਆਰਾ ਸਾਹਿਬ ਦੀ ਵਿਤ ਵਿਵਸਥਾ, ਕੀਰਤਨ, ਹੁਕਮਨਾਮਾ, ਸਧਾਰਨ ਤੇ ਸ੍ਰੀ ਅਖੰਡ ਪਾਠ ਸਾਹਿਬ ਦੀ ਮਰਯਾਦਾ ਦੇ ਨਾਲ ਸਿੱਖੀ ਜੀਵਨ ਦੇ ਸੰਸਕਾਰ- ਜਨਮ ਤੇ ਨਾਮ ਸੰਸਕਾਰ, ਅਨੰਦ ਸੰਸਕਾਰ, ਮਿਰਤਕ ਸੰਸਕਾਰ ਤੇ ਅੰਮ੍ਰਿਤ ਸੰਸਕਾਰ ਤੋਂ ਇਲਾਵਾ ਤਨਖ਼ਾਹ ਤੇ ਗੁਰਮਤਾ ਕਰਨ ਦੀ ਵਿਧੀ ਸਮਝਾਉਂਦਿਆਂ ਆਦਰਸ਼ਕ ਸਿੱਖੀ ਜੀਵਨ ਜਾਚ ਬੜੀ ਬਾਰੀਕ ਬੀਨੀ ਨਾਲ ਦਰਸਾਇਆ ਗਿਆ ਹੈ।

ਸਿੱਖ ਰਹਿਤ ਮਰਯਾਦਾ ਦੀ ਬਣਤਰ ਤੇ ਇਤਿਹਾਸਕ ਪੱਖ ਸਬੰਧੀ ਡਾ. ਗੁਰਚਰਨਜੀਤ ਸਿੰਘ ਜੀ ਲਾਂਬਾ- ਜੋ ਦੇਸ਼/ਵਿਦੇਸ਼ ਵਿਚ ਗੁਰਮਤਿ ਪ੍ਰਚਾਰ ਲਈ ਕਾਰਜਸ਼ੀਲ ਹਨ, ਉਹਨਾਂ ਨੇ ਬਹੁਤ ਮਿਹਨਤ ਕਰਕੇ ਇਸ ਨੂੰ ਪੁਸਤਕ ਰੂਪ ਦਿੱਤਾ ਹੈ। ਇਸ ਉੱਦਮ ਸਦਕਾ ਸ਼ਰਧਾਲੂਆਂ ਤੇ ਪਾਠਕਾਂ ਨੂੰ ਸਿੱਖ ਰਹਿਤ ਮਰਯਾਦਾ ਸਬੰਧੀ ਹੋਰ ਸਪੱਸ਼ਟਤਾ ਹੋਵੇਗੀ। ਸਾਡੀ ਅਰਦਾਸ ਹੈ ਕਿ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਇਨ੍ਹਾਂ ਦੇ ਸਿਰ 'ਤੇ ਮਿਹਰ ਤੇ ਕਿਰਪਾ ਭਰਿਆ ਹੱਥ ਰੱਖਣ।

ਗੁਰੂ ਪੰਥ ਦਾ ਦਾਸ

ਗਿ: ਜਗਤਾਰ ਸਿੰਘ
ਹੈੱਡ ਗ੍ਰੰਥੀ
ਸੱਚਖੰਡ ਸ੍ਰੀ ਹਰਿਮੰਦਰ ਸਾਹਿਬ

ਫੋਨ: +91 183 253 3444, Ext. 433, ਫੈਕਸ +91 183 255 3919, ਮੋਬਾਇਲ: 98158-14397, 99144-24249 e-mail: info@sgpc.net, website: www.sgpc.net

SikhBookClub.com

ੴ ਵਾਹਿਗੁਰੂ ਜੀ ਕੀ ਫ਼ਤਹਿ ॥

ਸਕੱਤਰੇਤ

ਸ੍ਰੀ ਅਕਾਲ ਤਖ਼ਤ ਸਾਹਿਬ

Sri Akal Takhat Sahib, Sri Amritsar (Pb.) India

ਨੰਬਰ............ **ਸੰਦੇਸ਼** ਮਿਤੀ ੩/੧੨/੨੦੧੮

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਤੋਂ ਨਿਕਲਦਾ ਸਿੱਖ ਰਹਿਤ ਮਰਿਆਦਾ ਹੀ ਸਮੁੱਚੇ ਸਿੱਖ ਪੰਥ ਨੂੰ ਇਕਸੂਤਰ ਕਰਨ ਲਈ ਆਧਾਰ ਸ੍ਰੋਤ ਹੈ। ਖਾਲਸਾ ਪੰਥ ਦੇ ਧਾਰਮਿਕ ਸਿਧਾਂਤ ਦੀ ਰੌਸ਼ਨੀ ਵਿਚ, ਸਿੱਖ ਵਿਦਵਾਨਾਂ ਅਤੇ ਸੰਪਰਦਾਵਾਂ ਚੋਟੀ ਪੰਥਕ ਸ਼ਖ਼ਸੀਅਤਾਂ, ਜਥੇਬੰਦੀਆਂ ਤੇ ਸੰਸਥਾਵਾਂ ਦੇ ਉਸਾਰੂ ਸੁਝਾਅ ਲੈ ਕੇ ਇਸ ਨੂੰ ਪਕੇਰਾ ਕਰਨ ਵਿਚ ਆਪਣਾ ਯੋਗਦਾਨ ਪਾਇਆ। ਸ. ਗੁਰਚਰਨਜੀਤ ਸਿੰਘ (ਲਾਂਬਾ) ਨੇ ਇਸਦੇ ਅੱਖਰ ਅਤੇ ਲੇਖਾਂ ਨੂੰ ਵਿਸਥਾਰ ਕਰਕੇ '(ਸਾਖੀ) ਰਹਿਤ ਮਰਿਆਦਾ ਜੀ' ਨਾਮੀ ਪੁਸਤਕ ਤਿਆਰ ਕੀਤੀ ਹੈ। ਇਹ ਪੁਸਤਕ ਅਜੋਕੇ ਸਮੇਂ ਦੀ ਵੱਡੀ ਲੋੜ ਹੈ, ਤਾਂ ਕਿ ਸਮੂਹ ਖਾਲਸਾ ਪੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਆਸਰੇ ਅਤੇ ਸਿੱਖ ਰਹਿਤ ਮਰਿਆਦਾ ਦੇ ਆਧਾਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਰਪ੍ਰਸਤੀ ਹੇਠ ਇਕੱਠਾ ਹੋਵੇ ਤਾਂ ਜੋ ਇਕਸਾਰ ਚੌਂਪਾਸੀਂ ਸਿੱਖ ਪੰਥ ਦੀ ਚੜ੍ਹਦੀ ਕਲਾ ਦੇ ਬੋਲ-ਬਾਲੇ ਗੂੰਜਣ। ਅਰਦਾਸ ਹੈ ਕਿ ਅਕਾਲ ਪੁਰਖ ਸ. ਗੁਰਚਰਨਜੀਤ ਸਿੰਘ ਜੀ ਨੂੰ ਚੜ੍ਹਦੀ ਕਲਾ ਅਤੇ ਕੌਮ ਦੀ ਸੇਵਾ ਕਰਨ ਦਾ ਬਲ ਬਖਸ਼ਿਸ਼ ਕਰਨ।

ਹਰਪ੍ਰੀਤ ਸਿੰਘ

(ਹਰਪ੍ਰੀਤ ਸਿੰਘ)

ਕਾਰਜਕਾਰੀ ਜਥੇਦਾਰ,
ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ ਸਾਹਿਬ।

ਟੈਲੀਫ਼ੋਨ ਦਫ਼ਤਰ 91-183-2540820, 98146-79291, 94631-11313 ਪੀ.ਬੀ.ਐਕਸ 91-183-2553957,58,59 ਐਕਸਟੈਨਸ਼ਨ ਦਫ਼ਤਰ 434

SikhBookClub.com

ੴ ਵਾਹਿਗੁਰੂ ਜੀ ਕੀ ਫ਼ਤਹ ॥ 295/9-13/500

ਸ੍ਰੀ ਅਕਾਲ ਤਖ਼ਤ ਸਾਹਿਬ

Sri Akal Takhat Sahib, Sri Amritsar (Pb.) India

ਨੰਬਰ............ ਮਿਤੀ ੨੮-੩-੨੦੨੪

ਸੰਦੇਸ਼

'ਸਿੱਖ ਰਹਿਤ ਮਰਿਯਾਦਾ' ਸਿੱਖ ਪੰਥ ਦਾ ਉਹ ਵਿਧੀ ਵਿਧਾਨ ਹੈ ਜਿਸ ਨੂੰ ਪ੍ਰਮੁੱਖ ਵਿਦਵਾਨਾਂ ਸਿੱਖ ਬੁੱਧੀ ਜੀਵੀ, ਸਿੱਖ ਵਿਦਵਾਨ, ਸਿੱਖ ਪ੍ਰਚਾਰਕ ਜਥੇਬੰਦੀਆਂ ਆਦਿ ਦੇ ਸਿੰਘਾਂ ਦੇ ਬਹੁਤ ਵਿਚਾਰ ਕਰਨ ਉਪਰੰਤ ਜਿਸ ਨੂੰ ਲਿਖਤੀ ਰੂਪ ਦੇ ਕੇ ਸਿੱਖ ਪੰਥ ਦੀ ਝੋਲੀ ਵਿਚ ਪਾਇਆ। ਪਰ ਅਜ ਤਕ ਇਸ ਦੀ ਲਿਖਤ ਵਿਆਖਿਆ ਨਹੀਂ ਸੀ ਹੋਈ।

ਇਸ ਵਿਸ਼ੇ ਨੂੰ ਮੁੱਖ ਰੱਖਦਿਆਂ ਭਾਈ ਗੁਰਸ਼ਰਨਜੀਤ ਸਿੰਘ ਲਾਂਬਾ ਜੋ ਹੋਰ ਵਿਸ਼ੇਸ਼ ਵਿਚ ਵਿਚਰ ਕੇ ਪੰਥ ਦੀ ਸੇਵਾ ਕਰ ਰਹੇ ਹਨ ਅਤੇ ਉਹਨਾਂ ਵੱਲੋਂ ਸਿੱਖ ਇਤਿਹਾਸ ਸਬੰਧੀ ਕਈ ਕਿਤਾਬਾਂ ਦੀ ਲਿਖੀਆਂ ਗਈਆਂ ਹਨ। ਉਹਨਾਂ ਨੇ ਸਿੱਖ ਰਹਿਤ ਮਰਿਯਾਦਾ ਦੀ ਵਿਆਖਿਆ ਸਬੰਧੀ ਇਕ ਕਿਤਾਬ "ਸਾਖੀ ਸਿੱਖ ਰਹਿਤ ਮਰਿਯਾਦਾ ਜੀ ਕੀ" ਲਿਖੀ ਹੈ। ਇਸ ਵਿਚ ਇਹਨਾਂ ਨੇ ਬਹੁਤ ਮਿਹਨਤ ਕਰਕੇ ਹਰ ਮੁੱਦੇ ਸਬੰਧਤ ਸਾਖੀਆਂ ਲਿਖੀਆਂ ਹਨ। ਇਸ ਨੂੰ ਪੜ੍ਹਨ ਉਪਰੰਤ ਸਿੱਖ ਰਹਿਤ ਮਰਿਯਾਦਾ ਸਬੰਧੀ ਜਿਥੇ ਹਰ ਇਕ ਨੂੰ ਜਾਣਕਾਰੀ ਮਿਲ ਸਕਦੀ/ ਇਹ ਇਕ ਪੜ੍ਹਨ ਯੋਗ ਪੁਸਤਕ ਹੈ। ਇਸ ਲਈ ਇਹ ਹਰ ਗੁਰਦੁਆਰਾ ਸਾਹਿਬ ਵਿਚ ਹੋਣੀ ਚਾਹੀਦੀ ਹੈ ਅਤੇ ਹਰ ਗੁਰਸਿੱਖ ਇਸ ਨੂੰ ਪੜ੍ਹ ਕੇ ਲਾਭ ਪ੍ਰਾਪਤ ਕਰੇ। ਮੇਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਇਹੋ ਅਰਦਾਸ ਹੈ ਕਿ ਗੁਰੂ ਸਾਹਿਬ ਭਾਈ ਗੁਰਸ਼ਰਨਜੀਤ ਸਿੰਘ ਲਾਂਬਾ ਦੇ ਉਪਰ ਬਖਸ਼ਿਸ਼ ਕਰਿਆ ਕਰ ਚੜ੍ਹਦੀ ਕਲਾ ਬਖਸ਼ਣ ਅਤੇ ਇਹ ਅਗਾਂਹ ਵਾਸਤੇ ਵੀ ਸਿੱਖ ਪੰਥ ਦੀ ਪਹਿਲਾਂ ਵਾਂਗ ਸੇਵਾਵਾਂ ਨਿਭਾਉਂਦੇ ਰਹਿਣ।

ਗੁਰੂ ਪੰਥ ਦਾ ਦਾਸ
ਰਘਬੀਰ ਸਿੰਘ
ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ

ਫ਼ੋਨ/ਫੈਕਸ ਦਫ਼ਤਰ : 91-183-2540820, ਪੀ.ਬੀ. ਐਕਸ : 91-183-2553957,58,59 ਐਕਸਟੈਨਸ਼ਨ: ਦਫ਼ਤਰ 434

Scanned with CamScanner

SikhBookClub.com

ੴ ਸਤਿਗੁਰ ਪ੍ਰਸਾਦਿ ॥

॥ ਅਕਾਲ ਸਹਾਇ ॥ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ
ਜਥੇਦਾਰ, ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ,
ਪਟਨਾ-੮੦੦ ੦੦੮, ਬਿਹਾਰ (ਭਾਰਤ)

SINGH SAHIB GYANI RANJIT SINGH
Jathedar, Takhat Sri Harimandir Ji, Patna Sahib,
Patna 800 008, Bihar (India)

Email: jathedarpatnasahibji@gmail.com

ਪੱਤਰ ਨੰ. ਮਿਤੀ........................

ਸੰਦੇਸ਼

"ਸਾਖੀ ਸ੍ਰੀ ਰਹਿਤ ਮਰਯਾਦਾ ਜੀ ਕੀ"
ਰਹਤ ਰਹਤ ਰਹਿ ਜਾਹਿ ਬਿਕਾਰਾ ॥
ਗੁਰ ਪੂਰੇ ਕੈ ਸਬਦਿ ਅਪਾਰਾ ॥
ਗਉੜੀ ਬ ਅਸਟ ਮ ੫

ਪੰਥ ਪ੍ਰਵਾਨਤ ਸਿੱਖ ਰਹਿਤ ਵਿੱਚ ਮਰਯਾਦਾ ਬਹੁਤ ਹੀ ਮਹੱਤਵਪੂਰਨ ਤੇ ਸਤਿਕਾਰਤ ਜੀਵਨ ਸਿੱਖ ਦਸਤਾਵੇਜ਼ ਹੈ ਜੋ ਕਿ ਸ਼੍ਰੋਮਣੀ ਸਿੱਖ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵੱਲੋਂ ਪਰਮਾਣਿਤ ਹੈ ਜੋ ਕੀ ਸਾਰੀ ਸਿੱਖ ਕੌਮ ਲਈ ਰਾਹਨੁਮਾ ਕਰਦਿਆਂ ਮੰਨਣ ਯੋਗ ਹੈ ਅਤੇ ਸਾਰੀ ਸਿੱਖ ਕੌਮ ਨੂੰ ਇੱਕ ਮਾਲਾ ਵਿੱਚ ਪ੍ਰੋਣ ਦੀ ਸਮਰੱਥਾ ਰੱਖਦਾ ਹੈ ਇਸ ਤੇ ਭਾਰੀ ਉੱਦਮ ਕਰਦਿਆਂ ਬਹੁਤ ਹੀ ਸਤਿਕਾਰਯੋਗ ਉੱਘੀ ਸਿੱਖ ਸ਼ਖਸੀਅਤ ਸ. ਗੁਰਚਰਨਜੀਤ ਸਿੰਘ ਜੀ ਲਾਂਬਾ ਜੀ ਨੇ ਬਹੁਤ ਸ਼ਲਾਘਾ ਯੋਗ ਉਪਰਾਲਾ ਕਰਦਿਆਂ ਰਹਿਤ ਮਰਯਾਦਾ ਦੀਆਂ ਬਾਰੀਕੀਆਂ ਨੂੰ ਸਮੇਟਦਾ 600 ਪੰਨਿਆਂ ਦਾ ਵੱਡ ਆਕਾਰੀ ਗ੍ਰੰਥ ਬਹੁਤ ਮਿਹਨਤ ਕਰਕੇ ਰਚਨਾ ਦਾ ਭਰਪੂਰ ਸ਼ਲਾਘਾ ਯੋਗ ਸੁਜਨ ਕੀਤਾ ਹੈ

ਇਸ ਗੱਲ ਦੀ ਵੀ ਸਾਨੂੰ ਬਹੁਤ ਖੁਸ਼ੀ ਹੈ ਕਿ ਸ. ਗੁਰਚਰਨਜੀਤ ਸਿੰਘ ਲਾਂਬਾ ਜੀ ਦਾ ਖਾਸ ਕਾਲ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਅੰਗਣ ਵਿੱਚ ਸੇਵਾ ਦੇ ਦੌਰਾਨ ਤੇ ਸਮਾਗਮਾਂ ਕਰਦੇ ਹੋਏ ਗੁਜ਼ਰਿਆ ਹੈ ਜਿਨ੍ਹਾਂ ਨੂੰ ਲਗਦਾ ਹੈ ਕਿ "ਸਾਖੀ ਸ੍ਰੀ ਰਹਿਤ ਮਰਯਾਦਾ ਜੀ ਕੀ" ਲਿਖਣ ਦੀ ਅਸੀਸ ਵੀ ਲਾਂਬਾ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਘਰ ਪਟਨਾ ਸਾਹਿਬ ਜੀ ਤੋਂ ਹੀ ਪ੍ਰਦਾਨ ਕੀਤਾ ਹੈ

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਜਥੇਦਾਰ ਹੋਣ ਦੇ ਨਾਤੇ ਮੈਂ ਆਸ ਕਰਦਾ ਹਾਂ ਕਿ ਸਿੱਖ ਸੰਗਤਾਂ ਇਸ ਪੁਸਤਕ "ਸਾਖੀ ਸ੍ਰੀ ਰਹਿਤ ਮਰਯਾਦਾ ਜੀ ਕੀ" ਤੋਂ ਲਾਭ ਪ੍ਰਾਪਤ ਕਰਨਗੀਆਂ। ਇਸਦੇ ਨਾਲ ਹੀ ਮੈਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਕਮਲਾਂ ਵਿਚ ਅਰਦਾਸ ਕਰਦਾ ਹਾਂ ਕਿ ਆਪਣੇ ਸੇਵਕ ਸ. ਗੁਰਚਰਨਜੀਤ ਸਿੰਘ ਲਾਂਬਾ ਜੀ ਨੂੰ ਸੇਹਤ ਸਾਬੀ ਤੇ ਉਮਰ ਦਰਾਜ਼ੀ ਬਖਸ਼ ਕੇ ਆਪਣੇ ਸਾਏ ਹੇਠ ਰੱਖਣ ਜੀ ਹੋਰ ਵੀ ਸਿੱਖ ਸੇਵਾ ਦਾ ਮਾਣ ਬਖਸ਼ਣ।

ਗਿ: ਰਣਜੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਹਰਿ ਮੰਦਰ ਜੀ ਪਟਨਾ ਸਾਹਿਬ

ਬਿਹਾਰ ੮੦੦੦੦੮ ਭਾਰਤ

ਮੋ: 9501957963, 9417019128 ਫੋਨ: 0612-2641821 Email: info@takhatpatnasahib.in maskeenjee@gmail.com

SikhBookClub.com

ੴ ਵਾਹਿਗੁਰੂ ਜੀ ਕੀ ਫ਼ਤਹ॥

ਗਿਆਨੀ ਰਘਬੀਰ ਸਿੰਘ
ਜਥੇਦਾਰ

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ,
ਸ੍ਰੀ ਅਨੰਦਪੁਰ ਸਾਹਿਬ (ਰੋਪੜ)

ਨੰਬਰ: ੩।—/ ਮਿਤੀ: ੩।੦੨।੨੦੧੮

ਸੰਦੇਸ਼

ਵਿਦਵਤਾ, ਨਿਮਰਤਾ ਅਤੇ ਮਿਠਾਸ ਭਰਪੂਰ ਸਖਸ਼ੀਅਤ ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਦੇ ਅੰਦਰ ਪੰਥਕ ਸਮੱਸਿਆਵਾਂ ਪ੍ਰਤੀ ਚੇਤਨਤਾ ਅਤੇ ਉਨ੍ਹਾਂ ਸਮੱਸਿਆਵਾਂ ਦਾ ਡਟ ਕੇ ਮੁਕਾਬਲਾ ਖੁਦ ਕਰਨ ਅਤੇ ਪੰਥ ਨੂੰ ਸੁਚੇਤ ਕਰਨ ਦਾ ਜਬਰਦਸਤ ਮਾਦਾ ਵਾਹਿਗੁਰੂ ਜੀ ਨੇ ਰੱਖਿਆ ਹੈ।

ਆਪ ਜੀ ਬਚਪਨ ਦਾ ਲੰਮਾ ਸਮਾਂ ਸ੍ਰੀ ਪਟਨਾ ਸਾਹਿਬ ਵਿਖੇ ਰਹੇ ਹਨ। ਇਨ੍ਹਾਂ ਨੂੰ ਘਰ ਦੇ ਵਿਹੜੇ ਵਿੱਚੋਂ ਪੰਥਕ ਸਾਹਿਤ ਤੇ ਪੰਥਕ ਕਾਵਿ ਦਾ ਵਾਤਾਵਰਨ ਮਿਲਿਆ ਸੀ। ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਜਥੇ ਚੋਂ ਅੰਮ੍ਰਿਤਪਾਨ ਕੀਤਾ।

ਪੇਸ਼ੇ ਵਜੋਂ ਆਪ ਇੱਕ ਕਾਬਲ ਵਕੀਲ ਹਨ। ਆਪ ਜਿੱਥੇ ਧਰਮ ਦੀ ਵਿਆਖਿਆ ਆਧੁਨਿਕ ਬੋਲ ਚਾਲ ਵਿੱਚ ਕਰਦੇ ਹਨ, ਉੱਥੇ ਪੁਰਾਤਨ ਪ੍ਰੰਪਰਾਵਾਂ ਦਾ ਹਨਨ ਨਹੀਂ ਹੋਣ ਦਿੰਦੇ। ਇਹ ਕਲਾ ਬਹੁਤ ਘੱਟ ਵਕਤਿਆਂ ਵਿੱਚ ਪਾਈ ਜਾਂਦੀ ਹੈ। ਆਪ ਪੰਥ ਪ੍ਰਸਿੱਧ ਪੱਤ੍ਰਕਾ " ਸੰਤ ਸਿਪਾਹੀ " ਦੇ ਐਡੀਟਰ ਵਜੋਂ ਲੰਮਾ ਸਮਾਂ ਸ਼ਲਾਘਾਯੋਗ ਭੂਮਿਕਾ ਨਿਭਾਈ ਸੀ। ਉਸ ਵਿੱਚ ਲਿਖੀਆਂ ਸੰਪਾਦਕੀਆਂ ਨੂੰ ਸੰਗ੍ਰਹਿ ਕਰਕੇ ਆਪ ਨੇ ਇੱਕ ਪੁਸਤਕ (ਪੰਥਕ ਨਜਰ) ਦਾ ਰੂਪ ਪਿਛਲੇ ਸਮੇਂ ਦੇ ਦਿੱਤਾ ਹੈ। ਜੋ ਇੱਕ ਇਤਿਹਾਸਕ ਦਸਤਾਵੇਜ ਹੈ।

ਜਦੋਂ 2006 ਵਿੱਚ ਆਰ.ਐਸ.ਐਸ. ਨੇ ਇੱਕ ਜਾਅਲੀ ਚਿੱਠੀ ਕੱਢ ਕੇ ਇਹ ਕੂੜ ਪ੍ਰਚਾਰ ਕੀਤਾ ਕਿ ਸਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਚਾਰ ਕਰਨ ਦੀ ਮਨਜ਼ੂਰੀ ਮਿਲ ਗਈ ਹੈ ਤਾਂ ਆਪ ਜੀ ਨੇ ਅਗਸਤ 2006 ਵਿੱਚ ਸੰਤ ਸਿਪਾਹੀ ਦੇ ਮੈਗਜੀਨ ਵਿੱਚ ਪਰੂਫਾਂ ਸਹਿਤ ਇਸ ਚਿੱਠੀ ਦੇ ਝੂਠ ਦਾ ਭਾਂਡਾ ਫੋੜਿਆ ਸੀ। ਉਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਸ ਕਾਰਜ ਬਦਲੇ ਆਪ ਜੀ ਨੂੰ ਪ੍ਰਸੰਸਾ ਪੱਤਰ ਮਿਲਿਆ ਸੀ। ਜਦੋਂ ਕਾਲਾ ਅਫਗਾਨਾ ਨੇ ਕਾਲੇ ਲੇਖ ਲਿਖ ਕੇ ਗੁਰ-ਇਤਿਹਾਸ ਅਤੇ ਗੁਰ-ਪ੍ਰੰਪਰਾਵਾਂ ਨੂੰ ਕਾਲ਼ਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਉਸ ਤੋਂ ਬਾਅਦ ਦਰਸ਼ਨ ਸਿੰਘ ਰਾਗੀ ਨੇ ਦਸਮ ਬਾਣੀ ਖਿਲ਼ਾਫ ਯੋਜਨਾਬੱਧ ਤਰੀਕੇ ਨਾਲ ਪ੍ਰਚਾਰ ਆਰੰਭ ਕੀਤਾ ਤਾਂ ਭਾਈ ਲਾਂਬਾ ਜੀ ਨੇ ਉਨ੍ਹਾਂ ਖਿਲਾਫ ਝੰਡਾ ਚੁੱਕ ਕੇ ਸਟੇਜਾਂ ਤੋਂ ਲੈਕਚਰਾਂ, ਮੈਗਜੀਨਾਂ ਅਖਬਾਰਾਂ 'ਚ ਲੇਖਾਂ ਰਾਹੀਂ ਇਸ ਤੋਂ ਇਲਾਵਾ ਜਸ ਪੰਜਾਬੀ ਤੇ ਦਰਸ਼ਨ ਸਿੰਘ ਰਾਗੀ ਨੂੰ ਨਿਰ-ਉੱਤਰ ਕਰਕੇ ਆਪਣੀ ਵਿਦਵਤਾ ਦੀ ਧਾਂਕ ਜਮਾ ਦਿੱਤੀ ਸੀ। ਜਿੱਥੇ ਗੁਰਮਤਿ ਰਹਿਤ ਮਰਯਾਦਾ ਦੇ ਆਪ ਪ੍ਰਪੱਕ ਧਾਰਨੀ ਹਨ, ਉੱਥੇ ਦੇਸ਼ ਵਿਦੇਸ਼ ਵਿੱਚ ਪ੍ਰਚਾਰ ਪ੍ਰਸਾਰ ਲਈ ਲੰਮੇ ਸਮੇਂ ਤੋਂ ਲੱਗੇ ਹੋਏ ਹਨ। ਇਸ ਲਈ ਸਿੱਖਾਂ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪ ਜੀ ਨੂੰ ਰਹਿਤ ਮਰਯਾਦਾ ਦੇ ਪ੍ਰਚਾਰ ਦੇ ਰਾਜਦੂਤ ਵਜੋਂ ਸਨਮਾਨ ਦਿੱਤਾ ਗਿਆ ਸੀ। ਆਪ ਜੀ ਦਾ ਇੱਕ ਕਿਤਾਬਚਾ (ਇੱਕ ਖਤ ਭਾਈ ਤਾਰੂ ਸਿੰਘ ਦੇ ਵਾਰਸਾਂ ਦੇ ਨਾਮ) ਪੰਥ ਵਿੱਚ ਬਹੁਤ ਮਕਬੂਲ ਹੋਇਆ। ਇਸ ਨੂੰ ਪੜ੍ਹ ਕੇ ਮੌਜੂਦਾ ਮਲੇਰਕੋਟਲੇ ਦੇ ਨਵਾਬ ਦੀ ਬੇਗਮ ਸਾਜਿਦਾ ਬੇਗਮ ਵਲੋਂ ਵੀ ਆਪ ਦੀ ਸ਼ਲਾਘਾ ਦਾ ਪੱਤਰ ਲਿਖਿਆ ਗਿਆ।

ਦਾਸ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦਾ ਮੁੱਖ ਸੇਵਾਦਾਰ ਹੋਣ ਦੇ ਨਾਤੇ ਸ੍ਰੀ ਦਸਮੇਸ਼ ਪਿਤਾ ਜੀ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰਦਾ ਹਾਂ ਕਿ ਸ੍ਰ. ਗੁਰਚਰਨਜੀਤ ਸਿੰਘ ਜੀ ਲਾਂਬਾ ਨੂੰ ਤੰਦਰੁਸਤੀ ਅਤੇ ਹੋਰ ਉੱਦਮ ਬਖਸ਼ਿਸ਼ ਕਰਨ ਜੋ ਗੁਰੂ ਪੰਥ ਦੀ ਵਧ ਚੜ੍ਹ ਕੇ ਸੇਵਾ ਕਰ ਸਕਣ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥

ਗੁਰੂ ਪੰਥ ਦਾ ਦਾਸ,

ਰਘਬੀਰ ਸਿੰਘ

(ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ),
ਜਥੇਦਾਰ,
ਤਖ਼ਤ ਸ੍ਰੀ ਕੇਸਗੜ੍ਹ ਸਾਹਿਬ,
ਸ੍ਰੀ ਅਨੰਦਪੁਰ ਸਾਹਿਬ।

ਫ਼ੋਨ: 01887-232100 | ਫੈਕਸ : 01887-232523 | ਮੋਬਾਇਲ : 9464430523
ਈ-ਮੇਲ: raghbirsinghkhalsa@gmail.com

SikhBookClub.com

੧ੳ ਸਤਿਗੁਰ ਪ੍ਰਸਾਦਿ ॥
ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ ॥
ਮਨ ਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ ॥

ਜਥੇਦਾਰ ਕੁਲਵੰਤ ਸਿੰਘ

Jathedar Kulwant Singh

Takhat Sachkhand Shri Hazur Abchalnagar Sahib,
NANDED - 431 601 M.S. (India). Ph.: 02462-238222

ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ,
ਨਾਂਦੇੜ - 431 601 (ਮਹਾਰਾਸ਼ਟਰ)

ਮਿਤੀ 21-05-2020

ਸੰਦੇਸ਼

''ਸਾਖੀ ਸ੍ਰੀ ਰਹਿਤ ਮਰਯਾਦਾ ਜੀ ਕੀ'' ਇਹ ਇਕ ਖੋਜ ਭਰਪੂਰ ਪੁਸਤਕ ਹੈ । ਜੋ ਕਿ ਸੰਗਤਾਂ ਤੇ ਆਮ ਸਧਾਰਨ ਲਈ ਖਾਲਸੇ ਦੇ ਸਿੱਖ ਪੰਥ ਦੀ, ਗੁਰੂ ਘਰ ਦੀ ਜੋ ਵਿਲੱਖਣ ਮਰਯਾਦਾ ਰਹੁ ਰੀਤੀ ਹੈ, ਉਸ ਨੂੰ ਜਾਣੂ ਕਰਵਾਉਣ ਲਈ ਸਹਾਇਕ ਹੋਵੇਗੀ ।

ਸ. ਗੁਰਚਰਨਜੀਤ ਸਿੰਘ ਜੀ ਲਾਂਬਾ ਦਾ ਸਿੱਖ ਕੋਮ ਨੂੰ ਗੁਰੂ ਘਰ ਦੇ ਨਿਯਮਾਂ ਤੋਂ ਜਾਣੂ ਕਰਾਉਣਾ ਸਲਾਘਾਂਯੋਗ ਉਪਰਾਲਾ ਹੈ । ਜਿਸ ਵਿੱਚ ਪਾਵਨ ਗੁਰਬਾਣੀ ਤਵਾਰੀਖ ਅਤੇ ਰਹਿਤਨਾਮੀਆਂ ਤੋਂ ਗੁਰਮਤਿ ਦੀ ਰੋਸ਼ਨੀ ਲੈਣ ਦਾ ਯਤਨ ਕੀਤਾ ਗਿਆ ਹੈ ।

ਆਪਣੇ ਲਾਸਾਨੀ ਵਡਮੁੱਲੇ ਵਿਰਸੇ ਤੋਂ ਜਾਣੂ ਹੋਣ ਵਾਸਤੇ ਪੰਥ ਪ੍ਰੇਮੀਆਂ ਨੂੰ ਇਹ ਪੁਸਤਕ ਲਾਹੇਵੰਦ ਸਾਬਤ ਹੋਵੇਗੀ । ਅਸੀਂ ਕਲਗੀਧਰ ਸੱਚੇ ਪਾਤਿਸ਼ਾਹ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰਦੇ ਹਾਂ ਕਿ ਸ. ਗੁਰਚਰਨਜੀਤ ਸਿੰਘ ਜੀ ਲਾਂਬਾ ਨੂੰ ਗੁਰੂ ਪੰਥ ਖਾਲਸੇ ਦੀ ਚੜ੍ਹਦੀਕਲਾ ਵਿੱਚ ਸੇਵਾ ਕਰਨ ਦਾ ਬਲ ਬਖ਼ਸ਼ਨ ।

ਗੁਰੂ ਪੰਥ ਦਾ ਦਾਸ
ਕੁਲਵੰਤ ਸਿੰਘ
(ਕੁਲਵੰਤ ਸਿੰਘ)
ਜੱਥੇਦਾਰ

SikhBookClub.com

ਸ. ਸ. ਜਥੇਦਾਰ ਜੋਗਿੰਦਰ ਸਿੰਘ

ਸਾਬਕਾ ਜਥੇਦਾਰ

ਸ੍ਰੀ ਅਕਾਲ ਤਖ਼ਤ ਸਾਹਿਬ

ਸ੍ਰੀ ਅੰਮ੍ਰਿਤਸਰ।

S. S. Jathedar Joginder Singh

Former Jathedar

Sri Akal Takhat Sahib

Sri Amritsar

ਸਾਖੀ ਸ੍ਰੀ ਰਹਿਤ ਮਰਯਾਦਾ ਜੀ ਕੀ ਸ਼ਲਾਘਾਯੋਗ ਉਪਰਾਲਾ

ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਗੁਰੂ ਪੰਥ ਵਲੋਂ ਤਿਆਰ ਕੀਤਾ ਇਕ ਅਜਿਹਾ ਅਦੁਤੀ ਦਸਤਾਵੇਜ਼ ਹੈ ਜਿਸ ਦੀ ਤਿਆਰੀ ਕਿਸੇ ਇਕ ਧੜੇ ਜਾਂ ਜਥੇਬੰਦੀ ਨੇ ਨਹੀਂ ਬਲਕਿ ਸਮੁੱਚੇ ਖਾਲਸਾ ਪੰਥ ਦੀਆਂ ਸਾਰੀਆਂ ਜਥੇਬੰਦੀਆਂ, ਸੰਪ੍ਰਦਾਵਾਂ, ਜਥਿਆਂ, ਟਕਸਾਲਾਂ ਆਦਿ ਦੀ ਅਣਥੱਕ ਮਿਹਨਤ ਦਾ ਨਤੀਜਾ ਹੈ। ਸਮੇਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਇਹ ਅਦੁਤੀ ਦਸਤਾਵੇਜ਼ ਸਾਰੇ ਪੰਥ ਨੂੰ ਇਕ ਕਰਨ ਦੀ ਸਲਾਹੀਅਤ ਰੱਖਦਾ ਹੈ। ਇਸ ਨੂੰ ਦ੍ਰਿੜ ਕਰਨ ਅਤੇ ਇਸ 'ਤੇ ਪੂਰੀ ਤਰ੍ਹਾਂ ਅਮਲ ਕਰਨ ਦੀ ਲੋੜ ਪਹਿਲਾਂ ਨਾਲੋਂ ਵੀ ਵੱਧ ਹੈ।

ਪਿਛਲੇ ਕੁਝ ਸਮੇਂ ਤੋਂ ਕਈ ਪਾਸਿਉਂ ਇਸ ਬਾਰੇ ਜਾਣੇ ਅਣਜਾਣੇ ਵਿਚ ਕਈ ਭਰਮ ਭੁਲੇਖੇ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜੋ ਕਿ ਨਿਰਵਿਵਾਦਤ ਰੂਪ ਵਿਚ ਪੰਥ ਵਿਰੋਧੀ ਕਾਰਵਾਈ ਕਹੀ ਜਾ ਸਕਦੀ ਹੈ।

ਇਸ ਬਾਰੇ ਭਾਈ ਗੁਰਚਰਨਜੀਤ ਸਿੰਘ ਲਾਂਬਾ (ਸਾਬਕਾ ਐਡੀਟਰ 'ਸੰਤ ਸਿਪਾਹੀ') ਨੇ ਵਿਦਵਤਾ ਭਰਪੂਰ ਹੱਥਲੀ ਪੁਸਤਕ "ਸਾਖੀ ਸ੍ਰੀ ਰਹਿਤ ਮਰਯਾਦਾ ਜੀ ਕੀ" ਲਿਖ ਕੇ ਪੰਥ ਦੀ ਮਹਾਨ ਸੇਵਾ ਕੀਤੀ ਹੈ। ਇਸ ਵਿਚ ਲਾਂਬਾ ਜੀ ਨੇ ਜਿਸ ਢੰਗ ਨਾਲ ਵਿਸਥਾਰ ਸਹਿਤ ਸਿੱਖ ਰਹਿਤ ਮਰਯਾਦਾ ਦੀ ਹਰ ਇੱਕ ਮਦ ਬਲਕਿ ਹਰ ਇਕ ਅੱਖਰ ਦੀ ਵਿਆਖਿਆ ਕੀਤੀ ਹੈ ਉਹ ਅਣਥੱਕ ਮਿਹਨਤ ਅਤੇ ਗੁਰਮਤਿ ਸੋਚ ਦਾ ਨਤੀਜਾ ਹੈ। ਇਸ ਦੇ ਇਲਾਵਾ ਸਿੱਖ ਰਹਿਤ ਮਰਯਾਦਾ ਵਿਚ ਸਮਾਂ ਪੈਣ 'ਤੇ ਕਈ ਥਾਵੇਂ ਜਾਣੇ-ਅਣਜਾਣੇ ਵਿਚ ਕੁਝ ਤਬਦੀਲੀਆਂ ਵੀ ਹੋ ਗਈਆਂ ਹਨ ਜੋ ਹੋਣੀਆਂ ਨਹੀਂ ਸੀ ਚਾਹੀਦੀਆਂ, ਇਸ ਬਾਰੇ ਵੀ ਲਿਖਾਰੀ ਨੇ ਜਾਣਕਾਰੀ ਦਿੱਤੀ ਹੈ।

ਸਿੱਖ ਰਹਿਤ ਮਰਯਾਦਾ ਬਾਰੇ ਇਹ ਪੁਸਤਕ ਇਕ ਹਵਾਲਾ ਪੁਸਤਕ ਹੈ, ਇਸ ਬਾਰੇ ਲੇਖਕ ਨੂੰ ਵਧਾਈ ਦਿੰਦਿਆਂ ਹੋਇਆਂ ਕਿਹਾ ਜਾ ਸਕਦਾ ਹੈ ਕਿ ਇਹ ਕਿਤਾਬ ਹਰ ਗੁਰਦੁਆਰੇ, ਪ੍ਰਚਾਰਕ, ਲਿਖਾਰੀਆਂ, ਲਾਇਬ੍ਰੇਰੀਆਂ ਅਤੇ ਹਰ ਗੁਰਸਿੱਖ ਪਾਸ ਹੋਣੀ ਚਾਹੀਦੀ ਹੈ ਤਾਂ ਕਿ ਸਿੱਖ ਰਹਿਤ ਮਰਯਾਦਾ ਨੂੰ ਸਹੀ ਢੰਗ ਨਾਲ ਸਮਝ ਕੇ ਅਮਲ ਕੀਤਾ ਜਾ ਸਕੇ।

ਗੁਰੂ ਪੰਥ ਦਾ ਦਾਸ,

ਸ. ਸ. ਜਥੇਦਾਰ ਜੋਗਿੰਦਰ ਸਿੰਘ

ਸਾਬਕਾ ਜਥੇਦਾਰ

ਸ੍ਰੀ ਅਕਾਲ ਤਖ਼ਤ ਸਾਹਿਬ

ਸ੍ਰੀ ਅੰਮ੍ਰਿਤਸਰ।

SikhBookClub.com

ਗੁਰਦੁਆਰਾ ਜਨਮ-ਅਸਥਾਨ
ਸ੍ਰੀ ਨਨਕਾਣਾ ਸਾਹਿਬ
ਮਿਤੀ: 29-05-2020

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ ਵੱਖ ਵੱਖ ਰਹਿਤਨਾਮਿਆਂ 'ਤੇ ਆਧਾਰਤ ਪੰਥ ਨੇ 'ਸਿੱਖ ਰਹਿਤ ਮਰਯਾਦਾ' ਤਿਆਰ ਕੀਤੀ। ਇਸ ਦੀ ਖੋਜ ਅਤੇ ਪ੍ਰਚਾਰ ਕਰਨਾ ਆਸਾਨ ਕੰਮ ਨਹੀਂ ਹੈ। ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ ਹੈ ਕਿ ਸਰਦਾਰ ਗੁਰਚਰਨਜੀਤ ਸਿੰਘ ਲਾਂਬਾ ਨੇ ਅਣਥਕ ਮੇਹਨਤ ਕਰਨ ਦੇ ਬਾਅਦ ਰਹਿਤ ਮਰਯਾਦਾ ਦੀ ਵਿਆਖਿਆ ਦੀ ਕਿਤਾਬ ਤਿਆਰ ਕੀਤੀ ਹੈ। ਮਰਯਾਦਾ ਨੂੰ ਸਮਝਣ ਲਈ ਇਹ ਕਿਤਾਬ ਲਾਹੇਵੰਦ ਹੋਏਗੀ।

ਲਾਂਬਾ ਜੀ ਨੂੰ ਇਸ ਕਾਰਜ ਲਈ ਤਖ਼ਤ ਸਾਹਿਬਾਨ, ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਪੰਥਕ ਸੰਸਥਾਵਾਂ ਵਲੋਂ ਅਸ਼ੀਰਵਾਦ ਮਿਲਿਆ ਹੈ। ਸਾਰੇ ਸੰਸਾਰ ਵਿਚ ਵਰਤਮਾਨ ਪੰਥ ਇਕ ਹੈ। ਇਸ ਲਈ ਸ੍ਰੀ ਨਨਕਾਣਾ ਸਾਹਿਬ ਦੇ ਗ੍ਰੰਥੀ ਸਾਹਿਬਾਨ ਇਸ ਕਾਰਜ ਵਿਚ ਸ਼ਾਮਲ ਹੋਕੇ ਅਸੀਸ ਦਿੰਦਿਆਂ ਮਾਣ ਮਹਿਸੂਸ ਕਰ ਰਹੇ ਹਨ। ਸਾਡੇ ਲਈ ਇਹ ਮਾਣ ਦੀ ਗੱਲ ਹੈ ਕਿ ੧੯੪੭ ਤੋਂ ਬਾਅਦ ਸ਼ਾਇਦ ਪਹਿਲੀ ਵਾਰ ਇਸ ਪੰਥਕ ਕਾਰਜ ਲਈ ਪੰਥ ਦੇ ਸੇਵਾਦਾਰਾਂ ਨੂੰ ਯਾਦ ਕੀਤਾ ਗਿਆ ਹੈ।

ਹੁਣ ਸ੍ਰੀ ਨਨਕਾਣਾ ਸਾਹਿਬ ਦੀ ਪਾਵਨ ਧਰਤੀ ਤੋਂ ਇਸ ਕਾਰਜ ਲਈ ਅਸੀਸ ਦਿੰਦੇ ਹੋਏ ਅਰਦਾਸ ਹੈ ਕਿ ਮਹਾਰਾਜ ਗੁਰਚਰਨਜੀਤ ਸਿੰਘ ਲਾਂਬਾ ਨੂੰ ਚੜ੍ਹਦੀ ਕਲਾ ਬਖਸ਼ੇ।

ਗੁਰੂ ਪੰਥ ਦਾ ਦਾਸ

ਗਿਆਨੀ ਬਲਵੰਤ ਸਿੰਘ
ਗ੍ਰੰਥੀ, ਗੁਰਦੁਆਰਾ ਜਨਮ-ਅਸਥਾਨ

SikhBookClub.com

ੴ ਵਾਹਿਗੁਰੂ ਜੀ ਕੀ ਫ਼ਤਹ ॥

ਗੋਬਿੰਦ ਸਿੰਘ ਲੌਂਗੋਵਾਲ

ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ-143006

ਨੰਬਰ 21030/ਪ

ਮਿਤੀ 12-07-2020

ਸੰਦੇਸ਼

ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਖ਼ਾਲਸਾ ਪੰਥ ਦੀ ਸ਼ਖ਼ਸੀ ਤੇ ਪੰਥਕ ਜੀਵਨ-ਜਾਚ ਦਾ ਅਦੁੱਤੀ ਵਿਧਾਨ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਸਥਾਪਨਾ ਦੇ ਬਾਅਦ 1925 ਵਿਚ ਸਿੱਖ ਗੁਰਦੁਆਰਾ ਐਕਟ ਪਾਸ ਹੋਣ ਉਪਰੰਤ ਸੰਨ 1927 ਵਿਚ ਇਸ ਦਾ ਖਰੜਾ ਤਿਆਰ ਕਰਨ ਲਈ ਰਹੁ ਰੀਤ ਸਬ-ਕਮੇਟੀ ਗਠਿਤ ਕੀਤੀ ਗਈ, ਜਿਸ ਵਿਚ ਉਸ ਸਮੇਂ ਦੀਆਂ ਉੱਘੀਆਂ ਪੰਥਕ ਸ਼ਖ਼ਸੀਅਤਾਂ ਸ਼ਾਮਲ ਸਨ। ਇਸ ਦੀ ਜਾਣਕਾਰੀ ਸਿੱਖ ਰਹਿਤ ਮਰਯਾਦਾ ਦੇ ਅਰੰਭਕ ਪੰਨਿਆਂ 'ਤੇ ਵੀ ਦਰਜ ਹੈ। 18 ਸਾਲ ਦੇ ਲੰਮੇ ਅਰਸੇ ਦੌਰਾਨ ਦੀਰਘ ਵਿਚਾਰ ਵਟਾਂਦਰੇ ਉਪਰੰਤ ਸਿੱਖ ਰਹਿਤ ਮਰਯਾਦਾ ਦੇ ਖਰੜੇ ਨੂੰ ਪ੍ਰਵਾਨਗੀ ਮਿਲੀ। ਇਹ ਸਾਰਾ ਕਾਰਜ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਸੰਪੂਰਨ ਹੋਇਆ। ਇਸ ਤਰ੍ਹਾਂ ਸੰਨ 1945 ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਰਹਿਤ ਮਰਯਾਦਾ ਪ੍ਰਕਾਸ਼ਤ ਕਰਕੇ ਸੰਗਤਾਂ ਵਿਚ ਵੰਡੀ ਜਾ ਰਹੀ ਹੈ।

ਸਰਸਰੀ ਨਜ਼ਰ ਮਾਰਿਆ ਹੀ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਸਿੱਖ ਰਹਿਤ ਮਰਯਾਦਾ ਚੰਗੇ ਤੋਂ ਚੰਗੇ ਕਾਨੂੰਨੀ ਦਸਤਾਵੇਜ਼ ਤੋਂ ਵੀ ਜ਼ਿਆਦਾ ਬੇਹਤਰ ਢੰਗ ਨਾਲ ਲਿਖੀ ਗਈ ਹੈ। ਸਿੱਖ ਰਹਿਤ ਮਰਯਾਦਾ ਬਾਰੇ ਸਮੇਂ-ਸਮੇਂ ਸਿੱਖ ਕੌਮ ਦੇ ਵਿਦਵਾਨਾਂ ਵੱਲੋਂ ਪੁਸਤਕਾਂ ਲਿਖੀਆਂ ਜਾਂਦੀਆਂ ਰਹੀਆਂ ਹਨ। ਵਿਆਖਿਆ ਅਤੇ ਵਿਚਾਰ ਦੇ ਨਜ਼ਰੀਏ ਤੋਂ ਇਹ ਬਹੁਤ ਜ਼ਰੂਰੀ ਵੀ ਹੈ। ਹੱਥਲੀ ਪੁਸਤਕ 'ਸਾਖੀ ਸ੍ਰੀ ਰਹਿਤ ਮਰਯਾਦਾ ਜੀ ਕੀ' ਸ. ਗੁਰਚਰਨਜੀਤ ਸਿੰਘ ਲਾਂਬਾ ਨੇ ਲਿਖੀ ਹੈ। ਮੈਂ ਇਸ ਪੁਸਤਕ ਦਾ ਹਾਰਦਿਕ ਸਵਾਗਤ ਕਰਦਾ ਹਾਂ।

ਗੁਰੂ ਪੰਥ ਦਾ ਦਾਸ,

(ਗੋਬਿੰਦ ਸਿੰਘ ਲੌਂਗੋਵਾਲ)
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।

ਫ਼ੋਨ: +91 183 255 3950, 253 4746 | ਫੈਕਸ +91 183 255 3919 | ਮੋਬਾਇਲ : 98558 95558, 94172-00542
website: www.sgpc.net | e-mail: info@sgpc.net | bhaigobindsinghlongowal@sgpc.net

SikhBookClub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ (ਪੰਜਵਾਂ ਤਖ਼ਤ)

ਚਲਦਾ ਵਹੀਰ ਚੱਕ੍ਰਵਰਤੀ ਨਿਹੰਗ ਸਿੰਘਾਂ ਪੰਜਾਬ (ਹਿੰਦੁਸਤਾਨ) ਵਿਸ਼ਵ

Shiromani Panth Akali Budha Dal (Panjwan Takhat)

ਮੁੱਖ ਦਫ਼ਤਰ : ਗੁ: ਬੇਰ ਸਾਹਿਬ ਛਾਉਣੀ ਬੁੱਢਾ ਦਲ, ਸ੍ਰੀ ਦਮਦਮਾ ਸਾਹਿਬ ਗੁਰੂ ਕਾਸ਼ੀ (ਤਲਵੰਡੀ ਸਾਬੋ), ਜ਼ਿਲ੍ਹਾ ਬਠਿੰਡਾ
ਡੇਰਾ ਦਫ਼ਤਰ : ਗੁ: ਬਗੀਚੀ ਬਾਬਾ ਬੰਬਾ ਸਿੰਘ ਜੀ, ਸ਼ਹੀਦ ਗੰਜ ਬਾਬਾ ਹਨੂੰਮਾਨ ਸਿੰਘ ਜੀ, ਛਾਉਣੀ ਬੁੱਢਾ ਦਲ ਲੋਅਰ ਮਾਲ, ਪਟਿਆਲਾ
ਸਿੰਘ ਸਾਹਿਬ ਜ: ਬਾਬਾ ਬਲਬੀਰ ਸਿੰਘ ਅਕਾਲੀ 96ਵੇਂ ਕਰੋੜੀ 14ਵੇਂ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ

ਨੰ:.................... ਤਾਰੀਖ਼:.................... ਮਿਤੀ:....................

ਸੰਦੇਸ਼

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਸਿੱਖ ਕੌਮ ਦੀ ਜੀਵਨ ਜਾਂਚ ਦਾ ਵਿਧਾਨ ਰਹਿਤ ਮਰਯਾਦਾ ਹੈ। ਗੁਰੂ ਕਾਲ ਤੋ ਹੀ ਗੁਰੂ ਖਾਲਸਾ ਪੰਥ ਵਿਚ ਪ੍ਰਚਲਿਤ ਚਲੀ ਆਉਂਦੀ "ਰਹਿਤ ਮਰਿਯਾਦਾ" ਦੇ ਅੰਸਾਂ ਨੂੰ ਇਕ ਲਿਖਤੀ ਦਸਤਾਂਵੇਜ਼ ਵਜੋਂ ਤਿਆਰ ਕਰਨ ਲਈ ਸਮੁੱਚੇ ਪੰਥ ਦੇ ਨੁਮਾਇੰਦਿਆਂ ਨਾਲ ਵਿਚਾਰ ਵਿਟਾਂਦਰਾ ਕਰਕੇ ਕੌਮੀ ਆਗੂਆਂ ਵਲੋਂ ਇਸ ਨੂੰ ਤਿਆਰ ਕਰਨ ਦਾ ਸੁਯੋਗ ਜਤਨ ਕੀਤਾ ਗਿਆ। ਹੁਕਮ ਤੇ ਨਿਯਮ ਵਿੱਚ ਜਿਊਣ ਵਾਲਾ ਮਨੁੱਖ ਦੁੱਖਾਂ ਕਲੇਸ਼ਾਂ ਦੇ ਪੰਧ ਤੋਂ ਬਚਿਆ ਰਹਿੰਦਾ ਹੈ। ਗੁਰਮਤਿ ਦੇ ਮਾਰਗ ਦਾ ਰਾਹੀ ਬਣਦਾ ਹੈ। ਸਾਰੀ ਕੌਮ ਨੂੰ ਪੰਥਕ ਤੇ ਗੁਰਮਤਿ ਦੇ ਨਿਯਮਾਂ ਦੀ ਲੜੀ 'ਚ ਪਰੋਣ ਲਈ ਹੀ ਸਿਖ ਰਹਿਤ ਮਰਯਾਦਾ ਦਾ ਰੂਪ ਸਾਹਮਣੇ ਆਇਆ। ਗੁਰੂ ਕਾਲ ਤੋਂ ਚਲੀ ਆਉਂਦੀ ਇਸ ਮਰਯਾਦਾ ਸਬੰਧੀ ਵੱਖ-ਵੱਖ ਵਿਦਵਾਨਾਂ ਨੇ ਖੋਜ ਕਾਰਜ ਕੀਤਾ ਹੈ। ਹੁਣ ਸਰਦਾਰ ਗੁਰਚਰਨਜੀਤ ਸਿੰਘ ਲਾਂਬਾ ਵਲੋਂ ਲੰਬੀ ਖੋਜ ਉਪਰੰਤ ਇਸ ਦੇ ਮੁਢਲੇ ਸਰੋਤਾਂ ਨੂੰ ਸੰਗ੍ਰਹਿ ਕਰਕੇ "ਸਾਖੀ ਸਿਖ ਰਹਿਤ ਮਰਯਾਦਾ ਜੀ ਕੀ" ਨਾਮੀ ਪੁਸਤਕ ਤਿਆਰ ਕੀਤੀ ਹੈ। ਅਸੀਂ ਪੂਰਨ ਆਸ ਕਰਦੇ ਹਾਂ ਕਿ ਇਹ ਪੁਸਤਕ ਇਤਿਹਾਸਕ ਦਸਤਾਵੇਜ਼ ਬਣੇਗੀ। ਲਾਂਬਾ ਜੀ ਨੇ ਇਸ ਨੂੰ ਕਨੂੰਨੀ ਪੱਖ ਤੋਂ ਵੀ ਦੂਰ ਦੀ ਨਜ਼ਰ ਨਾਲ ਘੋਖਿਆ ਹੈ। ਪੰਥਕ ਧਿਰਾਂ ਨੂੰ ਇਕਸੁਰ ਕਰਨ ਵਿਚ ਵੀ ਇਹ ਕਿਤਾਬ ਸਹਾਈ ਸਿਧ ਹੋਵੇਗੀ। ਸਮੇਂ ਸਮੇਂ ਹੋਈਆਂ ਤਬਦੀਲੀਆਂ ਸਬੰਧੀ ਤੇ ਵਖਰੇਵਿਆਂ ਬਾਰੇ ਸੁਝਾਅ ਰੂਪੀ ਨਿਰਣੈ ਸਾਹਮਣੇ ਆਉਣਗੇ। ਸ. ਗੁਰਚਰਨਜੀਤ ਸਿੰਘ ਲਾਂਬਾ ਸਿਖ ਪਰੰਪਰਾਵਾਂ, ਸਿਖ ਸਰੋਕਾਰਾਂ ਦੇ ਧੁਰ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਉਹ ਭਾਵੇਂ ਕਿੱਤੇ ਵਜੋਂ ਵਕੀਲ ਹਨ ਪਰ "ਸੰਤ ਸਿਪਾਹੀ" ਰਸਾਲੇ ਦੀ ਸੰਪਾਦਨਾ ਕਰਕੇ ਉਨ੍ਹਾਂ ਨੇ ਪੰਥਕ ਜੁਗਤ ਤੇ ਪਹਿਰਾ ਦਿੱਤਾ ਤੇ ਲਿਖਤਾਂ ਅਹਿਮੀਅਤ ਦਾ ਹਿੱਸਾ ਬਣੀਆਂ। ਕੌਮੀ ਸਮੱਸਿਆਵਾਂ ਬਾਰੇ ਵੀ ਉਨ੍ਹਾਂ ਦੇ ਸੁਝਾਅ ਰੀਕਾਰਡਯੋਗ ਹੁੰਦੇ ਹਨ। ਅਕਾਲ ਪੁਰਖ ਮੇਹਰ ਕਰਨ ਇਸ ਦਸਤਾਵੇਜ਼ ਤੋਂ ਪੰਥ ਸੇਧ ਲੈ ਸਕੇ। ਅਕਾਲ ਪੁਰਖ ਦੀ ਮਿਹਰ ਸਦਕਾ ਗੁਰੂ ਕਾਲ ਤੋਂ ਹੀ ਸ਼੍ਰੋਮਣੀ ਖਾਲਸਾ ਪੰਥ ਅਕਾਲੀ ਬੁੱਢਾ ਦਲ ਗੁਰਮਰਯਾਦਾ ਦੀ ਪਾਲਣਾ ਕਰਦਾ ਆ ਰਿਹਾ ਹੈ।

ਗੁਰੂ ਖਾਲਸਾ ਪੰਥ ਦਾ ਹੁਕਮਬਰਦਾਰ

ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ,
ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ
ਅਕਾਲੀ 96 ਕਰੋੜੀ 14ਵੇਂ ਮੁਖੀ ਸ਼੍ਰੋਮਣੀ ਪੰਥ ਅਕਾਲੀ
ਬੁੱਢਾ ਦਲ ਪੰਜਵਾਂ ਤਖਤ ਚਲਦਾ ਵਹੀਰ ਚੱਕ੍ਰਵਰਤੀ
ਨਿਹੰਗ ਸਿੰਘਾਂ ਪੰਜਾਬ ਭਾਰਤ (ਵਿਸ਼ਵ)

ਤਲਵੰਡੀ ਸਾਬੋ: 01655-220232, ਬਠਿੰਡਾ: 0164-2217101, ਪਟਿਆਲਾ: 0175-2213091, ਫੈਕਸ ਨੰ: 0175-5051265, ਦਿੱਲੀ: 011-27123468
Website: budhadal.com, E-mail: budhadalpanth@gmail.com

SikhBookClub.com

ਬਿਧੀ ਚੰਦ ਛੀਨਾ ॥ ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥ ਗੁਰੂ ਕਾ ਸੀਨਾ ॥

ਬਖਸ਼ਿਸ਼ ਹਜ਼ੂਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਸੰਪ੍ਰਦਾਇ ਦਲ ਬਾਬਾ ਬਿਧੀ ਚੰਦ ਜੀ

ਬਾਬਾ ਬਿਧੀ ਚੰਦ ਜੀ ਦੇ ੧੦ਵੇਂ ਜਾਨਸ਼ੀਨ ਸੱਚਖੰਡਵਾਸੀ ਸੰਤ ਬਾਬਾ ਸੋਹਣ ਸਿੰਘ ਜੀ

ਚਲਦਾ ਵਹੀਰ ਚੱਕਰਵਰਤੀ ਨਿਹੰਗ ਸਿੰਘਾਂ, ਹੈੱਡ ਕੁਆਰਟਰ ਸੁਰ ਸਿੰਘ, ਜ਼ਿਲ੍ਹਾ ਤਰਨ ਤਾਰਨ ਸਾਹਿਬ, ਪੰਜਾਬ (ਹਿੰਦੁਸਤਾਨ)

ਬਾਬਾ ਬਿਧੀ ਚੰਦ ਜੀ ਦੇ ੧੧ਵੇਂ ਜਾਨਸ਼ੀਨ ਸੱਚਖੰਡਵਾਸੀ ਸੰਤ ਬਾਬਾ ਦਯਾ ਸਿੰਘ ਜੀ

ਮੌਜੂਦਾ ਮੁਖੀ:- ਜਥੇਦਾਰ ਸੰਤ ਬਾਬਾ ਅਵਤਾਰ ਸਿੰਘ ਜੀ । ਮੋਬਾ: 99150-85004, 98725-98523

ਨੰਬਰ................ ਮਿਤੀ 25 [illegible] 2020

ਸਾਡੇ ਭਾਰਤ ਦੀ ਸਤਿਕਾਰ ਯੋਗ ਭੂ! ਗੁਰਚਰਨ ਜੀਤ ਸਿੰਘ ਜੀ ਲਾਂਬਾ
ਸਿੰਘ ਦੇ ਖਾਲਸਾ ਜੀ ਸਲਾਘਾਯੋਗ ਸਾਖੀ ਸਿੱਖ ਰਹਿਤ ਮਰਯਾਦਾ ਕੀਤੀ, ਖੋਜ
ਭਰਪੂਰ ਪ੍ਰਮਾਣਿਤ ਪਰੰਪਰਾ ਅਨੁਸਾਰ ਸੰਗਤਾਂ ਦੇ ਰੂ-ਬ-ਰੂ ਕਰਨ ਦਾ ਜੋ ਪੰਥ
ਵਿਚ ਚਲੇ ਆ ਰਹੀ ਗੁਰਮਤਿ ਦੇ ਸਿਧਾਂਤ ਤੇ ਪਹਿਰਾ ਦੇਣ ਵਾਸਤੇ ਇਹ ਪੁਸਤਕ
ਖਾਲਸਾ ਜੀ ਲਾਭਦਾਇਕ ਹੋਵੇਗੀ। ਇਹਨਾਂ ਦੇ ਇਸ ਤੋਂ ਪਹਿਲਾਂ ਵੀ ਕਈ ਪੁਸਤਕਾਂ
ਨੂੰ ਪੰਥ ਦੇ ਖਾਲਸਾ ਸਮਰਪਿਤ ਕੀਤੀਆਂ ਜਿਸ ਵਿਚ ਦਸਮ ਬਾਣੀ ਉਪਰ
ਉਠੇ ਵਿਵਾਦ ਬਾਰੇ ਸੰਗਤਾਂ ਦੇ ਕਈ ਭਰਮ ਭੁਲੇਖਿਆਂ ਨੂੰ ਦੂਰ ਕਰਕੇ
ਚਾਨਣਾ ਪਾਇਆ ਹੈ। ਇਹਨਾਂ ਤਰਾਂ ਸਤਿਗੁਰੂ ਦੀ ਮਿਹਰ ਕਰਕੇ ਗੁਰੂ
ਪੰਥ ਖਾਲਸਾ ਤੇ ਗੁਰੂ ਪੰਥ ਨੂੰ ਗੁਰਮਤਿ ਦੀ ਸੇਵਾ ਵਿਚ ਚਲਾਇਆ
ਜੋਦਾ ਦਾ ਹੋਰ ਵੀ ਵਧ ਪ੍ਰਚਾਰ ਕਰਨ।

ਗੁਰੂ ਪੰਥ ਖਾਲਸਾ ਜੀ ਦੇ ਦਾਸ,
ਸੇਵਕ ਜਥਿਆ ਦੇ: ਬਾਬਾ ਅਵਤਾਰ ਸਿੰਘ ਜੀ

ਸੰਪ੍ਰਦਾਇ ਦਲ ਬਾਬਾ ਬਿਧੀ... 12ਵੇਂ-ਮੁਖੀ ਜਥੇਦਾਰ

SikhBookClub.com

ੴ ਸਤਿਗੁਰ ਪ੍ਰਸਾਦਿ॥

ਚੀਫ਼ ਖ਼ਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ, ਅੰਮ੍ਰਿਤਸਰ
Chief Khalsa Diwan Charitable Society, Amritsar

ਨਿਰਮਲ ਸਿੰਘ
ਪ੍ਰਧਾਨ

Nirmal Singh
PRESIDENT

ਸਾਖੀ ਸ੍ਰੀ ਰਹਿਤ ਮਰਯਾਦਾ ਜੀ ਕੀ॥
ਇਤਿਹਾਸਿਕ ਤੇ ਸ਼ਲਾਘਾਯੋਗ ਉਦਮ

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਤਿਆਰ ਕੀਤੀ ਗਈ ਸਿੱਖ ਰਹਿਤ ਮਰਯਾਦਾ ਵਿਸ਼ਵ ਭਰ ਦੇ ਸਿੱਖ ਜੰਗਤ ਵਿਚ ਸਰਵ ਪ੍ਰਵਾਨਤ ਹੈ। ਸ਼੍ਰੋਮਣੀ ਕਮੇਟੀ ਵਲੋਂ ਇਸ ਕਾਰਜ ਲਈ ਬਣਾਈ ਗਈ ਪ੍ਰਸਿੱਧ ਵਿਦਵਾਨਾਂ ਤੇ ਸੰਪ੍ਰਦਾਵਾਂ ਦੇ ਮੁਖੀਆਂ ਦੀ ਰਹੁ-ਰੀਤ ਸਬ ਕਮੇਟੀ ਜੋ ਬੜੇ ਹੀ ਸੁਲਝੇ ਹੋਏ ਸਿੱਖੀ ਸਿਧਾਂਤਾਂ ਨਾਲ ਜੁੜੇ ਸਮਰਪਿਤ ਭਾਵਨਾਂ ਵਾਲੇ ਸਨ। ਇਸ 25 ਮੈਂਬਰੀ ਰਹੁ-ਰੀਤ ਸਬ ਕਮੇਟੀ ਜਿਸ ਦੇ ਕਨਵੀਨਰ ਪ੍ਰੋ. ਤੇਜਾ ਸਿੰਘ ਸਨ ਨੇ 1931 ਤੋਂ 36 ਤਕ ਲਗਾਤਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਮੀਟਿੰਗਾਂ ਕੀਤੀਆਂ ਜਿਸ ਨੂੰ ਪੰਥਕ ਧਿਰਾਂ ਦੀਆਂ ਤਜਵੀਜ਼ਾਂ ਦੇ ਸਨਮੁਖ 3-2-1945 ਨੂੰ ਪ੍ਰਵਾਨ ਕਰਦਿਆਂ ਲਾਗੂ ਕੀਤਾ ਗਿਆ। ਇਹ ਸਿੱਖ ਰਹਿਤ ਮਰਯਾਦਾ ਹਰ ਉਸ ਸਿੱਖ ਵਾਸਤੇ ਨਿਰਧਾਰਤ ਹੈ ਜੋ ਤਨ ਮਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਖ਼ਾਲਸਾ ਪੰਥ ਲਈ ਸਮਰਪਤ ਭਾਵਨਾ ਰਖਣ ਵਾਲਾ ਹੈ। ਇਸ ਦਾ ਘੇਰਾ ਕੋਈ ਵਿਅਕਤੀ ਵਿਸ਼ੇਸ਼, ਸੰਪ੍ਰਦਾ, ਟਕਸਾਲ, ਦਲ, ਜਥੇਬੰਦੀ, ਸਭਾ ਸੁਸਾਇਟੀ ਆਦਿ ਤਕ ਨਹੀਂ ਸਗੋਂ ਸਮੁਚੇ ਸਿੱਖ-ਸੰਸਾਰ ਨਾਲ ਹੈ।

ਮੈਨੂੰ ਇਹ ਦਸਦਿਆਂ ਮਾਣ ਮਹਿਸੂਸ ਹੋ ਰਿਹਾ ਹੈ ਕਿ ਇਸ ਦੀ ਆਧਾਰਸ਼ਿਲਾ ਸਭ ਤੋਂ ਪਹਿਲਾਂ 1915 ਈ. ਵਿਚ ਚੀਫ਼ ਖ਼ਾਲਸਾ ਦੀਵਾਨ ਨੇ **ਗੁਰਮਤਿ ਪ੍ਰਕਾਸ਼-ਭਾਗ ਸੰਸਕਾਰ** ਨਾਮ ਦੀ ਪੁਸਤਕ ਛਾਪ ਕੇ ਰਖੀ ਸੀ ਜੋ ਉਸ ਸਮੇਂ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਕੋਲ ਪਹੁੰਚੀ।

ਦੁਖ ਹੁੰਦਾ ਹੈ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛੱਤਰ ਛਾਇਆ ਹੇਠ ਤਿਆਰ ਹੋ ਕੇ ਪ੍ਰਕਾਸ਼ਿਤ ਹੋਈ ਇਸ ਸਿੱਖ ਰਹਿਤ ਮਰਯਾਦਾ ਬਾਰੇ ਵੀ ਅਗਿਆਨਤਾਂ ਤੇ ਮੰਦਭਾਵਨਾ ਤਹਿਤ ਇਸ ਤੇ ਕਿੰਤੂ ਪ੍ਰੰਤੂ ਕਰਦਿਆਂ ਭਰਮ ਭੁਲੇਖੇ ਪੈਦਾ ਕੀਤੇ ਜਾਂਦੇ ਹਨ।

ਮੈਨੂੰ ਖ਼ੁਸ਼ੀ ਹੋਈ ਹੈ ਕਿ ਸਿਖੀ-ਭਾਵਨਾ ਦੀ ਗੁੜਤੀ ਨਾਲ ਗੜੂੰਦ ਸ. ਗੁਰਚਰਨਜੀਤ ਸਿੰਘ ਲਾਂਬਾ ਨੇ 'ਸਿਖ ਰਹਿਤ ਮਰਯਾਦਾ' ਬਾਰੇ ਪਾਏ ਜਾ ਰਹੇ ਭਰਮ ਭੁਲੇਖਿਆਂ ਦੇ ਨਿਵਾਰਨ ਹਿਤ ਅਜੋਕੇ ਸਮੇਂ ਦੀਆਂ ਲੋੜਾਂ ਦੇ ਸਨਮੁਖ 'ਸਾਖੀ ਸ੍ਰੀ ਰਹਿਤ ਮਰਯਾਦਾ ਜੀ ਕੀ' ਪੁਸਤਕ ਤਿਆਰ ਕੀਤੀ ਹੈ। ਸ. ਲਾਂਬਾਂ ਜੋ ਪੇਸ਼ੇ ਵਜੋਂ ਇਕ ਵਕੀਲ ਹਨ ਤੇ ਕਾਫ਼ੀ ਲੰਬਾ ਸਮਾਂ ਪ੍ਰਸਿੱਧ ਪੰਥਕ ਰਸਾਲਾ 'ਸੰਤ ਸਿਪਾਹੀ' ਦਾ ਸੰਪਾਦਨ ਕਾਰਜ ਕਰਦੇ ਰਹੇ ਹਨ। ਉਹ ਨਿਡਰ ਆਪਣੀ ਬੇਬਾਕ ਸ਼ੈਲੀ ਕਾਰਨ ਪੰਥਕ ਧਿਰਾਂ ਵਿਚ ਬਹੁਤ ਸਤਿਕਾਰੇ ਤੇ ਪਿਆਰੇ ਜਾਂਦੇ ਹਨ।

ਮੈਨੂੰ ਪੂਰਨ ਆਸ ਹੈ ਕਿ ਸ੍ਰ. ਲਾਂਬਾ ਜੀ ਵੱਲੋਂ ਤਿਆਰ ਕੀਤੀ ਹੱਥਲੀ ਪੁਸਤਕ 'ਸਾਖੀ ਸ੍ਰੀ ਰਹਿਤ ਮਰਯਾਦਾ ਜੀ ਕੀ' ਇਕ ਹਵਾਲਾ ਪੁਸਤਕ ਵੱਜੋਂ ਗੁਰੂ ਪੰਥ ਵਲੋਂ ਪ੍ਰਵਾਨ ਕੀਤੀ ਜਾਵੇਗੀ।

ਨਿਰਮਲ ਸਿੰਘ
ਪ੍ਰਧਾਨ, ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ।

G. T. Road, Amritsar - 143001
Registered in 1904 Under Act XXI, 1860
098140-50870
nirmalsinghckd8@gmail.com
www.chiefkhalsadiwan.com

SikhBookClub.com

ਦਮਦਮੀ ਟਕਸਾਲ (ਜਥਾ ਭਿੰਡਰਾਂ)

ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਜ਼ਿਲ੍ਹਾ ਅੰਮ੍ਰਿਤਸਰ

DAMDAMI TAKSAL (JATHA BHINDRAN)

GURDWARA GURDARSHAN PARKASH, MEHTA, AMRITSAR-143114

Phone : 01853-256426 (M) 099158-00904

11/11/2014

ੴ ਸਤਿਗੁਰ ਪ੍ਰਸਾਦਿ ॥

ਸਾਖੀ ਸ੍ਰੀ ਰਹਿਤ ਮਰਿਯਾਦਾ ਜੀ ਕੀ,

ਧੰਨ ਧੰਨ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਾਹਿਬ ਜੀ ਨੇ ਖਾਲਸੇ ਪੰਥ ਨੂੰ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕਰਕੇ ਗੁਰਸਿਖੀ ਰਹਿਤ ਮਰਿਯਾਦਾ ਦੀ ਦਾਤ ਬਖਸ਼ਿਸ ਕੀਤੀ ਜਿਸ ਗੁਰਮਤਿ ਮਰਿਯਾਦਾ ਉਤੇ ਖਾਲਸਾ ਪੰਥ ਪਹਿਰਾ ਦੇਂਦਾ ਆ ਰਿਹਾ ਹੈ। ਹਰ ਗੁਰਸਿੱਖ ਮਾਈ ਭਾਈ ਦਾ ਫਰਜ ਬਣਦਾ ਹੈ ਪੂਰੀ ਸ਼ਰਧਾ ਵਿਸ਼ਵਾਸ ਅਤੇ ਦ੍ਰਿੜਤਾ ਨਾਲ ਪਹਿਰਾ ਦੇਵੇ। ਪਿਛਲੇ ਸਮੇਂ ਤੋਂ ਕੁਝ ਵਿਅਕਤੀ ਸਿੱਖੀ ਭੇਸ ਵਿਚ ਵਿਚਰਕੇ ਰਹਿਤ ਮਰਿਯਾਦਾ ਅਤੇ ਅੰਮ੍ਰਿਤ ਸੰਚਾਰ ਦੀਆਂ ਬਾਣੀਆਂ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ, ਸਮੇਤ ਹਰ ਸਿੱਖੀ ਦੀ ਮਰਿਯਾਦਾ ਦੇ ਅੰਗ ਨੂੰ ਢਾਹ ਲਾਵੁਣ ਦੀਆਂ ਕੋਝੀਆਂ ਕੋਸ਼ਿਸ਼ਾਂ ਕਰ ਰਹੇ ਹਨ। ਜਿਹਨਾਂ ਤੋਂ ਸਾਨੂੰ ਸਾਵਧਾਨ ਰਹਿ ਕੇ ਉਹਨਾਂ ਦੀਆਂ ਚਾਲਾਂ ਤੋਂ ਖਾਲਸਾ ਪੰਥ ਨੂੰ ਸੁਚੇਤ ਕਰੀਏ।

ਭਾਈ ਡਾਕਟਰ ਗੁਰਚਰਨਜੀਤ ਸਿੰਘ ਜੀ ਲਾਂਬਾ ਸਿੱਖ ਪੰਥ ਦੇ ਪ੍ਰੌਢ ਵਿਦਵਾਨ ਸਖਸ਼ੀਅਤ ਹਨ ਜਿਨ੍ਹਾਂ ਨੇ ਸਾਖੀ ਸ੍ਰੀ ਰਹਿਤ ਮਰਿਯਾਦਾ ਜੀ ਕੀ ਖੋਜ ਅਤੇ ਤੱਥਾਂ ਤੇ ਅਧਾਰਿਤ ਵਡਮੁੱਲੀ ਪੁਸਤਕ ਲਿੱਖ ਕਰਕੇ ਪ੍ਰਕਾਸ਼ਿਤ ਕੀਤੀ ਹੈ। ਸਿੱਖ ਰਹਿਤ ਮਰਿਯਾਦਾ ਦੇ ਮਸਲੇ ਤੇ ਜੋ ਦੁਬਿਧਾ ਬਣੀ ਹੈ ਉਸਨੂੰ ਸਮੁੱਚੇ ਖਾਲਸਾ ਪੰਥ ਦੀਆਂ ਗੁਰੂ ਕਾਲ ਤੋਂ ਚਲ ਰਹੀਆਂ ਸਿੱਖ ਸੰਪ੍ਰਦਾਵਾ, ਨਿਹੰਗ ਸਿੰਘ ਜਥੇਬੰਦੀਆਂ, ਦਮਦਮੀ ਟਕਸਾਲ ਅਤੇ ਸਿੱਖ ਜਥੇਬੰਦੀਆਂ, ਸਿੰਘ ਸਭਾਵਾਂ, ਸੰਤ ਸਮਾਜ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਸਮੇਤ ਇਕਜੁੱਟ ਹੋ ਕਰਕੇ ਸਰਬ ਪ੍ਰਵਾਨਿਤ ਬਣਾ ਕੇ ਦੁਬਿਧਾ ਦੂਰ ਕੀਤੀ ਜਾਵੇ।

ਭਾਈ ਡਾਕਟਰ ਗੁਰਚਰਨਜੀਤ ਸਿੰਘ ਜੀ ਲਾਂਬਾ ਜਿਹਨਾਂ ਨੇ ਦਮਦਮੀ ਟਕਸਾਲ ਦੇ 13ਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਅਤੇ ਦਮਦਮੀ ਟਕਸਾਲ ਦੇ 14ਵੇਂ ਮੁਖੀ ਅਮਰ ਸ਼ਹੀਦ ਸੰਤ ਸਿਪਾਹੀ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਪਾਰਸ ਛੂਹ ਸੰਗਤ ਵਿਚੋਂ ਗੁਰਮਤਿ ਦੀਆਂ ਖਾਸ ਰਮਜ਼ਾਂ ਅਤੇ ਰਹੱਸ ਸਮਝੇ। ਦਾਸ ਨੂੰ 2006 ਵਿਚ ਇਹਨਾਂ ਦੇ ਦਰਸਨ ਹੋਏ ਅਤੇ ਦਾਸ ਨੇ ਇਹਨਾਂ ਦੀ ਗੁਰਬਾਣੀ, ਗੁਰਮਤਿ ਅਤੇ ਪੰਥਕ ਮਸਲਿਆਂ ਤੇ ਗੁਰਮਤਿ ਅਨੁਸਾਰੀ ਵਿਦਵਤਾ ਯੁਕਤੀ ਦਲੀਲ ਅਤੇ ਲਾ ਜਵਾਬ ਸ਼ੰਕਾ ਨਿਵਾਰਨ ਦੀ ਮੁਹਾਰਿਤ ਤੱਕੀ ਹੈ। ਇਹਨਾਂ ਦੁਆਰਾ ਰਚਿਤ ਪੁਸਤਕ ਨੂੰ ਸਿੱਖ ਵਿਦਵਾਨ, ਸਿੱਖ ਪ੍ਰਚਾਰਿਕ, ਸੰਤ ਮਹਾਂਪੁਰਖ, ਵਿਦਿਆਰਥੀ ਅਤੇ ਸੰਗਤਾਂ ਵੱਧ ਤੋਂ ਵੱਧ ਪੜ੍ਹ ਕੇ ਲਾਭ ਪ੍ਰਾਪਤ ਕਰਨ। ਦਾਸ ਦਮਦਮੀ ਟਕਸਾਲ ਅਤੇ ਗੁਰਮਤਿ ਸਿਧਾਂਤ ਪ੍ਰਚਾਰਿਕ ਸੰਤ ਸਮਾਜ ਵੱਲੋਂ ਇਹਨਾਂ ਨੂੰ ਬਹੁਤ-ਬਹੁਤ ਵਧਾਈ ਦੇਂਦਾ ਹੈ।

ਗੁਰੂ ਪੰਥ ਦਾ ਦਾਸ

ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ,

ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ।

SikhBookClub.com

ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ ॥

ਦਮਦਮਾ ਅਸਥਾਨ
ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ

(ਗੁਰੂ ਨਾਨਕ ਪਾਤਸ਼ਾਹ ਦੀ 11ਵੀਂ ਸੰਤਾਨ)

ਬਾਬਾ ਸਰਬਜੋਤ ਸਿੰਘ ਜੀ ਬੇਦੀ-ਗੱਦੀ ਨਸ਼ੀਨ

ਕਿਲ੍ਹਾ ਹਜ਼ੂਰ ਬੇਦੀ ਸਾਹਿਬ, ਡਾਕਖਾਨਾ ਊਨਾ ਸਾਹਿਬ,
ਜ਼ਿਲ੍ਹਾ ਊਨਾ (ਹਿਮਾਚਲ ਪ੍ਰਦੇਸ਼)
ਟੈਲੀਫੋਨ ਨੰ: 01975-226124, 225113

ਦਮਦਮਾ ਅਸਥਾਨ :
ਪਿੰਡ ਤੇ ਡਾਕਖਾਨਾ ਮਨਸੂਰਾਂ (ਜ਼ਿਲ੍ਹਾ ਲੁਧਿਆਣਾ) ਪੰਜਾਬ
ਮੈਨੇਜਰ : 95011-74080, 94174-28915

"ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥"

ਸੁਮੱਚੀ ਮਾਨਵਤਾਂ ਨੂੰ ਰੱਬੀ ਰੂਪ ਵਿੱਚ ਪ੍ਰੋਣ ਲਈ ਪ੍ਰਮਾਤਮਾ ਨੇ ਗੁਰੂ ਸਾਹਿਬਾਨ ਜੀ ਦੇ ਸਰੂਪ ਵਿੱਚ ਸਜ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਥਾਪਨਾ ਕੀਤੀ। ਦਸਵੇਂ ਗੁਰੂ ਜੀ ਨੇ ਸਮੁੱਚੀ ਮਾਨਵਤਾ ਦੀ ਸੇਵਾ (ਸੁਰੱਖਿਆ) ਦੇ ਅਲੰਬਰਦਾਰ ਪੰਥ ਖਾਲਸੇ ਦੀ ਸਾਜਨਾ ਕੀਤੀ।

ਖਾਲਸਾਈ ਸ਼ਾਨ ਬਾਰੇ, ਗੁਰੂ ਪਿਆਰਿਆਂ ਨੇ ਗਿਆਨ ਦੇ ਅਨੰਤ ਸਰੋਤਾਂ ਦੇ ਮੁੱਢ "ਗੁਰੂ ਗ੍ਰੰਥ ਸਾਹਿਬ ਜੀ" ਨੂੰ ਅਤਿ ਸਤਿਕਾਰ ਦੇਂਦੇ ਹੋਏ "ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਦੇ ਨਾਮ ਨਾਲ ਆਪਸੀ ਸਾਂਝ ਦਾ ਸੰਬੰਧ ਬਣਾਇਆ। ਗੁਰੂ ਸਾਹਿਬ ਜੀ ਦੇ ਸ਼ਬਦੀ ਪਰਉਪਕਾਰ ਮਨੁੱਖੀ ਸੁਰਤ ਵਿੱਚ ਸਥਾਪਿਤ ਹੋ ਜਾਣ, ਇਸ ਲਈ ਰਹਿਤ ਮਰਿਯਾਦਾ ਨੂੰ ਨੇਮ ਦੁਆਰਾ ਪੂਰਨ ਪ੍ਰੇਮ ਤੱਕ ਸਫਰ ਰੂਪ ਵਿੱਚ ਵੇਖਦੇ ਹਨ ਅਤੇ ਚੱਲਣ ਲਈ ਯਤਨਸ਼ੀਲ ਰਹਿੰਦੇ ਹਨ।

ਮੇਰੇ ਗੁਰੂ ਸਾਹਿਬ ਜੀ, ਆਪਣੇ ਪੰਥ ਖਾਲਸੇ ਅੰਦਰ ਵੱਸ ਕਿ ਬਿਖਤਿਆਂ ਪੌੜਿਆਂ ਵਿੱਚੋਂ ਵੀ ਰਾਹ ਦਸੇਰੇ ਬਣਦੇ ਰਹਿੰਦੇ ਹਨ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਮੇਹਰ ਕਰਕੇ ਭਾਈ ਗੁਰਸ਼ਰਨਜੀਤ ਸਿੰਘ ਲਾਂਬਾ ਤੋਂ ਇਹ ਸਾਰਥਕ ਯਤਨ "ਸਾਖੀ ਸ੍ਰੀ ਰਹਿਤ ਮਾਰਿਯਾਦਾ ਜੀ" ਕਿਤਾਬ ਦੇ ਰੂਪ ਵਿੱਚ ਕਰਵਾਇਆ ਹੈ। ਸਤਿਗੁਰੂ ਸਾਹਿਬ ਜੀ, ਪੰਥ ਵਿੱਚ ਵੱਸ ਕਿ ਏਕਤਾ ਦਾ ਸੁੰਦਰ ਰਸਤਾ ਰੁਸ਼ਨਾਉਣ ਤਾਂ ਕਿ ਇਹ ਕਿਤਾਬ, ਸਾਰਥਿਕ ਰੋਲ ਅਦਾ ਕਰ ਸਕੇ ਅਤੇ ਪੰਥ ਵਿੱਚ ਪੈਈ ਹੋਈ ਮਰਿਯਾਦਾ ਦੀ ਦੁਬਿਧਾ ਦੂਰ ਕਰਨ ਵਿੱਚ ਸਹਾਈ ਹੋਵੇ।

ਦਾਸ
ਬਾਬਾ ਸਰਬਜੋਤ ਸਿੰਘ ਬੇਦੀ
ਊਨਾ ਸਾਹਿਬ (ਹਿ: ਪ੍ਰ)

SikhBookClub.com

ੴ ਸਤਿਗੁਰ ਪ੍ਰਸਾਦਿ

ਗੁਰਦੁਆਰਾ ਰਾਮਪੁਰ ਖੇੜਾ ਸਹਿਬ

ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ — ਗੁਰੂ ਪੰਥ ਦਾ ਦਾਸ - ਸੇਵਾ ਸਿੰਘ

Gurdwara Ram Pur Khera
P.O. Garhdiwala Distt. Hoshiar Pur (PB)
India – 144 207

ਗੁਰਦੁਆਰਾ ਰਾਮਪੁਰ ਖੇੜਾ
ਡਾ: ਗੜ੍ਹਦੀਵਾਲਾ
ਜ਼ਿਲਾ: ਹੁਸ਼ਿਆਰਪੁਰ (ਪੰਜਾਬ)

ਗੁਰਮੁਖਿ ਹੋਇ ਸੁ ਹੁਕਮ ਪਛਾਣੈ

ਸ੍ਰਿਸ਼ਟੀ ਦੇ ਰਚਨਹਾਰ, ਪਰਮੇਸ਼ਰ ਜੀ ਦੇ ਹੁਕਮ ਵਿੱਚ ਹੀ ਸਾਰੀ ਕਾਇਨਾਤ ਦਾ ਪਸਾਰਾ ਚੱਲ ਰਿਹਾ ਹੈ। ਹੁਕਮ ਵਿੱਚ ਚੱਲਣ ਨਾਲ ਹੀ ਸਮੁੱਚੇ ਬ੍ਰਹਿਮੰਡ ਦੀ ਕਾਰ ਸੁੱਖਦਾਇਕ ਰੂਪ ਦਿੰਦੀ ਹੈ। ਹੁਕਮ, ਭੈ ਅਥਵਾ ਨਿਯਮ ਤੋਂ ਬਾਹਰੀ ਹੋ ਕੇ ਵਿਚਰਨ ਵਾਲੀ ਹਰ ਸ਼ੈ ਦੁੱਖ ਰੂਪ ਹੋ ਨਿੱਬੜਦੀ ਹੈ। ਇਸ ਹੁਕਮੀ ਖੇਡ ਦਾ ਜ਼ਿਕਰ ਕਰਦੇ ਹੋਏ ਗੁਰਦੇਵ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ:

ਭੈ ਵਿਚਿ ਪਵਣੁ ਵਹੈ ਸਦਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥ ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥
ਭੈ ਵਿਚਿ ਸਿਧ ਬੁਧ ਸੁਰ ਨਾਥ ॥ ਭੈ ਵਿਚਿ ਆਡਾਣੇ ਆਕਾਸ ॥
ਭੈ ਵਿਚਿ ਜੋਧ ਮਹਾਬਲ ਸੂਰ ॥ ਭੈ ਵਿਚਿ ਆਵਹਿ ਜਾਵਹਿ ਪੂਰ ॥
ਸਗਲਿਆ ਭਉ ਲਿਖਿਆ ਸਿਰਿ ਲੇਖੁ ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥1॥

(ਸਲੋਕ ਮ: 1; ਅੰਗ 464)

ਇਸੇ ਪ੍ਰਕਾਰ ਹੀ ਇਸ ਬ੍ਰਹਿਮੰਡ ਪਸਾਰੇ ਦੀ ਸਰਵੋਤਮ ਕ੍ਰਿਤ, "ਮਨੁੱਖ" ਨੂੰ ਵੀ ਪਰਮੇਸ਼ਵਰੀ ਭੈ ਅਥਵਾ ਮਰਯਾਦਾ ਵਿੱਚ ਚੱਲਣ ਦੀ ਅਗਵਾਈ ਦੇਣ ਲਈ ਰੱਬੀ-ਹੁਕਮ ਵਿੱਚ ਪ੍ਰਗਟੇ ਪੀਰਾਂ-ਪੈਗੰਬਰਾਂ ਨੇ ਇਸ ਨੂੰ ਮਰਯਾਦਿਕ ਜੀਵਨ ਜੀਊਣ ਦੇ ਢੰਗ-ਤਰੀਕੇ ਦੱਸਣਾ ਕੀਤੇ, ਜੋ ਸਮੇਂ-ਸਮੇਂ ਉਸ ਪੰਥ ਦੀ ਮਰਿਯਾਦਾ ਕਹਿਲਾਏ।

"ਆਪਿ ਨਰਾਇਣੁ ਕਲਾ ਧਾਰਿ" ਨੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰੂਪ ਵਿੱਚ ਪ੍ਰਗਟ ਹੋ ਕੇ "ਨਾਨਕ ਨਿਰਮਲ ਪੰਥ" ਦੇ ਰੂਪ ਵਿੱਚ ਇਸ ਮਨੁੱਖੀ ਜਾਮੇ ਨੂੰ ਕਲਯੁੱਗ ਦੇ ਸਮੇਂ ਵਿੱਚ ਇੱਕ ਅਜਿਹੇ ਮਰਯਾਦਿਕ ਪੰਥ ਦੀ ਬਖਸ਼ਿਸ਼ ਕੀਤੀ, ਜਿਸ ਉੱਪਰ ਟੁਰ ਕੇ ਇਹ ਜੀਵ ਸੁਖੈਨ ਹੀ "ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ" ਦੇ ਆਪਣੇ ਜੀਵਨ ਮਨੋਰਥ ਦੀ ਪ੍ਰਾਪਤੀ ਕਰ ਸਕਦਾ ਹੈ। ਨੌਂਵਾ ਜਾਮਿਆਂ ਵਿੱਚ ਵਿਚਰੀ "ਨਿਰੰਜਨੀ ਨਾਨਕ ਜੋਤਿ" ਨੇ ਆਪਣੀ ਉੱਮਤ ਨੂੰ ਜੋ ਗੁਰੂ ਵਾਲੀ ਦ੍ਰਿੜ ਕਰਵਾਈ, ਤਿਸਦੀ ਸੰਪੂਰਨਤਾ ਕਰਦਿਆਂ ਦਸਵੀਂ ਨਾਨਕ ਜੋਤਿ "ਸ੍ਰੀ ਗੁਰੂ ਗੋਬਿੰਦ ਸਿੰਘ ਜੀ" ਨੇ ਇਸ "ਨਾਨਕ ਨਿਰਮਲ ਪੰਥ" ਨੂੰ "ਖਾਲਸਾ ਪੰਥ" ਦੇ ਰੂਪ ਵਿੱਚ ਸੰਪੂਰਨ ਕਰਕੇ "ਖਾਲਸਈ ਰਹਿਤ ਮਰਯਾਦਾ" ਦ੍ਰਿੜ ਕਰਵਾਉਂਦਿਆਂ "ਰਹਿਣੀ ਰਹੈ ਸੋਈ ਸਿਖ ਮੇਰਾ॥ ਉਹ ਸਾਹਿਬ ਮੈ ਉਸ ਕਾ ਚੇਰਾ॥" ਦੇ ਬਚਨ ਦਰਸਾ ਕੇ ਇਸ ਗੁਰ-ਚਾਲੀ ਦੀ ਮਹੱਤਤਾ ਉੱਪਰ ਅੰਤਿਮ ਮੋਹਰ ਲਗਾ ਕੇ ਹਰ ਗੁਰਸਿੱਖ ਲਈ ਨਿਯਮ ਬੰਨ੍ਹ ਦਿੱਤੇ।

ਸਮੁੱਚੇ ਖਾਲਸਾ ਪੰਥ ਨੇ ਇਕੱਤਰ ਹੋ ਕੇ, ਗੁਰੂ-ਕਾਲ ਤੋਂ ਸੀਨਾ-ਬ-ਸੀਨਾ ਚਲੀ ਆ ਰਹੀ ਗੁਰਮਤਿ "ਰਹਿਤ ਮਰਯਾਦਾ" ਦੇ ਨਿਯਮਾਂ ਦਾ ਮੰਥਨ ਕਰਕੇ, ਇਸ ਨੂੰ ਲਿਖਤੀ ਰੂਪ ਦਿੰਦਿਆਂ, "ਸਿੱਖ ਰਹਿਤ ਮਰਯਾਦਾ" ਦੇ ਨਾਉਂ ਹੇਠ ਇੱਕ ਦਸਤਾਵੇਜ਼ ਪੰਥ ਦੀ ਝੋਲੀ ਪਾਇਆ ਸੀ। ਛੋਟੇ-ਮੋਟੇ ਵਖਰੇਵਿਆਂ ਦੇ ਬਾਵਜੂਦ ਵੀ ਇਹ ਦਸਤਾਵੇਜ਼ ਹੁਣ ਤੱਕ ਸਮੁੱਚੇ ਪੰਥ ਨੂੰ ਇੱਕ ਲੜੀ ਵਿੱਚ ਪਰੋਣ ਦਾ ਵਸੀਲਾ ਬਣਿਆ ਹੋਇਆ ਹੈ। ਸਮਾਂ ਬੀਤਣ ਦੇ ਨਾਲ-ਨਾਲ ਇਸ ਰਹਿਤ ਮਰਯਾਦਾ ਵਿੱਚ ਜਾਣੇ ਜਾਂ ਅਣਜਾਣੇ ਵਿੱਚ ਛੋਟੇ-ਮੋਟੇ ਬਦਲਾਵ ਹੋ ਗਏ ਹਨ; ਜਿਨ੍ਹਾਂ ਦਾ ਇੱਕ ਆਮ ਸਿੱਖ ਨੂੰ ਬੋਧ ਨਹੀਂ ਹੈ। ਜੇ ਇਹਨਾਂ ਦੀ ਡੂੰਘਾਈ ਵਿੱਚ ਜਾਇਆ ਜਾਵੇ ਤਾਂ ਇਹ ਬਦਲਾਵ ਕਈਆਂ ਹਾਲਾਤਾਂ ਵਿੱਚ ਇਸ ਸਿੱਖ ਰਹਿਣੀ ਦੀਆਂ ਮੱਦਾਂ ਦੀ ਮੂਲ-ਭਾਵਨਾਂ ਨੂੰ ਹੀ ਬਦਲਦੇ ਪ੍ਰਤੀਤ ਹੁੰਦੇ ਹਨ; ਜੋ ਕਿ ਅਤਿ ਚਿੰਤਾ ਦਾ ਵਿਸ਼ਾ ਹੈ।

ਸ: ਗੁਰਚਰਨਜੀਤ ਸਿੰਘ ਜੀ ਲਾਂਬਾ, ਜੋ ਕਿ ਇੱਕ ਉੱਘੇ ਵਕੀਲ ਹੋਣ ਦੇ ਨਾਲ ਨਾਲ, ਉੱਘੇ ਸਿੱਖ ਚਿੰਤਕ, ਸਲਾਹਕਾਰ ਅਤੇ ਵਿਦਵਾਨ ਲਿਖਾਰੀ ਵੀ ਹਨ। ਜਿਹਨਾਂ ਨੇ ਸਮੇਂ-ਸਮੇਂ ਪੰਥਕ ਕਾਰਜਾਂ ਵਿੱਚ ਆਪਣੀ ਵਿਦਵਤਾ ਨਾਲ ਹਰ ਪੱਖ ਤੋਂ ਬਹੁਤ ਹੀ ਅਹਿਮ ਯੋਗਦਾਨ ਪਾਇਆ ਹੈ। ਸ: ਲਾਂਬਾ ਵੱਲੋਂ ਲਿਖੀ ਗਈ ਹਥਲੀ ਪੁਸਤਕ "ਸਾਖੀ ਸ੍ਰੀ ਰਹਿਤ ਮਰਯਾਦਾ ਜੀ ਕੀ" ਵਿੱਚ, ਸਿੱਖ ਰਹਿਤ ਮਰਯਾਦਾ ਦੀ ਉੱਤਪਤੀ ਦਾ ਪਿਛੋਕੜ, ਰਹਿਤ ਮਰਯਾਦਾ ਦਾ ਵਿਸਥਾਰ ਅਤੇ ਜਾਣੇ-ਅਣਜਾਣੇ ਇਸ ਵਿੱਚ ਹੋਏ ਬਦਲਾਵਾਂ ਦਾ ਵੇਰਵਾ, ਇਹਨਾਂ ਬਦਲਾਵਾਂ ਦੇ ਦੂਰ-ਰਸੀ ਪ੍ਰਭਾਵਾਂ ਦਾ ਅਧਿਐਨ ਅਤੇ ਵਿਆਖਿਆ ਬਹੁਤ ਹੀ ਬਰੀਕੀ ਅਤੇ ਤਰਕ-ਸੰਗਤ ਤਰੀਕੇ ਨਾਲ ਕਰਦਿਆਂ, ਇੱਕ ਅਹਿਮ ਦਸਤਾਵੇਜ਼ ਕੌਮ ਦੀ ਭੇਂਟ ਕੀਤਾ ਹੈ; ਜੋ ਕਿ ਅਤਿ ਹੀ ਸ਼ਲਾਘਾਯੋਗ ਉੱਦਮ ਹੈ।

ਦਾਸ, ਇਸ ਉੱਦਮ ਲਈ ਲਾਂਬਾ ਸਾਹਿਬ ਨੂੰ ਹਾਰਦਿਕ ਵਧਾਈ ਦਿੰਦਾ ਹੋਇਆ ਗੁਰੂ ਚਰਨਾਂ ਵਿੱਚ ਅਰਦਾਸ ਕਰਦਾ ਹੈ ਕਿ ਸਤਿਗੁਰੂ ਜੀ, ਸ: ਗੁਰਚਰਨਜੀਤ ਸਿੰਘ ਹੋਰਾਂ ਦੇ ਸਿਰ ਉੱਪਰ ਆਪਣਾ ਬਖਸ਼ਿਸ਼ ਭਰਿਆ ਹੱਥ ਬਣਾਈ ਰੱਖਣ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਵੀ ਉਹ ਗੁਰੂ ਬਖਸ਼ੀ ਬਿਬੇਕ ਬੁੱਧ ਨਾਲ ਖਾਲਸਾ ਪੰਥ ਦੀ ਚੜ੍ਹਦੀ ਕਲਾ ਵਿੱਚ ਆਪਣਾ ਅਹਿਮ ਯੋਗਦਾਨ ਪਾਉਣਾ ਨਿਰੰਤਰ ਜਾਰੀ ਰੱਖ ਸਕਣ।

ਇਸ ਦੇ ਨਾਲ ਹੀ ਦਾਸ ਸਮੁੱਚੇ ਪੰਥ ਖਾਲਸਾ ਜੀ ਮੂਹਰੇ ਵੀ ਅਤਿ ਸਨਿਮਰ ਬੇਨਤੀ ਕਰਦਾ ਹੈ ਕਿ ਸਮੁੱਚੀਆਂ ਪੰਥਕ ਧਿਰਾਂ ਆਪਣੇ ਨਿੱਜੀ ਹਿਤਾਂ ਤੋਂ ਉੱਪਰ ਉੱਠ ਕੇ "ਹੋਇ ਇਕਤ੍ਰ ਮਿਲਹੁ ਮੇਰੇ ਭਾਈ" ਦੀ ਕਾਰ ਕਰਦਿਆਂ ਆਪਸੀ ਸਿਰ ਜੋੜਕੇ ਬੈਠਣ ਅਤੇ "ਦੁਬਿਧਾ ਦੂਰਿ ਕਰਹੁ ਲਿਵ ਲਾਇ" ਦਾ ਸਾਰਥਿਕ ਨਤੀਜਾ ਕੱਢਕੇ ਸਿੱਖ ਪੰਥ ਦੀ ਰਹਿਤ ਮਰਯਾਦਾ ਨੂੰ ਇੱਕ ਕਰਨ ਦਾ ਯਤਨ ਕਰਨ ਵੱਲ ਧਿਆਨ ਜ਼ਰੂਰ ਦੇਣ। ਨਿਰਸੰਦੇਹ ਸ: ਲਾਂਬਾ ਵਰਗੇ ਗੁਰਮੁਖ ਵਿਦਵਾਨਾਂ ਵੱਲੋਂ ਕੀਤੀਆਂ ਮਿਹਨਤਾਂ ਦੀ ਰੋਸ਼ਨੀ ਵਿੱਚ ਅਸੀਂ ਅਜਿਹੇ ਕਾਰਜ ਸੁਖੈਨ ਰੂਪ ਵਿੱਚ ਨੇਪਰੇ ਚਾੜ੍ਹ ਸਕਦੇ ਹਾਂ।

29-ਮਈ-2017

ਗੁਰੂ ਪੰਥ ਦਾ ਦਾਸ

ਸੰਤ ਸੇਵਾ ਸਿੰਘ
ਗੁਰਦੁਆਰਾ ਰਾਮਪੁਰ ਖੇੜਾ
ਡਾ: ਗੜ੍ਹਦੀਵਾਲਾ
ਜ਼ਿਲਾ: ਹੁਸ਼ਿਆਰ ਪੁਰ (ਪੰਜਾਬ)

SikhBookClub.com

੧ਓ ਸਤਿਗੁਰ ਪ੍ਰਸਾਦਿ ॥

ਸਿੱਖ ਧਰਮ ਇਕ ਸੁਤੰਤਰ ਹੋਂਦ ਵਾਲਾ, ਅਮਲੀ ਅਤੇ ਸਰਬੱਤ ਦਾ ਭਲਾ ਮੰਗਣ ਵਾਲਾ ਧਰਮ ਹੈ। ਧਰਮ ਦੇ ਸੰਗਠਨ ਲਈ ਨਿਯਮਾਂ" ਜਾਂ ਅਸੂਲਾਂ ਦਾ ਹੋਣਾ ਅਤਿ ਅਵੱਸ਼ਕ ਹੁੰਦਾ ਹੈ। ਧਰਮ ਦੇ ਪ੍ਰਚਾਰ, ਸੰਚਾਰ, ਵਿਕਾਸ ਅਤੇ ਲੋਕਪ੍ਰਿਅਤਾ ਲਈ ਸਾਡੇ ਬਜ਼ੁਰਗ ਨੇ ਸਤਿਗੁਰੂ ਜੀ ਦੇ ਸਮੇਂ ਤੋਂ ਚਲੀਆਂ" ਆ ਰਹੀਆਂ ਰਹੁ-ਰੀਤਾਂ", ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਦੈਵੀ ਵਰਤਾਰਿਆਂ ਦੇ ਅਨੁਭਵੀ ਗਿਆਨ ਤੋਂ ਉਪਜੀ ਬਖਸ਼ੀਸ਼-ਸੇਧ ਅਤੇ ਸਿੱਖ ਧਰਮ ਦੇ ਇਤਿਹਾਸਕ ਗ੍ਰੰਥਾਂ, ਰਹਿਤਨਾਮਿਆਂ ਦੀ ਡੂੰਘੀ ਘੋਖ ਕਰਕੇ ਇਕ ਲਿਖਤੀ ਦਸਤਾਵੇਜ਼ ਤਿਆਰ ਕੀਤਾ ਜਿਸ ਦਾ ਨਾਂ "ਸਿੱਖ ਰਹਿਤ ਮਰਯਾਦਾ" ਰੱਖਿਆ ਗਿਆ। ਇਸ ਸੰਖੇਪ ਦਸਤਾਵੇਜ਼ ਦੀ ਬਦੌਲਤ ਹੀ ਸਮੁੱਚਾ 'ਸਿੱਖ ਪੰਥ' ਇਕ ਲੜੀ ਵਿਚ ਪ੍ਰੋਤਾ ਹੋਇਆ ਹੈ। ਸਿੱਖ ਧਰਮ ਸੰਗਠਨ ਲਈ ਇਹ ਦਸਤਾਵੇਜ਼ ਅਤੀ ਮਹਤੱਵਪੂਰਨ ਹੈ ਜਾਂ ਇਉਂ ਆਖ ਲਈਏ ਕਿ ਇਹ ਉਹ ਨਿਯਮ (ਕਾਨੂੰਨ) ਹਨ ਜਿਨ੍ਹਾਂ ਦੀ ਰੋਸ਼ਨੀ ਵਿਚ ਖਾਲਸਾ ਪੰਥ ਨੇ ਆਪਣੀ 'ਨਿਰਮਲ ਹੋਂਦ' ਨੂੰ ਲਾਸਾਨੀ ਬਣਾਈ ਰੱਖਣਾ ਹੈ।

ਕਈ ਵਾਰੀ ਕਿਸੇ ਵਸਤੂ ਦੀ ਅਹਿਮੀਅਤ ਤੋਂ ਅਨਜਾਣ ਵਿਅਕਤੀ ਦੂਜੀਆਂ ਭਾਸ਼ਾਵਾਂ ਵਿਚ ਉਸ ਦੇ ਤਜਰਮੇ ਕਰਨ ਜਾਂ ਵਿਆਖਿਆ ਦੇ ਨਾਂ ਹੇਠਾਂ ਸੋਧਾਂ ਕਰਕੇ ਆਪਣੀ ਨਿੱਜ ਹਉਮੈ ਨੂੰ ਤਾਂ ਪਾਲ ਲੈਂਦਾ ਹੈ ਪਰ ਉਸ ਦੇ ਦੂਰ-ਰਸੀ ਹੋਣ ਵਾਲੇ ਨੁਕਸਾਨ ਤੋਂ ਉਹ ਉੱਕਾ ਹੀ ਅਭਿੱਜ ਰਹਿੰਦਾ ਹੈ। 'ਸਿੱਖ ਰਹਿਤ ਮਰਯਾਦਾ' ਨਾਲ ਵੀ ਇਹ ਵਰਤਾਰਾ ਹੋਇਆ ਹੈ ਜੋ ਕਦਾਚਿਤ ਵੀ ਨਹੀਂ ਸੀ ਹੋਣਾ ਚਾਹੀਦਾ। ਸਮੇਂ ਦੀ ਲੋੜ ਅਤੇ ਆਏ ਪਰਿਵਰਤਨਾਂ ਨੂੰ ਮੁੱਖ ਰੱਖਦਿਆਂ "ਧਰਮ ਗ੍ਰੰਥਾਂ" ਦੀ ਹਮੇਸ਼ਾਂ ਪੁਨਰ ਵਿਆਖਿਆ ਦੀ ਲੋੜ ਹੁੰਦੀ ਹੈ ਅਤੇ ਇਹ ਲੋੜ ਦੀ ਪੂਰਤੀ ਹਰ ਧਰਮ ਵਿਚ ਹੁੰਦੀ ਆਈ ਹੈ। ਧਰਮ ਦੀ ਨਵੀਂ ਵਿਆਖਿਆ ਜਿੱਥੇ ਧਰਮ ਦੇ ਨਵੇਂ ਦਿਸ-ਹੱਦਿਆਂ ਨੂੰ ਹੋਰ ਵਿਸਥਾਰ ਪ੍ਰਦਾਨ ਕਰਦੀ ਹੈ ਉੱਥੇ ਜਿਗਿਆਸੂ ਦੀ ਆਸਥਾ ਵਿਚ ਨਵੀਨਤਾ ਭਰ ਕੇ ਉਸ ਨੂੰ ਤਰੋ-ਤਾਜ਼ਾ ਕਰ ਦਿੰਦੀ ਹੈ।

ਸਰਦਾਰ ਗੁਰਚਰਨਜੀਤ ਸਿੰਘ ਲਾਂਬਾ ਇਕ ਨਿਸ਼ਠਾਵਾਨ, ਗੁਰਮਤਿ ਸਿਧਾਂਤਾਂ ਨੂੰ ਪ੍ਰਣਾਏ ਹੋਏ ਗੁਰਸਿੱਖ ਹਨ। ਜਿੱਥੇ ਉਹ ਕਾਨੂੰਨਦਾਨ ਹਨ ਉੱਥੇ ਉਹ ਸਿੱਖ ਅਸੂਲਾਂ ਉਤੇ ਪਹਿਰਾ ਦੇਣ ਵਾਲੇ ਗੰਭੀਰ ਚਿੰਤਕ ਵੀ ਹਨ। ਉਨ੍ਹਾਂ ਵੱਲੋਂ ਸੁਦ੍ਰਿੜ ਲਗਨ ਅਤੇ ਸਖਤ ਮਿਹਨਤ ਨਾਲ 'ਸਿੱਖ ਰਹਿਤ ਮਰਯਾਦਾ' ਦੀ ਪੁਨਰ ਸਮੀਖਿਆ ਕਰਕੇ ਗੁਰੂ ਖਾਲਸਾ ਪੰਥ ਦੀ ਝੋਲੀ ਵਿਚ ਹੱਥਲੀ ਪੁਸਤਕ 'ਸਾਖੀ ਸ੍ਰੀ ਰਹਿਤ ਮਰਯਾਦਾ ਜੀ ਕੀ' ਪਾਈ ਹੈ। ਕਾਨੂੰਨਦਾਨ ਹੋਣ ਕਰਕੇ ਉਨ੍ਹਾਂ ਨੇ ਇਸ ਪੁਸਤਕ ਨੂੰ ਕਾਨੂੰਨੀ ਨੁਕਤਾ-ਨਿਗਾਹ ਤੋਂ ਵੀ ਪ੍ਰਫੁੱਲਤ ਕੀਤਾ ਹੈ। ਹਰ ਪੱਖ ਨੂੰ ਉਨ੍ਹਾਂ ਵਿਸਥਾਰ ਦੇ ਕੇ ਤਰਕ-ਸੰਗਤ ਵਿਧੀ ਨਾਲ ਸ਼ੰਕਿਆਂ ਦੀ ਨਿਵਿਰਤੀ ਕੀਤੀ ਹੈ।

ਦਾਸਰਾ ਆਸ ਕਰਦਾ ਹੈ ਕਿ 'ਗੁਰੂ ਖਾਲਸਾ ਪੰਥ' ਬਿਖਮ ਘਾਲਣਾ ਵਿਚੋਂ ਪ੍ਰਸਤੁਤ ਹੋਈ ਇਸ ਨਵੀਂ, ਅਤੇ ਸਮੇਂ ਦੀ ਹਕੀਕੀ ਲੋੜ ਦੀ ਪੂਰਤੀ ਕਰਨ ਵਾਲੀ ਇਸ ਪੁਸਤਕ ਨੂੰ ਜੀਉ ਆਇਆਂ ਆਖੇਗਾ। ਸਤਿਗੁਰੂ ਪਾਤਸ਼ਾਹ ਜੀ ਕਿਰਪਾ ਕਰਨ ਖਾਲਸਾ ਪੰਥ ਨੂੰ ਆਪਣੀਆਂ ਘਾਟਾਂ ਦਾ ਮੰਥਨ ਕਰਨ ਅਤੇ ਭਵਿੱਖ ਦੀਆਂ ਚਣੌਤੀਆਂ ਦੇ ਸਨਮੁਖ ਹੋਣ ਲਈ ਸਿਰ-ਜੋੜ ਕੇ ਖਾਲਸਾਈ ਵਰਤਾਰੇ ਅਨੁਸਾਰ ਵਿਚਰਣ ਦੀ ਸੇਧ ਪ੍ਰਦਾਨ ਕਰਨ ਤਾਂ ਜੋ ਗੁਰਵਾਕ "ਹਮ ਲੇ ਜਾਨੋ ਪੰਥ ਉਚੇਰਾ" ਦੇ ਨਿਸ਼ਾਨੇ ਦੀ ਪੂਰਤੀ ਲਈ ਦ੍ਰਿੜ ਨਿਸ਼ਠਾ ਅਤੇ ਸੁਹਿਰਦਤਾ ਨਾਲ ਲਾਮਬੰਦ ਹੋ ਕੇ ਸਾਰੇ ਯਤਨਸ਼ੀਲ ਹੋਈਏ।

ਦਾਸਰਾ ਪਦ - ਸ਼ਮਸ਼ੇਰ ਸਿੰਘ (ਡਾ:)
ਸਾਬਕਾ ਪ੍ਰਿੰਸੀਪਲ
ਸ਼ਹੀਦ ਸਿੱਖ ਮਿਸ਼ਨਰੀ ਕਾਲਜ,
ਸ੍ਰੀ ਅੰਮ੍ਰਿਤਸਰ

SikhBookClub.com

ਸਿੱਖ ਪੰਥ ਤੇ ਸਿੱਖ ਰਹਿਤ ਮਰਯਾਦਾ

ਸਿੱਖ ਫਲਸਫਾ ਤੇ ਸਿੱਖ ਸਭਿਆਚਾਰ ਦੀ ਦ੍ਰਿਸ਼ਟੀ ਤੋਂ ਇਕ ਸਿੱਖ ਵਾਸਤੇ, ਆਦਰਸ਼ਕ ਜੀਵਣ ਜੀਊਣ ਲਈ ਇੱਕ ਨਿਯਮਾਵਲੀ ਜਾਂ ਵਿਧੀ ਵਿਧਾਨ ਦਾ ਨਾਉਂ ਹੈ-'ਸਿੱਖ ਰਹਿਤ ਮਰਯਾਦਾ'। ਇਹ ਨਾਨਕ 'ਨਿਰਮਲ ਪੰਥ' ਜਿਸਨੂੰ ਤੀਸਰੇ ਪੰਥ, ਸਿੱਖ ਪੰਥ, ਗੁਰਮੁਖ ਪੰਥ, ਬੀਰ ਪੰਥ ਤੇ ਨਿਆਰਾ ਪੰਥ ਆਦਿ ਵਿਸ਼ੇਸ਼ਣਾਂ ਨਾਲ ਸਨਮਾਨ ਦਿੱਤਾ ਜਾਂਦਾ ਹੈ, ਇਸਦੀ ਜੀਵਨ ਜਾਂਚ ਦੇ ਨਿਯਮ ਵੀ ਨਿਰਮਲ ਤੇ ਨਿਆਰੇ ਹਨ। ਇਹ ਮਰਯਾਦਾ ਦੂਰ ਅੰਦੇਸ਼ ਪੰਥ ਪ੍ਰਸਤਾ ਤੇ ਸਮਰਪਿਤ ਧਰਮੀਆ ਦੀ ਲੰਬੇਰੀ ਘਾਲਣਾ ਤੇ ਸਿਧਾਂਤਕ ਸਪੱਸ਼ਟਤਾ ਦੀ ਕਸ਼ੀਦਕਾਰੀ ਦਾ ਪ੍ਰਗਟ ਰੂਪ ਹੈ। ਇਸ ਕੌਮੀ ਵਿਧੀ ਵਿਧਾਨ ਦੀਆਂ ਇਤਿਹਾਸਕ ਪੈੜਾਂ ਸਦੀਵ ਕਾਲ ਸੰਭੀਆਂ ਰਹਿਣ ਤੇ ਗੁਰੂ ਦਾ ਨਾਦੀ ਪਰਿਵਾਰ ਚਿੰਤਨ ਤੇ ਮੰਥਨ ਕਰਦਿਆਂ ਉਹਨਾਂ ਵਡੇਰਿਆਂ ਦੀ ਕੌਮੀ ਭਾਵਨਾ ਨੂੰ ਆਪਣੀ ਸਿਮਰਤੀ ਵਿਚ ਸਾਂਭੀ ਰੱਖੇ, ਇਸ ਫੁਰਨੇ ਵਿਚੋਂ ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਨੇ ਕਰੜੀ ਮੁਸ਼ੱਕਤ ਤੋਂ ਬਾਅਦ ਇਸ ਦਸਤਾਵੇਜ਼ ਨੂੰ ਪੁਸਤਕ ਰੂਪ ਦਿੱਤਾ ਹੈ।

'ਸਿੱਖ ਰਹਿਤ ਮਰਯਾਦਾ' ਦੇ ਜਨਮ ਕਾਲ ਤੋਂ ਪਿਛੋਕੜ ਗਰਭ ਕਾਲ ਵਿਚ ਜਾਈਏ ਤਾਂ ਇਕ ਪੁਰਾਤਨ ਖ਼ਬਰ ਦੇਣੀ ਕੁਥਾਂ ਨਹੀਂ ਹੋਵੇਗੀ। ਮਾਰਚ 1900 ਈ. ਵਿੱਚ 'ਅਖਬਾਰ ਆਮ' ਦੇ ਸੰਪਾਦਕ ਨੇ ਸਿੱਖ ਧਰਮ ਦੀ ਨਿੰਦਿਆਂ ਕਰਦਿਆਂ ਮਸਲਾ ਉਠਾਇਆ ਸੀ ਕਿ ਸਾਰੇ ਗੁਰੂ ਗ੍ਰੰਥ ਸਾਹਿਬ ਦੇ ਪੜ੍ਹਨੇ ਤੇ ਭੀ ਸਿੱਖਾਂ ਦੀ ਰਾਹੇ ਰਸਮ ਅਤੇ ਕਾਰੋ ਬਿਹਾਰ ਦਾ ਕੋਈ ਕਥਨ ਨਹੀਂ ਮਿਲਦਾ। ਇਸ ਦੇ ਪ੍ਰਤੀਕਰਮ ਵਿੱਚ ਗਿਆਨੀ ਦਿੱਤ ਸਿੰਘ ਜੀ ਨੇ 'ਖ਼ਾਲਸਾ ਅਖ਼ਬਾਰ ਲਾਹੌਰ' ਵਿਚ ਮਿਤੀ 6 ਅਪ੍ਰੈਲ 1900 ਈ. ਨੂੰ ਜੋ ਉੱਤਰ ਦਿੱਤਾ, ਉਹ ਹੂ-ਬ-ਹੂ ਦੇ ਰਹੇ ਹਾਂ-

"ਜਦ ਅਸੀਂ ਹਿੰਦੂਆਂ ਦੇ ਵੇਦਾਂ ਨੂੰ ਭੀ ਦੇਖਦੇ ਹਾਂ ਤਦ ਭੀ ਏਹੋ ਪਾਉਂਦੇ ਹਾਂ ਕਿ ਉਨ੍ਹਾਂ ਵਿਚ ਭੀ ਹਿੰਦੂਆਂ ਦੀ ਰਾਹੋ ਰਸਮ ਦਾ ਕੋਈ ਕਥਨ ਨਹੀਂ ਹੈ, ਕਿੰਤੂ ਵੇਦਾਂ ਦੇ ਮਗਰੋਂ ਮੰਨੂ ਜੈਸੇ ਰਿਖੀਆਂ ਨੇ ਧਰਮ ਸ਼ਾਸਤ੍ਰ ਬਨਾਏ ਜਿੰਨ੍ਹਾਂ ਤੇ ਸਾਰੇ ਕਾਰੋ ਬਿਹਾਰ ਅੱਜ ਚਲ ਰਹੇ ਹਨ... ਸਿੱਖਾਂ ਵਿਚ ਭੀ ਹੁਣ ਏਸੇ ਤਰ੍ਹਾਂ ਧਰਮ ਸ਼ਾਸਤ੍ਰ ਬਨ ਰਹੇ ਹਨ, ਜਿਨ੍ਹਾਂ ਨਾਲ ਇੰਨ੍ਹਾਂ ਦੇ ਸ਼ੁਭ ਬਿਹਾਰ ਹੋਣਗੇ ਤੇ ਮਰਯਾਦਾ ਬਨੇਗੀ... ਇਸੇ ਤਰ੍ਹਾਂ ਸਿੱਖਾਂ ਦੇ ਧਰਮ ਸ਼ਾਸਤਰ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸਦੀਆਂ ਮਗਰੋਂ ਬੰਨਨੇ ਕੋਈ ਅਸੰਭਵ ਨਹੀਂ ਹਨ, ਪ੍ਰੰਤੂ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੇਖਦੇ ਹਾਂ ਤਦ ਉਸ ਵਿਚ ਸਾਰੇ ਸੰਸਕਾਰ ਅਤੇ ਅਚਾਰੇ ਬਿਹਾਰ ਦਾ ਕਥਨ ਹੈ, ਜਿਸਨੂੰ ਖਾਲਸੇ ਨੇ ਜਦੋਂ ਬ੍ਰਾਹਮਣ ਵਾਂਗ ਖੋਲ੍ਹ ਕੇ ਲਿਖਿਆ ਤਦ ਸਾਰਾ ਕਾਰੋ ਬਿਹਾਰ ਦੂਸਰੀਆਂ ਕੌਮਾਂ ਵਾਂਗ ਚਲ ਪਵੇਗਾ।"

SikhBookClub.com

ਇਹ ਉਪਰੋਕਤ ਟੂਕ ਮਾਤਰ ਦੇਣ ਤੋਂ ਭਾਵ ਹੈ ਕਿ ਕਿਸੇ ਸਮੇਂ ਕੌਮੀ ਵਿਦਵਾਨਾਂ ਨੂੰ ਗੁਰਮਤਿ ਮਰਯਾਦਾ ਦੀ ਵਕਾਲਤ ਕਰਦਿਆਂ ਅਨਮਤੀਆਂ ਨੂੰ ਅਜਿਹੇ ਸਵਾਲਾਂ ਦੇ ਉੱਤਰ ਦੇਣੇ ਪਏ। ਇਸ ਅਖ਼ਬਾਰ ਵਿਚ ਅਨੇਕਾਂ ਪਾਠਕਾਂ ਦੇ ਸਵਾਲਾਂ ਦੇ ਜਵਾਬ ਰਹਿਤ ਮਰਯਾਦਾ ਦਾ ਬੀਜ ਰੂਪ ਹਨ। ਇਸ ਲਈ ਗੁਰੂ ਪੰਥ ਨੇ ਆਪਣੀਆਂ ਅਮੀਰ ਪਰੰਪਰਾਵਾਂ ਅਨੁਸਾਰ ਚਲਦੀ ਆ ਰਹੀ ਸੀਨਾ ਬਸੀਨਾ ਮਰਯਾਦਾ ਨੂੰ ਲੰਬੀਆ ਬੈਠਕਾਂ ਤੇ ਗੋਸ਼ਟੀਆਂ ਤੋਂ ਬਾਅਦ ਲਿਖਤੀ ਰੂਪ ਦੇ ਕੇ ਗੁਰਮਤਿ ਅਨੁਸਾਰ ਕੌਮੀ ਸੰਵਿਧਾਨ ਤਿਆਰ ਕੀਤਾ ਜੋ ਫ਼ਖਰਯੋਗ ਹੈ। ਇਸ ਇਤਿਹਾਸਕ ਕਾਰਜ ਦੀ ਸਾਂਭ ਸੰਭਾਲ ਹੋਣੀ ਹੋਰ ਵੀ ਮੁਬਾਰਕ ਕਰਮ ਹੈ।

ਸਿੱਕੇ ਦਾ ਦੂਜਾ ਪਾਸਾ ਦੇਖੀਏ ਤਾਂ ਬੀਤੇ ਸਾਲਾਂ ਤੋਂ ਚਾਰ ਪੰਜ ਲੇਖਕ ਪ੍ਰਚਾਰਕ ਇਸ ਰਹਿਤ ਮਰਯਾਦਾ ਉਪਰ ਹੀ ਕਿੰਤੂ ਪ੍ਰੰਤੂ ਕਰ ਰਹੇ ਹਨ। ਪਹਿਲਾਂ ਇਹੋ ਲੋਕ ਇਸਦੇ ਪ੍ਰਚਾਰਕ ਸਨ ਤੇ ਅੱਜ ਪੰਥ ਵਿਰੋਧੀ ਸ਼ਕਤੀਆਂ ਦੇ ਹੱਥਾਂ 'ਚ ਖਿਡਾਉਣੇ ਬਣ ਕੇ ਇਹ ਭੱਦਰ ਪੁਰਸ਼ ਨਿਤਨੇਮ ਦੀਆਂ ਬਾਣੀਆਂ, ਅੰਮ੍ਰਿਤ ਸੰਚਾਰ ਦੀਆਂ ਬਾਣੀਆਂ, ਖੰਡੇ ਬਾਟੇ ਦਾ ਅੰਮ੍ਰਿਤ, ਪੰਥਕ ਅਰਦਾਸ ਆਦਿ ਉਪਰ ਹੀ ਕੁਤਰਕਾਂ ਕਰਨ ਲੱਗ ਪਏ ਹਨ। ਇਹ ਥੋਥੀਆਂ ਵਿਚਾਰਾਂ, ਮਲੀਨ ਭਾਸ਼ਾ ਤੇ ਖੋਟੀ ਨੀਯਤ ਨਾਲ ਪੰਥਕ ਹੋਣ ਦਾ ਬਾਹਰੀ ਵਿਖਾਵਾ ਵੀ ਕਰਦੇ ਹਨ ਤੇ ਜੜ੍ਹਾਂ ਵੀ ਕੁਤਰ ਰਹੇ ਹਨ। ਇਹ ਵੱਖਰੀ ਗੱਲ ਹੈ ਕਿ ਗੁਰੂ ਪੰਥ ਨੇ ਇਹਨਾਂ ਨੂੰ ਦੁਰਕਾਰ ਦਿੱਤਾ ਹੈ।

ਅਜਿਹੇ ਸਮਕਾਲੀ ਹਲਾਤਾਂ ਵਿਚ ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਦੀ ਇਹ ਇਤਿਹਾਸਕ ਖੋਜ ਸਮੂਹ ਪੰਥ ਪ੍ਰਸਤ ਲੇਖਕਾਂ, ਪ੍ਰਚਾਰਕਾਂ, ਕਥਾਵਾਚਕਾਂ ਤੇ ਖੋਜਾਰਥੀਆਂ ਲਈ ਅਤਿ ਲਾਹੇਵੰਦ ਹੋਵੇਗੀ ਤੇ ਸਦਾ ਲਈ ਇਹ ਹਵਾਲਾ ਪੁਸਤਕ ਰਹੇਗੀ। ਹਰੇਕ ਕੋਮ ਪ੍ਰਸਤ ਨੂੰ ਇਸਦਾ ਸਵਾਗਤ ਕਰਨਾ ਬਣਦਾ ਹੈ।

ਡਾ. ਇੰਦਰਜੀਤ ਸਿੰਘ ਗੋਗੋਆਣੀ
ਖ਼ਾਲਸਾ ਕਾਲਜ ਅੰਮ੍ਰਿਤਸਰ
ਮਿਤੀ : 1 ਮਾਰਚ, 2020

SikhBookClub.com

ਭਾਈ ਪਿੰਦਰਪਾਲ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਗੁਰਮਤਿ ਕਰਨੀ ਪ੍ਰਧਾਨ ਹੈ । ਇਸ ਵਿਚ ਜੋ ਕੁੱਝ ਵੀ ਬੋਲਿਆ ਗਿਆ ਉਸ ਨੂੰ ਆਪਣੀ ਜ਼ਿੰਦਗੀ ਵਿਚ ਪਹਿਲਾਂ ਹੰਢਾਇਆ ਗਿਆ ਹੈ। ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤ੍ਰ ਗੁਰਬਾਣੀ 'ਚ ਨਿਰੋਲ ਅਕਾਲ ਪੁਰਖ ਵਾਹਿਗੁਰੂ ਜੀ ਵਿਚ ਅਭੇਦਤਾ, ਉਸ ਵਿਚ ਜੁੜਨਾ ਹੈ ਉੱਥੇ ਸੰਸਾਰ ਵਿਚ ਵਿਚਰਦਿਆਂ ਹੋਇਆਂ ਸਮਾਜ ਵਿਚ, ਪਰਿਵਾਰ ਵਿਚ, ਵਪਾਰ ਵਿਚ, ਧਰਮ ਦੇ ਖੇਤਰ ਵਿਚ ਵਿਚਰਦਿਆਂ ਮਨੁੱਖ ਦਾ ਕਿਹੋ ਜਿਹਾ ਕਿਰਦਾਰ ਜੀਵਨ ਹੋਣਾ ਚਾਹੀਦੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਗੁਰਬਾਣੀ ਨੇ ਉਸ ਦੀ ਵੀ ਹਰ ਪੱਖ ਤੋਂ ਅਗਵਾਈ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਬਾਣੀ ਵਿਚ ਗੁਰੂ ਸਾਹਿਬਾਨ, ਭਗਤ ਸਾਹਿਬਾਨ, ਭੱਟ ਸਾਹਿਬਾਨ ਉਹਨਾਂ ਨੇ ਜਿੱਥੇ ਪਰਮੇਸ਼ਵਰ ਪ੍ਰੇਮ ਦੀ ਨਾਮ ਸਿਮਰਨ ਦੀ ਭਜਨ ਬੰਦਗੀ ਦੀ ਬਾਤ ਕੀਤੀ ਉੱਥੇ ਉਸ ਵਕਤ ਦੀ ਜਿਹੜੀ ਗਿਰਾਵਟ ਸੀ ਉਸਦਾ ਜ਼ਿਕਰ ਵੀ ਆਪਣੀ ਰਚਨਾ ਵਿਚ ਆਪਣੀ ਬਾਣੀ ਵਿਚ ਕੀਤਾ। ਹੁਣ ਸਾਡੇ ਕੋਲ ਸਭ ਤੋਂ ਪਹਿਲਾ ਸ੍ਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਦਸਮੇਸ਼ ਪਿਤਾ ਸਤਿਗੁਰੂ ਜੀ ਦੀ ਬਾਣੀ, ਉਸ ਤੋਂ ਇਲਾਵਾ ਸਾਡੇ ਕੋਲ ਸਾਖੀਆਂ ਨੇ, ਸਾਡੇ ਕੋਲ ਕਾਵਿਕ ਇਤਿਹਾਸਕ ਗ੍ਰੰਥ ਨੇ, ਬਿਲਾਸ ਨੇ, ਪ੍ਰਕਾਸ਼ ਨੇ। ਉਸ ਤੋਂ ਇਲਾਵਾ ਸਾਡੇ ਕੋਲ ਰਹਿਤਨਾਮੇ ਨੇ। ਪਿਛਲੇ ਕਾਫ਼ੀ ਸਮੇਂ, ਪਿਛਲੀ ਸਦੀ ਵਿਚ ਵਿਦਵਾਨ ਪੁਰਸ਼ਾਂ ਨੇ, ਵੱਖ ਵੱਖ ਜਥੇਬੰਦੀਆਂ ਨਾਲ ਸੰਬੰਧਿਤ ਸੱਜਣਾਂ ਨੇ ਕਾਫ਼ੀ ਲੰਮਾ ਸਮਾਂ ਮੰਥਨ ਕਰ ਕੇ ਸਿੱਖ ਰਹਿਤ ਮਰਯਾਦਾ ਤਿਆਰ ਕੀਤੀ। ਇਉਂ ਕਹਿ ਸਕਦੇ ਹਾਂ ਕਿ ਇਹ ਮਰਯਾਦਾ ਨਿਚੋੜ ਹੈ ਗੁਰਮਤਿ ਦੇ ਇਤਿਹਾਸਕ ਗ੍ਰੰਥਾਂ ਦਾ, ਰਹਿਤਨਾਮਿਆਂ ਦਾ, ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸਮੇਸ਼ ਜੀ ਦੀ ਪਵਿਤ੍ਰ ਬਾਣੀ ਦਾ ਕਿ ਇਕ ਸਿੱਖ ਨੇ ਆਪਣੀ ਜਿੰਦਗੀ ਕਿਸ ਢੰਗ ਨਾਲ ਜੀਣੀ ਹੈ, ਜਨਮ ਤੋਂ ਲੈ ਕੇ ਮਰਨ ਤਕ ਜੋ ਵੀ ਜਿੰਦਗੀ ਵਿਚ ਉਸ ਨੇ ਕਰਮ ਕਰਨੇ ਨੇ ਉਹ ਗੁਰਮਤਿ ਅਨੁਸਾਰ ਕੈਸੇ ਹੋਣ। ਇਸ 'ਤੇ ਕਾਫੀ ਮਿਹਨਤ ਹੋਈ। ਸਨਮਾਨ ਯੋਗ ਸਾਡੇ ਅਤੀ ਸਤਿਕਾਰਯੋਗ ਵੱਡੇ ਵੀਰ ਸਰਦਾਰ ਗੁਰਚਰਨਜੀਤ ਸਿੰਘ ਜੀ ਲਾਂਬਾ ਜਿਹਨਾਂ ਨੇ ਤਕਰੀਬਨ ਵੀਹ ਸਾਲ ਪਹਿਲਾਂ ਇਸ ਦੀ ਪੜਚੋਲ, ਇਸ ਦੀ ਖੋਜ, ਇਸ ਦੀ ਵੀਚਾਰ ਸ਼ੁਰੂ ਕੀਤੀ, ਉਹਨਾਂ ਨੇ ਗੁਰੂ ਕਿਰਪਾ ਨਾਲ ਕਾਫ਼ੀ ਮਿਹਨਤ ਕਰਕੇ ਇਕ ਤਾਂ ਜਿਤਨੀਆਂ ਵੀ ਮੀਟਿੰਗਾਂ ਹੋਈਆਂ, ਉਸ ਵਿਚ ਜਿੰਨੇ ਵੀ ਮੁੱਦੇ ਆਏ, ਕਿਹੜੀ ਕਿਹੜੀ ਪਹਿਲੀ ਮਰਯਾਦਾ ਵਿਚ ਦਰਜ ਸੀ, ਕਿਹੜਾ ਕਿਹੜਾ ਬਾਅਦ ਵਿਚ ਤਬਦੀਲ ਕੀਤਾ ਗਿਆ, ਕਿਵੇਂ ਤਬਦੀਲ ਕੀਤਾ ਗਿਆ, ਕਿਹੜੇ ਲੋਕ ਸਨ ਜਿਹਨਾਂ ਨੇ ਉਸ ਮੀਟਿੰਗ ਵਿਚ ਆਪਣੀ ਆਪਣੀ ਰਾਇ

SikhBookClub.com

ਦਿੱਤੀ, ਕਾਫੀ ਪੁਰਾਤਨ ਖੋਜ ਕਰਕੇ ਲਾਂਬਾ ਸਾਹਿਬ ਜੀ ਨੇ ਸਿੱਖ ਕੌਮ ਦੀ ਸਿੱਖ ਪੰਥ ਦੀ ਝੋਲੀ ਵਿਚ ਰਹਿਤ ਮਰਯਾਦਾ ਦੀ ਵਿਆਖਿਆ ਦੀ ਇਹ ਕਿਤਾਬ ਪਾਈ ਹੈ। ਠੀਕ ਹੈ ਸਾਡੇ ਵਿਚਾਰਧਾਰਕ ਮਤਭੇਦ ਹੋ ਸਕਦੇ ਹਨ ਪਰ ਫ਼ਿਰ ਵੀ ਕੋਈ ਚੀਜ਼ ਅਸੰਭਵ ਨਹੀਂ, ਕੋਈ ਇਹੋ ਜਿਹਾ ਸਮਾਂ, ਇਹੋ ਜਿਹੀ ਸਟੇਜ ਆ ਜਾਂਦੀ ਹੈ ਕਿ ਜਿੱਥੇ ਆਪਸੀ ਮਤਭੇਦ ਭੁਲਾ ਕੇ *'ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥'* ਦੇ ਮਹਾਵਾਕ ਅਨੁਸਾਰ ਉਸ ਨੂੰ ਪੜਚੋਲਿਆ ਤੇ ਮੰਥਨ ਕੀਤਾ ਜਾ ਸਕਦਾ ਹੈ। ਦਾਸ ਦੀ ਸਮੁੱਚੀ ਸਿੱਖ ਕੌਮ ਨੂੰ ਔਰ ਖਾਸ ਕਰਕੇ ਸਿੱਖ ਵਿਦਵਾਨਾਂ ਨੂੰ ਇਹ ਬੇਨਤੀ ਹੈ ਕਿ ਇਸ ਪੁਸਤਕ ਨੂੰ ਜ਼ਰੂਰ ਪੜ੍ਹੋ ਕਿਉਂਕਿ ਇਸ ਪੁਸਤਕ ਵਿਚ ਰਹਿਤ ਮਰਯਾਦਾ ਨੇ ਨਾਲ ਨਾਲ ਰਹਿਤ ਮਰਯਾਦਾ ਦੀਆਂ ਮੱਦਾਂ ਦੇ ਨਾਲ ਨਾਲ ਜਿਹੜੇ ਪੁਰਾਤਨ ਸਾਡੇ ਇਤਿਹਾਸਕ ਸ੍ਰੋਤ ਨੇ ਉਹਨਾਂ ਨੂੰ ਵੀ ਆਧਾਰ ਬਣਾ ਕੇ ਉਹਨਾਂ ਦੇ ਪ੍ਰਮਾਣ ਦਿੱਤੇ ਗਏ ਨੇ ਤਾਂ ਜੋ ਕਿਸੇ ਦੇ ਮਨ ਵਿਚ ਇਹ ਸ਼ੰਕਾ ਨਾ ਰਹੇ ਕਿ ਜੋ ਮਰਯਾਦਾ ਵਿਚ ਲਿਖਿਆ ਹੈ ਇਹ ਸਾਨੂੰ ਸਮਝ ਨਹੀਂ ਪੈਂਦਾ, ਇਸਦਾ ਸ੍ਰੋਤ ਕੀ ਹੈ। ਸੋ ਦਾਸ ਦੀ ਬੇਨਤੀ ਹੈ ਕਿ ਲਾਂਬਾ ਸਾਹਿਬ ਨੂੰ ਸਤਿਗੁਰੂ ਚੜ੍ਹਦੀ ਕਲਾ, ਦੀਰਘ ਆਯੂ ਬਖਸ਼ਣ ਤਾਂ ਜੋ ਉਹ ਪੰਥ ਦੀ ਸੇਵਾ ਸ਼ਰਧਾ, ਭਾਵਨਾ, ਕੌਮੀ ਦਰਦ ਨੂੰ ਰੱਖ ਕੇ ਕਰਦੇ ਰਹਿਣ।

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

- ਪਿੰਦਰਪਾਲ ਸਿੰਘ (ਗਿਆਨੀ)

SikhBookClub.com

1961 ਵਿਚ ਪੰਥਕ ਮਾਸਿਕ ਸੰਤ ਸਿਪਾਹੀ ਦੇ ਉਸ ਵੇਲੇ ਦੇ ਸੰਪਾਦਕ ਸਰਦਾਰ ਮਨਜੀਤ ਸਿੰਘ ਜੀ ਨੇ ਸੰਤ ਸਿਪਾਹੀ ਵਿਚ ਲੜੀਵਾਰ ਸਿੱਖ ਰਹਿਤ ਮਰਯਾਦਾ ਕਿਸ਼ਤਵਾਰ ਛਾਪੀ ਸੀ। ਇਸ ਦੀ ਸੰਖੇਪ ਜਾਣ ਪਛਾਣ ਵਿਚ ਉਹਨਾਂ ਨੇ ਬਹੁਤ ਹੀ ਮਹੱਤਵਪੂਰਣ ਵਿਚਾਰ ਅੰਕਤ ਕੀਤੇ ਹਨ:

ਸਿੱਖ ਰਹਿਤ ਮਰਯਾਦਾ

ਸਾਨੂੰ ਸਿਖੀ ਰਹਿਤ ਬਹਿਤ ਸੰਬੰਧੀ ਕਾਫ਼ੀ ਸੁਆਲ ਪੁਛੇ ਜਾਂਦੇ ਹਨ ਤੇ ਜਵਾਬ ਵਿਚ ਅਸੀਂ ਬਹੁਤ ਵਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਛਪੀ 'ਸਿਖ ਰਹਿਤ ਮਰਯਾਦਾ' ਦਾ ਹਵਾਲਾ ਦੇਂਦੇ ਹਾਂ। ਬਹੁਤੇ ਸਜਣ ਸਾਡੇ ਜਵਾਬਾਂ ਨਾਲ ਸੰਤੁਸ਼ਟ ਹੁੰਦੇ ਹਨ ਤੇ ਪ੍ਰਸੰਸਾ ਵਜੋਂ ਪ੍ਰਸੰਨਤਾ ਦੀਆਂ ਚਿਠੀਆਂ ਵੀ ਲਿਖ ਭੇਜਦੇ ਹਨ ਪਰ ਕਈ ਸਜਣ ਸੰਤੁਸ਼ਟ ਨਹੀਂ ਹੁੰਦੇ। ਉਹ 'ਸਿਖ ਰਹਿਤ ਮਰਯਾਦਾ' ਪੁਸਤਕ ਨੂੰ ਵੀ ਪ੍ਰਮਾਣੀਕ ਨਹੀਂ ਮੰਨਦੇ।

ਸਾਡੀ ਬਿਨੈ ਹੈ ਕਿ ਐਸਾ ਨਹੀਂ ਕਰਨਾ ਚਾਹੀਦਾ। ਇਕ ਸਜਣ ਦੇ ਫੈਸਲੇ ਨਾਲੋਂ ਪੰਥ ਦਾ ਫੈਸਲਾ ਉਤਮ ਮੰਨਣਾ ਚਾਹੀਦਾ ਹੈ ਤਾਂ ਹੀ ਪੰਥ ਦੀ ਤਨਜ਼ੀਮ (ਜਥੇਬੰਦੀ) ਕਾਇਮ ਰਹਿ ਸਕਦੀ ਹੈ। ਰਹਿਤ ਮਰਯਾਦਾ ਤਾਂ ਹੁੰਦੀ ਹੈ ਤਨਜ਼ੀਮ ਨੂੰ ਕਾਇਮ ਰਖਣ ਲਈ। ਜੇ ਰਹਿਤ ਮਰਯਾਦਾ ਵਿਚ ਅਨੇਕਤਾ ਟਿਕੀ ਰਹੇ ਤੇ ਵਧਦੀ ਜਾਏ ਤਾਂ ਉਹ ਏਕਤਾ ਨੂੰ ਭੰਗ ਕਰ ਦਏਗੀ ਤੇ ਤਨਜ਼ੀਮ ਨੂੰ ਉਖੇੜ ਲਾ ਦਏਗੀ। ਇਸ ਲਈ ਜੇ ਕਿਧਰੇ ਰਹਿਤ ਮਰਯਾਦਾ ਵਿਚ ਦੋ ਸੰਮਤੀਆਂ ਹੋ ਜਾਣ ਜਾਂ ਮੱਤ-ਭੇਦ ਨਜ਼ਰ ਆਵੇ ਤਾਂ ਕਿਸੇ ਨੂੰ ਤਾਂ ਪ੍ਰਮਾਣੀਕ ਮੰਨ ਕੇ ਇਕ ਸੰਮਤੀ ਕਰਨੀ ਚਾਹੀਦੀ ਹੈ ਤੇ ਮੱਤ-ਭੇਦ ਮਿਟਾਇਆ ਜਾਣਾ ਚਾਹੀਦਾ ਹੈ। ਸਾਡੀ ਸੁਨਿਮਰ ਬਿਨਤੀ ਹੈ ਕਿ ਸ਼੍ਰੋਮਣੀ ਕਮੇਟੀ ਦੀ ਸਮਾਧਾਨ ਕੀਤੀ ਤੇ ਛਪਵਾਈ ਗਈ ਪੁਸਤਕ 'ਸਿਖ ਰਹਿਤ ਮਰਯਾਦਾ' ਨੂੰ ਹੀ ਪ੍ਰਮਾਣੀਕ ਮੰਨਣਾ ਚਾਹੀਦਾ ਹੈ। ਇਹ ਮਰਯਾਦਾ ਕਿਸੇ ਇਕ ਸਜਣ ਨੇ ਘਰ ਬੈਠ ਕੇ ਨਹੀਂ ਲਿਖ ਦਿਤੀ ਸਗੋਂ ਪੰਥ ਦੇ ਸਿਰਕੱਢ ਖੋਜੀਆਂ ਵਿਦਵਾਨਾਂ, ਮਹਾਤਮਾਵਾਂ ਤੇ ਜਾਣਕਾਰਾਂ ਨੇ, ਕਈ ਵਰਸ਼ਾਂ ਦੀ ਖੋਜ, ਵਿਚਾਰ-ਵਿਮੱਰਸ਼ ਅਤੇ ਰਹਿਤ ਮਰਯਾਦਾ ਸੰਬੰਧੀ ਸਭ ਪੁਰਾਤਨ ਪੁਸਤਕਾਂ, ਰਹਿਤਨਾਮੇ ਆਦਿ ਵਾਚ ਵਿਚਾਰ ਕੇ, ਪੰਥ ਦੇ ਸਾਹਮਣੇ ਖਰੜੇ ਦੇ ਰੂਪ ਵਿਚ ਪੇਸ਼ ਕੀਤੀ। ਇਸ ਖਰੜੇ ਨੂੰ ਛਾਪਿਆ ਗਿਆ ਤੇ ਪੰਥ ਪਾਸੋਂ ਰਾਵਾਂ ਮੰਗੀਆਂ ਗਈਆਂ। ਅਨੇਕਾਂ ਸਜਣਾਂ ਤੇ ਜਥਿਆਂ ਵਲੋਂ ਰਾਵਾਂ ਪੁਜੀਆਂ ਜਿਨ੍ਹਾਂ ਉਤੇ ਮੁੜ ਵਿਚਾਰ ਕਰਕੇ ਯੋਗ ਰਾਵਾਂ ਨੂੰ ਥਾਂ ਦਿਤੀ ਗਈ। ਫਿਰ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਹੁ-ਰੀਤ ਕਮੇਟੀ, ਸਰਬ ਹਿੰਦ ਸਿਖ ਮਿਸ਼ਨ ਬੋਰਡ, ਧਾਰਮਿਕ ਸਲਾਹਕਾਰ ਕਮੇਟੀ ਦੇ ਵਿਚਾਰ ਗੋਚਰੇ ਹੋ ਕੇ ਪਾਸ ਹੋਈ ਤੇ ਸ਼੍ਰੋਮਣੀ ਕਮੇਟੀ ਨੇ ਅੰਤਮ ਰੂਪ ਵਿਚ ਇਸ ਨੂੰ ੧੯੪੫ ਵਿਚ ਪਾਸ ਕਰ ਕੇ ਛਪਵਾਇਆ। ਇਸ ਪੁਸਤਕ ਵਿਚ, ੧੯੩੧ ਤੋਂ ਲਗ ਕੇ ੧੯੪੫ ਤਕ, ਇਸ ਸ਼ੁਭ ਕੰਮ ਸੰਬੰਧੀ ਜੋ ਜੋ ਇਕਤ੍ਰਤਾਵਾਂ ਤੇ ਵਿਚਾਰਾਂ ਹੋਈਆਂ, ਰਪੋਟਾਂ ਪੇਸ਼ ਹੋਈਆਂ, ਰਾਵਾਂ ਭੇਜਣ ਵਾਲੇ ਮਹਾਂ ਪੁਰਸ਼ਾਂ ਤੇ ਜਥਿਆਂ ਦੇ ਨਾਮ, ਰਹੁ-ਰੀਤ ਸਬ ਕਮੇਟੀ, ਧਾਰਮਕ ਸਲਾਹਕਾਰ ਕਮੇਟੀ ਦੇ ਮੈਂਬਰਾਂ ਦੇ ਨਾਮ, ਕਮੇਟੀਆਂ ਵਿਚੋਂ ਪਾਸ ਹੋਣ ਦੀਆਂ ਤਰੀਕਾਂ ਆਦਿ, ਮੁਢ ਵਿਚ ਛਾਪ ਦਿਤੀਆਂ ਗਈਆਂ ਤਾਂ ਜੁ ਪਾਠਕਾਂ ਨੂੰ ਪਤਾ ਲਗ ਸਕੇ ਕਿ ਇਸ ਵਿਸ਼ੇ ਸੰਬੰਧੀ ਕਿਤਨੇ ਵਿਦਵਾਨਾਂ ਤੇ ਮਹਾਂ ਪੁਰਸ਼ਾਂ ਨੇ ਕਿਤਨੀ ਡੂੰਘੀ, ਲੰਮੀ ਤੇ ਦੀਰਘ ਵਿਚਾਰ ਕੀਤੀ ਤਾਂ ਜਾ ਕੇ ਇਸ "ਸਿਖ-ਰਹਿਤ ਮਰਯਾਦਾ" ਨੂੰ ਪਾਸ ਹੋਣ ਤੇ ਛਪਣ ਯੋਗ ਸਮਝਿਆ ਗਿਆ। ਤਾਂਤੇ ਇਸ ਨੂੰ ਪੰਥ-ਪ੍ਰਵਾਣਿਤ ਤੇ ਪੰਥ-ਪ੍ਰਮਾਣੀਕ ਕਹਿਣ ਸਮਝਣ ਵਿਚ ਕੋਈ ਸੰਕੋਚ ਨਹੀਂ ਹੋਣਾ ਚਾਹੀਦਾ, ਸਗੋਂ ਇਹ ਕਹਿਣਾ ਤੇ ਸਮਝਣਾ ਪੂਰੀ ਤਰ੍ਹਾਂ ਯੋਗ ਤੇ ਹੱਕੀ ਹੈ।

ਸੰਤ ਸਿਪਾਹੀ ਦੇ ਪਾਠਕਾਂ ਦੀ ਅਗਵਾਈ ਤੇ ਸੋਖ ਲਈ ਹੇਠਾਂ ਅਸੀਂ ਇਸ "ਸਿਖ-ਰਹਿਤ-ਮਰਯਾਦਾ" ਨੂੰ ਕਿਸ਼ਤਵਾਰ ਭੇਟਾ ਕਰ ਰਹੇ ਹਾਂ। (ਐਡੀਟਰ)

SikhBookClub.com

ਪਾਠਕਾਂ ਦੇ ਵਿਚਾਰਨ ਹਿੱਤ

ਧਰਮ ਮਾਨੋ ਸੰਸਾਰ ਰੂਪੀ ਖੇਤ ਵਿੱਚ ਬੀਜ ਦੀ ਨਿਆਈ ਹੈ ਅਤੇ ਰਹਿਤ ਮਰਯਾਦਾ ਮਾਨੋ ਸੁਹਾਗੇ ਦੀ ਨਿਆਈ ਹੈ ਤਾਂ ਕਿ ਸੰਸਾਰਿਕ ਬ੍ਰਿਤੀਆਂ ਰੂਪੀ ਕਾਂ, ਧਰਮ ਰੂਪੀ ਬੀਜ ਨੂੰ ਚੁਗ ਨਾ ਲੈਣ। ਜੇ ਧਰਮ ਨੂੰ ਸੰਸਾਰਿਕ ਬ੍ਰਿਤੀਆਂ ਰੂਪੀ ਬੀਮਾਰੀ ਦੀ ਦਵਾ ਸਮਝ ਲਿਆ ਜਾਵੇ ਤਾਂ ਰਹਿਤ ਮਰਯਾਦਾ, ਪਰਹੇਜ਼ ਦੀ ਤਰ੍ਹਾਂ ਹੈ, ਜਿਵੇਂ ਦਵਾਈ, ਬੀਮਾਰੀ 'ਤੇ ਤਾਂ ਹੀ ਅਸਰਦਾਇਕ ਹੁੰਦੀ ਹੈ, ਜੇ ਮਰੀਜ਼ ਪਰਹੇਜ਼ ਵੀ ਰੱਖੇ। ਇਸੇ ਤਰ੍ਹਾਂ ਮਨੁੱਖ ਦਾ ਧਰਮ ਤਾਂ ਹੀ ਸੁਰੱਖਿਅਤ ਜਾਂ ਮਨੁੱਖ 'ਤੇ ਅਸਰ ਰੱਖ ਸਕਦਾ ਹੈ, ਜੇ ਉਹ ਮਨੁੱਖ ਰਹਿਤ ਮਰਯਾਦਾ ਰੂਪੀ ਪਰਹੇਜ਼ ਰੱਖੇਗਾ।

ਬਾਬਾ ਫਰੀਦ ਜੀ ਦੀ ਬਾਣੀ ਜਿੱਥੇ ਅੱਲ੍ਹਾ ਦੀ ਭਗਤੀ ਨੂੰ ਉੱਤਮ ਮੰਨਦੀ ਹੈ, ਉਸ ਮਨੁੱਖ ਦੇ ਦੁਨਿਆਵੀ ਕਾਰ ਵਿਹਾਰ ਭਾਵ ਮਰਯਾਦਾ ਨੂੰ ਵੀ ਉੱਤਮ ਰੱਖਣ ਦਾ ਉਪਦੇਸ਼ ਦਿੰਦੀ ਹੈ। ਦੋਵਾਂ ਵਿੱਚੋਂ ਕੇਵਲ ਇਕ ਆਪਣੇ ਆਪ ਵਿੱਚ ਸੰਪੂਰਨ ਨਹੀਂ ਹੋ ਸਕਦਾ।

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਨੂੰ ਸਾਜ ਕੇ ਜੋ ਮਰਯਾਦਾ ਸਮਝਾਈ, ਉਹ ਵੱਖ ਵੱਖ ਸਮਕਾਲੀ ਸਿੱਖਾਂ ਨੇ ਵੱਖ ਵੱਖ ਰਹਿਤਨਾਮਿਆਂ ਦੇ ਰੂਪ ਵਿੱਚ ਸਾਂਭੀ। ਪੰਥ ਦੀਆਂ ਵੱਖ ਵੱਖ ਸੰਪਰਦਾਵਾਂ ਨੇ ਉਸ ਮਰਯਾਦਾ ਨੂੰ ਅਮਲੀ ਜੀਵਨ ਵਿੱਚ ਜਿਉਣ ਦੀ ਜਾਚ ਆਉਣ ਵਾਲ਼ੀਆਂ ਪੀੜ੍ਹੀਆਂ ਨੂੰ ਸਿਖਾਈ।

ਸਮੇਂ ਦੇ ਚੱਲਦੇ ਵੱਖ ਵੱਖ ਸੰਪਰਦਾਵਾਂ ਵਿੱਚ ਮਰਯਾਦਾ ਦੇ ਚੱਲਣ ਵਿੱਚ ਥੋੜ੍ਹਾ ਥੋੜ੍ਹਾ ਫ਼ਰਕ ਮਹਿਸੂਸ ਕੀਤਾ ਗਿਆ। ਅਤੇ ਜਦੋਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਹੋਂਦ ਵਿੱਚ ਆਈ ਅਤੇ ਸਮੂਹਿਕ ਇਤਿਹਾਸਕ ਗੁਰਦੁਆਰਾ ਸਾਹਿਬ ਇਸ ਦੇ ਅਧਿਕਾਰ ਖੇਤਰ ਵਿੱਚ ਆਏ ਤਾਂ ਇਨ੍ਹਾਂ ਗੁਰਦੁਆਰਾ ਸਾਹਿਬਾਨਾਂ ਵਿੱਚ ਇਕ ਮਰਯਾਦਾ ਦੀ ਲੋੜ ਮਹਿਸੂਸ ਕੀਤੀ ਗਈ। ਸਭ ਵੱਖ ਵੱਖ ਸੰਪਰਦਾਵਾਂ ਦੇ ਮਹਾਂਪੁਰਸ਼ਾਂ ਨੇ ਇਕੱਠੇ ਹੋ ਕੇ ਆਪਣੀਆਂ ਆਪਣੀਆਂ ਕੁੱਝ ਕੁੱਝ ਭਿੰਨ ਮਰਯਾਦਾਵਾਂ ਅਤੇ ਰੀਤਾਂ ਹੋਣ ਦੇ ਬਾਵਜੂਦ ਆਪਣੀ ਪੰਥਕ ਜ਼ੁੰਮੇਵਾਰੀ ਨਿਭਾਈ ਅਤੇ ਕਾਫ਼ੀ ਵਿਚਾਰ-ਵਟਾਂਦਰੇ ਅਤੇ ਇਕਤ੍ਰਤਾਵਾਂ ਤੋਂ ਪਿੱਛੋਂ ਪੰਥ ਲਈ ਇਕ ਪੰਥ ਪ੍ਰਵਾਨਤ ਮਰਯਾਦਾ ਦਾ ਖਰੜਾ ਤਿਆਰ ਕਰਕੇ ਗੁਰੂ ਪੰਥ ਨੂੰ ਦਿੱਤਾ।

ਜਿਵੇਂ ਬਾਣੀ ਦੇ ਹਰ ਸ਼ਬਦ ਦੇ ਅਰਥ ਦਸਵੇਂ ਪਾਤਸ਼ਾਹ ਨੇ ਸਿੱਖਾਂ ਨੂੰ ਪੜ੍ਹਾਏ, ਉਸੇ ਤਰ੍ਹਾਂ ਮਰਯਾਦਾ ਦੇ ਹਰ ਲਫ਼ਜ਼ ਦੇ ਦੁਨਿਆਵੀ ਜ਼ਿੰਦਗੀ ਵਿੱਚਲੇ ਡੂੰਘੇ ਰਹੱਸ ਅਤੇ ਅਸਰਾਂ ਨੂੰ ਸਮਝਣ ਅਤੇ ਪੜ੍ਹਨ ਦੀ ਲੋੜ ਹੈ।

ਸਿੱਖੀ ਹਰਿਮੰਦਰ ਸਾਹਿਬ ਤੋਂ ਸ਼ੁਰੂ ਹੋ ਕੇ ਅਕਾਲ ਤਖ਼ਤ ਤੋਂ ਲੰਘਦੀ ਹੋਈ ਰਹਿਤ ਮਰਯਾਦਾ 'ਤੇ ਸੰਪੂਰਨ ਹੁੰਦੀ ਹੈ, ਇਹੋ ਹੀ ਗੁਰਮਤ ਹੈ। ਅੱਜ ਪੰਥ ਵਿੱਚ ਗੁਰਮਤਿ ਪ੍ਰਤੀ ਸ਼ੰਕੇ ਖੜੇ ਕਰਨ ਹਿੱਤ, ਰਹਿਤ ਮਰਯਾਦਾ ਤੇ ਸ਼ੰਕਿਆਂ ਨੂੰ ਖੜੇ ਕਰ ਕੇ ਸ਼ੁਰੂਆਤ ਕੀਤੀ ਜਾ ਰਹੀ ਹੈ। ਇਨ੍ਹਾਂ ਸ਼ੰਕਿਆਂ ਨੂੰ ਸਿੱਕੇਬੰਦ ਢੰਗ ਨਾਲ ਜਵਾਬ ਦੇਣ ਲਈ ਅਤੇ ਇਸ ਦੇ ਲਫ਼ਜ਼ਾਂ ਦੇ ਰਹੱਸ ਅਤੇ ਅਸਰ ਨੂੰ ਸਮਝਣ ਹਿੱਤ ਸਰਦਾਰ ਗੁਰਚਰਨਜੀਤ ਸਿੰਘ ਲਾਂਬਾ ਸਾਹਿਬ ਦਾ ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ ਉਪਰਾਲਾ ਸਿੱਖੀ ਦੀ ਰਹਿਤ ਮਰਯਾਦਾ ਰੂਪੀ ਵਾੜ ਨੂੰ ਚਿਰਾਂ ਤੱਕ ਸਾਂਭਣ ਵਿੱਚ ਖਾਲਸਾ ਪੰਥ ਦਾ ਧਰਮ ਸ਼ਾਸਤਰ ਹੋ ਨਿਬੜੇਗਾ। ਵਾਹਿਗੁਰੂ ਜੀ ਦੀ ਬਖਸ਼ਿਸ਼ ਇਸੇ ਤਰਾਂ ਲਾਂਬਾ ਸਾਹਿਬ 'ਤੇ ਬਣੀ ਰਹੇ ਅਤੇ ਉਹ ਪੰਥ ਦੀ ਸੇਵਾ ਕਰਦੇ ਰਹਿਣ।



- ਬਲਜਿੰਦਰ ਸਿੰਘ (ਡਾਕਟਰ)
(ਸੰਤ ਸਿਪਾਹੀ)

SikhBookClub.com

ਭੂਮਿਕਾ ਅਤੇ ਇਤਿਹਾਸ

SikhBookClub.com

ਕਿਉਂ ਪਈ ਲੋੜ ਇਸ ਕਿਤਾਬ ਦੀ?

ਇਹ ਸੰਸਾਰ ਇਕ ਸੁਹਾਵਣਾ ਬਾਗ ਹੈ ਅਤੇ ਇਸ ਦਾ ਮਾਲੀ ਮੇਰਾ ਸਤਿਗੁਰੂ ਸੱਚਾ ਆਪ ਹੈ। ਹਜ਼ੂਰ ਦਾ ਪਾਵਨ ਹੁਕਮ ਹੈ *ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ ॥ ਸਦਾ ਸਮਾਲੇ ਕੋ ਨਾਹੀ ਖਾਲੀ ॥ ਮਾਝ ਮ. ੩ ਅੰਗ ੧੧੮ ॥* ਇਸ ਰਹੱਸਵਾਦੀ ਰਮਜ਼ ਵਿਚ ਤਿੰਨ ਚੀਜ਼ਾਂ ਹਨ। ਇਕ ਹੈ ਸੰਸਾਰ, ਦੂਜਾ ਇਕ ਗੁਲਦਸਤਾ ਅਤੇ ਤੀਜਾ ਇਸ ਗੁਲਦਸਤੇ ਵਿਚ ਸਜੇ ਹੋਏ ਫੁੱਲ। ਜੇਕਰ ਇਸ ਰਮਜ਼ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਇਸ ਨੂੰ ਇਸ ਤਰ੍ਹਾਂ ਵੀ ਵੇਖਿਆ ਜਾ ਸਕਦਾ ਹੈ ਕਿ ਇਹ ਸਾਰਾ ਜਗਤ ਉਸ ਕਰਤੇ ਦਾ ਸਾਜਿਆ ਹੋਇਆ ਇਕ ਬਾਗ ਹੈ। ਇਸ ਬਾਗ ਵਿਚੋਂ ਚੋਣਵੇਂ ਸੋਹਣੇ ਫੁੱਲ ਲੈ ਮਾਲੀ ਸਤਿਗੁਰੂ ਜੀ ਨੇ ਪੰਥ ਰੂਪੀ ਇਕ ਗੁਲਦਸਤਾ ਸਜਾਇਆ ਹੈ। ਹਰ ਗੁਰਸਿੱਖ ਇਸ ਗੁਲਦਸਤੇ ਵਿਚ ਸਜਿਆ ਹੋਇਆ ਇਕ ਫੁੱਲ ਹੈ। ਪਰ ਆਮ ਦੁਨਿਆਵੀ ਫੁੱਲਾਂ ਦੀ ਤਰ੍ਹਾਂ ਇਹ ਫੁੱਲ ਕਦੇ ਮੁਰਝਾਂਦੇ ਨਹੀਂ। ਇਹ ਨਿਰਜੁਰ ਨਿਰੂਪ ਅਤੇ ਸੁੰਦਰ ਸਰੂਪ ਨਿਤ ਨਵੇਂ ਹਨ। ਹੁਣ ਬਾਗ, ਗੁਲਦਸਤਾ ਅਤੇ ਫੁੱਲ ਇਹਨਾਂ ਤਿੰਨਾਂ ਦੀ ਆਪਣੀ ਹੋਂਦ ਅਤੇ ਵਿਸ਼ੇਸ਼ਤਾ ਹੈ। ਜਿਤਨੀ ਦੇਰ ਤਕ ਪੰਥਕ ਗੁਲਦਸਤੇ ਦੇ ਇਹ ਫੁੱਲ ਇਸ ਵਿਚ ਸਜੇ ਰਹਿਣਗੇ ਇਹਨਾਂ ਵਿਚੋਂ ਖੁਸ਼ਬੂ ਵੀ ਪਸਰੇਗੀ ਅਤੇ ਸੁਹੱਪਣ ਵੀ।

ਗੁਰੂ ਕਾਲ ਤੋਂ ਲੈ ਕੇ ਹੁਣ ਤਕ ਹਰ ਫੁੱਲ ਰੂਪੀ ਗੁਰਸਿੱਖ ਨੇ ਗੁਰੂ ਅਤੇ ਵਾਹਿਗੁਰੂ ਵਿਚ ਫ਼ਰਕ ਨਹੀਂ ਸਮਝਿਆ। 'ਗੁਰਬਰ ਅਕਾਲ' ਜਾਂ ਗੁਰੂ ਬਰਾਬਰ ਹੈ ਅਕਾਲ ਦੇ ਮਹਾਂਵਾਕ ਮੁਤਾਬਕ ਗੁਰੂ ਨੂੰ ਹਮੇਸ਼ਾਂ ਵਾਹਿਗੁਰੂ ਦਾ ਸਰਗੁਣ ਸਰੂਪ ਕਰ ਕੇ ਹੀ ਜਾਣਿਆ। ਇਸ ਅਨੁਸਾਰ ਹੀ ਗੁਰੂ, ਪੰਥ ਅਤੇ ਸਿੱਖ ਦੀ ਜੀਵਨ ਜਾਚ ਸਿੱਖ ਰਹਿਤ ਮਰਯਾਦਾ ਵਿਚ ਬੰਨ੍ਹੀ ਹੋਈ ਹੈ।

ਪਰ ਹੁਣ ਕੁੱਝ ਸਮੇਂ ਤੋਂ ਜਾਣੇ-ਅਣਜਾਣੇ ਨਾਸਤਿਕਤਾ ਦੀ ਹਵਾ ਦੇ ਝੋਂਕੇ ਵਿਚ ਕੁੱਝ ਫੁੱਲ ਇਸ ਗੁਲਦਸਤੇ 'ਚੋਂ ਬਾਹਰ ਕਿਰ ਗਏ ਹਨ ਅਤੇ ਇਹ ਭੁਲੇਖਾ ਪਾ ਬੈਠੇ ਕਿ ਉਹਨਾਂ ਦੀ ਹਸਤੀ ਅਤੇ ਹੋਂਦ ਗੁਰੂ ਤੋਂ ਵਖਰੀ ਅਤੇ ਗੁਰੂ ਤੋਂ ਬਿਨਾਂ ਵੀ ਹੋ ਸਕਦੀ ਹੈ। ਇਸ ਲਈ ਉਹਨਾਂ ਨੇ ਆਪਣੀ ਇਸ ਮਲ+ਇੱਛਾ ਜਾਂ ਮਲੇਛ ਬੁੱਧੀ ਦਾ ਪ੍ਰਗਟਾਵਾ ਕਰਨ ਲਈ ਸਿੱਖ ਰਹਿਤ ਮਰਯਾਦਾ 'ਤੇ ਬੜੇ ਹੀ ਯੋਜਨਾਬੱਧ ਢੰਗ ਨਾਲ ਹਮਲੇ ਸ਼ੁਰੂ ਕਰ ਦਿੱਤੇ। ਚੂੰਕਿ ਸਿੱਖ ਦੀ ਮਰਯਾਦਾ ਨਿਯਮਬੱਧ ਅਤੇ ਨੇਮਬੱਧ ਹੈ ਇਸ ਲਈ ਇਸ ਵਿਚ ਪਈ ਹੋਈ ਥੋੜੀ ਜਹੀ ਤਰੇੜ ਵੀ ਉੱਘੜ ਕੇ ਸਾਹਮਣੇ ਆ ਜਾਂਦੀ ਹੈ। ਇੱਟਾਂ ਦੇ ਢੇਰ ਵਿਚ ਨਾ ਤਾਂ ਕਦੇ ਫੁੱਟ ਹੀ ਪੈਂਦੀ ਹੈ ਅਤੇ ਨਾ ਹੀ ਤਰੇੜ। ਪਰ ਹੁਣ ਕੁੱਝ ਪੰਥ ਵਿਰੋਧੀ ਤਾਕਤਾਂ ਅਤੇ ਸ਼ਕਤੀਆਂ ਵੱਲੋਂ ਕੌਮੀ ਹਾਲਾਤਾਂ ਦੇ ਮੱਦੇ ਨਜ਼ਰ ਸਿੱਖ ਰਹਿਤ ਮਰਯਾਦਾ 'ਤੇ ਹੀ ਹਮਲੇ ਸ਼ੁਰੂ

SikhBookClub.com

ਕਰ ਦਿੱਤੇ ਗਏ। ਐਸੀਆਂ ਗੁਰੂ ਤੋਂ ਵੇਮੁਖ ਰੂਹਾਂ ਲਈ ਤਾਂ ***ਖਾਇ ਖਾਇ ਕਰੇ ਬਦਫੈਲੀ ਜਾਣੁ ਵਿਸੂ ਕੀ ਵਾੜੀ ਜੀਉ ॥੨॥*** *(ਮਾਝ ਮ. ੫ ਅੰਗ ੧੦੫)* ਹੀ ਢੁਕਦੀ ਹੈ।

ਵੈਸੇ ਤਾਂ ਸਿੱਖ ਰਹਿਤ ਮਰਯਾਦਾ ਬਾਰੇ ਪੰਥਕ ਗੁਰਸਿੱਖ ਵਿਦਵਾਨਾਂ ਨੇ ਕਈ ਪੁਸਤਕਾਂ ਲਿਖੀਆਂ ਹਨ ਅਤੇ ਜੋ ਰਹਿਤ ਨੂੰ ਸਮਝਣ ਲਈ ਜ਼ਰੂਰੀ ਵੀ ਹਨ। ਪਰ ਸਿੱਖ ਰਹਿਤ ਮਰਯਾਦਾ ਵਿਚ ਕਾਫ਼ੀ ਸ਼ਬਦਾਵਲੀ ਹੈ ਜਿਸ ਦੇ ਪਿਛੋਕੜ ਅਤੇ ਸ੍ਰੋਤ ਨੂੰ ਸਮਝਣਾ ਜ਼ਰੂਰੀ ਹੈ। ਇਸਦੇ ਨਾਲ ਹੀ ਇਸ ਵਿਚ ਅੰਕਤ ਮੱਦਾਂ ਅਤੇ ਸ਼ਬਦਾਵਲੀ ਵਿਚ ਕਦੋਂ ਅਤੇ ਕਿਵੇਂ ਤਬਦੀਲੀ ਜਾਂ ਸੋਧ ਹੋਈ ਹੈ, ਉਸ ਦਾ ਵਿਸਥਾਰ ਜਾਣਨ/ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਜਿਸ ਤਰ੍ਹਾਂ ਕਾਨੂੰਨ ਦੀ ਮੂਲ ਲਿਖਤ ਕਾਨੂੰਨ ਦੇ ਮੂਲ ਨੂੰ ਅੰਕਤ ਕਰਦੀ ਹੈ, ਉਸਦੀ ਵਿਆਖਿਆ ਨਹੀਂ ਕਰਦੀ ਪਰ ਵੱਖ ਵੱਖ ਕਾਨੂੰਨ ਦਾਨ ਹਰ ਲਫਜ਼ ਦੀ ਵਿਆਖਿਆ ਆਪਣੀ ਸੋਚ ਅਤੇ ਬੁੱਧੀ ਅਨੁਸਾਰ ਕਰਦੇ ਹਨ। ਇਸ ਤੋਂ ਕਾਨੂੰਨ ਨੂੰ ਸਮਝਣ, ਉਸਦੀ ਵਿਆਖਿਆ ਕਰਨ ਅਤੇ ਫ਼ਿਰ ਉਸਨੂੰ ਲਾਗੂ ਕਰਨ ਵਿਚ ਮਦਦ ਮਿਲਦੀ ਹੈ। ਚੂੰਕਿ ਸਿੱਖ ਰਹਿਤ ਮਰਯਾਦਾ ਸਾਡਾ ਧਾਰਮਿਕ ਅਤੇ ਪੰਥਕ ਕਾਨੂੰਨ ਹੈ, ਇਸ ਵਿਚਾਰ ਅਧੀਨ ਇਹ ਪੁਸਤਕ ਸਿੱਖ ਰਹਿਤ ਮਰਯਾਦਾ ਦੀ ਇਕ ਕਿਸਮ ਨਾਲ ਕਾਨੂੰਨੀ ਵਿਆਖਿਆ ਦਾ ਗੰਭੀਰ ਉਪਰਾਲਾ ਜਾਂ (legal treatise) ਕਿਹਾ ਜਾ ਸਕਦਾ ਹੈ।

ਸਿੱਖ ਰਹਿਤ ਮਰਯਾਦਾ ਸਾਡਾ ਕੌਮੀ ਕਾਨੂੰਨ ਹੈ, ਸਾਡਾ ਆਈਨ ਹੈ, ਸਾਡਾ ਸੰਵਿਧਾਨ ਹੈ, ਸਾਡੀ ਕਾਂਨਸਟੀਚਯੂਸ਼ਨ ਹੈ। ਇਹ ਤਾਂ ਸਾਡੀ ਪੰਥਕ ਰਾਮ ਕਾਰ ਹੈ। ਇਸਦੇ ਦਾਇਰੇ ਮਦਾਰ ਦੇ ਅੰਦਰ ਜੀਵਨ ਜਾਚ ਸਾਡਾ ਹੱਕ ਵੀ ਹੈ ਅਤੇ ਫ਼ਰਜ਼ ਵੀ। ਕਿਸੇ ਵੀ ਦੇਸ਼, ਕੌਮ ਜਾਂ ਕੌਮੀਅਤ ਦਾ ਕਾਨੂੰਨ ਇਕ ਹੀ ਹੁੰਦਾ ਹੈ। ਜਿਸ ਸਮੇਂ ਕਾਨੂੰਨ ਦੀ ਘਾੜਤ ਘੜੀ ਜਾ ਰਹੀ ਹੁੰਦੀ ਹੈ ਉਸ ਸਮੇਂ ਉਸ ਮਜਲਸ ਜਾਂ ਸਭਾ ਵਿਚ ਕਿਸੇ ਮੁੱਦੇ 'ਤੇ ਵੱਖ ਵੱਖ ਰਾਵਾਂ ਰੱਖਣ ਵਾਲੇ ਹੋ ਸਕਦੇ ਹਨ। ਉਹਨਾਂ ਨੂੰ ਇਹ ਹੱਕ ਵੀ ਹੁੰਦਾ ਹੈ ਕਿ ਉਹ ਆਪਣੇ ਵਿਚਾਰ, ਰਾਇ ਜਾਂ ਵਿਆਖਿਆ ਵਿਚਾਰ ਵਟਾਂਦਰੇ ਲਈ ਪੇਸ਼ ਕਰਣ। ਇਸ ਵਿਚ ਉਹ ਵਿਪਰੀਤ ਰਾਇ ਵੀ ਰੱਖਣ ਦਾ ਹੱਕ ਰਖਦੇ ਹਨ। ਪਰ ਜਿਸ ਸਮੇਂ ਅੰਤਿਮ ਰੂਪ ਵਿਚ ਇਸ ਨੂੰ ਕਲਮਬੱਧ ਜਾਂ ਅੰਕਤ ਕਰ ਲਿਆ ਜਾਂਦਾ ਹੈ ਤਾਂ ਉਪਰੰਤ ਹਰ ਕਿਸੇ 'ਤੇ ਇਹ ਯਕਸਾਂ ਲਾਗੂ ਹੋ ਜਾਂਦਾ ਹੈ। ਉਹਨਾਂ 'ਤੇ ਵੀ ਜੋ ਇਸ ਦੀ ਸਿਰਜਨਾ ਸਮੇਂ ਵਿਪਰੀਤ ਰਾਇ ਰੱਖਦੇ ਹੋਣ । ਇਸ ਦਾ ਕਾਰਣ ਸਪਸ਼ਟ ਹੈ ਕਿ ਨਿਜੀ ਸੋਚ ਨਾਲੋਂ ਸਾਂਝੀ ਸੋਚ ਹਮੇਸ਼ਾਂ ਉੱਤਮ ਹੁੰਦੀ ਹੈ ਅਤੇ ਉਹੀ ਲਾਗੂ ਵੀ ਹੁੰਦੀ ਹੈ। ਸਿਵਾਇ ਉਸ ਦੇ ਜਦੋਂ ਇਹ ਗੁਰੂ ਸਾਹਿਬ ਵੱਲੋਂ ਖ਼ੁਦ ਬਾਣੀ ਜਾਂ ਹੁਕਮਨਾਮੇ ਦੇ ਰੂਪ ਵਿਚ ਬਖਸ਼ਿਸ਼ ਕੀਤੀ ਜਾਂਦੀ ਹੈ।

ਮੌਜੂਦਾ ਸਿੱਖ ਰਹਿਤ ਮਰਯਾਦਾ ਦਸੋਂ ਗੁਰੂ ਸਾਹਿਬਾਨ ਅਤੇ ਉਹਨਾਂ ਦੀ ਬਾਣੀ ਦੇ ਆਸ਼ੇ ਅਨੁਰੂਪ ਬਣਾਈ ਗਈ ਨਿਯਮਾਵਲੀ ਨੂੰ ਮੌਜੂਦਾ ਸਮੇਂ ਦੀ ਲੋੜ ਲਈ ਕਲਮਬੱਧ ਕੀਤਾ ਗਿਆ ਇਕ ਬਹੁਤ ਹੀ ਅਹਿਮ ਦਸਤਾਵੇਜ਼ ਹੈ। ਇਹ ਗੁਰੂ ਪੰਥ ਦੀ ਸਾਂਝੀ ਸੋਚ ਦੀ ਜੀਉਂਦੀ ਜਾਗਦੀ ਮਿਸਾਲ ਹੈ।

ਰਹਿਤ ਦੀ ਮਹੱਤਤਾ ਬਾਰੇ ਵੈਦ ਕਵੀ ਰਾਜ ਭਾਈ ਅਰਜਨ ਸਿੰਘ ਜੀ ਤਰਨਤਾਰਨ

SikhBookClub.com

ਲਿਖਦੇ ਹਨ :

ਰਹਿਤ ਬਿਨਾ ਸਿੱਖ ਚਰਿਤ੍ਰ ਬੁਰਾ

ਜਿੰਵੇ ਤਾਜ ਬਿਨਾਂ ਨ੍ਰਿਪ ਸੋਭਤ ਨਹਿ, ਮੁਖ ਤਿਲਕ ਬਿਹੀਣਾਂ ਬਿਪ੍ਰ ਬੁਰਾ।

ਤਨ ਸ਼ਸਤ੍ਰ ਨਹੀਂ ਫ਼ਿਰ ਸੂਰਮਾਂ ਕਯਾ, ਸਿਰ ਜੰਗ ਚੜ੍ਹ ਪੁਨ ਦਲਿਦ੍ਰ ਬੁਰਾ।

ਤਨ ਸਾਜ ਨਹੀਂ ਅੱਸ੍ਰ ਸ਼ੋਭ ਨ ਪਾਵਤ, ਰਹਿਤ ਬਿਨਾਂ ਸਿੱਖ ਚਰਿੱਤ੍ਰ ਬੁਰਾ।

ਗੁਰ ਵਾਕ ਨਹੀਂ ਹ੍ਰਿਦ ਮੰਡਲ ਮਹਿੰ, ਨਰ ਹੀਂਨ ਸੁਗੰਧਿ ਜਯੋਂ ਇਤ੍ਰ ਬੁਰਾ।

ਇਸ ਬਾਰੇ ਇਕ ਨੁਕਤਾ ਹੋਰ ਵੀ ਕਾਫ਼ੀ ਅਹਿਮ ਹੈ। ਗੁਰੂ ਪੰਥ ਇਕ ਮੁਜੱਸਮਾ ਹੈ ਸਾਰੀ ਕੌਮ ਦਾ ਅਤੇ ਵਿਚਰ ਰਹੀਆਂ ਵੱਖ ਵੱਖ ਸੰਪ੍ਰਦਾਵਾਂ, ਟਕਸਾਲਾਂ, ਲਾਡਲੀਆਂ ਫੌਜਾਂ, ਸੇਵਾ ਪੰਥੀ, ਨਿਰਮਲੇ, ਜਥਿਆਂ, ਜਥੇਬੰਦੀਆਂ, ਸਭਾ ਸੁਸਾਇਟੀਆਂ, ਵਿਦਿਅਕ ਅਦਾਰਿਆਂ ਦਾ। ਇਹ ਸਾਰੇ ਹੀ ਪੰਥ ਦੇ ਸਤਿਕਾਰ ਯੋਗ ਅੰਗ ਹਨ। ਮੁੱਢਲੇ ਤੌਰ 'ਤੇ ਇਹ ਸਾਰੇ ਹੀ ਗੁਰੂ ਅਤੇ ਗੁਰਮਤਿ ਨੂੰ ਪ੍ਰਣਾਏ ਹੋਏ ਹਨ। ਇਸ ਤੋਂ ਵੀ ਕੋਈ ਇਨਕਾਰੀ ਨਹੀਂ ਹੋ ਸਕਦਾ ਕਿ ਇਹਨਾਂ ਦੀ ਪੰਥ ਨੂੰ ਵਡਮੁੱਲੀ ਦੇਣ ਹੈ, ਪਰ ਬਾਵਜੂਦ ਇਸ ਦੇ ਇਹ ਇਕੱਲੇ ਇਕੱਲੇ ਪੰਥ ਦਾ ਅੰਗ ਤਾਂ ਹਨ ਪਰ ਪੰਥ ਨਹੀਂ। ਰਾਇ ਭੋਇ ਦੀ ਤਲਵੰਡੀ ਨਨਕਾਣਾ ਸਾਹਿਬ ਤੋਂ ਅਰੰਭ ਹੋਈ ਇਹ ਇਲਾਹੀ ਲਹਿਰ ਹੁਣ ਸਾਰੇ ਸੰਸਾਰ ਵਿਚ ਫ਼ੈਲ ਚੁੱਕੀ ਹੈ। ***ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥*** ਦੇ ਗੁਰਵਾਕ ਅਨੁਸਾਰ ਮਰਯਾਦਾ ਦੇ ਮਾਮਲੇ ਵਿਚ ਇਹਨਾਂ ਸਾਰਿਆਂ ਦਾ ਆਪਣੇ ਆਪਣੇ ਖੇਤਰ ਵਿਚ ਕੁੱਝ ਵਖਰੇਵਾਂ ਹੋ ਸਕਦਾ ਹੈ ਯਾ ਨਜ਼ਰ ਆ ਸਕਦਾ ਹੈ। ਪਰ ਇਹਨਾਂ ਦੀ ਉਹ ਪ੍ਰੰਪਰਾਗਤ ਨਿਜੀ ਰਹੁ-ਰੀਤ ਪੰਥਕ ਮਰਯਾਦਾ ਦਾ ਬਦਲ ਨਹੀਂ ਹੋ ਸਕਦੀ। ਜਾਤੀ ਤੌਰ 'ਤੇ ਕੁੱਝ ਭਿੰਨਤਾ ਹੋਣ ਦੇ ਬਾਵਜੂਦ ਜਮਾਤੀ ਰੂਪ ਵਿਚ ਪੰਥਕ ਮਰਯਾਦਾ ਨੂੰ ਹੀ ਅਪਣਾਂਦੇ ਹਨ। ਇਸੇ ਦਾ ਨਾਮ ਹੀ ਪੰਥ ਜਾਂ ਗੁਰੂ ਪੰਥ ਹੈ।

ਇਸ ਦੇ ਨਾਲ ਹੀ ਤਖ਼ਤ ਸਚਿਖੰਡ ਸ੍ਰੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਸਥਾਨਕ ਮਰਯਾਦਾ ਵਿਚ ਵੀ ਕੁੱਝ ਅੰਤਰ ਨਜ਼ਰ ਆਉਂਦਾ ਹੈ। ਪਰ ਇਸ ਵਖਰੇਵੇਂ ਦਾ ਕਾਰਣ ਵੀ ਇਹਨਾਂ ਸਥਾਨਾਂ ਨਾਲ ਜੁੜਿਆ ਇਤਿਹਾਸ, ਇਤਿਹਾਸਕ ਦਸਤਾਵੇਜ਼ ਅਤੇ ਸਥਾਨਕ ਪ੍ਰਭਾਵ ਹੁੰਦਾ ਹੈ। ਇਹਨਾਂ ਪਾਵਨ ਸਥਾਨਾਂ 'ਤੇ ਗੁਰੂ ਸਾਹਿਬ ਨੇ ਖ਼ੁਦ ਸੰਗਤ ਨੂੰ ਵਰੋਸਾਇਆ ਅਤੇ ਇਹਨਾਂ ਨੂੰ ਹਜ਼ੂਰੀ ਸਿੱਖ ਕਿਹਾ ਜਾ ਸਕਦਾ ਹੈ। ਪੰਜਾਬ ਦੀ ਧਰਤੀ ਤੋਂ ਸੈਂਕੜੇ ਮੀਲ ਦੂਰ ਰਹਿੰਦਿਆਂ ਇਹਨਾਂ ਸਿੱਖਾਂ ਨੇ ਵਿਪਰੀਤ ਸਮਿਆਂ ਵਿਚ ਜਦੋਂ ਸਥਾਨਕ ਸੰਗਤ ਬਹੁਤ ਘੱਟ ਹੁੰਦੀ ਸੀ ਉਸ ਹਾਲਾਤ ਨੂੰ ਧਿਆਨ ਵਿਚ ਰੱਖਦਿਆਂ ਇਸ ਗੱਲ ਦੀ ਪ੍ਰਸੰਸਾ ਕਰਨੀ ਬਣਦੀ ਹੈ ਕਿ ਸਦੀਆਂ ਬੀਤ ਜਾਣ ਦੇ ਬਾਅਦ ਵੀ ਉਹਨਾਂ ਨੇ ਪੰਥਕ ਮਰਯਾਦਾ ਦਾ ਕਿਤਨਾ ਅਨਮੋਲ ਖਜ਼ਾਨਾ ਸਾਂਭ ਕੇ ਰਖਿਆ ਹੈ, ਬਜਾਇ ਇਸ ਦੇ ਇਹ ਕਿਹਾ ਜਾਏ ਕਿ ਕੁੱਝ ਨੁਕਤੇ ਠੀਕ ਨਹੀਂ ਹਨ। ਤਖ਼ਤ ਸ੍ਰੀ ਪਟਨਾ ਸਾਹਿਬ ਵਿਚ ਸ਼ੁਰੂ ਤੋਂ ਮਰਯਾਦਾ ਮੂਜਬ ਇਹ ਕਿਹਾ ਜਾਂਦਾ ਰਿਹਾ ਹੈ ਕਿ ਮਾਤਾ ਗੁਜਰੀ ਜੀ ਦੇ ਇਸ ਖੂਹ ਦਾ ਪਾਣੀ ਕੌੜਾ ਹੈ ਪਰ ਗੁਰੂ ਸਾਹਿਬ ਦਾ ਹੁਕਮ ਹੈ ਕਿ ਜਦੋਂ ਸੰਗਤ ਆਏਗੀ ਤਾਂ ਇਹ ਪਾਣੀ

SikhBookClub.com

ਮਿੱਠਾ ਹੋ ਜਾਏਗਾ। ਹੁਣ ਇਹ ਪਾਣੀ ਪਹਿਲੇ ਨਾਲੋਂ ਕਾਫ਼ੀ ਮਿੱਠਾ ਹੈ।

ਇਹ ਪ੍ਰਤੱਖ ਵੇਖਣ ਦੀ ਗੱਲ ਹੈ ਕਿ ਤਕਰੀਬਨ 1970 ਦੇ ਕਾਲ ਦੌਰਾਨ ਪਟਨਾ ਸਾਹਿਬ ਵਿਚ ਸੰਗਤ ਬਹੁਤ ਘੱਟ ਹੁੰਦੀ ਸੀ ਅਤੇ ਸਵੇਰੇ 10 ਵਜੇ ਤੋਂ ਬਾਅਦ ਤਖ਼ਤ ਸਾਹਿਬ 'ਤੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਗ੍ਰੰਥੀ ਨਹੀਂ ਸਨ ਹੁੰਦੇ। ਉਸ ਸਮੇਂ ਗਿਆਨੀ (ਸੰਤ) ਕਰਤਾਰ ਸਿੰਘ ਜੀ ਖਾਲਸਾ ਨੇ ਕਿਹਾ ਕਿ ਇੱਥੇ ਹਰ ਸਮੇਂ ਤਾਬਿਆ ਕੋਈ ਸਿੰਘ ਜ਼ਰੂਰ ਹੋਣਾ ਚਾਹੀਦਾ ਹੈ। ਸਥਾਨਕ ਪ੍ਰਬੰਧਕਾਂ ਨੇ ਕਿਹਾ ਗ੍ਰੰਥੀ ਅਤੇ ਸੇਵਾਦਾਰ ਨਹੀਂ ਮਿਲਦੇ। ਸੰਤ ਕਰਤਾਰ ਸਿੰਘ ਜੀ ਨੇ ਕਿਹਾ ਕਿ ਇਹ ਸੇਵਾ ਅਸੀਂ ਲੈਂਦੇ ਹਾਂ। ਉਸ ਦਿਨ ਦੇ ਬਾਅਦ ਇਹ ਘਾਟ ਵੀ ਪੂਰੀ ਹੋ ਗਈ। ਜ਼ਰੂਰਤ ਹੈ ਕਿ ਸ਼੍ਰੋਮਣੀ ਕਮੇਟੀ ਅਤੇ ਦੂਜੇ ਪ੍ਰਾਂਤਾਂ ਦੀ ਸੰਗਤ ਅਤੇ ਪ੍ਰਬੰਧਕਾਂ ਦਾ ਆਪਸੀ ਤਾਲਮੇਲ ਹੋਵੇ ਤਾਂ ਮਰਯਾਦਾ ਦੀ ਇਕਸਾਰਤਾ ਵੱਲ ਵੱਡੀ ਪੁਲਾਂਘ ਹੋਏਗੀ ਅਤੇ ਇਹ ਹੋ ਵੀ ਰਿਹਾ ਹੈ। ਪੰਜਾਂ ਤਖ਼ਤਾਂ ਦੇ ਦਰਸ਼ਨ ਦੀ ਅਰਦਾਸ ਨਿਤਾਪ੍ਰਤਿ ਹੁੰਦੀ ਹੈ। ਇਸ ਲਈ ਸ਼ਰਧਾ ਭਾਵਨਾ ਨੂੰ ਕਾਇਮ ਰਖਦਿਆਂ ਇਹਨਾਂ ਪਾਵਨ ਸਥਾਨਾਂ ਦੇ ਦਰਸ਼ਨ ਕਰਨੇ ਬਣਦੇ ਹਨ।

ਸਿੱਖ ਰਹਿਤ ਮਰਯਾਦਾ ਤਿੰਨ ਲਫ਼ਜ਼ਾਂ ਸਿੱਖ+ਰਹਿਤ+ਮਰਯਾਦਾ 'ਤੇ ਆਧਾਰਤ ਗੁਰਮਤਿ ਗਾਡੀ ਰਾਹ ਦੀ ਨਿਯਮਾਵਲੀ ਹੈ। ਇਸ ਤੋਂ ਪਹਿਲਾਂ ਵੀ ਕਈ ਮਰਯਾਦਾਵਾਂ ਮੌਜੂਦ ਸਨ। ਮਰਯਾਦਾ ਪੁਰਸ਼ੋਤਮ ਰਾਮ ਲਕਬ ਪਹਿਲਾਂ ਮੌਜੂਦ ਸੀ। ਪਰ ਰਾਮ ਚੰਦਰ ਜੀ ਦੀ ਮਰਯਾਦਾ ਗੁਰਮਤਿ ਨੇ ਪ੍ਰਵਾਨ ਨਹੀਂ ਕੀਤੀ। ਅਲਬੱਤਾ ਸਿੱਖ ਲਈ ਜਿਹੜੀ ਮਰਯਾਦਾ ਪ੍ਰਵਾਨ ਕੀਤੀ ਗਈ, ਉਹ ਕੇਵਲ ਮਰਯਾਦਾ ਹੀ ਨਹੀਂ ਸੀ ਬਲਿਕ ਰਹਿਤ ਦੀ ਮਰਯਾਦਾ ਸੀ। ਅਤੇ ਰਹਿਤ ਵੀ ਸਿੱਖ ਰਹਿਤ ਦੀ ਸੀ। ਇਸ ਤਰ੍ਹਾਂ ਤਿੰਨਾਂ ਨੁਕਤਿਆਂ ਦੀ ਤ੍ਰਿਹਾਫ਼ਲ ਜਾਂ ਤ੍ਰਿਵੇਣੀ ਦੇ ਸੁਮੇਲ ਨਾਲ ਜਿਹੜੀ ਮਰਯਾਦਾ ਤਿਆਰ ਹੋਈ ਉਹ ਸੀ ਸਿੱਖ ਰਹਿਤ ਮਰਯਾਦਾ। ਇਸ ਵਿਚੋਂ ਕਿਸੇ ਵੀ ਅੱਖਰ ਨੂੰ ਛੱਡਿਆ ਜਾਂ ਵੱਖ ਨਹੀਂ ਸੀ ਕੀਤਾ ਜਾ ਸਕਦਾ।

ਗੁਰ ਸੰਗਤ ਕੀਨੀ ਖਾਲਸਾ॥ ਸੰਗਤ ਨੂੰ ਖਾਲਸੇ ਵਿਚ ਤਬਦੀਲ ਗੁਰੂ ਗੋਬਿੰਦ ਸਿੰਘ ਜੀ ਨੇ ਕਰ ਦਿੱਤਾ। ਹੁਣ ਸਿੱਖ ਰਹਿਤ ਮਰਯਾਦਾ ਦਾ ਖਾਲਸੇ ਨੂੰ ਬਖਸ਼ਿਸ਼ ਕੀਤੇ ਮਕਸਦ ਇਸ ਦੇ ਨਿਆਰ੍ਹੇਪਨ ਨੂੰ ਸੁਦ੍ਰਿੜ੍ਹ ਅਤੇ ਸਦੀਵੀ ਕਰਨਾ ਸੀ। ਬਿਪ੍ਰਵਾਦ ਕੋਲ ਸਾਰੇ ਮਤ-ਮਤਾਂਤਰਾਂ ਨੂੰ ਜਜ਼ਬ ਕਰ ਲੈਣ ਦੀ ਵਿਸ਼ਾਲ ਕਾਇ ਤਾਕਤ ਮੌਜੂਦ ਸੀ। ਸਿੱਖ ਸਿਧਾਂਤ ਅਤੇ ਮਰਯਾਦਾ ਕਦਾਪੀ ਵੀ ਜਨਮ ਜਾਂ ਜਾਤ ਕਰਕੇ ਬਿਪ੍ਰਨ ਜਾਂ ਬ੍ਰਾਹਮਣ ਦੇ ਵਿਰੁੱਧ ਨਹੀਂ ਸੀ ਪਰ ਬਿਪ੍ਰਨ ਕੀ ਰੀਤ, ਕਰਮ ਕਾਂਡ, ਭਰਮ ਵਹਿਮ ਜਾਂ ਜਾਤ ਪਾਤ ਨੂੰ ਪ੍ਰਵਾਨ ਨਹੀਂ ਸੀ ਕੀਤਾ ਜਾ ਸਕਦਾ। ਇਸ ਲਈ ਸਿੱਖ ਰਹਿਤ ਮਰਯਾਦਾ ਵਿਚ ਕਈ ਮੱਦਾਂ ਸਿੱਧੇ ਅਤੇ ਅਸਿੱਧੇ ਰੂਪ ਵਿਚ ਕਰਮ ਕਾਂਡ ਨੂੰ ਚੁਣੌਤੀ ਦਿੰਦੀਆਂ ਨਜ਼ਰ ਆਉਂਦੀਆਂ ਹਨ। ਇਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਉਸ ਆਦੇਸ਼ ਦੀ ਪਾਲਨਾ ਸੀ ਜਿਸ ਵਿਚ ਸਾਹਿਬਾਂ ਨੇ ਬਚਨ ਕੀਤੇ ਸਨ :

ਜਬ ਲਗ ਖਾਲਸਾ ਰਹੇ ਨਿਆਰਾ, ਤਬ ਲਗ ਤੇਜ ਦਿਯੋ ਮੈਂ ਸਾਰਾ॥
ਜਬ ਇਹ ਗਹੇ ਬਿਪ੍ਰਨ ਕੀ ਰੀਤ, ਮੈਂ ਨਾ ਕਰੋਂ ਇਨ ਕੀ ਪ੍ਰਤੀਤ॥

SikhBookClub.com

ਇਸ ਲਈ ਸਿੱਖ ਰਹਿਤ ਮਰਯਾਦਾ ਵਿਚਲੀਆਂ ਕਈ ਮੱਦਾਂ ਦੀ ਸਹੀ ਵਿਆਖਿਆ ਜਾਂ ਭਾਵਾਰਥ ਨੂੰ ਸਮਝਣ ਲਈ ਬਿਪ੍ਰਵਾਦ ਜਾਂ ਬ੍ਰਾਹਮਣੀ ਗ੍ਰੰਥਾਂ ਜਾਂ ਹਵਾਲਾ ਪੁਸਤਕਾਂ ਵੇਦ, ਪੁਰਾਣ, ਸਿਮ੍ਰਤੀਆਂ, ਸ਼ਾਸਤ੍ਰ ਆਦਿ ਦੇ ਹਵਾਲੇ ਵੇਖਣੇ ਜ਼ਰੂਰੀ ਹਨ।

ਸਿੱਖ ਰਹਿਤ ਮਰਯਾਦਾ ਦੀ ਅਰੰਭਤਾ ਦਾ ਲਫਜ਼ ਹੈ ਸਿੱਖ। ਇਹ ਬਹੁਤ ਹੀ ਮਹੱਤਵਪੂਰਨ ਹੈ ਕਿ ਸਿੱਖ ਲਫਜ਼ ਕਿਸੇ ਵੀ ਵੇਦ, ਸ਼ਾਸਤ੍ਰ, ਪੁਰਾਣ, ਗ੍ਰੰਥ ਵਿਚ ਨਹੀਂ ਹੈ। ਹੋਰ ਤਾਂ ਹੋਰ ਇਹ ਸੰਸਕ੍ਰਿਤ ਦੇ ਕਿਸੇ ਪੁਰਾਤਨ ਜਾਂ ਨਵੀਨ ਸ਼ਬਦ ਕੋਸ਼ ਵਿਚ ਵੀ ਨਹੀਂ ਹੈ। ਇਹ ਨਿਆਰਾ ਲਫਜ਼ ਗੁਰੂ ਸਹਿਬ ਦੀ ਬਖਸ਼ਿਸ਼ ਹੀ ਕਿਹਾ ਜਾ ਸਕਦਾ ਹੈ। ਜੇਕਰ ਲਫਜ਼ ਸਿੱਖ ਵੀ ਕਿਸੇ ਪੁਰਾਤਨ ਗ੍ਰੰਥ ਵਿਚ ਨਹੀਂ ਮਿਲਦਾ ਤਾਂ ਜਿਹਨਾਂ ਨੂੰ ਇਸ ਲਫਜ਼ ਦੀ ਸੰਗਯਾ ਪ੍ਰਾਪਤ ਹੋਈ ਹੈ ਉਹ ਗੁਰੂ ਦੇ ਇਲਾਵਾ ਕਿਵੇਂ ਕਿਧਰੇ ਹੋਰ ਕਿਸੇ ਧਰਮ ਦੀ ਸ਼ਾਖਾ ਜਾਂ ਉਸ ਵਿਚ ਰਲਾਏ ਜਾ ਸਕਦੇ ਹਨ। ***ਗੁਰਮੁਖਿ ਪੰਥ ਨਿਰੋਲੁ ਨ ਰਲੇ ਰਲਾਈਐ॥*** *(ਵਾਰਾਂ ਭਾਈ ਗੁਰਦਾਸ ਜੀ, ਵਾਰ ੩, ਪਉੜੀ ੫)*

ਸਿੱਖ ਰਹਿਤ ਦੇ ਨਾਲ ਅਗਲਾ ਅਹਿਮ ਲਫ਼ਜ਼ ਹੈ ਮਰਯਾਦਾ। ਮਰਯਾਦਾ ਸੰਸਕ੍ਰਿਤ ਦੀ ਧਾਤ ਮਰਯਾ ਤੋਂ ਬਣਿਆ ਹੈ। ਨਦੀ ਦੇ ਕਿਨਾਰਿਆਂ, ਕੰਢਿਆਂ ਨੂੰ ਮਰਯਾ ਕਿਹਾ ਜਾਂਦਾ ਹੈ । ਜਿਤਨੀ ਦੇਰ ਤਕ ਨਦੀ ਦਾ ਵਹਿਣ ਕਾਇਮ ਹੈ ਅਤੇ ਇਹ ਆਪਣੀ ਮਰਯਾ ਦੇ ਅੰਦਰ, ਆਪਣੇ ਕੰਢਿਆਂ ਦੇ ਅੰਦਰ ਹੈ, ਇਹ ਨਦੀ ਹੈ। ਇਹ ਲਾਹੇਵੰਦ ਹੈ। ਇਹ ਮਰਯਾਦਾ ਦੇ ਅੰਦਰ ਹੈ। ਪਰ ਜਦੋਂ ਇਹ ਆਪਣੀ ਮਰਯਾਦਾ ਜਾਂ ਆਪਣੇ ਕੰਢੇ ਤੋੜ ਦਿੰਦੀ ਹੈ ਤਾਂ ਫ਼ਿਰ ਇਹ ਹੜ੍ਹ ਹੈ, ਬਰਬਾਦੀ ਹੈ, ਤਬਾਹੀ ਹੈ। ਸਿੱਖ ਦੀ ਜੀਵਨ ਜਾਚ ਵੀ ਜਿਤਨੀ ਦੇਰ ਤਕ ਗੁਰੂ ਅਤੇ ਪੰਥ ਦੇ ਦੋ ਕਿਨਾਰਿਆਂ ਦੇ ਅੰਦਰ ਹੈ ਇਹ ਜੀਵਨ ਹੈ ਅਤੇ ਮੰਜ਼ਿਲੇ ਮਕਸੂਦ ਤਕ ਪੁਹੰਚ ਜਾਏਗੀ। ਜਦੋਂ ਇਹ ਜੀਵਨ ਦੀ ਧਾਰਾ ਮਰਯਾਦਾ ਦੇ ਬਾਹਰ ਚਲੀ ਜਾਏਗੀ ਤਾਂ ਫ਼ਿਰ ਗੁਰੂ ਪਾਤਸ਼ਾਹ ਦਾ ਹੁਕਮ ਹੈ ***ਨਾ ਮਰਜਾਦੁ ਆਇਆ ਕਲਿ ਭੀਤਰਿ ਨਾਂਗੋ ਬੰਧਿ ਚਲਾਇਆ ॥੩॥***

ਸਿੱਖ ਲਈ ਤਾਂ ਇਹ ਰਾਮ ਕਾਰ ਹੈ। ਇਕ ਵਾਰ ਮਰਯਾਦਾ ਦੀ ਹੱਦ ਉਲੰਘੀ ਗਈ ਤਾਂ ਤੇ ਫ਼ਿਰ ਪਾਣੀ ਭਾਵੇਂ ਸਿਰ ਤੋਂ ਇੱਕ ਗਿੱਠ ਉੱਤੇ ਲੰਘ ਜਾਏ ਜਾਂ ਇਕ ਨੇਜ਼ੇ ਜਿੰਨਾ, ਕੀ ਫ਼ਰਕ ਪੈਂਦਾ ਹੈ? ***ਚੂੰ ਆਬ ਅਜ਼ ਸਰਗੁਸ਼ਸਤ, ਚਿਹ ਯਕ ਨੇਜ਼ਾ, ਚਿਹ ਯਕ ਦਸਤ।***

ਸਿੱਖ ਰਹਿਤ ਮਰਯਾਦਾ ਦੀ ਮਹੱਤਤਾ ਇਸ ਪੱਖੋਂ ਵੀ ਬਹੁਤ ਅਹਿਮ ਹੈ ਕਿ ਨਾ ਕੇਵਲ ਭਾਰਤ ਦੀਆਂ ਵੱਖ ਵੱਖ ਅਦਾਲਤਾਂ, ਸਣੇ ਹਾਈ ਕੋਰਟਸ ਅਤੇ ਸੁਪਰੀਮ ਕੋਰਟ ਵਿਚ ਵੀ ਇਸ ਨੂੰ ਕਾਨੂੰਨੀ ਹਵਾਲੇ ਦੇ ਰੂਪ ਵਿਚ ਲਿਆ ਜਾਂਦਾ ਹੈ। ਇਸ ਦੇ ਨਾਲ ਹੀ ਰਾਜਾਂ ਅਤੇ ਸੰਘ (ਕੇਂਦਰ) ਸਰਕਾਰ ਵੱਲੋਂ ਬਣਾਏ ਗਏ ਵੱਖ ਵੱਖ ਕਾਨੂੰਨਾਂ ਵਿਚ ਵੀ ਇਸ ਨੂੰ ਆਧਾਰ ਮੰਨਿਆ ਗਿਆ ਹੈ। ਇਸ ਤਰ੍ਹਾਂ ਇਸ ਨੂੰ ਕਾਨੂੰਨੀ ਮਾਨਤਾ ਵੀ ਪ੍ਰਾਪਤ ਹੋ ਚੁੱਕੀ ਹੈ ਅਤੇ ਇਹ ਇਕ ਕਾਨੂੰਨੀ ਦਸਤਾਵੇਜ਼ ਹੈ।

ਸਿੱਖ ਰਹਿਤ ਮਰਯਾਦਾ ਇਕ ਕਾਨੂੰਨੀ ਮਾਨਤਾ ਪ੍ਰਾਪਤ ਦਸਤਾਵੇਜ਼ ਹੈ। ਇਸ ਲਈ ਨਾ ਕੇਵਲ ਭਾਰਤ ਬਲਕਿ ਵਿਦੇਸ਼ਾਂ ਵਿਚ ਵੀ ਅਤੇ ਖਾਸ ਕਰਕੇ ਯੂਰੋਪ ਅਤੇ

SikhBookClub.com

ਅਮਰੀਕਾ ਵਿਚ ਵੀ ਜਦੋਂ ਵੀ ਸਿੱਖ ਦੀ ਪਛਾਣ, ਰਹਿਤ, ਕਕਾਰ ਆਦਿ ਦੇ ਮਾਮਲੇ ਕਾਨੂੰਨੀ ਵਿਚਾਰਾਧੀਨ ਹੁੰਦੇ ਹਨ ਤਾਂ ਇਸ ਰਹਿਤ ਮਰਯਾਦਾ ਦੇ ਹੀ ਹਵਾਲੇ ਦਿੱਤੇ ਜਾਂਦੇ ਹਨ।

ਸਹਿਜੇ ਅਨੁਮਾਨਿਆ ਜਾ ਸਕਦਾ ਹੈ ਕਿ ਇਸ ਦੀ ਅਣਹੋਂਦ ਵਿਚ ਕਿਹੜਾ ਦਸਤਾਵੇਜ਼ ਜਾਂ ਕੋਈ ਡਾਕੂਮੈਂਟ ਹੈ ਜਿਸਦਾ ਹਵਾਲਾ ਦਿੱਤਾ ਜਾ ਸਕੇ। ਗੁਰੂ ਪੰਥ ਦੀ ਇਹ ਪ੍ਰਾਪਤੀ ਕੋਈ ਮਾਮੂਲੀ ਨਹੀਂ ਹੈ । ਇਸ ਨੂੰ ਬਰਕਰਾਰ ਰੱਖਣਾ ਨਾ ਕੇਵਲ ਕੌਮੀ ਤੌਰ 'ਤੇ ਹੀ ਲਾਜ਼ਮੀ ਹੈ ਬਲਕਿ ਇਹ ਇਕ ਪੰਥਕ ਫ਼ਰਜ਼ ਵੀ ਹੈ।

2008 ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਸਿੱਖ ਦੀ ਪਛਾਣ ਬਾਰੇ ਗੁਰਲੀਨ ਕੌਰ ਦਾ ਇਕ ਮੁਕੱਦਮਾ ਵਿਚਾਰਾਧੀਨ ਸੀ। ਇਸ ਵਿਚ ਹਾਈ ਕੋਰਟ ਨੇ ਵਿਸਥਾਰ ਸਹਿਤ ਰਹਿਤਾਂ, ਕੁਰਹਿਤਾਂ, ਮਰਯਾਦਾ, ਸਿੱਖ ਰਹਿਤ ਮਰਯਾਦਾ, ਇਸਦੇ ਇਤਿਹਾਸ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਬਹੁਤ ਹੀ ਮਹੱਤਵਪੂਰਨ ਨਿਰਣਾ ਦਿੱਤਾ। ਇਸ ਵਿਚ ਸਪਸ਼ਟ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਸਿੱਖ ਅਤੇ ਅਕਾਲ ਪੁਰਖ ਦੇ ਵਿਚਕਾਰ ਆਤਮਿਕ ਅਤੇ ਅਧਿਆਤਮਕ ਮਿਲਾਪ ਅਤੇ ਮੁਕਤੀ ਦਾ ਰੱਬੀ ਕਲਾਮ ਹੈ। ਪਰ ਜੇਕਰ ਕੇਸਾਂ ਬਾਰੇ ਕੁੱਝ ਨਿਰਣਾ ਕਰਨਾ ਹੈ ਤਾਂ ਇਸ ਬਾਰੇ ਸਿੱਖ ਰਹਿਤ ਮਰਯਾਦਾ ਹੀ ਸ੍ਰੋਤ ਹੈ। ਪਰ ਅਦਾਲਤ ਨੇ ਇਹ ਵੀ ਸਪਸ਼ਟ ਕੀਤਾ ਕਿ ਸਿੱਖ ਰਹਿਤ ਮਰਯਾਦਾ ਦੀ ਕੋਈ ਵੀ ਮੱਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਹੁਕਮ ਦੇ ਵਿਪਰੀਤ ਨਹੀਂ ਹੋ ਸਕਦੀ।

In our view, the Guru Granth Sahib is a treatise limited to the expression of the moral and spiritual code of conduct for Sikhs. The Guru Granth Sahib is also a guide/teacher/prayer for Sikhs to lead them to salvation i.e. merger with God. The physical aspects of the Sikh faith, in our view, can be rightfully traced only from the "Sikh rehat-maryada" and from other preachings of the "Sikh gurus" connected to the code of conduct in their day to day life. It would be wrong, therefore, to look for an answer to the controversy, whether or not, Sikhs are ordained to maintain their bodily hair unshorn from the Guru Granth Sahib.

In sum and substance, this Court had concluded in the aforesaid paragraphs, that the Guru Granth Sahib was a treatise limited to the expression of the moral and spiritual code of conduct for Sikhs. And further, that the physical aspect of the Sikh faith could be traced only from the "Sikh rehat-maryada" and from other preachings of the "Sikh gurus", meaning thereby, that the same could not be traced from the Guru Granth Sahib. It is this aspect of the matter, which ac-

SikhBookClub.com

cording to the pleadings of the instant application, led to a deep sense of sorrow in the heart of the applicant. So as to demonstrate his viewpoint, that the conclusions recorded by this Court in the judgement to the effect noticed hereinabove, were not in consonance with the reality of the Guru Granth Sahib. The applicant painstakingly read through paragraphs 4 and 5 of the application. So as to understand effectively the entire submissions advanced by the applicant, we are extracting hereunder paragraphs 4 and 5 of the application, lest it be felt, that the submissions advanced during the course of hearing, have not been duly taken into consideration:-
227). In the same way, Guru Nanak in Japuji says, 'Amrit Wela Sach Naam Vadyai Vichaar', (Early in the morning utter the True Name and reflect upon God's greatness). These very concept have been transformed into Sikh Rehat Maryada (The Code of Conduct and Conventions) in a different language, meaning thereby that every ideological aspect of Rehat Maryada is rooted in the teachings of Guru Granth Sahib. By no stretch of imagination, it can be said that any ideological part of Rehat Maryada has independent existence apart from Guru Granth Sahib. There is a complete unity of spiritual and temporal things in Sikhism and deeply rooted in Sri Guru Granth Sahib itself. There is no possibility of separating the two, as this doctrine is deeply rooted in Guru Granth Sahib. The Sikhs take vak/hukam from Guru Granth Sahib for a direction in their day to day life. Therefore, a Sikh's life is governed by the teachings of Guru Granth Sahib in all aspects."
Gurleen Kaur vs State Of Punjab And Others on 7 August, 2009

In the High Court of Punjab and Haryana, Chandigarh.
R.A. No.215 of 2009 In
CWP No.14859 of 2008

ਇਸੇ ਤਰ੍ਹਾਂ ਇਸੇ ਪੰਜਾਬ ਅਤੇ ਹਾਈ ਕੋਰਟ ਨੇ ਦਿਲਾਵਰ ਸਿੰਘ ਦੇ ਮੁਕੱਦਮੇ ਵਿਚ ਸਿੱਖ ਰਹਿਤ ਮਰਯਾਦਾ ਦੇ ਬਣਾਏ ਜਾਣ ਦਾ ਪੂਰਾ ਇਤਿਹਾਸ ਦਰਜ ਕੀਤਾ । ਇਸ ਵਿਚ 1927 ਵਿਚ ਰਹੁ-ਰੀਤ ਕਮੇਟੀ ਦੇ ਬਣਾਏ ਜਾਣ ਤੋਂ ਲੈ ਕੇ 1945 ਤਕ ਸ਼੍ਰੋਮਣੀ ਗੁਰਦੁਆਰਾ

SikhBookClub.com

ਪ੍ਰਬੰਧਕ ਕਮੇਟੀ ਵੱਲੋਂ ਇਸ ਨੂੰ ਪ੍ਰਵਾਨ ਕਰਨ ਤਕ ਦਾ ਵੇਰਵਾ ਦਰਜ ਕੀਤਾ :

No discussion on the subject can be complete without a reference to the 'SikhRehatMaryada' formulated by the Shiromani Gurdwara Prabandhak Committee in 1945. ThisRehatMaryada, is the outcome of years of labour and the widest consultations amongst the Sikhs. The exercise started with the appointment on 15 March 1927, of 28-member Rahu-rit (i.e. rahitmaryada) sub-committee "to prepare a draft rahu-rit in the light of rahitnamas and other Sikh texts and in consultation with leading Sikh scholars." Later, the task was entrusted to Professor Teja Singh, of Khalsa College, Amritsar, who prepared a draft which was published in the April 1931 issue of the Gurdwara Gazette, the official organ of the Shiromani Gurdwara Parbandhak Committee, for eliciting public opinion. The Rahu-rit sub-committee considered the draft as well as the comments received from various quarters at its meetings held at Sri Akal Takht on 4-5 October 1931, 3 January 1932 and 31 January 1932.

The final version, after being referred to Sarb Hind (i.e. All-India) Sikh Mission Board and further amended by Dharmik Salahkar (i.e. Religious Advisory) Committee received final approval by the Shiromani Gurdwara Parbandhak Committee on 3 February 1945. It was then published under the title 'Sikh Rahit Maryada'.

Dilawar Singh vs State Of Haryana on 16 March, 2016, CWP-9013-2015

ਇਸ ਦੇ ਨਾਲ ਹੀ ਇਹ ਵੀ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ਕਿ ਸਿੱਖ ਰਹਿਤ ਮਰਯਾਦਾ ਇਕ ਕਾਨੂੰਨੀ ਦਸਤਾਵੇਜ਼ ਹੈ। ਇਸ ਲਈ ਇਸ ਵਿਚ ਛਾਪੇ ਦੀ ਗ਼ਲਤੀ ਕਦਾਚਿਤ ਨਹੀਂ ਹੋਣੀ ਚਾਹੀਦੀ। ਵਿਸ਼ੇਸ਼ ਕਰਕੇ ਇਸ ਦੇ ਹਿੰਦੀ ਅਤੇ ਅੰਗਰੇਜ਼ੀ ਵਿਚ ਅਨੁਵਾਦ ਜਾਂ ਤਰਜਮਾ ਕਰਣ ਲੱਗਿਆਂ ਉਚੇਚਾ ਧਿਆਨ ਦੇਣ ਦੀ ਲੋੜ ਹੈ। ਐਸਾ ਨਾ ਹੋਣ 'ਤੇ ਲਏ ਗਏ ਫੈਸਲਿਆਂ 'ਤੇ ਇਸ ਦਾ ਪ੍ਰਭਾਵ ਪੈ ਸਕਦਾ ਹੈ। ਇਹ ਲਿਖਣ ਦੀ ਜ਼ਰੂਰਤ ਤਾਂ ਪਈ ਕਿ ਸਿੱਖ ਰਹਿਤ ਮਰਯਾਦਾ ਦੇ ਹਿੰਦੀ ਅਤੇ ਪੰਜਾਬੀ ਵਿਚ ਤਰਜਮਾ ਕਰਨ ਲੱਗਿਆਂ ਕਈ ਗ਼ਲਤੀਆਂ ਵੇਖਣ ਵਿਚ ਆਈਆਂ ਹਨ ਜਿਸ ਨਾਲ ਅਰਥ ਦਾ ਅਨਰਥ ਹੋ ਜਾਂਦਾ ਹੈ। ਇਸ ਨਾਲ ਵੱਡਾ ਕੌਮੀ ਨੁਕਸਾਨ ਸਾਹਮਣੇ ਆਇਆ ਹੈ। ਇਸ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ।

SikhBookClub.com

ਕੀ ਇਹ ਮਰਯਾਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਈ ਗਈ ਹੈ ਜਾਂ ਹਾਲੇ ਵੀ ਇਹ ਖਰੜਾ ਹੀ ਹੈ? ਕਈ ਵਾਰ ਜਾਣੇ ਅਣਜਾਣੇ ਵਿਚ ਇਹ ਕਹਿ ਦਿੱਤਾ ਜਾਂਦਾ ਹੈ ਕਿ ਇਹ ਸਿੱਖ ਰਹਿਤ ਮਰਯਾਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬਣਾਈ ਹੋਈ ਹੈ ਅਤੇ ਇਕ ਖਰੜਾ ਹੈ। ਇਹ ਉਕਤੀ ਸਰਾਸਰ ਗ਼ਲਤ ਅਤੇ ਭੁਲੇਖਾ ਪਾਊ ਹੈ। ਇਹ ਮਰਯਾਦਾ ਸਮੁੱਚੇ ਖ਼ਾਲਸਾ ਪੰਥ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ ਛਾਇਆ ਹੇਠ ਤਿਆਰ ਕੀਤੀ ਗਈ ਹੈ ਅਤੇ ਸ਼੍ਰੋਮਣੀ ਕਮੇਟੀ ਨੇ ਤਾਂ ਇਸ ਲਈ ਕੇਵਲ ਸਾਧਨ ਅਤੇ ਸਹੂਲਤਾਂ ਹੀ ਮੁਹੱਈਆ ਕਰਵਾਈਆਂ ਹਨ।

ਇਸ ਰਹਿਤ ਮਰਯਾਦਾ ਨੂੰ ਪੱਕਿਆਂ ਤੌਰ 'ਤੇ ਲਿਖ਼ਤੀ ਰੂਪ ਵਿਚ ਅੰਕਤ ਕਰਨ ਦਾ ਸ਼੍ਰੋਮਣੀ ਕਮੇਟੀ ਦਾ ਇਹ ਪਹਿਲਾ ਉਪਰਾਲਾ ਨਹੀਂ ਸੀ। ਇਸ ਤੋਂ ਪਹਿਲਾਂ ਵੀ 1914 ਵਿਚ ਗਿਆਨੀ ਅਵਤਾਰ ਸਿੰਘ ਜੀ ਵਹੀਰੀਆ ਰਚਿਤ ***ਖਾਲਸਾ ਧਰਮ ਸ਼ਾਸਤ੍ਰ*** ਨਾਮ ਦੀ ਤਕਰੀਬਨ 450 ਪੰਨਿਆਂ ਦੀ ਪੁਸਤਕ ਛਪ ਚੁਕੀ ਸੀ। ਇਸ ਵਿਚ ਪੁਰਾਤਨ ਸ੍ਰੋਤਾਂ ਅਤੇ ਸਾਰੇ ਰਹਿਤਨਾਮਿਆਂ 'ਤੇ ਵਿਚਾਰ ਕਰ ਕੇ ਇਕ ਵਡਮੁੱਲੀ ਪੁਸਤਕ ਪੰਥ ਦੀ ਝੋਲੀ ਵਿਚ ਪਾਈ ਜਾ ਚੁਕੀ ਸੀ।

ਤਕਰੀਬਨ ਇਸ ਸਮੇਂ ਹੀ ਇਕ ਹੋਰ ਗੰਭੀਰ ਉਪਰਾਲਾ ਪ੍ਰਮੁੱਖ ਪੰਥਕ ਜਥੇਬੰਦੀ ਚੀਫ਼ ਖਾਲਸਾ ਦੀਵਾਨ ਵੱਲੋਂ ਅਰੰਭਿਆ ਗਿਆ। ਚੀਫ ਖਾਲਸਾ ਦੀਵਾਨ ਨੇ ਵੀ ਬਾਕਾਇਦਾ ਰਹੁ ਰੀਤ ਕਮੇਟੀ ਦਾ ਗਠਨ ਕਰਕੇ ਸਿੱਖ ਰਹਿਤ ਮਰਯਾਦਾ ਦਾ ਖਰੜਾ ਤਿਆਰ ਕਰਵਾਇਆ ਅਤੇ ਸਾਰੇ ਪੰਥ ਵਿਚ ਇਸ ਨੂੰ ਵੱਡੀ ਗਿਣਤੀ ਵਿਚ ਛਾਪ ਕੇ ਵੰਡਿਆ। ਉਸ ਸਮੇਂ ਪੰਥ ਅਤੇ ਪੰਥਕ ਜਥੇਬੰਦੀਆਂ ਨੇ ਵੱਡੀ ਗਿਣਤੀ ਵਿਚ ਇਕ ਤੋਂ ਵੱਧ ਵਾਰ ਆਪਣੀਆਂ ਰਾਵਾਂ ਇਸ ਖਰੜੇ ਬਾਰੇ ਪੇਸ਼ ਕੀਤੀਆਂ। ਉਪਰੰਤ ਇਹ ਖਰੜਾ ਪ੍ਰਵਾਨ ਹੋ ਕੇ ਪੰਥਕ ਮਰਯਾਦਾ ਦਾ ਰੂਪ ਧਾਰਨ ਕਰ ਗਿਆ। ਇਸ ਨੂੰ ਚੀਫ਼ ਖਾਲਸਾ ਦੀਵਾਨ ਵੱਲੋਂ ***ਗੁਰਮਤਿ ਪ੍ਰਕਾਸ਼ - ਭਾਗ ਸੰਸਕਾਰ*** ਦੇ ਨਾਮ ਹੇਠ ਪ੍ਰਕਾਸ਼ਤ ਕੀਤਾ ਗਿਆ। ਇਸ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਤ ਸਿੱਖ ਰਹਿਤ ਮਰਯਾਦਾ ਕਾਫ਼ੀ ਹੱਦ ਤਕ ***ਗੁਰਮਤਿ ਪ੍ਰਕਾਸ਼ - ਭਾਗ ਸੰਸਕਾਰ*** ਦਾ ਹੀ ਵਿਸਤ੍ਰਿਤ ਅਤੇ ਸੋਧਿਆ ਹੋਇਆ ਰੂਪ ਕਿਹਾ ਜਾ ਸਕਦਾ ਹੈ। ਚੀਫ਼ ਖਾਲਸਾ ਦੀਵਾਨ ਵੱਲੋਂ ਪ੍ਰਕਾਸ਼ਤ ***ਗੁਰਮਤਿ ਪ੍ਰਕਾਸ਼ - ਭਾਗ ਸੰਸਕਾਰ*** ਨੂੰ ਧਿਆਨ ਨਾਲ ਵਾਚਿਆਂ ਇਕ ਗੱਲ ਪ੍ਰਤੱਖ ਰੂਪ ਵਿਚ ਸਾਮ੍ਹਣੇ ਆਉਂਦੀ ਹੈ ਕਿ ਮੌਜੂਦਾ ਸਿੱਖ ਰਹਿਤ ਮਰਯਾਦਾ ਦੀਆਂ ਕਈ ਐਸੀਆਂ ਮੱਦਾਂ ਬਾਰੇ ਸ਼ੰਕੇ ਅਤੇ ਇਤਰਾਜ਼ ਇਹ ਕਹਿ ਕੇ ਪ੍ਰਗਟ ਕੀਤੇ ਜਾਂਦੇ ਹਨ ਕਿ ਇਹ ਮੱਦਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਈਆਂ ਗਈਆਂ ਹਨ ਅਤੇ ਇਹਨਾਂ ਦਾ ਕੋਈ ਇਤਿਹਾਸਕ ਜਾਂ ਪੰਥਕ ਸ੍ਰੋਤ ਨਹੀਂ ਹੈ, ਉਹ ਨਿਰਮੂਲ ਸਿੱਧ ਹੋ ਜਾਂਦਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ ਛਾਇਆ ਹੇਠ ਸਿੱਖ ਰਹਿਤ ਮਰਯਾਦਾ ਦੀ ਤਿਆਰੀ 1925 ਵਿਚ ਅਰੰਭ ਹੋਈ ਅਤੇ 1936 ਵਿਚ ਇਸ ਨੂੰ ਗੁਰੂ ਪੰਥ ਦੀ ਪ੍ਰਵਾਨਗੀ ਮਿਲੀ। ਉਪਰੰਤ ਧਰਮ ਪ੍ਰਚਾਰ ਕਮੇਟੀ ਨੇ ਕਈ ਇਕੱਤਰਤਾਵਾਂ ਵਿਚ ਇਸ ਨੂੰ ਸੋਧਿਆ

SikhBookClub.com

ਅਤੇ 1945 ਵਿਚ ਇਸ ਦਾ ਮੌਜੂਦਾ ਸਵਰੂਪ ਸਾਹਮਣੇ ਆਇਆ। ਇਸ ਤੋਂ ਸਪਸ਼ਟ ਹੈ ਕਿ ਪੰਥ ਨੇ ਸਿਰ ਜੋੜ ਕੇ ਇਸ ਮਹਾਨ ਇਤਿਹਾਸਕ ਕਾਰਜ ਨੂੰ ਸਿਰੇ ਚਾੜ੍ਹਿਆ। ਇਸ ਤੋਂ ਜਾਣੇ ਅਣਜਾਣੇ ਵਿਚ ਪਾਇਆ ਇਹ ਭੁਲੇਖਾ ਨਿਰਮੂਲ ਸਾਬਤ ਹੁੰਦਾ ਹੈ ਕਿ 1933 ਵਿਚ ਰਹੁ-ਰੀਤ ਕਮੇਟੀ ਵਿਚ ਗਰਮਾ ਗਰਮ ਬਹਿਸ ਦਾ ਕੋਈ ਸਿੱਟਾ ਨਹੀਂ ਨਿਕਲਿਆ ਅਤੇ 1945 ਤਕ ਲੰਮਾਂ ਵੱਖਵਾ ਰਿਹਾ।

ਪੰਥ ਵੱਲੋਂ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਕੀਤੀਆਂ ਅਥਾਹ ਕੁਰਬਾਨੀਆਂ ਸਦਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ। ਉਸ ਸਮੇਂ ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਨੇ ਨੇੜੇ ਅਤੇ ਕਮੇਟੀ ਦੇ ਅਧੀਨ ਗੁਰਦੁਆਰਿਆਂ ਦੀ ਮਰਯਾਦਾ ਵਿਚ ਵੀ ਇਕਸਾਰਤਾ ਨਹੀਂ ਸੀ। ਹਰ ਗੁਰਦੁਆਰੇ ਵਿਚ ਅਰਦਾਸ, ਪ੍ਰਸ਼ਾਦਿ, ਸਿਰਪਾਉ ਵੱਖਰੇ ਵੱਖਰੇ ਸਨ।

> ***ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਲੋਕਲ ਕਮੇਟੀ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਆ ਜਾਣ ਤੋਂ ਪਹਿਲਾਂ ਪੁਜਾਰੀਆਂ ਦੇ ਸਮੇਂ ਸਿੱਖ ਧਰਮ ਪ੍ਰਚਾਰ ਭਾਵ ਗੁਰਮਤਿ ਪ੍ਰਚਾਰ ਦਾ ਕੋਈ ਖਾਸ ਪ੍ਰਬੰਧ ਨਹੀਂ ਸੀ, ਸਗੋਂ ਪ੍ਰਕਰਮਾ ਵਿੱਚ ਹਿੰਦੂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦੀ ਪੂਜਾ ਤੇ ਰਾਮਾਇਣ ਤੇ ਮਹਾਰਤ ਆਦਿ ਹਿੰਦੂ ਮੱਤ ਦੇ ਗ੍ਰੰਥਾਂ ਦੀਆਂ ਕਥਾਵਾਂ ਹੁੰਦੀਆਂ ਤੇ ਗੁਰਮਤਿ ਵਿਰੁੱਧ ਅਨਯ ਮੱਤਾਂ ਤੇ ਮਨਮਤ ਦਾ ਪ੍ਰਚਾਰ ਕੀਤਾ ਜਾਂਦਾ ਸੀ।***
>
> (ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ, ਪੰਨਾ ੩੦੧)

ਇਸ ਬਿਖੜੇ ਹਾਲਾਤ ਵਿਚ ਗੁਰੂ ਪੰਥ ਨੇ ਸਿਰ ਜੋੜ ਕੇ ਇਹ ਸਿੱਖ ਰਹਿਤ ਮਰਯਾਦਾ ਤਿਆਰ ਕੀਤੀ। ਜੇ ਐਸਾ ਨਾ ਹੁੰਦਾ ਤਾਂ ਹਰ ਗੁਰਦੁਆਰੇ ਵਿਚ ਹੀ ਵੱਖ-ਵੱਖ ਰਹੁ ਰਹੀਤਾਂ ਲਾਗੂ ਹੋਣੀਆਂ ਸਨ। ਇਸ ਨੇ ਪੰਥ ਨੂੰ ਖੇਰੂੰ-ਖੇਰੂੰ ਕਰ ਦੇਣਾ ਸੀ। ਇਹ ਸਤਿਗੁਰੂ ਜੀ ਦੀ ਅਸੀਮ ਰਹਿਮਤ ਹੋਈ ਕਿ ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਅਮਲ ਵਿਚ ਲਿਆਉਂਦੀ ਗਈ। ਇਸ ਤਰ੍ਹਾਂ ਇਹ ਇਕ ਐਸਾ ਪੈਮਾਨਾ ਹੈ ਜੋ ਲਗਾਤਾਰ ਆਗਾਹ ਕਰਦਾ ਰਹੇਗਾ ਕਿ ਪੰਥ ਆਪਣੇ ਧੁਰੇ ਦੇ ਕਿੰਨਾਂ ਨੇੜੇ ਜਾਂ ਦੂਰ ਹੈ।

ਗੁਰਬਚਨ ਸਿੰਘ [signature]

SikhBookClub.com

ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸ.ਫਰ

ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਕਾਇਮੀ

ਮਾਰਚ, 1915

ਚੀਫ ਖਾਲਸਾ ਦੀਵਾਨ ਵੱਲੋਂ 1915 ਵਿਚ ਪ੍ਰਕਾਸ਼ਿਤ ***ਗੁਰਮਤਿ ਪ੍ਰਕਾਸ਼ - ਭਾਗ ਸੰਸਕਾਰ*** ਨਾਮ ਦੀ ਪੁਸਤਕ ਛਾਪੀ ਗਈ। ਇਸ ਦੀ ਭੂਮਿਕਾ ਵਿਚ ਹੀ ਇਸ ਦਾ ਮਕਸਦ ਅਤੇ ਸੰਖੇਪ ਇਤਿਹਾਸ ਵਰਣਨ ਕੀਤਾ ਗਿਆ ਹੈ। ਇਸ ਮੁਤਾਬਕ ਸਾਰੇ ਪੰਥ ਲਈ ਇਕ ਰਹਿਤ ਮਰਯਾਦਾ ਦੀ ਲੋੜ ਅਤੇ ਉਪਰਾਲੇ ਬਾਰੇ ਪਤਾ ਲਗਦਾ ਹੈ ਜੋ ਕਿ ਇਸ ਪੁਸਤਕ ਦੀ ਭੂਮਿਕਾ ਵਿਚ ਇਸ ਤਰ੍ਹਾਂ ਅੰਕਤ ਕੀਤਾ ਗਿਆ ਹੈ,

ੴ ਸਤਿਗੁਰ ਪ੍ਰਸਾਦਿ

ਭੂਮਿਕਾ

ਪੰਥ ਲਈ ਸੰਸਕਾਰਾਂ ਦੇ ਕਰਨ ਲਈ ਇਕ ਐਸੀ ਸੰਸਕਾਰਾਂ ਕਰਨ ਦੇ ਪ੍ਰਤੀਕ੍ਰਿਆਂ ਦੀ-ਪੋਥੀ ਦੀ ਲੋੜ ਸੀ ਜੋ ਪੰਥ ਪ੍ਰਮਾਣਿਕ ਹੋ ਕੇ ਪ੍ਰਕਾਸ਼ ਹੋਵੇ। ਇਸ ਅਰਥ ਚੀਫ ਖਾਲਸਾ ਦੀਵਾਨ ਦੇਰ ਤੋਂ ਪ੍ਰਬੰਧ ਵਿਚ ਸੀ। ਅੰਤ 30 ਅਕਤੂਬਰ 1910 ਨੂੰ ਦੀਵਾਨ ਨੇ ਇਕ ਕਮੇਟੀ ਨੀਯਤ ਕੀਤੀ, ਜਿਸ ਕਮੇਟੀ ਨੇ ਆਪਣੀ 17 ਜਨਵਰੀ 1911 ਦੀ ਇਕੱਤ੍ਰਤਾ ਵਿਚ ਇਹ ਸੇਵਾ ਆਪਣੇ ਇਕ ਮੈਂਬਰ ਦੇ ਸਪੁਰਦ ਕੀਤੀ। ਉਨ੍ਹਾਂ ਦੇ ਖਰੜਾ ਤਯਾਰ ਕਰ ਲੈਣ ਪੁਰ ਉਹ ਖਰੜਾ ਕਮੇਟੀ ਦੇ ਮੈਂਬਰਾਂ ਪਾਸ ਵਿਚਾਰ ਲਈ ਗਿਆ, 3-4-5 ਜੂਨ 1912 ਨੂੰ ਕਮੇਟੀ ਜੁੜੀ ਤੇ ਯੋਗ ਅਦਲਾ ਬਦਲੀਆਂ ਕਰਕੇ ਖਰੜਾ ਖਾਸ ਹੋ ਕੇ ਛਾਪਿਆ ਗਿਆ ਤੇ ਫੇਰ ਸਾਰੇ ਪੰਥ ਵਿਚ ਰਾਵਾਂ ਵਾਸਤੇ ਘਲਿਆ ਗਿਆ। (ਦੇਖੋ ਅੰਤਕਾ 1) ਫੇਰ 6 ਅਪ੍ਰੈਲ 1913 ਨੂੰ ਸਮਾਗਮ ਹੋਇਆ। 27 ਜੱਥਿਆਂ ਤੇ 105 ਸੱਜਣਾਂ ਦੀਆਂ ਰਾਵਾਂ ਪੇਸ਼ ਹੋਈਆਂ। ਫੇਰ ਸਭ ਰਾਵਾਂ ਪਰ ਵਿਚਾਰ ਛਿੜੀ, ਸਰਬ ਸੰਮਤੀ ਨਾਲ ਕਈ ਇਕ ਦਰੁਸਤੀਆਂ ਤੇ ਬਦਲੀਆਂ ਹੋਈਆਂ, ਤੇ ਖਰੜਾ ਮੁੜ (ਦੇਖੋ ਅੰਤਕਾ 2) ਛਾਪਿਆ ਗਿਆ, ਤੇ ਪੰਥਕ ਅਖਬਾਰਾਂ ਵਿਚ ਵੀ ਛਾਪਿਆ ਗਿਆ ਤੇ ਪਹਿਲੇ ਸੰਮਤੀ ਦਾਤਿਆਂ ਜੋਗ ਘੱਲਿਆ ਗਿਆ। ਇਸ ਤੋਂ ਮਗਰੋਂ ਸਮਾਗਮ 28 ਤੇ 29 ਮਾਰਚ 1914 ਨੂੰ ਹੋਇਆ, ਇਸ ਸਮਾਗਮ ਵਿਚ 26 ਜੱਥਿਆਂ ਤੇ 80 ਸੱਜਣਾਂ ਵੱਲੋਂ ਰਾਵਾਂ ਆਈਆਂ। ਇਕੱਤ੍ਰਤਾ ਵਿਚ ਮੈਂਬਰਾਂ ਤੋਂ ਛੁੱਟ ਇਕ ਦਿਨ 7 ਤੇ ਦੂਏ ਦਿਨ 23 ਹੋਰ ਸੱਜਣਾਂ ਨੇ ਦਰਸ਼ਨ ਦਿੱਤੇ। (ਦੇਖੋ ਅੰਤਕਾ 3) ਦੋ ਦਿਨ ਰਾਤ ਚਿਰ ਤਕ ਬੈਠ ਕੇ ਸਮਾਗਮ ਨੇ ਰਾਵਾਂ ਦੀ ਵੀਚਾਰ ਤੇ ਖਰੜੇ ਦੀ ਪੰਥ

SikhBookClub.com

ਵੱਲੋਂ ਆਈ ਸੰਮਤੀ ਦੇ ਤੱਤ ਮੰਥਨ ਕਰਕੇ ਆਖਰੀ ਦਰੁਸਤੀ ਕੀਤੀ ਤੇ ਮੁਕੰਮਲ ਕਰਦੇ ਦੀਵਾਨ ਦੀ ਸੇਵਾ ਵਿਚ ਘੱਲ ਦਿੱਤਾ।

24 ਮਈ 1914 ਨੂੰ ਇਹ ਕਮੇਟੀ ਦਾ ਪ੍ਰਵਾਣਿਤ ਖਰੜਾ ਚੀਫ ਖਾਲਸਾ ਦੀਵਾਨ ਦੀ ਐਗਜ਼ੈਕਟਿਵ ਕਮੇਟੀ ਵਿਚ ਵਿਚਾਰ ਲਈ ਪੇਸ਼ ਹੋਇਆ। ਐਗਜ਼ੈਕਟਿਵ ਕਮੇਟੀ ਦੀ ਵਿਚਾਰ ਮਗਰੋਂ ਪਰਵਾਣ ਹੋ ਕੇ ਇਸ ਨੂੰ ਦੀਵਾਨ ਦੀ ਜਨਰਲ ਕਮੇਟੀ ਵਿਚ ਘੱਲਿਆ ਗਿਆ। ਜਨਰਲ ਕਮੇਟੀ ਦੇ 18-10-1914 ਦੇ ਸਮਾਗਮ ਵਿਚ ਪੇਸ਼ ਹੋ ਕੇ ਪਰਵਾਨ ਹੋਇਆ।

ਇਉਂ ਇਹ ਪੰਥ ਦੀ ਅਤਿ ਲੋੜੀਂਦੀ ਵਸਤ ਗੁਰਮਤ ਪ੍ਰਕਾਸ਼ (ਸੰਸਕਾਰ ਭਾਗ) ਸਮੂਹ ਪੰਥ ਦੀਆਂ ਵਿਚਾਰਾਂ ਸੋਚਾਂ ਤੇ ਮੇਹਨਤਾਂ ਨਾਲ ਤਯਾਰ ਤੇ ਮੁਕੰਮਲ ਹੋ ਕੇ ਪੰਥ ਵਿਚ ਪ੍ਰਵਿਰਤ ਕੀਤੇ ਜਾਣ ਨਮਿੱਤ ਛਾਪ ਕੇ ਪ੍ਰਕਾਸ਼ਤ ਕੀਤਾ ਜਾਂਦਾ ਹੈ।

ਸਿੱਖਾਂ ਲਈ ਸਾਰੇ ਪੰਥ ਵਿਚ ਇਹ ਸੰਸਕਾਰਾਂ ਦੀ ਮਰਯਾਦਾ ਦਾ ਪੁਸਤਕ ਉਪਰ ਲਿਖੇ ਤਰੀਕੇ ਨਾਲ "ਪੰਥ ਪ੍ਰਵਾਣ" ਹੋ ਕੇ ਹੁਣ ਸਾਰਿਆਂ ਲਈ ਮੰਨਣ ਯੋਗ ਪੁਸਤਕ ਹੈ, ਅਰ ਸਾਰੇ ਸੰਸਕਾਰ ਇਸ ਅਨੁਸਾਰ ਹੋਣੇ ਉਚਿਤ ਹਨ।

ਸ੍ਰੀ ਅੰਮ੍ਰਿਤਸਰ — ਪ੍ਰਾਰਥਕ ਦਾਸ-
ਮਾਰਚ 1915 — ਸਕੱਤ੍ਰ, ਚੀਫ਼ ਖਾਲਸਾ ਦੀਵਾਨ

15 ਨਵੰਬਰ, 1920

ਜਥੇਦਾਰ ਤੇਜਾ ਸਿੰਘ ਜੀ ਭੁੱਚਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਥ ਦੇ ਮੁਖੀਆਂ ਦੇ ਨਾਮ ਇਕੱਠ ਲਈ ਹੁਕਮਨਾਮਾ ਜਾਰੀ ਕੀਤਾ। ਇਸ ਆਵਾਜ਼ 'ਤੇ 15 ਨਵੰਬਰ, 1920 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਜ਼ੂਰ ਪੰਥ ਦਾ ਪ੍ਰਤੀਨਿਧ ਇਕੱਠ ਹੋਇਆ। ਇਸ ਵਿਚ ਪੰਜਾਂ ਤਖ਼ਤਾਂ, ਗੁਰਦੁਆਰਿਆਂ, ਸਿੰਘ ਸਭਾਵਾਂ, ਸਿੱਖ ਸੁਸਾਇਟੀਆਂ, ਖਾਲਸਾ ਕਾਲਜਾਂ, ਖਾਲਸਾ ਹਾਈ ਸਕੂਲਾਂ ਤੇ ਪ੍ਰਾਇਮਰੀ ਸਕੂਲਾਂ, ਰਿਆਸਤਾਂ, ਫ਼ੌਜਾਂ, ਨਿਹੰਗ ਸਿੰਘਾਂ ਤੇ ਸਿੱਖ ਸੰਪ੍ਰਦਾਵਾਂ ਆਦਿ ਵੱਲੋਂ ਮੁਨਾਸਬ ਵੰਡ ਅਨੁਸਾਰ ਪ੍ਰਤਿਨਿਧ ਸੱਦੇ ਗਏ। ਇਸ ਵਿਚ ਸ਼ਾਮਲ ਹੋਣ ਵਾਲੇ ਪ੍ਰਤੀਨਿਧਾਂ ਲਈ ਸ਼ਰਤਾਂ ਇਹ ਸਨ:-

1. *ਅੰਮ੍ਰਿਤਧਾਰੀ ਹੋਵੇ।*
2. *ਪੰਜਾਂ ਕਕਾਰਾਂ ਦਾ ਧਾਰਨੀ ਹੋਵੇ।*
3. *ਨਿੱਤਨੇਮ ਦੀਆਂ ਬਾਣੀਆਂ ਦਾ ਨਿੱਤ ਪਾਠ ਕਰਦਾ ਹੋਵੇ।*
4. *ਅੰਮ੍ਰਿਤ ਵੇਲੇ ਜਾਗਣ ਦਾ ਨੇਮੀ ਹੋਵੇ।*
5. *ਆਪਣੀ ਕਮਾਈ ਦਾ ਦਸਵੰਧ ਦੇਣ ਵਾਲਾ ਹੋਵੇ।*

ਇਸ ਮੀਟਿੰਗ ਵਿਚ 175 ਮੈਂਬਰਾਂ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੁਣੀ ਗਈ ਜਿਸ ਵਿਚ ਸਰਕਾਰ ਵੱਲੋਂ ਮੁਕੱਰਰ ਕੀਤੇ 36 ਮੈਂਬਰ ਵੀ ਸ਼ਾਮਲ ਕਰ ਲਏ ਗਏ। ਉਪਰੰਤ ਆਰਜ਼ੀ ਤੌਰ 'ਤੇ ਸ੍ਰ. ਹਰਬੰਸ ਸਿੰਘ ਅਟਾਰੀ ਪ੍ਰਧਾਨ ਨਾਮਜ਼ਦ ਕੀਤੇ ਗਏ ਅਤੇ ਨਿਰਣਾ ਕੀਤਾ ਗਿਆ ਕਿ ਸ੍ਰ. ਸੁੰਦਰ ਸਿੰਘ ਰਾਮਗੜ੍ਹੀਆ ਸਰਬਰਾਹ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਦੀ ਹੈਸੀਅਤ ਵਿੱਚ ਕੰਮ ਚਲਾਂਦੇ ਰਹਿਣਗੇ।

SikhBookClub.com

ਉਸ ਸਮੇਂ ਸਾਡੇ ਬਜ਼ੁਰਗਾਂ ਦਾ ਗੁਰਸਿੱਖੀ ਅਤੇ ਚੇਤੰਨਤਾ ਦਾ ਪੱਧਰ ਕਿਤਨਾ ਉੱਚਾ ਸੀ ਕਿ ਉਹਨਾਂ ਨੇ ਇਹ ਨਹੀਂ ਲਿਖਿਆ ਕਿ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਦਾ ਹੋਵੇ। ਬਲਕਿ ਇਹ ਲਿਖਿਆ ਕਿ ਨਿੱਤਨੇਮ ਦੀਆਂ ਬਾਣੀਆਂ ਦਾ ਨਿੱਤ ਪਾਠ ਕਰਦਾ ਹੋਵੇ।

12 ਦਸੰਬਰ, 1920

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਉਪ੍ਰੋਕਤ 175 ਮੈਂਬਰਾਂ ਦੀ ਪਲੇਠੀ ਇਕੱਤ੍ਰਤਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਈ। ਇਸ ਵਿਚ ਹਰ ਮੈਂਬਰ ਪਹਿਲਾਂ ਪੰਜਾਂ ਪਿਆਰਿਆਂ ਪਾਸੋਂ ਸੁਧਾਈ ਕਰਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਪਰਲੀ ਛੱਤ 'ਤੇ ਜਾਂਦਾ ਸੀ। ਇਸ ਮੀਟਿੰਗ ਵਿਚ ਅਹੁਦੇਦਾਰ ਚੁਣੇ ਗਏ :- ਸ੍ਰ. ਸੁੰਦਰ ਸਿੰਘ ਮਜੀਠਾ ਪ੍ਰਧਾਨ, ਸ੍ਰ. ਹਰਬੰਸ ਸਿੰਘ ਅਟਾਰੀ, ਮੀਤ ਪ੍ਰਧਾਨ ਅਤੇ ਸ੍ਰ. ਸੁੰਦਰ ਸਿੰਘ ਰਾਮਗੜ੍ਹੀਆ ਸਕੱਤਰ ਚੁਣੇ ਗਏ।

ਕੀ ਹੁਣ ਇਸ ਸੁਧਾਈ ਦੀ ਲੋੜ ਨਹੀਂ ਰਹੀ। ਜਾਂ ਕੀ ਪੰਥ ਇਸ ਪ੍ਰੰਪਰਾ ਨੂੰ ਮੁੜ ਸੁਰਜੀਤ ਨਹੀਂ ਕਰ ਸਕਦਾ।

(ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ, ਪੰਨਾ ੩੫੩)

20 ਦਸੰਬਰ, 1920

ਇਸ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਜੂਦ ਵਿਚ ਆ ਜਾਣ ਦੇ ਬਾਅਦ ਗੁਰਦੁਆਰਾ ਪ੍ਰਬੰਧ ਸੁਧਾਰ ਅਤੇ ਸ਼੍ਰੋਮਣੀ ਕਮੇਟੀ ਦੇ ਹੱਥ ਮਜ਼ਬੂਤ ਕਰਨ ਲਈ ਪੰਥ ਦੇ ਰਾਜਸੀ ਤੇ ਸਮਾਜੀ ਪਿੜ ਵਿੱਚ ਆ ਰਹੇ ਸੰਘਰਸ਼ ਦਾ ਮੁਕਾਬਲਾ ਕਰਨ ਲਈ ਜੁਝਾਰੂ ਸਿੰਘਾਂ ਦੀ ਜਥੇਬੰਦੀ ਦੀ ਸਥਾਪਨਾ ਕਰਨ ਲਈ ਵਿਚਾਰ ਪੈਦਾ ਹੋਈ। ਇਸ ਮਕਸਦ ਲਈ ਸ੍ਰੀ ਅੰਮ੍ਰਿਤਸਰ ਵਿਖੇ ਪੰਥਕ ਮੁਖੀਆਂ ਦਾ ਇਕ ਇਕੱਠ ਬੁਲਾਇਆ ਗਿਆ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਨਾਮ ਦੀ ਪੰਥਕ ਜਥੇਬੰਦੀ ਦਾ ਗਠਨ ਕੀਤਾ ਗਿਆ। ਜਿਸ ਦਾ ਪਹਿਲਾ ਪ੍ਰਧਾਨ ਸ੍ਰ. ਸਰਮੁਖ ਸਿੰਘ 'ਝਬਾਲ' ਨੂੰ ਬਣਾਇਆ ਗਿਆ। ਇਉਂ ਇਕ ਮਹੀਨੇ ਦੇ ਅੰਦਰ-ਅੰਦਰ ਗੁਰੂ-ਪੰਥ ਦੀਆਂ ਦੋਵੇਂ ਜਥੇਬੰਦੀਆਂ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ, ਗੁਰਦੁਆਰਿਆਂ ਦੀ ਸੇਵਾ-ਸੰਭਾਲ, ਗੁਰਮਤਿ ਤੇ ਵਿਦਿਆ ਪ੍ਰਚਾਰ, ਸਮਾਜੀ ਤੇ ਰਾਜਸੀ ਖੇਤਰਾਂ ਵਿੱਚ ਵਿਰੋਧੀਆਂ ਨਾਲ ਜੂਝਣ ਲਈ ਕਾਇਮ ਹੋ ਗਈਆਂ।

(ਉਹੀ, ਪੰਨਾ ੩੫੩)

30 ਅਪ੍ਰੈਲ, 1921

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਰਜਿਸਟਰਡ ਕਰਵਾ ਲਿਆ ਗਿਆ।

(ਉਹੀ, ਪੰਨਾ ੩੫੩)

ਜੁਲਾਈ, 1921

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਕਾਇਦਾ ਪਰਚੀਆਂ ਨਾਲ ਚੁਣੀ ਗਈ।

(ਉਹੀ, ਪੰਨਾ ੩੫੩)

SikhBookClub.com

14 ਅਗਸਤ, 1921

ਉਕਤ ਚੁਣੀ ਹੋਈ ਕਮੇਟੀ ਦੀ ਇਕੱਤ੍ਰਤਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਈ। ਇਸ ਵਿਚ ਬਾਬਾ ਖੜਕ ਸਿੰਘ ਜੀ ਪ੍ਰਧਾਨ, ਸ੍ਰ. ਸੁੰਦਰ ਸਿੰਘ ਜੀ ਰਾਮਗੜ੍ਹੀਆ ਮੀਤ ਪ੍ਰਧਾਨ ਅਤੇ ਸ੍ਰ. ਮਹਿਤਾਬ ਸਿੰਘ ਜੀ ਜਨਰਲ ਸਕੱਤ੍ਰ ਚੁਣੇ ਗਏ। 31 ਮੈਂਬਰਾਂ ਦੀ ਅੰਤ੍ਰਿੰਗ ਕਮੇਟੀ ਬਣਾਈ ਗਈ।

(ਉਹੀ, ਪੰਨਾ ੩੫੩)

21 ਫਰਵਰੀ, 1925

ਸਰਕਾਰ ਨੇ ਗੁਰਦੁਆਰਾ ਬਿੱਲ ਦਾ ਖਰੜਾ ਪ੍ਰਕਾਸ਼ਤ ਕਰ ਕੇ ਗੁਰਦੁਆਰਾ ਪ੍ਰਬੰਧ ਉੱਪਰ ਪੰਥ ਦਾ ਹੱਕ ਮੰਨ ਲਿਆ। 27 ਅਪ੍ਰੈਲ, 1925 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਹੋਈ ਸ਼੍ਰੋਮਣੀ ਕਮੇਟੀ ਦੀ ਆਪਣੀ ਮੀਟਿੰਗ ਵਿੱਚ ਉਪ੍ਰੋਕਤ ਬਿਲ 'ਤੇ ਵੀਚਾਰ ਕਰ ਕੇ ਕੁੱਝ ਤਰਮੀਮਾਂ ਸਮੇਤ ਪ੍ਰਵਾਨ ਕਰ ਲਿਆ, ਜਿਸ ਕਰਕੇ ਮੋਰਚਾ ਵਾਪਸ ਲੈ ਲਿਆ ਗਿਆ। ਇਹ ਬਿਲ 9 ਜੁਲਾਈ, 1925 ਨੂੰ ਪੰਜਾਬ ਕੌਂਸਲ ਵਿੱਚ ਪੇਸ਼ ਹੋ ਕੇ ਪਾਸ ਹੋ ਗਿਆ। ਪੰਜਾਬ ਦੇ ਗਵਰਨਰ ਨੇ 28 ਜੁਲਾਈ, 1925 ਨੂੰ ਇਸ ਦੀ ਪ੍ਰਵਾਨਗੀ ਦਿੱਤੀ ਤੇ ਇਹ ਐਕਟ 1 ਨਵੰਬਰ, 1925 ਈ: ਨੂੰ ਲਾਗੂ ਹੋਇਆ।

(ਉਹੀ, ਪੰਨਾ ੩੫੭)

18 ਜੁਲਾਈ, 1926

ਗੁਰਦੁਆਰਾ ਐਕਟ, 1925 ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਚੋਣ ਪੰਜਾਬ ਸਰਕਾਰ ਨੇ 18 ਜੁਲਾਈ, 1926 ਨੂੰ ਕਰਵਾਈ। 120 ਮੈਂਬਰ ਚੁਣ ਕੇ ਆਏ, 16 ਮੈਂਬਰ ਪੰਜਾਬ ਦੀਆਂ ਸਿੱਖ ਰਿਆਸਤਾਂ ਵੱਲੋਂ, 14 ਮੈਂਬਰ ਭਾਰਤ ਦੇ ਬਾਕੀ ਪ੍ਰਾਂਤਾਂ ਵਿੱਚੋਂ ਨਾਮਜ਼ਦ ਕੀਤੇ ਗਏ, ਚਾਰ ਤਖ਼ਤਾਂ ਦੇ ਜਥੇਦਾਰ ਤੇ ਇਕ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਪਦਵੀਆਂ ਕਾਰਨ ਨਾਮਜ਼ਦ ਮੰਨੇ ਗਏ। ਇਸ ਤਰ੍ਹਾਂ ਕੁਲ ਮੈਂਬਰਾਂ ਦੀ ਕੁਲ ਗਿਣਤੀ 155 ਹੋ ਗਈ।

(ਉਹੀ, ਪੰਨਾ ੩੫੭)

4 ਸਤੰਬਰ, 1926

ਡਿਪਟੀ ਕਮਿਸ਼ਨਰ ਦੇ ਸੱਦੇ 'ਤੇ ਗੁਰਦੁਆਰਾ ਸੈਂਟਰਲ ਬੋਰਡ 'ਤੇ ਪਹਿਲੀ ਮੀਟਿੰਗ 4 ਸਤੰਬਰ, 1926 ਨੂੰ ਅੰਮ੍ਰਿਤਸਰ ਦੇ ਟਾਊਨ ਹਾਲ ਵਿਚ ਹੋਈ । ਇਸ ਵਿਚ 120 ਮੈਂਬਰ ਹਾਜ਼ਰ ਸਨ । ਇਸ ਤੋਂ ਇਲਾਵਾ ਨਾਭਾ, ਪਟਿਆਲਾ, ਫ਼ਰੀਦਕੋਟ, ਕਪੂਰਥਲਾ, ਕਲਸੀਆਂ ਅਤੇ ਜੀਂਦ ਰਿਆਸਤਾਂ ਵੱਲੋਂ 12 ਮੈਂਬਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਿਸ਼ਨ ਸਿੰਘ ਜੀ, ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਪ੍ਰਤਾਪ ਸਿੰਘ ਜੀ, ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਮੁਕੰਦ ਸਿੰਘ ਜੀ ਅਤੇ ਸ੍ਰੀ ਹਰਿਮੰਦਰ ਸਾਹਿਬ ਵੱਲੋਂ ਸਿੰਘ ਸਾਹਿਬ ਫ਼ਤਹਿ ਸਿੰਘ ਜੀ ਸ਼ਾਮਲ ਸਨ। ਇਸ ਤਰ੍ਹਾਂ ਮੈਂਬਰਾਂ ਦੀ ਕੁਲ ਗਿਣਤੀ 136 ਹੋ ਗਈ।

SikhBookClub.com

ਉਪ੍ਰੰਤ ਸ੍ਰ. ਮੰਗਲ ਸਿੰਘ ਜੀ, ਐਡੀਟਰ 'ਅਕਾਲੀ' ਨੂੰ ਇਸ ਇਕਤ੍ਰਤਾ ਦਾ ਚੇਅਰਮੈਨ ਚੁਣਿਆ ਗਿਆ। ਇਸ ਤੋਂ ਥੋੜੇ ਵਖਵੇ ਦੇ ਬਾਅਦ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ 14 ਮੈਂਬਰ ਨਾਮਜ਼ਦ ਕੀਤੇ ਗਏ। ਇਸ ਤਰ੍ਹਾਂ ਸੈਂਟਰਲ ਗੁਰਦੁਆਰਾ ਬੋਰਡ ਦੇ ਕੁਲ ਮੈਂਬਰਾਂ ਦੀ ਗਿਣਤੀ 150 ਹੋ ਗਈ। ਉਪ੍ਰੰਤ ਬਾਬਾ ਖੜਕ ਸਿੰਘ ਜੀ ਸਿਆਲਕੋਟ ਪ੍ਰਧਾਨ ਅਤੇ ਮਾਸਟਰ ਤਾਰਾ ਸਿੰਘ ਜੀ ਮੀਤ ਪ੍ਰਧਾਨ ਚੁਣੇ ਗਏ ਤੇ ਬਾਅਦ ਵਿੱਚ ਜਨਰਲ ਮੈਂਬਰਾਂ ਦੀਆਂ ਵੋਟਾਂ ਨਾਲ ਅੰਤ੍ਰਿੰਗ ਕਮੇਟੀ ਦੇ 8 ਮੈਂਬਰ ਚੁਣੇ ਗਏ।

ਸਰਕਾਰ ਦੇ ਗੁਰਦੁਆਰਾ ਐਕਟ ਵਿੱਚ ਨਾਮ 'ਗੁਰਦੁਆਰਾ ਸੈਂਟਰਲ ਬੋਰਡ' ਸੀ ਪਰ ਅੱਜ ਦੀ ਪਹਿਲੀ ਮੀਟਿੰਗ ਵਿੱਚ ਇਸ ਦਾ ਨਾਮ ਗੁਰਦੁਆਰਾ ਸੈਟਰਲ ਬੋਰਡ ਤੋਂ ਬਦਲ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਿਆ ਗਿਆ।

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ, ਪੰਨਾ ੨੬)

ਦੂਜਾ ਪੜਾਅ 1927 - 1936

13-15 ਮਾਰਚ, 1927 ਅਨਮੋਲ 165

ਸਿੱਖ ਗੁਰਦੁਆਰਾ ਐਕਟ ਅਧੀਨ ਕਾਇਮ ਹੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਜਨਰਲ ਇਕੱਤ੍ਰਤਾ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੋਈ । ਇਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਤੇਜਾ ਸਿੰਘ ਜੀ ਵੀ ਹਾਜ਼ਰ ਸਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਾਬਾ ਖੜਕ ਸਿੰਘ ਜੀ ਇਸ ਸਮੇਂ ਜੇਲ੍ਹ ਵਿਚ ਹੀ ਸਨ। ਇਸ ਲਈ ਉਹਨਾਂ ਦੀ ਗ਼ੈਰ ਹਾਜ਼ਰੀ ਵਿਚ ਇਹ ਇਕਤ੍ਰਤਾ ਮੀਤ ਪ੍ਰਧਾਨ ਮਾਸਟਰ ਤਾਰਾ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿਚ 104 ਮੈਂਬਰ ਸ਼ਾਮਲ ਹੋਏ।

ਉਪਰੰਤ ਜਥੇਦਾਰ ਤੇਜਾ ਸਿੰਘ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਜਵੀਜ਼ 'ਤੇ ਸ੍ਰ. ਰਵੇਲ ਸਿੰਘ ਜੀ ਦੀ ਤਾਈਦ ਕਰਨ ਉਤੇ ਸਰਬ-ਸੰਮਤੀ ਨਾਲ ਪਾਸ ਹੋਇਆ ਕਿ ਕਈਆਂ ਕਾਰਣਾਂ ਕਰਕੇ ਸਿੱਖ ਰਹਿਤ ਮਰਯਾਦਾ ਸੰਬੰਧੀ ਮੱਤ-ਭੇਦ ਪੈਦਾ ਹੋ ਗਏ ਹਨ ਤੇ ਹੁੰਦੇ ਜਾ ਰਹੇ ਹਨ, ਇਸ ਲਈ ਹੇਠ ਲਿਖੇ ਵਿਦਵਾਨਾਂ ਦੀ ਇਕ ਸਬ-ਕਮੇਟੀ ਬਣਾਈ ਗਈ ਜੋ ਰਹਿਤਨਾਮਿਆਂ ਤੇ ਹੋਰ ਗੁਰਮਤ ਗ੍ਰੰਥਾਂ ਤੇ ਮੁਖੀਆਂ ਦੀ ਰਾਇ ਨਾਲ ਗੁਰਮਤਿ ਦੀ ਰਹੁ-ਰੀਤੀ ਦਾ ਖਰੜਾ ਤਿਆਰ ਕਰਕੇ ਛੇਤੀ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਵਿਚਾਰ ਲਈ ਪੇਸ਼ ਕਰੇ :-

1. **ਪ੍ਰੋ. ਤੇਜਾ ਸਿੰਘ ਜੀ, ਖ਼ਾਲਸਾ ਕਾਲਜ**
2. **ਪ੍ਰੋ. ਜੋਧ ਸਿੰਘ ਜੀ, ਖ਼ਾਲਸਾ ਕਾਲਜ**
3. **ਗਿਆਨੀ ਠਾਕਰ ਸਿੰਘ ਜੀ, ਅੰਮ੍ਰਿਤਸਰ**
4. **ਗਿ. ਸ਼ੇਰ ਸਿੰਘ ਜੀ**
5. **ਗਿ. ਸੁੰਦਰ ਸਿੰਘ ਜੀ ਭਿੰਡਰਾਂ, ਜ਼ਿਲ੍ਹਾ ਫ਼ੀਰੋਜ਼ਪੁਰ**
6. **ਭਾਈ ਬੁੱਧ ਸਿੰਘ ਜੀ, ਅੰਮ੍ਰਿਤਸਰ**

SikhBookClub.com

7. ਅਕਾਲੀ ਕੌਰ ਸਿੰਘ ਜੀ, ਅੰਮ੍ਰਿਤਸਰ
8. ਸੰਤ ਸੰਗਤ ਸਿੰਘ ਜੀ, ਕਮਾਲੀਆ
9. ਭਾਈ ਕਾਨ੍ਹ ਸਿੰਘ ਜੀ, ਨਾਭਾ
10. ਸੰਤ ਗੁਲਾਬ ਸਿੰਘ ਜੀ, ਘੋਲੀਆਂ, ਮੋਗਾ
11. ਭਾਈ ਲਾਭ ਸਿੰਘ ਜੀ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
12. ਭਾਈ ਹਜ਼ੂਰਾ ਸਿੰਘ ਜੀ, ਹਜ਼ੂਰ ਸਾਹਿਬ, ਦੱਖਣ
13. ਪੰਡਿਤ ਬਸੰਤ ਸਿੰਘ ਜੀ, ਪਟਿਆਲਾ
14. ਭਾਈ ਵੀਰ ਸਿੰਘ ਜੀ, ਅੰਮ੍ਰਿਤਸਰ
15. ਬਾਬੂ ਤੇਜਾ ਸਿੰਘ ਜੀ, ਪੰਚ ਖੰਡ, ਭਸੌੜ
16. ਗਿਆਨੀ ਹੀਰਾ ਸਿੰਘ ਜੀ 'ਦਰਦ', ਅੰਮ੍ਰਿਤਸਰ
17. ਭਾਈ ਲਾਲ ਸਿੰਘ ਜੀ, ਕਕਾਰ ਬਹਾਦਰ, ਅੰਮ੍ਰਿਤਸਰ
18. ਬਾਵਾ ਹਰਿਕਿਸ਼ਨ ਸਿੰਘ ਜੀ, ਗੁੱਜਰਾਂਵਾਲਾ
19. ਭਾ. ਤ੍ਰਿਲੋਚਨ ਸਿੰਘ ਜੀ, ਸੁਰ ਸਿੰਘ
20. ਗਿਆਨੀ ਹਮੀਰ ਸਿੰਘ ਜੀ, ਸ੍ਰੀ ਅੰਮ੍ਰਿਤਸਰ ਸਾਹਿਬ
21. ਪੰਡਿਤ ਕਰਤਾਰ ਸਿੰਘ ਜੀ, ਦਾਖਾ
22. ਤਖ਼ਤ ਸ੍ਰੀ ਪਟਨਾ ਸਾਹਿਬ
23. ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ
24. ਪ੍ਰੋ. ਗੰਗਾ ਸਿੰਘ ਜੀ, ਫਿਲਾਸਫਰ
25. ਤਖ਼ਤ ਸ੍ਰੀ ਹਜ਼ੂਰ ਸਾਹਿਬ, ਨੰਦੇੜ
26. ਭਾਈ ਮਯਾ ਸਿੰਘ ਜੀ, ਲਾਹੌਰ
27. ਸੰਤ ਮਾਨ ਸਿੰਘ ਜੀ ਸ਼ਾਸਤ੍ਰੀ, ਕਨਖਲ (ਹਰਿਦਵਾਰ)
28. ਭਾਈ ਤੇਜਾ ਸਿੰਘ ਜੀ, ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ, ਪੰਨਾ ੩੫-੪੧)

ਇਸ ਸਬ-ਕਮੇਟੀ ਦਾ ਨਾਮ ਰਹੁ-ਰੀਤੀ ਸਬ-ਕਮੇਟੀ ਰਖਿਆ ਗਿਆ। ਰਹੁ-ਰੀਤ ਜਾਂ ਮਰਯਾਦਾ ਅਤੇ ਰਸਮਾਂ ਵਿਚਲੇ ਅੰਤਰ ਨੂੰ ਭਾਈ ਵੀਰ ਸਿੰਘ ਜੀ ਨੇ ਬਹੁਤ ਹੀ ਸੁੰਦਰ ਢੰਗ ਨਾਲ ਸਮਝਾਇਆ ਹੈ :

> *"ਰਹੁ ਰੀਤੀ ਅਥਵਾ ਰੀਤਾਂ ਤਾਂ ਓਹ ਹਨ ਜੋ ਸਿਖੀ ਦੇ ਅਸੂਲਾਂ ਦੇ ਕਾਇਮ ਰੱਖਣ ਵਾਸਤੇ ਅਤੇ ਸਿਖੀ ਦੇ ਪ੍ਰਚਾਰ ਵਾਸਤੇ ਜ਼ਰੂਰੀ ਹੈਨ ਅਤੇ ਰਸਮਾਂ ਓਹ ਹਨ ਜੋ ਸਿੱਖਾਂ ਦੇ ਪੁਰਾਣੇ ਇਤਕਾਦ ਨੂੰ ਸਿਖੀ ਦੇ ਇਤਕਾਦ ਵਿਚ ਬਦਲਣ ਵਾਸਤੇ ਪੈ ਗਈਆਂ ਹਨ, ਜਿਸ ਕਰਕੇ ਰੀਤਾਂ (Rituals) ਤਾਂ ਬਦਲਣੀਆਂ ਕਠਨ ਬਲਕਿ ਅਸੰਭਵ ਹਨ, ਪਰ ਰਸਮਾਂ (Ceremonies) ਬਦਲਣੀਆਂ ਪੰਥ ਦੇ ਇਖਤਿਆਰੀ ਹਨ? ਜੈਸਾ ਕਿ ਨਿਤਨੇਮ ਦੀ ਬਾਣੀ ਦਾ ਵਿਧੀ*

SikhBookClub.com

ਪੂਰਬਕ ਪੜ੍ਹਨਾ, ਅਰਦਾਸ, ਕੜਾਹ ਪ੍ਰਸਾਦਿ ਭੇਟਾ, ਸ਼ਬਦ ਕੀਰਤਨ, ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਖਾਂ ਦਾ ਪ੍ਰਸਾਦਿ, ਆਰਤੀ ਉਚਾਰਨ ਆਦਿਕ, ਇਸ ਤਰ੍ਹਾਂ ਦੀ ਰੀਤਾਂ ਹਰ ਇਕ ਜਗ੍ਹਾਂ ਸਿਖੀ ਵਿਚ ਲਾਜ਼ਮੀ ਅਤੇ ਜ਼ਰੂਰੀ ਹਨ, ਪਰ ਜੋਤ ਜਗਾਕੇ ਆਰਤੀ ਦਾ ਕਰਨਾ, ਨਿਰਜਲਾ ਇਕਾਦਸ਼ੀ ਨੂੰ ਸ਼ਰਬਤ ਯਾ ਠੰਡੇ ਜਲ ਦੀਆਂ ਛਬੀਲਾਂ ਦਾ ਲਾਉਣਾ, ਬਿਆਸ ਪੂਜਾ ਵਾਲੇ ਦਿਨ ਗੁਰਦਵਾਰਿਆਂ ਧਰਮਸਾਲਾਂ ਪਰ ਅੰਬ ਆਦਿਕ ਫਲਾਂ ਦਾ ਚੜ੍ਹਾਉਣਾ, ਮਾਘੀ ਨੂੰ ਗੁਰਦਵਾਰਿਆਂ ਅਤੇ ਧਰਮਸਾਲਾਂ ਵਿਚ ਖਿਚੜਾ ਚੜ੍ਹਾਉਣਾ, ਤਿਉਹਾਰਾਂ ਨੂੰ ਜੋੜ ਮੇਲ ਕਰਕੇ ਗੁਰਦਵਾਰਿਆਂ ਅਤੇ ਧਰਮਸਾਲਾਂ ਪਰ ਚੜ੍ਹਾਵੇ ਚੜ੍ਹਾਉਣੇ ਇਕਤਿਆਰੀ ਬਾਤਾਂ ਹਨ, ਜੋ ਕਿਸੇ ਕਿਸੇ ਜਗ੍ਹਾਂ ਪਰ ਹੁੰਦੀਆਂ ਤੇ ਕਿਤੇ ਨਹੀਂ, ਤਿਵੇਂ ਪੂਰਨਮਾਸ਼ੀ ਦਾ ਵਰਤ ਕਿਸੇ ਜਗ੍ਹਾ ਰਖਿਆ ਜਾਂਦਾ ਹੈ ਅਤੇ ਕਿਸ ਜਗ੍ਹਾ ਨਹੀਂ ਰਖਿਆ ਜਾਂਦਾ, ਫ਼ਿਰ ਇਹਨਾਂ ਕੰਮਾਂ ਦੀ ਮਰਿਯਾਦਾ ਕਿਸੇ ਜਗ੍ਹਾ ਕਿਸੇ ਢੰਗ ਦੀ ਹੈ ਅਤੇ ਕਿਸੇ ਜਗ੍ਹਾ ਕਿਸੇ ਢੰਗ ਦੀ, ਇਹ ਰਸਮਾਂ (Ceremonies) ਹਨ। ਰੀਤਾਂ ਬਿਨਾਂ ਤਾਂ ਅਸੀਂ ਨਹੀਂ ਰਹਿ ਸਕਦੇ, ਪਰ ਰਸਮਾਂ ਬਿਨਾਂ ਰਹਿ ਸਕਦੇ ਹਾਂ, ਜਿਸ ਕਰਕੇ ਰੀਤਾਂ ਦੀ ਮਰਿਯਾਦਾ ਸਿਖੀ ਵਿਚ ਕਰੀਬਨ ਇਕੋ ਤਰ੍ਹਾਂ ਦੀ ਹੋਣੀ ਚਾਹੀਏ, ਰਸਮਾਂ ਦਾ ਜੇ ਕੁੱਝ ਕੁੱਝ ਯਾ ਬਹੁਤਾ ਫਰਕ ਰਹਿ ਜਾਵੇ ਤਾਂ ਕੋਈ ਵਡੀ ਬਾਤ ਨਹੀਂ ਹੈ"।

(ਅਮਰ ਲੇਖ, ਪੰਨਾ ੭੮)

28 ਫਰਵਰੀ, 1931 ਅਨਮੋਲ 167

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 1931 ਦੀ ਪਹਿਲੀ ਜਨਰਲ ਇਕੱਤ੍ਰਤਾ 28 ਫਰਵਰੀ 1931 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਈ। ਇਸ ਵਿਚ 67 ਮੈਂਬਰ ਹਾਜ਼ਰ ਸਨ। ਇਸ ਵਿਚ ਮਤਾ ਨੰਬਰ (13) ਰਾਹੀਂ ਬਾਬੂ ਮੱਲ ਸਿੰਘ ਜੀ ਵੱਲੋਂ ਮਤਾ ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਭਾਈ ਰਣਧੀਰ ਸਿੰਘ ਜੀ ਨੂੰ ਵੀ ਰਹੁ-ਰੀਤੀ ਸਬ-ਕਮੇਟੀ ਦਾ ਮੈਂਬਰ ਲਿਆ ਗਿਆ।

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ, ਪੰਨਾ ੮੨)

ਅਪ੍ਰੈਲ, 1931 ਅਨਮੋਲ 168

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਰਹਿਤ ਮਰਯਾਦਾ ਦਾ ਪਹਿਲਾ ਖਰੜਾ ਗੁਰਦੁਆਰਾ ਗਜ਼ਟ 1 ਅਪ੍ਰੈਲ, 1931 ਜਿਲਦ 3, ਨੰਬਰ 3 ਵਿਚ ਛਾਪ ਕੇ ਸੰਗਤਾਂ ਦੀਆਂ ਰਾਵਾਂ ਲੈਣ ਲਈ ਵੰਡਿਆ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਭੂਮਿਕਾ ਵਿਚ ਲਿਖਿਆ ਗਿਆ:-

"ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਹ ਗਜ਼ਟ ਆਮ ਤੌਰ 'ਤੇ ਸ੍ਰੀ ਅੰਮ੍ਰਿਤਸਰ ਛਪਦਾ ਸੀ ਪਰ 1931 ਵਿਚ ਪ੍ਰੈਸ ਆਰਡੀਨੈਂਸ ਜਾਰੀ ਹੋ ਜਾਣ ਕਾਰਣ ਲਗਾਤਾਰ ਅੱਠ ਮਹੀਨੇ ਇਹ ਗਜ਼ਟ ਨਹੀਂ ਛਪ ਸਕਿਆ। ਇਸ ਦੇ ਬਾਅਦ ਇਹ ਪਾਬੰਦੀ ਸਮਾਪਤ ਤਾਂ ਹੋ

SikhBookClub.com

ਗਈ ਪਰ ਓਂਅਕਾਰ ਪ੍ਰੈਸ ਜਿਸ ਵਿਚ ਇਹ ਛਪਦਾ ਸੀ, ਉਸ ਕੋਲੋਂ ਸਰਕਾਰ ਨੇ ਫ਼ਿਰ ਜ਼ਮਾਨਤ ਮੰਗ ਲਈ। ਇਸ ਲਈ ਇਹ ਗਜ਼ਟ ਲਾਹੌਰ ਵਿਚ ਛਾਪਿਆ ਗਿਆ।"

ਰਹਿਤ ਮਰਯਾਦਾ ਦਾ ਖਰੜਾ

ਸਿਖ ਮਰਯਾਦਾ ਸੰਬੰਧੀ ਪੈਦਾ ਹੋਏ ਤੇ ਹੋ ਰਹੇ ਮੱਤ ਭੇਦਾਂ ਨੂੰ ਦੇਖ ਕੇ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਪਿਛੇ ਜਹੇ ਪੰਥ ਦੇ ਪ੍ਰਸਿੱਧ ਵਿਦਵਾਨਾਂ ਦੀ ਇਕ "ਰਹੁ ਰੀਤਿ ਸਬ ਕਮੇਟੀ" ਬਣਾਕੇ ਉਸ ਦੇ ਜ਼ਿੰਮੇ ਇਹ ਸੇਵਾ ਲਾਈ ਗਈ ਸੀ ਕਿ ਇਹ ਕਮੇਟੀ ਗੁਰਧਾਮਾਂ ਵਿਚ ਗੁਰ ਮਰਯਾਦਾ ਨੂੰ ਠੀਕ ਤਰ੍ਹਾਂ ਨੀਯਤ ਕਰਨ ਲਈ ਰਹਿਤਨਾਮਿਆਂ ਅਤੇ ਹੋਰ ਗੁਰਮਤ ਗ੍ਰੰਥਾਂ ਤੇ ਪੰਥ ਦੇ ਹੋਰ ਵਿਦਵਾਨ ਮੁਖੀਆਂ ਦੀ ਸਹਾਇਤਾ ਨਾਲ ਗੁਰਮਤ ਰਹੁ ਰੀਤੀ ਦਾ ਖਰੜਾ ਤਿਆਰ ਕਰਕੇ ਸ਼੍ਰੋ: ਗੁ: ਪ੍ਰ: ਕਮੇਟੀ ਵਿਚ ਵਿਚਾਰ ਲਈ ਪੇਸ਼ ਕਰੇ। ਕਈ ਕਾਰਨਾਂ ਕਰਕੇ ਇਹ ਇਹ ਕਮੇਟੀ ਹੁਣ ਤਕ ਆਪਣਾ ਕਾਰਜ ਸ਼ੁਰੂ ਨਹੀਂ ਸੀ ਕਰ ਸਕੀ ਤੇ ਅਖੀਰ ਖਰੜਾ ਬਣਾ ਕੇ ਇਸ ਸਬ ਕਮੇਟੀ ਵਿਚ ਪੇਸ਼ ਕਰਨ ਦੀ ਸੇਵਾ ਪ੍ਰੋਫੈਸਰ ਤੇਜਾ ਸਿੰਘ ਜੀ ਐਮ. ਏ. ਖਾਲਸਾ ਕਾਲਜ ਜੀ ਦੇ ਜ਼ਿੰਮੇ ਲੱਗੀ, ਸੋ ਇਨ੍ਹਾਂ ਵੱਲੋਂ ਰਹੁ-ਰੀਤੀ ਦਾ ਖਰੜਾ ਪੁਜ ਗਿਆ ਹੈ ਜੋ ਹੇਠ ਦਰਜ ਕੀਤਾ ਜਾਂਦਾ ਹੈ। ਪੰਥਕ ਅਖਬਾਰਾਂ ਦੇ ਐਡੀਟਰ ਸਾਹਿਬਾਨ ਤੇ ਹੋਰ ਵਿਦਵਾਨ ਸੱਜਣਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਉਹ ਇਸ ਨੂੰ ਪੜ੍ਹਕੇ ਵਿਚਾਰਨ ਤੇ ਇਸ ਸੰਬੰਧੀ ਆਪਣੀ ਆਪਣੀ ਰਾਏ ਤੋਂ ਸ਼੍ਰੋ: ਕਮੇਟੀ ਨੂੰ ਜਾਣੂੰ ਕਰਨ ਦੀ ਕਿਰਪਾਲਤਾ ਕਰਨ ਤਾਂ ਕਿ ਇਸ 'ਤੇ ਪੂਰੇ ਤੌਰ 'ਤੇ ਵਿਚਾਰ ਹੋ ਸਕੇ।

ਨੋਟ- ਸੰਗਤਾਂ ਦੀ ਸੇਵਾ ਵਿਚ ਇਹ ਪ੍ਰਾਰਥਨਾ ਹੈ ਕਿ ਉਹ ਇਸ ਖਰੜੇ ਨੂੰ ਕੇਵਲ ਤਜਵੀਜ਼ਾਂ ਹੀ ਸਮਝ ਕੇ ਬੜੇ ਗਹੁ ਅਤੇ ਠੰਡੇ ਦਿਲ ਨਾਲ ਵਿਚਾਰਨ ਤੇ ਇਸ ਸੰਬੰਧੀ ਅੰਤਮ ਫੈਸਲੇ ਦੀ ਓਡੀਕ ਰੱਖਣ। ਇਸੇ ਨੂੰ ਹੀ ਫੈਸਲਾ ਨਾ ਸਮਝ ਲੈਣ।

4-5 ਅਕਤੂਬਰ, 1931

4 ਅਕਤੂਬਰ, 1931 ਨੂੰ ਰਹੁ-ਰੀਤ ਸਬ-ਕਮੇਟੀ (ਸ਼੍ਰੋਮਣੀ ਕਮੇਟੀ) ਦੀ ਇਕਤ੍ਰਤਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਈ। ਇਸ ਵਿਚ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ, ਦਰਬਾਰ ਸਾਹਿਬ ਦੇ ਗ੍ਰੰਥੀ ਭਾਈ ਲਾਭ ਸਿੰਘ ਜੀ, ਗਿਆਨੀ ਹੀਰਾ ਸਿੰਘ ਦਰਦ ਅਤੇ ਰਹੁ-ਰੀਤ ਸਬ-ਕਮੇਟੀ ਦੇ ਕਨਵੀਨਰ ਪ੍ਰੋ. ਤੇਜਾ ਸਿੰਘ ਜੀ ਹਾਜ਼ਰ ਸਨ।

ਇਹ ਕਾਰਵਾਈ 10 ਵਜੇ ਸ਼ੁਰੂ ਕੀਤੀ ਗਈ ਪਰ ਇਸ ਨੂੰ ਆਰਜ਼ੀ ਤੌਰ 'ਤੇ ਸ਼ਾਮ ਲਈ ਮੁਲਤਵੀ ਕਰ ਦਿੱਤਾ ਗਿਆ ਕਿਉਂਕਿ ਇਸ ਸਥਾਨ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਮਾਗਮ ਹੋਣਾ ਸੀ।

SikhBookClub.com

ਮੁਲਤਵੀ ਹੋਈ ਇਕਤ੍ਰਤਾ ਮੁੜ ਸ਼ਾਮ ਨੂੰ ਸਾਢੇ ਨੌਂ ਵਜੇ ਅਰੰਭ ਹੋਈ। ਇਸ ਵਿਚ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਕਾਲੀ ਕੌਰ ਸਿੰਘ ਜੀ, ਸੰਤ ਮਾਨ ਸਿੰਘ ਜੀ, ਪ੍ਰੋ: ਗੰਗਾ ਸਿੰਘ ਜੀ, ਦਰਬਾਰ ਸਾਹਿਬ ਦੇ ਗ੍ਰੰਥੀ ਭਾਈ ਲਾਭ ਸਿੰਘ ਜੀ ਅਤੇ ਕਨਵੀਨਰ ਪ੍ਰੋ. ਤੇਜਾ ਸਿੰਘ ਜੀ ਹਾਜ਼ਰ ਸਨ।

ਉਪਰੰਤ ਪ੍ਰੋ. ਤੇਜਾ ਸਿੰਘ ਜੀ ਨੇ ਸਿੱਖ ਰਹਿਤ ਮਰਯਾਦਾ ਦਾ ਤਿਆਰ ਕੀਤਾ ਖਰੜਾ ਪੇਸ਼ ਕੀਤਾ ਅਤੇ ਦੱਸਿਆ ਕਿ ਇਹ ਖਰੜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੁਕਮ ਨਾਲ ਤਿਆਰ ਕਰਕੇ ਬਾਹਰ ਤੋਂ ਆਈਆਂ ਰਾਵਾਂ ਦੇ ਅਧਾਰ 'ਤੇ ਇਸ ਦੀ ਤਰਮੀਮ ਕੀਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਇਸ ਨੂੰ ਵਿਚਾਰ ਕੇ ਵੇਖ ਲਿਆ ਜਾਏ, ਜੇਕਰ ਇਸ ਦੇ ਮੁਢਲੇ ਅਸੂਲਾਂ ਉੱਤੇ ਬਹੁਤ ਮਤਭੇਦ ਨਾ ਹੋਵੇ ਤਾਂ ਬਹਿ ਕੇ ਇਸ ਵਿਚ ਤਰਮੀਮਾਂ ਦੱਸੀਆਂ ਜਾਣ, ਅਤੇ ਜੇਕਰ ਮੁਢਲੇ ਅਸੂਲਾਂ ਉੱਤੇ ਬਹੁਤ ਮਤਭੇਦ ਹੋਵੇ ਤਾਂ ਪਹਿਲਾਂ ਮੋਟੇ ਮੋਟੇ ਅਸੂਲ ਤੈਅ ਕੀਤੇ ਜਾਣ, ਜਿਨ੍ਹਾਂ ਅਨੁਸਾਰ ਮੁੜ ਨਵਾਂ ਖਰੜਾ ਤਿਆਰ ਕੀਤਾ ਜਾਵੇ, ਅਤੇ ਉਸ ਦੇ ਤਿਆਰ ਕਰਨ ਲਈ ਰਹੁਰੀਤ ਕਮੇਟੀ ਦੀ ਇਕ ਸਬ-ਕਮੇਟੀ ਉਨ੍ਹਾਂ ਸੱਜਣਾਂ ਦੀ ਬਣਾਈ ਜਾਵੇ ਜੋ ਉਨ੍ਹਾਂ ਤੈਅ ਕੀਤੇ ਹੋਏ ਮੁੱਢਲੇ ਅਸੂਲਾਂ ਦੇ ਹਾਮੀ ਹੋਣ।

ਇਸ 'ਤੇ ਵਿਚਾਰ-ਵਟਾਂਦਰੇ ਦੇ ਬਾਅਦ ਇਹ ਪਾਸ ਹੋਇਆ ਕਿ ਇਸੇ ਖਰੜੇ ਨੂੰ ਜਿਸ ਵਿਚ ਸਿੱਖ ਰਹਿਣੀ ਨੂੰ 'ਸ਼ਖਸੀ' ਅਤੇ 'ਪੰਥਕ' ਰਹਿਣੀ ਉੱਤੇ ਵੰਡਿਆ ਹੋਇਆ ਹੈ ਲਿਆ ਜਾਏ ਅਤੇ ਇਸ ਵਿਚ ਯੋਗ ਤਰਮੀਮਾਂ ਕਰਕੇ ਪਾਸ ਕੀਤਾ ਜਾਵੇ। ਇਹ ਵੀ ਪਾਸ ਕੀਤਾ ਗਿਆ ਕਿ ਇਸ ਵਿਚ ਸਹਿਜਧਾਰੀਆਂ ਅਤੇ ਅੰਮ੍ਰਿਤਧਾਰੀਆਂ ਦੋਹਾਂ ਲਈ ਰਹੁ-ਰੀਤ ਭੀ ਆ ਜਾਂਦੀ ਹੈ ਅਰਥਾਤ ਜਿਹੜੇ ਪ੍ਰਾਣੀ ਕਿਸੇ ਕਾਰਣ ਕਰਕੇ ਹਾਲੀ ਅੰਮ੍ਰਿਤ ਨਹੀਂ ਛਕ ਸਕਦੇ ਉਹ ਸ਼ਖਸੀ ਰਹਿਣੀ ਉੱਤੇ ਹੀ ਚਲਣ ਅਤੇ ਜਿਹੜੇ ਤਿਆਰ ਬਰ ਤਿਆਰ ਹੋ ਕੇ ਗੁਰੂ ਪੰਥ ਦੀ ਜ਼ਿੰਮੇਵਾਰੀ ਵਾਲੀ ਪਦਵੀ ਵਿਚ ਸ਼ਾਮਲ ਹੋਣਾ ਚਾਹੁਣ ਉਹ ਸ਼ਖਸੀ ਅਤੇ ਪੰਥਕ ਦੋਵੇਂ ਤਰ੍ਹਾਂ ਦੀ ਰਹਿਣੀ ਧਾਰਨ ਕਰਨ। ਪਰ ਮਤ (ਅਰਥਾਤ ਯਕੀਨ Creed) ਸਾਰੇ ਸਿੱਖਾਂ ਦਾ ਇਕ ਹੋਵੇ। ਉਹ ਇਹ ਕਿ ***"ਜੋ ਇਸਤ੍ਰੀ ਪੁਰਸ਼ ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ) ਅਤੇ ਉਨ੍ਹਾਂ ਦੀ ਦੱਸੀ ਸਿਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸਚਾ ਰੱਖਦਾ ਹੋਵੇ, ਉਹ ਸਿੱਖ ਹੈ।"***

ਇਸ ਤੋਂ ਬਾਅਦ ਇਹ ਇਕਤ੍ਰਤਾ ਅਗਲੇ ਦਿਨ 5 ਅਕਤੂਬਰ ਲਈ ਮੁਲਤਵੀ ਕੀਤੀ ਗਈ। ਪਰ ਹਾਜ਼ਰੀ ਘੱਟ ਹੋਣ ਕਰਕੇ ਕੋਈ ਕਾਰਵਾਈ ਨਾ ਹੋ ਸਕੀ। ਅਲਬੱਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਸਕੱਤ੍ਰ ਵੱਲੋਂ ਇਹ ਸੂਚਨਾ ਅੰਕਤ ਕੀਤੀ ਗਈ ਕਿ ਰਹੁ-ਰੀਤ ਕਮੇਟੀ ਦਾ ਅਗਲਾ ਸਮਾਗਮ ਛੇਤੀ ਬੁਲਾਇਆ ਜਾਵੇਗਾ ਅਤੇ ਉਸ ਵਿਚ ਖਰੜੇ 'ਤੇ ਵਿਚਾਰ ਹੋ ਕੇ ਪਾਸ ਕੀਤਾ ਜਾਵੇਗਾ। ਫਿਰ ਇਹ ਤਰਮੀਮ ਕੀਤਾ ਖਰੜਾ ਅਖ਼ਬਾਰਾਂ ਵਿਚ ਛਪਵਾ ਕੇ ਰਾਵਾਂ ਮੰਗੀਆਂ ਜਾਣਗੀਆਂ। ਉਪ੍ਰੰਤ ਸ਼੍ਰੋਮਣੀ ਕਮੇਟੀ ਦੇ ਸਮਾਗਮ ਵਿਚ ਪੇਸ਼ ਹੋ ਕੇ ਪਾਸ ਕੀਤਾ ਜਾਵੇਗਾ।

ਇਸ ਸਾਰੀ ਕਾਰਵਾਈ ਦੀ ਰਿਪੋਰਟ 'ਤੇ ਪ੍ਰੋ. ਤੇਜਾ ਸਿੰਘ ਜੀ, ਕਨਵੀਨਰ ਰਹੁ-ਰੀਤ

SikhBookClub.com

ਕਮੇਟੀ ਨੇ ਦਸਖ਼ਤ ਕੀਤੇ ਅਤੇ 1 ਨਵੰਬਰ, 1931 ਦੀ ਤਾਰੀਖ ਵੀ ਪਾਈ। ਉਪਰੰਤ ਇਹ ਸਾਰੀ ਕਾਰਵਾਈ ਰਿਪੋਰਟ ਗੁਰਦੁਆਰਾ ਗਜ਼ਟ ਦੇ ਨਵੰਬਰ, 1931 ਅੰਕ ਵਿਚ ਛਾਪੀ ਗਈ।

3 ਜਨਵਰੀ, 1932

ਸਿੱਖ ਰਹਿਤ ਮਰਯਾਦਾ ਦੇ ਖਰੜੇ 'ਤੇ ਵਿਚਾਰ ਲਈ ਰਹੁ-ਰੀਤ ਸਬ-ਕਮੇਟੀ ਦੀ ਇਕਤ੍ਰਤਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਈ।

31 ਜਨਵਰੀ, 1932

ਸਿੱਖ ਰਹਿਤ ਮਰਯਾਦਾ ਦੇ ਖਰੜੇ 'ਤੇ ਵਿਚਾਰ ਲਈ ਰਹੁ-ਰੀਤ ਸਬ-ਕਮੇਟੀ ਦੀ ਇਕ ਹੋਰ ਇਕਤ੍ਰਤਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਈ।

6 ਮਾਰਚ, 1932

ਮੈਂਬਰਾਂ ਦੀ ਅਦਲਾ ਬਦਲੀ - ਸ਼੍ਰੋਮਣੀ ਕਮੇਟੀ ਦੀ ਦੂਜੀ ਜਨਰਲ ਇਕਤ੍ਰਤਾ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਥੇਦਾਰ ਤੇਜਾ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿਚ 69 ਮੈਂਬਰ ਹਾਜ਼ਰ ਹੋਏ। ਇਸ ਦੌਰਾਨ ਰਹੁ-ਰੀਤੀ ਕਮੇਟੀ ਦੇ ਸਤਿਕਾਰਯੋਗ ਮੈਂਬਰ ਗਿ. ਸੁੰਦਰ ਸਿੰਘ ਜੀ ਭਿੰਡਰਾਂਵਾਲੇ ਜੋ 15 ਫ਼ਰਵਰੀ, 1930 ਨੂੰ ਗੁਰਪੁਰੀ ਸੁਧਾਰ ਗਏ ਸਨ, ਦਾ ਨਾਮ ਕੱਟ ਦਿੱਤਾ ਗਿਆ। ਇਸ ਦੇ ਨਾਲ ਹੀ ਬਾਬੂ ਤੇਜਾ ਸਿੰਘ ਭਸੌੜ ਨੂੰ ਗੁਰਬਾਣੀ ਦੀ ਨਿਰਾਦਰੀ ਕਰਨ ਕਰਕੇ ਪੰਥ ਵਿਚੋਂ ਛੇਕ ਦਿੱਤਾ ਗਿਆ ਸੀ, ਉਹਨਾਂ ਦਾ ਅਤੇ ਭਾਈ ਲਾਲ ਸਿੰਘ ਜੀ ਐਡੀਟਰ ਕੱਕਾਰ ਬਹਾਦੁਰ, ਅੰਮ੍ਰਿਤਸਰ ਅਤੇ ਭਾਈ ਮਯਾ ਸਿੰਘ ਜੀ ਲਾਹੌਰ ਦੇ ਨਾਂ ਵੀ ਹਟਾ ਦਿੱਤੇ ਗਏ।

ਉਪਰੰਤ ਇਸ ਸੂਚੀ ਵਿਚ ਅੱਠ ਨਾਮ ਵਧਾਏ ਗਏ । ਇਹ ਸਨ ਹੈਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਜੀ, ਪ੍ਰਿੰਸੀਪਲ ਸ਼ਹੀਦ ਸਿੱਖ ਸ਼ਹੀਦ ਮਿਸ਼ਨਰੀ ਕਾਲਜ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਸ੍ਰ. ਵਸਾਵਾ ਸਿੰਘ ਜੀ ਗੁਰਦਾਸਪੁਰੀ, ਗਿ. ਕਰਤਾਰ ਸਿੰਘ ਜੀ, ਖਾਲਸਾ ਹਾਈ ਸਕੂਲ ਗੁਰੂ ਸਰ ਸਿਧਾਰ (ਲੁਧਿਆਣਾ), ਬਾਬਾ ਪ੍ਰੇਮ ਸਿੰਘ ਜੀ ਹੋਤੀ, ਗਿ. ਨਾਹਰ ਸਿੰਘ ਜੀ, ਐਡੀਟਰ ਅਸਲੀ ਕੌਮੀ ਦਰਦ, ਅੰਮ੍ਰਿਤਸਰ ਅਤੇ ਸ੍ਰ. ਇੰਦਰ ਸਿੰਘ ਜੀ, ਨਨਕਾਣਾ ਸਾਹਿਬ ਸ਼ਾਮਲ ਕੀਤੇ ਗਏ।

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ, ਪੰਨਾ ੯੦)

26 ਸਤੰਬਰ, 1932

ਸਿੱਖ ਰਹਿਤ ਮਰਯਾਦਾ ਦੇ ਖਰੜੇ 'ਤੇ ਮੁੜ ਵਿਚਾਰ ਕਰਨ ਲਈ ਰਹੁ-ਰੀਤ ਸਬ-ਕਮੇਟੀ ਦਾ ਇਕ ਹੋਰ ਸਮਾਗਮ ਕੀਤਾ ਗਿਆ।

1 ਅਕਤੂਬਰ, 1932 ਅਨਮੋਲ 172

ਪ੍ਰੋ. ਤੇਜਾ ਸਿੰਘ ਜੀ, ਕਨਵੀਨਰ, ਰਹੁ-ਰੀਤ ਸਬ-ਕਮੇਟੀ ਨੇ ਖਰੜੇ 'ਤੇ ਪ੍ਰਾਪਤ ਹੋਏ ਸੁਝਾਵਾਂ ਦੇ ਅਨਰੂਪ ਆਪਣੀ ਰਿਪੋਰਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪੀ।

SikhBookClub.com

29 ਅਕਤੂਬਰ, 1933

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 1933 ਦੀ ਦੂਜੀ ਇਕਤ੍ਰਤਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸ੍ਰ. ਪਰਤਾਪ ਸਿੰਘ ਜੀ ਦੀ ਪ੍ਰਧਾਨਗੀ ਹੇਠ ਅਰੰਭ ਹੋਈ ਜਿਸ ਵਿਚ 118 ਮੈਂਬਰ ਸ਼ਾਮਲ ਸਨ। ਸ੍ਰ. ਪਰਤਾਪ ਸਿੰਘ ਕੇਂਦਰੀ ਮੰਤਰੀ ਸਰਦਾਰ ਸਵਰਨ ਸਿੰਘ ਦੇ ਪਿਤਾ ਸਨ।

ਇਸ ਇਕਤ੍ਰਤਾ ਵਿਚ ਪ੍ਰਿੰਸੀਪਲ ਗੰਗਾ ਸਿੰਘ ਜੀ ਦੀ ਤਜਵੀਜ਼ ਤੇ ਸ੍ਰ. ਦਲਜੀਤ ਸਿੰਘ ਜੀ ਦੀ ਤਾਈਦ 'ਤੇ ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹਰ ਇਕ ਮੈਂਬਰ ਪ੍ਰਣ ਕਰੇਗਾ ਕਿ ਮੈਂ ਸ਼ਰਾਬ, ਭੰਗ ਅਤੇ ਅਫ਼ੀਮ ਨਹੀਂ ਪੀਂਦਾ ਜਾਂ ਖਾਂਦਾ ਅਤੇ ਮੈਂ ਬਾਣੀ ਪੜ੍ਹਿਆ ਕਰਾਂਗਾ। ਇਸ ਦੇ ਨਾਲ ਹੀ ਇਹ ਵੀ ਪ੍ਰਵਾਨ ਕੀਤਾ ਗਿਆ ਕਿ ਜਿਹੜਾ ਮੈਂਬਰ ਇਹ ਪ੍ਰਣ-ਪੱਤਰ ਨਹੀਂ ਭਰੇਗਾ ਉਹ ਸ਼੍ਰੋਮਣੀ ਕਮੇਟੀ ਦੀ ਕਾਰਵਾਈ ਵਿਚ ਹਿੱਸਾ ਨਹੀਂ ਲੈ ਸਕੇਗਾ।

ਇਸ ਤੋਂ ਉਸ ਸਮੇਂ ਗੁਰਦੁਆਰਾ ਪ੍ਰਬੰਧ ਲਈ ਚੁਣੇ ਜਾਣ ਵਾਲੇ ਪ੍ਰਬੰਧਕਾਂ ਦੇ ਮਿਆਰ ਦਾ ਅੰਦਾਜ਼ਾ ਲਗਦਾ ਹੈ।

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ, ਪੰਨਾ ੧੦੮)

30 ਦਸੰਬਰ, 1933 ਅਨਮੋਲ 169

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਉਚੇਚਾ ਜਨਰਲ ਸਮਾਗਮ ਅਤੇ ਆਲ ਪਾਰਟੀ ਕਾਨਫ਼ਰੰਸ 30 ਦਸੰਬਰ, 1933 ਸ਼ਨਿਚਰਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਰਦਾਰ ਪ੍ਰਤਾਪ ਸਿੰਘ ਜੀ ਸ਼ੰਕਰ ਦੀ ਪ੍ਰਧਾਨਗੀ ਹੇਠ ਹੋਇਆ। ਇਸ ਦੇ ਨਾਲ ਹੀ ਇਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੇ ਇਲਾਵਾ ਵੱਖ ਵੱਖ ਜਥੇਬੰਦੀਆਂ, ਸੰਪ੍ਰਦਾਵਾਂ, ਵਿਦਵਾਨਾਂ ਆਦਿ ਨੇ ਹਾਜ਼ਰੀ ਭਰੀ। ਇਸ ਵਿਚ ਸ਼ਾਮਲ ਹੋਣ ਵਾਲੇ ਇਸ ਤਰ੍ਹਾਂ ਸਨ:-

1. ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਹਿਸਾਰ, ਅੰਬਾਲਾ, ਕਾਂਗੜਾ, ਹੁਸ਼ਿਆਰਪੁਰ, ਲੁਧਿਆਣਾ, ਫ਼ੀਰੋਜ਼ਪੁਰ, ਲਾਹੌਰ, ਅੰਮ੍ਰਿਤਸਰ, ਗੁਰਦਾਸ ਪੁਰ, ਸਿਆਲਕੋਟ, ਗੁਜਰਾਂਵਾਲਾ, ਸ਼ੇਖ਼ੂਪੁਰਾ, ਗੁਜਰਾਤ, ਸ਼ਾਹਪੁਰ, ਰਾਵਲਪਿੰਡੀ, ਮਿੰਟਗੁਮਰੀ, ਲਾਇਲਪੁਰ, ਮੁਜ਼ੱਫਰਗੜ੍ਹ ਤੇ ਡੇਰਾ ਇਸਮਾਈਲ ਖਾਂ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 80 ਮੈਂਬਰ।
2. ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੀਤ ਜਥੇਦਾਰ ਮੋਹਨ ਸਿੰਘ ਜੀ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਭਾਈ ਸਾਹਿਬ ਕਰਤਾਰ ਸਿੰਘ ਜੀ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਪ੍ਰਤਾਪ ਸਿੰਘ ਜੀ ਵੀ ਸ਼ਾਮਲ ਹੋਏ।
3. ਰਿਆਸਤ ਪਟਿਆਲਾ ਵੱਲੋਂ ਸ੍ਰ. ਆਤਮਾ ਸਿੰਘ ਜੀ ਅਤੇ 7 ਨਾਮਜ਼ਦ ਮੈਂਬਰ।
4. ਇਸ ਦੇ ਨਾਲ ਹੀ ਵੱਖ ਵੱਖ ਜਥਿਆਂ ਖਾਲਸਾ ਦੀਵਾਨ ਬਾਰ, ਗੜਗੱਜ ਅਕਾਲੀ ਦੀਵਾਨ, ਸੈਂਟਰਲ ਮਾਝਾ ਦੀਵਾਨ, ਗੁਰੂ ਨਾਨਕ ਖ਼ਾਲਸਾ ਕਾਲਜ ਗੁਜਰਾਂਵਾਲਾ,

SikhBookClub.com

ਖ਼ਾਲਸਾ ਕਾਲਜ ਅੰਮ੍ਰਿਤਸਰ, ਉਦਾਸੀਨ ਮਹਾਂ ਮੰਡਲ, ਖ਼ਾਲਸਾ ਬਰਾਦਰੀ ਅੰਮ੍ਰਿਤਸਰ, ਸ਼੍ਰੋਮਣੀ ਖ਼ਾਲਸਾ ਮਾਲਵਾ ਦੀਵਾਨ, ਖ਼ਾਲਸਾ ਯੂਥ ਲੀਗ , ਸ਼੍ਰੋਮਣੀ ਰਾਧਾ ਸਵਾਮੀ ਮਤ ਵਿਚਾਰਨੀ ਸਭਾ ਦੇ ਨੁਮਾਇੰਦੇ ਸ਼ਾਮਲ ਸਨ।

5. ਸ਼੍ਰੋਮਣੀ ਅਕਾਲੀ ਦਲ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ।
6. ਰਹੁ-ਰੀਤੀ ਕਮੇਟੀ ਦੇ ਮੈਂਬਰ।
7. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰਕ ਤੇ ਪੁਰਾਣੀ ਵਿਦਿਆਰਥੀ।
8. ਅਕਾਲੀ ਜਥੇ।
9. ਸਿੰਘ ਸਭਾਵਾਂ, ਅਤੇ।
10. ਅਖਬਾਰਾਂ ਦੇ ਨੁਮਾਇੰਦੇ।
11. ਨਾਮਜ਼ਦ ਮੈਂਬਰ।

(ੳ) ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਜ਼ਿਲ੍ਹਾ ਹਿਸਾਰ

1. ਸ੍ਰ. ਮੇਹਰ ਸਿੰਘ ਜੀ
2. ਸ੍ਰ. ਕਿਸ਼ਨ ਸਿੰਘ ਜੀ

ਜ਼ਿਲ੍ਹਾ ਅੰਬਾਲਾ

3. ਸ੍ਰ. ਬਚਨ ਸਿੰਘ ਜੀ
4. ਸ੍ਰ. ਅਜੀਤ ਸਿੰਘ ਜੀ

ਜ਼ਿਲ੍ਹਾ ਕਾਂਗੜਾ

5. ਸ੍ਰ. ਵਲੀ ਸਿੰਘ ਜੀ
6. ਸ੍ਰ. ਠੋਹਲਾ ਸਿੰਘ ਜੀ
7. ਸ੍ਰ. ਦਲੀਪ ਸਿੰਘ ਜੀ
8. ਸ੍ਰ. ਬਤਨ ਸਿੰਘ ਜੀ
9. ਸ੍ਰ. ਮਾਲਾ ਸਿੰਘ ਜੀ

ਜ਼ਿਲ੍ਹਾ ਜਲੰਧਰ

10. ਸ੍ਰ. ਭੋਲਾ ਸਿੰਘ ਜੀ
11. ਸ੍ਰ. ਨਰਿੰਦਰ ਸਿੰਘ ਜੀ
12. ਸ੍ਰ. ਲਾਭ ਸਿੰਘ ਜੀ
13. ਸ੍ਰ. ਥੰਮਣ ਸਿੰਘ ਜੀ
14. ਸ੍ਰ. ਰਛਪਾਲ ਸਿੰਘ ਜੀ
15. ਸ੍ਰ. ਬਖਸ਼ੀਸ਼ ਸਿੰਘ ਜੀ
16. ਸ੍ਰ. ਬਲਵੰਤ ਸਿੰਘ ਜੀ

SikhBookClub.com

ਜ਼ਿਲ੍ਹਾ ਲੁਧਿਆਣਾ

17. ਸ੍ਰ ਰਾਮ ਸਿੰਘ ਜੀ
18. ਸ੍ਰ. ਹਰਦਿਤ ਸਿੰਘ ਜੀ
19. ਸ੍ਰ. ਸੁੰਦਰ ਸਿੰਘ ਜੀ
20. ਸ੍ਰ. ਲਾਲ ਸਿੰਘ ਜੀ
21. ਸ੍ਰ. ਗੁਰਨਾਮ ਸਿੰਘ ਜੀ
22. ਸ੍ਰ. ਅਲਬੇਲ ਸਿੰਘ ਜੀ
23. ਸ੍ਰ. ਮੰਗਲ ਸਿੰਘ ਜੀ
24. ਸ੍ਰ. ਸੁਖਦੇਵ ਸਿੰਘ ਜੀ

ਜ਼ਿਲ੍ਹਾ ਫ਼ਿਰੋਜ਼ਪੁਰ

25. ਸ੍ਰ. ਨਰਿੰਜਨ ਸਿੰਘ ਜੀ
26. ਗਿ. ਸ਼ੇਰ ਸਿੰਘ ਜੀ
27. ਸ੍ਰ. ਦੇਵ ਸਿੰਘ ਜੀ
28. ਸ੍ਰ. ਟਹਿਲ ਸਿੰਘ ਜੀ
29. ਸ੍ਰ. ਗੰਗਾ ਸਿੰਘ ਜੀ
30. ਸ੍ਰ. ਈਸ਼ਰ ਸਿੰਘ ਜੀ
31. ਸ੍ਰ. ਕੁੰਢਾ ਸਿੰਘ ਜੀ
32. ਸ੍ਰ. ਦਰਬਾਰਾ ਸਿੰਘ ਜੀ
33. ਸ੍ਰ. ਈਸ਼ਰ ਸਿੰਘ ਜੀ

ਜ਼ਿਲ੍ਹਾ ਲਾਹੌਰ

34. ਸ੍ਰ. ਹਰਨਾਮ ਸਿੰਘ ਜੀ
35. ਸ੍ਰ. ਆਸਾ ਸਿੰਘ ਜੀ
36. ਸ੍ਰ. ਵਰਿਆਮ ਸਿੰਘ ਜੀ
37. ਸ੍ਰ. ਜਗਤ ਸਿੰਘ ਜੀ
38. ਸ੍ਰ. ਤੇਜਾ ਸਿੰਘ ਜੀ
39. ਸ੍ਰ. ਲਛਮਣ ਸਿੰਘ ਜੀ
40. ਸ੍ਰ. ਚੰਨਣ ਸਿੰਘ ਜੀ

ਜ਼ਿਲ੍ਹਾ ਅੰਮ੍ਰਿਤਸਰ

41. ਸ੍ਰ. ਮੱਘਰ ਸਿੰਘ ਜੀ
42. ਸ੍ਰ. ਰੂੜ ਸਿੰਘ ਜੀ
43. ਸ੍ਰ. ਜਗਤ ਸਿੰਘ ਜੀ
44. ਸ੍ਰ. ਸਰਮੁਖ ਸਿੰਘ ਜੀ

SikhBookClub.com

45. ਸ੍ਰ. ਸੁੰਦਰ ਸਿੰਘ ਜੀ
46. ਸ੍ਰ. ਗੁਰਬਖਸ਼ ਸਿੰਘ ਜੀ
47. ਸ੍ਰ. ਕਰਤਾਰ ਸਿੰਘ ਜੀ
48. ਭਾਈ ਮੋਹਨ ਸਿੰਘ ਜੀ
49. ਸ੍ਰ. ਜਸਵੰਤ ਸਿੰਘ ਜੀ ਝਬਾਲ
50. ਸ੍ਰ. ਪ੍ਰਤਾਪ ਸਿੰਘ ਜੀ

ਜ਼ਿਲ੍ਹਾ ਗੁਰਦਾਸਪੁਰ

51. ਸ੍ਰ. ਭਾਗ ਸਿੰਘ ਜੀ ਵਕੀਲ
52. ਸ੍ਰ. ਸ਼ਿਵ ਸਿੰਘ ਜੀ
53. ਸ੍ਰ. ਗੁਰਦਿਤ ਸਿੰਘ ਜੀ
54. ਸ੍ਰ. ਤੇਜਾ ਸਿੰਘ ਜੀ ਅੱਕਰਪੁਰੀ
55. ਸ੍ਰ. ਮੇਹਰ ਸਿੰਘ ਜੀ

ਜ਼ਿਲ੍ਹਾ ਸਿਆਲਕੋਟ

56. ਸ੍ਰ. ਸੁੰਦਰ ਸਿੰਘ ਜੀ ਰਸਾਲਦਾਰ
57. ਸ੍ਰ. ਬਲਵੰਤ ਸਿੰਘ ਜੀ
58. ਸ੍ਰ. ਗੁਰਬਖਸ਼ ਸਿੰਘ ਜੀ
59. ਸ੍ਰ. ਗੁਰਚਰਨ ਸਿੰਘ ਜੀ ਵਕੀਲ

ਜ਼ਿਲ੍ਹਾ ਗੁਜਰਾਂਵਾਲਾ

60. ਸ੍ਰ. ਅਵਤਾਰ ਸਿੰਘ ਜੀ ਬੈਰਿਸਟਰ
61. ਸ੍ਰ. ਤਾਰਾ ਸਿੰਘ ਜੀ

ਜ਼ਿਲ੍ਹਾ ਸ਼ੇਖ਼ੂਪੁਰਾ

62. ਭਾਈ ਕਰਤਾਰ ਸਿੰਘ ਜੀ ਝੱਬਰ
63. ਸ੍ਰ. ਰਾਮ ਸਿੰਘ ਜੀ
64. ਸ੍ਰ. ਗਹਿਣਾ ਸਿੰਘ ਜੀ

ਜ਼ਿਲ੍ਹਾ ਗੁਜਰਾਤ

65. ਸ੍ਰ. ਜਗਤ ਸਿੰਘ ਜੀ ਵਾਸੂ

ਜ਼ਿਲ੍ਹਾ ਸ਼ਾਹ ਪੁਰ

66. ਸ੍ਰ. ਲਾਭ ਸਿੰਘ ਜੀ
67. ਸ੍ਰ. ਬਲਬੀਰ ਸਿੰਘ ਜੀ ਵਕੀਲ

ਜ਼ਿਲ੍ਹਾ ਰਾਵਲਪਿੰਡੀ

68. ਸ੍ਰ. ਬਲਵੰਤ ਸਿੰਘ ਜੀ
69. ਸ੍ਰ. ਗੁਪਾਲ ਸਿੰਘ ਜੀ

SikhBookClub.com

ਜ਼ਿਲ੍ਹਾ ਮਿੰਟਗੁਮਰੀ

70. ਸ੍ਰ. ਸਤਵੰਤ ਸਿੰਘ ਜੀ
71. ਸ੍ਰ. ਮੱਲ ਸਿੰਘ ਜੀ
72. ਸ੍ਰ. ਸ਼ੇਰ ਸਿੰਘ ਜੀ

ਜ਼ਿਲ੍ਹਾ ਲਾਇਲਪੁਰ

73. ਸ੍ਰ. ਪਸ਼ੌਰਾ ਸਿੰਘ ਜੀ
74. ਸ੍ਰ. ਗੁਪਾਲ ਸਿੰਘ ਜੀ
75. ਸ੍ਰ. ਦੀਦਾਰ ਸਿੰਘ ਜੀ
76. ਸ੍ਰ. ਉਜਾਗਰ ਸਿੰਘ ਜੀ
77. ਸ੍ਰ. ਜਵਾਲਾ ਸਿੰਘ ਜੀ
78. ਸ੍ਰ. ਤਾਰਾ ਸਿੰਘ ਜੀ
79. ਸ੍ਰ. ਦਲਜੀਤ ਸਿੰਘ ਜੀ

ਜ਼ਿਲ੍ਹਾ ਮੁਜ਼ੱਫ਼ਰ ਗੜ੍ਹ ਤੇ ਡੇਰਾ ਇਸਮਾਈਲ ਖਾਂ

80. ਸ੍ਰ. ਅਜਾਇਬ ਸਿੰਘ ਜੀ

ਹੈਡ ਮਨਿਸਟਰਸ

81. ਭਾਈ ਸਾਹਿਬ ਕਰਤਾਰ ਸਿੰਘ ਜੀ, ਸ੍ਰੀ ਦਰਬਾਰ ਸਾਹਿਬ
82. ਭਾਈ ਮੋਹਣ ਸਿੰਘ ਜੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ
83. ਜਥੇਦਾਰ ਪ੍ਰਤਾਪ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ

ਰਿਆਸਤ ਪਟਿਆਲਾ

84. ਸ੍ਰ. ਆਤਮਾ ਸਿੰਘ ਜੀ

ਨਾਮਜ਼ਦ ਮੈਂਬਰ

85. ਸ੍ਰ. ਅਮਰ ਸਿੰਘ ਜੀ
86. ਸ੍ਰ. ਤਾਰਾ ਸਿੰਘ ਜੀ
87. ਸ੍ਰ. ਪ੍ਰਤਾਪ ਸਿੰਘ ਜੀ
88. ਪ੍ਰੋ. ਗੰਗਾ ਸਿੰਘ ਜੀ
89. ਸ੍ਰ. ਨਰੈਣ ਸਿੰਘ ਜੀ
90. ਭਾਈ ਪਿਆਰਾ ਸਿੰਘ ਜੀ
91. ਸ੍ਰ. ਅਮਰ ਸਿੰਘ ਜੀ

(ਅ) ਹੋਰ ਜਥਿਆਂ ਵੱਲੋਂ ਸ਼ਾਮਲ ਹੋਏ ਪ੍ਰਤੀਨਿਧ

ਖਾਲਸਾ ਦੀਵਾਨ ਬਾਰ

92. ਭਾ. ਰਣਜੀਤ ਸਿੰਘ ਜੀ
93. ਭਾ. ਇੰਦਰ ਸਿੰਘ ਜੀ
94. ਸ੍ਰ. ਸਰਦੂਲ ਸਿੰਘ ਜੀ

SikhBookClub.com

ਗੜਗੱਜ ਅਕਾਲੀ ਦੀਵਾਨ

95. ਭਾਈ ਤੇਜਾ ਸਿੰਘ ਜੀ
96. ਭਾਈ ਲਾਭ ਸਿੰਘ ਜੀ
97. ਭਾਈ ਲਛਮਣ ਸਿੰਘ ਜੀ
98. ਭਾਈ ਮੇਹਰ ਸਿੰਘ ਜੀ

ਸੈਂਟਰਲ ਮਾਝਾ ਦੀਵਾਨ

99. ਸ੍ਰ. ਤ੍ਰਲੋਚਨ ਸਿੰਘ ਜੀ
100. ਸ੍ਰ. ਕ੍ਰਿਪਾਲ ਸਿੰਘ ਜੀ

ਗੁਰੂ ਨਾਨਕ ਖ਼ਾਲਸਾ ਕਾਲਜ ਗੁਜਰਾਂਵਾਲਾ

101. ਸ੍ਰ. ਨਰੈਣ ਸਿੰਘ ਜੀ

ਖ਼ਾਲਸਾ ਕਾਲਜ ਅੰਮ੍ਰਿਤਸਰ

102. ਸ੍ਰ. ਗੰਡਾ ਸਿੰਘ ਜੀ ਕੇਵਲ
103. ਪ੍ਰੋ. ਤੇਜਾ ਸਿੰਘ ਜੀ

ਉਦਾਸੀਨ ਮਹਾਂ ਮੰਡਲ

104. ਸਵਾਮੀ ਰਾਜ ਕੁਮਾਰ ਤੀਰਥ ਐਡੀਟਰ 'ਮਹਾਤਮਾ ਸਮਾਚਾਰ' ਅੰਮ੍ਰਿਤਸਰ

ਖ਼ਾਲਸਾ ਬਰਾਦਰੀ ਅੰਮ੍ਰਿਤਸਰ

105. ਸ੍ਰ. ਲੱਖਾ ਸਿੰਘ ਜੀ

ਸ਼੍ਰੋਮਣੀ ਖ਼ਾਲਸਾ ਮਾਲਵਾ ਦੀਵਾਨ

106. ਭਾਈ ਮਹਿੰਦਰ ਸਿੰਘ ਜੀ
107. ਭਾਈ ਜਗਜੀਤ ਸਿੰਘ ਜੀ
108. ਭਾਈ ਬਚਿਤ੍ਰ ਸਿੰਘ ਜੀ

ਖ਼ਾਲਸਾ ਯੂਥ ਲੀਗ

109. ਸ੍ਰ. ਜਗਜੀਤ ਸਿੰਘ ਜੀ ਫ਼ਿਰੋਜ਼ਪੁਰ

ਸ਼੍ਰੋਮਣੀ ਰਾਧਾ ਸਵਾਮੀ ਮਤ ਵਿਚਾਰਨੀ ਸਭਾ

110. ਗਿ. ਹਰਚਰਨ ਸਿੰਘ ਜੀ
111. ਗਿ. ਭਗਤ ਸਿੰਘ ਜੀ

(ੲ) ਹੋਰ ਪ੍ਰਤਿਸ਼ਠਤ ਸੱਜਣ

112. ਗਿ. ਸਾਹਿਬ ਸਿੰਘ ਜੀ ਧਮਧਾਨ
113. ਸ੍ਰ. ਉਜਾਗਰ ਸਿੰਘ ਜੀ
114. ਸ੍ਰ. ਜਗਤ ਸਿੰਘ ਜੀ ਮੋਗਾ
115. ਭਾਈ ਅਮਰੀਕ ਸਿੰਘ ਜੀ ਚੂਨੇ ਵਾਲਾ, ਗੁਜਰਾਂਵਾਲਾ

SikhBookClub.com

116. ਭਾਈ ਅਮਰ ਸਿੰਘ ਜੀ 'ਖ਼ਾਲਸਾ'

117. ਸ੍ਰ. ਸਾਹਿਬ ਸਿੰਘ ਜੀ ਖਾ: ਕਾਲਜ

118. ਪ੍ਰੋ. ਸ਼ਮਸ਼ੇਰ ਸਿੰਘ ਜੀ ਪਸਰੂਰ

(ਸ) ਰਹੁ-ਰੀਤ ਕਮੇਟੀ ਦੇ ਮੈਂਬਰ

119. ਗਿ. ਠਾਕਰ ਸਿੰਘ ਜੀ ਅੰਮ੍ਰਿਤਸਰ

120. ਭਾਈ ਕਾਹਨ ਸਿੰਘ ਜੀ ਨਾਭਾ

121. ਭਾਈ ਸਾਹਿਬ ਲਾਭ ਸਿੰਘ ਜੀ ਗ੍ਰੰਥੀ ਦਰਬਾਰ ਸਾਹਿਬ

122. ਬਾਵਾ ਹਰਕਿਸ਼ਨ ਸਿੰਘ ਜੀ ਪ੍ਰਿੰਸੀਪਲ, ਗੁ: ਨਾ: ਖਾ: ਕਾ: ਗੁਜਰਾਂਵਾਲਾ

123. ਪ੍ਰੋ. ਜੋਧ ਸਿੰਘ ਜੀ ਐਮ. ਏ.

124. ਸ੍ਰ. ਵਸਾਵਾ ਸਿੰਘ ਜੀ ਜ਼ਿਲ੍ਹਾ ਗੁਰਦਾਸਪੁਰ

125. ਗਿ. ਨਾਹਰ ਸਿੰਘ ਜੀ ਐਡੀਟਰ ਸਿਖ ਸੇਵਕ

126. ਸੰਤ ਤੇਜਾ ਸਿੰਘ ਜੀ ਹੈਡ ਗ੍ਰੰਥੀ ਸ੍ਰੀ ਨਨਕਾਣਾ ਸਾਹਿਬ

127. ਸ੍ਰ. ਧਰਮਾਨੰਤ ਸਿੰਘ ਜੀ ਪ੍ਰਿੰਸੀਪਲ ਸ਼ਹੀਦ ਸਿ: ਮਿਸ਼ਨਰੀ ਕਾਲਜ ਅੰਮ੍ਰਿਤਸਰ

128. ਮਾਸਟਰ ਮਹਿਤਾਬ ਸਿੰਘ ਜੀ

(ਹ) ਸ਼੍ਰੋਮਣੀ ਅਕਾਲੀ ਦਲ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ

129. ਜਥੇਦਾਰ ਊਧਮ ਸਿੰਘ ਜੀ

130. ਸ੍ਰ. ਸਾਧੂ ਸਿੰਘ ਜੀ ਚਕ 30 ਲਾਇਲਪੁਰ

131. ਗਿ. ਕਰਤਾਰ ਸਿੰਘ ਜੀ ਲਾਇਲਪੁਰੀ

132. ਗਿ. ਗੁਰਮੁਖ ਸਿੰਘ ਜੀ 'ਮੁਸਾਫ਼ਰ'

133. ਸ੍ਰ. ਮੋਤਾ ਸਿੰਘ ਜੀ

134. ਸ੍ਰ. ਸੋਹਣ ਸਿੰਘ ਜੀ ਜਲਾਲ ਉਸਮਾਂ

135. ਸ੍ਰ. ਭਗਵਾਨ ਸਿੰਘ ਜੀ ਦੋਸਾਂਝ ਕਲਾਂ

136. ਸ੍ਰ. ਸਰਦੂਲ ਸਿੰਘ ਜੀ

137. ਸ੍ਰ. ਜਾਤਾ ਸਿੰਘ ਜੀ ਅੰਬਾਲਾ

138. ਸ੍ਰ. ਸੁੰਦਰ ਸਿੰਘ ਜੀ ਮੁਰੀਦ ਕੇ (ਗੁਰਦਾਸਪੁਰ)

139. ਸ੍ਰ. ਗੁਲਬਦਨ ਸਿੰਘ ਜੀ ਲੁਧਿਆਣਾ

140. ਸ੍ਰ. ਲਛਮਨ ਸਿੰਘ ਜੀ ਕਪੂਰਥਲਾ

141. ਸ੍ਰ. ਗਰਜਾ ਸਿੰਘ ਜੀ ਸਿਆਲਕੋਟ

142. ਸ੍ਰ. ਭਗਤ ਸਿੰਘ ਜੀ ਜਾਮਕੇ

143. ਸ੍ਰ. ਦਰਸ਼ਨ ਸਿੰਘ ਜੀ ਫੇਰੂਮਾਨ

144. ਸ੍ਰ. ਪ੍ਰੀਤਮ ਸਿੰਘ ਜੀ ਸਰਗੋਧਾ

SikhBookClub.com

(ੳ) ਅਖਬਾਰਾਂ ਦੇ ਐਡੀਟਰ

145. ਸ੍ਰ. ਅਮਰ ਸਿੰਘ ਜੀ 'ਸ਼ੇਰਿ ਪੰਜਾਬ' ਲਾਹੌਰ
146. ਭਾਈ ਮੇਵਾ ਸਿੰਘ ਜੀ 'ਖਾਲਸਾ ਸਮਾਚਾਰ'
147. ਭਾਈ ਰਾਜਿੰਦਰ ਸਿੰਘ ਜੀ 'ਖਾਲਸਾ ਐਡਵੋਕੇਟ'
148. ਸ੍ਰ. ਵੈਦ ਨੌਰੰਗ ਸਿੰਘ ਜੀ 'ਤਾਂਘੀ' ਐਡੀਟਰ, 'ਸੁਤੰਤ੍ਰ'
149. ਡਾ. ਹਰੀ ਸਿੰਘ ਜੀ ਐਡੀਟਰ 'ਡਾਕਟਰ'
150. ਸ੍ਰ. ਗੁਰਬਖਸ਼ ਸਿੰਘ ਜੀ ਐਡੀਟਰ 'ਪੰਜਾਬੀ ਪੰਚ'
151. ਸ੍ਰ. ਬੀਰ ਸਿੰਘ ਜੀ ਐਡੀਟਰ 'ਪੰਜਾਬੀ ਭੈਣ'
152. ਸ੍ਰ. ਰਾਮ ਸਿੰਘ ਜੀ ਧਾਰੋਵਾਲੀਆ 'ਰਾਮਗੜ੍ਹੀਆ ਪਤ੍ਰਕਾ'

(ਖ) ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਚਾਰਕ ਤੇ ਪੁਰਾਣੇ ਵਿਦਿਆਰਥੀ

153. ਗਿ. ਪ੍ਰਤਾਪ ਸਿੰਘ ਜੀ
154. ਭਾਈ ਸ਼ੰਕਰ ਸਿੰਘ ਜੀ
155. ਸ੍ਰ. ਤੀਰਥ ਸਿੰਘ ਜੀ
156. ਸ੍ਰ. ਨਰਿੰਜਨ ਸਿੰਘ ਜੀ ਸਰਲ
157. ਸ੍ਰ. ਵਸਣ ਸਿੰਘ ਜੀ
158. ਸ੍ਰ. ਨਿਹਾਲ ਸਿੰਘ ਜੀ
159. ਸ੍ਰ. ਗੁਰਦਾਸ ਸਿੰਘ ਜੀ

(ਗ) ਅਕਾਲੀ ਜਥੇ

160. ਭਾਈ ਗਗੜਵਾਲੀਆ
161. ਜਥੇਦਾਰ ਜੀਤ ਸਿੰਘ ਜੀ ਹਿਸਾਰ

(ਘ) ਸਿੰਘ ਸਭਾਵਾਂ

162. ਭਾਈ ਕਰਤਾਰ ਸਿੰਘ ਜੀ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ
163. ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਬੁਤਾਲਾ (ਅੰਮ੍ਰਿਤਸਰ) (ਨਾਮ ਪੜ੍ਹਿਆ ਨਹੀਂ ਗਿਆ)
164. ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਫ਼ਿਰੋਜ਼ਪੁਰ ਸ਼ਹਿਰ (ਨਾਮ ਪੜ੍ਹਿਆ ਨਹੀਂ ਗਿਆ)
165. ਭਾਈ ਖੁਸ਼ਹਾਲ ਸਿੰਘ ਜੀ ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਵਜ਼ੀਰਾਬਾਦ
166. ਭਾਈ ਮੋਹਨ ਸਿੰਘ ਜੀ ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਪਸਰੂਰ (ਸਿਆਲਕੋਟ)
167. ਭਾਈ ਰਾਜ ਸਿੰਘ ਜੀ ਨਾਨਕਸਰ ਸਿੰਘ ਸਭਾ ਟੋਬਾ ਟੇਕ ਸਿੰਘ
168. ਡਾਕਟਰ ਹਰਭਜਨ ਸਿੰਘ ਜੀ ਸਿੰਘ ਸਭਾ ਆਗਰਾ
169. ਭਾਈ ਭਗਵਾਨ ਸਿੰਘ ਜੀ ਸਿੰਘ ਸਭਾ ਬਿਲਗਾ (ਜਲੰਧਰ)
170. ਭਾਈ ਸ਼ਰਧਾ ਸਿੰਘ ਜੀ ਸਿੰਘ ਸਭਾ ਰਾਵਲਪਿੰਡੀ

SikhBookClub.com

ਇਸ ਤਰ੍ਹਾਂ ਇਸ ਪੰਥਕ ਸਮਾਗਮ ਵਿਚ 170 ਨੁਮਾਇੰਦਿਆਂ ਨੇ ਹਾਜ਼ਰੀ ਭਰੀ। ਇਸ ਦੀ ਅਰੰਭਤਾ ਦਾ ਅਰਦਾਸਾ ਸ੍ਰੀ ਨਨਕਾਣਾ ਸਾਹਿਬ ਜੀ ਦੇ ਹੈਡ ਗ੍ਰੰਥੀ ਸੰਤ ਤੇਜਾ ਸਿੰਘ ਜੀ ਨੇ ਸੋਧਿਆ। ਇਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮਨਾਮਾ ਲਿਆ ਗਿਆ, ਜਿਸ ਦੀ ਪਹਿਲੀ ਤੁਕ ਸੀ:-

ਧਨਾਸਰੀ ਮਹਲਾ ੧ ਛੰਤ

ੴ ਸਤਿਗੁਰ ਪ੍ਰਸਾਦਿ ॥

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥

ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥

(ਅੰਗ ੬੮੭)

ਇਸ ਵਿਚ ਪ੍ਰੋਫੈਸਰ ਤੇਜਾ ਸਿੰਘ ਜੀ ਨੇ ਰਹੁਰੀਤ ਸਬ-ਕਮੇਟੀ ਦੀ ਰੀਪੋਰਟ ਸੁਣਾਈ ਅਤੇ ਸਮਾਗਮ ਨੂੰ ਸੰਬੋਧਨ ਕੀਤਾ ਕਿ ਕਈ ਸਜਣ ਅਤੇ ਜਥੇ ਭਾਵੇਂ ਰਹਿਤ ਮਰਯਾਦਾ ਨੀਯਤ ਕਰਨ ਦੇ ਮਾਮਲੇ ਨੂੰ ਲਮਕਾਣਾ ਚਾਹੁੰਦੇ ਹਨ, ਪਰ ਇਸ ਦੇ ਪਾਸ ਕਰਨ ਦੀ ਸਖਤ ਜ਼ਰੂਰਤ ਹੈ, ਨਹੀਂ ਤਾਂ ਸਾਡੀ ਰਹਿਤ ਮਰਯਾਦਾ ਇਕ ਨਾ ਹੋਣ ਕਰਕੇ ਅਸੀਂ ਬਹੁਤ ਹਾਸੋ ਹੀਣੇ ਹੋ ਰਹੇ ਹਾਂ। ਸਾਡਾ ਯਤਨ ਇਹ ਹੋਣਾ ਚਾਹੀਦਾ ਹੈ ਕਿ ਅਸੀਂ ਜੋ ਕੁੱਝ ਪਾਸ ਕਰੀਏ ਚੰਗੀ ਤੋਂ ਚੰਗੀ ਸ਼ਕਲ ਵਿਚ ਪਾਸ ਕਰੀਏ।

ਉਪ੍ਰੰਤ ਕਾਰਵਾਈ ਸ਼ੁਰੂ ਹੋਣ 'ਤੇ ਪ੍ਰੋਫੈਸਰ ਜੋਧ ਸਿੰਘ ਜੀ ਨੇ ਮੰਗ ਕੀਤੀ ਕਿ ਸ਼੍ਰੋਮਣੀ ਕਮੇਟੀ ਦਾ 13-15 ਮਾਰਚ, 1927 ਦਾ ਉਹ ਗੁਰਮਤਾ ਸੁਣਾਇਆ ਜਾਵੇ, ਜਿਸ ਅਨੁਸਾਰ ਇਹ ਖਰੜਾ ਤਿਆਰ ਹੋ ਰਿਹਾ ਹੈ। ਇਸ 'ਤੇ ਉਹ ਗੁਰਮਤਾ ਪੜ੍ਹ ਕੇ ਸੁਣਾਇਆ ਗਿਆ ਜੋ ਇਸ ਤਰ੍ਹਾਂ ਹੈ :

> ***"ਉਪਰੰਤ ਜਥੇਦਾਰ ਤੇਜਾ ਸਿੰਘ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਜਵੀਜ਼ 'ਤੇ ਸ੍ਰ. ਰਵੇਲ ਸਿੰਘ ਜੀ ਦੀ ਤਾਈਦ ਕਰਨ ਉਤੇ ਸਰਬ-ਸੰਮਤੀ ਨਾਲ ਪਾਸ ਹੋਇਆ ਕਿ ਕਈਆਂ ਕਾਰਣਾਂ ਕਰਕੇ ਸਿੱਖ ਰਹਿਤ ਮਰਯਾਦਾ ਸੰਬੰਧੀ ਮੱਤ-ਭੇਦ ਪੈਦਾ ਹੋ ਗਏ ਹਨ ਤੇ ਹੁੰਦੇ ਜਾ ਰਹੇ ਹਨ, ਇਸ ਲਈ ਹੇਠ ਲਿਖੇ ਵਿਦਵਾਨਾਂ ਦੀ ਇਕ ਸਬ-ਕਮੇਟੀ ਬਣਾਈ ਗਈ ਜੋ ਰਹਿਤਨਾਮਿਆਂ ਤੇ ਹੋਰ ਗੁਰਮਤ ਗ੍ਰੰਥਾਂ ਤੇ ਮੁਖੀਆਂ ਦੀ ਰਾਇ ਨਾਲ ਗੁਰਮਤਿ ਦੀ ਰਹੁ-ਰੀਤੀ ਦਾ ਖਰੜਾ ਤਿਆਰ ਕਰਕੇ ਛੇਤੀ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਵਿਚਾਰ ਲਈ ਪੇਸ਼ ਕਰੇ।"***

ਇਸ ਇਕਤ੍ਰਤਾ ਵਿਚ ਪ੍ਰੋਫੈਸਰ ਜੋਧ ਸਿੰਘ ਜੀ ਨੇ ਦਿਲਚਸਪ ਰਾਇ ਦਿੱਤੀ ਕਿ ਇਸ ਗੁਰਮਤੇ ਮੁਤਾਬਕ ਇਹ ਸਮਾਗਮ ਸਿਰਫ਼ ਗੁਰਦੁਆਰਿਆਂ ਦੀ ਮਰਯਾਦਾ ਦਾ ਫ਼ੈਸਲਾ ਕਰ ਸਕਦਾ ਹੈ। ਪ੍ਰੋਫੈਸਰ ਤੇਜਾ ਸਿੰਘ ਜੀ (ਕਨਵੀਨਰ ਰਹੁ-ਰੀਤ ਸਬ-ਕਮੇਟੀ) ਨੇ ਸਪਸ਼ਟ ਕੀਤਾ ਕਿ ਸਿੱਖਾਂ ਦੀ ਕੋਈ ਅਜਿਹੀ ਮਰਯਾਦਾ ਨਹੀਂ ਜੋ ਕਿ ਗੁਰਦੁਆਰਿਆਂ ਵਿਚ ਨਾ ਹੁੰਦੀ ਹੋਵੇ ਅਤੇ ਵੈਸੇ ਵੀ ਗੁਰਦੁਆਰਿਆਂ ਦੇ ਅੰਦਰ ਅਤੇ ਬਾਹਰ ਇਕੋ ਮਰਯਾਦਾ ਹੋਣੀ

SikhBookClub.com

ਚਾਹੀਦੀ ਹੈ। ਕੁੱਝ ਬਹਿਸ ਉਪ੍ਰੰਤ ਇਕਤ੍ਰਤਾ ਦੇ ਪ੍ਰਧਾਨ (ਜਥੇਦਾਰ ਪ੍ਰਤਾਪ ਸਿੰਘ ਜੀ) ਨੇ ਰੂਲਿੰਗ ਦਿੱਤੀ ਕਿ ਇਸ ਖਰੜੇ ਉਤੇ ਵਿਚਾਰ ਕਰਨੀ ਹਵਾਲੇ ਵਾਲੇ ਗੁਰਮਤੇ ਦੇ ਭਾਵ ਦੀ ਉਲੰਘਣਾ ਨਹੀਂ ਕਰਦੀ, ਸੋ ਖਰੜੇ ਉਤੇ ਵਿਚਾਰ ਹੋਵੇ।

ਇਸ ਦੇ ਬਾਅਦ ਇਕਤ੍ਰਤਾ ਦੇ ਵਿਧੀ ਵਿਧਾਨ, ਪ੍ਰੋਸੀਜਰ ਬਾਰੇ ਬਹੁਤ ਬਹਿਸ ਉਪਰੰਤ ਪ੍ਰਧਾਨ ਸਾਹਿਬ ਨੇ ਰੂਲਿੰਗ ਦਿੱਤੀ ਕਿ ਜਿਹੜੀਆਂ ਗੱਲਾਂ ਸੰਬੰਧੀ ਕੋਈ ਮਤਭੇਦ ਨਾ ਹੋਵੇ, ਉਹ ਪਾਸ ਸਮਝੀਆਂ ਜਾਣਗੀਆਂ ਅਤੇ ਜਿੱਥੇ ਮਤਭੇਦ ਹੋਵੇ, ਉਹ ਮਾਮਲਾ ਇਸ ਸਮਾਗਮ ਦੀਆਂ ਤਰਮੀਮਾਂ ਸਮੇਤ ਰਹੁਰੀਤੀ ਸਬ-ਕਮੇਟੀ ਦੇ ਹਵਾਲੇ ਮੁੜ ਵਿਚਾਰ ਲਈ ਪੇਸ਼ ਹੋਵੇਗਾ। ਰਹੁਰੀਤੀ ਕਮੇਟੀ ਦਾ ਫੈਸਲਾ ਦੁਬਾਰਾ ਸਾਰੇ ਸਮਾਗਮ ਵਿਚ ਪੇਸ਼ ਹੋਵੇਗਾ, ਪਰ ਉਸ ਸਮੇਂ ਨਵੀਂ ਤਰਮੀਮ ਕੋਈ ਪੇਸ਼ ਨਹੀਂ ਹੋਵੇਗੀ। ਇਸ ਤਰ੍ਹਾਂ ਦੂਜੀ ਵਾਰੀ ਸਮਾਗਮ ਵਿਚ ਪਾਸ ਹੋਇਆ ਮਾਮਲਾ ਪਾਸ ਸਮਝਿਆ ਜਾਵੇਗਾ ਅਤੇ ਫੇਹਲ ਹੋਇਆ ਮਸਲਾ ਛਡ ਦਿਤਾ ਜਾਵੇਗਾ।

ਰਹਿਤ ਮਰਯਾਦਾ ਦੀ ਇਕਸਾਰਤਾ ਅਤੇ ਕਾਇਮ ਇਸ ਲਈ ਵੀ ਲੋੜੀਂਦੀ ਸੀ ਕਿ ਉਸ ਸਮੇਂ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਆਲੇ-ਦੁਆਲੇ ਦੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਵਿਚ ਹੀ ਮਰਯਾਦਾ ਦਾ ਅੰਤਰ ਸੀ।

ਇਸ ਦੇ ਨਾਲ ਪ੍ਰੋ. ਜੋਧ ਸਿੰਘ ਜੀ ਨੇ ਇਕ ਨੁਕਤਾ ਹੋਰ ਚੁਕਿਆ ਸੀ ਕਿ ਕੀ ਪਿਛਲੀ ਮਰਯਾਦਾ ਨੂੰ ਇਸ ਤਰ੍ਹਾਂ ਬਦਲਿਆ ਜਾਣਾ ਹੈ ਕਿ ਜਿੱਥੇ ਕਿਤੇ ਨੁਕਸ ਹੋਵੇ ਕੇਵਲ ਉਸਨੂੰ ਸੋਧਿਆ ਜਾਵੇਗਾ।

ਇਸ ਦੇ ਜਵਾਬ ਵਿਚ ਦਸਿਆ ਗਿਆ ਕਿ ਪਰਚੱਲਤ ਮਰਯਾਦਾ ਨੂੰ ਬਿਲਕੁਲ ਨਹੀਂ ਬਦਲਿਆ ਜਾਵੇਗਾ। ਕੇਵਲ ਉਨ੍ਹਾਂ ਗੱਲਾਂ ਸੰਬੰਧੀ ਬਹਿਸ ਹੋਵੇਗੀ, ਜਿੱਥੇ ਮਰਯਾਦਾ ਇਕ ਹੈ ਹੀ ਨਹੀਂ, ਅਤੇ ਅਜਿਹੇ ਮਾਮਲਿਆਂ ਸੰਬੰਧੀ ਵੀ ਗੁਰਬਾਣੀ, ਇਤਿਹਾਸ, ਰਹਿਤਨਾਮਿਆਂ, ਹੁਕਮਨਾਮਿਆਂ, ਪ੍ਰਸਿਧ ਗੁਰਦਵਾਰਿਆਂ ਅਤੇ ਤਖ਼ਤ ਸਾਹਿਬਾਨ ਦੇ ਪੁਰਾਣੇ ਰਿਵਾਜਾਂ ਦੀ ਰੋਸ਼ਨੀ ਵਿਚ ਫੈਸਲਾ ਕੀਤਾ ਜਾਵੇਗਾ।

ਇਸ ਸਾਰੀ ਕਾਰਵਾਈ ਤੋਂ ਪਤਾ ਲਗਦਾ ਹੈ ਕਿ ਉਸ ਸਮੇਂ ਵੀ ਗੁਰੂ ਪੰਥ ਵਿਚ ਇਕਸਾਰਤਾ ਪੈਦਾ ਕਰਨ ਲਈ ਸਿੱਖ ਰਹਿਤ ਮਰਯਾਦਾ ਬਣਾਉਣ ਦੇ ਉਪਰਾਲੇ ਵਿਚ ਰੁਕਾਵਟਾਂ ਪਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ 'ਤੇ ਇਕੱਤਰਤਾ ਵਿਚ ਹੀ ਪ੍ਰੋ. ਤੇਜਾ ਸਿੰਘ ਜੀ ਨੂੰ ਕਹਿਣਾ ਪਿਆ ਕਿ ਕਈ ਸੱਜਣ ਇਸ ਮਾਮਲੇ ਨੂੰ ਲਟਕਾਉਣਾ ਚਾਹੁੰਦੇ ਹਨ। ਜੇਕਰ ਉਸ ਭਲੇ ਸਮੇਂ ਵੀ ਪੰਥ ਵਿਚ ਐਸੀ ਬਿਰਤੀ ਅਤੇ ਸੋਚ ਕਾਇਮ ਸੀ ਅਤੇ ਕਾਰਜ ਔਖਾ ਸੀ ਤਾਂ ਤੇ ਸਹਿਜੇ ਅਨੁਮਾਨਿਆ ਜਾ ਸਕਦਾ ਹੈ ਕਿ ਅੱਜ ਦੇ ਸਮੇਂ ਵਿਚ ਤਾਂ ਇਹ ਅਸੰਭਵ ਹੀ ਹੋਏਗਾ।

ਸਿੱਖ ਰਹਿਤ ਮਰਯਾਦਾ ਦੀ ਤਿਆਰੀ ਸਿਖ ਇਤਿਹਾਸ ਦੇ ਅਹਿਮ ਵਰਕੇ ਹਨ। ਪਰ ਦਿੱਕਤ ਇਹ ਹੈ ਕਿ ਇਸ ਦੀ ਤਿਆਰੀ ਸਮੇਂ ਦੇ ਮਤੇ ਤਾਂ ਸੰਖੇਪ ਵਿਚ ਲਿਖੇ ਗਏ ਹਨ ਪਰ ਉਸ ਦੌਰਾਨ ਹੋਏ ਵਿਚਾਰ ਵਟਾਂਦਰੇ ਅਤੇ ਟਿੱਪਣੀਆਂ ਮੌਜੂਦ ਨਹੀਂ ਹਨ। ਦੱਸਿਆ ਜਾਂਦਾ

SikhBookClub.com

ਹੈ ਕਿ ਵੱਡੀ ਗਿਣਤੀ ਵਿਚ ਇਹ ਮੌਜੂਦ ਸੀ ਪਰ ਦਰਾਬਰ ਸਾਹਿਬ 'ਤੇ ਹੋਏ ਹਮਲੇ ਦੌਰਾਨ ਸਭ ਗਵਾਚ ਗਿਆ।

ਇਸ ਦੇ ਨਾਲ ਹੀ ਪ੍ਰਧਾਨ ਸਾਹਿਬ ਦੀ ਇਹ ਰੂਲਿੰਗ ਬਹੁਤ ਮਹੱਤਵਪੂਰਨ ਸੀ ਕਿ ਖਰੜੇ ਦੇ ਵਿਚ ਮੌਜੂਦ ਜਿਨ੍ਹਾਂ ਮੁੱਦਿਆਂ ਨੂੰ ਚੁਕਿਆ ਗਿਆ ਉਹਨ੍ਹਾਂ ਬਾਰੇ ਵਿਚਾਰ ਕਰ ਕੇ ਨਿਰਣੇ ਦਿੱਤੇ ਗਏ ਅਤੇ ਬਾਕੀ ਦੇ ਮਾਮਲਿਆਂ ਨੂੰ ਪ੍ਰਵਾਨ ਸਮਝਿਆ ਗਿਆ। ਇਸ ਤਰ੍ਹਾਂ ਸਿੱਖ ਰਹਿਤ ਮਰਯਾਦਾ ਦੀ ਤਿਆਰੀ ਵੱਲ ਵੱਡੀ ਪੇਸ਼ ਕਦਮੀ ਕੀਤੀ ਗਈ।

ਇਸ ਤੋਂ ਬਾਅਦ ਬਾਕਾਇਦਾ ਕਾਰਵਾਈ ਸ਼ੁਰੂ ਕਰਦਿਆਂ ਪ੍ਰੋ. ਤੇਜਾ ਸਿੰਘ ਜੀ ਨੇ ਖਰੜੇ ਵਿਚ ਦਿੱਤੀ ਸਿਖ ਦੀ ਤਾਰੀਫ਼ (ਪਰਿਭਾਸ਼ਾ) ਪੜ੍ਹ ਕੇ ਸੁਣਾਈ:-

> **"ਜੋ ਇਸਤ੍ਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸਚਾ ਰਖਦਾ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।"**

ਇਸ ਸੰਬੰਧੀ ਕਈ ਤਰਮੀਮਾਂ ਬੇ-ਤਰਤੀਬੀਆਂ ਹੀ ਪੇਸ਼ ਹੋਣ ਲੱਗ ਪਈਆਂ, ਜਿਹਾ ਕਿ:-

(1) ਜੋ ਇਸਤ੍ਰੀ ਜਾਂ ਪੁਰਸ਼ ਦੀ ਥਾਵੇਂ ਜੋ ਕੇਸਾਧਾਰੀ ਇਸਤ੍ਰੀ ਜਾਂ ਪੁਰਸ਼ ਕੀਤਾ ਜਾਵੇ। (ਸ੍ਰ. ਅਮ੍ਰੀਕ ਸਿੰਘ ਜੀ।)

(2) ਅੰਮ੍ਰਿਤਧਾਰੀ ਸਿੱਖ ਅਤੇ ਸਹਿਜਧਾਰੀ ਸਿਖ ਦੀ ਤਾਰੀਫ਼ ਹੀ ਅੱਡ ਅੱਡ ਕੀਤੀ ਜਾਵੇ। (ਰਿਸਾਲਦਾਰ ਸੁੰਦਰ ਸਿੰਘ ਜੀ ਅਤੇ ਪ੍ਰੋਫੈਸਰ ਜੋਧ ਸਿੰਘ ਜੀ)

(3) ਇਹ ਖਰੜਾ ਹੈ ਹੀ ਅੰਮ੍ਰਿਤਧਾਰੀ ਸਿਖਾਂ ਲਈ , ਸੋ ਏਸੇ ਅਨੁਸਾਰ ਖਰੜੇ ਦੇ ਹੈਡਿੰਗ ਵਿਚ ਤਬਦੀਲੀ ਕਰ ਲਈ ਜਾਵੇ।

ਸਵਾਮੀ ਰਾਜ ਕੁਮਾਰ ਤੀਰਥ ਉਦਾਸੀ ਨੇ ਕਿਹਾ ਕਿ ਸਾਨੂੰ ਇਸ ਖਰੜੇ 'ਤੇ ਵਿਚਾਰ ਕਰਨ ਦਾ ਸਮਾਂ ਨਹੀਂ ਮਿਲਿਆ, ਸੋ ਜਾਂ ਤਾਂ ਇਸ ਦਾ ਨਾਮ ਖ਼ਾਲਸਾ ਰਹਿਤ ਮਰਯਾਦਾ ਰਖਿਆ ਜਾਵੇ ਜਾਂ ਸਾਨੂੰ ਵਿਚਾਰ ਦਾ ਸਮਾਂ ਦਿਤਾ ਜਾਵੇ।

ਇਸ ਸੰਬੰਧੀ ਕੁੱਝ ਖਿਆਲਾਤ ਪ੍ਰਗਟ ਕਰਦਿਆਂ ਹੋਇਆਂ ਗਿਆਨੀ ਸ਼ੇਰ ਸਿੰਘ ਜੀ, ਸ੍ਰ. ਗੁਪਾਲ ਸਿੰਘ ਜੀ ਸਾਗਰੀ, ਸ੍ਰ. ਭਾਗ ਸਿੰਘ ਜੀ, ਸ੍ਰ. ਮਹਿੰਦਰ ਸਿੰਘ ਜੀ ਸਿਧਵਾਂ, ਭਾਈ ਸ਼ਰਧਾ ਸਿੰਘ ਜੀ ਅਤੇ ਗਿਆਨੀ ਨਾਹਰ ਸਿੰਘ ਜੀ ਨੇ ਫ਼ੁਰਮਾਇਆ ਕਿ ਉਦਾਸੀ ਸੰਤਾਂ ਨੂੰ ਵਿਚਾਰ ਵਿਚ ਹਿੱਸਾ ਲੈਣ ਲਈ ਸਮਾਂ ਮਿਲਣਾ ਚਾਹੀਦਾ ਹੈ, ਸੋ ਸਮਾਗਮ ਮੁਲਤਵੀ ਹੋਣਾ ਚਾਹੀਦਾ ਹੈ।

ਇਸ ਸੁਝਾਅ ਦੀ ਵਿਰੋਧਤਾ ਕਰਦਿਆਂ ਭਾਈ ਕਰਤਾਰ ਸਿੰਘ ਜੀ ਝੱਬਰ, ਪ੍ਰੋ. ਗੰਗਾ ਸਿੰਘ ਜੀ, ਗਿਆਨੀ ਸੁੰਦਰ ਸਿੰਘ ਜੀ 'ਰੰਗ', ਗਿਆਨੀ ਕਰਤਾਰ ਸਿੰਘ ਜੀ ਲਾਇਲਪੁਰੀ ਆਦਿ ਸੱਜਣਾਂ ਨੇ ਫ਼ੁਰਮਾਇਆ ਕਿ ਸਮਾਗਮ ਮੁਤਲਵੀ ਨਹੀਂ ਹੋਣਾ ਚਾਹੀਦਾ ਕਿਉਂਕਿ

SikhBookClub.com

ਸਾਰੀਆਂ ਸੰਪ੍ਰਦਾਵਾਂ ਦੀ ਇਕ ਰਹਿਤ ਮਰਯਾਦਾ ਹੋ ਹੀ ਨਹੀਂ ਸਕਦੀ। ਇਹ ਖਰੜਾ ਤਾਂ ਪਾਸ ਹੋਣਾ ਚਾਹੀਦਾ ਹੈ, ਸੰਪ੍ਰਦਾਵਾਂ ਨੂੰ ਇਕੱਠਿਆਂ ਕਰਨ ਲਈ ਵੱਖਰਾ ਯਤਨ ਹੋਣਾ ਚਾਹੀਦਾ ਹੈ।

ਇਸ 'ਤੇ ਪ੍ਰਧਾਨ ਸਾਹਿਬ ਨੇ ਰੂਲਿੰਗ ਦਿੱਤੀ ਕਿ ਏਸ ਕੰਮ ਲਈ ਸਮਾਗਮ ਮੁਲਤਵੀ ਨਹੀਂ ਹੋ ਸਕਦਾ ਇਸ ਲਈ ਸਿਖ ਦੀ ਤਾਰੀਫ਼ 'ਤੇ ਵਿਚਾਰ ਹੋਵੇ।

ਇਸ 'ਤੇ ਸ. ਮੰਗਲ ਸਿੰਘ ਜੀ ਨੇ ਕਿਹਾ ਕਿ ਤਾਰੀਫ਼ ਇਉਂ ਹੋਵੇ:-

> ***"ਜੋ ਇਸਤ੍ਰੀ ਜਾਂ ਪੁਰਸ਼ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਗੁਰੂ ਤੇ ਉਨ੍ਹਾਂ ਦੇ ਚਲਾਏ ਹੋਏ ਧਰਮ ਨੂੰ ਆਪਣਾ ਧਰਮ ਮੰਨਦਾ ਹੋਵੇ ਤੇ ਹੋਰ ਕਿਸੇ ਧਰਮ ਨੂੰ ਨਾ ਮੰਨਦਾ ਹੋਵੇ, ਉਹ ਸਿੱਖ ਹੈ।"***

ਗਿਆਨੀ ਸ਼ੇਰ ਸਿੰਘ ਜੀ ਨੇ ਇਸ ਦੀ ਵਿਰੋਧਤਾ ਕੀਤੀ। ਉਨ੍ਹਾਂ ਦਸਿਆ ਕਿ ਜਿਹੜੀਆਂ ਸੰਪ੍ਰਦਾਵਾਂ ਸਾਰੇ ਗੁਰੂ ਸਾਹਿਬਾਨ ਨੂੰ ਇਕ ਜੋਤ ਨਹੀਂ ਮੰਨਦੀਆਂ, ਉਹ ਸਿਖ ਪੰਥ ਵਿਚੋਂ ਅਲਹਿਦਾ ਕੀਤੀਆਂ ਜਾਂਦੀਆਂ ਰਹੀਆਂ ਹਨ, ਜਿਹਾ ਕਿ ਰਾਮ ਰਾਈਏ, ਧੀਰ ਮਲੀਏ।

ਗਿਆਨੀ ਤ੍ਰਲੋਚਨ ਸਿੰਘ ਜੀ ਨੇ ਫ਼ੁਰਮਾਇਆ ਕਿ ਸਿਖ ਦਾ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ, ਇਹ ਤਾਰੀਫ਼ ਕਾਫ਼ੀ ਨਹੀਂ।

ਸ. ਗੰਡਾ ਸਿੰਘ ਜੀ ਕੇਵਲ ਅਤੇ ਗਿਆਨੀ ਨਾਹਰ ਸਿੰਘ ਜੀ ਨੇ ਰਾਇ ਦਿੱਤੀ ਕਿ ਤਾਰੀਫ਼ ਕੀਤੀ ਹੀ ਨਾ ਜਾਵੇ, ਸਾਰਾ ਖਰੜਾ ਸਿੱਖ ਦੀ ਤਾਰੀਫ਼ ਹੀ ਕਰ ਰਿਹਾ ਹੈ।

ਸ. ਗੰਡਾ ਸਿੰਘ ਅਤੇ ਸ. ਗੁਰਚਰਨ ਸਿੰਘ ਜੀ ਨੇ ਕਿਹਾ ਕਿ ਤਾਰੀਫ਼ ਅਖ਼ੀਰ 'ਤੇ ਕਰ ਲਈ ਜਾਏ।

ਭਾਈ ਸਾਹਿਬ ਕਾਹਨ ਸਿੰਘ, ਗਿਆਨੀ ਸ਼ੇਰ ਸਿੰਘ, ਸੰਤ ਤੇਜਾ ਸਿੰਘ ਜੀ, ਪ੍ਰੋਫੈਸਰ ਗੰਗਾ ਸਿੰਘ ਜੀ, ਪ੍ਰੋ. ਤੇਜਾ ਸਿੰਘ ਜੀ ਆਦਿ ਨੇ ਫ਼ੁਰਮਾਇਆ ਕਿ ਖਰੜੇ ਵਾਲੀ ਤਾਰੀਫ਼ ਮੁਕੰਮਲ ਹੈ ਅਤੇ ਇਹ ਸ਼ੁਰੂ ਵਿਚ ਜ਼ਰੂਰ ਦਰਜ ਹੋਣੀ ਚਾਹੀਦੀ ਹੈ।

ਇਸ ਸਾਰੇ ਵਿਸਤ੍ਰਿਤ ਵਿਚਾਰ ਵਟਾਂਦਰੇ ਦੇ ਬਾਅਦ ਪ੍ਰਧਾਨ ਸਾਹਿਬ ਨੇ ਸਮਾਗਮ ਦੇ ਖਿਆਲਾਤ ਜਾਂਚ ਕੇ ਨਿਰਣਾ ਦਿੱਤਾ ਕਿ ਸਮਾਗਮ ਤਾਰੀਫ਼ ਸੰਬੰਧੀ ਸਹਿਮਤ ਨਹੀਂ ਹੈ, ਇਸ ਲਈ ਇਹ ਮਾਮਲਾ ਰਹੁਰੀਤੀ ਸਬ-ਕਮੇਟੀ ਦੀ ਵਿਚਾਰ ਮੁੜ ਭਰੇ ਸਮਾਗਮ ਵਿਚ ਪੇਸ਼ ਹੋਵੇਗੀ ਪਰ ਉਸ ਸਮੇਂ ਨਵੀਆਂ ਤਰਮੀਮਾਂ ਪੇਸ਼ ਨਹੀਂ ਹੋ ਸਕਣਗੀਆਂ।

ਇਸ ਦੇ ਨਾਲ ਹੀ ਇਹ ਵੀ ਕਿਹਾ ਕਿ ਜੇ ਸਭ ਤਜਵੀਜ਼ਾਂ ਰੱਦ ਹੋ ਜਾਣ ਤਾਂ ਫੇਰ ਨਵੀਂ ਤਜਵੀਜ਼ ਹੋ ਸਕਦੀ ਹੈ। ਇਸ ਸੰਬੰਧੀ ਜੇ ਕਿਸੇ ਸਜਣ ਨੂੰ ਕੋਈ ਹੋਰ ਤਜਵੀਜ਼ ਸੁਝੇ ਤਾਂ ਉਹ ਭੀ ਰਹੁਰੀਤ ਕਮੇਟੀ ਦੀ ਵਿਚਾਰ ਲਈ ਭੇਜ ਦੇਵੇ।

ਇਸ ਤੋਂ ਬਾਅਦ ਇਕਤ੍ਰਤਾ ਅਗਲੇ ਦਿਨ ਸਵੇਰੇ 10 ਵਜੇ ਤਕ ਮੁਲਤਵੀ ਹੋ ਗਈ।

(ਗੁਰਦੁਆਰਾ ਗਜ਼ਟ, ਜਨਵਰੀ, ੧੯੩੪ 'ਤੇ ਅਧਾਰਤ)

SikhBookClub.com

31 ਦਸੰਬਰ, 1933 ਅਨਮੋਲ 170

30 ਦਸੰਬਰ, 1933 ਨੂੰ ਮੁਲਤਵੀ ਹੋਈ ਇਕਤ੍ਰਤਾ ਮੁੜ 31 ਦਸੰਬਰ, 1933 ਨੂੰ ਦੁਪਹਿਰ 12-30 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਈ। ਇਸ ਵਿਚ ਵਿਚ ਰਹੁ-ਰੀਤ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲੀ ਦਲ ਦੇ ਮੈਂਬਰ, ਗੁਰਦੁਆਰਾ ਕਮੇਟੀਆਂ, ਅਖ਼ਬਾਰਾਂ ਦੇ ਨੁਮਾਇੰਦੇ ਆਦਿ ਸ਼ਾਮਲ ਹੋਏ । ਇਹਨਾਂ ਦਾ ਵੇਰਵਾ ਇਸ ਤਰ੍ਹਾਂ ਸੀ:-

(ੳ)ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਜ਼ਿਲ੍ਹਾ ਹਿਸਾਰ

1. ਸ੍ਰ. ਮੇਹਰ ਸਿੰਘ ਜੀ
2. ਸ੍ਰ. ਕਿਸ਼ਨ ਸਿੰਘ ਜੀ

ਜ਼ਿਲ੍ਹਾ ਅੰਬਾਲਾ

3. ਸ੍ਰ. ਬਚਨ ਸਿੰਘ ਜੀ
4. ਸ੍ਰ. ਅਜੀਤ ਸਿੰਘ ਜੀ

ਜ਼ਿਲ੍ਹਾ ਕਾਂਗੜਾ

5. ਸ੍ਰ. ਵਲੀ ਸਿੰਘ ਜੀ
6. ਸ੍ਰ. ਠੋਹਲਾ ਸਿੰਘ ਜੀ
7. ਸ੍ਰ. ਦਲੀਪ ਸਿੰਘ ਜੀ
8. ਸ੍ਰ. ਬਤਨ ਸਿੰਘ ਜੀ
9. ਸ੍ਰ. ਮਾਲਾ ਸਿੰਘ ਜੀ

ਜ਼ਿਲ੍ਹਾ ਜਲੰਧਰ

10. ਸ੍ਰ. ਭੋਲਾ ਸਿੰਘ ਜੀ
11. ਸ੍ਰ. ਨਰਿੰਦਰ ਸਿੰਘ ਜੀ
12. ਸ੍ਰ. ਲਾਭ ਸਿੰਘ ਜੀ
13. ਸ੍ਰ. ਥੰਮਣ ਸਿੰਘ ਜੀ
14. ਸ੍ਰ. ਰਛਪਾਲ ਸਿੰਘ ਜੀ
15. ਸ੍ਰ. ਬਖਸ਼ੀਸ਼ ਸਿੰਘ ਜੀ
16. ਸ੍ਰ. ਬਲਵੰਤ ਸਿੰਘ ਜੀ

ਜ਼ਿਲ੍ਹਾ ਲੁਧਿਆਣਾ

17. ਸ੍ਰ ਰਾਮ ਸਿੰਘ ਜੀ
18. ਸ੍ਰ. ਹਰਦਿਤ ਸਿੰਘ ਜੀ
19. ਸ੍ਰ. ਸੁੰਦਰ ਸਿੰਘ ਜੀ
20. ਸ੍ਰ. ਲਾਲ ਸਿੰਘ ਜੀ
21. ਸ੍ਰ. ਗਰਨਾਮ ਸਿੰਘ ਜੀ

SikhBookClub.com

22. ਸ੍ਰ. ਅਲਬੇਲ ਸਿੰਘ ਜੀ
23. ਸ੍ਰ. ਮੰਗਲ ਸਿੰਘ ਜੀ
24. ਸ੍ਰ. ਸੁਖਦੇਵ ਸਿੰਘ ਜੀ

ਜ਼ਿਲ੍ਹਾ ਫ਼ਿਰੋਜ਼ਪੁਰ

25. ਸ੍ਰ. ਨਰਿੰਜਨ ਸਿੰਘ ਜੀ
26. ਗਿ. ਸ਼ੇਰ ਸਿੰਘ ਜੀ
27. ਸ੍ਰ. ਦੇਵ ਸਿੰਘ ਜੀ
28. ਸ੍ਰ. ਟਹਿਲ ਸਿੰਘ ਜੀ
29. ਸ੍ਰ. ਗੰਗਾ ਸਿੰਘ ਜੀ
30. ਸ੍ਰ. ਈਸ਼ਰ ਸਿੰਘ ਜੀ ਮਾਣੂਕੇ
31. ਸ੍ਰ. ਕੁੰਢਾ ਸਿੰਘ ਜੀ
32. ਸ੍ਰ. ਦਰਬਾਰਾ ਸਿੰਘ ਜੀ
33. ਸ੍ਰ. ਈਸ਼ਰ ਸਿੰਘ ਜੀ ਗਦੋਂਡੋਬ

ਜ਼ਿਲ੍ਹਾ ਸਰਗੋਧਾ

34. ਸ੍ਰ. ਬਲਬੀਰ ਸਿੰਘ

ਜ਼ਿਲ੍ਹਾ ਲਾਹੌਰ

35. ਸ੍ਰ. ਹਰਨਾਮ ਸਿੰਘ ਜੀ
36. ਸ੍ਰ. ਆਸਾ ਸਿੰਘ ਜੀ
37. ਸ੍ਰ. ਵਰਿਆਮ ਸਿੰਘ ਜੀ
38. ਸ੍ਰ. ਜਗਤ ਸਿੰਘ ਜੀ
39. ਸ੍ਰ. ਤੇਜਾ ਸਿੰਘ ਜੀ
40. ਸ੍ਰ. ਲਛਮਣ ਸਿੰਘ ਜੀ
41. ਸ੍ਰ. ਚੰਨਣ ਸਿੰਘ ਜੀ

ਜ਼ਿਲ੍ਹਾ ਅੰਮ੍ਰਿਤਸਰ

42. ਸ੍ਰ. ਮੱਘਰ ਸਿੰਘ ਜੀ
43. ਸ੍ਰ. ਰੂੜ ਸਿੰਘ ਜੀ
44. ਸ੍ਰ. ਜਗਤ ਸਿੰਘ ਜੀ
45. ਸ੍ਰ. ਸਰਮੁਖ ਸਿੰਘ ਜੀ
46. ਸ੍ਰ. ਸੁੰਦਰ ਸਿੰਘ ਜੀ
47. ਸ੍ਰ. ਗੁਰਬਖਸ਼ ਸਿੰਘ ਜੀ
48. ਸ੍ਰ. ਕਰਤਾਰ ਸਿੰਘ ਜੀ
49. ਭਾਈ ਮੋਹਨ ਸਿੰਘ ਜੀ

SikhBookClub.com

50. ਸ੍ਰ. ਜਸਵੰਤ ਸਿੰਘ ਜੀ ਝਬਾਲ

51. ਸ੍ਰ. ਪ੍ਰਤਾਪ ਸਿੰਘ ਜੀ

52. ਸ੍ਰ. ਹੀਰਾ ਸਿੰਘ ਜੀ ਜ਼ਿਲ੍ਹਾ ਅੰਮ੍ਰਿਤਸਰ

53. ਸ੍ਰ. ਧਾਲਾ ਸਿੰਘ ਜੀ ਅੰਮ੍ਰਿਤਸਰ

ਜ਼ਿਲ੍ਹਾ ਗੁਰਦਾਸਪੁਰ

54. ਸ੍ਰ. ਭਾਗ ਸਿੰਘ ਜੀ ਵਕੀਲ

55. ਸ੍ਰ. ਸ਼ਿਵ ਸਿੰਘ ਜੀ

56. ਸ੍ਰ. ਗੁਰਦਿਤ ਸਿੰਘ ਜੀ

57. ਸ੍ਰ. ਤੇਜਾ ਸਿੰਘ ਜੀ ਅੱਕਰਪੁਰੀ

58. ਸ੍ਰ. ਮੇਹਰ ਸਿੰਘ ਜੀ

ਜ਼ਿਲ੍ਹਾ ਸਿਆਲਕੋਟ

59. ਸ੍ਰ. ਸੁੰਦਰ ਸਿੰਘ ਜੀ ਰਸਾਲਦਾਰ

60. ਸ੍ਰ. ਬਲਵੰਤ ਸਿੰਘ ਜੀ

61. ਸ੍ਰ. ਗੁਰਬਖਸ਼ ਸਿੰਘ ਜੀ

62. ਸ੍ਰ. ਗੁਰਚਰਨ ਸਿੰਘ ਜੀ ਵਕੀਲ

ਜ਼ਿਲ੍ਹਾ ਗੁਜਰਾਂਵਾਲਾ

63. ਸ੍ਰ. ਅਵਤਾਰ ਸਿੰਘ ਜੀ ਬੈਰਿਸਟਰ

64. ਸ੍ਰ. ਤਾਰਾ ਸਿੰਘ ਜੀ

ਜ਼ਿਲ੍ਹਾ ਸ਼ੇਖ਼ੂਪੁਰਾ

65. ਭਾਈ ਕਰਤਾਰ ਸਿੰਘ ਜੀ ਝੱਬਰ

66. ਸ੍ਰ. ਰਾਮ ਸਿੰਘ ਜੀ

67. ਸ੍ਰ. ਗਹਿਣਾ ਸਿੰਘ ਜੀ

ਜ਼ਿਲ੍ਹਾ ਗੁਜਰਾਤ

68. ਸ੍ਰ. ਜਗਤ ਸਿੰਘ ਜੀ ਵਾਸੂ

ਜ਼ਿਲ੍ਹਾ ਸ਼ਾਹ ਪੁਰ

69. ਸ੍ਰ. ਲਾਭ ਸਿੰਘ ਜੀ

70. ਸ੍ਰ. ਬਲਬੀਰ ਸਿੰਘ ਜੀ ਵਕੀਲ

ਜ਼ਿਲ੍ਹਾ ਰਾਵਲਪਿੰਡੀ

71. ਸ੍ਰ. ਬਲਵੰਤ ਸਿੰਘ ਜੀ

72. ਸ੍ਰ. ਗੁਪਾਲ ਸਿੰਘ ਜੀ

SikhBookClub.com

ਜ਼ਿਲ੍ਹਾ ਮਿੰਟਗੁਮਰੀ

73. ਸ੍ਰ. ਸਤਵੰਤ ਸਿੰਘ ਜੀ
74. ਸ੍ਰ. ਮੱਲ ਸਿੰਘ ਜੀ
75. ਸ੍ਰ. ਸ਼ੇਰ ਸਿੰਘ ਜੀ

ਜ਼ਿਲ੍ਹਾ ਲਾਇਲਪੁਰ

76. ਸ੍ਰ. ਪਸ਼ੌਰਾ ਸਿੰਘ ਜੀ
77. ਸ੍ਰ. ਗੁਪਾਲ ਸਿੰਘ ਜੀ
78. ਸ੍ਰ. ਦੀਦਾਰ ਸਿੰਘ ਜੀ
79. ਸ੍ਰ. ਉਜਾਗਰ ਸਿੰਘ ਜੀ
80. ਸ੍ਰ. ਜਵਾਲਾ ਸਿੰਘ ਜੀ
81. ਸ੍ਰ. ਤਾਰਾ ਸਿੰਘ ਜੀ
82. ਸ੍ਰ. ਦਲਜੀਤ ਸਿੰਘ ਜੀ

ਜ਼ਿਲ੍ਹਾ ਮੁਜ਼ੱਫ਼ਰਗੜ੍ਹ ਤੇ ਡੇਰਾ ਇਸਮਾਈਲ ਖਾਂ

83. ਸ੍ਰ. ਅਜਾਇਬ ਸਿੰਘ ਜੀ

ਹੈਡ ਮਨਿਸਟਰਸ

84. ਭਾਈ ਸਾਹਿਬ ਕਰਤਾਰ ਸਿੰਘ ਜੀ, ਸ੍ਰੀ ਦਰਬਾਰ ਸਾਹਿਬ
85. ਭਾਈ ਮੋਹਣ ਸਿੰਘ ਜੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ
86. ਜਥੇਦਾਰ ਪ੍ਰਤਾਪ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ

ਰਿਆਸਤ ਪਟਿਆਲਾ

87. ਸ੍ਰ. ਆਤਮਾ ਸਿੰਘ ਜੀ

ਨਾਮਜ਼ਦ ਮੈਂਬਰ

88. ਸ੍ਰ. ਅਮਰ ਸਿੰਘ ਜੀ
89. ਸ੍ਰ. ਤਾਰਾ ਸਿੰਘ ਜੀ
90. ਸ੍ਰ. ਪ੍ਰਤਾਪ ਸਿੰਘ ਜੀ
91. ਪ੍ਰੋ. ਗੰਗਾ ਸਿੰਘ ਜੀ
92. ਸ੍ਰ. ਨਰੈਣ ਸਿੰਘ ਜੀ
93. ਭਾਈ ਪਿਆਰਾ ਸਿੰਘ ਜੀ
94. ਸ੍ਰ. ਅਮਰ ਸਿੰਘ ਜੀ

(ਅ) ਹੋਰ ਜਥਿਆਂ ਵੱਲੋਂ ਸਾਮਲ ਹੋਏ ਪ੍ਰਤੀਨਿਧ

ਖਾਲਸਾ ਦੀਵਾਨ ਬਾਰ

95. ਭਾ. ਰਣਜੀਤ ਸਿੰਘ ਜੀ
96. ਭਾ. ਇੰਦਰ ਸਿੰਘ ਜੀ
97. ਸ੍ਰ. ਸਰਦੂਲ ਸਿੰਘ ਜੀ

SikhBookClub.com

ਗੜਗੱਜ ਅਕਾਲੀ ਦੀਵਾਨ

98. ਭਾਈ ਤੇਜਾ ਸਿੰਘ ਜੀ
99. ਭਾਈ ਲਾਭ ਸਿੰਘ ਜੀ
100. ਭਾਈ ਲਛਮਣ ਸਿੰਘ ਜੀ
101. ਭਾਈ ਮੇਹਰ ਸਿੰਘ ਜੀ

ਸੈਂਟਰਲ ਮਾਝਾ ਦੀਵਾਨ

102. ਸ੍ਰ. ਤ੍ਰਲੋਚਨ ਸਿੰਘ ਜੀ
103. ਸ੍ਰ. ਕ੍ਰਿਪਾਲ ਸਿੰਘ ਜੀ

ਗੁਰੂ ਨਾਨਕ ਖ਼ਾਲਸਾ ਕਾਲਜ ਗੁਜਰਾਂਵਾਲਾ

104. ਸ੍ਰ. ਨਰੈਣ ਸਿੰਘ ਜੀ

ਖ਼ਾਲਸਾ ਕਾਲਜ ਅੰਮ੍ਰਿਤਸਰ

105. ਸ੍ਰ. ਗੰਡਾ ਸਿੰਘ ਜੀ ਕੇਵਲ
106. ਪ੍ਰੋ. ਤੇਜਾ ਸਿੰਘ ਜੀ

ਉਦਾਸੀਨ ਮਹਾਂ ਮੰਡਲ

107. ਸਵਾਮੀ ਰਾਜ ਕੁਮਾਰ ਤੀਰਥ ਐਡੀਟਰ 'ਮਹਾਤਮਾ ਸਮਾਚਾਰ' ਅੰਮ੍ਰਿਤਸਰ

ਖ਼ਾਲਸਾ ਬਰਾਦਰੀ ਅੰਮ੍ਰਿਤਸਰ

108. ਸ੍ਰ. ਲਖਾ ਸਿੰਘ ਜੀ

ਸ਼੍ਰੋਮਣੀ ਖ਼ਾਲਸਾ ਮਾਲਵਾ ਦੀਵਾਨ

109. ਭਾਈ ਮਹਿੰਦਰ ਸਿੰਘ ਜੀ
110. ਭਾਈ ਜਗਜੀਤ ਸਿੰਘ ਜੀ
111. ਭਾਈ ਬਚਿਤ੍ਰ ਸਿੰਘ ਜੀ

ਸ਼੍ਰੋਮਣੀ ਮਾ. ਪ੍ਰ. ਦੀਵਾਨ

112. ਸ੍ਰ. ਉਜਾਗਰ ਸਿੰਘ ਜੀ
113. ਸ੍ਰ. ਜਗਤ ਸਿੰਘ ਜੀ

ਖ਼ਾਲਸਾ ਯੂਥ ਲੀਗ

114. ਸ੍ਰ. ਜਗਜੀਤ ਸਿੰਘ ਜੀ ਫ਼ੀਰੋਜ਼ਪੁਰ

ਸ਼੍ਰੋਮਣੀ ਰਾਧਾ ਸਵਾਮੀ ਮਤ ਵਿਚਾਰਨੀ ਸਭਾ

115. ਗਿ. ਹਰਚਰਨ ਸਿੰਘ ਜੀ
116. ਗਿ. ਭਗਤ ਸਿੰਘ ਜੀ

(ੲ) ਹੋਰ ਪ੍ਰਤਿਸ਼ਠਤ ਸਜਣ

117. ਗਿ. ਸਾਹਿਬ ਸਿੰਘ ਜੀ ਧਮਧਾਨ

SikhBookClub.com

118. ਸ੍ਰ. ਉਜਾਗਰ ਸਿੰਘ ਜੀ
119. ਸ੍ਰ. ਜਗਤ ਸਿੰਘ ਜੀ ਮੋਗਾ
120. ਭਾਈ ਅਮਰੀਕ ਸਿੰਘ ਜੀ ਚੂਨੇ ਵਾਲਾ, ਗੁਜਰਾਂਵਾਲਾ
121. ਭਾਈ ਅਮਰ ਸਿੰਘ ਜੀ 'ਖ਼ਾਲਸਾ'
122. ਪ੍ਰੋ. ਸ਼ਮਸ਼ੇਰ ਸਿੰਘ ਜੀ ਪਸਰੂਰ

(ਸ) ਰਹੁ-ਰੀਤ ਕਮੇਟੀ ਦੇ ਮੈਂਬਰ

123. ਗਿ. ਠਾਕਰ ਸਿੰਘ ਜੀ ਅੰਮ੍ਰਿਤਸਰ
124. ਭਾਈ ਕਾਹਨ ਸਿੰਘ ਜੀ ਨਾਭਾ
125. ਭਾਈ ਸਾਹਿਬ ਲਾਭ ਸਿੰਘ ਜੀ ਗ੍ਰੰਥੀ ਦਰਬਾਰ ਸਾਹਿਬ
126. ਬਾਵਾ ਹਰਕਿਸ਼ਨ ਸਿੰਘ ਜੀ ਪ੍ਰਿੰਸੀਪਲ, ਗੁ: ਨਾ: ਖਾ: ਕਾ: ਗੁਜਰਾਂਵਾਲਾ
127. ਪ੍ਰੋ. ਜੋਧ ਸਿੰਘ ਜੀ ਐਮ. ਏ.
128. ਸ੍ਰ. ਵਸਾਵਾ ਸਿੰਘ ਜੀ ਜ਼ਿਲ੍ਹਾ ਗੁਰਦਾਸਪੁਰ
129. ਗਿ. ਨਾਹਰ ਸਿੰਘ ਜੀ ਐਡੀਟਰ ਸਿਖ ਸੇਵਕ
130. ਸੰਤ ਤੇਜਾ ਸਿੰਘ ਜੀ ਹੈਡ ਗ੍ਰੰਥੀ ਸ੍ਰੀ ਨਨਕਾਣਾ ਸਾਹਿਬ
131. ਸ੍ਰ. ਧਰਮਾਨੰਤ ਸਿੰਘ ਜੀ ਪ੍ਰਿੰਸੀਪਲ ਸ਼ਹੀਦ ਸਿ: ਮਿਸ਼ਨਰੀ ਕਾਲਜ ਅੰਮ੍ਰਿਤਸਰ
132. ਮਾਸਟਰ ਮਹਿਤਾਬ ਸਿੰਘ ਜੀ

(ਹ) ਸ਼੍ਰੋਮਣੀ ਅਕਾਲੀ ਦਲ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ

133. ਸ੍ਰ. ਸਾਧੂ ਸਿੰਘ ਜੀ ਚਕ 30 ਲਾਇਲਪੁਰ
134. ਗਿ. ਕਰਤਾਰ ਸਿੰਘ ਜੀ ਲਾਇਲਪੁਰੀ
135. ਗਿ. ਗੁਰਮੁਖ ਸਿੰਘ ਜੀ 'ਮੁਸਾਫ਼ਰ'
136. ਸ੍ਰ. ਮੋਤਾ ਸਿੰਘ ਜੀ
137. ਸ੍ਰ. ਭਗਵਾਨ ਸਿੰਘ ਜੀ ਦੋਸਾਂਝ ਕਲਾਂ
138. ਸ੍ਰ. ਸਰਦੂਲ ਸਿੰਘ ਜੀ
139. ਸ੍ਰ. ਗੁਲਬਦਨ ਸਿੰਘ ਜੀ ਲੁਧਿਆਣਾ
140. ਸ੍ਰ. ਲਛਮਨ ਸਿੰਘ ਜੀ ਕਪੂਰਥਲਾ
141. ਸ੍ਰ. ਗਰਜਾ ਸਿੰਘ ਜੀ ਸਿਆਲਕੋਟ
142. ਸ੍ਰ. ਦਰਸ਼ਨ ਸਿੰਘ ਜੀ ਫੇਰੂਮਾਨ
143. ਸ੍ਰ. ਪ੍ਰੀਤਮ ਸਿੰਘ ਜੀ ਸਰਗੋਧਾ

(ਕ) ਅਖਬਾਰਾਂ ਦੇ ਐਡੀਟਰ

144. ਸ੍ਰ. ਅਮਰ ਸਿੰਘ ਜੀ 'ਸ਼ੇਰਿ ਪੰਜਾਬ' ਲਾਹੌਰ
145. ਭਾਈ ਮੇਵਾ ਸਿੰਘ ਜੀ 'ਖਾਲਸਾ ਸਮਾਚਾਰ'

SikhBookClub.com

146. ਸ੍. ਵੈਦ ਨੌਰੰਗ ਸਿੰਘ ਜੀ 'ਤਾਂਘੀ' ਐਡੀਟਰ, 'ਸੁਤੰਤ੍'
147. ਡਾ. ਹਰੀ ਸਿੰਘ ਜੀ ਐਡੀਟਰ 'ਡਾਕਟਰ'
148. ਸ੍. ਰਾਮ ਸਿੰਘ ਜੀ ਧਾਰੋਵਾਲੀਆ 'ਰਾਮਗੜ੍ਹੀਆ ਪਤ੍ਰਕਾ'

(ਖ) ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਚਾਰਕ ਤੇ ਪੁਰਾਣੇ ਵਿਦਿਆਰਥੀ

149. ਭਾਈ ਸ਼ੰਕਰ ਸਿੰਘ ਜੀ
150. ਸ੍. ਤੀਰਥ ਸਿੰਘ ਜੀ
151. ਸ੍. ਨਿਹਾਲ ਸਿੰਘ ਜੀ
152. ਸ੍. ਗੁਰਦਾਸ ਸਿੰਘ ਜੀ

(ਗ) ਅਕਾਲੀ ਜਥੇ

153. ਭਾਈ ਗਗੜਵਾਲੀਆ
154. ਜਥੇਦਾਰ ਜੀਤ ਸਿੰਘ ਜੀ ਹਿਸਾਰ

(ਘ) ਸਿੰਘ ਸਭਾਵਾਂ

155. ਭਾਈ ਕਰਤਾਰ ਸਿੰਘ ਜੀ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ
156. ਭਾਈ ਖੁਸ਼ਹਾਲ ਸਿੰਘ ਜੀ ਸਕੱਤ੍ ਸ੍ਰੀ ਗੁਰੂ ਸਿੰਘ ਸਭਾ ਵਜ਼ੀਰਾਬਾਦ
157. ਭਾਈ ਮੋਹਨ ਸਿੰਘ ਜੀ ਸਕੱਤ੍ ਸ੍ਰੀ ਗੁਰੂ ਸਿੰਘ ਸਭਾ ਪਸਰੂਰ (ਸਿਆਲਕੋਟ)
158. ਭਾਈ ਰਾਜ ਸਿੰਘ ਜੀ ਨਾਨਕਸਰ ਸਿੰਘ ਸਭਾ ਟੋਬਾ ਟੇਕ ਸਿੰਘ
159. ਡਾਕਟਰ ਹਰਭਜਨ ਸਿੰਘ ਜੀ ਸਿੰਘ ਸਭਾ ਆਗਰਾ
160. ਭਾਈ ਭਗਵਾਨ ਸਿੰਘ ਜੀ ਸਿੰਘ ਸਭਾ ਬਿਲਗਾ (ਜਲੰਧਰ)
161. ਭਾਈ ਸ਼ਰਧਾ ਸਿੰਘ ਜੀ ਸਿੰਘ ਸਭਾ ਰਾਵਲਪਿੰਡੀ

ਇਕੱਤ੍ਰਤਾ ਦੇ ਅਰੰਭ 'ਤੇ ਪ੍ਰਧਾਨ ਸਾਹਿਬ ਸ੍. ਪ੍ਰਤਾਪ ਸਿੰਘ ਜੀ ਅਤੇ ਕਨਵੀਨਰ ਪ੍ਰੋ. ਤੇਜਾ ਸਿੰਘ ਜੀ ਨੇ ਇਕ ਵਾਰ ਫ਼ਿਰ ਕਾਰਵਾਈ ਦਾ ਤਰੀਕਾ ਸਮਝਾਇਆ ਅਤੇ ਨਾਲ ਹੀ ਸਮਾਗਮ ਪਾਸ ਅਪੀਲ ਕੀਤੀ ਕਿ ਕੇਵਲ ਲੈਕਚਰ ਦੇਣ ਦੀ ਖਾਹਿਸ਼ ਨਹੀਂ ਹੋਣੀ ਚਾਹੀਦੀ ਅਤੇ ਥੋੜੇ ਸੱਜਣ ਬੋਲਣ ਅਤੇ ਓਹ ਵੀ ਥੋੜੇ ਲਫ਼ਜ਼ ਕਹਿਣ ਤਾਂ ਕਿ ਕੋਈ ਕੰਮ ਹੋ ਸਕੇ।

ਪ੍ਰੋ. ਤੇਜਾ ਸਿੰਘ ਜੀ ਨੇ **ਸ਼ਖਸੀ ਰਹਿਣੀ** ਦਾ ਪਹਿਲਾ ਹਿੱਸਾ **'ਨਾਮ ਬਾਣੀ ਦਾ ਅਭਿਆਸ'** ਪੜ੍ਹਨਾ ਆਰੰਭ ਕੀਤਾ। ਇਸ ਦਾ ਪਹਿਲਾ ਅੰਕ ਹੇਠ ਲਿਖੇ ਅਨੁਸਾਰ ਪੜ੍ਹ ਕੇ ਸੁਣਾਇਆ:-

> ***"ਸਿਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗ ਕੇ ਇਸ਼ਨਾਨ ਕਰੇ ਅਤੇ ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ ਨਾਮ ਜਪੇ।"***

ਇਸ 'ਤੇ ਸ੍. ਗੁਰਬਖਸ਼ ਸਿੰਘ ਜੀ ਪਤਨੀ, ਸ੍. ਅਮ੍ਰੀਕ ਸਿੰਘ ਜੀ ਅਤੇ ਸ੍. ਗੁਰਬਚਨ ਸਿੰਘ ਜੀ ਨੇ ਤਰਮੀਮ ਪੇਸ਼ ਕੀਤੀ ਕਿ ਉਕਤ ਮੱਦ ਵਿਚੋਂ **'ਪਹਿਰ ਰਾਤ**

SikhBookClub.com

ਰਹਿੰਦੀ' ਵਾਲੇ ਲਫ਼ਜ਼ ਕਟ ਦਿੱਤੇ ਜਾਣ। ਇਸ ਤਰਮੀਮ ਦੀ ਵਿਰੋਧਤਾ ਹੋਈ। ਫ਼ਿਰ ਰਹੁ-ਰੀਤ ਸਬ-ਕਮੇਟੀ ਦੀ ਰਾਏ ਨੂੰ ਮੁਖ ਰਖਕੇ ਇਹ ਵਾਪਸ ਲੈ ਲਈ ਗਈ।

ਇਸ ਦੇ ਨਾਲ ਹੀ ਉਕਤ ਮੱਦ ਵਿਚ ਇਕ ਹੋਰ ਸ੍ਰ. ਗੁਰਬਖਸ਼ ਸਿੰਘ ਜੀ, ਭਾਈ ਅਮ੍ਰੀਕ ਸਿੰਘ ਜੀ ਅਤੇ ਸ੍ਰਦਾਰ ਸਰਮੁਖ ਸਿੰਘ ਜੀ 'ਚਮਕ' ਵੱਲੋਂ ਪੇਸ਼ ਹੋਈ ਕਿ ***'ਨਾਪ ਜਪੇ'*** ਦੀ ਥਾਂ ***'ਵਾਹਿਗੁਰੂ ਨਾਮ ਦਾ ਜਾਪ ਕਰੇ'*** ਕੀਤਾ ਜਾਏ। ਇਹ ਤਰਮੀਮ ਸਰਬ ਸੰਮਤੀ ਨਾਲ ਪਾਸ ਹੋ ਗਈ।

ਫ਼ਿਰ ਖਰੜੇ ਦਾ ਦੂਸਰਾ ਅੰਕ ਪੇਸ਼ ਕੀਤਾ ਗਿਆ ਅਰਥਾਤ:-

> ***"ਨਿਤ ਨੇਮ ਦਾ ਪਾਠ ਕਰੇ। ਨਿਤਨੇਮ ਦੀਆਂ ਬਾਣੀਆਂ ਇਹ ਹਨ:- ਜਪੁ, ਜਾਪੁ ਅਤੇ ੧੦ ਸਵੱਯੇ (ਸ੍ਰਾਵਗ ਸੁਧ ਵਾਲੇ)। ਇਹ ਬਾਣੀਆਂ ਅੰਮ੍ਰਿਤ ਵੇਲੇ ਪੜ੍ਹਨੀਆਂ।***
>
> ***ਸੋਦਰ ਰਹਿਰਾਸ ਸ਼ਾਮ ਵੇਲੇ ਸੂਰਜ ਡੁੱਬੇ ਪੜ੍ਹਨੀ, ਇਸ ਵਿਚ ਇਹ ਬਾਣੀਆਂ ਸ਼ਾਮਲ ਹਨ :- ਆਦਿ"***

ਏਥੇ ਗਿਆਨੀ ਰਤਨ ਸਿੰਘ ਜੀ, ਸ੍ਰ. ਨਿਰੰਜਨ ਸਿੰਘ ਜੀ ਮਹਿਰਾਜ, ਸ੍ਰ. ਸਰਮੁਖ ਸਿੰਘ ਜੀ 'ਚਮਕ', ਸ੍ਰ. ਅਮ੍ਰੀਕ ਸਿੰਘ ਜੀ ਆਦਿ ਸਜਣਾਂ ਨੇ ਪੇਸ਼ ਕੀਤਾ ਕਿ ਅੰਮ੍ਰਿਤ ਵੇਲੇ ਪੰਜ ਬਾਣੀਆਂ ਪੜ੍ਹਨੀਆਂ ਜ਼ਰੂਰੀ ਹਨ। ਤਿੰਨ ਬਾਣੀਆਂ ਜੋ ਖਰੜੇ ਵਿਚ ਦਿਤੀਆਂ ਹਨ ਅਤੇ ਚੌਥੀ 'ਚੌਪਈ' ('ਹਮਰੀ ਕਰਉ ਹਾਥ ਦੇ ਰਛਾ' ਤੋਂ ਲੈ ਕੇ ਦੁਸ਼ਟ ਦੋਖ ਤੇ ਲੇਹੁ ਬਚਾਈ' ਤਕ) ਅਤੇ ਪੰਜਵੀਂ ਅਨੰਦ ਸਾਹਿਬ ਸਾਰਾ ਚਾਲੀ ਪਉੜੀਆਂ।"

ਦੂਜੇ ਪਾਸੇ ਪ੍ਰੋ. ਗੰਗਾ ਸਿੰਘ ਜੀ, ਪ੍ਰੋ. ਤੇਜਾ ਸਿੰਘ ਜੀ, ਸੰਤ ਤੇਜਾ ਸਿੰਘ ਜੀ, ਭਾਈ ਸਾਹਿਬ ਕਾਨ੍ਹ ਸਿੰਘ ਜੀ, ਗਿਆਨੀ ਨਾਹਰ ਸਿੰਘ ਜੀ, ਸਿੰਘ ਸਾਹਿਬ ਗਿਆਨੀ ਕਰਤਾਰ ਸਿੰਘ ਜੀ, ਸ੍ਰ. ਗੁਰਪਾਲ ਸਿੰਘ ਜੀ ਆਦਿ ਸਜਣਾਂ ਨੇ ਦਸਿਆ ਕਿ ਪੁਰਾਤਨ ਮਰਯਾਦਾ ਅਨੁਸਾਰ ਜੋ ਪੁਰਾਣੇ ਗੁਟਕਿਆਂ, ਪੰਜ ਗ੍ਰੰਥੀਆਂ, ਸੂਰਜ ਪ੍ਰਕਾਸ਼, ਮਹਿਮਾ ਪ੍ਰਕਾਸ਼ ਆਦਿ ਵਿਚ ਦਰਜ ਹੈ। ਤਿੰਨ ਬਾਣੀਆਂ ਅੰਮ੍ਰਿਤ ਵੇਲੇ ਪੜ੍ਹੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਚਉਪਈ ਤੇ ਛੇ ਪਉੜੀਆਂ ਦਾ ਅਨੰਦ ਸਾਹਿਬ ਸੋਦਰੁ ਨਾਲ ਸ਼ਾਮ ਨੂੰ ਪੜ੍ਹੇ ਜਾਣੇ ਚਾਹੀਦੇ ਹਨ।

ਸ੍ਰ. ਨਰਿੰਦਰ ਸਿੰਘ ਜੀ ਕੰਦੋਲਾ ਨੇ 40 ਪਉੜੀਆਂ ਵਾਲੇ ਅਨੰਦ ਸਾਹਿਬ 'ਤੇ ਬਹੁਤ ਜ਼ੋਰ ਦਿੱਤਾ।

ਇਸ 'ਤੇ ਪ੍ਰਧਾਨ ਸਾਹਿਬ ਨੇ ਰਾਵਾਂ ਲਈਆਂ ਕਿ ***ਅਨੰਦ ਸਾਹਿਬ ਸਵੇਰੇ ਪੜ੍ਹਨਾ ਚਾਹੀਦਾ ਹੈ ਕਿ ਸ਼ਾਮ ਨੂੰ।*** 70 ਰਾਵਾਂ ਸਵੇਰੇ ਪੜ੍ਹਨ ਦੇ ਹੱਕ ਵਿਚ ਨਿਕਲੀਆਂ ਅਤੇ 30 ਸ਼ਾਮ ਨੂੰ ਪੜ੍ਹਨ ਦੇ ਹੱਕ ਵਿਚ ਨਿਕਲੀਆਂ। ਪ੍ਰਧਾਨ ਜੀ ਨੇ ਰੂਲਿੰਗ ਦਿੱਤੀ ਇਹ ਮਾਮਲਾ ਰਹੁ-ਰੀਤ ਸਬ-ਕਮੇਟੀ ਦੇ ਸਪੁਰਦ ਕੀਤਾ ਜਾਂਦਾ ਹੈ।

ਇਸ ਮੁੱਦੇ 'ਤੇ ਬਹਿਸ ਉਪਰੰਤ ਇਹ ਭੀ ਪਾਸ ਹੋਇਆ ਕਿ ਸਮਾਗਮ ਵਿਚ ਓਹ ਗੱਲ ਪਾਸ ਹੋਈ ਸਮਝੀ ਜਾਏਗੀ ਜੋ 90 ਫ਼ੀਸਦੀ ਰਾਵਾਂ ਨਾਲ ਪਾਸ ਹੋਵੇ।

SikhBookClub.com

ਇਸ ਉਪਰੰਤ ਸ੍ਰ. ਸਰਮੁਖ ਸਿੰਘ ਜੀ ਚਮਕ ਦੀ ਤਜਵੀਜ਼ ਅਤੇ ਸ੍ਰ. ਰਛਪਾਲ ਸਿੰਘ ਜੀ ਦੀ ਦਰਦੀ ਦੀ ਤਾਈਦ ਤੇ ਬਹੁ-ਸੰਮਤੀ ਨੂੰ ਮੁਖ ਰਖ ਕੇ ਤਕਰੀਬਨ ਪੌਣੇ ਚਾਰ ਵਜੇ ਪ੍ਰਧਾਨ ਸਾਹਿਬ ਨੇ ਸਮਾਗਮ ਅਨਿਸਚਿਤ ਸਮੇਂ ਲਈ ਮੁਲਤਵੀ ਕਰ ਦਿੱਤਾ।

ਸਮਾਪਤੀ ਸਮੇਂ ਹੁਕਮਨਾਮਾ ਲਿਆ ਗਿਆ ਇਸ ਦੀ ਪਹਿਲੀ ਤੁਕ ਇਸ ਪ੍ਰਕਾਰ ਸੀ।

ਸੂਹੀ ਮਹਲਾ ਕਾਫੀ ਘਰੁ

ੴ ਸਤਿਗੁਰ ਪ੍ਰਸਾਦਿ

ਮਾਣਸ ਜਨਮੁ ਦੁਲੰਭੁ ਗੁਰਮਖਿ ਪਾਇਆ ॥

ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ ॥੧॥

(ਅੰਗ ੭੫੧)

ਇਸ ਇਕੱਤ੍ਰਤਾ ਵਿਚ ਨਾਮ ਬਾਣੀ ਦੇ ਅਭਿਆਸ ਬਾਰੇ ਤਰਮੀਮਾਂ ਪੇਸ਼ ਹੋਈਆਂ। ਪਰ ਰਹੁ-ਰੀਤ ਕਮੇਟੀ ਦੀ ਰਾਏ 'ਤੇ ਇਕ ਤਰਮੀਮ ਵਾਪਸ ਲੈ ਲਈ ਗਈ ਅਤੇ ਦੂਸਰੀ ਪ੍ਰਵਾਨ ਕਰ ਲਈ ਗਈ। ਉਪਰੰਤ ਅਨੰਦ ਸਾਹਿਬ ਬਾਰੇ ਮੁੱਦੇ ਨੂੰ ਰਹੁ-ਰੀਤ ਸਬ-ਕਮੇਟੀ ਦੇ ਸਪੁਰਦ ਕੀਤਾ ਗਿਆ। (ਗੁਰਦੁਆਰਾ ਗਜ਼ਟ, ਜਨਵਰੀ ੧੯੩੪ 'ਤੇ ਅਧਾਰਤ)

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਚਲੀ ਇਸ ਦੋ ਦਿਨ ਦੀ ਇਕੱਤ੍ਰਤਾ ਦੀਆਂ ਕੁੱਝ ਵਿਸ਼ੇਸ਼ ਗੱਲਾਂ ਵਿਚਾਰਨ ਵਾਲੀਆਂ ਹਨ।

- **ਇਹ ਇਕਤ੍ਰਤਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਾਵਨ ਸਥਾਨ 'ਤੇ ਹੋਈ।**
- **ਇਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿ. ਮੋਹਨ ਸਿੰਘ ਜੀ, ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿ. ਪ੍ਰਤਾਪ ਸਿੰਘ ਜੀ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਭਾਈ ਸਾਹਿਬ ਭਾਈ ਕਰਤਾਰ ਸਿੰਘ ਜੀ ਵੀ ਸ਼ਾਮਿਲ ਹੋਏ।**
- **ਇਹ ਇਕਤ੍ਰਤਾ ਲਗਾਤਾਰ ਦੋ ਦਿਨ 30 ਅਤੇ 31 ਦਸੰਬਰ, 1933 ਨੂੰ ਚੱਲੀ।**
- **ਇਸ ਵਿਚ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਾਹਿਬ ਦੇ ਅਲਾਵਾਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਾਹਿਬ ਦੇ ਨਾਲ ਰਹੁ-ਰੀਤ ਸਬ-ਕਮੇਟੀ ਦੇ ਮੈਂਬਰ ਵੀ ਸ਼ਾਮਲ ਹੋਏ।**
- **ਇਹਨਾਂ ਤੋਂ ਇਲਾਵਾ ਇਸ ਇਕਤ੍ਰਤਾ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੇ ਨਾਲ ਪੰਥ ਦੀਆਂ ਪ੍ਰਮੁੱਖ ਜਥੇਬੰਦੀਆਂ ਖਾਲਸਾ ਦੀਵਾਨ ਬਾਰ, ਗੜਗੱਜ ਅਕਾਲੀ ਦੀਵਾਨ, ਸੈਂਟਰਲ ਮਾਝਾ ਦੀਵਾਨ, ਗੁਰੂ ਨਾਨਕ ਖ਼ਾਲਸਾ ਕਾਲਜ ਗੁਜਰਾਂਵਾਲਾ, ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ, ਖਾਲਸਾ ਬਰਾਦਰੀ, ਸ੍ਰੀ ਅੰਮ੍ਰਿਤਸਰ, ਉਦਾਸੀਨ ਮਹਾਂ ਮੰਡਲ, ਸ਼੍ਰੋਮਣੀ ਖਾਲਸਾ ਮਾਲਵਾ ਦੀਵਾਨ, ਖ਼ਾਲਸਾ ਯੂਥ ਲੀਗ, ਸ਼੍ਰੋਮਣੀ ਰਾਧਾ ਸਵਾਮੀ ਮਤ ਵਿਚਾਰਨੀ ਸਭਾ ਦੇ ਨੁਮਾਂਇੰਦੇ ਸ਼ਾਮਲ ਹੋਏ, ਸ਼੍ਰੋਮਣੀ ਅਕਾਲੀ ਦਲ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ, ਪ੍ਰਮੁੱਖ ਅਖ਼ਬਾਰਾਂ ਦੇ ਨੁਮਾਇੰਦੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰਕ ਅਤੇ ਪੁਰਾਣੇ ਵਿਦਿਆਰਥੀ, ਖਾਲਸਾ ਕਾਲਜਾਂ ਅਤੇ ਸਕੂਲਾਂ ਦੇ ਨਾਲ ਨਾਲ ਕਈ ਅਕਾਲੀ ਜਥੇ, ਕਈ ਸਿੰਘ ਸਭਾਵਾਂ ਸ਼ਾਮਲ ਸਨ।**

SikhBookClub.com

- ਇਸ ਤਰ੍ਹਾਂ ਸਹੀ ਮਾਇਨੇ ਵਿਚ ਇਹਨਾਂ ਇਕਤ੍ਰਤਾਵਾਂ ਨੂੰ ਪੰਥਕ ਇਕੱਠ ਕਿਹਾ ਜਾ ਸਕਦਾ ਹੈ।
- ਇਹਨਾਂ ਦੋਨਾਂ ਦਿਨਾਂ ਵਿਚ ਕਾਫੀ ਸੰਜੀਦਗੀ ਨਾਲ ਵਿਚਾਰ ਵਟਾਂਦਰੇ ਹੋਏ ਅਤੇ ਸਭ ਤੋਂ ਪਹਿਲਾਂ ਰਹੁ-ਰੀਤ ਕਮੇਟੀ ਦੇ ਕਨਵੀਨਰ ਪ੍ਰੋਫੈਸਰ ਤੇਜਾ ਸਿੰਘ ਜੀ ਨੇ ਰਿਪੋਰਟ ਪੜ੍ਹ ਕੇ ਸੁਣਾਈ।
- ਇਸ ਦੀ ਸ਼ੁਰੂਆਤ ਵਿਚ ਹੀ ਕੁੱਝ ਸੱਜਣਾਂ ਨੇ ਰਹਿਤ ਮਰਯਾਦਾ ਦੀ ਲੋੜ 'ਤੇ ਹੀ ਸਵਾਲ ਚੁਕੇ ਜਿਸ 'ਤੇ ਪ੍ਰੋ. ਤੇਜਾ ਸਿੰਘ ਜੀ ਨੂੰ ਕਹਿਣਾ ਪਿਆ ਕਿ ਕੁੱਝ ਸੱਜਣ ਰਹਿਤ ਮਰਯਾਦਾ ਨਿਯਤ ਕਰਨ ਦੇ ਮਾਮਲੇ ਨੂੰ ਲਮਕਾਣਾ ਚਾਹੁੰਦੇ ਹਨ ਪਰ ਇਸ ਦੇ ਪਾਸ ਕਰਨ ਦੀ ਸਖ਼ਤ ਜ਼ਰੂਰਤ ਹੈ।
- ਇਸ ਵਿਚ ਰਹਿਤ ਮਰਯਾਦਾ ਦੇ ਵਿਚਾਰ ਲਈ ਜਿਹੜੇ ਨਿਯਮ ਅਪਣਾਏ ਗਏ ਹਨ ਉਹਨਾਂ ਦਾ ਵਿਸਥਾਰ ਦਿੱਤਾ ਗਿਆ ਅਤੇ ਪ੍ਰੋ. ਤੇਜਾ ਸਿੰਘ ਜੀ ਨੇ ਸਪਸ਼ਟ ਕੀਤਾ ਕਿ ਪ੍ਰਚਲਤ ਮਰਯਾਦਾ ਨੂੰ ਬਿਲਕੁਲ ਨਹੀਂ ਬਦਲਿਆ ਜਾਏਗਾ। ਕੇਵਲ ਉਨ੍ਹਾਂ ਗੱਲਾਂ ਸੰਬੰਧੀ ਬਹਿਸ ਹੋਵੇਗੀ, ਜਿੱਥੇ ਮਰਯਾਦਾ ਇਕ ਹੈ ਹੀ ਨਹੀਂ। ਇੱਥੇ ਵੀ ਫੈਸਲਾ ਗੁਰਬਾਣੀ, ਇਤਿਹਾਸ, ਰਹਿਤਨਾਮਿਆਂ, ਹੁਕਮ-ਨਾਮਿਆਂ, ਪ੍ਰਸਿੱਧ ਗੁਰਦਵਾਰਿਆਂ ਅਤੇ ਤਖ਼ਤ ਸਾਹਿਬਾਨ ਦੇ ਪੁਰਾਣੇ ਰਿਵਾਜ ਦੀ ਰੌਸ਼ਨੀ ਵਿਚ ਕੀਤਾ ਜਾਏਗਾ।
- ਇਸ ਇਕਤ੍ਰਤਾ ਜਿਹਨਾਂ ਮੁੱਦਿਆਂ 'ਤੇ ਵਿਸਥਾਰ ਸਹਿਤ ਵਿਚਾਰ ਵਟਾਂਦਰਾ ਕੀਤਾ ਗਿਆ ਉਹਨਾਂ ਵਿਚ ਪ੍ਰਮੁੱਖ ਸਨ, ਸਿੱਖ ਦੀ ਤਾਰੀਫ਼ (ਪਰਿਭਾਸ਼ਾ), ਸ਼ਖਸੀ ਰਹਿਣੀ, ਨਾਮ ਬਾਣੀ ਦਾ ਅਭਿਆਸ, ਇਸ਼ਨਾਨ, ਨਿਤਨੇਮ ਦਾ ਪਾਠ ਅਤੇ ਬਾਣੀਆਂ ਆਦਿ। ਇਸ ਵਿਚ ਹਾਜ਼ਰ ਸੱਜਣਾਂ ਨੇ ਖੁਲ੍ਹ ਕੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਵਿਚ ਕਈ ਤਰਮੀਮਾਂ ਵਾਪਸ ਲੈ ਲਈਆਂ ਗਈਆਂ ਅਤੇ ਕਈ ਪਾਸ ਹੋ ਗਈਆਂ। ਨਿਤਨੇਮ ਦੀਆਂ ਬਾਣੀਆਂ 'ਤੇ ਕਾਫ਼ੀ ਵਿਚਾਰ ਚਰਚਾ ਹੋਈ ਪਰ ਇਕ ਰਾਇ ਨਾ ਕਾਇਮ ਹੋ ਸਕੀ। ਇਸ ਇਕਤ੍ਰਤਾ ਦਾ ਮਕਸਦ ਰਾਇ ਜਾਣਨਾ ਅਤੇ ਸਹਿਮਤੀ ਹਾਸਲ ਕਰਨਾ ਸੀ ਪਰ ਜਿਹਨਾਂ ਮਾਮਲਿਆਂ 'ਤੇ ਸਹਿਮਤੀ ਨਹੀਂ ਸੀ ਹੋ ਸਕੀ ਉਹ ਰਹੁ-ਰੀਤ ਕਮੇਟੀ ਦੇ ਸਪੁਰਦ ਕਰ ਦਿੱਤੇ ਜਾਂਦੇ ਸਨ।
- ਇਸ ਇਕਤ੍ਰਤਾ ਵਿਚ ਇਹ ਵੀ ਪ੍ਰਵਾਨ ਕੀਤਾ ਗਿਆ ਕਿ ਸਮਾਗਮ ਵਿਚ ਓਹ ਗੱਲ ਪਾਸ ਹੋਈ ਸਮਝੀ ਜਾਵੇਗੀ ਜੋ 90 ਫ਼ੀਸਦੀ ਰਾਵਾਂ ਨਾਲ ਪਾਸ ਹੋਵੇ।
- ਇਹ ਇਕਤ੍ਰਤਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿਚ ਹੋਈਆਂ ਅਤੇ ਅਰੰਭਤਾ ਅਤੇ ਸਮਾਪਤੀ ਸਮੇਂ ਹੁਕਮਨਾਮਾ ਲਿਆ ਗਿਆ।
- ਦੋ ਦਿਨ ਚੱਲੀ ਇਸ ਇਕਤ੍ਰਤਾ ਦੀ ਚੌਦਾਂ ਸਫ਼ਿਆਂ ਦੀ ਪੂਰੀ ਰਿਪੋਰਟ ਗੁਰਦੁਆਰਾ ਗਜ਼ਟ ਦੇ ਜਨਵਰੀ 1934 ਅੰਕ ਵਿਚ ਛਾਪੀ ਗਈ।
- ਇਸ ਤਰ੍ਹਾਂ ਦੋ ਦਿਨਾਂ ਦੀ ਇਹ ਇਕ ਕਾਮਯਾਬ ਅਤੇ ਸਾਰਥਕ ਇਕਤ੍ਰਤਾ ਸੀ ਪਰ

SikhBookClub.com

ਬਿਨਾਂ ਇਸ ਰਿਪੋਰਟ ਨੂੰ ਪੜ੍ਹੇ ਅਤੇ ਵੇਖੇ ਹੀ ਕੇਵਲ ਸੁਣੀ ਸੁਣਾਈ ਗੱਲ 'ਤੇ ਹੀ ਗ਼ਲਤ ਟਿੱਪਣੀਆਂ ਕਰ ਦਿੱਤੀਆਂ ਗਈਆਂ ਹਨ ਜੋ ਕਿ ਮੁੱਦਿਆਂ ਪ੍ਰਤੀ ਸਾਡੀ ਪਹੁੰਚ ਅਤੇ ਗੰਭੀਰਤਾ 'ਤੇ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ।

ਇਸ ਤੋਂ ਸਪਸ਼ਟ ਹੈ ਕਿ ਸਿੱਖ ਰਹਿਤ ਮਰਯਾਦਾ ਦੇ ਖਰੜੇ 'ਤੇ ਲਗਾਤਾਰ ਦੋ ਦਿਨ ਲੰਮੀ ਵਿਚਾਰ ਚਲੀ ਅਤੇ ਇਸ ਵਿਚ ਕਈ ਮੱਦਾਂ 'ਤੇ ਡੂੰਘੀ ਵਿਚਾਰ ਹੋ ਕੇ ਕਈ ਸਾਰਥਕ ਸਿੱਟੇ ਵੀ ਨਿਕਲੇ। ਇਸ ਵਿਚ ਸਾਰਿਆਂ ਦੇ ਵਿਚਾਰ ਸੁਣੇ ਗਏ ਅਤੇ ਰਿਕਾਰਡ ਵੀ ਕੀਤੇ ਗਏ। ਆਮ ਤੌਰ 'ਤੇ ਇਸ ਤਰ੍ਹਾਂ ਦੀਆਂ ਇਕਤ੍ਰਤਾਵਾਂ ਘਟ ਹੀ ਹੁੰਦੀਆਂ ਹਨ। ਪਰ ਹੈਰਾਨੀ ਹੈ ਕਿ ਇਸ ਬਾਰੇ ***ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*** ਪੁਸਤਕ ਦੇ ਪੰਨਾ 114 'ਤੇ ਇਹ ਭੁਲੇਖਾ ਪਾਊ ਟਿੱਪਣੀ ਛਾਪ ਦਿੱਤੀ:

> ***ਖਾਲਸਾ ਰਹਿਤ ਮਰਯਾਦਾ ਦਾ ਖਰੜਾ***
>
> ***"ਸੰਤ ਤੇਜਾ ਸਿੰਘ ਜੀ ਹੈਡ ਗ੍ਰੰਥੀ ਸ੍ਰੀ ਨਨਕਾਣਾ ਸਾਹਿਬ ਨੇ ਇਸ ਇਕਤ੍ਰਤਾ ਦਾ ਅਰਦਾਸਾ ਸੋਧਿਆ। ਫੇਰ ਕਾਰਵਾਈ ਸ਼ੁਰੂ ਹੋਣ 'ਤੇ ਪ੍ਰੋ: ਤੇਜਾ ਸਿੰਘ ਜੀ ਕਨਵੀਨਰ ਰਹੁ-ਰੀਤ ਸਬ-ਕਮੇਟੀ ਨੇ ਸਿੱਖ ਰਹਿਤ ਮਰਯਾਦਾ ਦਾ ਖਰੜਾ ਪੇਸ਼ ਕੀਤਾ, ਜੋ ਦੋ ਦਿਨਾਂ ਦੀ ਗਰਮਾ ਗਰਮ ਬਹਿਸ ਤੋਂ ਬਾਅਦ ਕੁੱਝ ਕੁ ਮਤਭੇਦ ਪੈਦਾ ਹੋਣ ਕਰਕੇ ਪਾਸ ਨਾ ਹੋ ਸਕਿਆ ਤੇ ਇਹ ਵਿਚਾਰ ਅਨਿਸਚਿਤ ਸਮੇਂ ਲਈ ਮੁਲਤਵੀ ਕਰ ਦਿੱਤੀ ਗਈ।"***

ਇਸ ਟਿੱਪਣੀ ਨੂੰ ਅਧਾਰ ਬਣਾ ਕੇ ਹੁਣ ਕਈਆਂ ਨੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਅਕਾਲ ਤਖ਼ਤ ਸਾਹਿਬ 'ਤੇ ਹੋਈ ਦੋ ਦਿਨਾਂ ਦੀ ਇਕਤ੍ਰਤਾ ਵਿਚ ਰੌਲਾ-ਰੱਪਾ ਹੀ ਪੈਂਦਾ ਰਿਹਾ ਤੇ ਸਿੱਟਾ ਕੁੱਝ ਵੀ ਨਹੀਂ ਨਿਕਲਿਆ। ਇਸ ਤਰ੍ਹਾਂ ਦਾ ਬਿਆਨ ਨਾ ਹੋ ਕੇ ਗ਼ਲਤ-ਬਿਆਨੀ ਹੋ ਗਿਆ। ਇਸ ਲਈ ਜ਼ਰੂਰੀ ਹੈ ਕਿ 30 ਅਤੇ 31 ਦਸੰਬਰ, 1933 ਨੂੰ ਸ਼੍ਰੋਮਣੀ ਕਮੇਟੀ ਦੇ ਉਚੇਚੇ ਜਨਰਲ ਸਮਾਗਮ 'ਤੇ ਸਿੱਖ ਰਹੁ ਰੀਤ ਕਮੇਟੀ ਦੀ ਸਾਂਝੀ ਇਕੱਤਰਤਾ ਦੀ ਇਸ ਕਾਰਵਾਈ ਨੂੰ ਸਹੀ ਪਰਿਪੇਖ ਵਿਚ ਵਾਚਿਆ ਜਾਏ।

1 ਅਗਸਤ, 1936

ਸਰਬ ਹਿੰਦ ਸਿੱਖ ਮਿਸ਼ਨ ਬੋਰਡ ਵੱਲੋਂ ਰਹਿਤ ਮਰਯਾਦਾ ਦਾ ਖਰੜਾ ਪ੍ਰਵਾਨ

1936 ਦੀ ਵਿਸਾਖੀ ਦੇ ਮੌਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਸਰਬ ਹਿੰਦ ਸ਼੍ਰੋਮਣੀ ਸਿੱਖ ਪ੍ਰਚਾਰ ਕਾਨਫ੍ਰੰਸ ਕੀਤੀ ਗਈ। ਇਸ ਵਿਚ ਵੱਡੀ ਗਿਣਤੀ ਵਿਚ ਅੰਮ੍ਰਿਤ ਸੰਚਾਰ ਵੀ ਹੋਇਆ। ਇੱਥੇ ਹੀ ਦੂਰ ਦੁਰਾਡੇ ਤਕ ਸਿੱਖ ਮਤ ਦਾ ਪ੍ਰਚਾਰ ਪ੍ਰਸਾਰ ਕਰਨ ਲਈ ***ਸਰਬ ਹਿੰਦ ਸਿੱਖ ਮਿਸ਼ਨ*** ਦੀ ਸਥਾਪਨਾ ਹੋਈ।

ਇਸ ਮਿਸ਼ਨ ਨੇ ਥੋੜੇ ਹੀ ਸਮੇਂ ਵਿਚ ਅਲੀਗੜ੍ਹ ਅਤੇ ਹਾਪੁੜ (ਉੱਤਰ ਪ੍ਰਦੇਸ਼), ਬੁਰਹਾਨਪੁਰ (ਮੱਧ ਪ੍ਰਦੇਸ਼), ਨਾਗਪੁਰ (ਮਹਾਰਾਸ਼ਟਰਾ) ਅਤੇ ਏਰਨਾਕੁਲਮ ਅਤੇ ਰਾਨੀ (ਕੇਰਲਾ) ਵਿਚ ਧਰਮ ਪ੍ਰਚਾਰ ਕੇਂਦਰ ਸਥਾਪਤ ਕੀਤੇ। ਮਿਸ਼ਨ ਨੇ ਇਕ ਸਾਲ ਦੇ ਅੰਦਰ

SikhBookClub.com

ਹੀ ਬੰਬਈ ਵਿਚ ਖਾਲਸਾ ਕਾਲਜ ਦੀ ਸਥਾਪਨਾ ਕੀਤੀ। ਹਾਲਾਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਦਾਇਰਾ ਖੇਤਰ ਕਾਨੂੰਨੀ ਤੌਰ ਤੇ ਪੰਜਾਬ ਤਕ ਸੀਮਤ ਸੀ ਇਸ ਲਈ ਸਰਬ ਹਿੰਦ ਸਿੱਖ ਮਿਸ਼ਨ ਬੋਰਡ ਦਾ ਕਾਰਜ ਖੇਤਰ ਸਾਰੇ ਭਾਰਤ ਵਿਚ ਵਧਾ ਦਿੱਤਾ ਗਿਆ।

ਸਰਬ ਹਿੰਦ ਸਿੱਖ ਮਿਸ਼ਨ ਦੀ ਕਾਇਮੀ ਪੰਥ ਦੀ ਅਦੁੱਤੀ ਪ੍ਰਾਪਤੀ ਕਹੀ ਜਾ ਸਕਦੀ ਹੈ। ਜੂਨ, 1940 ਵਿਚ ਅਲੀਗੜ੍ਹ ਵਿਚ ਇਸ ਮਿਸ਼ਨ ਦੀ ਵੱਡੀ ਪੰਥਕ ਕਾਨਫਰੰਸ ਹੋਈ ਜਿਸ ਦੀ ਪ੍ਰਧਾਨਗੀ ਮਾਸਟਰ ਤਾਰਾ ਸਿੰਘ ਜੀ ਨੇ ਕੀਤੀ। ਉਸ ਵੇਲੇ ਦੀਆਂ ਪੁਲਿਸ ਰਿਪੋਰਟਾਂ (PAI- Police Abstract of Intelligence, 6 June, 1940) ਵਿਚ ਜ਼ਿਕਰ ਹੈ ਕਿ ਪੰਜਾਬ, ਰਿਆਸਤ ਪਟਿਆਲਾ, ਦਿੱਲੀ ਅਤੇ ਯੂ.ਪੀ ਦੇ ਸੋਲਾਂ ਜ਼ਿਲਿਆਂ ਵਿਚੋਂ ਵੱਡੀ ਗਿਣਤੀ ਵਿਚ ਇਸ ਕਾਨਫਰੰਸ ਵਿਚ ਲੋਕ ਸ਼ਾਮਲ ਹੋਏ। ਮਾਸਟਰ ਤਾਰਾ ਸਿੰਘ ਜੀ ਨੂੰ ਬਹੁਤ ਹੀ ਸ਼ਾਹਾਨਾ ਜਲੂਸ ਵਿਚ ਅਲੀਗੜ੍ਹ ਸਟੇਸ਼ਨ ਤੋਂ ਕਾਨਫਰੰਸ ਵਾਲੀ ਥਾਂ 'ਤੇ ਲਿਜਾਇਆ ਗਿਆ। ਇਸ ਵਿਚ ਸ਼ਾਮਲ ਗਿਣਤੀ ਇਕ ਲੱਖ ਤੋਂ ਵੱਧ ਸੀ। ਇੱਥੇ ਸਾਰਾ ਦਿਨ ਅਤੇ ਸ਼ਾਮ ਤਕ ਚਲੇ ਅੰਮ੍ਰਿਤ ਸੰਚਾਰ ਵਿਚ 23,000 ਸਥਾਨਕ ਵਿਅਕਤੀ ਅੰਮ੍ਰਿਤ ਪਾਨ ਕਰਕੇ ਸਿੰਘ ਸਜੇ। ਸਿੱਖ ਇਤਿਹਾਸ ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ 1699 ਈ. ਵਿਚ ਇਕ ਦਿਨ ਵਿਚ ਅੰਮ੍ਰਿਤ ਸੰਚਾਰ ਹੋਇਆ, ਉਹ ਵੀ ਪੰਜਾਬ ਤੋਂ ਬਾਹਰ। ਉਸ ਸਮੇਂ ਸੰਗਤ ਵਿਚ ਜੋਸ਼ ਅਤੇ ਉਤਸ਼ਾਹ ਇਤਨਾ ਜ਼ਿਆਦਾ ਸੀ ਕਿ ਪੰਥਕ ਆਗੂਆਂ ਦੇ ਲੈਕਚਰ ਦੂਸਰੇ ਦਿਨ ਲਈ ਮੁਲਤਵੀ ਕਰਨੇ ਪਏ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਲਿਆਉਂਦੀਆਂ 30,000 ਕਿਰਪਾਨਾਂ ਵੰਡੀਆਂ ਗਈਆਂ। ਰਾਤੋ ਰਾਤ ਹਜ਼ਾਰਾਂ ਦੀ ਗਿਣਤੀ ਵਿਚ ਪੰਥਕ ਜਜ਼ਬੇ ਨਾਲ ਸਰਾਬੋਰ ਸ਼ਸਤ੍ਰਧਾਰੀ ਸਿੰਘ ਇਕ ਸ਼ਹਿਰ ਵਿਚ ਨਜ਼ਰ ਆ ਜਾਣ, ਕੀ ਇਹ ਕਿਸੇ ਕਰਿਸ਼ਮੇ ਤੋਂ ਘੱਟ ਕਿਹਾ ਜਾ ਸਕਦਾ ਹੈ? ਨਵੀਨ ਪੰਥ ਪ੍ਰਕਾਸ਼ ਵਿਚ ਅੰਕਤ, ***ਪਲੇ ਪਲਾਏ ਇਨ ਮੈਂ ਆਵੇਂ*** ਇੱਥੇ ਪ੍ਰਤੱਖ ਨਜ਼ਰੀ ਹੋ ਆਇਆ।

ਇਹ ਸੀ ਸਰਬ ਹਿੰਦ ਸਿੱਖ ਮਿਸ਼ਨ ਬੋਰਡ ਜਿਸ ਨੇ ਅੰਤਿਮ ਰੂਪ ਵਿਚ ਸਿੱਖ ਰਹਿਤ ਮਰਯਾਦਾ ਦੀ ਪ੍ਰਵਾਨਗੀ ਦਾ ਮਤਾ ਪਾਸ ਕੀਤਾ। ਪਰ ਕੀ ਸਿੱਖ ਮਿਸ਼ਨ ਬਾਰੇ ਸਾਡੀ ਉਪਰਾਮਤਾ ਹੈਰਾਨ ਕੁਨ ਨਹੀਂ।

12 ਅਕਤੂਬਰ, 1936

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਿਚ ਮਤਾ ਨੰਬਰ 149 ਪ੍ਰਵਾਨ ਕੀਤਾ ਗਿਆ:-

> ***"149. ਸਰਬ ਹਿੰਦ ਸਿਖ ਮਿਸ਼ਨ ਬੋਰਡ ਦਾ ਮਤਾ ਨੰ: 1.8.36 ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਜਦ ਤਕ ਜਨਰਲ ਕਮੇਟੀ ਕੋਈ ਹੋਰ ਫੈਸਲਾ ਨਾ ਕਰੇ ਤਦ ਤਕ ਸਮੂੰਹ ਗੁਰਦੁਆਰਿਆਂ ਵਿਚ ਰਹੁਰੀਤ ਅਤੇ ਰਹਿਤ ਮਰਯਾਦਾ ਹੇਠ ਲਿਖੇ ਅਨੁਸਾਰ ਕੀਤੀ ਜਾਇਆ ਕਰੇ।"***

SikhBookClub.com

ਇਸ ਤਰ੍ਹਾਂ ਇਹ ਰਹਿਤ ਮਰਯਾਦਾ ਹੁਣ ਖਰੜਾ ਨਾ ਰਹਿ ਕੇ ਬਾਕਾਇਦਾ ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਹੋ ਗਈ।

(ਗੁਰਦੁਆਰਾ ਗਜ਼ਟ, ਅਕਤੂਬਰ ੧੯੩੬ ਵਿਚ ਛਾਪੀ ਗਈ)

ਨਵੰਬਰ 1936

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਸਕੱਤਰ ਸ੍ਰ. ਲਾਲ ਸਿੰਘ ਜੀ ਵੱਲੋਂ ਸਿੱਖ ਰਹਿਤ ਮਰਯਾਦਾ ਦੀ ਪਹਿਲੀ ਐਡੀਸ਼ਨ ਅਕਾਲੀ ਪਤ੍ਰਕਾ ਪ੍ਰੈਸ, ਮੈਕਲੇਗਨ ਰੋਡ, ਲਾਹੌਰ ਵਿਚ ਛਾਪ ਕੇ ਜਨਤਕ ਕੀਤੀ ਗਈ।

ਤੀਜਾ ਪੜਾਅ ਸਿੱਖ ਰਹਿਤ ਮਰਯਾਦਾ ਵਿਚ ਤਬਦੀਲੀਆਂ - (1936-1945)

ਧਾਰਮਕ ਸਲਾਹਕਾਰ ਕਮੇਟੀ ਦੀ ਬਾਰਵੀਂ ਇਕਤ੍ਰਤਾ ਵਿਚ ਸਿੱਖ ਰਹਿਤ ਮਰਯਾਦਾ ਵਿਚ ਬਾਰਾਂ ਤਬਦੀਲੀਆਂ ਪ੍ਰਵਾਨ ਕੀਤੀਆਂ ਗਈਆਂ।

7 ਜਨਵਰੀ, 1945

ਧਾਰਮਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕਤ੍ਰਤਾ ਵਿਚ 28 ਜੁਲਾਈ, 1944 ਦੁਆਰਾ ਪ੍ਰਵਾਨ ਕੀਤਾ ਮਤਾ ਦੁਬਾਰਾ ਪੇਸ਼ ਹੋ ਕੇ ਸਿੱਖ ਰਹਿਤ ਮਰਯਾਦਾ ਵਿਚ ਵਾਧੇ-ਘਾਟੇ ਕਰਨ ਦੀ ਸਿਫ਼ਾਰਸ਼ ਕੀਤੀ ਗਈ। ਇਸ ਵਿਚ ਸਿੰਘ ਸਾਹਿਬ ਗਿ. ਮੋਹਨ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ , ਭਾਈ ਸਾਹਿਬ ਭਾਈ ਅੱਛਰ ਸਿੰਘ ਜੀ, ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਪ੍ਰੋ. ਤੇਜਾ ਸਿੰਘ ਜੀ, ਪ੍ਰੋ. ਗੰਗਾ ਸਿੰਘ ਜੀ, ਗਿਆਨੀ ਲਾਲ ਸਿੰਘ ਜੀ, ਪ੍ਰੋ. ਸ਼ੇਰ ਸਿੰਘ ਜੀ, ਬਾਬਾ ਪ੍ਰੇਮ ਸਿੰਘ ਹੋਤੀ ਅਤੇ ਗਿਆਨੀ ਬਾਦਲ ਸਿੰਘ ਜੀ ਸ਼ਾਮਲ ਸਨ।

3 ਫਰਵਰੀ, 1945

ਸ਼੍ਰੋਮਣੀ ਕਮੇਟੀ ਦੀ ਜਨਰਲ ਇਕੱਤਰਤਾ ਨੇ ਮਤਾ ਨੰਬਰ 97 ਰਾਹੀਂ ਵੱਲੋਂ ਸਿੱਖ ਰਹਿਤ ਮਰਯਾਦਾ ਵਿਚ ਅਹਿਮ ਸੋਧਾਂ ਦੀ ਪ੍ਰਵਾਨਗੀ ਦਿੱਤੀ ਗਈ।

ਇਸ ਤਰ੍ਹਾਂ ਵੇਖਿਆ ਜਾ ਸਕਦਾ ਹੈ ਕਿ ਸਿੱਖ ਰਹਿਤ ਮਰਯਾਦਾ ਦੀ ਤਿਆਰੀ ਸਮੁੱਚੇ ਪੰਥ ਨੇ ਪੂਰੀ ਗੰਭੀਰਤਾ ਨਾਲ ਕੀਤੀ। ਇਤਨਾ ਲੰਮਾ ਸਮਾਂ ਮੀਟਿੰਗਾਂ ਹੋਈਆਂ। ਦੋ ਵਾਰ ਖਰੜੇ ਨੂੰ ਗੁਰਦੁਆਰਾ ਗਜ਼ਟ ਵਿਚ ਛਾਪ ਕੇ ਜਨਤਕ ਕੀਤਾ ਗਿਆ। ਇਸ ਦੇ ਇਲਾਵਾ ਅਖਬਾਰਾਂ ਵਿਚ ਵੀ ਇਸ ਨੂੰ ਛਾਪਿਆ ਗਿਆ। ਇਹ ਇਕਤ੍ਰਤਾਵਾਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਈਆਂ। ਇਸ ਵਿਚ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ ਅਤੇ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਦੇ ਨਾਲ ਨਾਲ ਪੰਥਕ ਜਥੇਬੰਦੀਆਂ ਦੇ ਪ੍ਰਤੀਨਿਧ ਇਸ ਵਿਚ ਸ਼ਾਮਲ ਹੁੰਦੇ ਰਹੇ। ਅਠਾਰਾਂ ਸਾਲ ਦੀ ਲੰਮੀ ਸੋਚ ਵਿਚਾਰ ਦੇ ਬਾਅਦ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਹ ਮਰਯਾਦਾ ਪੰਥ ਨੂੰ ਪ੍ਰਾਪਤ ਹੋਈ।

ਇਕ ਗੱਲ ਨਿਸਚਿਤ ਹੈ ਕਿ ਗੁਰਦੁਆਰਾ ਸੁਧਾਰ ਲਹਿਰ ਵਿਚ ਪੰਥ ਦੀ ਪ੍ਰਚੰਡ

SikhBookClub.com

ਸਫ਼ਲਤਾ ਦੇ ਬਾਅਦ ਅੰਗਰੇਜ਼ਾਂ ਨੇ ਗੁਰਦੁਆਰਿਆਂ ਦੇ ਮਾਮਲਿਆਂ ਵਿਚ ਦਖ਼ਲ ਨਹੀਂ ਦਿੱਤਾ ਅਤੇ ਇਸ ਤਰ੍ਹਾਂ ਬਗ਼ੈਰ ਕਿਸੇ ਬਾਹਰੀ ਦਬਾਅ ਦੇ ਪੰਥ ਆਪਣੇ ਲਈ ਇਹ ਕਾਨੂੰਨ ਬਣਾ ਸਕਿਆ। ਇਸ ਦੇ ਨਾਲ ਹੀ ਇਹ ਵੀ ਅਤਿਕਥਨੀ ਨਹੀਂ ਕਿ ਜੇਕਰ ਇਹ ਕਾਰਜ ਅੱਜ ਕਰਨਾ ਹੁੰਦਾ ਤਾਂ ਨਾ ਤਾਂ ਇਤਨੇ ਲੰਮੇ ਸਮੇਂ ਤਕ ਇਸ ਤਰ੍ਹਾਂ ਦਾ ਪੰਥਕ ਇਕੱਠ ਹੀ ਹੋ ਸਕਦਾ ਸੀ ਤੇ ਨਾ ਹੀ ਕਿਸੇ ਨੇ ਹੋਣ ਹੀ ਦੇਣਾ ਸੀ।

ਇਹ ਮਰਯਾਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਹੀਂ ਬਣਾਈ ਬਲਕਿ ਸ਼੍ਰੋਮਣੀ ਕਮੇਟੀ ਨੇ ਤਾਂ ਇਸ ਲਈ ਲੋੜੀਂਦੇ ਸਾਧਨ ਪ੍ਰਦਾਨ ਕੀਤੇ । ਨਨਕਾਣਾ ਸਾਹਿਬ ਦੇ ਅਸਹਿ ਸਾਕੇ ਨੇ ਗੁਰਦੁਆਰਾ ਸੁਧਾਰ ਲਹਿਰ ਨੂੰ ਪ੍ਰਚੰਡ ਕੀਤਾ। ਇਸ ਦੇ ਬਾਅਦ ਗੰਗ ਸਰ, ਜੈਤੋ, ਪੰਜਾ ਸਾਹਿਬ, ਗੁਰੂ ਕਾ ਬਾਗ ਆਦਿ ਮੋਰਚਿਆਂ ਵਿਚ ਸਮੁੱਚੇ ਖਾਲਸਾ ਪੰਥ ਵੱਲੋਂ ਕੀਤੀਆਂ ਅਥਾਹ ਕੁਰਬਾਨੀਆਂ ਸਦਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ। ਇਸ ਕਮੇਟੀ ਦੇ ਹਰ ਇਕ ਮੈਂਬਰ ਦਾ ਅੰਮ੍ਰਿਤਧਾਰੀ ਅਤੇ ਨਿਤਨੇਮੀ ਹੋਣਾ ਲਾਜ਼ਮੀ ਸੀ। ਹਰ ਮੈਂਬਰ ਦੀ ਮੀਟਿੰਗ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੰਜ ਪਿਆਰਿਆਂ ਸਾਹਮਣੇ ਪੇਸ਼ ਹੋ ਕੇ ਆਪਣੀ ਸੁਧਾਈ ਕੀਤੀ ਗਈ। ਰਹਿਤ ਮਰਯਾਦਾ ਦੀ ਤਿਆਰੀ ਲਈ ਸ਼ਾਮਲ ਹੋਏ ਮਾਣ ਮੱਤੇ ਸੱਜਣਾਂ ਦੀ ਫਹਿਰਿਸਤ ਵੇਖਣ 'ਤੇ ਇਹ ਸਪਸ਼ਟ ਹੈ ਕਿ ਇਸ ਤਰ੍ਹਾਂ ਦੇ ਗੁਰਮੁਖਾਂ ਅਤੇ ਵਿਦਵਾਨਾਂ ਦਾ ਇਕੱਠ ਨਾ ਤਾਂ ਹੁਣ ਹੋ ਹੀ ਸਕਦਾ ਹੈ ਅਤੇ ਨਾ ਹੀ ਕਿਸੇ ਨੇ ਇਹ ਹੋਣ ਹੀ ਦੇਣਾ ਹੈ। ਇਸ ਵਿਚ ਇਕ ਗੱਲ ਧਿਆਨ ਦੇਣ ਵਾਲੀ ਗੱਲ ਹੈ ਕਿ ਰਹਿਤ ਮਰਯਾਦਾ ਦੀ ਤਿਆਰੀ ਲਈ ਬਣੀ ਰਹੁ-ਰੀਤ ਕਮੇਟੀ ਦੇ ਸਾਰੇ ਹੀ ਮੈਂਬਰ ਅਤੇ ਸੰਸਥਾਵਾਂ ਆਪਣੇ ਆਪ ਨੂੰ ਗੁਰੂ ਪੰਥ ਦਾ ਅੰਗ ਸਮਝ ਕੇ ਸ਼ਾਮਿਲ ਹੋਏ। ਇਸ ਤਰ੍ਹਾਂ ਇਹ ਰਹਿਤ ਮਰਯਾਦਾ ਸਮੁੱਚੇ ਖਾਲਸਾ ਪੰਥ ਦੀ ਸੀ ਨਾ ਕਿ ਕਿਸੇ ਜਥੇਬੰਦੀ, ਧੜੇ ਜਾਂ ਸੰਪ੍ਰਦਾ ਦੀ।

ਸਿੱਖ ਰਹਿਤ ਮਰਯਾਦਾ ਦੀ ਲੋੜ ਅਤੇ ਇਸ ਨੂੰ ਹੁਣ ਵੀ ਕਾਇਮ ਰੱਖਣ ਬਾਰੇ ਸਭ ਤੋਂ ਵੱਡਾ ਕਾਰਣ ਅਤੇ ਦਲੀਲ ਇਹ ਹੈ ਕਿ ਗੁਰਦੁਆਰਾ ਸੁਧਾਰ ਲਹਿਰ ਦੇ ਬਾਅਦ ਜਿਉਂ ਜਿਉਂ ਇਤਿਹਾਸਕ ਗੁਰਦੁਆਰਾ ਸਾਹਿਬ ਪੰਥਕ ਪ੍ਰਬੰਧ ਹੇਠ ਆਉਂਦੇ ਰਹੇ ਤਾਂ ਇਹ ਵੇਖਿਆ ਗਿਆ ਕਿ ਹਰ ਗੁਰਦੁਆਰੇ ਦੀ ਮਰਯਾਦਾ ਵਿਚ ਭਿੰਨਤਾ ਸੀ। ਇਸ ਤਰ੍ਹਾਂ ਜੇਕਰ ਇਹ ਮਰਯਾਦਾ ਨਾ ਬਣਦੀ ਤਾਂ ਜਿੰਨੇ ਪੂਰਬੀਏ ਉਤਨੇ ਚੁਲ੍ਹੇ ਦੀ ਤਰਜ਼ 'ਤੇ ਅੱਜ ਪੰਥ ਪੂਰੀ ਤਰ੍ਹਾਂ ਖੇਰੂੰ ਖੇਰੂੰ ਹੋਇਆ ਹੋਣਾ ਸੀ। ਹਰ ਗੁਰਦੁਆਰੇ ਵਿਚ ਮਰਯਾਦਾ, ਰਹੁ-ਰੀਤ, ਰਸਮਾਂ ਤਾਂ ਇਕ ਪਾਸੇ ਉੱਥੇ ਕੜਾਹ ਪ੍ਰਸ਼ਾਦਿ ਲੰਗਰ ਆਦਿ ਸਭ ਭਿੰਨ ਭਿੰਨ ਹੋਣਾ ਸੀ। ਹੋਰ ਤਾਂ ਹੋਰ ਖ਼ਦਸ਼ਾ ਇਹ ਹੈ ਕਿ ਇਤਿਹਾਸਕ ਗੁਰਦੁਆਰੇ ਵੀ ਜਾਤਾਂ ਅਤੇ ਬਰਾਦਰੀਆਂ ਦੇ ਨਾਮ 'ਤੇ ਹੋ ਜਾਣੇ ਸਨ।

ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸ਼ਹਾਦਤ ਨੇ ਕੌਮ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਿੱਤਾ। ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਨੇ ਕੌਮ ਨੂੰ ਗੁਰੂ ਕਲਗੀਧਰ ਪਿਤਾ ਦੇ ਰਾਹੀਂ ਖ਼ਾਲਸਾ

SikhBookClub.com

ਪੰਥ ਦਿੱਤਾ। ਇਸੇ ਤਰ੍ਹਾਂ ਗੁਰਦੁਆਰਾ ਸੁਧਾਰ ਲਹਿਰ ਅਤੇ ਨਨਕਾਣਾ ਸਾਹਿਬ ਦੀ ਸ਼ਹਾਦਤ ਵਿਚ ਪੰਥ ਵੱਲੋਂ ਕੀਤੀਆਂ ਅਥਾਹ ਕੁਰਬਾਨੀਆਂ ਨੇ ਪੰਥ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਤੀ। ਸ਼੍ਰੋਮਣੀ ਕਮੇਟੀ ਜਿਸਦਾ ਕਾਰਜ ਖੇਤਰ ਪੂਰੇ ਅਣਵੰਡੇ ਪੰਜਾਬ 'ਤੇ ਸੀ ਅਤੇ ਜੋ ਕੁਦਰਤੀ ਤੌਰ 'ਤੇ ਖਾਲਸਾ ਪੰਥ ਦੀ ਨੁਮਾਇੰਦਗੀ ਕਰਨ ਵਾਲਾ ਸ਼੍ਰੋਮਣੀ ਜਥਾ ਜਾਂ ਪ੍ਰਤੀਨਿਧ ਇਕੱਠ ਸੀ। ਕੁਰਬਾਨੀਆਂ ਅਤੇ ਪੰਥਕ ਜਜ਼ਬੇ ਵਿਚ ਓਤ ਪੋਤ ਇਸ ਸ਼੍ਰੋਮਣੀ ਕਮੇਟੀ ਨੇ ਪੰਥ ਨੂੰ ਸਿੱਖ ਰਹਿਤ ਮਰਯਾਦਾ ਦਿੱਤੀ। ਇਸ ਤਰ੍ਹਾਂ ਨਿਰਵਿਵਾਦਤ ਰੂਪ ਵਿਚ ਪੰਥ ਦੀ ਲੰਮੀ ਘਾਲਣਾ ਨਾਲ ਤਿਆਰ ਕੀਤੀ ਗਈ ਇਹ ***ਸਿੱਖ ਰਹਿਤ ਮਰਯਾਦਾ ਪੰਥ ਵੱਲੋਂ, ਪੰਥ ਵਾਸਤੇ ਅਤੇ ਪੰਥ ਦਾ*** ਦਸਤਾਵੇਜ਼ ਹੈ।

ਪੰਥਕ ਬੋਲਿਆਂ ਵਿਚ ਰੇਲ ਇੰਜਣ ਨੂੰ ਤੇਜਾ ਸਿੰਘ ਕਿਹਾ ਜਾਂਦਾ ਹੈ। ਸਿੱਖ ਰਹਿਤ ਮਰਯਾਦਾ ਦੀ ਤਿਆਰੀ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇਜਾ ਸਿੰਘ ਜੀ ਅਤੇ ਰਹੁ-ਰੀਤ ਕਮੇਟੀ ਦੇ ਕਨਵੀਨਰ ਪ੍ਰੋ. ਤੇਜਾ ਸਿੰਘ ਜੀ ਨੇ ਦੋ ਇੰਜਣਾਂ ਦਾ ਰੋਲ ਅਦਾ ਕਰ ਕੇ ਪੰਥ ਦੀ ਇਸ ਗੱਡੀ ਨੂੰ ਲੀਹ 'ਤੇ ਪਾਇਆ।

SikhBookClub.com

ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ

ਮੂਲ ਪਾਠ ਤੇ ਵਿਆਖਿਆ

SikhBookClub.com

ਮੂਲ ਪਾਠ ਤੇ ਵਿਆਖਿਆ

੧ੴ ਸਤਿਗੁਰ ਪ੍ਰਸਾਦਿ

ਸਿੱਖ ਰਹਿਤ ਮਰਯਾਦਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਹੁ-ਰੀਤ ਸਬ-ਕਮੇਟੀ ਵੱਲੋਂ ਰਹੁ-ਰੀਤ ਦੇ ਖਰੜੇ ਦੀ ਪ੍ਰਵਾਨਗੀ 'ਸਰਬ ਹਿੰਦ ਸਿੱਖ ਬੋਰਡ' ਨੇ ਆਪਣੇ ਮਤਾ ਨੰਬਰ 1, ਮਿਤੀ 1-8-36 ਰਾਹੀਂ ਅਤੇ ਸ਼੍ਰੋਮਣੀ ਗੁ. ਪ੍ਰ. ਕਮੇਟੀ ਨੇ ਆਪਣਾ ਮਤਾ ਨੰਬਰ 149, ਮਿਤੀ 12-10-36 ਦੁਆਰਾ ਦਿੱਤੀ ਅਤੇ ਮੁੜ ਸ਼੍ਰੋਮਣੀ ਗੁ. ਪ੍ਰ. ਕਮੇਟੀ ਦੀ 'ਧਾਰਮਿਕ ਸਲਾਹਕਾਰ ਕਮੇਟੀ' ਨੇ ਆਪਣੀ ਇਕੱਤਰਤਾ ਮਿਤੀ 7-1-45 ਵਿਖੇ ਇਸ ਨੂੰ ਵਿਚਾਰ ਕੇ ਇਸ ਵਿਚ ਕੁੱਝ ਵਾਧੇ ਘਾਟੇ ਕਰਨ ਦੀ ਸਿਫਾਰਿਸ਼ ਕੀਤੀ। ਧਾਰਮਿਕ ਸਲਾਹਕਾਰ ਕਮੇਟੀ ਦੀ ਇਸ ਇਕੱਤਰਤਾ ਵਿਚ ਹੇਠ ਲਿਖੇ ਸੱਜਣ ਹਾਜ਼ਰ ਸਨ-

1. ਸਿੰਘ ਸਾਹਿਬ ਜਥੇਦਾਰ ਮੋਹਨ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ।
2. ਭਾਈ ਸਾਹਿਬ ਭਾਈ ਅੱਛਰ ਸਿੰਘ ਜੀ, ਹੈਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ।
3. ਪ੍ਰੋ. ਤੇਜਾ ਸਿੰਘ ਜੀ ਐਮ. ਏ., ਖਾਲਸਾ ਕਾਲਜ, ਅੰਮ੍ਰਿਤਸਰ।
4. ਪ੍ਰੋ. ਗੰਗਾ ਸਿੰਘ ਜੀ, ਪ੍ਰਿੰਸੀਪਲ, ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ।
5. ਗਿਆਨੀ ਲਾਲ ਸਿੰਘ ਜੀ ਐਮ. ਏ., ਪ੍ਰੋਫੈਸਰ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ।
6. ਪ੍ਰੋ. ਸ਼ੇਰ ਸਿੰਘ ਜੀ ਐਮ. ਐਸ. ਸੀ., ਗੌਰਮਿੰਟ ਕਾਲਜ, ਲੁਧਿਆਣਾ।
7. ਬਾਵਾ ਪ੍ਰੇਮ ਸਿੰਘ ਜੀ ਹੋਤੀ (ਪ੍ਰਸਿੱਧ ਹਿਸਟੋਰੀਅਨ)।
8. ਗਿਆਨੀ ਬਾਦਲ ਸਿੰਘ ਜੀ, ਇੰਚਾਰਜ ਸਿੱਖ ਮਿਸ਼ਨ ਹਾਪੜ।

ਧਾਰਮਿਕ ਸਲਾਹਕਾਰ ਕਮੇਟੀ ਦੀ ਸਿਫਾਰਸ਼ ਅਨੁਸਾਰ ਇਸ ਵਿਚ ਵਾਧਾ ਘਾਟਾ ਕਰਨ ਦੀ ਪ੍ਰਵਾਨਗੀ ਸ਼੍ਰੋਮਣੀ ਗੁ. ਪ੍ਰ. ਕਮੇਟੀ ਨੇ ਆਪਣੀ ਇਕੱਤ੍ਰਤਾ ਮਿਤੀ 3-2-45 ਦੇ ਮਤਾ ਨੰਬਰ 97 ਰਾਹੀਂ ਦਿੱਤੀ।

SikhBookClub.com

ੴ ਸਤਿਗੁਰ ਪ੍ਰਸਾਦਿ ॥

ਅਗਲੇ ਸਫਿਆਂ 'ਤੇ ਜੋ ਰਹਿਤ ਮਰਯਾਦਾ ਦਿੱਤੀ ਗਈ ਹੈ, ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 'ਰਹੁ-ਰੀਤ ਕਮੇਟੀ' ਵੱਲੋਂ ਸ਼੍ਰੋਮਣੀ ਗੁ. ਪ੍ਰ. ਕਮੇਟੀ ਦੇ ਦਫਤਰ ਵਿਚ ਜਿਸ ਰੀਪੋਰਟ ਸਾਹਿਤ ਪੁੱਜੀ ਸੀ, ਉਹ ਹੇਠ ਦਿੱਤੀ ਜਾਂਦੀ ਹੈ :-

ਰੀਪੋਰਟ 'ਰਹੁ-ਰੀਤ ਸਬ-ਕਮੇਟੀ'

(ਸ਼੍ਰੋਮਣੀ ਗੁ. ਪ੍ਰ. ਕਮੇਟੀ)

ਸੇਵਾ ਵਿਚ

ਸ੍ਰੀ ਮਾਨ ਸਕੱਤਰ ਸਾਹਿਬ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ

ਸ੍ਰੀ ਮਾਨ ਜੀ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਿਆਂ ਵਿਚ ਗੁਰੂ-ਮਰਯਾਦਾ ਨੂੰ ਠੀਕ ਤਰ੍ਹਾਂ ਨਿਯਤ ਕਰਨ ਹਿਤ, ਰਹਿਤ ਮਰਯਾਦਾ ਦਾ ਇਕ ਖਰੜਾ ਤਿਆਰ ਕਰਨ ਲਈ ਹੇਠ ਲਿਖੇ ਸੱਜਣਾਂ ਦੀ ਸਬ-ਕਮੇਟੀ ਬਣਾਈ ਸੀ-

1. ਗਿਆਨੀ ਠਾਕੁਰ ਸਿੰਘ ਜੀ, ਅੰਮ੍ਰਿਤਸਰ।
2. ਗਿਆਨੀ ਸ਼ੇਰ ਸਿੰਘ ਜੀ।
3. ਭਾਈ ਬੁੱਧ ਸਿੰਘ ਜੀ।
4. ਅਕਾਲੀ ਕੌਰ ਸਿੰਘ ਜੀ।
5. ਸੰਤ ਸੰਗਤ ਸਿੰਘ ਜੀ ਕਮਾਲੀਆ।
6. ਭਾਈ ਕ੍ਹਾਨ ਸਿੰਘ ਜੀ, ਨਾਭਾ।
7. ਸੰਤ ਗੁਲਾਬ ਸਿੰਘ ਜੀ ਘੋਲੀਆਂ।
8. ਭਾਈ ਲਾਭ ਸਿੰਘ ਜੀ, ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ।
9. ਭਾਈ ਹਜ਼ੂਰਾ ਸਿੰਘ ਜੀ, ਹਜ਼ੂਰ ਸਾਹਿਬ (ਜਾਂ ਉਹਨਾਂ ਦਾ ਭੇਜਿਆ ਹੋਇਆ ਕੋਈ ਪ੍ਰਤੀਨਿਧ)
10. ਪੰਡਤ ਬਸੰਤ ਸਿੰਘ ਜੀ, ਪਟਿਆਲਾ।
11. ਭਾਈ ਵੀਰ ਸਿੰਘ ਜੀ, ਅੰਮ੍ਰਿਤਸਰ।
12. ਗਿਆਨੀ ਹੀਰਾ ਸਿੰਘ ਜੀ, 'ਦਰਦ'।

SikhBookClub.com

13. ਬਾਵਾ ਹਰਕ੍ਰਿਸ਼ਨ ਸਿੰਘ ਜੀ, ਪ੍ਰਿੰਸੀਪਲ ਗੁਰੂ ਨਾਨਕ ਖਾ. ਕਾ. ਗੁਜਰਾਂਵਾਲਾ।
14. ਭਾਈ ਤ੍ਰਿਲੋਚਨ ਸਿੰਘ ਜੀ (ਸੁਰ ਸਿੰਘ ਜ਼ਿਲ੍ਹਾ ਲਾਹੌਰ)।
15. ਗਿਆਨੀ ਹਮੀਰ ਸਿੰਘ ਜੀ, ਅੰਮ੍ਰਿਤਸਰ।
16. ਪੰਡਤ ਕਰਤਾਰ ਸਿੰਘ ਜੀ ਦਾਖਾ, ਜ਼ਿਲ੍ਹਾ ਲੁਧਿਆਣਾ।
17. ਜਥੇਦਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ।
18. ਜਥੇਦਾਰ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ।
19. ਜਥੇਦਾਰ ਸਾਹਿਬ, ਤਖ਼ਤ ਸ੍ਰੀ ਪਟਨਾ ਸਾਹਿਬ।
20. ਪ੍ਰੋਫੈਸਰ ਗੰਗਾ ਸਿੰਘ ਜੀ।
21. ਪ੍ਰੋਫੈਸਰ ਜੋਧ ਸਿੰਘ ਜੀ।
22. ਸੰਤ ਮਾਨ ਸਿੰਘ ਜੀ, ਕਨਖਲ।
23. ਜਥੇਦਾਰ ਤੇਜਾ ਸਿੰਘ ਜੀ।
24. ਜਥੇਦਾਰ ਰਣਧੀਰ ਸਿੰਘ ਜੀ।
25. ਪ੍ਰੋਫੈਸਰ ਤੇਜਾ ਸਿੰਘ ਜੀ (ਕਨਵੀਨਰ)।

ਇਸ ਸਭ ਕਮੇਟੀ ਦੇ ਸਮਾਗਮ 4-5 ਅਕਤੂਬਰ 1931, 3 ਜਨਵਰੀ 1932 ਅਤੇ 31 ਜਨਵਰੀ 1932 ਨੂੰ ਅਕਾਲ ਤਖ਼ਤ ਸਾਹਿਬ ਉੱਤੇ ਹੋਏ ਜਿਨ੍ਹਾਂ ਵਿਚ ਹੇਠ ਲਿਖੇ ਮੈਂਬਰ ਦਰਸ਼ਨ ਦੇ ਕੇ ਵਿਚਾਰ ਵਿਚ ਹਿੱਸਾ ਲੈਂਦੇ ਰਹੇ :

ਅਕਾਲੀ ਕੌਰ ਸਿੰਘ ਜੀ, ਗਿਆਨੀ ਸ਼ੇਰ ਸਿੰਘ ਜੀ, ਸੰਤ ਮਾਨ ਸਿੰਘ ਜੀ ਨਿਰਮਲੇ, ਪ੍ਰੋ. ਗੰਗਾ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗਿਆਨੀ ਹੀਰਾ ਸਿੰਘ ਜੀ 'ਦਰਦ', ਭਾਈ ਲਾਭ ਸਿੰਘ ਜੀ ਗ੍ਰੰਥੀ, ਗਿਆਨੀ ਠਾਕੁਰ ਸਿੰਘ ਜੀ, ਗਿਆਨੀ ਹਮੀਰ ਸਿੰਘ ਜੀ, ਬਾਵਾ ਹਰਕ੍ਰਿਸ਼ਨ ਸਿੰਘ ਜੀ ਐਮ.ਏ., ਜਥੇਦਾਰ ਤੇਜਾ ਸਿੰਘ ਜੀ, ਭਾਈ ਤ੍ਰਿਲੋਚਨ ਸਿੰਘ ਜੀ ਅਤੇ ਦਾਸ ਕਨਵੀਨਰ।

ਇਹਨਾਂ ਤੋਂ ਇਲਾਵਾ ਹੇਠ ਲਿਖੇ ਸੱਜਣ ਕਦੀ ਕਦੀ ਦਰਸ਼ਨ ਦੇਂਦੇ ਰਹੇ :

ਸ੍ਰ. ਧਰਮ-ਅਨੰਤ ਸਿੰਘ ਜੀ ਪ੍ਰਿੰਸੀਪਲ ਸਿੱਖ ਮਿਸ਼ਨਰੀ ਕਾਲਜ, ਸ੍ਰ. ਭਾਗ ਸਿੰਘ ਵਕੀਲ ਗੁਰਦਾਸਪੁਰ, ਸ੍ਰ. ਵਸਾਵਾ ਸਿੰਘ ਜੀ ਸਕੱਤਰ ਸ਼੍ਰੋ. ਕਮੇਟੀ, ਮਾ. ਤਾਰਾ ਸਿੰਘ ਜੀ (ਪ੍ਰਧਾਨ ਸ਼੍ਰੋਮਣੀ ਅਕਾਲੀ ਦਲ) ਆਦਿ।

ਇਹ ਖਰੜਾ ਇਸ ਰਹੁ-ਰੀਤ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਦੀ ਸੇਵਾ ਵਿਚ ਪੇਸ਼ ਕੀਤਾ ਜਾਂਦਾ ਹੈ। ਆਸ਼ਾ ਹੈ, ਆਪ ਇਸ ਖਰੜੇ ਨੂੰ ਪੰਥ ਰਾਇ ਲੈਣ ਲਈ ਛਪਵਾ ਕੇ ਪ੍ਰਕਾਸ਼ਤ ਕਰੋਗੇ ਅਤੇ ਰਾਵਾਂ ਆਉਣ 'ਤੇ ਸ਼੍ਰੋਮਣੀ ਕਮੇਟੀ ਦੇ ਇਜਲਾਸ ਵਿਚ ਅੰਤਮ ਪ੍ਰਵਾਨਗੀ ਲਈ ਪੇਸ਼ ਕਰੋਗੇ।

ਇਸ ਤੋਂ ਉਪਰੰਤ ਸ਼੍ਰੋ. ਕਮੇਟੀ ਦੀ ਆਗਿਆ ਅਨੁਸਾਰ 8 ਮਈ, 1932 ਨੂੰ ਖਰੜੇ ਉਤੇ ਇਕ ਵਾਰੀ ਹੋਰ ਵਿਚਾਰ ਕੀਤਾ ਗਿਆ। ਹੇਠ ਲਿਖੇ ਸੱਜਣ ਹਾਜ਼ਰ ਸਨ-

ਜਥੇਦਾਰ ਤੇਜਾ ਸਿੰਘ ਜੀ, ਸੰਤ ਤੇਜਾ ਸਿੰਘ ਜੀ ਗ੍ਰੰਥੀ ਸ੍ਰੀ ਨਨਕਾਣਾ ਸਾਹਿਬ,

SikhBookClub.com

ਗਿਆਨੀ ਗੁਰਮੁਖ ਸਿੰਘ ਜੀ 'ਮੁਸਾਫਰ', ਗਿਆਰੀ ਨਾਹਰ ਸਿੰਘ ਜੀ, ਸ੍ਰ. ਵਸਾਵਾ ਸਿੰਘ ਜੀ ਸਕੱਤਰ ਸ਼੍ਰੋਮਣੀ ਕਮੇਟੀ, ਭਾਈ ਕਰਤਾਰ ਸਿੰਘ ਜੀ ਝੱਬਰ, ਸ੍ਰ ਵਰਿਆਮ ਸਿੰਘ ਜੀ ਰਾਗਮੂਲਾ (ਮੈਂਬਰ ਇੰਚਾਰਜ ਨਨਕਾਣਾ ਸਾਹਿਬ), ਜਥੇ. ਮੋਹਨ ਸਿੰਘ ਜੀ (ਸ੍ਰੀ ਅਕਾਲ ਤਖ਼ਤ ਸਾਹਿਬ) ਆਦਿ।

ਇਸ ਤੋਂ ਉਪਰੰਤ ਕਈ ਸੱਜਣਾਂ ਦੇ ਜ਼ੋਰ ਦੇਣ 'ਤੇ ਖਰੜੇ ਉਤੇ ਮੁੜ ਵਿਚਾਰ ਕਰਨ ਲਈ ਰਹੁ-ਰੀਤ ਕਮੇਟੀ ਦਾ ਇਕ ਹੋਰ ਸਮਾਗਮ 26 ਸਤੰਬਰ 1932 ਨੂੰ ਕੀਤਾ ਗਿਆ। ਇਸ ਵਿਚ ਹੇਠ ਲਿਖੇ ਮੈਂਬਰ ਹਾਜ਼ਰ ਸਨ :

ਗਿਆਨੀ ਸ਼ੇਰ ਸਿੰਘ ਜੀ, ਗਿਆਨੀ ਠਾਕੁਰ ਸਿੰਘ ਜੀ, ਗਿਆਨੀ ਹਮੀਰ ਸਿੰਘ ਜੀ, ਭਾਈ ਲਾਭ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਗਿਆਨੀ ਗੁਰਮੁਖ ਸਿੰਘ 'ਮੁਸਾਫਰ', ਭਾਈ ਜੋਗਿੰਦਰ ਸਿੰਘ ਜੀ (ਮੀਤ ਜਥੇਦਾਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਦਾਸ ਕਨਵੀਨਰ।

ਇਨ੍ਹਾਂ ਤੋਂ ਇਲਾਵਾ ਸੰਤ ਤੇਜਾ ਸਿੰਘ ਜੀ ਐਮ. ਏ, ਭੀ ਵਿਚਾਰ 'ਚ ਹਿੱਸਾ ਲੈਂਦੇ ਰਹੇ। ਕਮੇਟੀ ਨੇ ਬੜੇ ਗਹੁ ਨਾਲ ਸਾਰੇ ਖਰੜੇ ਉਤੇ ਵਿਚਾਰ ਕੀਤੀ ਅਤੇ ਇਸ ਨੂੰ ਅੱਛੀ ਤਰ੍ਹਾਂ ਸੋਧਿਆ।

ਹੁਣ ਇਹ ਖਰੜਾ ਰਹੁ-ਰੀਤ ਕਮੇਟੀ ਵੱਲੋਂ ਸ਼੍ਰੋ. ਕਮੇਟੀ ਦੀ ਸੇਵਾ ਵਿਚ ਫਿਰ ਪੇਸ਼ ਕੀਤਾ ਜਾਂਦਾ ਹੈ। ਕਿਰਪਾ ਕਰ ਕੇ ਇਸ ਖਰੜੇ ਨੂੰ ਛਪਵਾ ਕੇ ਸੰਗਤਾਂ ਦੀ ਸੇਵਾ ਵਿਚ ਅੰਤਮ ਵੇਰ ਰਾਏ ਦੇਣ ਲਈ ਭੇਜੋ। ਨਾਲ ਹੀ ਇਸ ਖਰੜੇ ਨੂੰ ਵਿਚਾਰਨ ਅਤੇ ਅੰਤਮ ਪ੍ਰਵਾਨਗੀ ਦੇਣ ਲਈ ਸ਼੍ਰੋਮਣੀ ਗਮੇਟੀ ਦਾ ਖਾਸ ਇਜਲਾਸ ਬੁਲਾਇਆ ਜਾਵੈ।

੧ ਅਕਤੂਬਰ ੧੯੩੨ ਦਾਸ

ਤੇਜਾ ਸਿੰਘ

ਕਨਵੀਨਰ, ਰਹੁ-ਰੀਤ ਕਮੇਟੀ।

ਖਰੜੇ ਸੰਬੰਧੀ ਰਾਵਾਂ ਭੇਜਣ ਵਾਲੇ ਸੱਜਣਾਂ ਤੇ ਸਭਾਵਾਂ ਦੀ ਫਹਿਰਿਸਤ

ਰਹੁ-ਰੀਤ ਦੇ ਖਰੜੇ ਸੰਬੰਧੀ ਰਾਵਾਂ ਭੇਜਣ ਵਾਲੇ ਸੱਜਣਾਂ ਦੇ ਨਾਮ :-

1. ਭਾਈ ਸੱਜਣ ਸਿੰਘ 'ਮੁਹਾਫਿਜ਼', ਦਫਤਰ ਗੁ. ਸ੍ਰੀ ਹਜ਼ੂਰ ਸਾਹਿਬ ਜੀ, ਨਾਂਦੇੜ।
2. ਸ੍ਰ. ਹਜ਼ਾਰਾ ਸਿੰਘ ਜੀ 'ਠੇਕੇਦਾਰ' ਭਵਾਨੀ ਗੜ੍ਹ (ਪਟਿਆਲਾ ਗੁਰਨਮੈਂਟ), ਨਾਂਦੇੜ।
3. ਗਿਆਨੀ ਹੀਰਾ ਜੀ 'ਦਰਦ', ਲਾਹੌਰ।
4. ਭਾਈ ਹਰਨਾਮ ਸਿੰਘ ਜੀ 'ਨਾਚੀਜ਼', ਪਿੰਡ ਨੌਸ਼ਹਿਰਾ ਸੂਨ ਸਕੇਸਰ, ਜ਼ਿਲ੍ਹਾ ਸ਼ਾਹਪੁਰ।
5. ਭਾਈ ਪ੍ਰਤਾਪ ਸਿੰਘ ਜੀ, ਪੁਸਤਕਾਂ ਵਾਲੇ ਅੰਮ੍ਰਿਤਸਰ।
6. ਭਾਈ ਰਾਮ ਸਿੰਘ ਜੀ, ਡੇਰਾ ਬਾਬਾ ਮਿਸ਼ਰਾ ਸਿੰਘ, ਚੌਂਕ ਲਛਮਣਸਰ, ਅੰਮ੍ਰਿਤਸਰ।
7. ਗਿਆਨੀ ਨਾਹਰ ਸਿੰਘ ਜੀ, 'ਅਸਲੀ ਕੌਮੀ ਦਰਦ', ਅੰਮ੍ਰਿਤਸਰ (ਪਹਿਲਾ-ਖਰੜਾ)।
8. ਗਿਆਨੀ ਨਾਹਰ ਸਿੰਘ ਜੀ, 'ਅਸਲੀ ਕੌਮੀ ਦਰਦ', ਅੰਮ੍ਰਿਤਸਰ (ਦੂਜੀ ਵਾਰ ਦਾ)।

SikhBookClub.com

9. ਸ੍ਰ. ਗੰਡਾ ਸਿੰਘ ਜੀ, ਜਮਾਦਾਰ ਪੈਨਸ਼ਨਰ, ਐਗਜ਼ਾਮੀਨਰ ਨਕਲ ਫ਼ਾਰਸੀ ਦਫਤਰ ਡੀ. ਸੀ., ਜਲੰਧਰ ਸ਼ਹਿਰ।
10. ਵੈਦ ਨੌਰੰਗ ਸਿੰਘ, ਸ੍ਰ. ਗੁਰਬਚਨ ਸਿੰਘ ਜੀ 'ਤਾਂਘੀ', ਅੰਮ੍ਰਿਤਸਰ।
11. ਭਾਈ ਮੇਲਾ ਸਿੰਘ ਜੀ, ਗੁ. ਚੁਰਸਤੀ ਅਟਾਰੀ, ਅੰਮ੍ਰਿਤਸਰ।
12. ਭਾਈ ਸਾਹਿਬ ਭਾਈ ਕਾਹਨ ਸਿੰਘ ਜੀ, ਸਰਦਾਰ ਬਹਾਦਰ, ਨਾਭਾ।
13. ਇਕ ਪ੍ਰੇਮੀ ਸੱਜਣ।
14. ਇਕ ਪ੍ਰੇਮੀ ਸੱਜਣ।
15. ਸੰਤ ਟਹਿਲ ਸਿੰਘ ਜੀ, ਮਜੀਠਾ (ਅੰਮ੍ਰਿਤਸਰ)।
16. ਭਾਈ ਨਰੈਣ ਸਿੰਘ ਜੀ, ਮਸੀਤ ਪਲਕੋਟ, ਡਾ. ਗੜ੍ਹਦੀਵਾਲਾ (ਹੁਸ਼ਿਆਰਪੁਰ)।
17. ਭਾਈ ਉਤਮ ਸਿੰਘ ਜੀ, ਚਿਟਗਾਂਗ (ਬੰਗਾਲ), ਡਾ. ਰੇਲਵੇ ਬਿਲਡਿੰਗ, ਚਿਟਗਾਂਗ।
18. ਐਡੀਟਰ, ਖਾਲਸਾ ਤੇ ਖਾਲਸਾ ਐਡਵੋਕੇਟ, ਅੰਮ੍ਰਿਤਸਰ।
19. ਭਾਈ ਅਮਰੀਕ ਸਿੰਘ ਜੀ, ਚੂਨੇ ਵਾਲੇ, ਗੁਜਰਾਂਵਾਲਾ।
20. ਸੰਤ ਗੁਲਾਬ ਸਿੰਘ ਜੀ, ਖਾਲਸਾ ਅਨੰਦ ਭਵਨ, ਮੋਗਾ (ਫਿਰੋਜ਼ਪੁਰ)।
21. ਗਿਆਨੀ ਹੀਰਾ ਸਿੰਘ ਜੀ, ਢੁਡਿਆਲ (ਜੇਹਲਮ)।
22. ਭਾਈ. ਨੰਦ ਸਿੰਘ ਜੀ ਇੰਜੀਨੀਅਰ ਮ / ਤ ਬਾਬਾ ਬਖਤਾਵਰ ਲਾਲ ਸ਼ਰਮਾ (ਬਠਿੰਡਾ)।
23. ਮਾ. ਬਚਨ ਸਿੰਘ ਜੀ 'ਬਚਨ', ਸਿਧਵਾਂ ਕਲਾਂ (ਲੁਧਿਆਣਾ)।
24. ਭਾਈ ਬਿਸ਼ਨ ਸਿੰਘ ਜੀ ਸੁਹਾਣਾ, ਗਿਆਨੀ, ਦੁਆਬਾ ਖਾਲਸਾ ਹਾਈ ਸਕੂਲ, ਜਲੰਧਰ।
25. ਭਾਈ ਨਾਜ਼ਮ ਸਿੰਘ ਜੀ ਸਧਾਰ, ਦੀਨਾ ਪੁਰ (ਪਟਨਾ)।
26. ਸੰਤ ਗੁਲਾਬ ਸਿੰਘ ਜੀ ਘੋਲੀਆਂ, ਮੋਗਾ।
27. ਸ੍ਰ. ਗੰਡਾ ਸਿੰਘ ਜੀ 'ਜਾਚਕ', ਅੰਮ੍ਰਿਤਸਰ।
28. ਮਾਸਟਰ ਪੂਰਨ ਸਿੰਘ ਜੀ ਅਨੰਦਪੁਰੀ, ਚੌਂਕ ਕਰੋੜੀ, ਅੰਮ੍ਰਿਤਸਰ।
29. ਗਿਆਨੀ ਬਚਿੱਤਰ ਸਿੰਘ ਜੀ ਮ / ਤ ਖਾਲਸਾ ਟਰੇਡਿੰਗ ਏਜੰਸੀ, ਕਲਕੱਤਾ।
30. ਭਾਈ ਤ੍ਰਿਪਤ ਸਿੰਘ ਜੀ, ਨਾਗੋਕੀ ਸਰਲੀ (ਅੰਮ੍ਰਿਤਸਰ)।
31. ਗਿਆਨੀ ਰਣ ਸਿੰਘ ਜੀ, ਗੁ. ਦਮਦਮਾ ਸਾਹਿਬ, ਮੀਰਪੁਰ, ਬਰਾਸਤਾ ਜੇਹਲਮ।
32. ਭਾਈ ਚਤਰ ਸਿੰਘ ਜੀ, ਗੁ. ਸਾਰੰਬਾਨ ਸ਼ਹਿਰ, ਮਲਾਇਆ ਟਾਪੂ।
33. ਭਾਈ ਠਾਕੁਰ ਸਿੰਘ ਜੀ ਸੰਸਾਰ ਪੁਰ, ਪਿੰਡ ਫਤਿਹਗੜ੍ਹ ਘਨੱਈਆ, ਡਾ. ਖਾਸ (ਗੁਰਦਾਸਪੁਰ)।
34. ਪੰਡਤ ਕਰਤਾਰ ਸਿੰਘ ਜੀ ਦਾਖਾ (ਲੁਧਿਆਣਾ)।
35. ਭਾਈ ਪ੍ਰੇਮ ਸਿੰਘ ਜੀ ਗਿਆਨੀ, ਖਾਲਸਾ ਹਾਈ ਸਕੂਲ ਕੱਲਰ (ਰਾਵਲਪਿੰਡੀ)।
36. ਭਾਈ ਗੁਰਦਿੱਤ ਸਿੰਘ ਜੀ 'ਦਰਸ', ਚੱਕ ਨੰ. 1332, ਡਾ. ਖਾਸ (ਮੁਲਤਾਨ)।

SikhBookClub.com

37. ਭਾਈ ਸੁੰਦਰ ਸਿੰਘ ਜੀ, ਦੁਬੇਰਨ (ਰਾਵਲਪਿੰਡੀ)।
38. ਗਿਆਨੀ ਭਗਤ ਸਿੰਘ ਜੀ, ਖਾਲਸਾ ਹਾਈ ਸਕੂਲ, ਬਾਬਾ ਬਕਾਲਾ (ਅੰਮ੍ਰਿਤਸਰ)।
39. ਭਾਈ ਸ਼ਰਨ ਸਿੰਘ ਜੀ ਗ੍ਰੰਥੀ, ਗੁ. ਰਤਨ ਤਲਾ, ਸ੍ਰੀ ਗੁਰੂ ਸਿੰਘ ਸਭਾ, ਕਰਾਚੀ।
40. ਭਾਈ ਛਹਿਬਰ ਸਿੰਘ ਜੀ ਹੈਡ ਮਾਸਟਰ, ਖਾਲਸਾ ਉਪਦੇਸ਼ਕ ਕਾਲਜ, ਯਤੀਮਖਾਨਾ ਘਰਜਾਖ (ਗੁਜਰਾਂਵਾਲਾ)।
41. ਭਾਈ ਮੱਲ ਸਿੰਘ ਜੀ ਖੋਸਲਾ, ਕਸ਼ਮੀਰ ਸਟੇਟ।
42. ਡਾ. ਤੇਜਾ ਸਿੰਘ ਜੀ ਗਿਆਨੀ, ਫਤਹ ਚੱਕ (ਤਰਨਤਾਰਨ)।
43. ਭਾਈ ਗੁਰਮੁਖ ਸਿੰਘ ਜੀ ਗ੍ਰੰਥੀ, ਬੜ੍ਹੂੰਦੀ (ਲੁਧਿਆਣਾ)।
44. ਭਾਈ ਮੋਹਨ ਸਿੰਘ ਜੀ ਵੈਦ, ਤਰਨਤਾਰਨ (ਅੰਮ੍ਰਿਤਸਰ)।
45. ਭਾਈ ਜੋਧ ਸਿੰਘ ਜੀ 'ਕ੍ਰਿਪਾਨ ਬਹਾਦਰ', ਅਲੋਂਵਾਲ (ਮਲਾਇਆ ਸਟੇਟ)।
46. ਭਾਈ ਪ੍ਰੇਮ ਸਿੰਘ ਜੀ ਪੈਨਸ਼ਨਰ, ਮਾਂਗਟ (ਗੁਜਰਾਤ)।
47. ਭਾਈ ਮਹਾਂ ਬਲਬੀਰ ਸਿੰਘ ਅਕਾਲੀ ਪਿੰਡ ਪੱਤੋ ਸਿੰਘ ਵਾਲੀ, ਡਾ. ਖਾਸ (ਫਿਰੋਜ਼ਪੁਰ)।
48. ਭਾਈ ਮਨੋਹਰ ਸਿੰਘ ਜੀ, ਪਹਿਲਾ ਹੈੱਡ ਕਲਰਕ, ਸਥਾਨਕ ਗੁ. ਕਮੇਟੀ, ਅੰਮ੍ਰਿਤਸਰ।
49. ਭਾਈ ਮਹਿੰਦਰ ਸਿੰਘ ਜੀ ਪ੍ਰਧਾਨ ਗੁ. ਕਮੇਟੀ, ਸਮਾਧ ਭਾਈ, ਪਿੰਡ ਮਾਣੂਕੇ (ਫਿਰੋਜ਼ਪੁਰ)।
50. ਭਾਈ ਗੁਰਬਚਨ ਸਿੰਘ ਜੀ (Ketrygess M.P. nelt Jormun'e 2. Sc.)

ਰਹੁ-ਰੀਤ ਦੇ ਖਰੜੇ ਸੰਬੰਧੀ ਹੇਠ ਲਿਖੇ ਪੰਥਕ ਜਥਿਆਂ ਵੱਲੋਂ ਰਾਵਾਂ ਪੁੱਜੀਆਂ

1. ਗੁ. ਪ੍ਰ. ਕਮੇਟੀ, ਖਡੂਰ ਸਾਹਿਬ (ਅੰਮ੍ਰਿਤਸਰ)।
2. ਖਾਲਸਾ ਕਮੇਟੀ (ਸਕੂਲ), ਹੋਤੀ।
3. ਸ੍ਰੀ ਗੁਰੂ ਸਿੰਘ ਸਭਾ, ਗੁੱਜਰਾਂਵਾਲਾ।
4. ਸਿੱਖ ਇਸਤਰੀ ਵਿਦਿਅਕ ਕਮੇਟੀ, ਸ਼ਾਂਕਰ (ਜਲੰਧਰ)।
5. ਸੰਗਤ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ।
6. ਸ੍ਰੀ ਗੁਰੂ ਸਿੰਘ ਸਭਾ, ਗੁੱਜਰਖਾਨ।
7. ਸ੍ਰੀ ਗੁਰੂ ਸਿੰਘ ਸਭਾ, ਚੱਕ ਝੁਮਰਾ ਮੰਡੀ (ਲਾਇਲਪੁਰ)।
8. ਸ੍ਰੀ ਗੁਰੂ ਸਿੰਘ ਸਭਾ, ਕੁੰਤਰੀਲਾ (ਰਾਵਲਪਿੰਡੀ)।
9. ਅਕਾਲੀ ਜੱਥਾ, ਸ਼ਹਿਰ ਅੰਮ੍ਰਿਤਸਰ।
10. ਸਿੱਖ ਟੀਚਰਜ਼ ਐਸੋਸੀਏਸ਼ਨ ਖਾ. ਸਕੂਲ, ਖਾਰੀਆ (ਗੁਜਰਾਤ)।
11. ਖਾਲਸਾ ਸੈਂਟਰਲ ਦੀਵਾਨ, ਸ਼੍ਰੋਮਣੀ ਪੰਥ ਮਲੌਣੀ, ਜਥਾ ਮਾਝਾ।
12. ਸ੍ਰੀ ਗੁਰੂ ਸਿੰਘ ਸਭਾ, ਢੁਢਿਆਲ (ਜੇਹਲਮ)।
13. ਸ੍ਰੀ ਗੁਰੂ ਸਿੰਘ ਸਭਾ, ਬੰਬਈ।
14. ਗੁਰੂ ਨਾਨਕ ਖਾ. ਮਿ. ਸਕੂਲ, ਡੇਹਰਾ ਸਾਹਿਬ, ਜਾਮਾ ਰਾਇ।

SikhBookClub.com

15. ਖਾਲਸਾ ਦੀਵਾਨ, ਲਾਹੌਰ ਛਾਉਣੀ।
16. ਸੈਂਟਰਲ ਸਿੱਖ ਨੌਜਵਾਨ ਸਭਾ, ਬਰਮਾ ਟੌਂਜੀ। (ਸ਼. ਸ਼. ਸ਼.) ਤੇ ਖਾਲਸਾ ਦੀਵਾਨ ਬਰਮਾ।
17. ਸਕੱਤਰ ਅਕਾਲੀ ਜਥਾ, ਤਹਿਸੀਲ ਅੰਬਾਲਾ।
18. ਸ੍ਰੀ ਗੁਰੂ ਸਿੰਘ ਸਭਾ, ਖੁਸ਼ਾਬ (ਸਰਗੋਧਾ)।
19. ਪੈਸੇਫਿਕ ਕੋਸਟ ਖਾਲਸਾ ਦੀਵਾਨ, ਸਟਾਕਟਨ (ਅਮਰੀਕਾ)।
20. ਗੁਰਦੁਆਰਾ ਕਮੇਟੀ, ਮੋਮਿਓ (ਬਰਮਾ)।
21. ਜਥੇਦਾਰ ਬੁੱਢਾ ਦਲ ਨਿਹੰਗ ਸਿੰਘਾਂ ਚਲਦਾ ਵਹੀਰ ਧੋਬੀ ਮੰਡੀ, ਲਾਹੌਰ।

ਇਸ ਤਰ੍ਹਾਂ ਰਹੁ-ਰੀਤ ਸਬ-ਕਮੇਟੀ ਦੇ ਕਨਵੀਨਰ ਪ੍ਰੋ. ਤੇਜਾ ਸਿੰਘ ਜੀ ਵੱਲੋਂ ਇਹ ਰੀਪੋਰਟ ਜਾਰੀ ਕੀਤੀ ਗਈ ਅਤੇ ਇਸ ਦੀਆਂ ਕੁੱਝ ਵਿਸ਼ੇਸ਼ਤਾਵਾਂ ਵਿਚਾਰ ਯੋਗ ਹਨ :

- **ਸਬ-ਕਮੇਟੀ ਦੀਆਂ ਇਹ ਇਕਤ੍ਰਤਾਵਾਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਈਆਂ।**
- **ਇਸ ਵਿਚ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਗ੍ਰੰਥੀ ਦਰਬਾਰ ਸਾਹਿਬ ਸ਼ਾਮਲ ਹੋਏ।**
- **ਇਸ ਵਿਚ ਰਹੁ-ਰੀਤ ਦੇ ਖਰੜੇ 'ਤੇ ਗੰਭੀਰਤਾ ਨਾਲ ਵਿਚਾਰ ਕੀਤੀ ਗਈ।**
- **ਇਸ ਵਿਚ ਰਹੁ-ਰੀਤ ਕਮੇਟੀ ਵੱਲੋਂ ਪ੍ਰਵਾਨ ਕੀਤੇ ਖਰੜੇ ਨੂੰ ਸੰਗਤ ਦੀ ਵਿਚਾਰ ਅਤੇ ਰਾਵਾਂ ਲਈ ਛਾਪ ਕੇ ਵੰਡਣ ਦੇ ਨਾਲ ਨਾਲ ਇਸ ਨੂੰ ਅਖਬਾਰਾਂ ਵਿਚ ਵੀ ਛਾਪਣ ਦਾ ਨਿਰਣਾ ਕੀਤਾ ਗਿਆ ਅਤੇ ਵੰਡਿਆ ਗਿਆ।**
- **ਇਹ ਸਾਰੀ ਰਿਪੋਰਟ ਗੁਰਦੁਆਰਾ ਗਜ਼ਟ ਵਿਚ ਵੀ ਛਾਪੀ ਗਈ ਤਾਂ ਕਿ ਆਮ ਓ ਖਾਸ ਇਸ ਬਾਰੇ ਆਪਣੇ ਵਿਚਾਰ ਦੇ ਸਕੇ ਅਤੇ ਇਸ ਤਰ੍ਹਾਂ ਅਧਿਕਾਰਤ ਤੌਰ 'ਤੇ ਇਸ ਦੇ ਸਹੀ ਹੋਣ ਦੀ ਪੁਸ਼ਟੀ ਹੋ ਸਕੇ।**

SikhBookClub.com

੧ੴ ਸਤਿਗੁਰ ਪ੍ਰਸਾਦਿ ॥

ਸਿੱਖ ਰਹਿਤ ਮਰਯਾਦਾ

ਸਿੱਖ ਦੀ ਤਾਰੀਫ਼

ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਤਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸਚਾ ਰਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੯)

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰ੍ਹਾਂ ਦਰਜ ਸੀ:-

> ***"ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਾਂ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸਚਾ ਰਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।"***
>
> *(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੧)*

ਤਬਦੀਲੀ

1936 ਵਿਚ ਛਪੀ ਸਿੱਖ ਰਹਿਤ ਮਰਯਾਦਾ ਵਿਚ ਦਸਾਂ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਸੀ। ਹੁਣ ਇਸ ਦੀ ਬਜਾਇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਛਪਿਆ ਹੈ।

ਵਿਆਖਿਆ

ਸਿੱਖ ਦੀ ਤਾਰੀਫ਼ ਜਾਂ ਸਿੱਖ ਕੌਣ ਹੈ ?

ਸਿੱਖ ਰਹਿਤ ਮਰਯਾਦਾ ਦੀ ਅਰੰਭਤਾ ਸਿੱਖ ਦੀ ਪਰਿਭਾਸ਼ਾ ਨਾਲ ਕੀਤੀ ਗਈ ਹੈ। ਸਿੱਖ ਦੀ ਤਾਰੀਫ਼, ਪਰਿਭਾਸ਼ਾ ਜਾਂ definition ਵਾਲੀ ਮੱਦ ਸਿੱਖ ਰਹਿਤ ਮਰਯਾਦਾ ਦੀ ਬੁਨਿਆਦ ਜਾਂ preamble ਕਹੀ ਜਾ ਸਕਦੀ ਹੈ। ਕਿਸੇ ਕਾਨੂੰਨ ਦੀ ਅਰੰਭਤਾ ਵਿਚ ਉਸ ਦੀ ਪਛਾਣ, ਪਰਿਭਾਸ਼ਾ, ਤਾਰੀਫ਼ ਜਾਂ definition ਹੁੰਦੀ ਹੈ। ਇਹ ਉਸ ਸੰਸਥਾ ਜਾਂ ਕਾਨੂੰਨ ਦਾ ਆਧਾਰ ਹੁੰਦਾ ਹੈ। ਇਸ ਤੋਂ ਬਾਅਦ ਦੀ ਕੋਈ ਵੀ ਵਿਆਖਿਆ, ਮੱਦ ਜਾਂ ਧਾਰਾ ਇਸ ਤਾਰੀਫ਼ ਦੀ ਭਾਵਨਾ ਦੇ ਵਿਪਰੀਤ ਨਹੀਂ ਹੋ ਸਕਦੀ।

SikhBookClub.com

ਇਹ ਤਾਰੀਫ਼ ਸਿੱਖ ਦੇ ਨਿਆਰੇਪਨ ਦੀ ਵਿਆਖਿਆ ਕਰਦੀ ਹੈ ਕਿ ਸਿੱਖ ਕੇਵਲ ਸਿੱਖ ਹੈ ਅਤੇ ਇਹ ਨਾ ਤਾਂ ਹਿੰਦੂ ਹੈ ਅਤੇ ਨਾ ਹੀ ਮੁਸਲਮਾਨ। ਇਸ ਪਰਿਭਾਸ਼ਾ ਨੂੰ ਜਦੋਂ ਕਾਨੂੰਨੀ ਰੂਪ ਦੇਣ ਦੀ ਲੋੜ ਮਹਿਸੂਸ ਹੋਈ ਤਾਂ ਭਾਰਤ ਦੀ ਪਾਰਲੀਮੈਂਟ ਨੇ 1971 ਵਿਚ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਐਕਟ, 1971 ਵਿਚ ਸਿੱਖ ਦੀ ਪਰਿਭਾਸ਼ਾ ਇਸ ਤਰ੍ਹਾਂ ਦਰਜ ਕੀਤੀ:-

> ***(k) "Sikh" means a person who professes the Sikh religion believes and follows the teachings of Sri Guru Granth Sahib and the Ten Gurus only, and keeps unshorn hair. For the puposes of this Act, if any question arises as to whether any living person is or is not a Sikh, he shall be deemed respectively to be or not to be a Sikh according as he makes or refuses to make in the manner prescribed by rules the following declareion:***
> ***"I solemnly affirm that I am a Keshadhari Sikh, that I believe and follow the teachings of Sri Guru Granth Sahib and the Ten Gurus only, and that I have no other religion."***

ਸਿੱਖ ਲਫ਼ਜ਼ ਕਿਸੇ ਵੀ ਹਿੰਦੂ ਵੇਦ, ਸ਼ਾਸਤ੍ਰ, ਪੁਰਾਨ, ਗ੍ਰੰਥ ਵਿਚ ਨਹੀਂ ਹੈ। ਇਹ ਬਖਸ਼ਿਸ਼ ਤਾਂ ਗੁਰੂ ਸਾਹਿਬ ਦੀ ਹੀ ਹੈ। ਹੁਣ ਜੇਕਰ ਇਹ ਲਫ਼ਜ਼ ਹਿੰਦੂ ਸੰਸਕ੍ਰਿਤੀ ਜਾਂ ਧਰਮ ਵਿਚ ਨਹੀਂ ਹੈ ਤਾਂ ਸਿੱਖ ਨੂੰ ਹਿੰਦੂ ਕਿਸ ਤਰ੍ਹਾਂ ਕਿਹਾ ਜਾ ਸਕਦਾ ਹੈ।

ਸਿਰਦਾਰ ਕਪੂਰ ਸਿੰਘ ਜੀ ਸਿੱਖ ਸ਼ਬਦ ਦੀ ਖੋਜ ਕਰਦਿਆਂ ਦੱਸਦੇ ਹਨ ਕਿ ਇਸ ਦਾ ਮੂਲ ਬੁੱਧ ਮਤ ਦੇ ਪਾਲੀ ਦੇ ਪ੍ਰਸਿੱਧ ਗ੍ਰੰਥ 'ਧੰਮ ਪਦ' ਵਿਚ ਅਤੇ ਅਸਾਡੇ ਚੰਗੇ ਭਾਗਾਂ ਨੂੰ ਇਸ ਸ਼ਬਦ ਦੀ ਵਿਆਖਿਆ ਭੀ ਕੀਤੀ ਹੋਈ ਹੈ। (ਇਸ ਦਾ) ਭਾਵਾਰਥ ਇਹ ਕਿ ਜੀਵਨ-ਦੌੜ ਦਾ ਵਿਜੇਤਾ ਸਿੱਖ ਹੀ ਹੈ ਅਤੇ ਸਿੱਖ ਹੀ ਹੈ ਜੋ ਜੀਵਨ ਤੱਤ ਨੂੰ ਪ੍ਰਾਪਤ ਕਰਨ ਵਾਲਾ ਅਤੇ ਪਰਮ-ਪਦ-ਰੂਪੀ ਪੁਸ਼ਪ ਦਾ ਅਧਿਕਾਰੀ ਹੈ।

(ਸਿੱਖ ਸੰਕਲਪ ਸਿੱਧਾਂਤ ਤੇ ਸੰਸਥਾਵਾਂ-ਸੰਪਾਦਕ ਰੂਪ ਸਿੰਘ - ਪੰਨਾ 284)

को हमं पठविं विजेस्सति यमलोकस इमं सदेवकं।
को धम्मपदं सुदेसितं कुसलो पुप्फमिव प्पचेस्संति।।

ਕੋ ਇਮਮ ਪਠਿਵਮ ਵਿਚਸਤੀ। ਯਮ ਲੋਕਮ ਚ ਇਮਮ ਸਦੇਵਕਮ।
ਕੋ ਧਮ ਪਦਮੰ ਸੁਦੇਸਿਤਮ, ਕੁਸਲੋ ਪੁਫਮ ਇਵਾ ਪਚੱਸ਼ਤੀ।
(ਕਿਹੜਾ ਬੰਦਾ ਇਸ ਦੁਨੀਆਂ ਨੂੰ, ਯਮਲੋਕ ਤੇ ਦੇਵਲੋਕ (ਦੇਵਤੇ) ਨੂੰ ਜਿਤ ਸਕੇਗਾ? ਅਤੇ ਸੁਜਾਨ ਮਾਲੀ ਵਾਂਗ ਕੌਣ ਚੰਗੀ ਤਰ੍ਹਾਂ ਉਪਦੇਸ਼ ਭਰੇ ਧਰਮ ਦੇ ਪਦਾਂ ਨੂੰ ਚੁਣੇਗਾ?)

SikhBookClub.com

सेखो पठविं विजेस्सति यमलोकञ्च इदं सदेवक।
सेखोधम्मपदं सुदेसितं कुसलो पुप्फमिव प्पचेस्सति।।

ਸੇਖੋ ਪਠਿਵਮ ਵਿਜਸਤੀ, ਯਮਲੋਕਮ ਚ ਇਮਮ ਸਦੇਵਕਮ।
ਸੇਖੋ ਧਮ ਪਦਮ ਸੁਦੇਸਿਤ, ਕੁਸ਼ਲੋ ਪੁਫਮ ਇਵਾ ਪਚਸਤੀ॥

(ਬੁੱਧ ਦਾ ਸਿੱਖ ਇਸ ਦੁਨੀਆਂ ਨੂੰ, ਯਮਲੋਕ ਨੂੰ ਤੇ ਦੇਵਲੋਕ ਨੂੰ ਜਿੱਤ ਸਕੇਗਾ ਤੇ ਇਕ ਸੁਜਾਨ ਮਾਲੀ ਵਾਂਗ ਬੁੱਧ ਦੇ ਉਪਦੇਸ਼ ਭਰੇ ਧਰਮ ਦੇ ਪਦਾਂ ਨੂੰ ਚੁਣੇਗਾ।)

ਇਸ ਤਰ੍ਹਾਂ ਬੁੱਧ ਮਤ ਅਨੁਸਾਰ ਸਿੱਖ ਉਹ ਸੂਰਮਾ ਹੈ ਜੋ ਲੋਕ ਅਤੇ ਪਰਲੋਕ ਦੋਨੋਂ ਜਹਾਨਾਂ 'ਤੇ ਜਿੱਤ ਹਾਸਲ ਕਰਕੇ ਧਰਮ ਦੇ ਗੂੜ੍ਹ ਤੱਤਾਂ ਨੂੰ ਗ੍ਰਹਿਣ ਕਰੇਗਾ।

(ਧੱਮਪਦ, ਐਮ. ਐਲ ਜੋਸ਼ੀ, ਪੰਜਾਬੀ ਯੂਨਿਵਰਸਿਟੀ, ਪੰਨਾ ੭੭)

ਗੁਰਮਤਿ ਅਨੁਸਾਰ ਸਿੱਖ ਦਾ ਨਿਸ਼ਾਨਾ ਵੀ ਹੈ,

ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥
ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥

(ਮ. ੫, ੨੯੩)

ਸਿੱਖ ਰਹਿਤ ਮਰਯਾਦਾ ਵਿਚ ਸਿੱਖ ਦੀ ਤਾਰੀਫ ਵਿਚ ਇਸਤਰੀ ਜਾਂ ਪੁਰਸ਼ ਪ੍ਰਾਣੀ ਮਾਤਰ ਜਾਂ ਵਿਅਕਤੀ (person) ਲਈ ਵਰਤਿਆ ਗਿਆ ਹੈ। ਹਾਲਾਂ ਕਿ ਗੁਰੂ ਗੋਬਿੰਦ ਸਿੰਘ ਜੀ ਤਾਂ ਕੇਵਲ ਨਰ ਨਾਰੀ ਹੀ ਨਹੀਂ ਬਲਕਿ ਮਾਨਵਤਾ ਦੀ ਵਿਆਖਿਆ ਕਰਦੇ ਹੋਏ ਲਿਖਦੇ ਹਨ *ਨਰ ਨਾਰ ਨਪੁੰਸਕ ਜਾਹੇਂ ਕੀਏ ॥ (ਅਕਾਲ ਉਸਤਤਿ)*। ਸੋ ਰਹਿਤ ਮਰਯਾਦਾ ਵਿਚ ਇਸਤਰੀ ਜਾਂ ਪੁਰਸ਼ ਲਿਖਣ ਦਾ ਭਾਵ ਹੈ ਕਿ ਕਿਸੇ ਦੇ ਲਿੰਗ ਭੇਦ ਕਰਕੇ ਉਸ ਨਾਲ ਵਿਤਕਰਾ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਜੇਕਰ ਕੋਈ ਕਿੰਨਰ (ਕਿ: + ਨਰ), ਨਪੁੰਸਕ ਵੀ ਹੈ ਤਾਂ ਉਹ ਵੀ ਸਿੱਖੀ ਦਾ ਅਧਿਕਾਰੀ ਹੈ।

ਇਕ ਅਕਾਲ ਪੁਰਖ

ਗੁਰਮਤਿ ਦੇ ਮੂਲ ਸਿਧਾਂਤ ਨੂੰ ਇਸ ਲਫ਼ਜ਼ ***ਇਕ ਅਕਾਲ ਪੁਰਖ 'ਤੇ ਸਿਦਕ ਭਰੋਸਾ*** ਵਿਚ ਅੰਕਤ ਕੀਤਾ ਗਿਆ ਹੈ। ਕੇਵਲ ਇਕ ਰੱਬ ਦੀ ਹੋਂਦ 'ਤੇ ਵਿਸ਼ਵਾਸ। ਇੱਥੇ ਲਫ਼ਜ਼ 'ਇਕ' ਵਿਸ਼ੇਸ਼ ਮਹੱਤਤਾ ਰਖਦਾ ਹੈ। ਉਹ ਇਕ ਹੈ, ਤਕਸੀਮ ਨਹੀਂ ਕੀਤਾ ਜਾ ਸਕਦਾ, ਵੰਡਿਆ ਨਹੀਂ ਜਾ ਸਕਦਾ। ਉਹ ੴ ਹੈ। ਦੋ ਨਹੀਂ ਹੋ ਸਕਦੇ। ***ਸਾਹਿਬ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥*** ਪੰਨਾ ੩੫੦ ਕੇਵਲ ਇਕ ਅਕਾਲ ਪੁਰਖ 'ਤੇ ਹੀ ਭਰੋਸਾ ਕਰਨਾ ਹੈ। ਅਕਾਲ ਪੁਰਖ 'ਤੇ ਵੀ ਨਹੀਂ।

ਉਹ ਕਾਦਰ ਕੁਦਰਤ ਦਾ ਕਰਤਾ ਹੈ। ਕੁਦਰਤ ਨੂੰ ਹੀ ਕਾਦਰ ਸਮਝਣ ਮੰਨਣ ਵਾਲਾ ਰੱਬ ਦੀ ਹੋਂਦ ਤੋਂ ਮੁਨਕਰ ਵਿਅਕਤੀ ਸਿੱਖੀ ਦੇ ਦਾਇਰੇ ਵਿਚ ਆ ਹੀ ਨਹੀਂ ਸਕਦਾ।

ਇਹ ਸਹੀ ਹੈ ਕਿ ਭਾਰਤ ਵਿਚ ਨਾਸਤਿਕਤਾ ਅਤੇ ਰੱਬ ਦੀ ਹੋਂਦ ਤੋਂ ਮੁਨਕਰ ਚਾਰਵਾਕ ਦੇ ਫ਼ਲਸਫ਼ੇ ਨੂੰ ਵੀ ਰਿਸ਼ੀ ਅਤੇ ਧਰਮ ਕਰਕੇ ਮਾਨਤਾ ਦਿੱਤੀ ਗਈ। ਚਾਰਵਾਕ ਨੇ ਐਲਾਨੀਆ ਤੌਰ 'ਤੇ ਪ੍ਰਚਾਰ ਕੀਤਾ :

SikhBookClub.com

यावज्जीवेत् सुखं जीवेत्। ऋणम् कृत्वा घृतं पिवेत्।।
भस्मिभूतस्य देहस्य। पुनार्गमनम्कृतः?

ਯਾਵੱਜੀਵੇਤ੍ ਸੁਖੰ ਜੀਵੇਤ੍ ਰਿਣੰ ਕਰਿਤ੍ਵਾ ਘਰਿਤੰ ਪਿਵੇਤ੍।
ਭਸਮੀਭੂਤਸੱਯ ਦੇਹਸੱਯ ਪੁਨਰਾਗਮਨੰ ਕੁਤ: ॥

(ਜਿਤਨੀ ਦੇਰ ਜੀਵਨ ਹੈ ਸੁਖ ਨਾਲ ਜੀਉ। ਘਿਉ ਪੀਉ, ਰੋਜ਼ ਪੀਉ, ਕਰਜ਼ਾ ਲੈ ਕੇ ਪੀਉ। ਇਕ ਵਾਰ ਸਰੀਰ ਭਸਮੀ ਭੂਤ ਹੋ ਗਿਆ ਫਿਰ ਕਿਸ ਨੇ ਮੰਗਣ ਆਣਾ ਹੈ ਤੇ ਕਿਸ ਨੇ ਦੇਣਾ ਹੈ?) (ਚਾਰਵਾਕ ਦਰਸ਼ਨਮ, ਪੰਨਾ 53)

ਇਸੇ ਤਰ੍ਹਾਂ ਬਾਬਰ ਦੀ ਉਕਤੀ ਵੀ ਕਾਫ਼ੀ ਮਸ਼ਹੂਰ ਹੈ ਕਿ ਹਰ ਨਵਾਂ ਦਿਨ, ਨਵੀਂ ਬਹਾਰ ਦਾ ਦਿਨ ਹੋਵੇ। ਸ਼ਰਾਬ ਅਤੇ ਸਾਕੀ ਵੀ ਨਾਲ ਹੋਵੇ। ਬਾਬਰ ਐਸ਼ ਕਰ ਲੈ, ਇਹ ਦੁਨੀਆ ਮੁੜ ਕਿੱਥੇ ਮਿਲਣੀ ਹੈ।

ਨੌ-ਰੋਜ਼-ਓ-ਨੌ-ਬਹਾਰ-ਓ ਮੈਅ-ਓ-ਦਿਲਬਰੇ ਖ਼ੁਸ਼ ਅਸਤ।
ਬਾਬਰ ਬਾ ਐਸ਼ ਕੋਸ਼ ਕਿ ਆਲਮ ਦੋਬਾਰਾ ਨੇਸਤ।

ਦਸ ਗੁਰੂ ਸਾਹਿਬਾਨ

ਅਰਦਾਸ ਦੀ ਅਰੰਭਤਾ ***ਵਾਰ ਸ੍ਰੀ ਭਗੌਤੀ ਜੀ ਕੀ*** ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਦਸਾਂ ਪਾਤਸ਼ਾਹੀਆਂ ਦੇ ਨਾਮ ਲਿਖ ਕੇ ਸਪਸ਼ਟ ਕੀਤਾ ਗਿਆ ਹੈ । ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ । ਇਹ ਜੋਤ ਕਿਸੇ ਗਿਆਰਵੇਂ, ਬਾਰਵੇਂ ਜਾਂ ਤੇਰਵੇਂ ਵਿਚ ਨਹੀਂ। ਸਿੱਖ ਲਈ ਹਮੇਸ਼ਾਂ ਹਮੇਸ਼ਾਂ ਲਈ ਗੁਰੂ ਕੇਵਲ ਦਸਾਂ ਪਾਤਸ਼ਾਹੀਆਂ ਦੀ ਜੋਤ ਜੁਗੋ ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹੈ।

ਇੱਥੇ ਸਿੱਖ ਰਹਿਤ ਮਰਯਾਦਾ ਦੀ ਪਰਿਭਾਸ਼ਾ ਵਾਲੀ ਇਸ ਮੱਦ ਵਿਚ ***'ਦਸਾਂ ਗੁਰੂ ਸਾਹਿਬਾਨ'*** ਦੀ ਬਜਾਇ ***'ਦਸ ਗੁਰੂ ਸਾਹਿਬਾਨ'*** ਲਿਖ ਦਿੱਤਾ ਗਿਆ ਹੈ ਜੋ ਕਿ ਛਾਪੇ ਦੀ ਗ਼ਲਤੀ ਹੈ ਅਤੇ ਦਰੁਸਤਗੀ ਦੀ ਮੰਗ ਕਰਦਾ ਹੈ।

ਸਿੱਖ ਰਹਿਤ ਮਰਯਾਦਾ ਦਾ ਥੰਮ ਰੂਪ ਸਿੱਖ ਦੀ ਪਰਿਭਾਸ਼ਾ ਵਿਚ ਇਹ ਇਕ ਗ਼ਲਤੀ ਹੈ। ਇਹ ਸਿੱਖ ਰਹਿਤ ਮਰਯਾਦਾ ਦੀ ਪਹਿਲੀ ਮੱਦ ਹੈ। ਇਸ ਵਿਚ ਸਿੱਖ ਦੀ ਤਾਰੀਫ਼ ਜਾਂ ਪਰਿਭਾਸ਼ਾ ਅੰਕਤ ਕੀਤੀ ਗਈ ਹੈ। ਇਹ ਸਿੱਖ ਨਿਯਮ, ਕਾਨੂੰਨ ਜਾਂ ਸੰਵਿਧਾਨ ਦਾ ਬੁਨਿਆਦੀ ਢਾਂਚਾ ਹੈ। ਇਸ ਵਿਚ ਬਹੁਤ ਹੀ ਭਾਵਪੂਰਤ ਪਰ ਸਹਿਜ ਰੂਪ ਵਿਚ ਸਿੱਖ ਕੌਣ ਹੈ? ਦਾ ਜਵਾਬ ਦਰਜ ਕੀਤਾ ਗਿਆ ਹੈ।

ਓਪਰੀ ਨਜ਼ਰੇ ਇਸ ਮਹੱਤਵਪੂਰਨ ਪਰਿਭਾਸ਼ਾ ਜਾਂ ਤਾਰੀਫ਼ ਵਾਲੀ ਮੱਦ ਵਿਚ ਹੋਈ ਤਬਦੀਲੀ ਕਾਰਨ ਕੋਈ ਫ਼ਰਕ ਨਜ਼ਰ ਨਹੀਂ ਆਂਦਾ ਪਰ ਸ਼ਾਇਦ ਛਾਪੇ ਦੀ ਗ਼ਲਤੀ ਕਾਰਨ ਇਕ ਅੱਖਰ ਦਸਾਂ ਦੀ ਬਜਾਇ ਦਸ ਲਿਖ ਦਿੱਤਾ ਗਿਆ । 1936 ਅਤੇ ਬਾਅਦ ਵਿਚ ਸੋਧੀ ਹੋਈ 1945 ਵਿਚ ਛਪੀ ਸਿੱਖ ਰਹਿਤ ਮਰਯਾਦਾ ਵਿਚ ਇਸ ਮੱਦ ਵਿਚ 'ਦਸਾਂ ਗੁਰੂ ਸਾਹਿਬਾਨ' ਅੰਕਤ ਸੀ। ਇਹੀ ਲਫ਼ਜ਼ 'ਦਸਾਂ ਗੁਰੂ ਸਾਹਿਬਾਨ' ਬਾਅਦ ਵਿਚ ਛਪੀਆਂ ਐਡੀਸ਼ਨਾਂ ਵਿਚ ਵੀ ਮੌਜੂਦ ਸੀ। ਪਰ ਹੁਣ ਮੌਜੂਦਾ ਛਪੀ ਹੋਈ ਅਤੇ ਵੰਡੀ ਜਾ

SikhBookClub.com

ਰਹੀ ਸਿੱਖ ਰਹਿਤ ਮਰਯਾਦਾ ਵਿਚ 'ਦਸਾਂ ਗੁਰੂ ਸਾਹਿਬਾਨ' ਦੀ ਬਜਾਇ 'ਦਸ ਗੁਰੂ ਸਾਹਿਬਾਨ' ਛਪਿਆ ਹੋਇਆ ਹੈ। ਇਸ ਮਾਤਰਾ ਦੀ ਗ਼ਲਤੀ ਨਾਲ ਇਸ ਦੇ ਅਰਥਾਂ ਵਿਚ ਕਾਫ਼ੀ ਫ਼ਰਕ ਪੈ ਸਕਦਾ ਹੈ।

ਜੇਕਰ ਧਿਆਨ ਨਾਲ ਨਾ ਵੇਖਿਆ ਜਾਏ ਤਾਂ ਆਮ ਤੌਰ 'ਤੇ ਇਹ ਤਬਦੀਲੀ ਅੱਖੋਂ ਪਰੋਖੇ ਵੀ ਹੋ ਜਾਂਦੀ ਹੈ। ਪਰ ਵਿਚਾਰ ਕੀਤਿਆਂ ਸਮਝਿਆ ਜਾ ਸਕਦਾ ਹੈ ਕਿ ਲਫ਼ਜ਼ ਦਸਾਂ ਅਤੇ ਦਸ ਦੇ ਅਰਥ ਅਤੇ ਵਿਆਖਿਆ ਵਿਚ ਬਹੁਤ ਅੰਤਰ ਹੈ। ਦਸ ਦਾ ਅਰਥ mere ten ਜਾਂ ਮਾਤਰ ਦਸ ਹੁੰਦਾ ਹੈ ਪਰ ਦਸਾਂ ਦਾ ਅਰਥ ਹੁੰਦਾ ਹੈ all ten ਜਾਂ ਸਾਰੇ ਦੇ ਸਾਰੇ ਦਸ। ਇਸ ਨਾਲ ਦਸਾਂ ਹੀ ਗੁਰੂ ਸਾਹਿਬਾਨ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਦਾ ਸਪਸ਼ਟਤਾ ਨਾਲ ਬੋਧ ਹੁੰਦਾ ਹੈ। ਇਸ ਲਈ ਗਿਆਰਵੇਂ, ਬਾਹਰਵੇਂ ਜਾਂ ਵੱਧ ਘੱਟ ਦਾ ਭੁਲੇਖਾ ਨਹੀਂ ਰਹਿ ਜਾਂਦਾ ਅਤੇ ਨਾ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਇਲਾਵਾ ਕਿਸੇ ਹੋਰ ਦੇ ਗੁਰੂ ਹੋਣ ਬਾਰੇ ਕੋਈ ਭੁਲੇਖਾ ਰਹਿੰਦਾ ਹੈ। ਸਿੱਖ ਲਈ ਦਸ ਗੁਰੂ ਸਾਹਿਬਾਨ ਦਸ ਪਾਤਸ਼ਾਹੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਤਕ ਨਿਸਚਿਤ ਹਨ ਅਤੇ ਗੁਰਿਆਈ ਦਾ ਇਹ ਰੁਤਬਾ ਕੇਵਲ ਅੰਕਤ ਦਸਾਂ ਗੁਰੂ ਸਾਹਿਬ ਨੂੰ ਹੀ ਪ੍ਰਾਪਤ ਹੈ। ਹੋਰ ਕਿਸੇ ਲਈ ਇਹ ਨਹੀਂ ਹੈ। ਸੋ ਜੇਕਰ ਦਸਾਂ ਦੀ ਬਜਾਇ ਹੁਣ ਦਸ ਲਿਖਿਆ ਜਾ ਰਿਹਾ ਹੈ ਤਾਂ ਇਹ ਅਣਅਧਿਕਾਰਤ ਹੈ ਅਤੇ ਕੇਵਲ ਛਾਪੇ ਦੀ ਜਾਂ ਪਰੂਫ਼ ਰੀਡਿੰਗ ਦੀ ਗ਼ਲਤੀ ਕਹੀ ਜਾ ਸਕਦੀ ਹੈ। ਇਸ ਦੀ ਦਰੁਸਤਗੀ ਦੀ ਲੋੜ ਹੈ।

ਇਸ ਮੱਦ ਵਿਚ ਗੁਰਦੇਵ ਪਿਤਾ ਦਾ ਨਾਮ ਸਪਸ਼ਟ ਤੌਰ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਅੰਕਤ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਰਜਨ ਦੇਵ ਜੀ ਦੇ ਨਾਲ ਨਾਲ ਗੁਰੂ ਅਮਰ ਦਾਸ ਜੀ, ਗੁਰੂ ਰਾਮ ਦਾਸ ਜੀ ਨਾਮ ਗੁਰਬਾਣੀ ਅਤੇ ਗੁਰ ਇਤਿਹਾਸ ਵੱਲੋਂ ਦਰਸਾਏ ਗਏ ਹਨ। ***ਰਵਿਦਾਸ ਧਿਆਏ ਪ੍ਰਭ ਅਨੂਪ॥ ਗੁਰ ਨਾਨਕ ਦੇਵ ਗੋਬਿੰਦ ਰੂਪ॥*** (ਮ.5 1192), ***ਸਤਿਗੁਰ ਨਾਨਕ ਦੇਵ ਪਾਰਬ੍ਰਹਮ ਪੂਰਨ ਬ੍ਰਹਮ॥*** (ਕਬਿੱਤ 3) ਅਤੇ ***ਜਪਉ ਜਿਨ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥*** (ਸਵਈਏ ਮ.5 1409) ਇਹ ਵੇਖਣ ਵਿਚ ਆ ਰਿਹਾ ਹੈ ਕਿ ਕੁੱਝ ਜ਼ਿਆਦਾ ਹੀ ਉਤਸ਼ਾਹੀ ਵਿਅਕਤੀ 'ਦੇਵ' ਅਤੇ 'ਦਾਸ' ਆਦਿ ਲਫ਼ਜ਼ਾਂ ਨੂੰ ਹਿੰਦੂਵਾਦੀ ਦੱਸ ਕੇ ਇਸ ਬਾਰੇ ਭਰਮ ਭੁਲੇਖਾ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ ਜੋ ਕਿ ਨਿੰਦਣ ਯੋਗ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਾਵੇਂ ਪੁਸਤਕ, ਗ੍ਰੰਥ ਜਾਂ ਕਿਤਾਬ ਦੇ ਰੂਪ ਵਿਚ ਹਨ ਪਰ ਇਹ ਕੇਵਲ ਗ੍ਰੰਥ, ਪੁਸਤਕ ਜਾਂ ਕਿਤਾਬ ਨਹੀਂ ਹੈ। ਸਾਰੀ ਮਾਨਵਤਾ ਦੇ ਇਤਿਹਾਸ ਵਿਚ ਕੇਵਲ ਇਹੀ ਗ੍ਰੰਥ ਹੈ ਜੋ ਦਸਾਂ ਪਾਤਸ਼ਾਹੀਆਂ ਦੀ ਜੋਤ ਹੈ। ਇਕ ਗ੍ਰੰਥ ਕਿਸੇ ਦੀ 'ਜੋਤ' ਕਿਵੇਂ ਹੋ ਸਕਦਾ ਹੈ, ਇਹੀ ਗੁਰਮਤਿ ਦਾ ਰਹੱਸਵਾਦ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸੰਸਾਰ ਤੋ ਗਮਨ ਕਰਨ ਤੋਂ ਪਹਿਲਾਂ ਆਪਣੀ ਜੋਤਿ

SikhBookClub.com

ਅਤੇ ਜੁਗਤਿ ਨੂੰ ਦੋ ਹਿੱਸਿਆਂ ਵਿਚ ਵੰਡਿਆ। ਸਰੀਰਕ ਜੁਗਤਿ ਖ਼ਾਲਸੇ ਵਿਚ ਅਤੇ ਆਤਮਕ ਜੋਤਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਥਾਪਤ ਕੀਤੀ।

ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ

ਸਿੱਖ ਦੀ ਪਰਿਭਾਸ਼ਾ ਜਾਂ ਤਾਰੀਫ਼ ਦੀ ਇਸ ਮੱਦ ਵਿਚ ਦੂਸਰਾ ਵਾਕ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ 'ਦਸ' ਗੁਰੂ ਸਾਹਿਬਾਨ ਦੀ ਬਾਣੀ। ਇਸ ਨਾਲ ਇਹ ਸਪਸ਼ਟ ਹੈ ਕਿ ਬਾਣੀ ਦਾ ਸ੍ਰੋਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵੀ ਹੈ। ਇਸ ਦੇ ਨਾਲ ਹੀ ਕੇਵਲ ਬਾਣੀ ਹੀ ਨਹੀਂ ਬਲਕਿ ਗੁਰੂ ਸਾਹਿਬਾਨ ਦੀ ਸਿੱਖਿਆ ਜੋ ਕਿ ਗੁਰੂ ਸਾਹਿਬਾਨ ਦੇ ਹੁਕਮਨਾਮਿਆਂ ਵਿਚ ਅੰਕਤ ਹਨ ਉਹਨਾਂ 'ਤੇ ਵੀ ਨਿਸਚਾ ਲਾਜ਼ਮੀ ਹੈ।

ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸਚਾ ਰੱਖਦਾ ਹੈ

ਸਿੱਖ ਰਹਿਤ ਮਰਯਾਦਾ ਵਿਚ ਪਰਿਭਾਸ਼ਤ ਹੈ ਕਿ ਉਹ ਦਸਮੇਸ਼ ਜੀ ਦੇ ਅੰਮ੍ਰਿਤ 'ਤੇ ਨਿਸ਼ਚਾ ਰੱਖੇ। ਇਸ ਵਾਕ ਤੋਂ ਹਰ ਸਿੱਖ ਲਈ ਜੀਵਨ ਕਾਲ ਵਿਚ ਅੰਮ੍ਰਿਤ ਪਾਨ ਕਰਨਾ ਲਾਜ਼ਮੀ ਹੈ। ਇਸ ਅਨੁਸਾਰ ਜੋ ਪ੍ਰਾਣੀ, ਜਥੇ, ਧੜੇ ਸਿੱਖ ਅਖਵਾਉਣ ਦੇ ਬਾਵਜੂਦ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ 'ਤੇ ਨਿਸ਼ਚਾ ਨਹੀਂ ਰਖਦੇ ਜਾਂ ਅੰਮ੍ਰਿਤ ਦੇ ਵਿਰੁੱਧ ਪ੍ਰਚਾਰ ਕਰਦੇ ਹਨ ਉਹ ਤਾਂ ਸਿੱਖ ਅਖਵਾਉਣ ਦੇ ਹੱਕਦਾਰ ਹੀ ਨਹੀਂ ਹਨ।

ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ

ਹੋਰ ਸ਼ਰਤਾਂ ਦੇ ਨਾਲ ਨਾਲ ਇਕ ਬੁਨਿਆਦੀ ਸ਼ਰਤ ਇਹ ਵੀ ਹੈ ਕਿ ਸਿੱਖ ਅਖਵਾਉਣ ਵਾਲਾ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ ਹੋਵੇ। ਸਿੱਖ ਲਈ ਹਰ ਧਰਮ ਦਾ ਸਤਿਕਾਰ ਕਰਨਾ ਲਾਜ਼ਮੀ ਹੈ । ਗੁਰੂ ਸਾਹਿਬਾਨ ਨੇ ਤਾਂ ਦੂਜੇ ਧਰਮ ਦੀ ਖ਼ਾਤਰ ਸ਼ਹਾਦਤ ਤਕ ਦੇਣ ਦੀ ਪਿਰਤ ਪਾਈ ਹੈ। ਪਰ ਸਿੱਖ ਕੇਵਲ ਗੁਰੂ ਦਾ ਹੀ ਹੋ ਸਕਦਾ ਹੈ। ਇਹ ਇਸ ਲਈ ਵੀ ਜ਼ਰੂਰੀ ਹੈ ਕਿ ਕਈ ਦੂਜੇ ਧਰਮਾਂ ਨੂੰ ਮੰਨਣ ਵਾਲੇ ਵਿਅਕਤੀ ਉਸ ਧਰਮ ਦੇ ਨਾਲ ਨਾਲ ਆਪਣੇ ਆਪ ਨੂੰ ਸਿੱਖ ਵੀ ਅਖਵਾਣਾ ਚਾਹੁੰਦੇ ਹਨ । ਗੁਰੂ ਅਰਜਨ ਦੇਵ ਜੀ ਨੇ ਵੀ ਭਾਈ ਮੰਝ ਨੂੰ ਇਹੋ ਸੁਨੇਹਾ ਦਿੱਤਾ ਸੀ ਕਿ ਸਿੱਖੀ 'ਤੇ ਸਿੱਖੀ ਨਹੀਂ ਟਿਕਦੀ।

ਇਹ ਸ਼ਰਤ ਆਪਣੇ ਆਪ ਵਿਚ ਹੀ ਬਹੁਤ ਮਹੱਤਾ ਰਖਦੀ ਹੈ। ਸਿੱਖ ਗੁਰਦੁਆਰਾ ਐਕਟ, 1925 ਅਤੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਐਕਟ, 1971 ਦੋਹਾਂ ਵਿਚ ਸਿੱਖ ਦੀ ਪਰਿਭਾਸ਼ੀ ਦੇਂਦਿਆਂ ਲਿਖਿਆ ਕਿ ਉਹ ਕਿਸੇ ਹੋਰ ਧਰਮ ਨੂੰ ਨਾ ਮੰਨਦਾ ਹੋਵੇ।

SikhBookClub.com

ਸਿੱਖ ਦੀ ਰਹਿਣੀ ਦੋ ਤਰ੍ਹਾਂ ਦੀ ਹੈ—ਸ਼ਖ਼ਸੀ ਤੇ ਪੰਥਕ

ਸ਼ਖ਼ਸੀ ਰਹਿਣੀ

1) ਨਾਮ ਬਾਣੀ ਦਾ ਅਭਿਆਸ।

2) ਗੁਰਮਤਿ ਦੀ ਰਹਿਣੀ।

3) ਸੇਵਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੯)

1. ਸ਼ਖ਼ਸੀ ਤੇ ਪੰਥਕ 2. ਸਿੱਖ ਤੇ ਸੰਗਤ

ਇਸ ਕਾਂਡ ਦਾ ਸਿਰਲੇਖ ਹੈ, ਸਿੱਖ ਦੀ ਰਹਿਣੀ ਦੋ ਤਰ੍ਹਾਂ ਦੀ ਹੈ—ਸ਼ਖਸੀ ਤੇ ਪੰਥਕ। ਇਹ ਦੀ ਅਰੰਭਤਾ ਗੁਰੂ ਸਾਹਿਬ ਜੀ ਨੇ ਸਿੱਖ ਅਤੇ ਸੰਗਤ ਤੋਂ ਕੀਤੀ। ਵਿਚ ਕੋਈ ਵੀ ਤਬਦੀਲੀ ਨਹੀਂ ਕੀਤੀ ਗਈ। ਸਿੱਖ ਰਹਿਤ ਮਰਯਾਦਾ ਦੇ ਦਸਤਾਵੇਜ਼ ਵਾਚਣ 'ਤੇ ਪਤਾ ਲਗਦਾ ਹੈ ਕਿ ਇਸ ਨੂੰ ਪ੍ਰਵਾਨ ਕਰਨ ਤੋਂ ਪਹਿਲਾਂ ਇਸ ਬਾਰੇ ਕਾਫ਼ੀ ਵਿਚਾਰ-ਵਟਾਂਦਰਾ ਕੀਤਾ ਗਿਆ।

ਸਿੱਖ ਦੀ ਪਰਿਭਾਸ਼ਾ ਦੇ ਬਾਅਦ ਇਸ ਵਿਚ ਦਿੱਤਾ ਹੋਇਆ ਇਹ ਸਿਰਲੇਖ 'ਸਿੱਖ ਦੀ ਰਹਿਣੀ ਦੋ ਤਰਾਂ ਦੀ ਹੈ—ਸ਼ਖਸੀ ਤੇ ਪੰਥਕ' ਬਹੁਤ ਹੀ ਮਹੱਤਵਪੂਰਨ ਹੈ। ਇਸ ਵਿਚ ਸਿੱਖ ਦੀ ਜੀਵਨ ਜਾਚ ਨੂੰ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ ਪਰ ਇਹ ਦ੍ਵੈਤ ਨਹੀਂ ਹੈ। ਇਹ ਦੋ ਲਫਜ਼ ਹੁੰਦੇ ਹੋਏ ਵੀ ਵੱਖ ਨਾ ਹੋ ਕੇ ਗੁਰਮਤਿ ਰਹਿਤ ਦੇ ਹੀ ਦੋ ਪਹਿਲੂ ਹਨ। ਆਮ ਤੌਰ 'ਤੇ ਸੰਸਾਰ ਵਿਚ ਧਰਮ ਅਤੇ ਧਾਰਮਿਕ ਜੀਵਨ ਨੂੰ ਉਸ ਵਿਅਕਤੀ ਦੀ ਨਿੱਜੀ ਜ਼ਿੰਦਗੀ ਤਕ ਹੀ ਸੀਮਤ ਕਰ ਲਿਆ ਜਾਂਦਾ ਸੀ। ਇਸ ਵਿਚ ਜੀਵਨ ਨੂੰ ਦੋ ਵੱਖ ਵੱਖ ਡੱਬਿਆਂ ਵਿਚ ਬੰਦ ਕਰ ਕੇ ਦੋਨਾਂ ਵਿਚ ਸੁਮੇਲ ਨਾ ਹੋ ਕੇ ਵਿੱਥ ਪੈਂਦਾ ਹੋ ਜਾਂਦੀ ਸੀ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਉਸ ਦੇ ਧਾਰਮਿਕ ਜੀਵਨ ਅਤੇ ਸਮਾਜਕ ਜੀਵਨ ਵਿਚ ਪਾੜਾ ਵੱਧਦਾ ਜਾਂਦਾ ਸੀ। ਵਿਅਕਤੀ ਧਰਮ ਨੂੰ ਮੰਨਣ ਦੇ ਬਾਵਜੂਦ ਵੀ ਧਾਰਮਿਕ ਨਹੀਂ ਸੀ ਹੁੰਦਾ। ਧਰਮ ਦੀ ਖੁਸ਼ਬੋ ਉਸਦੇ ਸਮਾਜਕ ਜੀਵਨ ਵਿਚੋਂ ਨਹੀਂ ਸੀ ਪ੍ਰਾਪਤ ਹੁੰਦੀ। ਜਿਵੇਂ ਵਿਅਕਤੀ ਦਾ ਧਾਰਮਿਕ ਜੀਵਨ ਹੋਰ ਅਤੇ ਵਪਾਰਕ ਕਾਰ ਵਿਹਾਰ ਵੱਖ ਵੱਖ ਹੁੰਦੇ ਜਾਂਦੇ ਸਨ। ਇਸ ਨਾਲ ਬੇ-ਇਲਮ ਆਬਿਦ ਅਤੇ ਬੇ-ਅਮਲ ਆਲਿਮ ਵਾਲੀ ਹਾਲਤ ਪੈਦਾ ਹੋ ਜਾਂਦੀ ਹੈ। ਇਸ ਨਾਲ ਬੰਦੇ ਧਾਰਮਕ ਚਿੰਨ੍ਹ ਧਾਰਨ ਕਰਕੇ ਕਰਮਕਾਂਡ ਵੀ ਕਰਦੇ ਸਨ ਪਰ ਉਨ੍ਹਾਂ ਦਾ ਜੀਵਨ ਧਾਰਮਕ ਨਹੀਂ ਸੀ ਹੁੰਦਾ। ਗੁਰੂ ਸਾਹਿਬ ਨੂੰ ਇਹ ਪ੍ਰਵਾਨ ਨਹੀਂ ਸੀ। ਹਜ਼ੂਰ ਨੇ ਇਸ ਵਿਚ ਇਕਸਾਰਤਾ ਪੈਦਾ ਕੀਤੀ। ਇਸ ਲਈ ਸਿਰਲੇਖ ***ਸ਼ਖਸੀ ਤੇ ਪੰਥਕ ਲਿਖਿਆ ਹੈ। ਸ਼ਖਸੀ ਜਾਂ ਪੰਥਕ ਨਹੀਂ।*** ਦੋਨਾਂ ਦੇ ਹੀ ਸੁਮੇਲ ਨੇ ਸਿੱਖ ਦੇ ਜੀਵਨ ਨੂੰ

SikhBookClub.com

ਸੰਪੂਰਨਤਾ ਬਖਸ਼ਣੀ ਹੈ। ਕਈ ਵਾਰ ਇਹ ਭੁਲੇਖਾ ਪਿਆ ਨਜ਼ਰ ਆਉਂਦਾ ਹੈ ਕਿ ਆਪਣੇ ਸ਼ਖਸੀ ਜੀਵਨ ਨੂੰ ਸੁਧਾਰ ਲਵੋ। ਧਾਰਮਿਕ ਤੌਰ 'ਤੇ ਚੰਗਾ ਜੀਵਨ ਜੀਣ ਵਾਲੇ ਕਈ ਵਾਰ ਪੰਥਕ ਪੱਖੋਂ ਊਣੇ ਰਹਿ ਜਾਂਦੇ ਹਨ। ਅਤੇ ਦੂਸਰੇ ਪਾਸੇ ਕਈ ਵਿਅਕਤੀ ਪੰਥਕ ਤੌਰ 'ਤੇ ਕਾਫ਼ੀ ਸੁਚੇਤ ਅਤੇ ਸੁਦ੍ਰਿੜ ਹੋਣ ਦੇ ਬਾਵਜੂਦ ਧਾਰਮਿਕ ਪੱਖੋਂ ਬਿਲਕੁਲ ਕੋਰੇ ਰਹਿ ਜਾਂਦੇ ਹਨ। ਇਸ ਵਿਸੰਗਤੀ ਨੂੰ ਇਹ ਸਿਰਲੇਖ **'ਸਿੱਖ ਦੀ ਰਹਿਣੀ ਦੋ ਤਰਾਂ ਦੀ ਹੈ—ਸ਼ਖਸੀ ਤੇ ਪੰਥਕ'** ਦੂਰ ਕਰਦਾ ਹੈ। ਸੋ ਸਿੱਖ ਉਹੀ ਵਿਅਕਤੀ ਅਖਵਾਣ ਦਾ ਹੱਕਦਾਰ ਹੈ ਜੋ ਜਾਤੀ ਅਤੇ ਜਮਾਤੀ ਤੌਰ 'ਤੇ ਸਿੱਖ ਰਹਿਤ ਮਰਯਾਦਾ ਦਾ ਧਾਰਣੀ ਹੋਵੇ। ਜਾਤੀ ਤੌਰ 'ਤੇ ਉਸਦੀ ਜ਼ਿੰਦਗੀ ਸ਼ਖਸੀ ਰੂਪ ਵਿਚ ਅਤੇ ਜਮਾਤੀ ਤੌਰ 'ਤੇ **ਗੁਰੂ ਪੰਥ** ਦਾ ਅੰਗ ਬਣ ਕੇ ਰਹੇ। ਪੰਥਕ ਧੁਰੇ ਨਾਲੋਂ ਮੁਨਕਰ ਹੋ ਕੇ, ਟੁੱਟ ਕੇ ਜਾਂ ਫ਼ਿਰ ਗੁਰੂ ਪੰਥ ਦਾ ਹਿੱਸਾ ਨਾ ਰਹਿ ਕੇ ਉਹ ਸਿੱਖ ਅਖਵਾਣ ਦਾ ਹੱਕਦਾਰ ਨਹੀਂ ਭਾਵੇਂ ਉਹ ਸ਼ਖਸੀ ਤੌਰ 'ਤੇ ਜਿਤਨੇ ਮਰਜ਼ੀ ਉੱਚੇ ਧਾਰਮਿਕ ਜੀਵਨ ਦੀ ਗੱਲ ਕਰੇ। ਸ਼ਖਸੀ ਅਤੇ ਪੰਥਕ ਜੀਵਨ ਵਿਚ ਇਕਸਾਰਤਾ ਨਾ ਹੋਣ ਕਾਰਣ ਹੀ ਇਹ ਵੇਖਣ ਵਿਚ ਆਉਂਦਾ ਹੈ ਕਿ ਕਈ ਵਿਅਕਤੀ ਧਾਰਮਿਕ ਤਾਂ ਹੁੰਦੇ ਹਨ ਪਰ ਪੰਥਕ ਨਹੀਂ ਅਤੇ ਦੂਸਰੇ ਪਾਸੇ ਪੰਥਕ ਅਖਵਾਣ ਵਾਲੇ ਧਾਰਮਿਕ ਤੌਰ 'ਤੇ ਤੱਤਾਂ ਤੋਂ ਊਣੇ ਹੋਏ ਵੇਖੇ ਜਾ ਸਕਦੇ ਹਨ।

ਸ਼ਖਸੀ ਰਹਿਣੀ ਦੇ ਇਸ ਸਿਰਲੇਖ ਦੇ ਤਿੰਨ ਹਿੱਸੇ ਹਨ—1) ਨਾਮ ਬਾਣੀ ਦਾ ਅਭਿਆਸ, 2) ਗੁਰਮਤਿ ਦੀ ਰਹਿਣੀ ਅਤੇ 3) ਸੇਵਾ। ਇਹਨਾਂ ਦੀ ਵਿਚਾਰ ਇਸ ਤਰ੍ਹਾਂ ਹੈ।

੧. ਨਾਮ ਬਾਣੀ ਦਾ ਅਭਿਆਸ

ਇਸ ਅਧਿਆਇ ਦਾ ਸਿਰਲੇਖ ਹੈ ***ਨਾਮ ਬਾਣੀ ਦਾ ਅਭਿਆਸ।*** ਅਭਿਆਸ ਜਾਂ ਪਰੈਕਟਿਸ, ਲਗਾਤਾਰ ਨਿਰੰਤਰ ਕਰਨੀ ਪੈਂਦੀ ਹੈ। ਵਕੀਲ, ਡਾਕਟਰ ਆਦਿ ਭਾਵੇਂ ਉਹਨਾਂ ਨੂੰ ਕਿਸੇ ਵੀ ਕਿੱਤੇ ਜਾਂ ਪੇਸ਼ੇ ਵਿਚ ਕੰਮ ਕਰਦਿਆਂ ਪੰਜਾਹ ਪੰਜਾਹ ਵਰ੍ਹੇ ਬੀਤ ਜਾਣ ਅਤੇ ਜਿਤਨੀ ਮਰਜ਼ੀ ਮੁਹਾਰਤ ਹਾਸਲ ਕਰ ਲੈਣ ਪਰ ਹਾਲੇ ਵੀ ਕਿਹਾ ਜਾਂਦਾ ਹੈ ਕਿ ਉਹ ਪਰੈਕਟਿਸ ਕਰ ਰਹੇ ਹਨ। ਇਸੇ ਤਰ੍ਹਾਂ ਨਾਮ ਬਾਣੀ ਦਾ ਅਭਿਆਸ ਇਕ ਵਾਰ ਨਹੀਂ ਬਲਕਿ ਬਾਰ ਬਾਰ ਕਰਨਾ ਪੈਣਾ ਹੈ। ਪਿਤਾ ਜੀ ਕਿਹਾ ਕਰਦੇ ਸਨ ***ਕਲਗੀਆਂ ਵਾਲਿਆਂ ਤੇਰੇ ਦਰਬਾਰ ਅੰਦਰ ਨਾ ਇਤਵਾਰ ਛੁੱਟੀ ਨਾ ਦਿਨ ਦਿਹਾਰ ਛੁੱਟੀ।***

ਸਿੱਖ ਰਹਿਤ ਮਰਯਾਦਾ ਵਿਚ ਨਾਮ ਬਾਣੀ ਦਾ ਅਭਿਆਸ ਸ਼ਖ਼ਸੀ ਰਹਿਣੀ ਦਾ ਹਿੱਸਾ ਹੈ। ਇਸ ਤਰ੍ਹਾਂ ਨਾਮ ਬਾਣੀ ਦਾ ਅਭਿਆਸ ਜ਼ਾਤੀ ਹੈ ਅਤੇ ਸੰਗਤੀ ਰੂਪ ਵਿਚ 'ਸਾਧ ਸੰਗਤ ਵਿਚ ਜੁੜ ਕੇ ਗੁਰਬਾਣੀ ਦਾ ਅਭਿਆਸ' ਕਰਨ ਬਾਰੇ ਕਿਹਾ ਗਿਆ ਹੈ। ਇਸ ਲਈ ਨਾਮ ਬਾਣੀ ਦਾ ਅਭਿਆਸ ਅਤੇ ਸਿਮਰਨ ਜ਼ਾਤੀ ਹੈ ਅਤੇ ਸੰਗਤੀ ਰੂਪ ਵਿਚ ਕਥਾ, ਕੀਰਤਨ ਜਮਾਤੀ ਹੈ।

1. ਸਿੱਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗ ਕੇ ਇਸ਼ਨਾਨ ਕਰੇ ਅਤੇ ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ 'ਵਾਹਿਗੁਰੂ' ਨਾਮ ਜਪੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੯)

SikhBookClub.com

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰ੍ਹਾਂ ਦਰਜ਼ ਸੀ:-

1. ਸਿੱਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗ ਕੇ ਇਸ਼ਨਾਨ ਕਰੇ ਅਤੇ ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ ਨਾਮ ਜਪੇ।

(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੧)

ਤਬਦੀਲੀ

ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ ਨਾਮ ਜਪੇ ਦੀ ਥਾਵੇਂ ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ 'ਵਾਹਿਗੁਰੂ ਨਾਮ ਜਪੇ' ਕੀਤਾ ਗਿਆ ਹੈ।

ਵਿਆਖਿਆ

ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥ (ਅੰਗ ੬੯੫) ਨਾਮ ਬਾਣੀ ਦਾ ਅਭਿਆਸ ਅਧੀਨ ਪਹਿਲੀ ਮੱਦ ਹੈ ਅੰਮ੍ਰਿਤ ਵੇਲੇ ਜਾਗ ਕੇ ਇਸ਼ਨਾਨ ਕਰਨ ਉਪਰੰਤ ਇਕ ਅਕਾਲ ਪੁਰਖ ਦਾ ਧਿਆਨ ਕਰਦਿਆਂ ਹੋਇਆਂ ਵਾਹਿਗੁਰੂ ਨਾਮ ਦਾ ਜਾਪ ਕਰਨਾ। ਇਸ ਅਨੁਸਾਰ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗਣਾ ਹੈ। ਗੁਰਮਤਿ ਵਿਚ ਅੰਮ੍ਰਿਤ ਵੇਲੇ ਦਾ ਆਪਣਾ ਹੀ ਮਹਾਤਮ ਹੈ। ਇੱਥੇ ਅੰਮ੍ਰਿਤ ਵੇਲੇ ਨੂੰ ਪਹਿਰ ਰਾਤ ਰਹਿੰਦੀ ਕਿਹਾ ਗਿਆ ਹੈ। ਦਿਨ ਰਾਤ ਦੇ ਚੌਵੀ ਘੰਟਿਆਂ ਨੂੰ ਤਿੰਨ ਤਿੰਨ ਘੰਟਿਆਂ ਦੇ ਅੱਠ ਪਹਿਰਾਂ ਵਿਚ ਵੰਡਿਆ ਗਿਆ ਹੈ। ***ਆਠ ਪਹਰ ਪ੍ਰਭੁ ਧਿਆਇ ਤੂੰ ਗੁਣ ਗੋਇੰਦ ਨਿਤ ਗਾਉ ॥*** (ਮ. ੫, ਅੰਗ 44) ਇਸ ਵਿਚ ਚਾਰ ਪਹਿਰ ਰਾਤ ਦੇ ਅਤੇ ਚਾਰ ਪਹਿਰ ਦਿਨ ਦੇ ਸ਼ਾਮਲ ਹਨ। ਦਿਨ ਦਾ ਪਹਿਲਾ ਪਹਿਰ ਸੂਰਜ ਚੜ੍ਹਨ ਦੇ ਨਾਲ ਅਰੰਭ ਹੁੰਦਾ ਹੈ ਜੋ ਕਿ ਤਕਰੀਬਨ ਛੇ ਵਜੇ ਦਾ ਸਮਾਂ ਹੈ। ਇਸ ਤਰ੍ਹਾਂ ਪਹਿਰ ਰਾਤ ਰਹਿੰਦੀ ਜਾਗਣ ਦਾ ਅਰਥ ਹੈ ਰਾਤ ਦੇ ਅਖੀਰਲੇ ਪਹਿਰ ਤੋਂ ਪਹਿਲਾਂ ਜੋ ਕਿ ਰਾਤ ਦੇ ਤਿੰਨ ਵਜੇ ਅਰੰਭ ਹੁੰਦਾ ਹੈ।

ਸੁਣਿ ਗਲਾ ਗੁਰ ਪਹਿ ਆਇਆ ॥
ਨਾਮੁ ਦਾਨੁ ਇਸਨਾਨੁ ਦਿੜਾਇਆ ॥
ਸਭ ਮੁਕਤੁ ਹੋਆ ਸੈਸਾਰੜਾ
ਨਾਨਕ ਸਚੀ ਬੇੜੀ ਚਾੜਿ ਜੀਉ ॥੧੧॥

(ਮ. ੫, ਅੰਗ ੭੪)

ਅੰਮ੍ਰਿਤ ਵੇਲੇ ਦੇ ਮਹਾਤਮ ਬਾਰੇ ਬਾਬਾ ਸ਼ੇਖ ਫਰੀਦ ਜੀ ਬਚਨ ਕਰਦੇ ਹਨ,

ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥
ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥੧੦੭॥

(ਅੰਗ ੧੩੮੩)

ਬਾਬਾ ਫ਼ਰੀਦ ਜੀ ਦੇ ਫਾਰਸੀ ਦਾ ਕਲਾਮ ਹਾਫ਼ਿਜ਼ ਮਹਿਮੂਦ ਸ਼ੀਰਾਨੀ ਨੇ ਕਿਤਾਬ 'ਪੰਜਾਬ ਵਿਚ ਉਰਦੂ' ਵਿਚ ਅੰਕਤ ਕੀਤਾ ਹੈ। ਹਾਲਾਂ ਕਿ ਇਹ ਗੁਰਬਾਣੀ ਨਹੀਂ ਪਰ ਇਹਨਾਂ ਦੀ ਭਾਵਨਾ ਬਾਬਾ ਜੀ ਦੀ ਸੋਚ ਅਤੇ ਗੁਰੂ ਆਸ਼ੇ ਅਨੁਰੂਪ ਹੀ ਹੈ:-

SikhBookClub.com

ਵਕਤੇ ਸਹਰ ਵਕਤੇ ਮੁਨਾਜਾਤ ਹੈ, ਖ਼ੇਜ਼ ਦਰਾਂ ਵਕਤ ਕਿ ਬਰਕਾਤ ਹੈ।
ਨ.ਫਸ ਮਬਾਦਾ ਕਿ ਬਗੋਯਦ ਤੁਰਾ, ਖ਼ਸਪ ਚਿਹ ਖ਼ੇਜ਼ੀ ਕਿ ਅਭੀ ਰਾਤ ਹੈ।

(ਅੰਮ੍ਰਿਤ ਵੇਲਾ ਪੂਜਾ ਦਾ ਵੇਲਾ ਹੈ। ਇਸ ਵੇਲੇ ਉਠ, ਕਿਉਂ ਜੋ ਬਰਕਤ ਦਾ ਵੇਲਾ ਹੈ। ਐਸਾ ਨਾ ਹੋਵੇ ਕਿ ਮਨ ਤੁਹਾਨੂੰ ਇਹ ਕਹੇ , "ਸੌਂ ਜਾ, ਕੀ ਉਠਦਾ ਹੈਂ, ਅਜੇ ਤਾਂ ਰਾਤ ਹੈ।")

ਬਾਦਮੇ ਖ਼ੁਦ ਹਮਦਮ ਹੁਸ਼ਿਆਰ ਬਾਸ਼, ਸੁਹਬਤੇ ਅਗਯਾਰ ਬੁਰੀ ਬਾਤ ਹੈ।
ਬਾਤਨੇ ਤਨਹਾ ਚਿਹ ਰਵੀ ਜ਼ੀਂ ਜ਼ਮੀ, ਨੇਕ ਅਮਲ ਕੁਨ ਕਿ ਵੁਹੀ ਸਾਤ ਹੈ।

(ਹੇ ਦੋਸਤ! ਤੂੰ ਆਪਣੇ ਦਮ ਦਾ ਹੁਸ਼ਿਆਰ ਰਹਿ। ਗੈਰਾਂ ਦੀ ਸੰਗਤ ਕਰਨਾ ਬੁਰੀ ਗੱਲ ਹੈ। ਇਸ ਧਰਤੀ ਤੋਂ ਕਲਮਕੱਲਾ ਕਿਉਂ ਜਾਂਦਾ ਹੈਂ? ਨੇਕ ਅਮਲ ਕਰ, ਕਿਉਂ ਜੋ ਉਹ ਨਾਲ ਜਾਣਗੇ।)

ਪੰਦੇ ਸ਼ਕਰਗੰਜ ਬਦਿਲ ਜਾਂ ਸ਼ੁਨੋ, ਜ਼ਾਏ ਮਕੁਨ ਉਮਰ ਕਿ ਹੈਯਾਤ ਹੈ?

(ਸ਼ਕਰ ਗੰਜ ਦੀ ਨਸੀਹਤ ਦਿਲ ਤੇ ਜਾਨ ਨਾਲ ਸੁਣੋ। ਉਮਰ ਨੂੰ ਜ਼ਾਇਆ ਨਾ ਕਰ, ਕਿਉਂ ਜੋ ਅਫਸੋਸ ਹੀ ਹੋਵੇਗਾ।)

ਕੁਰਆਨ ਮਜੀਦ ਵਿਚ ਵੀ ਅੰਮ੍ਰਿਤ ਵੇਲੇ ਨੂੰ ਫ਼ਜਰ ਕਿਹਾ ਗਿਆ ਹੈ ਅਤੇ ਸੂਰਾ ਬਨੀ ਇਸਰਾਈਲ ਦੀ ਰੁਕਤ 79 ਵਿਚ ਲਿਖਿਆ ਗਿਆ ਹੈ ਕਿ ਫਜਰ ਵੇਲੇ ਦਾ (ਕੁਰਾਨ) ਪੜ੍ਹਨਾ ਨਿਰਸੰਦੇਹ ਰੱਬ ਦੇ ਹਜ਼ੂਰ ਪਰਵਾਨ ਹੋਣ ਵਾਲਾ ਸ਼ੁਭ ਕਰਮ ਹੈ। ਭਾਗ 15, ਬਨੀ ਇਸਰਾਈਲ 17 (79)

ਅੰਮ੍ਰਿਤ ਵੇਲੇ ਬਾਰੇ ਭਾਈ ਨੰਦ ਲਾਲ ਜੀ ਕਮਾਲ ਦਾ ਹਵਾਲਾ ਦਿੰਦੇ ਹਨ ਕਿ ਇਸ ਸਮੇਂ ਇਕ ਅਜੀਬ ਤਮਾਸ਼ਾ ਬਰਪਾ ਹੋ ਰਿਹਾ ਹੁੰਦਾ ਹੈ। ਸਾਰਾ ਜਹਾਨ ਸੁੱਤਾ ਹੁੰਦਾ ਹੈ ਅਤੇ ਸ਼ਮਾਂ ਜਲ ਰਹੀ ਹੁੰਦੀ ਹੈ।

ਸੁਬਹ ਦਮ ਗੋਯਾ ਤਮਾਸ਼ਾਇ ਅਜੀਬ
ਜੁਮਲਾ ਆਲਮ ਖ਼ੁਫਤਾ ਓ ਬੇਦਾਰ ਸ਼ਮਆ ॥੪੬॥

(ਬਾਬਾ ਫ਼ਰੀਦ ਜੀ)

ਉਪਰੰਤ ਇਸ਼ਨਾਨ ਕਰਨਾ ਫਰਜ਼ ਹੈ

ਗੁਰਸਿਖ ਰਹਿਤ ਸੁਨਹੁ ਮੇਰੇ ਮੀਤ। ਉਠਿ ਪ੍ਰਭਾਤ ਕਰੇ ਹਿਤ ਚੀਤ।
ਵਾਹਿਗੁਰੂ ਪੁਨ ਮੰਤ੍ਰ ਸੁ ਜਾਪ। ਕਰ ਇਸਨਾਨ ਪੜ੍ਹੇ ਜਪੁ ਜਾਪੁ।੧।

(ਰਹਿਤਨਾਮਾ ਭਾਈ ਨੰਦ ਲਾਲ, ਪੰਨਾ ੫੪)

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥
ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ॥੧॥

(ਮ.੫, ਅੰਗ ੬੧੧)

ਇਸ਼ਨਾਨ ਅਤੇ ਸਿਮਰਨ ਮਨ ਤੇ ਤਨ ਦੀ ਅਰੋਗਤਾ ਲਈ ਜ਼ਰੂਰੀ ਹੈ ਪਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਐਸੇ ਧਾਰਮਿਕ ਫ਼ਿਰਕਿਆਂ ਨਾਲ ਵੀ ਵਾਹ ਪਿਆ

SikhBookClub.com

ਜੋ ਇਸ਼ਨਾਨ ਦੀ ਲੋੜ ਹੀ ਨਹੀਂ ਸਨ ਸਮਝਦੇ। *ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ ॥* (ਮ. ੧, ਅੰਗ 150) ਹਜ਼ੂਰ ਨੇ ਉਹਨਾਂ ਬਾਰੇ ਕਿਹਾ, *ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ ॥੧॥* (ਮ. ੧, ਅੰਗ 150)

ਤਨ ਦੇ ਇਸਨਾਨ ਦੇ ਬਾਅਦ ਮਨ ਦਾ ਇਸ਼ਨਾਨ ਇਕ ਅਕਾਲ ਪੁਰਖ ਦਾ ਧਿਆਨ ਧਰ ਕੇ 'ਵਾਹਿਗੁਰੂ' ਦਾ ਜਾਪ ਕਰਨਾ ਹੈ। *ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।* (ਵਾਰ 13 ਪਉੜੀ 2)। 1936 ਵਾਲੀ ਰਹਿਤ ਮਰਯਾਦਾ ਵਿਚ ਅੰਕਤ ਸੀ '.... ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ ਨਾਮ ਜਪੇ।' ਇੱਥੇ ਕੇਵਲ ਨਾਮ ਜਪਣ ਦੀ ਗੱਲ ਗੀਤੀ ਗਈ ਸੀ। 1945 ਵਿਚ ਇਸ ਵਿਚ ਤਬਦੀਲੀ ਕਰਦਿਆਂ ਹੋਇਆਂ ਅਕਾਲ ਪੁਰਖ ਦਾ ਧਿਆਨ ਧਰਦਿਆਂ 'ਵਾਹਿਗੁਰੂ' ਦਾ ਨਾਮ ਜਪਣ ਦੀ ਤਾਕੀਦ ਕੀਤੀ ਗਈ ਹੈ। ਨਾਮ ਕਿਸ ਦਾ ਜਪਣਾ ਹੈ ਇਹ ਸਪਸ਼ਟ ਕਰ ਦਿੱਤਾ ਗਿਆ ਹੈ। ਇਹ ਜ਼ਰੂਰੀ ਵੀ ਸੀ। 'ਵਾਹਿਗੁਰੂ ਗੁਰ ਮੰਤਰ ਹੈ'। ਅੰਮ੍ਰਿਤ ਦੀ ਦਾਤ ਦੇਣ ਲੱਗਿਆਂ ਵੀ ਇਸੇ 'ਵਾਹਿਗੁਰੂ' ਗੁਰ ਮੰਤਰ ਨੂੰ ਦ੍ਰਿੜ ਕਰਵਾਇਆ ਜਾਂਦਾ ਹੈ। ਇਸ ਦੇ ਨਾਲ ਹੀ ਅਰਦਾਸ ਵਿਚ ਵੀ ਵਾਹਿਗੁਰੂ ਨਾਮ ਦੀ ਮੰਗ ਕੀਤੀ ਗਈ ਹੈ। 'ਪ੍ਰਿਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿੱਤ ਆਵੇ।' ਕਈ ਭੇਖੀ ਵਿਅਕਤੀ ਕਈ ਕਿਸਮ ਦੇ ਗੁਪਤ ਮੰਤਰ ਕੰਨਾਂ ਵਿਚ ਫੂਕਾਂ ਮਾਰ ਕੇ ਭਰਮ ਭੁਲੇਖੇ ਖੜੇ ਕਰਦੇ ਹਨ। ਸੋ ਨਾਮ ਕਿਸ ਦਾ ਜਪਣਾ ਹੈ ਇਸ ਬਾਰੇ ਕੋਈ ਭਰਮ ਭੁਲੇਖਾ ਨਾ ਰਹਿ ਜਾਏ ਇਸ ਲਈ ਪੰਥਕ ਤੌਰ 'ਤੇ ਕੀਤੀ ਗਈ ਇਹ ਤਬਦੀਲੀ ਪੰਥ ਵਿਚ ਇਕਸਾਰਤਾ ਬਖਸ਼ਦੀ ਹੈ। ਭਾਈ ਗੁਰਦਾਸ ਦੋਇਮ ਦਾ ਕਥਨ ਹੈ,

ਹਰਿ ਵਾਹਿਗੁਰੂ ਮੰਤਰ ਅਗੰਮ ਜਗ ਤਾਰਨਹਾਰਾ।
ਜੋ ਸਿਮਰਹਿ ਨਰ ਪ੍ਰੇਮ ਸਿਉ ਪਹੁੰਚੇ ਦਰਬਾਰਾ।
ਸਭ ਪਕੜੋ ਚਰਨ ਗੋਬਿੰਦ ਕੇ ਛਾਡੋ ਜੰਜਾਰਾ।
ਨਾਤਰੁ ਦਰਗਹ ਕੁਟੀਅਨੁ ਮਨਮੁਖਿ ਕੂੜਿਆਰਾ।

(ਭਾਈ ਗੁਰਦਾਸ ਦੋਇਮ, ਵਾਰ ੪੧/੧੮)

੨. ਨਿਤਨੇਮ ਦਾ ਪਾਠ ਕਰੇ। ਨਿਤਨੇਮ ਦੀਆਂ ਬਾਣੀਆਂ ਇਹ ਹਨ:
(ਜਪੁ, ਜਾਪੁ ਅਤੇ 10 ਸਵੱਯੇ ('ਸ੍ਰਾਵਗ ਸੁਧ' ਵਾਲੇ)। ਇਹ ਬਾਣੀਆਂ ਅੰਮ੍ਰਿਤ ਵੇਲੇ ਪੜ੍ਹਨੀਆਂ। ਸੋ ਦਰੁ ਰਹਿਰਾਸ- ਸ਼ਾਮ ਵੇਲੇ ਸੂਰਜ ਡੁੱਬੇ ਪੜ੍ਹਨੀ। ਇਸ ਵਿਚ ਇਹ ਬਾਣੀਆਂ ਸ਼ਾਮਲ ਹਨ:- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਲਿਖੇ ਹੋਏ ਨੌਂ ਸ਼ਬਦ (*'ਸੋ ਦਰੁ'* ਤੋਂ ਲੈ ਕੇ *'ਸਰਨਿ ਪਰੇ ਕੀ ਰਾਖਹੁ ਸਰਮਾ'* ਤਕ), ਬੇਨਤੀ ਚੌਪਈ ਪਾਤਸ਼ਾਹੀ 10 ('ਹਮਰੀ ਕਰੋ ਹਾਥ ਦੈ ਰੱਛਾ' ਤੋਂ ਲੈ ਕੇ *'ਦੁਸਟ ਦੋਖ ਤੇ ਲੇਹੁ ਬਚਾਈ'* ਤਕ, ਸ੍ਵੈਯਾ (*'ਪਾਇ ਗਹੇ ਜਬ ਤੇ ਤੁਮਰੇ'*) ਅਤੇ ਦੋਹਰਾ (*'ਸਗਲ ਦੁਆਰ ਕਉ ਛਾਡਿ ਕੈ'*), ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ[1], ਮੁੰਦਾਵਣੀ ਤੇ ਸਲੋਕ ਮਹਲਾ ੫ 'ਤੇਰਾ ਕੀਤਾ ਜਾਤੋ ਨਾਹੀ।' ਸੋਹਿਲਾ- ਇਹ ਬਾਣੀ ਰਾਤ ਨੂੰ ਸੌਣ ਵੇਲੇ ਪੜ੍ਹਨੀ।

SikhBookClub.com

ਅੰਮ੍ਰਿਤ ਵੇਲੇ ਅਤੇ ਸੋਦਰੁ ਵੇਲੇ ਦੇ ਨਿਤਨੇਮ ਤੋਂ ਉਪਰੰਤ ਅਰਦਾਸ[2] ਕਰਨੀ ਜ਼ਰੂਰੀ ਹੈ।
(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫ ਪੰਨਾ:

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰ੍ਹਾਂ ਦਰਜ਼ ਸੀ :

2. ਨਿਤਨੇਮ ਦਾ ਪਾਠ ਕਰੇ। ਨਿਤਨੇਮ ਦੀਆਂ ਬਾਣੀਆਂ ਇਹ ਹਨ:-
ਜਪੁ, ਜਾਪੁ ਅਤੇ 10 ਸਵੱਯੇ ('ਸ੍ਰਾਵਗ ਸੁਧ' ਵਾਲੇ)- ਇਹ ਬਾਣੀਆਂ ਅੰਮ੍ਰਿਤ ਵੇਲੇ ਪੜ੍ਹਨੀਆਂ।
ਸੋਦਰੁ ਰਹਿਰਾਸ- ਸ਼ਾਮ ਵੇਲੇ ਸੂਰਜ ਡੁੱਬੇ ਪੜ੍ਹਨੀ। ਇਸ ਵਿਚ ਇਹ ਬਾਣੀਆਂ ਸ਼ਾਮਲ ਹਨ:-
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਲਿਖੇ ਹੋਏ ਨੌਂ ਸ਼ਬਦ ('ਸੋਦਰੁ' ਤੋਂ ਲੈ ਕੇ 'ਸਰਣਿ ਪਰੇ ਕੀ ਰਾਖਹੁ ਸਰਮਾ' ਤਕ), ਬੇਨਤੀ ਚੌਪਈ ਪਾਤਸ਼ਾਹੀ 10 ('ਹਮਰੀ ਕਰਉ ਹਾਥ ਦੈ ਰੱਛਾ' ਤੋਂ ਲੈ ਕੇ 'ਦੁਸ਼ਟ ਦੋਖ ਤੇ ਲੇਹੁ ਬਚਾਈ' ਤਕ, {ਸ੍ਵੈਯਾ ('ਪਾਇ ਗਹੇ ਜਬ ਤੇ ਤੁਮਰੇ') ਅਤੇ ਦੋਹਰਾ ('ਸਗਲ ਦੁਆਰ ਕਉ ਛਾਡਿ ਕੈ')}, ਅਨੰਦ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ।
ਸੋਹਿਲਾ-ਇਹ ਬਾਣੀ ਰਾਤ ਨੂੰ ਸੌਣ ਵੇਲੇ ਪੜ੍ਹਨੀ।
ਅੰਮ੍ਰਿਤ ਵੇਲੇ ਅਤੇ ਸੋਦਰੁ ਵੇਲੇ ਦੇ ਨਿਤਨੇਮ ਤੋਂ ਉਪਰੰਤ ਅਰਦਾਸ ਕਰਨੀ ਜ਼ਰੂਰੀ ਹੈ।
(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੨)

ਤਬਦੀਲੀ :-

1936 ਵਿਚ ਪ੍ਰਵਾਨ ਕੀਤੀ ਗਈ ਸੋ ਦਰੁ ਰਹਿਰਾਸ ਦੀ ਮੱਦ ਵਿਚ ਮੁੰਦਾਵਣੀ ਤੇ ਸਲੋਕ ਮਹਲਾ ੫ 'ਤੇਰਾ ਕੀਤਾ ਜਾਤੋ ਨਾਹੀ' ਦਾ ਵਾਧਾ ਕੀਤਾ ਗਿਆ।

ਵਿਆਖਿਆ

ਸ਼ਖਸੀ ਰਹਿਣੀ ਦੇ ਨਾਮ ਬਾਣੀ ਦਾ ਅਭਿਆਸ ਕਾਂਡ ਦੀ ਦੂਸਰੀ ਮੱਦ ਹੈ ਨਿਤਨੇਮ ਦਾ ਪਾਠ ਕਰੇ। ਨਿੱਤਨੇਮ ਜਿਵੇਂ ਨਾਮ ਤੋਂ ਹੀ ਸਪਸ਼ਟ ਹੈ, ਨਿਤ ਦਾ ਨੇਮ ਜਾਂ ਨਿਯਮ। ਹਰ ਸਿੱਖ ਨੇ ਇਸ ਵਿਚ ਅੰਕਤ ਪੰਜ ਬਾਣੀਆਂ ਦਾ ਪਾਠ ਹਰ ਰੋਜ਼ ਬਿਨਾਂ ਨਾਗਾ ਕਰਨਾ ਹੈ। ਇਹਨਾਂ ਵਿਚ ਤਿੰਨ ਬਾਣੀਆਂ ਜਪੁ, ਜਾਪੁ ਅਤੇ ਸਵੱਯੇ ਅੰਮ੍ਰਿਤ ਵੇਲੇ, ਇਕ ਬਾਣੀ ਸੋ ਦਰੁ ਰਹਰਾਸਿ ਸੰਧਿਆ ਵੇਲੇ ਅਤੇ ਇਕ ਬਾਣੀ ਸੋਹਿਲਾ ਦਾ ਪਾਠ ਰਾਤ ਨੂੰ ਬਿਸ੍ਰਾਮ ਕਰਨ ਲੱਗਿਆਂ ਕਰਨਾ ਹੈ। ਸਿੱਖ ਰਹਿਤ ਮਰਯਾਦਾ ਵਿਚ ਇਹ ਸਪਸ਼ਟ ਅੰਕਤ ਕੀਤਾ ਗਿਆ ਹੈ ਕਿ ਹਰ ਰੋਜ਼ ਘੱਟ ਤੋਂ ਘੱਟ ਇਹਨਾਂ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ, ਜਾਂ ਸੁਣਨਾ। ਇਸ ਤਰ੍ਹਾਂ ਨਿਤਨੇਮ ਦੇ ਪਾਠ ਨੂੰ ਕੇਵਲ ਪੰਜ ਬਾਣੀਆਂ ਤਕ ਹੀ ਸੀਮਤ ਨਹੀਂ

---

1. ਇਸ ਮੌਕੇ ਤੇ ਜਾਂ ਦੀਵਾਨ ਦੀ ਸਮਾਪਤੀ 'ਤੇ ਜੋ ਅਨੰਦ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ, ਉਹਦਾ ਭਾਵ ਕੇਵਲ ਗੁਰੂ ਦੇ ਮਿਲਾਪ ਲਈ ਖੁਸ਼ੀ ਤੇ ਧੰਨਵਾਦ ਕਰਨਾ ਹੁੰਦਾ ਹੈ।

2. ਇਹ ਅਰਦਾਸ ਦਾ ਨਮੂਨਾ ਹੈ। "ਪ੍ਰਿਥਮ ਭਗੌਤੀ" ਵਾਲੇ ਸ਼ਬਦ ਅਤੇ 'ਨਾਨਕ ਨਾਮ' ਵਾਲੀਆਂ ਅੰਤਲੀਆਂ ਦੋ ਤੁਕਾਂ ਵਿਚ ਕੋਈ ਤਬਦੀਲੀ ਨਹੀਂ ਹੋ ਸਕਦੀ।

SikhBookClub.com

ਕੀਤਾ ਗਿਆ ਬਲਕਿ ਜਿਤਨੀ ਵੱਧ ਤੋਂ ਬਾਣੀ ਦਾ ਪਾਠ ਕੀਤਾ ਜਾ ਸਕੇ ਮੁਬਾਰਕ ਹੈ ਪਰ ਇਹਨਾਂ ਪੰਜ ਬਾਣੀਆਂ ਦਾ ਨਿਤਨੇਮ ਲਾਜ਼ਮੀ ਹੈ।

ਅੰਕ ਪੰਜ ਦਾ ਗੁਰਮਤਿ ਨਾਲ ਬੜਾ ਗੂੜ੍ਹਾ ਸੰਬਧ ਹੈ। ***"ਪੰਚ ਮਨਾਏ ਪੰਚ ਰੁਸਾਏ ॥ ਪੰਚ ਵਸਾਏ ਪੰਚ ਗਵਾਏ ॥੧॥"*** (ਮ. ੫, 430) ਨਿਤਨੇਮ ਅਤੇ ਅੰਮ੍ਰਿਤ ਸੰਚਾਰ ਦੀਆਂ ਪੰਜ ਪੰਜ ਬਾਣੀਆਂ, ਪੰਜ ਪਿਆਰੇ, ਪੰਜ ਕਕਾਰ, ਪੰਜ ਚੂਲੇ, ਪੰਜ ਤੱਤ, ਪੰਜ ਤੀਰ, ਪੰਜ ਗ੍ਰੰਥੀ, ਪੰਜ ਸਰੋਵਰ, ਪੰਜ ਕਿਲ੍ਹੇ, ਪੰਜ ਵਿਕਾਰ ਆਦਿ ਆਦਿ।

ਨਿੱਤਨੇਮ ਦੀਆਂ ਪੰਜ ਬਾਣੀਆਂ ਹਨ—ਜਪੁ, ਜਾਪ, ਸਵੱਯੇ, ਸੋ ਦਰੁ ਰਹਰਾਸਿ ਅਤੇ ਸੋਹਿਲਾ ਹਨ। ਉਥਿ ਅੰਮ੍ਰਿਤ ਸੰਚਾਰ ਦੀਆਂ ਵੀ ਪੰਜ ਬਾਣੀਆਂ—ਜਪੁ, ਜਾਪ, ਸਵੱਯੇ, ਚੌਪਈ ਅਤੇ ਅਨੰਦ ਸਾਹਿਬ ਹਨ। ਇਹਨਾਂ ਵਿਚ ਥੋੜਾ ਅੰਤਰ ਹੈ।

ਪੰਜਾਬੀ ਯੂਨੀਵਰਸਿਟੀ ਵੱਲੋਂ ਛਪੀ ਹਵਾਲਾ ਪੁਸਤਕ ਪੰਜਾਬੀ ਸਾਹਿੱਤ ਕੋਸ਼ ਵਿਚ ਵੀ ਅੰਕਤ ਹੈ :

> ***"ਪੰਜ ਬਾਣੀਆਂ ਵੀ ਸਿੱਖ ਧਰਮ ਵਿਚ ਦੋ ਪ੍ਰਕਾਰ ਦੀਆਂ ਗਿਣੀਆਂ ਜਾਂਦੀਆਂ ਹਨ। ਇਕ ਨਿਤਨੇਮ ਦੀਆਂ ਬਾਣੀਆਂ, ਦੂਜੀਆਂ ਅੰਮ੍ਰਿਤ ਦੀਆਂ ਬਾਣੀਆਂ। ਨਿਤਨੇਮ ਦੀਆਂ ਪੰਜ ਬਾਣੀਆਂ ਵਿਚ ਆਮ ਕਰਕੇ 'ਜਪੁ', 'ਜਾਪ' ਅਤੇ 'ਸਵੈਯੇ' ਸਵੇਰੇ ਵੇਲੇ, 'ਰਹਿਰਾਸ' ਸ਼ਾਮ ਸਮੇਂ ਅਤੇ 'ਸੋਹਿਲਾ' ਰਾਤ ਸੌਣ ਸਮੇਂ ਦੀਆਂ ਬਾਣੀਆਂ ਹਨ।"***
>
> ***"ਪਰ ਜਿਨ੍ਹਾਂ 'ਪੰਜ ਬਾਣੀਆਂ' ਦੀਆਂ ਗਿਣਤੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਪੱਕੇ ਤੌਰ 'ਤੇ 'ਪੰਜ' ਚਲੀ ਆ ਰਹੀ ਹੈ, ਉਹ ਅੰਮ੍ਰਿਤ ਦੀਆਂ ਬਾਣੀਆਂ ਹਨ ਜੋ ਅੰਮ੍ਰਿਤ ਛਕਾਉਣ ਸਮੇਂ ਪੜ੍ਹੀਆਂ ਜਾਂਦੀਆਂ ਹਨ, ਜਿਵੇਂ 'ਜਪੁ' (ਗੁਰੂ ਨਾਨਕ), 'ਜਾਪ' (ਗੁਰੂ ਗੋਬਿੰਦ ਸਿੰਘ), 'ਸਵੈਯੇ' (ਸ੍ਰਾਵਗ ਸੁਧ ਸਮੂਹ - ਗੁਰੂ ਗੋਬਿੰਦ ਸਿੰਘ), ਚੌਪਈ (ਹਮਰੀ ਕਰੋ ਹਾਥ ਦੇ ਰੱਛਾ - ਗੁਰੂ ਗੋਬਿੰਦ ਸਿੰਘ) ਅਤੇ ਅਨੰਦੁ (ਗੁਰੂ ਅਮਰਦਾਸ ਜੀ)।"***
>
> (ਪੰਜਾਬੀ ਸਾਹਿੱਤ ਕੋਸ਼, ਪੰਜਾਬੀ ਯੂਨਿਵਰਸਿਟੀ, ਪੰਨਾ ੭੦੫)

ਨਿਤਨੇਮ ਦੀਆਂ ਪੰਜ ਬਾਣੀਆਂ ਸ਼ੁਰੂ ਤੋਂ ਹੀ ਨਿਸਚਿਤ ਹਨ ਪਰ ਵੱਡੀ ਗਿਣਤੀ ਵਿਚ ਪ੍ਰੇਮੀ ਜਨ ਅੰਮ੍ਰਿਤ ਵੇਲੇ ਦੇ ਨਿਤਨੇਮ ਵਿਚ ਜਪੁ ਜੀ ਸਾਹਿਬ, ਜਾਪ ਸਾਹਿਬ ਅਤੇ ਸਵੱਯੇ ਦੇ ਨਾਲ ਨਾਲ ਅੰਮ੍ਰਿਤ ਸੰਚਾਰ ਵਾਲੀਆਂ ਦੋ ਬਾਣੀਆਂ ਸਵੱਯੇ ਅਤੇ ਚੌਪਈ ਸਾਹਿਬ ਦਾ ਪਾਠ ਵੀ ਕਰਦੇ ਹਨ। ਇਸ ਦੇ ਨਾਲ ਹੀ ਕਈ ਆਸਾ ਕੀ ਵਾਰ, ਚੰਡੀ ਦੀ ਵਾਰ ਜਾਂ ਸੁਖਮਨੀ ਸਾਹਿਬ ਦਾ ਪਾਠ ਵੀ ਕਰਦੇ ਹਨ। ਇਸ ਤਰ੍ਹਾਂ ਪੰਜ ਦੀ ਬਜਾਇ ਸੱਤ ਜਾਂ ਅੱਠ ਬਾਣੀਆਂ ਦਾ ਪਾਠ ਨੇਮ ਨਾਲ ਕਰਦੇ ਹਨ।

ਓਪਰੀ ਨਜ਼ਰੇ ਵੇਖਿਆਂ ਇਸ ਵਿਚ ਕੁੱਝ ਫ਼ਰਕ ਮਹਿਸੂਸ ਹੁੰਦਾ ਹੈ ਪਰ ਜੇ ਜ਼ਰਾ ਗਹੁ ਨਾਲ ਵਿਚਾਰੀਏ ਤਾਂ ਇਹ ਕੋਈ ਐਸਾ ਮੁੱਦਾ ਨਹੀਂ ਹੈ ਜਿਸ ਨਾਲ ਕੋਈ ਦੁਬਿਧਾ ਪੈਦਾ ਹੁੰਦੀ ਹੋਵੇ। ਸਿੱਖ ਰਹਿਤ ਮਰਯਾਦਾ ਦੇ ਅੰਮ੍ਰਿਤ ਸੰਸਕਾਰ ਵਾਲੇ ਅਧਿਆਇ ਦੀ ਮੱਦ (ਟ)

SikhBookClub.com

ਵਿਚ ਹੀ ਸਿੱਖ ਲਈ ਆਦੇਸ਼ ਅੰਕਿਤ ਹੈ, ਹਰ ਰੋਜ਼ ਘੱਟ ਤੋਂ ਘੱਟ ਇਹਨਾਂ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ, ਜਾਂ ***ਸੁਣਨਾ: ਜਪੁ, ਜਾਪੁ, 10 ਸਵੱਯੇ ('ਸ੍ਰਾਵਗ ਸੁਧ' ਵਾਲੇ), ਸੋ ਦਰੁ ਰਹਿਰਾਸ ਤੇ ਸੋਹਿਲਾ।*** ਇਸ ਵਿਚ ਸਿੱਖ ਨੂੰ ਘੱਟ ਤੋਂ ਘੱਟ ਉਕਤ ਬਾਣੀਆਂ ਦਾ ਪਾਠ ਕਰਨ ਦੀ ਤਾਕੀਦ ਹੈ। ਇਹਨਾਂ ਹੀ ਬਾਣੀਆਂ ਦਾ ਨਹੀਂ ਬਲਕਿ ਇਹਨਾਂ ਬਾਣੀਆਂ ਦਾ ਵੀ ਪਾਠ ਕਰਨ ਦਾ ਹੁਕਮ ਹੈ। ਹੁਣ ਜੋ ਗੁਰਸਿੱਖ ਨਿਤਨੇਮ ਦੇ ਇਲਾਵਾ ਹੋਰ ਬਾਣੀਆਂ ਦਾ ਪਾਠ ਕਰਦੇ ਹਨ ਉਹ ਮੁਬਾਰਕ ਹਨ। ਇਸ ਵਿਚ ਨਿਤਨੇਮ ਦੀ ਮਰਯਾਦਾ ਦੀ ਕੋਈ ਉਲੰਘਣਾ ਨਹੀਂ ਕਹੀ ਜਾ ਸਕਦੀ। ਇਸ ਤਰ੍ਹਾਂ ਪੰਥਕ ਮਰਯਾਦਾ ਮੁਤਾਬਕ ਨਿਤਨੇਮ ਦੀਆਂ ਬਾਣੀਆਂ ਬਾਰੇ ਕੋਈ ਦੁਬਿਧਾ ਨਹੀਂ ਰਹਿ ਜਾਂਦੀ।

ਪੰਜ ਬਾਣੀਆਂ :-

ਹਾਲਾਂਕਿ 1936 ਵਿਚ ਸਿੱਖ ਰਹਿਤ ਮਰਯਾਦਾ ਦੀ ਪ੍ਰਵਾਨਗੀ ਸਮੇਂ ਪੰਥਕ ਤੌਰ 'ਤੇ ਨਿਤਨੇਮ ਦੀਆਂ ਇਹਨਾਂ ਪੰਜ ਬਾਣੀਆਂ ਦਾ ਜ਼ਿਕਰ ਕਈ ਥਾਂ ਆਇਆ ਹੈ। ਇਸ ਦੇ ਨਾਲ ਹੀ ਨਿਤਨੇਮ ਦੀਆਂ ਪੰਜ ਬਾਣੀਆਂ ਬਾਰੇ ਇਸ ਤੋਂ ਪਹਿਲਾਂ ਵੀ ਸਮੇਂ ਸਮੇਂ ਸਿਰ ਵਿਚਾਰ ਹੁੰਦੀ ਰਹੀ ਹੈ। ਰਹੁ-ਰੀਤ ਕਮੇਟੀ ਦੀ ਇਕੱਤ੍ਰਤਾ ਵਿਚ ਵੀ ਇਸ ਬਾਰੇ ਵਿਚਾਰ ਸੀ ਕਿ ਅਨੰਦ ਸਾਹਿਬ ਦਾ ਪਾਠ ਸਵੇਰ ਦੇ ਨਿਤਨੇਮ ਨਾਲ ਕੀਤਾ ਜਾਏ ਜਾਂ ਸ਼ਾਮ ਸਮੇਂ।

1910-1915 ਵਿਚ ਚੀਫ਼ ਖਾਲਸਾ ਦੀਵਾਨ ਵੱਲੋਂ ਪ੍ਰਕਾਸ਼ਤ ਗੁਰਮਤਿ ਪ੍ਰਕਾਸ਼ ਭਾਗ ਸੰਸਕਾਰ ਦੇ ਪੰਨਾ 26 'ਤੇ ਨਿਤਨੇਮ ਦੀਆਂ ਪੰਜ ਬਾਣੀਆਂ ਅੰਕਤ ਸਨ, ***'ਇਤਨੀਆਂ ਬਾਣੀਆਂ ਦਾ ਘੱਟ ਤੋਂ ਘੱਟ ਰੋਜ਼ ਪਾਠ ਕਰਨਾ:- 'ਜਪੁ, ਜਾਪੁ, ਸ੍ਵੈਯੇ, ਰਹਿਰਾਸ, ਸੋਹਲਾ।'***

1931 ਵਿਚ ਗਿਆਨੀ ਅਮਰ ਸਿੰਘ ਧਣੋਂ ਵੱਲੋਂ ਰਹਿਤ ਮਰਯਾਦਾ ਬਾਰੇ ਇਕ ਪੁਸਤਕ ਖ਼ਾਲਸਾ ਸੰਸਕਾਰ ਪ੍ਰਕਾਸ਼ ਲਿਖੀ ਗਈ। ਇਸ ਵਿਚ ਵੀ ਨਿਤਨੇਮ ਦੀਆਂ ਪੰਜ ਬਾਣੀਆਂ ਇਸ ਤਰ੍ਹਾਂ ਅੰਕਤ ਕੀਤੀਆਂ ਹਨ :

> ***ਨਿਤਨੇਮ ਦੀ ਬਾਣੀ: ਅੰਮ੍ਰਿਤ ਵੇਲੇ ਉਠ ਇਸ਼ਨਾਨ ਕਰਕੇ ਪੰਜੇ ਬਾਣੀਆਂ ਦਾ ਨਿਤਨੇਮ ਕਰਨਾ।***
> ***ਅੰਮ੍ਰਿਤ ਵੇਲੇ - ਜਪੁਜੀ, ਜਾਪ, ਸੁਧਾ 10 ਸ੍ਵਈਏ, ਚੌਪਈ, ਅਨੰਦ ਸਾਹਿਬ।***
> ***ਸ਼ਾਮ ਨੂੰ (ਸੋਦਰ) ਰਹਿਰਾਸ।***
> ***ਸੌਣ ਲਗਿਆਂ - ਕੀਰਤਨ ਸੋਹਿਲਾ।***

(ਖ਼ਾਲਸਾ ਸੰਸਕਾਰ ਪ੍ਰਕਾਸ਼, ਗਿਆਨੀ ਅਮਰ ਸਿੰਘ ਧਣੋਂ, ਪੰਨਾ ੬੦)

ਪੁਰਾਤਨ ਸਮਿਆਂ ਵਿਚ ਹਾਲਾਂ ਕਿ ਸਿੰਘ ਬਾਣੀ ਦਾ ਬਹੁਤ ਅਭਿਆਸ ਕਰਦੇ ਸਨ ਪਰ ਰਹਿਤਨਾਮਿਆਂ ਵਿਚ ਅੰਮ੍ਰਿਤ ਵੇਲੇ ਦੀਆਂ ਨਿਤਨੇਮ ਦੀਆਂ ਬਾਣੀਆਂ ਵਿਚ ਜਪੁ ਜੀ ਸਾਹਿਬ ਅਤੇ ਜਾਪੁ ਸਾਹਿਬ ਦਾ ਹੀ ਜ਼ਿਕਰ ਹੈ।

> ***ਬਿਨਾ ਜਪੁ ਜਾਪੁ ਜਪੇ, ਜੋ ਜੇਵਹਿ ਪ੍ਰਸਾਦਿ***
> ***ਸੋ ਬਿਸਟਾ ਕਾ ਕਿਰਮ ਹੁਇ, ਜਨਮ ਗਵਾਵੈ ਬਾਦ।੧੩।***

(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ, ਪੰਨਾ ੬੫)

SikhBookClub.com

ਗੁਰਸਿਖ ਰਹਿਤ ਸੁਨਹੁ ਮੇਰੇ ਮੀਤ। ਉਠਿ ਪ੍ਰਭਾਤ ਕਰੇ ਹਿਤ ਚੀਤ।
ਵਾਹਿਗੁਰੂ ਪੁਨ ਮੰਤ੍ਰ ਸੁ ਜਾਪ। ਕਰ ਇਸਨਾਨ ਪੜ੍ਹੇ ਜਪੁ ਜਾਪੁ।੧।
(ਰਹਿਤਨਾਮਾ ਭਾਈ ਨੰਦ ਲਾਲ, ਪੰਨਾ ੫੫)

ਜਪੁਜੀ ਜਾਪੁ ਪੜ੍ਹੇ ਚਿਤ ਲਾਇ।
ਸੋ ਸਿਖ ਮੇਰਾ ਰੂਪ ਪਹਿਚਾਨ
(ਉਹੀ)

ਪਠਿ ਜਪ ਜਾਪੁ ਨਾਮੁ ਗੁਰ ਲੇਇ। 'ਤਵਪ੍ਰਸਾਦਿ' ਕਹਿ ਕਰਿ ਅਚਵੇਇ।
ਕੁਠਿਆ ਮਾਸ ਨ ਖਾਈਏ, ਪਾਲਿਓ ਖਾਇ ਨ ਸੂਰ।
(ਮੁਕਤਨਾਮਾ - ਗੁਰ ਪ੍ਰਤਾਪ ਸੂਰਜ ਗ੍ਰੰਥ ਰਿ.੩, ਅੰਸੂ ੫੦)

1914 ਵਿਚ ਸੋਢੀ ਰਾਮਨਰੈਣ ਸਿੰਘ ਜੀ ਨੇ ਖਾਲਸਾ ਧਰਮ ਸ਼ਾਸਤ੍ਰ ਪੂਰਬ ਮੀਮਾਂਸਾ ਦੀ ਰਚਨਾ ਕੀਤੀ। ਇਸ ਵਿਚ ਨਿਤਨੇਮ ਦੀਆਂ ਅੰਮ੍ਰਿਤ ਦੀਆਂ ਬਾਣੀਆਂ ਬਾਰੇ ਅੰਕਤ ਹੈ ਕਿ ਅੰਮ੍ਰਿਤ ਵੇਲੇ ਜਪੁ ਜੀ ਸਾਹਿਬ ਅਤੇ ਜਾਪੁ ਸਾਹਿਬ ਦਾ ਪਾਠ ਕਰੇ ਅਤੇ ਨਾਲ ਹੀ ਇਕ ਬਾਣੀ ਸ਼ਬਦ ਹਜ਼ਾਰੇ, ਆਸਾ ਦੀ ਵਾਰ, ਸੁਖਮਨੀ ਸਾਹਿਬ ਜਾਂ ਹੋਰ ਕੋਈ ਬਾਣੀ ਨਿਤਨੇਮ ਵਿਚ ਸ਼ਾਮਲ ਕਰ ਲਵੇ।

> ***ਸਵੇਰ ਸਾਰ ਦੇ ਜਾਪ ਪਾਠ ਦਾ ਨੇਮ। (14) ਜਪੁ ਜਾਪੁ ਹਜਾਰੇ ਸ਼ਬਦ ਆਸਾ ਦੀ ਵਾਰ, ਸੁਖਮਨੀ ਆਦਿਕ ਜੋ ਨੇਮ ਹੋਵੇ ਕਰੇ। ਗੁਰਬਾਣੀ ਦੇ ਪਾਠ ਦਾ ਜੋ ਨੇਮ ਧਾਰਿਆ ਹੋਵੇ ਦਿਨ ਵਿਚ ਪੂਰਾ ਕਰ ਛਡੇ। ਕਿਸੀ ਕਾਰਨ ਜੋ ਪਾਠ ਬਾਕੀ ਰਹ ਜਾਇ ਦੂਜੇ ਦਿਨ ਪੂਰਾ ਕਰ ਛਡੇ।***

(ਖਾਲਸਾ ਧਰਮ ਸ਼ਾਸਤ੍ਰ ਪੂਰਬ ਮੀਮਾਂਸਾ, ੧੯੧੪, ਸੋਢੀ ਰਾਮਨਰੈਣ ਸਿੰਘ)

ਭਾਈ ਕਾਨ੍ਹ ਸਿੰਘ ਜੀ ਨਾਭਾ

ਭਾਈ ਕਾਨ੍ਹ ਸਿੰਘ ਜੀ ਨਾਭਾ ਰਚਿਤ 'ਹਮ ਹਿੰਦੂ ਨਹੀਂ' ਪੁਸਤਕ ਜੋ ਪਹਿਲੀ ਵਾਰ ਸੰਮਤ ਨਾਨਕਸ਼ਾਹੀ 429 ਮੁਤਾਬਕ ਸੰਨ 1898 ਵਿਚ ਛਪੀ ਸੀ ਉਸਦੀ ਚੌਥੀ ਐਡੀਸ਼ਨ ਭਾਈ ਸਾਹਿਬ ਦੇ ਜੀਵਨ ਕਾਲ ਵਿਚ ਹੀ ਸੰਮਤ ਨਾਨਕਸ਼ਾਹੀ 443 ਮੁਤਾਬਕ ਸੰਨ 1912 ਵਿਚ ਪ੍ਰਕਾਸ਼ਤ ਹੋਈ । ਇਸ ਪੁਸਤਕ ਦੇ ਪੰਨਾ 45 'ਤੇ ਸਿੱਖ ਦੇ ਨਿਤਨੇਮ ਦੀਆਂ ਪੰਜ ਬਾਣੀਆਂ ਅੰਕਤ ਹਨ, ***"ਜਪ ਜਾਪ ਸਵੈਯੇ ਰਹਿਰਾਸ ਔਰ ਸੋਹਲੇ ਦਾ ਨੇਮ ਔਰ ਪ੍ਰੇਮ ਸਾਥ ਪਾਠ ਕਰਣਾ।"*** ਪਰ ਇੱਥੇ ਹੈਰਾਨੀ ਹੁੰਦੀ ਹੈ ਕਿ 2013 ਵਿਚ ਛਪੀ ਹਮ ਹਿੰਦੂ ਨਹੀਂ ਕਿਤਾਬ ਵਿਚ ਨਿਤਨੇਮ ਦੀਆਂ ਬਾਣੀਆਂ ਵਿਚ ਅਣਅਧਿਕਾਰਿਤ ਤਬਦੀਲੀ ਕਰ ਦਿੱਤੀ ਗਈ ਹੈ। ਇਸ ਵਿਚ ਅੰਕਤ ਕਰ ਦਿੱਤਾ ਗਿਆ ਹੈ, ***"ਜਪੁ, ਜਾਪੁ, ਸਵਯੇ, ਚੌਪਈ, ਅਨੰਦੁ, ਰਹਿਰਾਸ ਔਰ ਸੋਹਿਲੇ ਦਾ ਨੇਮ ਔਰ ਪ੍ਰੇਮ ਸਾਥ ਪਾਠ ਕਰਨਾ।"*** ਕੀ ਕਿਸੇ ਲਿਖਾਰੀ ਦੀ ਲਿਖਤ ਵਿਚ ਉਸ ਦੇ ਸੰਸਾਰ ਤੋਂ ਕੂਚ ਕਰ ਜਾਣ ਦੇ ਬਾਅਦ ਇਸ ਤਰ੍ਹਾਂ ਦੀ ਤਬਦੀਲੀ ਕਰਨੀ ਨਿਰੀ ਅਕਾਦਮਿਕ ਬਦ-ਦਿਆਨਤੀ ਹੈ ਜਾਂ ਫ਼ਿਰ ਸਾਡੇ ਪੰਥਕ ਦਸਤਾਵੇਜ਼ਾਂ ਨਾਲ ਛੇੜ-ਛਾੜ?

SikhBookClub.com

ਹਮ ਹਿੰਦੂ ਨਹੀਂ

ਅਰਥਾਤ

ਹਿੰਦੂ ਮੁਸਲਮਾਨ ਆਦਿਕਾਂ ਤੋਂ

ਸਿਖ ਕੌਮ ਨਿਰਾਲੀ ਹੈ.

ਚੌਥੀ ਵਾਰ

ਇਸ ਚੌਥੀ ਐਡੀਸ਼ਨ ਦੇ ਛਾਪਣ ਦੀ

ਨੂੰ ਦਿੱਤੀ ਗਈ ਹੈ.—"ਕਰਤਾ"

ਭਾਈ ਬਹਾਦਰ ਸਿੰਘ ਮੈਨੇਜਰ ਦੇ ਪ੍ਰਬੰਧ ਦ੍ਵਾਰਾ

ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿਚ ਛਪਿਆ ॥

(੭੫)

(੧੬) ਅੰਮ੍ਰਿਤ ਛਕਾਉਂਣ ਵੇਲੇ ਜੋ ਉਪਦੇਸ਼ ਦਿੱਤਾ ਜਾਂਦਾ ਹੈ ਉਸ ਨੂੰ ਵਿਚਾਰਕੇ ਭੀ ਆਪ ਦੇਖ ਸਕਦੇ ਹੋਂ ਕਿ ਖ਼ਾਲਸਾ ਹਿੰਦੂ ਆਦਿਕ ਧਰਮਾਂ ਤੋਂ ਭਿੰਨ ਹੈ, *ਯਥਾ:-

(੧) ਅੱਜ ਤੁਆਡਾ ਜਨਮ ਸਤਗੁਰੂ ਦੇ ਘਰ ਹੋਯਾ ਹੈ, ਪਿਛਲੀ ਜਾਤਿ ਪਾਤਿ ਵਰਣ ਗੋਤ ਔਰ ਮਜ਼ਹਬ ਆਦਿਕ ਸਭ ਮਿਟ ਗਏ ਹਨ, ਇਸ ਵਾਸਤੇ ਆਪਣਾ ਪਿਤਾ ਗੁਰੂ ਗੋਬਿੰਦ ਸਿੰਘ ਔਰ ਮਾਤਾ ਸਾਹਿਬ ਕੌਰ ਮੰਨਕੇ ਜਨਮ ਪਟਣੇ ਦਾ ਔਰ ਵਾਸੀ ਆਨੰਦਪੁਰ ਦੀ ਜਾਣਨੀ. †

(੨) ਅੰਮ੍ਰਿਤ ਵੇਲੇ ਨਿਤ੍ਯ ਸਨਾਨ ਕਰਣਾ, ਔਰ ਕ੍ਰਿਯਾ ਅਤੀ ਮੁੱਛ ਰੱਖਣੀ,

(੩) ਜਪੁ ਜਾਪੁ ਸਵੈਯੇ ਰਹਿਰਾਸ ਔਰ ਸੋਹਲੇ ਦਾ ਨੇਮ ਔਰ ਪ੍ਰੇਮ ਸਾਥ ਪਾਠ ਕਰਣਾ.

* ਇਸ ਉਪਦੇਸ਼ ਵਿਚ ਬਹੁਤ ਐਸੇ ਨਿਯਮ ਹਨ ਜਿਨ੍ਹਾਂ ਨੂੰ ਸੰਸਾਰ ਮਾਤ੍ਰ ਦੇ ਅਨੇਕ ਧਰਮੀ ਮੰਨਦੇ ਹਨ, ਔਰ ਜਿਨ੍ਹਾਂ ਨੂੰ ਅਸੀਂ ਸਾਧਾਰਣ ਧਰਮ ਦੇ ਨਿਯਮ ਆਖ ਸਕਦੇ ਹਾਂ, ਪਰ ਜੋ ਨਿਯਮ ਖ਼ਾਸ ਕਰਕੇ ਖ਼ਾਲਸਾ ਧਰਮ ਨਾਲ ਸੰਬੰਧ ਰਖਦੇ ਹਨ, ਉਨ੍ਹਾਂ ਨੂੰ ਵਿਚਾਰ ਕੇ ਆਪ ਨਿਸ਼ਚਾ ਕਰ ਸਕਦੇ ਹੋਂ ਕਿ ਖ਼ਾਲਸਾ ਧਰਮ ਭਿੰਨ ਹੈ.

† ਇਸ ਉਪਦੇਸ਼ ਦਾ ਭਾਵ ਏਹ ਹੈ ਕਿ ਅੱਜ ਤੋਂ ਤੁਸੀਂ ਕਲਗੀਧਰ ਸ੍ਵਾਮੀ ਦੇ ਪੁਤ੍ਰ ਹੋਕੇ ਗੁਰੂਵੰਸੀ ਬਣੇ ਹੋਂ, ਇਸ ਤੋਂ ਏਹ ਨਹੀਂ ਸਮਝਣਾ ਚਾਹੀਦਾ ਕਿ ਵਿਵਹਾਰਿਕ ਲਿਖਤ ਪੜ੍ਤ ਵਿੱਚ ਆਪਣੇ ਜਨਮ ਔਰ ਨਿਵਾਸ ਦੇ ਪਿੰਡ ਦਾ ਨਾਉਂ ਛੱਡਕੇ ਪਟਣੇ ਔਰ ਆਨੰਦਪੁਰ ਦਾ ਨਾਉਂ ਵਰਤਣਾ ਚਾਹੀਏ.

ਹਮ ਹਿੰਦੂ ਨਹੀਂ (1912)

ਅਕਾਲੀ ਕੌਰ ਸਿੰਘ ਜੀ ਨਿਹੰਗ

ਪੰਥ ਪ੍ਰਵਾਨਵ ਸਿੱਖ ਰਹਿਤ ਮਰਯਾਦਾ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਨਿਤਨੇਮ ਦੀਆਂ ਬਾਣੀਆਂ ਦਾ ਇਕ ਪ੍ਰਮਾਣੀਕ ਗੁਟਕਾ ਤਿਆਰ ਕਰਨ ਦਾ ਉਪਰਾਲਾ ਅਕਾਲੀ ਕੌਰ ਸਿੰਘ ਜੀ ਨਿਹੰਗ ਨੇ 1927 ਵਿਚ ਕੀਤਾ। ਅਕਾਲੀ ਜੀ ਨੇ ਸਨਾਤਨ ਅਤੇ ਸਿੰਘ ਸਭਾਈ ਬਿਰਤੀ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪਾਠ ਦੀ ਵਿਧੀ ਅਤੇ ਹੋਰ ਹਵਾਲਿਆਂ ਨੂੰ ਨਜ਼ਰ ਵਿਚ ਰਖ ਕੇ ਜੋ ਗੁਟਕਾ ਤਿਆਰ ਕੀਤਾ ਉਸ ਦੀ ਲੋੜ ਬਾਰੇ ਆਪ ਜੀ ਨੇ ਲਿਖਿਆ :

> *"ਹਰ ਇਕ ਮਜ਼ੑਬ ਦੇ ਆਸਤਕ ਮਨੁੱਖਾਂ ਵਤ ਸਿੱਖ ਸਦਾ ਤੋਂ ਆਪਣੇ ਨਿਤਨੇਮ ਦੀ 'ਇਜ਼ਤ ਪਾਬੰਦੀ' ਰਖਦੇ ਆਏ ਹਨ, ਪ੍ਰੰਤੂ ਪੱਛਮੀ ਰੋਸ਼ਨੀ ਦੇ ਰਾਜ ਵਿਚ ਅਧੂਰੇ ਤਰਕਵਾਦ ਨੇ ਉਹ ਪਹਿਲੀ ਸੂਰਤ ਨਹੀਂ ਰਹਿਣ ਦਿੱਤੀ। ਸੀਨਾ-ਬਸੀਨਾ ਬਾਣੀਆਂ ਯਾਦ ਕਰਨਾਂ ਵਾਲੇ ਮਾਈ ਭਾਈ ਸਮੇਂ ਦੇ ਪੜਦੇ ਵਿਚ ਗੁਪਤ ਹੋਈ ਜਾਂਦੇ ਹਨ। ਵਰਤਮਾਨ ਸਭਯਤਾ ਪ੍ਰੈਸ, ਪੁਰਾਤਨ ਰਹੁ ਰੀਤਾਂ ਨੂੰ ਹਜ਼ਮ ਕਰੀ ਜਾਂਦੇ ਹਨ। ਬਾਣੀ ਦੇ ਕ੍ਰਮ ਤੇ ਅਖਰ-ਮਾਤਰਾ ਦੀ ਪਾਬੰਦੀ ਵਿਚ ਘਾਟੇ ਵਾਧੇ ਦਾ ਦੌਰ ਜਾਰੀ ਹੈ। ਐਸੀ ਹਾਲਤ ਵਿਚ ਸ਼ਰਧਾਲੂ ਪ੍ਰੇਮੀਆਂ ਨੂੰ ਨਿਰਸੰਸੇ ਬ੍ਰਿਤ ਸ਼ਰਧਾ ਨਾਲ ਪਾਠ ਕਰਨ ਵਾਸਤੇ ਅਗਾਂਹ ਨੂੰ ਗੁਜ਼ਰੇ ਸਮੇਂ ਦੀ ਟੋਹ ਲਾਉਣ ਲਈ ਲੋੜ ਸੀ ਕਿ ਪ੍ਰਮਾਣ, ਰਵਾਜ, ਰਵਾਇਤਾਂ ਦੇ ਅਧਾਰ ਪਰ ਇਕ ਨਿਤਨੇਮ ਪ੍ਰਕਾਸ਼ਤ ਹੋਵੇ।"*
>
> (ਅਕਾਲੀ ਕੌਰ ਸਿੰਘ, ਪੰਨਾ ੮੨)

SikhBookClub.com

ਅਕਾਲੀ ਜੀ ਨੇ ਇਸ ਹਾਲਤ ਬਾਰੇ ਆਪਣੀ ਚਿੰਤਾ ਦਾ ਪ੍ਰਗਟਾਵਾ ਕੀਤਾ :

> *"ਵਰਤਮਾਨ ਵਿਚ ਜੇ ਪੁਰਾਤਨ ਪੰਥਕ 'ਲਿਖਤ ਰਵਾਜ' ਨੂੰ ਨਾ ਸਤਿਕਾਰਿਆ ਗਿਆ ਤਦ ਖਤਰਾ ਹੈ ਕਿ ਤਰਕਬਾਦ ਦੇ ਹੋਰ ਦੋ ਕਦਮ ਅਗਾਂਹ ਵਧਣ ਕਰਕੇ, ਨਿਯਤ ਬਾਣੀਆਂ ਦਾ ਪਾਠ ਕਰਨ ਵੱਲੋਂ ਸਹਜੇ ਹੀ 'ਖ਼ਾਲਸੇ ਖੁਲਾਸਾ' ਹੋ ਕੇ ਜਿੱਥੇ ਦਿਨ ਚੜ੍ਹੇ ਤਕ ਧਰਮਰਾਜ ਦੀ ਸਪੁੱਤ੍ਰੀ ਦੀ ਗੋਦ ਵਿਚ ਲੋਰੀਆਂ ਲੈਣ ਲੱਗ ਜਾਣਗੇ ਉਥੇ ਸੁਭਾਵਕ ਹੀ ਸੰਝ ਵੇਲੇ 'ਸੈਰ-ਸਪਾਟੇ ਦੇ ਬੁੱਲੇ' ਭੀ ਲੁੱਟਿਆ ਕਰਨਗੇ। ਵਾਹਿਗੁਰੂ-ਗੁਰੂ ਮਿਹਰ ਕਰੇ ਐਸਾ ਸਮਾਂ ਨਾ ਆਵੇ।"*
>
> (ਅਕਾਲੀ ਕੌਰ ਸਿੰਘ, ਪੰਨਾ ੮੩)

ਇਸ ਤਰ੍ਹਾਂ ਆਪ ਜੀ ਵੱਲੋਂ ਤਿਆਰ ਕੀਤੇ ਗਏ ਨਿਤਨੇਮ ਦੇ ਗੁਟਕੇ ਵਿਚ ਇਹ ਬਾਣੀਆਂ ਦਰਜ ਕੀਤੀਆਂ ਸਨ :

> *(ੳ) ਅੰਮ੍ਰਿਤ ਵੇਲੇ ਪਾਠ ਕਰਨ ਦੀ ਬਾਣੀ: (1) ਜਪੁ, ਸਤ ਸ਼ਬਦ (ਹਜ਼ਾਰੇ): (2) ਜਾਪੁ, 10 ਸ਼ਬਦ, 10 ਸਵੱਯੇ।*
>
> *(ਅ) ਸ਼ਾਮ (ਸੰਧਿਆ) ਵੇਲੇ ਪਾਠ ਕਰਨ ਦੀ ਬਾਣੀ: ਰਹਿਰਾਸੁ (ਜੋ ਸਦਾ ਤੋਂ ਸ੍ਰੀ ਅਕਾਲ ਤਖ਼ਤ ਦੇ ਦੀਵਾਨ ਵਿਚ ਨਿਤ ਪਾਠ ਹੁੰਦਾ ਹੈ।) (4) ਆਰਤੀ ਪੰਜ ਸ਼ਬਦ (ਜੋ ਅਜਕਲ੍ਹ ਭੀ ਨਿਤ ਰਹਿਰਾਸ ਦੇ ਪਿਛੋਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਸੰਗਤ ਮਿਲ ਕੇ ਪੜ੍ਹਦੀ ਹੈ ਪਰ ਇਕ ਪੋਥੀ ਵਿਚ ਸਵਾ ਪਹਿਰ ਦਿਨ ਚੜ੍ਹੇ ਭੀ ਆਰਤੀ ਗਾਵਨ ਦਾ ਜ਼ਿਕਰ ਹੈ ਜੋ ਸਿਵਾਇ ਅਖੰਡ ਪਾਠ ਆਦਿਕ ਸਮਾਗਮਾਂ ਦੇ, ਹੋਰ ਕਿਤੇ ਰਵਾਜ ਨਹੀਂ ਹੈ।)*
>
> *(ੲ) ਸੌਣ ਵੇਲੇ ਨਿਤ ਪਾਠ ਦੀ ਬਾਣੀ:*
>
> *(5) ਸੋਹਿਲਾ (ਪੰਜ ਸ਼ਬਦ)॥* *(ਉਹੀ, ਪੰਨਾ ੮੩)*

ਸ਼੍ਰੋਮਣੀ ਕਮੇਟੀ ਦੇ ਨਿਤਨੇਮ ਦੇ ਗੁਟਕੇ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 1962 ਵਿਚ ਛਪਿਆ ਨਿਤਨੇਮ ਤੇ ਹੋਰ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗੁਟਕੇ

SikhBookClub.com

ਬਾਣੀਆਂ ਦਾ ਇਕ ਗੁਟਕਾ। ਇਸ ਵਿਚ ਨਿਤਨੇਮ ਦੀਆਂ ਬਾਣੀਆਂ ਦੇ ਸ੍ਰੋਤ ਬਾਰੇ ਸਪਸ਼ਟ ਤੌਰ 'ਤੇ ਲਿਖਿਆ ਗਿਆ ਹੈ, ***"ਸੁਧਾਈ ਇਸ ਗੁਟਕੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਛਪੀਆਂ ਬਾਣੀਆਂ ਦੀ ਸੁਧਾਈ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਤੋਂ ਤੇ ਦਸਮ ਪਾਤਿਸ਼ਾਹ ਦੀ ਬਾਣੀ ਪ੍ਰਾਚੀਨ ਦਸਮ ਗ੍ਰੰਥ ਦੀਆਂ ਬੀੜਾਂ ਨਾਲ ਕੀਤੀ ਗਈ ਹੈ। ਉਪ੍ਰੰਤ ਇਹ ਗੁਟਕੇ ਬਲਾਕਾਂ ਰਾਹੀਂ ਛਾਪੇ ਗਏ ਹਨ।"*** ਇਸ ਦੇ ਨਾਲ ਹੀ ਇਸ ਵਿਚ ਅੰਮ੍ਰਿਤ ਵੇਲੇ ਦੀਆਂ ਨਿਤਨੇਮ ਦੀਆਂ ਬਾਣੀਆਂ ਅੰਕਤ ਹਨ, ਜਪੁ, ਜਾਪੁ, ਅਤੇ 10 ਸਵੱਯੇ (ਸ੍ਰਾਵਗ ਸੁੱਧ ਵਾਲੇ), ਇਹ ਬਾਣੀਆਂ ਅੰਮ੍ਰਿਤ ਵੇਲੇ ਪੜ੍ਹਨੀਆਂ।

ਸ੍ਰੀ ਅਕਾਲ ਤਖ਼ਤ ਸਾਹਿਬ

28 ਅਪ੍ਰੈਲ, 1985 ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸਿੱਖ ਰਹਿਤ ਮਰਯਾਦਾ ਵਿਚ ਕੁੱਝ ਸੋਧਾਂ ਦਾ ਮਤਾ ਪਾਸ ਕੀਤਾ ਗਿਆ,

> ***"ਸਿੱਖ ਰਹਿਤ ਮਰਯਾਦਾ ਦੇ ਪੰਨਾ 9 ਅਤੇ ਪੰਨਾ 26 ਉਪਰ ਨਿੱਤਨੇਮ ਦੀਆਂ ਬਾਣੀਆਂ ਵਿਚ ਇਸ ਤਰ੍ਹਾਂ ਸੋਧ ਕਰ ਦਿੱਤੀ ਜਾਵੇ: ਜਪੁ, ਜਾਪੁ, 10 ਸਵੱਯੇ (ਸ੍ਰਾਵਗ ਸੁਧ ਵਾਲੇ), ਬੇਨਤੀ ਚੌਪਈ ਤੇ ਅਨੰਦੁ।"***

ਪਰ ਨਾ ਤਾਂ ਇਹ ਫੈਸਲਾ ਅਮਲ ਵਿਚ ਹੀ ਆਇਆ ਅਤੇ ਨਾ ਹੀ ਸਿੰਘ ਸਾਹਿਬਾਨ ਵੱਲੋਂ ਇਸ ਬਾਰੇ ਕੋਈ ਅਗਲੀ ਕਾਰਵਾਈ ਹੀ ਕੀਤੀ ਗਈ।

ਉਪਰੰਤ ਇਕ ਵਾਰ ਫ਼ਿਰ 29 ਮਾਰਚ, 1988 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜ ਸਿੰਘ ਸਾਹਿਬਾਨ ਦੀ ਇਕਤ੍ਰਤਾ ਦਰਸ਼ਨੀ ਡਿਉਢੀ ਵਿਚ ਹੋਈ। ਇਸ ਵਿਚ ਤਿੰਨ ਮਤੇ ਪ੍ਰਵਾਨ ਕੀਤੇ ਗਏ ਅਤੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਿਦਾਇਤ ਜਾਰੀ ਕੀਤੀ ਕਿ ਉਹ ਇਸ ਨੂੰ ਲਾਗੂ ਕਰੇ। ਇਸ ਦਾ ਵੇਰਵਾ ਸਰਦਾਰ ਕੁਲਵੰਤ ਸਿੰਘ, ਸਾਬਕਾ ਸਕੱਤ੍ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀ ਪੁਸਤਕ 'ਸ਼੍ਰੋਮਣੀ ਕਮੇਟੀ ਨੂੰ ਗ੍ਰਹਿਣ' ਦੇ ਪੰਨਾ 155-56 'ਤੇ ਦਿੱਤਾ ਹੈ :

1. ***ਪੁਰਾਤਨ ਪੰਜ ਗ੍ਰੰਥੀ ਵਿਚ ਜੋ ਭਾਈ ਮਨੀ ਸਿੰਘ ਜੀ ਵਾਲੀ ਸੰਪੂਰਨ ਰਹਿਰਾਸ ਸਾਹਿਬ ਹੈ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪੜ੍ਹੀ ਜਾਵੇ।***
2. ***ਰਹਿਰਾਸ ਸਾਹਿਬ ਜੀ ਦੇ ਭੋਗ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੁਖਵਾਕ ਲਿਆ ਜਾਵੇ।***
3. ***ਮੂਲ ਮੰਤਰ ਸਾਹਿਬ ਜੀ ਦਾ ਮੰਗਲ "ਨਾਨਕ ਹੋਸੀ ਭੀ ਸਚੁ" ਤਕ ਉਚਾਰਨ ਕੀਤਾ ਜਾਵੇ।***

ਇਸ ਤਰ੍ਹਾਂ ਹਕੀਕੀ ਤੌਰ 'ਤੇ ਦੋ ਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਿੰਘ ਸਾਹਿਬਾਨ ਵੱਲੋਂ ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਨੂੰ ਪ੍ਰਵਾਨਗੀ ਕਹੀ ਜਾ ਸਕਦੀ ਹੈ।

ਪਰ ਇਹ ਤਬਦੀਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ

SikhBookClub.com

ਉਚੇਚੀ ਇਕਤ੍ਰਤਾ ਮਿਤੀ 30-5-1988 ਨੂੰ ਸ੍ਰੀ ਅੰਮ੍ਰਿਤਸਰ ਵਿਖੇ ਹੋਈ, ਜਿਸ ਵਿਚ ਫ਼ੈਸਲਾ ਕੀਤਾ ਗਿਆ ਕਿ,

> ***"ਸ੍ਰੀ ਹਰਿਮੰਦਰ ਸਾਹਿਬ ਅੰਦਰ ਪਹਿਲੀ ਮਰਿਆਦਾ ਹੀ ਲਾਗੂ ਰਹੇਗੀ। ਉਸ ਵਿਚ ਕੋਈ ਤਬਦੀਲੀ ਕਰਨ ਤੋਂ ਪਹਿਲਾਂ ਸਿੰਘ ਸਭਾਵਾਂ, ਸਿੱਖ ਸੰਪਰਦਾਵਾਂ, ਬੁੱਧੀਜੀਵੀਆਂ, ਸਿੱਖ ਸੰਸਥਾਵਾਂ ਦੀ ਰਾਏ ਲਈ ਜਾਵੇਗੀ। ਉਪਰੰਤ ਸ਼੍ਰੋਮਣੀ ਕਮੇਟੀ ਦਾ ਜਨਰਲ ਹਾਊਸ ਪ੍ਰਵਾਨਗੀ ਦੇਵੇਗਾ।"***

(ਹੁਕਮਨਾਮੇ ਆਦੇਸ਼ ਸੰਦੇਸ਼, ਰੂਪ ਸਿੰਘ, ਪੰਨਾ ੧੨੭)

ਇਸ ਦਾ ਕਾਰਣ ਸਪਸ਼ਟ ਸੀ ਕਿ ਸਿੱਖ ਰਹਿਤ ਮਰਯਾਦਾ ਕੋਈ ਆਮ ਮਤਾ ਜਾਂ ਦਸਤਾਵੇਜ ਨਹੀਂ ਹੈ। ਇਹ ਸਮੁੱਚੇ ਗੁਰੂ ਪੰਥ ਦੀ ਦੀਰਘ ਅਤੇ ਸਾਂਝੀ ਸੋਚ ਦਾ ਪ੍ਰਗਟਾਵਾ ਹੈ। ਇਸ ਵਿਚ ਕੋਈ ਵੀ ਤਬਦੀਲੀ ਜਾਂ ਸੋਧ ਸਾਧਾਰਣ ਅਤੇ ਸਰਸਰੀ ਢੰਗ ਨਾਲ ਨਹੀਂ ਕੀਤੀ ਜਾ ਸਕਦੀ। ਇਸ ਤਰ੍ਹਾਂ ਨਿਤਨੇਮ ਪਹਿਲੇ ਦੀ ਤਰ੍ਹਾਂ ਹੀ ਜਾਰੀ ਰਿਹਾ।

ਸੰਧਿਆ ਸਮੇਂ ਦਾ ਨਿਤਨੇਮ

ਸੋ ਦਰੁ ਰਹਿਰਾਸ- ਸ਼ਾਮ ਵੇਲੇ ਸੂਰਜ ਡੁੱਬੇ ਪੜ੍ਹਨੀ। ਇਸ ਵਿਚ ਇਹ ਬਾਣੀਆਂ ਸ਼ਾਮਲ ਹਨ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਲਿਖੇ ਹੋਏ ਨੌਂ ਸ਼ਬਦ ('ਸੋ ਦਰੁ' ਤੋਂ ਲੈ ਕੇ 'ਸਰਨਿ ਪਰੇ ਕੀ ਰਾਖਹੁ ਸਰਮਾ' ਤਕ), ਬੇਨਤੀ ਚੌਪਈ ਪਾਤਸ਼ਾਹੀ 10 ('ਹਮਰੀ ਕਰੋ ਹਾਥ ਦੈ ਰੱਛਾ' ਤੋਂ ਲੈ ਕੇ 'ਦੁਸਟ ਦੋਖ ਤੇ ਲੇਹੁ ਬਚਾਈ' ਤਕ, ਸ੍ਵੈਯਾ ('ਪਾਇ ਗਹੇ ਜਬ ਤੇ ਤੁਮਰੇ') ਅਤੇ ਦੋਹਰਾ ('ਸਗਲ ਦੁਆਰ ਕਉ ਛਾਡਿ ਕੈ'), ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ[3], ਮੁੰਦਾਵਣੀ ਤੇ ਸਲੋਕ ਮਹਲਾ ੫ 'ਤੇਰਾ ਕੀਤਾ ਜਾਤੋ ਨਾਹੀ।'

(ਸਿੱਖ ਰਹਿਤ ਮਰਯਾਦਾ, ਅਕਤੂਬਰ, ੨੦੧੫)

ਤਬਦੀਲੀ

1936 ਵਿਚ ਪ੍ਰਵਾਨ ਕੀਤੀ ਗਈ ਸੋ ਦਰੁ ਰਹਿਰਾਸ ਦੀ ਮੱਦ ਵਿਚ ਮੁੰਦਾਵਣੀ ਤੇ ਸਲੋਕ ਮਹਲਾ ੫ 'ਤੇਰਾ ਕੀਤਾ ਜਾਤੋ ਨਾਹੀ' ਦਾ ਵਾਧਾ ਕੀਤਾ ਗਿਆ।

ਵਿਆਖਿਆ

ਇਸ ਮੱਦ ਵਿਚ ਵਾਧਾ 1945 ਵਿਚ ਮਤਾ ਪਾਸ ਕਰ ਕੇ ਕੀਤਾ ਗਿਆ। ਮੂਲ ਰੂਪ ਵਿਚ ਸੋ ਦਰੁ ਰਹਿਰਾਸ ਸਾਹਿਬ ਦਾ ਪਾਠ ਬੇਨਤੀ ਚੌਪਈ ਪਾਤਸ਼ਾਹੀ 10 ***'ਹਮਰੀ ਕਰਉ ਹਾਥ ਦੈ ਰੱਛਾ'*** ਤੋਂ ਲੈ ਕੇ ***'ਦੁਸ਼ਟ ਦੋਖ ਤੇ ਲੇਹੁ ਬਚਾਈ'*** ਤਕ ਸੀ । ਉਪਰੰਤ ਮਤੇ ਰਾਹੀਂ ਇਸ ਵਿਚ ਸਵਯਾ ***ਪਾਇ ਗਹੇ ਜਬ ਤੇ ਤੁਮਰੇ .. ... .'*** .ਅਤੇ ***'ਸਗਲ ਦੁਆਰ ਕੋ ਛਾਡਿ ਕੇ'*** ਵਾਲਾ ਦੋਹਰਾ ਸ਼ਾਮਲ ਕੀਤਾ ਗਿਆ।

ਇਹ ਤਬਦੀਲੀਆਂ ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕੱਤਰਤਾ ਮਿਤੀ 7 ਜਨਵਰੀ, 1945 ਦੇ ਮਤਾ ਨੰਬਰ 1 ਰਾਹੀਂ ਕੀਤੀਆਂ ਗਈਆਂ। ਇਹ ਮਤਾ ਇਸ ਤਰ੍ਹਾਂ ਸੀ :

3. ਇਸ ਮੌਕੇ 'ਤੇ ਜਾਂ ਦੀਵਾਨ ਦੀ ਸਮਾਪਤੀ 'ਤੇ ਜੋ ਅਨੰਦ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ, ਉਹਦਾ ਭਾਵ ਕੇਵਲ ਗੁਰੂ ਦੇ ਮਿਲਾਪ ਲਈ ਖ਼ੁਸ਼ੀ ਤੇ ਧੰਨਵਾਦ ਕਰਨਾ ਹੁੰਦਾ ਹੈ।

SikhBookClub.com

1. ਨਾਮ ਬਾਣੀ ਦਾ ਅਭਿਆਸ ਹੇਠ ਸੋਦਰੁ ਰਹਿਰਾਸ ਦੇ ਹੈਡਿੰਗ ਹੇਠ ਲਫਜ਼ 'ਦੁਸਟ ਦੋਖ ਤੇ ਲੇਹੁ ਬਚਾਈ' ਤੱਕ ਦੇ ਲਫਜ਼ 'ਅਨੰਦ ਦੀਆਂ ਪਹਿਲੀਆਂ ਪੰਜ ਪਉੜੀਆਂ ਵਿਚਾਲੇ ਸਵਯਾ ਪਾਇ ਗਹੇ ਜਬ ਤੇ ਤੁਮਰੇ ਤੇ ਦੋਹਰਾ ਸਗਲ ਦੁਆਰ ਕੌ ਛਾਡਿ ਕੇ ਵਧਾਏ ਜਾਣ ਅਤੇ ਲਫਜ 'ਆਨੰਦ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਤੁਕ ਪਾਉੜੀ ਦੇ ਅੱਗੇ ਲਫਜ਼ ਮੁੰਦਾਵਣੀ ਤੇ 'ਸਲੋਕ ਮਹਲਾ ੫ ਤੇਰਾ ਕੀਤਾ ਜਾਤੋ ਨਾਹੀ ਵਧਾਏ ਜਾਣ।

ਸਿੱਖ ਰਹਿਤ ਮਰਯਾਦਾ ਵਿਚ ਸੋ ਦਰੁ ਰਹਰਾਸਿ ਵਿਚ ਬੇਨਤੀ ਚੌਪਈ ਪਾਤਸ਼ਾਹੀ 10 ਦਾ ਪਾਠ ॥ ***ਕਬਯੋ ਬਾਚ ਬੇਨਤੀ ॥ ਚੌਪਈ ॥ ਹਮਰੀ ਕਰੋ ਹਾਥ ਦੈ ਰੱਛਾ ॥ ਪੂਰਨ ਹੋਇ ਚਿੱਤ ਕੀ ਇੱਛਾ ॥ ਤਵ ਚਰਨਨ ਮਨ ਰਹੈ ਹਮਾਰਾ ॥ ਅਪਨਾ ਜਾਨ ਕਰੋ ਪ੍ਰਤਿਪਾਰਾ ॥377॥ ਤੋਂ ਲੈ ਕੇ ਖੜਗਕੇਤ ਮੈਂ ਸ਼ਰਨਿ ਤਿਹਾਰੀ ॥ ਆਪੁ ਹਾਥ ਦੈ ਲੇਹੁ ਉਬਾਰੀ ॥ ਸਰਬ ਠੌਰ ਮੋ ਹੋਹੁ ਸਹਾਈ ॥ ਦੁਸ਼ਟ ਤੋਖ ਤੇ ਲੇਹੁ ਬਚਾਈ ॥401॥*** ਤਕ ਹੈ। ਇਸ ਬਾਣੀ ਦਾ ਨਾਮ ਬੇਨਤੀ ਹੈ ਜੋ ਕਿ ਚੌਪਈ ਛੰਦ ਵਿਚ ਉਚਾਰੀ ਗਈ ਹੈ। ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 'ਚਰਿਤ੍ਰੋ ਪਾਖਿਆਨ' ਗ੍ਰੰਥ ਦੇ ਅਰੰਭ ਵਿਚ ਅਕਾਲ ਪੁਰਖ ਨੂੰ ਬੇਨਤੀ ਕੀਤੀ ਹੈ,

ਮੇਰ ਕਿਯੋ ਤ੍ਰਿਣ ਤੇ ਮੁਹਿ ਜਾਹਿ ਗਰੀਬ ਨਿਵਾਜ ਨ ਦੂਸਰ ਤੋਸੋ ॥
ਭੂਲ ਛਿਮੋ ਹਮਰੀ ਪ੍ਰਭੁ ਆਪੁਨ ਭੂਲਨਹਾਰ ਕਹੂੰ ਮੋਸੋ ॥
ਸੇਵ ਕਰੈ ਤੁਮਰੀ ਤਿਨ ਕੇ ਛਿਨ ਮੇ ਧਨ ਲਾਗਤ ਧਾਮ ਭਰੋਸੋ ॥
ਯਾ ਕਲਿ ਮੈ ਸਭ ਕਾਲਿ ਕ੍ਰਿਪਾਨ ਕੀ ਭਾਰੀ ਭੁਜਾਨ ਕੋ ਭਾਰੀ ਭਰੋਸੋ ॥੪੭॥

ਉਪਰੰਤ ਗ੍ਰੰਥ ਦੀ ਸੰਪੂਰਨਤਾ ਦੇ ਬਾਅਦ ਵੀ ਅਕਾਲ ਪੁਰਖ ਨੂੰ ਬੇਨਤੀ ਦੇ ਰੂਪ ਵਿਚ ਇਹ '***ਕਬਯੋ ਬਾਚ ਬੇਨਤੀ ॥***' ਦੇ ਸਿਰਲੇਖ ਹੇਠ ਉਚਾਰੀ ਹੈ। ਇਸ ਤੋਂ ਉਪਰੰਤ ਦੋ ਬੰਦ ਹੋਰ ਹਨ,

ਕ੍ਰਿਪਾ ਕਰੀ ਹਮ ਪਰ ਜਗਮਾਤਾ ॥ ਗ੍ਰੰਥ ਕਰਾ ਪੂਰਨ ਸੁਭ ਰਾਤਾ ॥
ਕਿਲਬਿਖ ਸਕਲ ਦੇਹ ਕੋ ਹਰਤਾ ॥ ਦੁਸ਼ਟ ਦੋਖਿਯਨ ਕੋ ਛੈ ਕਰਤਾ ॥੪੦੨॥
ਸ੍ਰੀ ਅਸਿਧੁਜ ਜਬ ਭਏ ਦਯਾਲਾ ॥ ਪੂਰਨ ਕਰਾ ਗ੍ਰੰਥ ਤਤਕਾਲਾ ॥
ਮਨ ਬਾਂਛਤ ਫਲ ਪਾਵੈ ਸੋਈ ॥ ਦੂਖ ਨ ਤਿਸੈ ਬਿਆਪਤ ਕੋਈ ॥੪੦੩॥

ਇਹ ਬੰਦ ਚਰਿਤ੍ਰੋ ਪਾਖਿਆਨ ਗ੍ਰੰਥ ਦੀ ਸੰਪੂਰਨਤਾ ਦੇ ਲਖਾਇਕ ਹਨ। ਇੱਥੇ ਪੂਰੇ ਗ੍ਰੰਥ ਦਾ ਪਾਠ ਨਹੀਂ ਕੀਤਾ ਜਾ ਰਿਹਾ, ਇਸ ਲਈ ਨਿਤਨੇਮ ਵਿਚ ਬੇਨਤੀ ਚੌਪਈ ਸਾਹਿਬ ਦੇ ਪਾਠ ਵਿਚ ਸ਼ਾਮਲ ਨਹੀਂ ਹਨ।

ਸੋਹਿਲਾ—ਇਹ ਬਾਣੀ ਰਾਤ ਨੂੰ ਸੌਣ ਵੇਲੇ ਪੜ੍ਹਨੀ
ਅੰਮ੍ਰਿਤ ਵੇਲੇ ਅਤੇ ਸੋ ਦਰੁ ਵੇਲੇ ਦੇ ਨਿਤਨੇਮ ਉਪਰੰਤ ਅਰਦਾਸ ਕਰਨੀ ਜ਼ਰੂਰੀ ਹੈ।

ਨਿਤਨੇਮ ਦੀਆਂ ਇਹ ਦੋ ਅਖ਼ੀਰਲੀਆਂ ਮੱਦਾਂ ਹਨ ਅਤੇ ਆਪਣੇ ਆਪ ਵਿਚ ਸਪਸ਼ਟ ਹਨ। ਇਹਨਾਂ ਦੀ ਵਿਆਖਿਆ ਨਹੀਂ ਬਲਕਿ ਇਹਨਾਂ ਦੀ ਪਾਲਨਾ ਜ਼ਰੂਰੀ ਹੈ।

SikhBookClub.com

ਨਿਤਨੇਮ ਬਾਰੇ ਇਕ ਵਿਚਾਰ ਜ਼ਰੂਰੀ ਹੈ ਕਿ ਗੁਰੂ ਗ੍ਰੰਥ - ਗੁਰੂ ਪੰਥ ਨੂੰ ਸਮਰਪਤ ਕਈ ਸਤਿਕਾਰਤ ਹਸਤੀਆਂ ਅਤੇ ਜਥੇਬੰਦੀਆਂ ਅੰਮ੍ਰਿਤ ਸਮੇਂ ਦੇ ਨਿਤਨੇਮ ਵਿਚ ਪੰਜ ਬਾਣੀਆਂ ਦੇ ਪਾਠ ਦਾ ਪ੍ਰਚਾਰ ਕਰਦੀਆਂ ਹਨ। ਹਾਲਾਂ ਕਿ ਸਿੱਖ ਰਹਿਤ ਮਰਯਾਦਾ ਵਿਚ ਪੰਜ ਬਾਣੀਆਂ ਦੇ ਨਿਤਨੇਮ ਬਾਰੇ ਅੰਕਤ ਹੈ ਕਿ ***ਹਰ ਰੋਜ਼ ਘੱਟ ਤੋ ਘੱਟ ਇਹਨਾਂ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ ਜਾਂ ਸੁਣਨਾ: ਜਪੁ, ਜਾਪੁ, 10 ਸਵੱਯੇ (ਸ੍ਰਾਵਗ ਸੁਧ ਵਾਲੇ), ਸੋ ਦਰੁ ਰਹਰਾਸਿ ਤੇ ਸੋਹਿਲਾ।*** ਇੱਥੇ ਲਫ਼ਜ਼ ਘੱਟ ਤੋਂ ਘੱਟ ਨਾਲ ਕੋਈ ਦੁਬਿਧਾ ਨਹੀਂ ਰਹਿੰਦੀ। ਪਰ ਫ਼ਿਰ ਵੀ ਸੰਗਤ ਅਤੇ ਗੁਰੂ ਪੰਥ ਦੇ ਵਧੇਰੇ ਹਿਤ ਦੇ ਮੱਦੇਨਜ਼ਰ ਜੇਕਰ ਇਸ ਮੁੱਦੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛੱਤਰ ਛਾਇਆ ਹੇਠ ਇਕਸਾਰਤਾ ਹੋ ਸਕੇ ਤਾਂ ਇਹ ਪੰਥ ਦੀ ਬਹੁਤ ਵੱਡੀ ਦੂਰਗਾਮੀ ਸੇਵਾ ਹੋਵੇਗੀ।

ਨਿਤਨੇਮ ਹਰ ਸਿੱਖ ਦਾ ਜ਼ਰੂਰੀ ਅੰਗ ਹੈ। ਇਸ ਲਈ ਸਿੱਖ ਰਹਿਤ ਮਰਯਾਦਾ ਦੀ ਤਿਆਰੀ ਕੀਤੇ ਜਾਣ ਸਮੇਂ ਮਤਿਆਂ ਵਿਚ ਇਹ ਨਹੀਂ ਸੀ ਲਿਖਿਆ ਕਿ ਸਿੱਖ ਨਿਤਨੇਮ ਕਰੇ, ਬਲਕਿ ਇਹ ਅੰਕਤ ਸੀ ਕਿ ਸਿੱਖ ਨਿਤਨੇਮ ਰੋਜ਼ ਕਰੇ। ਇਹ ਸੀ ਗੁਰਮਤਿ ਦੀ ਸੋਚ।

ਇਕ ਵੇਰ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਸਟੇਜ ਤੋਂ ਤਖ਼ਤ ਸਾਹਿਬ ਦੇ ਹੈਡ ਗ੍ਰੰਥੀ ਭਾਈ ਮਾਨ ਸਿੰਘ ਜੀ ਬਾਰੇ ਕਿਹਾ ਸੀ—ਕਿਸੇ ਦੀ ਨਿੰਦਾ ਜਾਂ ਉਸਤਤਿ ਕਰਨੀ ਪਾਪ ਹੈ। ਪਰ ਸੱਚ ਨੂੰ ਸੱਚ ਅਤੇ ਗ਼ਲਤ ਨੂੰ ਗ਼ਲਤ ਕਹਿਣਾ ਸਿੱਖੀ ਹੈ। ਉਹਨਾਂ ਨੇ ਕਿਹਾ ਕਿ ਸੁਖਮਨੀ ਸਾਹਿਬ ਵਿਚ ਜੋ ਬ੍ਰਹਮ ਗਿਆਨੀ ਦਾ ਵਰਣਨ ਹੈ ਤਖ਼ਤ ਸਾਹਿਬ ਦੇ ਹੈਡ ਗ੍ਰੰਥੀ ਭਾਈ ਮਾਨ ਸਿੰਘ ਜੀ ਉਸ 'ਤੇ ਪੂਰੇ ਉਤਰਦੇ ਹਨ। ਉਹਨਾਂ ਨੇ ਕਿਹਾ ਉਹ ਪਹਿਰ ਰਾਤ ਰਹਿੰਦਿਆਂ ਆਪਣਾ ਨਿਜੀ ਨਿਤਨੇਮ ਕਰਨ ਦੇ ਬਾਅਦ ਤਖ਼ਤ ਸਾਹਿਬ 'ਤੇ ਆ ਕੇ ਦੁਬਾਰਾ ਤਖ਼ਤ ਸਾਹਿਬ ਦੀ ਮਰਯਾਦਾ ਦਾ ਨਿਤਨੇਮ ਕਰਦੇ ਹਨ।

੩. (ੳ) ਅਰਦਾਸ[4] ਇਹ ਹੈ:

੧ੳ ਵਾਹਿਗੁਰੂ ਜੀ ਕੀ ਫ਼ਤਹ ॥

ਸ੍ਰੀ ਭਗੌਤੀ ਜੀ ਸਹਾਇ ॥ ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ 10 ॥ ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ। ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈਂ ਹੋਈਂ ਸਹਾਇ ॥ ਅਰਜਨ ਹਰਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ ॥ ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖ ਜਾਇ ॥ ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ ॥ ਸਭ ਥਾਂਈ ਹੋਇ ਸਹਾਇ ॥ ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ! ਸਭ ਥਾਈਂ ਹੋਇ ਸਹਾਇ ॥ ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ !

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ,

---

4. ਇਹ ਅਰਦਾਸ ਦਾ ਨਮੂਨਾ ਹੈ। "ਪ੍ਰਿਥਮ ਭਗੌਤੀ" ਵਾਲੇ ਸ਼ਬਦ ਅਤੇ 'ਨਾਨਕ ਨਾਮ' ਵਾਲੀਆਂ ਅੰਤਲੀਆਂ ਦੋ ਤੁਕਾਂ ਵਿਚ ਕੋਈ ਤਬਦੀਲੀ ਨਹੀਂ ਹੋ ਸਕਦੀ।

SikhBookClub.com

ਜਿਹਨਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ, ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ, ਖਾਲਸਾ ਜੀ! ਬੋਲੋ ਜੀ ਵਾਹਿਗੁਰੂ!

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ! ਬੋਲੋ ਜੀ ਵਾਹਿਗੁਰੂ!

ਪੰਜਾਂ ਤਖਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ!

ਪ੍ਰਿਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿੱਤ ਆਵੇ, ਚਿੱਤ ਆਵਨ ਕਾ ਸਦਕਾ ਸਰਬ ਸੁਖ ਹੋਵੇ। ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ, ਦੇਗ ਤੇਗ ਫ਼ਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖਾਲਸੇ ਜੀ ਕੇ ਬੋਲਬਾਲੇ, ਬੋਲੋ ਜੀ ਵਾਹਿਗੁਰੂ!

ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਕੀਆਂ ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ !

ਸਿੱਖਾਂ ਦਾ ਮਨ ਨੀਵਾਂ, ਮਤ ਉੱਚੀ, ਮਤ ਦਾ ਰਾਖਾ ਆਪਿ ਵਾਹਿਗੁਰੂ।

ਹੇ ਅਕਾਲ ਪੁਰਖ ! ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ! ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ।

ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ ਵਾਹਿਗੁਰੂ! ਆਪ ਦੇ ਹਜ਼ੂਰ........[5] ਦੀ ਅਰਦਾਸ ਹੈ ਜੀ।

ਅੱਖਰ ਵਾਧਾ ਘਾਟਾ ਭੁੱਲ-ਚੁੱਕ ਮਾਫ ਕਰਨੀ। ਸਰਬੱਤ ਦੇ ਕਾਰਜ ਰਾਸ ਕਰਨੇ। ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ।

ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬੱਤ ਦਾ ਭਲਾ।

ਇਸ ਤੋਂ ਉਪਰੰਤ ਅਰਦਾਸ ਵਿਚ ਸ਼ਾਮਲ ਹੋਣ ਵਾਲੀ ਸਾਰੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਦਬ ਨਾਲ ਮੱਥਾ ਟੇਕੇ ਅਤੇ ਫਿਰ ਖੜ੍ਹੇ ਹੋ ਕੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਬੁਲਾਵੇ। ਉਪ੍ਰੰਤ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ ਜਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ, ੨੦੧੫ ਪੰਨਾ ੧੧-੧੨)

ਤਬਦੀਲੀ

1. ਚਾਰ ਤਖ਼ਤਾਂ ਦੀ ਥਾਵੇਂ ਪੰਜ ਤਖ਼ਤ ਅਤੇ 2. ਨਾਨਕ ਨਾਮ ਚੜ੍ਹਦੀ ਕਲਾ, ਤੇਰੇ

5. ਇਥੇ ਉਸ ਬਾਣੀ ਦਾ ਨਾਮ ਲਵੋ, ਜੋ ਪੜ੍ਹੀ ਹੈ, ਜਾਂ ਜਿਸ ਕਾਰਜ ਲਈ ਇਕੱਤ੍ਰਤਾ ਜਾਂ ਸੰਗਤ ਜੁੜੀ ਹੋਵੇ, ਉਸ ਦਾ ਜ਼ਿਕਰ ਯੋਗ ਸ਼ਬਦਾਂ ਵਿਚ ਕਰੋ।

SikhBookClub.com

ਭਾਣੇ ਸਰਬੱਤ ਕਾ ਭਲਾ। ਦੀ ਥਾਵੇਂ ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ। ਕੀਤਾ ਗਿਆ ਹੈ।

ਵਿਆਖਿਆ

ਸਿੱਖ ਰਹਿਤ ਮਰਯਾਦਾ ਵਿਚ ਸ਼ਖ਼ਸੀ ਰਹਿਣੀ ਦੇ ਪਹਿਲੇ ਅੰਗ 'ਨਾਮ ਬਾਣੀ ਦਾ ਅਭਿਆਸ' ਵਿਚ ਅੰਮ੍ਰਿਤ ਵੇਲਾ ਅਤੇ ਨਿਤਨੇਮ ਉਪਰੰਤ ਤੀਸਰੀ ਮੱਦ ਹੈ ਅਰਦਾਸ। ਜਿੱਥੋ ਕਿਧਰੇ ਵੀ ਕੋਈ ਨਾਨਕ ਨਾਮ ਲੇਵਾ ਹੈ ਉਹ ਅਰਦਾਸ ਰਾਹੀਂ ਗੁਰੂ ਨਾਲ ਇਕ ਮਿਕ ਹੋ ਕੇ ਆਪਣੀ ਵੇਦਨਾ ਅਤੇ ਜੋਦੜੀਆਂ ਕਰਦਾ ਹੈ ਪਰ ਭਲਾ ਸਭ ਦਾ ਲੋਚਦਾ ਹੈ। ਅਰਦਾਸ ਦੀ ਗਠੀ ਹੋਈ ਸ਼ਬਦਾਵਲੀ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਂਗ ਹੈ। ਇਹ ਸਿੱਖੀ ਦਾ ਸੰਖੇਪ ਇਤਿਹਾਸ ਹੈ, ਇਸ ਵਿਚ ਕੁਰਬਾਨੀਆਂ ਹਨ, ਫ਼ਲਸਫਾ ਹੈ ਅਤੇ ਨਾਲ ਹੀ ਪੰਥਕ ਨਿਸ਼ਾਨੇ ਵੀ ਹਨ। ਲੋੜ ਹੈ ਜੁੜ ਕੇ ਅਰਦਾਸ ਕਰਨ ਦੇ ਨਾਲ ਨਾਲ ਇਸ ਸ਼ਬਦਾਵਲੀ 'ਤੇ ਡੂੰਘੀ ਵਿਚਾਰ ਵੀ ਕੀਤੀ ਜਾਏ। ਮਰਯਾਦਾ ਵਿਚ ਹੀ ਅੰਕਤ ਕੀਤਾ ਗਿਆ ਹੈ ਕਿ ਇਹ ਅਰਦਾਸ ਦਾ ਨਮੂਨਾ ਹੈ। ਪਰ 'ਪ੍ਰਿਥਮ ਭਗੌਤੀ' ਵਾਲੇ ਸ਼ਬਦ 'ਨਾਨਕ ਨਾਮ' ਵਾਲੀਆਂ ਅੰਤਲੀਆਂ ਦੋ ਤੁਕਾਂ ਵਿਚ ਕੋਈ ਤਬਦੀਲੀ ਨਹੀਂ ਹੋ ਸਕਦੀ। ਪਰ ਹੈਰਾਨੀ ਹੈ ਕਿ ਇਹ ਲਿਖਣ ਦੇ ਬਾਵਜੂਦ ਅੰਤਲੀਆਂ ਦੋ ਤੁਕਾਂ ਵਿਚ ਤਬਦੀਲੀ ਕਰ ਦਿੱਤੀ ਗਈ ਹੈ। ਇਸ ਵਲ ਉਚੇਚਾ ਧਿਆਨ ਦੇਣ ਦੀ ਲੋੜ ਹੈ।

ਅਰਦਾਸ ਨੂੰ ਛੋਟੇ ਛੋਟੇ ਬੰਦਾਂ ਵਿਚ ਵੰਡ ਕੇ ਇਸ ਕ੍ਰਮ ਵਿਚ ਇਸ ਦੀ ਸੰਖੇਪ ਵਿਚਾਰ ਇਸ ਤਰ੍ਹਾਂ ਹੈ।

(1)

ੴ ਵਾਹਿਗੁਰੂ ਜੀ ਕੀ ਫ਼ਤਹ ॥

ਸ੍ਰੀ ਭਗੌਤੀ ਜੀ ਸਹਾਇ ॥ ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ 10 ॥ ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ। ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈਂ ਹੋਈਂ ਸਹਾਇ ॥ ਅਰਜਨ ਹਰਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ ॥ ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖ ਜਾਇ ॥ ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ ॥ ਸਭ ਥਾਂਈ ਹੋਇ ਸਹਾਇ ॥ ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ! ਸਭ ਥਾਈਂ ਹੋਇ ਸਹਾਇ ॥ ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ !

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੦)

ਇਹ ਅਰਦਾਸ ਦਾ ਪਹਿਲਾ ਬੰਦ ਹੈ। ਇਸ ਦੀ ਅਰੰਭਤਾ ੧ੴ ਵਾਹਿਗੁਰੂ ਜੀ ਕੀ ਫ਼ਤਹ ॥ ਦੇ ਮੰਗਲ ਉਪਰੰਤ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਰਚਿਤ ਵਾਰ ਸ੍ਰੀ ਭਗੌਤੀ ਜੀ ਕੀ ਦੀ ਪਹਿਲੀ ਪਉੜੀ ਪ੍ਰਿਥਮ ਭਗੌਤੀ ਸਿਮਰਿ ਕੈ ਤੋਂ ਹੁੰਦੀ ਹੈ। ਸਾਰਾ ਹਿੰਦੂ ਜਗਤ ਕਿਸੇ ਵੀ ਕਾਰਜ ਦਾ ਅਰੰਭ ਪ੍ਰਿਥਮ ਗਣਪਤਿ ਗਣੇਸ਼ ਦੀ ਅਰਾਧਨਾ ਨਾਲ ਕਰਦਾ ਹੈ। ਪਰ ਕਲਗੀਧਰ ਪਿਤਾ ਨੇ ਬਚਨ ਕੀਤੇ, ***ਮੈ ਨ ਗਨੇਸਹਿ ਪ੍ਰਿਥਮ ਮਨਾਊ ॥ ਕਿਸਨ ਬਿਸਨ ਕਬਹੂੰ ਨ ਧਿਆਊ ॥*** ਪ੍ਰਿਥਮ ਗਣੇਸ਼ ਦੀ ਥਾਵੇਂ ਸਤਿਗੁਰੂ ਜੀ ਨੇ ਬਚਨ

SikhBookClub.com

ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪੱਛਮੀ ਬਾਹੀ ਤੇ ਅਰਦਾਸ ਦੀ ਪਹਿਲੀ ਪਉੜੀ

ਕੀਤੇ ਪ੍ਰਿਥਮ ਭਗੌਤੀ ਸਿਮਰਿ ਕੈ । ਇਸ ਤਰ੍ਹਾਂ ਅਰਦਾਸ ਦੀ ਅਰੰਭਤਾ ਹੀ ਖਾਲਸੇ ਦੇ ਨਿਆਰੇਪਨ ਦੀ ਲਖਾਇਕ ਹੈ। ਇਹ ਪਉੜੀ ਸਚਿਖੰਡ ਸ੍ਰੀ ਹਰਿਮੰਦਰ ਜੀ ਸਾਹਿਬ ਦੀ ਪੱਛਮੀ ਬਾਹੀ ਦੇ ਦਰਵਾਜ਼ੇ ਦੇ ਉੱਤੇ ਅੰਕਤ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਹ ਪਉੜੀ ***ਗੁਰ ਨਾਨਕ ਲਈਂ ਧਿਆਇ ॥*** ਤੋਂ ਅਰੰਭ ਹੋ ਕੇ ***ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ ॥ ਸਭ ਥਾਂਈ ਹੋਇ ਸਹਾਇ ॥*** ਤਕ ਰਚੀ ਹੈ। ਬਾਅਦ ਵਿਚ ਖਾਲਸੇ ਨੇ ***ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ! ਸਭ ਥਾਈਂ ਹੋਇ ਸਹਾਇ ॥*** ਜੋੜ ਕੇ ਇਸ ਨੂੰ ਅਰਦਾਸ ਦਾ ਹਿੱਸਾ ਬਣਾਇਆ। ਸਿੱਖ ਰਹਿਤ ਮਰਯਾਦਾ ਵਿਚ ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ! ਹੈ। ਪਰ ਸਚਿਖੰਡ ਸ੍ਰੀ ਹਰਿਮੰਦਰ ਜੀ ਸਾਹਿਬ ਵਿਚ ਅਰਦਾਸ ਸਮੇਂ 'ਦਸਵੇਂ ਪਾਤਸ਼ਾਹ' ਪੜ੍ਹਿਆ ਜਾਂਦਾ ਹੈ। ਇਸ ਪਉੜੀ ਦੇ ਪਾਠ ਤੋਂ ਬਾਅਦ ਵਿਚ ਦਸਾਂ ਪਾਤਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਵਾਹਿਗੁਰੂ ਜੀ ਦਾ ਜੈਕਾਰ ਕੀਤਾ ਜਾਂਦਾ ਹੈ।

(2)

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਹਨਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ, ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ, ਖਾਲਸਾ ਜੀ! ਬੋਲੋ ਜੀ ਵਾਹਿਗੁਰੂ!

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੦)

ਵਿਆਖਿਆ

ਇਸ ਬੰਦ ਦੀ ਅਰੰਭਤਾ ਕਲਗੀਧਰ ਪਿਤਾ ਦੀ ਆਵਾਜ਼ 'ਤੇ ਸਭ ਤੋਂ ਪਹਿਲਾਂ

SikhBookClub.com

ਸੀਸ ਭੇਟ ਕਰਨ ਵਾਲੇ ਪੰਜ ਪਿਆਰਿਆਂ ਤੋਂ ਹੁੰਦੀ ਹੈ। ਇਸ ਦੇ ਬਾਅਦ ਕ੍ਰਮਵਾਰ ਹਜ਼ੂਰ ਦੇ ਚਾਰੋਂ ਸਾਹਿਬਜ਼ਾਦਿਆਂ, ਮੁਕਤਸਰ ਸਾਹਿਬ ਦੀ ਜੰਗ ਵਿਚ ਬੇਦਾਵਾ ਪੜਵਾਉਣ ਵਾਲੇ ਚਾਲੀ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਹਨਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ ਦੀ ਕਮਾਈ ਦਾ ਧਿਆਨ ਧਰ ਵਾਹਿਗੁਰੂ ਦਾ ਜੈਕਾਰ ਕੀਤਾ ਜਾਂਦਾ ਹੈ।

ਹਠੀਆਂ

ਹਠੀ ਦਾ ਅਰਥ ਜ਼ਿੱਦੀ ਨਹੀਂ ਬਲਕਿ ਧਰਮ ਦੀ ਖਾਤਰ ਸਿਰੜੀ ਜਾਂ ਦ੍ਰਿੜ੍ਹ ਰਹਿਣ ਵਾਲਾ ਹੈ। ਜਥਾ ***"ਸੀਸ ਦੀਆ ਪਰ ਸਿਰਰ ਨਾ ਦੀਨਾ॥ ਰੰਚ ਸਮਾਨ ਦੇਹ ਕਰ ਚੀਨਾ॥"*** (ਬਿਚਿਤ੍ਰ ਨਾਟਕ)

ਜਪੀਆਂ, ਤਪੀਆਂ

ਅਰਦਾਸ ਵਿਚ ਜਪੀਆਂ ਤਪੀਆਂ ਦੀ ਕਮਾਈ ਦਾ ਵੀ ਧਿਆਨ ਧਰਿਆ ਗਿਆ ਹੈ। ਗੁਰੂ ਸਾਹਿਬ ਦੇ ਆਗਮਨ ਤੋਂ ਪਹਿਲਾਂ ਵੀ ਜਪ ਤਪ ਤਾਂ ਸੰਸਾਰ ਵਿਚ ਬਹੁਤ ਸੀ। ਪਰ ਇਹ ਕਰਤਾਰ ਨੂੰ ਛੱਡ ਕਿਰਤਮ ਦਾ ਹੋ ਰਿਹਾ ਸੀ। ਇਹ ਸਾਰੇ ਦਾ ਸਾਰਾ ਕਿਸੇ ਦੇਵੀ ਦੇਵਤੇ, ਪੀਰ, ਪੈਗੰਬਰ, ਦ੍ਰਿਸ਼ ਅਦ੍ਰਿਸ਼, ਕਲਪਿਤ ਜਾਂ ਜੜ੍ਹ ਵਸਤੂ ਦਾ ਹੋ ਰਿਹਾ ਸੀ। ਸੰਸਾਰ ਵਿਚ ਜਿਸ ਕਿਸੇ ਕੋਲੋਂ ਕੁੱਝ ਵੀ ਪ੍ਰਾਪਤ ਹੋ ਗਿਆ, ਭਾਵੇਂ ਉਹ ਹਵਾ, ਪਾਣੀ, ਦਰਖ਼ਤ, ਫਲ-ਫੁਲ, ਪਸ਼ੂ-ਪੰਛੀ ਹੋਣ ਜਾਂ ਜਿਸ ਕਿਸੇ ਤੋਂ ਡਰ ਲਗਾ ਜਿਵੇਂ ਅੱਗ, ਬੱਦਲ, ਬੀਮਾਰੀਆਂ ਉਹ ਸਾਰੇ ਹੀ ਦੇਵ ਅਤੇ ਪੂਜਣ ਯੋਗ ਸਨ। ਗੁਰਮਤਿ ਨੇ ***"ਬਿਨੁ ਕਰਤਾਰ ਨਾ ਕਿਰਤਮ ਮਾਨੋ॥ ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸੁਰ ਜਾਨੋ॥੧॥ ਰਹਾਉ॥"*** ਦੇ ਅਨੁਸਾਰ ਜਪ ਤਪ ਨੂੰ ਪ੍ਰਵਾਨ ਕੀਤਾ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਜਪ ਤਪ ਵਿਹੀਣ ਅਵਸਥਾ ਵਿਚ ਵਾਹਿਗੁਰੂ ਦੀ ਸ਼ਰਣ ਮੰਗੀ ਹੈ।

ਜਪੁ ਤਪੁ ਸੰਜਮੁ ਧਰਮੁ ਨ ਕਮਾਇਆ॥
ਸੇਵਾ ਸਾਧ ਨ ਜਾਨਿਆ ਹਰਿ ਰਾਇਆ॥
ਕਹੁ ਨਾਨਕ ਹਮ ਨੀਚ ਕਰੰਮਾ॥
ਸਰਣਿ ਪਰੇ ਕੀ ਰਾਖਹੁ ਸਰਮਾ॥੨॥੪॥

(ਮ. ੫, ਅੰਗ ੧੨)

ਜਿਹਨਾਂ ਨਾਮ ਜਪਿਆ

ਇਸ ਤੋਂ ਬਾਅਦ ਵਾਹਿਗੁਰੂ ਦਾ ਨਾਮ ਜਪਣ ਵਾਲਿਆਂ ਦੀ ਕਮਾਈ ਚਿਤਵੀ ਗਈ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਤਾਂ ਨਿਰਣਾ ਹੀ ਦੇ ਦਿੱਤਾ ਹੈ।

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥

(ਮ. ੧, ਅੰਗ ੮)

SikhBookClub.com

ਵੰਡ ਛਕਿਆ

ਆਦਿ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਤਿੰਨ ਵਡਮੁੱਲੇ ਸਿਧਾਂਤ ਦਿੱਤੇ—ਨਾਮ ਜਪੋ, ਵੰਡ ਛਕੋ, ਕਿਰਤ ਕਰੋ ਇਸ ਵਿਚ ਵੰਡ ਛਕੋ ਹੈ ਨਾ ਕਿ ਵੰਡ ਕੇ ਛਕੋ। ਅਰਦਾਸ ਵਿਚ ਵੀ ਉਹਨਾਂ ਨੂੰ ਯਾਦ ਕੀਤਾ ਹੈ ਜਿਨ੍ਹਾਂ ਨੇ ਵੰਡ ਛਕਿਆ। ਵੰਡ ਛਕਣ ਦਾ ਅਰਥ ਹੈ ਮਿਲ ਬੈਠ ਕੇ ਛਕਣਾ। ਵੰਡ ਕੇ ਛਕਿਆ ਦਾ ਅਰਥ ਕਿਸੇ ਨੂੰ ਛਕਾ ਕੇ ਫ਼ਿਰ ਆਪ ਛਕਣਾ। ਕਿਸੇ ਨੂੰ ਭੋਜਨ ਖਵਾ ਦੇਣਾ ਹੋਰ ਹੈ ਪਰ ਕਿਸੇ ਨਾਲ ਪੰਗਤ ਵਿਚ ਬਹਿ ਕੇ ਉਸ ਨਾਲ ਛਕਣਾ ਇਹ ਰਹਿਮਤ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦੀ ਹੈ।

ਦੇਗ ਚਲਾਈ, ਤੇਗ ਵਾਹੀ

ਕਲਗੀਧਰ ਪਿਤਾ ਦਾ ਹੁਕਮ ਹੈ :

ਦੇਗ ਤੇਗ ਜਗ ਮੈ ਦੋਊ ਚਲੈ ॥
ਰਾਖੁ ਆਪਿ ਮੁਹਿ ਅਉਰ ਨ ਦਲੈ ॥੪੩੬॥

(ਕ੍ਰਿਸ਼ਨਾਵਤਾਰ, ਦਸਮ ਗ੍ਰੰਥ ੪੪੦)

ਭਾਈ ਕਾਨ੍ਹ ਸਿੰਘ ਜੀ ਨਾਭਾ ਦਾ ਕਥਨ ਹੈ, ਦੇਗ ਤੇਗ ਫ਼ਤਹਿ ਦਾ ਸਿੱਧਾ ਅਰਥ ਹੈ ਸਿੰਘਾਂ ਦੀ ਕ੍ਰਿਪਾਨ ਅਤੇ ਕੜਛੀ ਹਿਲਦੀ ਰਹਿਣੀ ਚਾਹੀਦੀ ਹੈ। ਇਹਨਾਂ ਨੂੰ ਜੰਗਾਲ ਨਹੀਂ ਲਗਣਾ ਚਾਹੀਦਾ। ਭਾਵੇਂ ਜੰਗ ਹੋਵੇ ਜਾਂ ਅਮਨ ਸਿੱਖਾਂ ਨੇ ਇਸ ਦੇਗ ਫ਼ਤਹਿ ਨੂੰ ਹਰ ਥਾਂ ਅਤੇ ਹਰ ਸਮੇਂ ਬੁਲੰਦ ਰਖਿਆ ਹੈ।

ਆਉ ਬੈਠੋ, ਰਹੋ, ਪੜ੍ਹੋ, ਖਾਉ, ਪੀਉ, ਉਢੋ, ਲਉ।
ਐਸੇ ਵਾਕ ਬੋਲਨ ਮੇਂ ਜ਼ੁਬਾਂ ਹਿਲਤੀ ਰਹੈ।
ਬੀਰ ਬਰ ਖਾਲਸਾ ਦੁਲਾਰੇ ਦਸ਼ਮੇਸ਼ ਜੂ ਕੋ।
ਕੜਛੀ ਕ੍ਰਿਪਾਣ ਤੇਰੀ ਚਲਤੀ ਰਹੈ।

ਬਾਬਾ ਬੰਦਾ ਬਹਾਦੁਰ ਨੇ ਵੀ ਜਿਹੜਾ ਪਹਿਲਾ ਸਿੱਕਾ ਜਾਰੀ ਕੀਤਾ ਉਸ 'ਤੇ ਵੀ ਉਕਰਿਆ ਸੀ,

ਦੇਗੋ ਤੇਗ਼ੋ ਫ਼ਤਹਿ ਉ ਨਸਰਤ ਬੇ-ਦਿਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ

دیگ و تیغ و فتح و نصرت بیدرنگ
یافت از نانک گورو گوبند سنگھ

ਜਿਹਨਾਂ ਨੇ ਦੇਗ ਚਲਾਈ ਤੇ ਨਾਲ ਹੀ ਤੇਗ ਵਾਹੀ, ਉਹਨਾਂ ਦੀ ਕਮਾਈ ਨੂੰ ਯਾਦ ਕੀਤਾ ਗਿਆ ਹੈ। ਗੁਰੂ ਕੇ ਸਿੰਘਾਂ ਨੇ ਦੇਗ ਚਲਾਈ ਹੈ ਅਤੇ ਨਾਲ ਹੀ ਤੇਗ ਵਾਹੀ ਹੈ। ਜਦੋਂ ਤੇਗ ਵਾਹੀ ਜਾਂਦੀ ਹੈ ਉਸਦਾ ਮੰਜ਼ਰ ਉਸਤਾਦ ਹਮਦਮ ਨੇ ਆਪਣੀ ਨਜ਼ਮ 'ਕਲਮ ਤੇ ਤਲਵਾਰ' ਵਿਚ ਕੀਤਾ ਹੈ :

ਵਹਿਣ ਲਗੇ ਵਹਿਣ ਜਦੋਂ, ਵਹਿਣ ਲਗੀ ਵਹਣ ਜੋਗੀ
ਵਾਹਣ ਕੀਤੇ ਵਹਿਣ ਤੇ ਸਮੁੰਦਰਾਂ ਨੂੰ ਤਾਰਦੀ

SikhBookClub.com

ਉਹ ਤਖ਼ਤ ਵਾਲੇ ਤਖ਼ਤ ਤੋਂ ਬੇਤਖਤ ਦੇ ਕੇ ਤਖਤਿਆਂ ਤੇ
ਤਖਤ ਬਖਤ ਤ੍ਰੋੜ ਕੇ ਤੇ ਫਟ ਤੇ ਫਟਕਾਰਦੀ।

ਦੇਖ ਕੇ ਅਣਡਿੱਠ ਕੀਤਾ

ਇਸ ਬੰਦ ਦੇ ਅੰਤ ਵਿਚ ਉਹਨਾਂ ਸਿੰਘਾਂ ਸਿੰਘਣੀਆਂ ਦਾ ਜੈਕਾਰ ਕੀਤਾ ਗਿਆ ਹੈ ਜਿਹਨਾਂ ਨੇ ਦੇਖ ਕੇ ਅਣਦੇਖਿਆ ਕੀਤਾ। ਦੁਸ਼ਮਣ ਜਾਂ ਵਿਰੋਧੀ ਦੇ ਅਵਗੁਣ ਜਾਂ ਜ਼ਿਆਦਤੀਆਂ ਨੂੰ ਬਾਰ ਬਾਰ ਨਹੀਂ ਚਿਤਾਰਿਆ। ***ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ ॥*** *(ਮ. ੫ ਅੰਗ ੧੧੦੨)* ਸ਼ੇਖ ਸਾਅਦੀ ਨੇ ਬਹੁਤ ਸੁੰਦਰ ਹਵਾਲਾ ਦਿੱਤਾ ਹੈ ਕਿ ਰੱਬ ਸਾਡੇ ਅਵਗਣ ਦੇਖਦਾ ਹੈ ਪਰ ਢਕ ਦਿੰਦਾ ਹੈ, ਗਵਾਂਢੀ ਦੇਖਦਾ ਵੀ ਨਹੀਂ ਐਪਰ ਰੌਲਾ ਪਾ ਦਿੰਦਾ ਹੈ। ਗੁਰੂ ਘਰ ਵਿਚ ਬਦਲਾ ਨਹੀਂ ਹੈ। ਅਲਬੱਤਾ ਜੋ ਕੋਈ ਹਮਲਾਵਰ ਹੋਇਆ ਹੈ ਤਾਂ ਉਸਨੂੰ ਜਵਾਬ ਜ਼ਰੂਰ ਦਿੱਤਾ ਹੈ। ਫ਼ਿਰ ਇਸ ਦੇ ਬਾਅਦ ਉਸ ਪ੍ਰਤੀ ਕੋਈ ਦੁਰਭਾਵਨਾ ਜਾਂ ਦਵੇਸ਼ ਬਾਕੀ ਨਹੀਂ ਰਿਹਾ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਬਾਅਦ ਗੁਰੂ ਹਰਿਗੋਬਿੰਦ ਜੀ ਜਹਾਂਗੀਰ ਦੇ ਹਮਸਫਰ ਹੋਏ ਅਤੇ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਦੇ ਬਾਅਦ ਗੁਰੂ ਗੋਬਿੰਦ ਸਿੰਘ ਜੀ ਬਹਾਦਰ ਸ਼ਾਹ ਦੇ ਹਮਸਫ਼ਰ ਹੋਏ। ਮੁਗਲ ਹਕੂਮਤ ਵੱਲੋਂ ਜ਼ੁਲਮ ਦੀ ਹਨੇਰੀ ਵਿਚ ਭਾਈ ਘਨਈਆ ਜੀ ਦਾ ਕਿਰਦਾਰ ਦੇਖ ਕੇ ਅਣਡਿੱਠ ਕਰਨ ਦੀ ਮਰਯਾਦਾ ਦਾ ਸਿਖਰ ਹੈ।

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ! ਬੋਲੋ ਜੀ ਵਾਹਿਗੁਰੂ !

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫ ਪੰਨਾ ੧੧)

ਵਿਆਖਿਆ

ਲਾਹੌਰ ਸ਼ਹਿਰ ਵਿਚ ਹੀ ਜਿਹਨਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ (ਬੱਚਿਆਂ ਨੂੰ ਟੋਟੇ ਟੋਟੇ ਕਰਾ ਕੇ ਗਲਾਂ ਵਿਚ ਹਾਰ ਪਵਾਏ), ਬੰਦ ਬੰਦ ਕਟਾਏ (ਭਾਈ ਮਨੀ ਸਿੰਘ ਜੀ), ਖੋਪਰੀਆਂ ਲੁਹਾਈਆਂ (ਭਾਈ ਤਾਰੂ ਸਿੰਘ ਜੀ) ਅਤੇ ਚਰਖੀਆਂ (catherine wheel) (ਚਰਖੇ ਦੇ ਅਕਾਰ ਦਾ ਤਸੀਹੇ ਦੇਣ ਦਾ ਯੰਤਰ) 'ਤੇ ਚੜ੍ਹਾ ਕੇ (ਭਾਈ ਸੁਬੇਗ ਸਿੰਘ ਸ਼ਾਹਬਾਜ਼ ਸਿੰਘ ਜੀ) ਨੂੰ ਸ਼ਹੀਦ ਕੀਤਾ ਗਿਆ। ਇਸ ਨੂੰ ਚਰਖੜੀ ਵੀ ਕਿਹਾ ਜਾਂਦਾ ਹੈ ਪਰ ਅਸਲ ਲਫ਼ਜ਼ ਚਰਖੀ ਹੈ। ਕਈ ਚਰ ਕਈ ਫਾਂਸੀ ਮਾਰੇ। ਕਈ ਤੋਪਨ ਕਈ ਛੁਰੀ ਕਟਾਰੇ। (ਪ੍ਰਾਚੀਨ ਪੰਥ ਪ੍ਰਕਾਸ਼)

ਭਾਈ ਸੁਬੇਗ ਸਿੰਘ-ਸ਼ਾਹਬਾਜ਼ ਸਿੰਘ, ਭਾਈ ਤਾਰੂ ਸਿੰਘ, ਭਾਈ ਮਨੀ ਸਿੰਘ ਅਤੇ ਸੈਂਕੜੇ ਸਿੱਖਾਂ ਦੇ ਸ਼ਹੀਦੀ ਸਥਾਨ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਸਥਾਨ ਦੇ ਚੁਗਿਰਦੇ ਹੀ ਮੌਜੂਦ ਹਨ।

SikhBookClub.com

ਸ਼ਮਾ ਭੀ ਕਮ ਨਹੀਂ ਕੁਛ ਇਸ਼ਕ ਮੇਂ ਪਰਵਾਨੇ ਸੇ।
ਜਾਨ ਦੇਤਾ ਹੈ ਅਗਰ ਵੋ, ਤੋ ਯੇ ਸਰ ਦੇਤੀ ਹੈ। (ਜੋਸ਼)

ਤਸੀਹੇ ਦੇ ਕੇ ਸ਼ਹੀਦ ਕਰਨ ਦਾ ਉਹ ਕਿਹੜਾ ਢੰਗ ਤਰੀਕਾ ਹੈ ਜੋ ਸਿੰਘਾਂ, ਸਿੰਘਣੀਆਂ, ਭੁਜੰਗੀਆਂ ਦੇ ਸਰੀਰਾਂ 'ਤੇ ਨਹੀਂ ਵਰਤਿਆ ਗਿਆ।

ਚੌਪਈ॥ ਕਈ ਚਰਖ ਕਈ ਫਾਂਸੀ ਮਾਰੇ। ਕਈ ਤੋਪਨ ਕਈ ਛੁਰੀ ਕਟਾਰੇ।
ਕਈਅਨ ਕੈ ਸਿਰ ਮੁੰਗਲੀ ਕੁਟੇ। ਕਈ ਡੋਬੇ ਕਈ ਘਸੀਟ ਸੁ ਸੁਟੇ॥੩॥
ਦੱਬੈ, ਟੰਗੇ ਬੰਦੂਖਨ ਦਏ ਮਾਰ। ਕੌਨ ਗਨੈ ਜੇ ਮਾਰੇ ਹਜਾਰ।
ਪਾਂਤ ਪਾਂਤ ਕਈ ਪਕੜ ਬਹਾਏ। ਸਾਥ ਤੇਗਨ ਕੇ ਸੀਸ ਉਡਵਾਏ॥੪॥
ਕਿਸੈ ਹੱਥ ਕਿਸੈ ਟੰਗ ਕਟਵਾਇ। ਅੱਖ ਕੱਢ ਕਿਸੈ ਖੱਲ ਕਢਵਾਇ।
ਕੇਸਨ ਵਾਲੇ ਜੋ ਨਰ ਹੋਈ। ਬਾਲ ਬਿਰਧ ਲੱਭ ਛਡੈ ਨ ਕੋਈ॥੫॥

(ਪੰਥ ਪ੍ਰਕਾਸ਼, ਭੰਗੂ, ੩੦੧)

ਸਿੱਖੀ ਕੇਸਾਂ ਸਵਾਸਾਂ ਸੰਗ ਨਿਬਾਹਣ ਲਈ ਕੁਰਬਾਨੀਆਂ ਦਾ ਹਵਾਲਾ 'ਅਸਰਾਰਿ ਸਮਦੀ' ਵਿਚ ਮਿਲਦਾ ਹੈ। ਇਹ ਖ਼ਵਾਜਾ ਅਬਦੁਲ ਰਹੀਮ ਅਬਦੁੱਸਮਦ ਖਾਨ ਜੋ 1713 ਤੋਂ 1726 ਤਕ ਲਾਹੌਰ ਦਾ ਸੂਬੇਦਾਰ ਰਿਹਾ ਅਤੇ ਉਸ ਦੇ ਪੁੱਤਰ ਜ਼ਕਰੀਆ ਖਾਨ ਬਾਰੇ ਉਸ ਦੇ ਕਿਸੇ ਦਫ਼ਤਰੀ ਨੇ ਲਿਖਿਆ ਹੈ :

> ***"ਧਿਕਾਰੇ ਹੋਏ ਸਿੰਘਾਂ ਨੇ, ਇਸ ਦੇ ਬਾਵਜੂਦ ਕਿ ਉਨ੍ਹਾਂ ਦੇ ਪੈਰ ਛਾਲਿਆਂ ਨਾਲ ਭਰੇ ਹੋਏ ਸਨ, ਨਾ ਉਨ੍ਹਾਂ ਪਾਸ ਰਾਸ਼ਨ ਸੀ ਤੇ ਨਾ ਘੋੜੇ, ਫਿਰ ਵੀ ਉਹ ਕਿਹੜੀਆਂ ਦਲੇਰੀਆਂ ਸਨ, ਜੋ ਉਨ੍ਹਾਂ ਨੇ ਨਾ ਕਰ ਵਿਖਾਈਆਂ ਹੋਣ।***
> ***ਉਹ ਹਾਥੀਆਂ ਉਤੇ ਸ਼ੇਰਾਂ ਦੀ ਤਰ੍ਹਾਂ ਕੁਦ ਕੇ ਚੜ੍ਹਦੇ, ਅਤੇ ਹੌਦਿਆਂ ਵਿਚ ਬੈਠਿਆਂ ਨੂੰ ਹੇਠਾਂ ਸੁੱਟ ਦੇਂਦੇ। ਜਿੱਥੇ ਤੋਸਨ ਘੋੜੇ ਪਹੁੰਚਣ ਵਿਚ ਦੇਰ ਕਰਦੇ, ਇਹ ਪੈਦਲ ਉਥੇ ਚਿਤ੍ਰਿਆਂ (ਦੀ ਤੇਜ਼ੀ ਨਾਲ) ਜਾ ਪੁੱਜਦੇ।... ਰੁੱਖਾਂ ਤੇ ਪੱਤਿਆਂ ਤੇ ਫਲਾਂ ਦਾ ਨਾਂ-ਨਿਸਾਣ ਤਕ ਨਾ ਰਿਹਾ ਕਿਉਂਕਿ ਉਹ ਧਰਤੀ ਦੀ ਮਿੱਟੀ ਨੂੰ ਇਉਂ ਚਟਮ ਕਰ ਗਏ ਜਿਵੇਂ ਕਿ ਉਹ ਖੰਡ ਹੋਵੇ।***

(ਅਸਰਾਰਿ ਸਮਦੀ, ਪੰਨਾ ੧੨)

ਪਰ ਇਹ ਸਾਰੀਆਂ ਸ਼ਹਾਦਤਾਂ ਅਤੇ ਕੁਰਬਾਨੀਆਂ ਧਰਮ ਨੂੰ ਕਾਇਮ ਰੱਖਣ ਲਈ ਅਤੇ ਗੁਰਦੁਆਰਿਆਂ ਦੀ ਸੇਵਾ ਲਈ ਹੋਈਆਂ। ਨਿਸ਼ਾਨਾ ਸਾਫ਼ ਅਤੇ ਸਪੱਸ਼ਟ ਸੀ ਕਿ ਸਿੱਖੀ ਕੇਸਾਂ ਸੁਆਸਾਂ ਨਾਲ ਨਿਭ ਜਾਏ। ਅਰਦਾਸ ਵਿਚ ਰੋਜ਼ ਇਹ ਦੁਹਰਾਉਣ ਅਤੇ ਸੁਣਨ ਦੇ ਬਾਵਜੂਦ ਵੀ ਜਿਹੜੇ ਆਪਣੇ ਆਪ ਨੂੰ ਸਿੱਖ ਅਖਵਾਂਦੇ ਹੋਏ ਆਪਣਾ ਸਿਰ ਨਾਈ ਦੇ ਸਾਹਮਣੇ ਝੁਕਾ ਦਿੰਦੇ ਹਨ ਜਾਂ ਗੁਰਦੁਆਰਿਆਂ ਨੂੰ ਹੀ ਸਰਕਾਰੀ ਝੋਲੀ ਚੁਕੀ ਜਾਂ ਆਪਣੇ ਨਿੱਜੀ ਲਾਭ ਲਈ ਵਰਤਦੇ ਹਨ, ਕੀ ਕਦੇ ਇਹ ਖਿਆਲ ਵੀ ਆਏਗਾ ਕਿ ਉਹ ਵਾਰਸ ਕਿਸ ਦੇ ਹਨ ?

SikhBookClub.com

(4)

ਪੰਜਾਂ ਤਖਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ!

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫ ਪੰਨਾ ੧੧)

ਅਰਦਾਸ ਵਿਚ ਇੱਥੇ ਪੰਜਾਂ ਤਖਤਾਂ ਅਤੇ ਸਾਰੇ ਹੀ ਗੁਰਦੁਆਰਾ ਸਾਹਿਬਾਨ ਦਾ ਧਿਆਨ ਧਰ ਕੇ ਵਾਹਿਗੁਰੂ ਦਾ ਜੈਕਾਰ ਕੀਤਾ ਗਿਆ ਹੈ। ਸਾਰੇ ਸੰਸਾਰ ਵਿਚ ਜਿੱਥੇ ਵੀ ਗੁਰੂ ਨਾਨਕ ਨਾਮ ਲੇਵਾ ਵਸਦੇ ਹਨ ਉੱਥੇ ਗੁਰਦੁਆਰਾ ਸਾਹਿਬ ਕਾਇਮ ਕਰ ਲੈਂਦੇ ਹਨ। 1936 ਵਾਲੀ ਰਹਿਤ ਮਰਯਾਦਾ ਵਿਚ ਚਾਰ ਤਖ਼ਤ ਦਰਜ ਸਨ। ਸ਼ਿਰੋਮਣੀ ਤਖ਼ਤ ਸ੍ਰੀ ਅਕਾਲ ਸਾਹਿਬ, ਜਿਸਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸਥਾਪਤ ਕੀਤਾ, ਦੇ ਨਾਲ ਤਖ਼ਤ ਸ੍ਰੀ ਪਟਨਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲੰਮੀ ਜਦੋਜਹਿਦ ਦੇ ਬਾਅਦ 23 ਅਪ੍ਰੈਲ, 1999 ਨੂੰ ਭਾਰਤ ਸਰਕਾਰ ਦੇ ਗ੍ਰਹਿ ਮੰਤ੍ਰਾਲੇ ਨੇ ਨੋਟੀਫ਼ਿਕੇਸ਼ਨ ਨੰਬਰ ਐਸ. ਓ. 281(ਈ) ਰਾਹੀਂ ਗੁਰਦੁਆਰਾ ਐਕਟ ਵਿਚ ਤਰਮੀਮ ਕਰ ਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਪੰਜਵਾਂ ਤਖ਼ਤ ਐਲਾਨ ਦਿੱਤਾ। ਇਸ ਬਾਰੇ ਵੇਰਵਾ ਅੱਗੇ ਸਿੱਖ ਰਹਿਤ ਮਰਯਾਦਾ ਦੇ ਗੁਰਦੁਆਰਾ ਅਧਿਆਇ ਦੇ ਅੰਕ (ਟ) ਦਿੱਤਾ ਗਿਆ ਹੈ।

(5)

ਪ੍ਰਿਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿੱਤ ਆਵੇ, ਚਿੱਤ ਆਵਨ ਕਾ ਸਦਕਾ ਸਰਬ ਸੁਖ ਹੋਵੇ। ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ, ਦੇਗ ਤੇਗ ਫ਼ਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖਾਲਸੇ ਜੀ ਕੇ ਬੋਲਬਾਲੇ, ਬੋਲੋ ਜੀ ਵਾਹਿਗੁਰੂ !

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫ ਪੰਨਾ ੧੧)

ਅਰਦਾਸ ਵਿਚ ਸਭ ਤੋਂ ਪਹਿਲਾਂ ਸਰਬੱਤ ਖਾਲਸਾ ਜੀ ਵੱਲੋਂ ਅਰਦਾਸ ਕੀਤੀ ਗਈ ਹੈ ਕਿ ਸਰਬੱਤ ਖਾਲਸਾ ਜੀ ਨੂੰ ਗੁਰ ਮੰਤਰ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿੱਤ ਆਵੇ ਅਤੇ ਇਸਦੇ ਸਦਕਾ ਸਰਬ ਸੁੱਖ ਹੋਵੇ। ਸਿੱਖ ਰਹਿਤ ਮਰਯਾਦਾ ਦੇ ਅਰੰਭ ਵਿਚ ਹੀ 1. ਨਾਮ ਬਾਣੀ ਦਾ ਅਭਿਆਸ ਸਿਰਲੇਖ ਵਿਚ ਵੀ ਅੰਕਤ ਹੈ—1. ਸਿੱਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗ ਕੇ ਇਸ਼ਨਾਨ ਕਰੇ ਅਤੇ ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ 'ਵਾਹਿਗੁਰੂ' ਨਾਮ ਜਪੇ। ਉਪਰੰਤ ਅੰਮ੍ਰਿਤ ਸੰਸਕਾਰ ਵਿਚ ਵੀ ਵਾਹਿਗੁਰੂ ਦਾ ਨਾਮ ਦੱਸ ਕੇ ਮੂਲ ਮੰਤ੍ਰ ਸੁਣਾਉਣ ਤੇ ਰਟਨ ਕਰਾਉਣ ਦਾ ਆਦੇਸ਼ ਹੈ।

ਇਸ ਦੇ ਬਾਅਦ ਜਿੱਥੇ ਜਿੱਥੇ ਵੀ ***'ਖਾਲਸਾ ਜੀ ਸਾਹਿਬ'*** ਹੈ ਉੱਥੇ ਰਛਿਆ ਅਤੇ ਰਿਆਇਤ ਦੀ ਯਾਚਨਾ ਕੀਤੀ ਗਈ ਹੈ। ਪਾਕਿਸਤਾਨ ਵਿਚ ਗੁਰੂ ਪੰਥ ਤੋਂ ਵਿਛੜੇ ਗੁਰਧਾਮ ਦੂਰ ਦੁਰਾਡੇ ਇਲਾਕਿਆਂ ਵਿਚ ਹਨ ਅਤੇ ਜਿੱਥੇ ਸਿੱਖਾਂ ਦੀ ਕੋਈ ਆਬਾਦੀ ਨਹੀਂ ਹੈ, ਉੱਥੇ ਇਕੱਲੇ ਦੁਕੱਲੇ ਸਿੱਖ ਉਹਨਾਂ ਗੁਰਦੁਆਰਾ ਸਾਹਿਬ ਦੀ ਸੇਵਾ ਕਰ ਰਹੇ ਹਨ। ਇੱਥੇ ਪਹੁੰਚ ਕੇ ਇਸ ਮੰਗ ਦੀ ਅਹਿਮੀਅਤ ਦਾ ਅਹਿਸਾਸ ਹੁੰਦਾ ਹੈ।

SikhBookClub.com

ਅਗਲੀ ਯਾਚਨਾ ਹੈ ***'ਦੇਗ ਤੇਗ ਫ਼ਤਹ'*** ਦੀ ਜਿਸਦਾ ਜ਼ਿਕਰ ਸਿੱਖ ਰਹਿਤ ਮਰਯਾਦਾ ਵਿਚ ਕਈ ਥਾਂ 'ਤੇ ਆਇਆ ਹੈ ਅਤੇ ਇਸ ਬਾਰੇ ਵਿਸਥਾਰ ਸਹਿਤ ਵਿਚਾਰ ਦਿੱਤੀ ਗਈ ਹੈ।

ਅਗਲੀ ਬੇਨਤੀ ਹੈ ***ਬਿਰਦ ਕੀ ਪੈਜ ਦੀ।*** ਇਸ ਬਾਰੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸਾਡੀ ਮਨੋਬਿਰਤੀ ਨੂੰ ਬਹੁਤ ਹੀ ਸੁੰਦਰ ਢੰਗ ਨਾਲ ਅਰਦਾਸ ਦੇ ਰੂਪ ਵਿਚ ਸਾਡੀ ਝੋਲੀ ਵਿਚ ਪਾਇਆ ਹੈ ਕਿ ਹੇ ਵਾਹਿਗੁਰੂ! ਮੈਨੂੰ ਕੋਈ ਕਰਮ ਅਤੇ ਧਰਮ ਨਹੀਂ ਆਂਦਾ। ਮੈਂ ਲੋਭੀ ਅਤੇ ਮਾਇਆਧਾਰੀ ਵੀ ਹਾਂ। ਪਰ ਲੋਕਾਂ ਵਿਚ ਇਹ ਮਸ਼ਹੂਰ ਹੋ ਗਿਆ ਹਾਂ ਕਿ ਮੈਂ ਤੇਰਾ ਭਗਤ ਹਾਂ। ਹੁਣ ਇਹ ਮੇਰੀ ਨਹੀਂ ਬਲਕਿ ਤੇਰੀ ਪੈਜ, ਤੇਰੀ ਇੱਜ਼ਤ ਦਾ ਸਵਾਲ ਹੈ। ਤੂੰ ਆਪਣੀ ਪੈਜ ਆਪ ਹੀ ਰਖ ਲੈ।

ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ ॥
ਨਾਮੁ ਪਰਿਓ ਭਗਤੁ ਗੋਵਿੰਦ ਕਾ ਇਹ ਰਾਖਹੁ ਪੈਜ ਤੁਮਾਰੀ ॥੧॥

(ਮ. ੫, ਅੰਗ ੬੨੫)

ਉਪਰੰਤ ***ਪੰਥ ਕੀ ਜੀਤ*** ਅਤੇ ***ਸ੍ਰੀ ਸਾਹਿਬ ਜੀ*** ਦੀ ਸਹਾਇਤਾ ਦੀ ਮੰਗ ਕੀਤੀ ਹੈ। ***"ਯਾ ਕਲ ਮੈ ਸਭ ਕਾਲ ਕ੍ਰਿਪਾਨ ਕੇ ਭਾਰੀ ਭਾਰੀ ਭੁਜਾਨ ਕੋ ਭਾਰੀ ਭਰੋਸੋ ॥੯੨॥"*** ਖਾਲਸੇ ਦਾ ਆਦਰਸ਼ ਹੈ ***ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥*** ਪੰਥ ਗੁਰੂ ਦਾ ਹੈ ਅਤੇ ਜਿੱਤ ਵੀ ਗੁਰੂ ਦੀ ਹੀ ਹੈ। ਸ਼ਸਤ੍ਰ ਵਿਹੀਣ ਹੋ ਕੇ ਇਹ ਨਹੀਂ ਹੋ ਸਕਦਾ। ਫ਼ਿਰ ***'ਖਾਲਸੇ ਜੀ ਕੇ ਬੋਲਬਾਲੇ।'*** ਦੀ ਅਰਦਾਸ ਹੈ ਅਤੇ ਨਾਲ ਹੀ ਵਾਹਿਗੁਰੂ ਦਾ ਜੈਕਾਰ ਗਜਾਇਆ ਗਿਆ ਹੈ। ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪੂਰਬੀ ਬਾਹੀ ਦੇ ਦਰਵਾਜ਼ੇ ਦੇ ਉੱਤੇ ਇਹ ਖਾਲਸਈ ਆਦਰਸ਼ ਮਰਮਰ ਵਿਚ ਉਕਰਿਆ ਹੋਇਆ ਹੈ।

੧ਓਸਤਿਨਾਮਕਰਤਾਪੁਰਖਨਿਰਭਉਨਿਰਵੈਰਅਕਾਲਮੂਰਤਅਜੂਨੀਸੈ
ਭੰਗੁਰਪਰਸਾਦਿ ॥ ਸ੍ਰੀਸਤਗੁਰੂਜੀਖਾਲਸੇਜੀਕਾਸਦਾਬੋਲਬਾਲਾਰਖੇ



ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪੂਰਬੀ ਬਾਹੀ ਤੇ 'ਖਾਲਸਾ ਜੀ ਕੇ ਬੋਲਬਾਲੇ'

(6)

ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਕੀਆਂ ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ !!!

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੧)

SikhBookClub.com

ਵਿਆਖਿਆ

ਅਰਦਾਸ ਦੇ ਇਸ ਖੰਡ ਵਿਚ ਕੁੱਝ ਦਾਤਾਂ ਦੀ ਯਾਚਨਾ ਹੈ। ਇਸ ਵਿਚ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ ਅਤੇ ਵਿਸਾਹ ਦਾਨ ਦੀ ਮੰਗ ਹੈ ਪਰ ਇਹਨਾਂ ਵਿਚ ਸਿਰਮੌਰ ਦਾਨਾਂ ਸਿਰ ਦਾਨ ਨਾਮ ਦਾਨ ਲਈ ਜੋਦੜੀ ਹੈ। ਵਾਹਿਗੁਰੂ ਦਾ ਨਾਮ ਸਿੱਖੀ ਦੀ ਸਾਹ ਰਗ ਹੈ। ਅਰਦਾਸ ਵਿਚ ਹੀ ਨਾਮ ਜਪਣ ਵਾਲਿਆਂ ਦੀ ਕਮਾਈ ਦਾ ਧਿਆਨ ਧਰ ਕੇ ਜੈਕਾਰ ਕੀਤਾ ਗਿਆ ਹੈ। ਜੀਵਨ ਦੇ ਹਰ ਪੰਧ 'ਤੇ ਨਾਮ ਬਾਣੀ ਦਾ ਅਭਿਆਸ, ਸਿਮਰਨ, ਜਾਪ ਅਤੇ ਆਸਰਾ ਲੈਣਾ ਹੈ। ਪਰ ਇਹ ਅਕਾਲ ਪੁਰਖ ਦੀ ਵੱਡੀ ਦਾਤ ਹੈ ਅਤੇ ਉਸਦੀ ਕਿਰਪਾ ਨਾਲ ਹੀ ਪ੍ਰਾਪਤ ਹੁੰਦੀ ਹੈ। ਸਿੱਖ ਰਹਿਤ ਮਰਯਾਦਾ ਦੀ ਅਰੰਭਤਾ ਹੀ ਨਾਮ ਬਾਣੀ ਦਾ ਅਭਿਆਸ ਅਧਿਆਇ ਨਾਲ ਹੁੰਦੀ ਹੈ।

ਪਹਿਲੀ ਦਾਤ ਜਿਸ ਦੀ ਮੰਗ ਹੈ, ਉਹ ਹੈ ਸਿੱਖੀ ਦਾ ਦਾਨ। ਇਹ ਮਹਾਨ ਦਾਤ ਗੁਰੂ ਦੀ ਬਖਸ਼ਿਸ਼ ਰਹਿਮਤ ਕਿਰਪਾ ਸਦਕਾ ਪ੍ਰਾਪਤ ਹੁੰਦੀ ਹੈ। ਬਾਬਾ ਮੋਹਰੀ ਭਾਵੇਂ ਸਤਿਗੁਰੂ ਅਮਰਦਾਸ ਜੀ ਦੇ ਸਪੁਤ੍ਰ ਸਨ ਪਰ ਪ੍ਰਵਾਨ ਤਾਂ ਹੋਏ ਜਦੋਂ ਉਹਨਾਂ ਨੇ ਗੁਰੂ ਰਾਮ ਦਾਸ ਜੀ ਦੇ ਚਰਨ ਪਰਸੇ।

ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ ॥
ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ ॥

(ਰਾਮਕਲੀ ਸਦ ਬਾਬਾ ਸੁੰਦਰ ਜੀ, ਅੰਗ ੯੨੪)

ਕੇਸ ਦਾਨ ਬਾਰੇ ਪੰਜ ਕਕਾਰਾਂ ਵਾਲੇ ਅਧਿਆਇ ਵਿਚ ਬੜੇ ਹੀ ਵਿਸਥਾਰ ਸਹਿਤ ਵਿਚਾਰ ਕੀਤੀ ਜਾ ਚੁਕੀ ਹੈ। ਇਸ ਦੇ ਬਾਅਦ ਰਹਿਤ ਦਾਨ ਹੈ। ਰਹਿਤ ਦੇ ਬਿਨਾਂ ਸਿੱਖੀ ਆਤਮਾ ਦੇ ਬਿਨਾਂ ਸਰੀਰ ਤੁਲ ਹੈ। ਇਹ ਸਾਰੀ ਪੁਸਤਕ ਉਸੇ ਦੀ ਹੀ ਵਿਆਖਿਆ ਮਾਤਰ ਹੈ। ਫ਼ਿਰ ਬਿਬੇਕ ਦਾਨ ਦੀ ਅਰਦਾਸ ਹੈ। ਬਿਬੇਕ ਆਪਣੀ ਬੁੱਧੀ, ਸਮਝ ਅਤੇ ਸੋਚ ਨਹੀਂ ਬਲਕਿ ਇਹ ਸਮਝਣ ਦੀ ਲੋੜ ਹੈ ਕਿ ਸਾਡੀ ਬਿਬੇਕ ਬੁਧ ਬਹੁਤ ਹੀ ਕਮਜ਼ੋਰ ਹੈ। ਇਸ ਦੀ ਸੀਮਾ ਨੂੰ ਸਮਝਣ ਦੀ ਲੋੜ ਹੈ। ਇਹ ਇਕ ਟਿਮਟਿਮਾਂਦਾ ਮੱਧਮ ਜਿਹਾ ਦੀਵਾ ਹੈ ਜਿਸਦੇ ਸਹਾਰੇ ਬਹੁਤ ਥੋੜੀ ਦੂਰੀ ਤਕ ਹੀ ਦੇਖਿਆ ਜਾ ਸਕਦਾ ਹੈ। ਫ਼ਿਰ ਆਪਣੀ ਇਸ ਕਮਜ਼ੋਰ ਅਤੇ ਮੱਧਮ ਬੁਧ ਬਿਬੇਕ ਦੇ ਨਾਲ ਵਾਹਿਗੁਰੂ ਦੇ ਦੱਸੇ ਮਾਰਗ 'ਤੇ ਕਦਮ ਕਦਮ ਤੁਰ ਕੇ ਮੰਜ਼ਿਲੇ ਮਕਸੂਦ 'ਤੇ ਪਹੁੰਚਿਆ ਜਾ ਸਕਦਾ ਹੈ।

ਉਪਰੰਤ ਵਿਸਾਹ ਦਾਨ ਅਤੇ ਭਰੋਸਾ ਦਾਨ ਲਈ ਜੋਦੜੀ ਹੈ। ਗੁਰੂ ਪ੍ਰਤੀ ਮੁਕੰਮਲ ਸਿਦਕ, ਪੂਰਨ ਭਰੋਸਾ ਅਤੇ ਅਟੁੱਟ ਵਿਸਵਾਸ ਜ਼ਰੂਰੀ ਹੈ। ਚਤੁਰਾਈਆਂ, ਸਿਆਣਪਾਂ ਅਤੇ ਹੁੱਜਤਾਂ ਛੱਡ ਕੇ ਹੀ ਵਿਸਾਹ ਦਾਨ ਅਤੇ ਭਰੋਸਾ ਦਾਨ ਝੋਲੀ ਵਿਚ ਪੈਂਦਾ ਹੈ।

ਅਮਰੁ ਵੇਪਰਵਾਹੁ ਹੈ ਤਿਸੁ ਨਾਲਿ ਸਿਆਣਪ ਨ ਚਲਈ
ਨ ਹੁਜਤਿ ਕਰਣੀ ਜਾਇ ॥ ਆਪੁ ਛੋਡਿ ਸਰਣਾਇ ਪਵੈ ਮੰਨਿ ਲਏ ਰਜਾਇ ॥

(ਮ. ੪, ਅੰਗ ੧੨੫੧)

ਵਿਸਾਹ ਅਤੇ ਭਰੋਸਾ ਕਾਇਮ ਹੋਣ ਦੇ ਬਾਅਦ ਹੀ ਸਿੱਖੀ ਟਿਕਦੀ ਹੈ :

SikhBookClub.com

ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥

(ਮ. ੫, ਅੰਗ ੨੮੫)

ਇਹ ਦ੍ਰਿੜ੍ਹ ਵਿਸ਼ਵਾਸ ਅਤੇ ਭਰੋਸਾ ਚਾਹੀਦਾ ਹੈ ਕਿ ਧਰੂਅ ਤਾਰਾ ਭਾਵੇਂ ਆਪਣੀ ਥਾਂ ਬਦਲ ਲਵੇ, ਧਰਤੀ ਡੋਲ ਜਾਏ ਪਰ ਸਤਿਗੁਰੂ ਜੀ ਦਾ ਬਚਨ ਅਟਲ ਹੈ। ਇਹ ਨਿਸਚਤ ਪੂਰਾ ਹੋਏਗਾ :

ਧਰੂਅ ਵਿਧਰਤ ਔ ਧਵਲ ਡੁਲਾਇ।
ਸਤਿਗੁਰ ਬਚਨ ਨ ਖਾਲੀ ਜਾਇ॥

(ਪੰਥ ਪ੍ਰਕਾਸ਼)

ਇਸੇ ਸਿਦਕ ਭਰੋਸੇ ਨਾਲ ਹੀ ਗੁਰੂ ਦੇ ਹੁਕਮ 'ਤੇ ਟੁਰਿਆ ਜਾ ਸਕੀਦਾ ਹੈ :

ਤਉ ਮੈ ਆਇਆ ਸਰਨੀ ਆਇਆ ॥
ਭਰੋਸੈ ਆਇਆ ਕਿਰਪਾ ਆਇਆ ॥
ਜਿਉ ਭਾਵੈ ਤਿਉ ਰਾਖਹੁ ਸੁਆਮੀ
ਮਾਰਗੁ ਗੁਰਹਿ ਪਠਾਇਆ ॥੧॥

(ਮ. ੫, ਅੰਗ ੭੪੬)

ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ - ਹਰ ਸਿੱਖ ਦੀ ਨਿਤਾਪ੍ਰਤਿ ਦੀ ਅਰਦਾਸ ਹੈ ਸਚਿਖੰਡ ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ ਦੀ। ਇਤਿਹਾਸ ਨੇ ਵੀ ਸਾਬਤ ਕਰ ਦਿੱਤਾ ਹੈ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਇਸ਼ਨਾਨ ਨਾਲ ਪੰਥ ਵਿਚ ਅਗੰਮੀ ਸ਼ਕਤੀ ਦਾ ਸੰਚਾਰ ਹੁੰਦਾ ਹੈ ਇਸ ਲਈ ਜਿਤਨੀਆਂ ਕੁਰਬਾਨੀਆਂ ਪੰਥ ਨੇ ਕੀਤੀਆਂ ਹਨ ਉਤਨੀਆਂ ਸ਼ਾਇਦ ਪਰਿਕਰਮਾਂ ਵਿਚ ਸਿਲਾਂ ਵੀ ਨਹੀਂ ਹਨ। ਅਠਾਰ੍ਹਵੀਂ ਸਦੀ ਵਿਚ ਜਦੋਂ ਹਰਿਮੰਦਰ ਸਾਹਿਬ ਨੂੰ ਪੂਰੀ ਤਰ੍ਹਾਂ ਘੇਰਾ ਪਿਆ ਸੀ, ਉਸ ਸਮੇਂ ਵੀ ਸੇਵਾ ਪੰਥੀ ਭਾਈ ਮਨਸਾ ਸਿੰਘ ਜੀ ਸਰੋਵਰ ਵਿਚ ਠਿਲ੍ਹ ਕੇ ਅੰਦਰ ਜੋਤਿ ਜਗਾ ਆਂਦੇ ਸਨ। ਇਕ ਵਾਰ ਵਾਪਸ ਆਂਦਿਆਂ ਆਪ ਜੀ ਨੂੰ ਗੋਲੀ ਲਗੀ ਅਤੇ ਸ਼ਹੀਦ ਹੋ ਗਏ ਪਰ ਜੋਤਿ ਜਗਾ ਆਏ।

ਨਾਦਰ ਸ਼ਾਹ ਵੀ ਪਰੇਸ਼ਾਨ ਸੀ ਕਿ *ਗੰਗਾ ਜਮਨਾ ਨਿਕਟ ਨਾ ਜਾਵੈ। ਆਪਨੇ ਗੁਰ ਕੀ ਛਪੜੀ ਨ੍ਹਾਵੈ।* ਪਰ ਉਸ ਨੂੰ ਅਤੇ ਉਸ ਵਰਗਿਆਂ ਨੂੰ ਛੇਤੀ ਸਮਝ ਆ ਗਈ ਕਿ ਇਸ ਪਾਵਨ ਸਰੋਵਰ ਵਿਚ ਕੀਤੇ ਇਸ਼ਨਾਨ ਸਿੱਖੀ ਦਾ ਬੂਟਾ ਹਰਿਆ ਹੋ ਜਾਂਦਾ ਹੈ। ਪਰ ਹੈਰਾਨੀ ਹੈ ਕਿ ਇਸ ਪਾਵਨ ਸਰੋਵਰ ਪ੍ਰਤੀ ਨਿੰਦਾ ਦਾ ਕ੍ਰਮ ਜਾਰੀ ਹੈ । ਅਲਬੱਤਾ ਹੁਣ ਪਾਤਰ ਸਿੱਖੀ ਸਰੂਪ ਵਿਚ ਵੀ ਨਜ਼ਰ ਆਂਦੇ ਹਨ।

ਜਿਨ ਹਰਿਮੰਦਰ ਕੀ ਨਿੰਦਾ ਕਰੀ ਤਿਨ ਘੋਰ ਪਾਪ ਕੀਏ ਨ ਕੀਏ।
ਜਿਨ ਸੁਧਾਸਰ ਕੋ ਵਿਅਰਥ ਕਹਾ, ਤਿਨ ਘੋਰ ਨਰਕ ਇਕਤ੍ਰ ਕੀਏ ਨ ਕੀਏ।
ਜਿਨ ਚਰਨ ਗੰਗਾ ਕਾ ਖੰਡਨ ਕੀਆਂ, ਤਿਨ ਜੀਵਨ ਜਲ ਗੰਧਲੇ ਕੀਏ ਨ ਕੀਏ।
ਜਿਨ ਹਰਿ ਕੀ ਪਉੜੀ ਕਾ ਚੂਲਾ ਨ ਲੀਆ, ਤਿਨ ਵਿਸ਼ਟਾ ਕਿਰਮ ਥੀਆ ਨ ਥੀਆ।

SikhBookClub.com

ਜਿਨ ਰਾਮਦਾਸ ਕੇ ਦਰ ਮਸਤਕ ਨ ਧਰਾ, ਤਿਨ ਪਸੂ ਜੂਨ ਪੜਾ ਨ ਪੜਾ।
ਜਿਨ ਦੁਖਭੰਜਨੀ ਵਿਖੇ ਇਸ਼ਨਾਨ ਨ ਕੀਆ, ਤਿਨ ਜੀਵਨ ਵਿਅਰਥ ਕੀਆ ਨ ਕੀਆ।

(ਗੁਰਚਰਨਜੀਤ ਸਿੰਘ ਲਾਂਬਾ)

ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਭਾਈ ਪੈੜਾ ਤੇ ਭਾਈ ਕੰਦੂ ਆਏ ਤੇ ਪੁੱਛਿਆ ਕਿ ਉਹਨਾਂ ਦਾ ਉਧਾਰ ਕਿਵੇਂ ਹੋਵੇ। ਸੱਚੇ ਪਾਤਸ਼ਾਹ ਜੀ ਨੇ ਜਵਾਬ ਦਿੱਤਾ:

> **ਭਾਈ ਪੈੜਾ ਛਜਲੁ ਜਾਤ ਦਾ ਤੇ ਕੰਦੂ ਜਾਤ ਦਾ ਸੰਘਰੁ ਗੁਰੂ ਅਰਜਨ ਜੀ ਦੀ ਸਰਨਿ ਆਏ। ਜੋ ਅਸਾਡਾ ਉਦਾਰੁ ਕਿਉਂ ਕਰਿ ਹੋਵੈ ਜੀ? ਤਾਂ ਬਚਨੁ ਹੋਇਆ: ਜੋ ਅੰਮ੍ਰਿਤਸਰ ਜੀ ਕਾ ਇਸਨਾਨੁ ਕੀਤਾ ਕਰੋ ਤੇ ਸਬਦ ਦਾ ਵੀਚਾਰੁ ਕੀਤਾ ਕਰੋ, ਤੇ ਸਿਖਾਂ ਦੀ ਟਹਿਲ ਕੀਤਾ ਕਰੋ।**

(ਸਿੱਖਾਂ ਦੀ ਭਗਤ ਮਾਲਾ, ਸਾਖੀ ੫੭, ਪੰਨਾ ੮੬)

ਇਸ ਦੇ ਬਾਅਦ ਚੌਂਕੀਆਂ, ਝੰਡਿਆਂ ਅਤੇ ਬੁੰਗਿਆਂ ਦੇ ਜੁਗੋ ਜੁਗ ਅਟੱਲ ਹੋਣ ਦੀ ਕਾਮਨਾ ਹੈ। ਨਿਰਾਕਾਰ ਨਿਸ਼ਾਨਾ ਹੈ ਪਰ ਇਸ ਲਈ ਕੁੱਝ ਆਕਾਰ ਸਿਰਜਣੇ ਪੈਂਦੇ ਹਨ। ਜਿਵੇਂ ਹਰਿਮੰਦਰ ਸਾਹਿਬ, ਚੌਰ, ਮੰਜੀ ਸਾਹਿਬ, ਨਿਸ਼ਾਨ ਸਾਹਿਬ ਆਦਿ ਆਦਿ ਆਕਾਰ ਹਨ ਜੋ ਉਸ ਨਿਰਾਕਾਰ ਵਲ ਲੈ ਕੇ ਜਾਂਦੇ ਹਨ। ਇਸੇ ਤਰ੍ਹਾਂ ਇਹ ਚੌਂਕੀਆਂ, ਝੰਡੇ ਅਤੇ ਬੁੰਗੇ ਧਰਮ ਦੀ ਜੈਕਾਰ ਹਾਸਲ ਕਰਨ ਲਈ ਪੰਥ ਨੇ ਸਿਰਜੇ ਹਨ। ਇਹਨਾਂ ਦੀ ਕਾਇਮੀ ਅਤੇ ਬੁਲੰਦੀ ਖਾਲਸੇ ਦੀ ਚੜ੍ਹਦੀ ਕਲਾ ਦੇ ਲਖਾਇਕ ਹਨ ਅਤੇ ਇਸ ਨਾਲ ਹੀ ਧਰਮ ਕਾ ਜੈਕਾਰ ਗਜਾਇਆ ਜਾ ਸਕਦਾ ਹੈ।

(7)

ਸਿੱਖਾਂ ਦਾ ਮਨ ਨੀਵਾਂ, ਮਤ ਉੱਚੀ, ਮਤ ਦਾ ਰਾਖਾ ਆਪਿ ਵਾਹਿਗੁਰੂ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੧)

ਅਰਦਾਸ ਦੀ ਇਸ ਛੋਟੀ ਜਹੀ ਸਤਰ ਵਿਚ ਬਹੁਤ ਵੱਡੀ ਮੰਗ ਹੈ। ਇਸ ਵਿਚ ***ਮਨ ਨੂੰ ਨੀਵਾਂ ਅਤੇ ਮਤ ਉੱਚੀ*** ਰੱਖਣ ਦੀ ਅਰਦਾਸ ਹੈ। ਨਾਲ ਹੀ ਵਾਹਿਗੁਰੂ ਨੂੰ ਮਤ ਦਾ ਰਾਖਾ ਹੋਣ ਦੀ ਅਰਦਾਸ ਹੈ। ਸਿੱਖ ਰਹਿਤ ਮਰਯਾਦਾ ਵਿਚ ਲਫ਼ਜ਼ ਮਤਾ ਦਾ ਰਾਖਾ ਹਨ ਪਰ ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ***ਮਤ ਪਤ ਦਾ ਰਾਖਾ*** ਬੋਲੇ ਜਾਂਦੇ ਹਨ। ਜੇਕਰ ਮਤ ਉੱਚੀ ਹੋ ਕੇ ਮਨ ਨੀਵਾਂ ਹੋ ਜਾਏ ਤਾਂ ਫ਼ਿਰ ਦੁਨਿਆਵੀਪਤ, ਲੋਕ ਲਾਜ ਨਿਰਰਥਕ ਹੋ ਜਾਂਦੇ ਹਨ।

(8)

ਹੇ ਅਕਾਲ ਪੁਰਖ ! ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ! ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੧)

SikhBookClub.com

1947 ਦੇ ਘੱਲੂਘਾਰੇ ਨੇ ਪੰਥ ਨੂੰ ਬਹੁਤ ਡੂੰਘੇ ਜ਼ਖਮ ਦਿੱਤੇ ਹਨ ਜਿਸਦੀ ਭਰਪਾਈ ਦੂਰ ਭਵਿੱਖ ਤਕ ਨਜ਼ਰ ਨਹੀਂ ਆ ਰਹੀ। ਇਸ ਵਿਚ ਸ੍ਰੀ ਨਨਕਾਣਾ ਸਾਹਿਬ ਅਤੇ ਅਣਗਿਣਤ ਗੁਰਦੁਆਰੇ ਅਤੇ ਗੁਰਧਾਮ ਪੰਥ ਤੋਂ ਵਿਛੋੜ ਦਿੱਤੇ ਗਏ ਹਨ। ਅਰਦਾਸ ਵਿਚ ਖਾਲਸਾ ਜੀ ਨੂੰ ਉਹਨਾਂ ਗੁਰਧਾਮਾਂ ਦੇ ਖੁਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦੀ ਯਾਚਨਾ ਕੀਤੀ ਗਈ ਹੈ। ਇਸ ਵਿਚ ਪਹਿਲੀ ਅਰਦਾਸ ਹੈ ਖੁਲ੍ਹੇ ਦਰਸ਼ਨ ਦੀਦਾਰ ਦੀ। ਕੁੱਝ ਪਤਵੰਤੇ ਵਿਅਕਤੀਆਂ ਅਤੇ ਸਰਕਾਰੇ ਦਰਬਾਰੇ ਅਸਰ ਰਸੂਖ ਰੱਖਣ ਵਾਲਿਆਂ ਨੂੰ ਖੁਲ੍ਹੀ ਆਵਾਜਾਈ ਮਿਲ ਜਾਣੀ ਜਾਂ ਕਦੇ ਕਦਾਈਂ ਕੁੱਝ ਜਥਿਆਂ ਨੂੰ ਗੁਰਧਾਮਾਂ ਦੇ ਦਰਸ਼ਨ ਨੂੰ ਖੁਲ੍ਹੇ ਦਰਸ਼ਨ ਦੀਦਾਰ ਨਹੀਂ ਕਿਹਾ ਜਾ ਸਕਦਾ। ਇਕਬਾਲ ਦਾ ਕਥਨ ਹੈ,

ਮੁਲਾਂ ਕੋ ਜੋ ਹੈ ਮਸਜਿਦ ਮੇਂ ਜਾਨੇ ਕੀ ਇਜਾਜ਼ਤ।
ਨਾਦਾਂ ਯੇਹ ਸਮਝਤਾ ਹੈ ਕਿ ਇਸਲਾਮ ਹੈ ਆਜ਼ਾਦ।

ਇਸ ਵਿਚ ਦੂਜੀ ਜੋਦੜੀ ਹੈ ਵਿਛੜੇ ਹੋਏ ਗੁਰਦੁਆਰਿਆਂ ਅਤੇ ਗੁਰਧਾਮਾਂ ਦੀ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਮਿਲਣ ਦੀ। ਇਤਿਹਾਸ ਗਵਾਹ ਹੈ ਕਿ ਗੁਰਦੁਆਰਿਆਂ ਦੀ ਸੇਵਾ ਸੰਭਾਲ ਖਾਲਸਾ ਜੀ ਹੀ ਕਰ ਸਕਦਾ ਹੈ। ਪਾਕਿਸਤਾਨ ਵਿਚ ਕਿਤਨੇ ਹੀ ਇਤਿਹਾਸਕ ਗੁਰਦੁਆਰੇ ਹਨ ਪਰ ਬੰਦ ਯਾ ਬੰਦ ਵਰਗੇ ਹਨ। ਜਦੋਂ ਸੰਗਤਾਂ ਦੀ ਆਮਦ ਹੁੰਦੀ ਹੈ ਤਾਂ ਦੀਵਾਨ ਲਗਦੇ ਹਨ। ਸੋ ਅਰਦਾਸ ਤਾਂ ਨਿਰੰਤਰ ਜਾਰੀ ਹੈ ਪਰ ਅਜੇ ਤੜਪ ਨਹੀਂ ਪਰਗਟ ਹੋਈ। ਜਿਸ ਦਿਨ ਇਹ ਹੋ ਗਈ, ਹੋ ਸਕਦਾ ਗੁਰੂ ਨਾਨਕ ਦੇਵ ਜੀ ਤਰੁੱਠ ਕੇ ਕਿਰਪਾ ਕਰ ਦੇਣ।

(9)

ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ ਵਾਹਿਗੁਰੂ! ਆਪ ਦੇ ਹਜ਼ੂਰ........ ਦੀ ਅਰਦਾਸ ਹੈ ਜੀ। ਅੱਖਰ ਵਾਧਾ ਘਾਟਾ ਭੁੱਲ ਚੁੱਕ ਮਾਫ ਕਰਨੀ। ਸਰਬੱਤ ਦੇ ਕਾਰਜ ਰਾਸ ਕਰਨੇ। ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੈ।

(ਫ਼ੁਟ ਨੋਟ-ਇੱਥੇ ਉਸ ਬਾਣੀ ਦਾ ਨਾਮ ਲਵੋ, ਜੋ ਪੜ੍ਹੀ ਹੈ, ਜਾਂ ਜਿਸ ਕਾਰਜ ਲਈ ਇਕੱਤ੍ਰਤਾ ਜਾਂ ਸੰਗਤ ਜੁੜੀ ਹੋਵੇ, ਉਸ ਦਾ ਜ਼ਿਕਰ ਯੋਗ ਸ਼ਬਦਾਂ ਵਿਚ ਕਰੋ।)

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੧)

ਇਸ ਪੈਰੇ ਵਿਚ ਪੂਰੀ ਦੀਨਤਾ ਅਤੇ ਅਧੀਨਤਾ ਨਾਲ ਜਿਸ ਕਾਰਜ ਲਈ ਸੰਗਤ ਜੁੜੀ ਹੈ ਉਸਦੇ ਲਈ ਵਾਹਿਗੁਰੂ ਅੱਗੇ ਜੋਦੜੀ ਕੀਤੀ ਜਾਂਦੀ ਹੈ। ਨਾਲ ਹੀ ਭੁੱਲਾਂ ਦੀ ਖਿਮਾਂ ਅਤੇ ਅਰਦਾਸ ਕੀਤੀ ਜਾਂਦੀ ਹੈ ਕਿ ਜੁੜਿਆਂ ਦਾ ਮੇਲ ਹੋਏ ਤਾਂ ਕਿ ਵਾਹਿਗੁਰੂ ਚਿਤ ਆਵੇ।

(10)

ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬੱਤ ਦਾ ਭਲਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੧)

SikhBookClub.com

ਵਿਆਖਿਆ

ਅਰਦਾਸ ਦਾ ਇਹ ਅਖੀਰਲਾ ਬੰਦ ਹੈ। ਇਸ ਵਿਚ ਨਾਮ ਦੇ ਆਸਰੇ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਹੈ। 1936 ਵਿਚ ਅੰਕਤ ਅਰਦਾਸ ਦੀ ਅਰੰਭਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ 'ਸ੍ਰੀ ਭਗੌਤੀ ਜੀ ਸਹਾਇ' ਤੋਂ ਹੁੰਦੀ ਹੈ ਅਤੇ ਇਸ ਦੀ ਸਮਾਪਤੀ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ' 'ਤੇ ਹੁੰਦੀ ਹੈ। ਅਰਦਾਸ ਦੇ ਫੁਟ ਨੋਟ ਵਿਚ ਵਿਆਖਿਆ ਕੀਤੀ ਗਈ ਹੈ ਕਿ 2. ਇਹ ਅਰਦਾਸ ਦਾ ਨਮੂਨਾ ਹੈ। 'ਪ੍ਰਿਥਮ ਭਗੌਤੀ' ਵਾਲੇ ਸ਼ਬਦ ਅਤੇ 'ਨਾਨਕ ਨਾਮ' ਵਾਲੀਆਂ ਅੰਤਲੀਆਂ ਦੋ ਤੁਕਾਂ ਵਿਚ ਕੋਈ ਤਬਦੀਲੀ ਨਹੀਂ ਹੋ ਸਕਦੀ।' ਇਸ ਵਿਚ ਅੰਤਲੀ ਤੁਕ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ' ਅੰਕਤ ਕੀਤੀ ਹੋਈ ਹੈ। ਬਾਵਜੂਦ ਇਸਦੇ ਕਿ ਸਪਸ਼ਟ ਤੌਰ 'ਤੇ ਅੰਕਤ ਹੈ ਕਿ ਇਸ ਵਿਚ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ ਪਰ ਮੌਜੂਦਾ ਰਹਿਤ ਮਰਯਾਦਾ ਵਿਚ ਇਸ ਅੰਤਲੀ ਤੁਕ ਦੀ ਥਾਵੇਂ 'ਨਾਨਕ ਨਾਮ ਚੜ੍ਹਦਾ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਕਰ ਦਿੱਤਾ ਗਿਆ ਹੈ। ਪਰ ਇਹ ਤਬਦੀਲੀ ਕੇਵਲ ਛਾਪੇ ਦੀ ਗ਼ਲਤੀ ਹੀ ਜਾਪਦੀ ਹੈ। ਇਸ ਦੀ ਦਰੁਸਤਗੀ ਕੀਤੀ ਜਾਣੀ ਚਾਹੀਦੀ ਹੈ। ਪੁਰਾਤਨ ਸਾਰਿਆਂ ਹੀ ਹਵਾਲਿਆਂ ਵਿਚ ***ਤੇਰੇ ਭਾਣੇ ਸਰਬੱਤ ਕਾ ਭਲਾ*** ਹੀ ਅੰਕਤ ਹੈ।

ਓਪਰੀ ਨਜ਼ਰੇ ਕਾ ਅਤੇ ਦਾ ਵਿਚ ਕੋਈ ਬਹੁਤਾ ਅੰਤਰ ਨਹੀਂ ਜਾਪਦਾ ਪਰ ਗਹੁ ਨਾਲ ਵਾਚਿਆਂ ਇਸ ਤਬਦੀਲੀ ਦੇ ਗੰਭੀਰ ਅਰਥ ਨਿਕਲਦੇ ਹਨ। ਗੁਰਬਾਣੀ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਕਈ ਥਾਵੇਂ 'ਕਾ' ਦੀ ਵਰਤੋਂ ਕੀਤੀ ਗਈ ਹੈ। ***ਪਰ ਕਾ ਬੁਰਾ ਨ ਰਾਖਹੁ ਚੀਤ ॥ , ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥, ਸਤਿਗੁਰ ਕਾ ਸਚੁ ਸਬਦੁ ਕਮਾਵਹੁ ॥ , ਜੀਉ ਪਿੰਡ ਸਭੁ ਤਿਸ ਕਾ ਜੋ ਤਿਸੁ ਭਾਵੈ ਸੁ ਹੋਇ ॥ ਗੁਰਿ ਪੂਰੈ ਪੂਰਾ ਭਇਆ ਜਪਿ ਨਾਨਕ ਸਚਾ ਸੋਇ ॥੪॥੯॥੭੯॥, ਜੀਉ ਪਿੰਡੁ ਸਭੁ ਤਿਸ ਕਾ ਸਭੁ ਕਿਛੁ ਤਿਸ ਕੈ ਪਾਸਿ ॥ ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ ॥*** ਆਦਿ ਆਦਿ। ***'ਕਾ'*** ਲਫ਼ਜ਼ ਸਾਧ ਭਾਖਾ ਜਾਂ ਸੰਧੁਕੜੀ ਬੋਲੀ ਦਾ ਸੀ। ਗੁਰੂ ਕਾਲ ਵਿਚ ਤਕਰੀਬਨ ਤਕਰੀਬਨ ਸਾਰੇ ਖਿੱਤੇ ਵਿਚ ਇਸ ਲਫ਼ਜ਼ ਨੂੰ ਆਸਾਨੀ ਨਾਲ ਸਮਝਿਆ ਜਾ ਸਕੀਦਾ ਸੀ। ਪਰ ਇਸ ਦੇ ਮੁਕਾਬਲੇ ***'ਦਾ'*** ਲਫ਼ਜ਼ ਪੰਜਾਬੀ ਜ਼ਬਾਨ ਦਾ ਹੈ। ਇਸ ਤਰ੍ਹਾਂ ਮੂਲ ਰੂਪ ਵਿਚ ***'ਤੇਰੇ ਭਾਣੇ ਸਰਬੱਤ ਕਾ ਭਲਾ'*** ਹੀ ਸਹੀ ਹੈ ਅਤੇ ਇਸ ਦੀ ਦਰੁਸਤਗੀ ਕੀਤੀ ਜਾਣੀ ਚਾਹੀਦੀ ਹੈ। ਵਿਸ਼ੇਸ਼ ਕਰ ਕੇ ਜਦੋਂ ਇਹ ਤਬਦੀਲੀ ਛਾਪੇ ਦੀ ਗ਼ਲਤੀ ਦੀ ਹੈ ਅਤੇ ਇਸ ਬਾਰੇ ਲਿਖਿਆ ਵੀ ਹੈ ਕਿ ਇਸ ਵਿਚ ਕੋਈ ਤਬਦੀਲੀ ਨਹੀਂ ਹੋ ਸਕਦੀ। ਹਰਿਮੰਦਰ ਸਾਹਿਬ ਦੀ ਪੂਰਬੀ ਬਾਹੀ 'ਤੇ ਵੀ 'ਖਾਲਸੇ ਜੀ ਕਾ ਬੋਲ ਬਾਲਾ' ਹੀ ਲਿਖਿਆ ਹੋਇਆ ਹੈ।

......ਇਸ ਤੋਂ ਉਪਰੰਤ ਅਰਦਾਸ ਵਿਚ ਸ਼ਾਮਲ ਹੋਣ ਵਾਲੀ ਸਾਰੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਦਬ ਨਾਲ ਮੱਥਾ ਟੇਕੇ ਅਤੇ ਫਿਰ ਖੜ੍ਹੇ ਹੋ ਕੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਬੁਲਾਵੇ। ਉਪ੍ਰੰਤ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ ਜਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੨)

SikhBookClub.com

ਵਿਆਖਿਆ

ਅਰਦਾਸ ਦੀ ਸੰਪੂਰਨਤਾ ਤੇ ਅਦਬ ਨਾਲ ਮੱਥਾ ਟੇਕ ਕੇ ਖੜ੍ਹੇ ਹੋ ਕੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਬੁਲਾਉਣੀ ਹੈ ਅਤੇ ਅਖ਼ੀਰ ਵਿਚ ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾਣਾ ਹੈ। ਇੱਥੇ ਕੇਵਲ ਮੱਥਾ ਟੇਕਣ ਦੀ ਗੱਲ ਨਹੀਂ ਬਲਕਿ ਅਦਬ ਨਾਲ ਮੱਥਾ ਟੇਕਣਾ ਕਿਹਾ ਗਿਆ ਹੈ। ਭਾਈ ਨੰਦ ਲਾਲ ਜੀ ਇੱਥੇ ਬੇ-ਅਦਬ ਲਈ ਅਰਦਾਸ ਕਰਦੇ ਹਨ ਕਿ ਹੇ ਵਾਹਿਗੁਰੂ ਜੀ, ਜਿਹੜੇ ਬੇ-ਅਦਬ ਹਨ ਉਹਨਾਂ ਨੂੰ ਵੀ ਅਦਬ ਬਖਸ਼ੋ ਤਾਂ ਕਿ ਉਹ ਆਪਣੀ ਬਾਕੀ ਉਮਰ ਤੇਰੀ ਯਾਦ ਵਿਚ ਗੁਜ਼ਾਰ ਸਕਣ।

ਐ ਖ਼ੁਦਾ ਹਰ ਬੇ-ਅਦਬ ਰਾ ਦਿਹ ਅਦਬ
ਤਾ ਗੁਜ਼ਾਰਦ ਉਮਰ ਰਾ ਦਰ ਯਾਦਿ ਰੱਬ ॥੩੨੦॥

(ਜ਼ਿੰਦਗੀ ਨਾਮਾ)

(ਅ) ਅਰਦਾਸ ਹੋਣ ਸਮੇਂ ਸੰਗਤ 'ਚ ਹਾਜ਼ਰ ਸਾਰੇ ਇਸਤਰੀ ਪੁਰਸ਼ਾਂ ਨੂੰ ਹੱਥ ਜੋੜ ਕੇ ਖਲੋਣਾ ਚਾਹੀਦਾ ਹੈ। ਜੋ ਸੱਜਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਾ ਹੋਵੇ, ਉਹ ਭੀ ਉੱਠ ਕੇ ਚੌਰ ਕਰੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੨)

ਵਿਆਖਿਆ

ਅਰਦਾਸ ਬੇਨਤੀ ਹੈ, ਜੋਦੜੀ ਹੈ, ਮਿੰਨਤ ਹੈ, ਗੁਜ਼ਾਰਿਸ਼ ਹੈ। "*ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ ॥੨੨॥*" (ਮ. ੧, ਅੰਗ 474) । ਇਹ ਖਾਸ ਧਿਆਨ ਦੇਣ ਦੀ ਲੋੜ ਹੈ ਕਿ ਅਰਦਾਸ ਖੜੇ ਹੋ ਕੇ ਕਰਨੀ ਹੈ ਅਤੇ ਦੋਨੋਂ ਹੱਥਾਂ ਦੀਆਂ ਤਲੀਆਂ ਜੋੜ ਕੇ ਕੀਤੀ ਜਾਣੀ ਚਾਹੀਦੀ ਹੈ।

ਦੁਇ ਕਰ ਜੋੜਿ ਕਰੀ ਬੇਨੰਤੀ ਠਾਕੁਰੁ ਅਪਨਾ ਧਿਆਇਆ ॥
ਹਾਥ ਦੇਇ ਰਾਖੇ ਪਰਮੇਸਰਿ ਸਗਲਾ ਦੁਰਤੁ ਮਿਟਾਇਆ ॥੧॥

(ਮ. ੫, ਅੰਗ ੪੯੯)

(ੲ) ਅਰਦਾਸ ਕਰਨ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਖੜ੍ਹੋ ਕੇ, ਹੱਥ ਜੋੜ ਕੇ ਅਰਦਾਸ ਕਰੇ। ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੌਜੂਦ ਨਾ ਹੋਣ ਤਾਂ ਕਿਸੇ ਪਾਸੇ ਮੂੰਹ ਕਰਕੇ ਅਰਦਾਸ ਕਰੋ, ਪ੍ਰਵਾਨ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੨)

ਵਿਆਖਿਆ

ਅਰਦਾਸ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਖੜੇ ਹੋ ਕੇ ਅਤੇ ਹੱਥ ਜੋੜ ਕੇ ਕਰਨੀ ਹੈ। ਪਰ ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੌਜੂਦ ਨਾ ਹੋਣ ਤਾਂ ਕਿਸੇ ਪਾਸੇ ਮੂੰਹ ਕਰਕੇ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਸਮਝ ਕੇ ਅਰਦਾਸ ਕੀਤੀ ਜਾ ਸਕਦੀ ਹੈ। ਹਾਜ਼ਰ ਨਾਜ਼ਰ ਦਾ ਅਰਥ ਹੈ ਕਿ ਇਸ਼ਟ ਪ੍ਰਤੱਖ ਹਾਜ਼ਰ ਹੈ ਅਤੇ ਮੈਂ ਉਸਦੀ ਹਾਜ਼ਰੀ ਵਿਚ ਹਾਂ ਅਤੇ ਨਾਜ਼ਰ ਦਾ ਮਤਲਬ ਹੈ ਕਿ ਮੈਂ ਉਸਨੂੰ ਪ੍ਰਤੱਖ ਦੇਖ ਰਿਹਾ ਹਾਂ। ਸੁਲਤਾਨਪੁਰ ਵਿਚ ਨਮਾਜ਼ ਵੇਲੇ ਨਵਾਬ ਅਤੇ ਮੌਲਵੀ ਮਸੀਤ ਵਿਚ ਮੌਜੂਦ ਤਾਂ ਸਨ ਪਰ ਰੱਬ ਨੂੰ ਹਾਜ਼ਰ ਨਾਜ਼ਰ ਨਹੀਂ ਸਨ ਸਮਝ ਰਹੇ। ਇਸ ਲਈ ਗੁਰੂ ਗ੍ਰੰਥ ਸਾਹਿਬ ਦੀ ਮੌਜੂਦਗੀ ਨਾ ਹੋਣ ਦੀ ਸੂਰਤ ਵਿਚ ਗੁਰੂ ਨੂੰ ਹਾਜ਼ਰ ਨਾਜ਼ਰ ਮੰਨ ਕੇ ਕਿਸੇ ਪਾਸੇ ਵੀ ਮੂੰਹ ਕਰ ਕੇ ਅਰਦਾਸ ਕੀਤੀ ਜਾ ਸਕਦੀ ਹੈ।

SikhBookClub.com

(ਸ) ਜਦੋਂ ਕੋਈ ਖਾਸ ਅਰਦਾਸ ਕਿਸੇ ਇਕ ਜਾਂ ਵਧੀਕ ਆਦਮੀਆਂ ਵੱਲੋਂ ਹੋਵੇ, ਤਾਂ ਉਹਨਾਂ ਤੋਂ ਬਿਨਾਂ ਸੰਗਤ ਵਿਚ ਬੈਠੇ ਹੋਰਨਾਂ ਦਾ ਉੱਠਣਾ ਜ਼ਰੂਰੀ ਨਹੀਂ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੨)

ਅਰਦਾਸ ਦਾ ਇਹ ਅੰਤਮ ਬੰਦ ਹੈ। ਇਸ ਮੁਤਾਬਕ ਜੇਕਰ ਸੰਗਤ ਦੀ ਬਜਾਇ ਇਕ ਜਾਂ ਵੱਧ ਵਿਅਕਤੀਆਂ ਵੱਲੋਂ ਹੋ ਰਹੀ ਹੈ ਤਾਂ ਬਾਕੀ ਸੰਗਤ ਦਾ ਖੜੇ ਹੋਣਾ ਜ਼ਰੂਰੀ ਨਹੀਂ ਹੈ। ਜਿਵੇਂ ਅਨੰਦ ਕਾਰਜ ਸਮੇਂ ਲੜਕਾ ਲੜਕੀ ਅਤੇ ਉਹਨਾਂ ਦੇ ਮਾਪੇ ਜਾਂ ਸਰਬਰਾਹ ਹੀ ਖੜੇ ਹੁੰਦੇ ਹਨ।

੪. ਸਾਧ ਸੰਗਤ ਵਿਚ ਜੁੜ ਕੇ ਗੁਰਬਾਣੀ ਦਾ ਅਭਿਆਸ

ਗੁਰਦੁਆਰੇ

(ੳ) ਗੁਰਬਾਣੀ ਦਾ ਅਸਰ ਸਾਧ ਸੰਗਤ 'ਚ ਬੈਠਿਆਂ ਵਧੇਰੇ ਹੁੰਦਾ ਹੈ। ਇਸ ਲਈ ਸਿੱਖ ਲਈ ਉਚਿਤ ਹੈ ਕਿ ਸਿੱਖ ਸੰਗਤਾਂ ਦੇ ਜੋੜ-ਮੇਲ ਦੇ ਅਸਥਾਨਾਂ-ਗੁਰਦੁਆਰਿਆਂ ਦੇ ਦਰਸ਼ਨ ਕਰੇ ਤੇ ਸਾਧ ਸੰਗਤ ਵਿਚ ਬੈਠ ਕੇ ਗੁਰਬਾਣੀ ਤੋਂ ਲਾਭ ਉਠਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੨)

ਸਿੱਖ ਰਹਿਤ ਮਰਯਾਦਾ ਦੀ ਸ਼ਖ਼ਸੀ ਰਹਿਣੀ ਦਾ ਚੌਥਾ ਅਧਿਆਇ **ਸਾਧ ਸੰਗਤ ਵਿਚ ਜੁੜ ਕੇ ਗੁਰਬਾਣੀ ਦਾ ਅਭਿਆਸ** ਹੈ। ਇਸ ਦੇ 11 ਅੰਗ ਹਨ ਅਤੇ ਪਹਿਲਾ ਅੰਗ **ਗੁਰਦੁਆਰੇ** ਹੈ ਜਿਸ ਦੀਆਂ ਅੱਗੋਂ 19 ਮਦਾਂ ਹਨ। ਗੁਰਸਿੱਖ ਦਾ ਸਫ਼ਰ **'ਸੋ ਦਰੁ'** ਰਾਹੀਂ **'ਸੋ ਘਰੁ'** ਤਕ ਪਹੁੰਚ ਕੇ **'ਸੋ ਪੁਰਖੁ'** ਵਿਚ ਅਭੇਦ ਹੋਣ ਦਾ ਹੈ। ਇਸ ਲਈ ਗੁਰਦੁਆਰਾ ਗੁਰੂ ਦਰ ਹੈ।

ਗੁਰਦੁਆਰੇ ਗੁਰਮਤਿ ਦੀ ਵਿਚਾਰ ਅਤੇ ਸੋਝੀ ਪ੍ਰਾਪਤ ਲਈ ਟਕਸਾਲ, ਧਰਮਸਾਲ ਜਾਂ ਗੁਰਦੁਆਰਾ ਹੈ। ਇਸਦੀ ਸਥਾਪਨਾ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਖ਼ੁਦ ਕੀਤੀ। ਆਪਣੀਆਂ ਉਦਾਸੀਆਂ ਦੇ ਦੌਰਾਨ ਗੁਰੂ ਸਾਹਿਬ ਨੇ ਖ਼ੁਦ ਥਾਂ-ਥਾਂ ਸੰਗਤਾਂ ਕਾਇਮ ਕੀਤੀਆਂ—ਛੋਟੀ ਸੰਗਤ, ਬੜੀ ਸੰਗਤ, ਕੱਚੀ ਸੰਗਤ, ਪੱਕੀ ਸੰਗਤ ਆਦਿ। ਸੰਗਤੀ ਰੂਪ ਵਿਚ ਇਹ ਜੋੜ-ਮੇਲ ਦੇ ਸਥਾਨ ਹਨ। ਇਸ ਮੱਦ ਦੇ ਦੋ ਨੁਕਤੇ ਹਨ—1. ਸਾਧ ਸੰਗਤ ਅਤੇ 2. ਗੁਰਦੁਆਰਿਆਂ ਦੇ ਦਰਸ਼ਨ।

1. ਸਾਧ ਸੰਗਤ

"ਇਕੁ ਸਿਖੁ ਦੁਇ ਸਾਧਸੰਗੁ ਪੰਜੀਂ ਪਰਮੇਸਰੁ।" (ਵਾਰ 13) ਇਕੱਲੇ ਸਿੱਖ ਅਤੇ ਪੰਥ ਦੀ ਬੁਨਿਆਦ ਸੀ। ਇਸ ਲਈ ਸਾਧ ਸੰਗਤ ਦੀ ਸੰਸਥਾ ਗੁਰੂ ਸਾਹਿਬ ਵੱਲੋਂ ਦਿੱਤੀ ਗਈ। ***"ਗੁਰੁ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ।"*** (ਵਾਰ 1, ਪਉੜੀ 42) ਗੁਰਮਤਿ ਦੇ ਪ੍ਰਕਾਸ਼ ਤੋਂ ਪਹਿਲਾਂ ਸੰਗਤੀ ਰੂਪ ਵਿਚ ਰੱਬੀ ਉਸਤਤਿ ਜਾਂ ਕੀਰਤਨ ਦੀ ਪ੍ਰੰਪਰਾ ਮੌਜੂਦ ਨਹੀਂ ਸੀ। ਪੁਰਾਤਨ ਭਾਰਤੀ ਚਿੰਤਨ ਮੁਤਾਬਕ ਭਜਨ ਅਤੇ ਭੋਜਨ ਇਕੱਲਿਆਂ ਅਤੇ ਓਹਲੇ ਹੋ ਕੇ ਕਰਨ ਦੀ ਮਰਯਾਦਾ ਸੀ। ਗੁਰੂ ਸਾਹਿਬ ਨੇ ਇਸ ਲਈ ਸੰਗਤ ਅਤੇ ਪੰਗਤ ਦੀ ਸ਼ੁਰੂਆਤ ਕੀਤੀ। ਮੰਦਿਰਾਂ ਵਿਚ ਮੂਰਤੀ ਦੇ ਦਰਸ਼ਨ ਅਤੇ ਪੂਜਾ-ਅਰਚਨਾ ਦਾ

SikhBookClub.com

ਵਿਧਾਨ ਸੀ। ਅਲਬੱਤਾ ਬੋਧੀ ਪ੍ਰੰਪਰਾ ਵਿਚ ਸੰਘ ਦੇ ਹਵਾਲੇ ਮਿਲਦੇ ਹਨ ਜਿਹਨਾਂ ਵਿਚ ਸਮਾਜਕ ਅਤੇ ਆਤਮਕ ਵਿਚਾਰਾਂ ਲਈ ਇਕਤ੍ਰਤਾਵਾਂ ਤਾਂ ਸਨ ਪਰ ਇਹਨਾਂ ਵਿਚ ਪ੍ਰਮਾਤਮਾ ਦੀ ਉਸਤਤਿ ਜਾਂ ਵਿਚਾਰ ਨਹੀਂ ਸੀ ਹੁੰਦੀ।

ਇਸਦੇ ਨਾਲ ਹੀ ਹਰ ਭੀੜ ਜਾਂ ਇਕੱਠ ਨੂੰ ਸੰਗਤ ਨਹੀਂ ਕਿਹਾ ਗਿਆ। ਕੇਵਲ ਉਹ ਇਕੱਤ੍ਰਤਾ ਜਿਸ ਵਿਚ ਕੇਵਲ ਇਕ ਅਕਾਲ ਪੁਰਖ ਦੀ ਕੀਰਤੀ, ਉਸਤਤਿ ਅਤੇ ਅਰਾਧਨਾ ਕੀਤੀ ਜਾਏ ਉਸ ਜੋੜ-ਮੇਲ ਨੂੰ ਸੰਗਤ ਦਾ ਰੁਤਬਾ ਦਿੱਤਾ ਗਿਆ। ਜੇ ਇਹ ਨਹੀਂ ਹੈ ਤਾਂ ਫ਼ਿਰ ਜੋੜ-ਮੇਲ ਨਹੀਂ ਕੇਵਲ ਮੇਲਾ ਹੀ ਹੋ ਕੇ ਰਹਿ ਜਾਂਦਾ ਹੈ।

ਸਤਸੰਗਤਿ ਕੈਸੀ ਜਾਣੀਐ ॥
ਜਿਥੈ ਏਕੋ ਨਾਮੁ ਵਖਾਣੀਐ ॥

(ਸਿਰੀ ਰਾਗੁ ਮ. ੧, ਅੰਗ ੭੩)

ਭਾਈ ਨੰਦ ਲਾਲ ਜੀ ਵੀ ਐਸੇ ਹਜੂਮ ਨੂੰ ਸੁਭਾਗਾ ਦਸਦੇ ਹਨ ਜੋ ਰੱਬ ਲਈ ਹੋਵੇ ਅਤੇ ਜੋ ਮਨ ਦੀਆਂ ਬਲਾਵਾਂ ਨੂੰ ਦੂਰ ਕਰਨ ਲਈ ਹੋਵੇ।

ਆਂ ਹਜੂਮਿ ਖ਼ੁਸ਼ ਕਿ ਅਜ਼ ਬਹਿਰਿ ਖ਼ੁਦਾਸਤ
ਆਂ ਹਜੂਮਿ ਖ਼ੁਸ਼ ਕਿ ਅਜ਼ ਦਫ਼ਾਇ ਬਲਾਸਤ ॥੨੨॥

ਇਲਾਹੀ ਫ਼ੁਰਮਾਨ ਹੈ :

ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ ॥
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥੮੬॥

(ਸਲੋਕ ਕਬੀਰ ਜੀ, ਅੰਗ ੧੩੬੯)

ਭਾਈ ਨੰਦ ਲਾਲ ਜੀ ਇਸ ਦੀ ਹੋਰ ਵਿਆਖਿਆ ਕਰਦੇ ਹਨ ਕਿ ਉਹ ਇਕਤ੍ਰਤਾ ਮੁਬਾਰਕ ਹੈ ਜਿਹੜੀ ਰੱਬੀ ਯਾਦ ਵਿਚ ਜੁੜਦੀ ਹੈ। ਪਰ ਜਿਹੜਾ ਇਕੱਠ ਸ਼ੈਤਾਨੀਅਤ ਅਤੇ ਭੈੜੇ ਵਿਚਾਰਾਂ ਲਈ ਹੁੰਦਾ ਹੈ ਉਹ ਬਦ ਹੈ :

ਆਂ ਹਜੂਮ ਖ਼ੁਸ਼ ਕਿ ਬਹਿਰਿ ਯਾਦਿ ਊ-ਸਤ
ਆਂ ਹਜੂਮ ਖ਼ੁਸ਼ ਕਿ ਹੱਕ ਬੁਨਿਆਦਿ ਊ-ਸਤ ॥੨੩॥
ਆਂ ਹਜੂਮਿ ਬਦ ਕਿ ਸ਼ੈਤਾਨੀ ਬਵਦ
ਆਕਬਦ ਅਜ਼ ਵੈ ਪਸ਼ੇਮਾਨੀ ਬਵਦ ॥੨੪॥

ਇਸ ਲਈ ਹਰ ਇਕੱਠ ਜਾਂ ਭੀੜ ਨੂੰ ਸੰਗਤ ਨਹੀਂ ਕਿਹਾ ਜਾ ਸਕਦਾ।

ਕਾਹੂ ਕੀ ਸੰਗਤ ਮਿਲਿ ਜੀਵਨ ਮੁਕਤਿ ਹੁਇ
ਕਾਹੂ ਕੀ ਸੰਗਤਿ ਮਿਲਿ ਜਮਪੁਰਿ ਜਾਤ ਹੈ ॥੫੪੯॥

ਇਸ ਤਰ੍ਹਾਂ ਸਰਕਾਰੀ ਜਾਂ ਰਾਜਨੀਤਕ ਪਾਰਟੀਆਂ ਦੇ ਇਕੱਠ ਨੂੰ ਸੰਗਤ ਨਹੀਂ ਕਿਹਾ ਜਾ ਸਕਦਾ ਅਤੇ ਨਾ ਹੀ 'ਰਾਸ਼ਟਰੀ ਸਿੱਖ ਸੰਗਤ' ਵੀ ਗੁਰਮਤਿ ਦੀ ਸੰਗਤ ਦੀ ਪਰਿਭਾਸ਼ਾ 'ਤੇ ਪੂਰਾ ਉਤਰਦੀ ਹੈ। ਸੰਗਤ ਦੀ ਮਹਾਨਤਾ ਬਾਰੇ ਭਾਈ ਗੁਰਦਾਸ ਜੀ ਕਬਿੱਤ ਵਿਚ ਜ਼ਿਕਰ ਕਰਦੇ ਹਨ ਕਿ ਜਿਵੇਂ ਧੋਤੇ ਬਿਨਾਂ ਕਪੜੇ ਮਲੀਨ ਹੁੰਦੇ ਹਨ, ਜਿਵੇਂ ਤੇਲ ਬਿਨਾਂ ਕੇਸ

SikhBookClub.com

ਸਾਫ਼ ਨਹੀਂ ਹੁੰਦੇ, ਜਿਵੇਂ ਸਾਫ਼ ਕੀਤੇ ਬਿਨਾਂ ਦਰਪਣ ਜਾਂ ਸ਼ੀਸ਼ਾ ਕਿਸੇ ਕੰਮ ਦਾ ਨਹੀਂ ਹੁੰਦਾ, ਜਿਵੇਂ ਬਾਰਿਸ਼ ਬਿਨਾਂ ਖੇਤੀ ਨਹੀਂ ਫ਼ਲਦੀ, ਜਿਵੇਂ ਦੀਪਕ ਬਿਨਾਂ ਹਨੇਰਾ ਪਸਰਦਾ ਹੈ, ਜਿਵੇਂ ਲੂਣ ਅਤੇ ਘਿਉ ਬਿਨਾਂ ਭੋਜਨ ਦਾ ਸੁਆਦ ਨਹੀਂ ਹੁੰਦਾ। ਇਸੇ ਤਰ੍ਹਾਂ ਸਾਧ ਸੰਗਤ ਦੇ ਬਿਨਾਂ ਨਾ ਤਾਂ ਜਨਮ ਮਰਨ ਦਾ ਦੁਖ ਹੀ ਮਿਟਦਾ ਹੈ ਅਤੇ ਨਾ ਹੀ ਡਰ ਅਤੇ ਭਰਮ ਹੀ ਦੂਰ ਹੁੰਦਾ ਹੈ।

ਜੈਸੇ ਜਲ ਧੋਏ ਬਿਨੁ ਅੰਬਰ ਮਲੀਨ ਹੋਤ
ਬਿਨੁ ਤੇਲ ਮੇਲੇ ਜੈਸੇ ਕੇਸ ਹੂੰ ਭਇਆਨ ਹੈ।
ਜੈਸੇ ਬਿਨੁ ਮਾਂਜੇ ਦਰਪਨ ਜੋਤਿ ਹੀਨ ਹੋਤ...
ਜੈਸੇ ਬਿਨੁ ਦੀਪਕੁ ਭਵਨ ਅੰਧਕਾਰ ਹੋਤ
ਲੋਨੇ ਘ੍ਰਿਤਿ ਬਿਨੁ ਜੈਸੇ ਭੋਜਨ ਸਮਾਨ ਹੈ।
ਤੈਸੇ ਬਿਨੁ ਸਾਧਸੰਗਤਿ ਜਨਮ ਮਰਨ ਦੁਖ
ਮਿਟਤ ਨ ਭੈ ਭਰਮ ਬਿਨੁ ਗੁਰ ਗਿਆਨ ਹੈ ॥੫੩੭॥

(ਕਬਿੱਤ ਭਾਈ ਗੁਰਦਾਸ ਜੀ)

ਇਸ ਮੱਦ ਰਾਹੀਂ ਸਾਧ ਸੰਗਤ ਦੇ ਰੂਪ ਵਿਚ ਇਕੱਤ੍ਰ ਹੋਣ ਦੀ ਮਰਯਾਦਾ ਦਰਸਾਈ ਗਈ ਹੈ। ਜੋ ਕੁੱਝ ਵੀ ਸਿੱਖ ਨੇ ਪ੍ਰਾਪਤ ਕਰਨਾ ਹੈ ਉਹ ਸੰਗਤ ਵਿਚੋਂ ਹੀ ਪ੍ਰਾਪਤ ਹੋਣਾ ਹੈ।

2. ਗੁਰਦੁਆਰਿਆਂ ਦੇ ਦਰਸ਼ਨ

"ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ ॥੨੭॥" ਇਸ ਮੱਦ ਵਿਚ ਦੂਸਰਾ ਨੁਕਤਾ ਹੈ ਸਿੱਖ ਸੰਗਤਾਂ ਦੇ ਜੋੜ-ਮੇਲ ਦੇ ਅਸਥਾਨਾਂ-ਗੁਰਦੁਆਰਿਆਂ ਦੇ ਦਰਸ਼ਨ ਕਰਨੇ। ਹਜ਼ੂਰ ਦਾ ਹੁਕਮ ਵੀ ਹੈ,

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥
ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥

(ਮ: ੪, ਅੰਗ ੪੫੦)

(ਅ) ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਿਤਾ-ਪ੍ਰਤੀ ਹੋਵੇ। ਬਿਨਾਂ ਖਾਸ ਕਾਰਨ ਦੇ (ਜਦ ਕਿ ਪ੍ਰਕਾਸ਼ ਜਾਰੀ ਰੱਖਣ ਦੀ ਲੋੜ ਹੋਵੇ) ਰਾਤ ਨੂੰ ਪ੍ਰਕਾਸ਼ ਨਾ ਰਹੇ। ਆਮ ਤੌਰ 'ਤੇ ਰਹਰਾਸਿ ਦੇ ਪਾਠ ਮਗਰੋਂ ਸੁੱਖ-ਆਸਨ ਕੀਤਾ ਜਾਵੇ। ਜਦ ਤਕ ਗ੍ਰੰਥੀ ਜਾਂ ਸੇਵਾਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਲਈ ਹਾਜ਼ਰ ਰਹਿ ਸਕੇ ਜਾਂ ਪਾਠੀਆਂ, ਦਰਸ਼ਨ ਕਰਨ ਵਾਲਿਆਂ ਦੀ ਆਵਾਜਾਈ ਰਹੇ ਜਾਂ ਬੇਅਦਬੀ ਦਾ ਖਤਰਾ ਨਾ ਹੋਵੇ, ਤਦ ਤਕ ਪ੍ਰਕਾਸ਼ ਰਹੇ। ਉਪ੍ਰੰਤ ਸੁੱਖ-ਆਸਨ ਕਰ ਦੇਣਾ ਉਚਿਤ ਹੈ, ਤਾਂ ਜੋ ਬੇਅਦਬੀ ਨਾ ਹੋਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੨)

ਸਿੱਖ ਰਹਿਤ ਮਰਯਾਦਾ, 1936 ਵਿਚ ਇਹ ਮੱਦ ਇਸ ਤਰ੍ਹਾਂ ਸੀ :

(ਅ) ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਿਤਾ-ਪ੍ਰਤੀ ਹੋਵੇ। ਬਿਨਾਂ ਖਾਸ ਕਾਰਨ ਦੇ (ਜਦ ਕਿ ਪ੍ਰਕਾਸ਼ ਜਾਰੀ ਰੱਖਣ ਦੀ ਲੋੜ ਹੋਵੇ) ਰਾਤ ਨੂੰ ਪ੍ਰਕਾਸ਼ ਨਾ ਰਹੇ। ਆਮ ਤੌਰ 'ਤੇ ਰਹਰਾਸਿ ਦੇ ਪਾਠ ਮਗਰੋਂ ਸੁੱਖ-ਆਸਨ ਕੀਤਾ

SikhBookClub.com

ਜਾਵੇ। ਜਦ ਤਕ ਗ੍ਰੰਥੀ ਜਾਂ ਸੇਵਾਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਲਈ ਹਾਜ਼ਰ ਰਹਿ ਸਕੇ ਜਾਂ ਪਾਠੀਆਂ ਦਰਸ਼ਨੀਕਾਂ ਦੀ ਆਵਾਜਾਈ ਰਹੇ ਜਾਂ ਬੇਅਦਬੀ ਦਾ ਖਤਰਾ ਨਾ ਹੋਵੇ, ਤਦ ਤਕ ਪ੍ਰਕਾਸ਼ ਰਹੇ। ਉਪ੍ਰੰਤ ਸੁੱਖ-ਆਸਨ ਕਰ ਦੇਣਾ ਉਚਿਤ ਹੈ, ਤਾਂ ਜੋ ਬੇਅਦਬੀ ਨਾ ਹੋਵੇ।

(ਸਿੱਖ ਰਹਿਤ ਮਰਯਾਦਾ, ੧੯੩੬, ਪੰਨਾ ੪)

ਤਬਦੀਲੀ

'ਦਰਸ਼ਨੀਕਾਂ ਦੀ ਆਵਾਜਾਈ' ਦੀ ਬਜਾਇ 'ਦਰਸ਼ਨ ਕਰਨ ਵਾਲਿਆਂ ਦੀ ਆਵਾਜਾਈ' ਕੀਤਾ ਗਿਆ ਹੈ।

ਵਿਆਖਿਆ

ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦਿਨ ਵੇਲੇ ਕਰਨ ਦੀ ਮਰਯਾਦਾ ਅਤੇ ਵਿਧੀ ਇਸ ਮੱਦ ਵਿਚ ਅੰਕਤ ਹੈ। ਗੁਰੂ ਗ੍ਰੰਥ ਸਾਹਿਬ ਦਸਾਂ ਪਾਤਸ਼ਾਹੀਆਂ ਦੀ ਪ੍ਰਤੱਖ ਜੋਤਿ ਹੈ। ਇਸ ਲਈ ਇਸ ਦਾ ਨਿਤਾ-ਪ੍ਰਤਿ ਪ੍ਰਕਾਸ਼ ਅਤੇ ਆਮ ਤੌਰ 'ਤੇ ਸ਼ਾਮ ਨੂੰ ਰਹਿਰਾਸ ਦੇ ਬਾਅਦ ਸੁਖ-ਆਸਨ ਲਾਜ਼ਮੀ ਹੈ। ਇਹ ਪ੍ਰਕਾਸ਼ ਉਤਨੀ ਦੇਰ ਤਕ ਕੀਤਾ ਜਾਏ ਜਿਤਨੀ ਦੇਰ ਸੰਗਤ ਦੀ ਹਾਜ਼ਰੀ ਜਾਂ ਦੀਵਾਨ ਹੋਏ।

ਅੱਜ ਕੱਲ੍ਹ ਕਈ ਥਾਵੇਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇ-ਹੁਰਮਤੀ ਦੀਆਂ ਬਹੁਤ ਘਟਨਾਵਾਂ ਹੋ ਰਹੀਆਂ ਹਨ। ਇਸ ਲਈ ਜ਼ਰੂਰੀ ਹੈ ਕਿ ਜੇਕਰ ਕੋਈ ਸੇਵਾ ਲਈ ਹਾਜ਼ਰ ਨਾ ਹੋਏ ਤਾਂ ਫਿਰ ਸੁਖ-ਆਸਨ ਕਰ ਦਿੱਤਾ ਜਾਣਾ ਚਾਹੀਦਾ ਹੈ। ਜੇਕਰ ਅਸੀਂ ਆਪਣੇ ਨਿਜੀ ਘਰ-ਮਕਾਨ-ਦੁਕਾਨ ਜਾਂ ਵਪਾਰਕ ਅਦਾਰਿਆਂ ਨੂੰ ਖੁੱਲ੍ਹਾ ਨਹੀਂ ਛੱਡਦੇ ਤਾਂ ਫਿਰ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੌਰਾਨ ਵੀ ਸੇਵਾ ਸੰਭਾਲ ਲਈ ਕਿਸੇ ਦੀ ਹਾਜ਼ਰੀ ਹੋਣੀ ਚਾਹੀਦੀ ਹੈ। ਗੁਰਦੁਆਰਿਆਂ ਦੇ ਪ੍ਰਬੰਧਕ ਇਸ ਜ਼ਿੰਮੇਵਾਰੀ ਤੋਂ ਬਰੀ ਨਹੀਂ ਹੋ ਸਕਦੇ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਬਾਰੇ ਦੋ ਨੁਕਤੇ ਹੋਰ ਵੀ ਮਹੱਤਵਪੂਰਨ ਹਨ। ਇਕ ਤਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 1430 ਅੰਕ ਬਾਰੇ ਅਤੇ ਦੂਸਰਾ ਇਸਦੇ ਪਦ-ਛੇਦ ਸਰੂਪ ਬਾਰੇ।

ਸ੍ਰ. ਨ੍ਰਿਪਇੰਦਰ ਸਿੰਘ ਜੀ ਰਤਨ ਰਚਿਤ ਪੁਸਤਕ 'ਰਤਨ ਕੋਠੜੀ ਖੁਲ੍ਹੀ ਅਨੂਪਾ' ਮੁਤਾਬਕ ਵੀਹਵੀਂ ਸਦੀ ਦੇ ਆਰੰਭ ਤਕ ਪਾਵਨ ਬੀੜਾਂ ਦੇ ਅੰਗਾਂ ਦੀ ਗਿਣਤੀ ਇਕ ਸਾਰ ਨਹੀਂ ਸੀ। ਇਹ 1257, 1352, 1430, 1752 ਅਤੇ 2452 ਹੁੰਦੇ ਸਨ। ਪਹਿਲੀ ਵਾਰ ਸ੍ਰਦਾਰ ਬੁਧ ਸਿੰਘ ਜੀ ਨੇ 48 ਪੁਆਇੰਟ ਵਿਚ 2452 ਪੰਨਿਆਂ ਵਾਲੀ ਬੀੜ ਛਾਪੀ।

> ***ਦੋਬਾਰਾ ਸੰਨ 1933 ਈਸਵੀ ਵਿਚ, "ਸ੍ਰਦਾਰ ਖੜਕ ਸਿੰਘ ਜੀ ਤਾਰ ਬਾਬੂ ਦੀ ਸ਼ਰਧਾ ਭਿੰਨੀ ਪ੍ਰੇਰਨਾ ਨਾਲ 32 ਪੁਆਇੰਟ ਟਾਈਪ ਵਿਚ 1430 ਪੰਨਿਆਂ ਦੀ ਬੀੜ ਛਾਪੀ। ਇਸ ਬੀੜ ਦਾ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਸ਼ੀਸ਼ ਮਹੱਲ ਵਿਖੇ ਅਖੰਡ ਪਾਠ ਹੋਇਆ ਅਤੇ ਖਾਲਸਾ ਦਰਬਾਰ ਦੇ ਮੁਖੀ ਸ੍ਰੀਮਾਨ***

SikhBookClub.com

ਮਹੰਤ ਮੂਲ ਸਿੰਘ ਜੀ ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਵੱਲੋਂ "ਲਗਮਾਤ੍ਰਾ ਤੱਕ ਸ਼ੁੱਧ ਬੀੜ", ਦਾ ਪ੍ਰਸ਼ੰਸਾ ਪੱਤਰ ਅਤੇ ਸਿਰੋਪਾਓ ਪ੍ਰਾਪਤ ਹੋਇਆ।

(ਰਤਨ ਕੋਠੜੀ ਖੁਲ੍ਹੀ ਅਨੂਪਾ, ਪੰਨਾ ੧੧)

ਇਸ ਸਮੇਂ ਤਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰੇ ਸਰੂਪ ਜੁੜਵੇਂ ਅੱਖਰਾਂ ਵਿਚ ਹੁੰਦੇ ਸਨ। ਇਹੀ ਸਰੂਪ ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਹੈ। ਇਸ ਸਰੂਪ ਦੇ ਦਰਸ਼ਨ ਕੀਤਿਆਂ ਆਤਮਕ ਤੌਰ 'ਤੇ ਸਿੱਖ ਆਪ ਮੁਹਾਰੇ ਗੁਰੂ ਕਾਲ ਵਿਚ ਪਹੁੰਚ ਜਾਂਦਾ ਹੈ। ਸਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਵਿਚ ਇਹੀ ਸਰੂਪ ਪ੍ਰਕਾਸ਼ਮਾਨ ਹਨ। ਪਰ ਹਰ ਚੀਜ਼ ਨੂੰ ਆਪਣੀ ਸਹੂਲਤ ਲਈ ਤਬਦੀਲੀ ਕਰਨ ਦੀ ਰੁਚੀ ਨੇ ਰਾਗ, ਸਾਜ਼, ਕੀਰਤਨ, ਪੁਰਾਤਨ ਗ੍ਰੰਥਾਂ ਨੂੰ ਸੁਖੈਨ ਕਰਦਿਆਂ ਕਰਦਿਆਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਵੀ ਬਦਲ ਦਿੱਤਾ। ਆਪਣੇ ਆਪ ਨੂੰ ਉੱਚ ਪ੍ਰੰਪਰਾ ਦੇ ਅਨੁਰੂਪ ਢਾਲਣ ਦੀ ਬਜਾਇ ਉਹਨਾਂ ਮਹਾਨ ਪੁਰਾਤਨ ਪ੍ਰੰਪਰਾਵਾਂ ਅਤੇ ਵਿਰਾਸਤ ਨੂੰ ਹੀ ਆਪਣੇ ਅਨੁਰੂਪ ਢਾਲ ਲਿਆ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਪਦ-ਛੇਦ ਕਰਨ ਬਾਰੇ ਖਾਲਸਾ ਧਰਮ ਸ਼ਾਸਤ੍ਰ ਵਿਚ ਇਸ ਤਰ੍ਹਾਂ ਅੰਕਤ ਹੈ,

"(178) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜੈਸੀ ਮ੍ਰਿਜਾਦਾ ਸ੍ਰੀ ਗੁਰੂ ਜੀ ਨੇ ਰਚੀ ਹੈ ਉਸਦੇ ਜਿਉਂ ਦੇ ਤਿਉਂ ਕਾਇਮ ਰੱਖਣ ਦਾ ਗੁਰੂ ਕੇ ਸਿਖਾਂ ਦਾ ਪਰਮ ਧਰਮ ਹੈ। ਕਿਸੀ ਪ੍ਰਕਾਰ ਦਾ ਹਸਤਖੇਪ ਮੂਲੋਂ ਹੀ ਨਾ ਪੌਣਾ ਪਾਏ। ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਾਈ ਵਿਚ ਭੀ ਅਤੇ ਛਪਵਾਈ ਵਿਚ ਭੀ ਪਦ ਛੇਦ ਕਰਕੇ ਲਿਖਣ ਅਥਵਾ ਛਾਪਣ ਦੀ ਕਤੇਈ ਮਮਾਨੀਅਤ ਹੈ ਕੋਈ ਪਦ ਛੇਦ ਨਾ ਕਰੇ॥"

(ਖਾਲਸਾ ਧਰਮ ਸ਼ਾਸਤ੍ਰ - ਪੂਰਬ ਮੀਮਾਂਸਾ, ੧੯੧੪, ਸੋਢੀ ਰਾਮਨਰੈਣ ਸਿੰਘ, ਪੰਨਾ ੧੦੫)

ਇਸ ਸਮੇਂ ਤਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਲੜੀਵਾਰ ਹੀ ਹੁੰਦੇ ਸਨ। ਚੀਫ਼ ਖਾਲਸਾ ਦੀਵਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤਾਂ ਇੱਥੋਂ ਤਕ ਕਹਿ ਦਿੱਤਾ ਕਿ "ਪਦਛੇਦ ਬੀੜ ਚਵਰ ਤਖ਼ਤ ਦੀ ਮਾਲਕ ਨਹੀਂ।" ਧਾਰਮਿਕ ਸਲਾਹਕਾਰ ਕਮੇਟੀ ਦੀ 1 ਜਨਵਰੀ, 1950 ਦੀ ਸਤਾਰਵੀਂ ਇਕੱਤਰਤਾ ਵਿਚ ਮਤਾ ਨੰਬਰ 7 ਰਾਹੀਂ ਨਿਰਣਾ ਲਿਆ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਦ-ਛੇਦ ਬੀੜ ਛਾਪਣ ਜਾਂ ਪ੍ਰਕਾਸ਼ ਕਰਨ ਬਾਰੇ ਸ਼੍ਰੋ: ਕਮੇਟੀ ਦੀ ਅੰਤ੍ਰਿੰਗ ਕਮੇਟੀ ਦਾ ਮਤਾ ਨੰਬਰ 1637 ਮਿਤੀ 28-5-49, ਜਿਸ ਰਾਹੀਂ ਧਾਰਮਿਕ ਸਲਾਹਕਾਰ ਕਮੇਟੀ ਦੀ ਰਾਏ ਪੁਛੀ ਗਈ ਸੀ, ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਜਿਤਨਾ ਚਿਰ ਪੰਥਕ ਤੌਰ ਤੇ ਇਸ ਬਾਰੇ ਫ਼ੈਸਲਾ ਨਾ ਹੋ ਜਾਵੇ ਕਿਸੇ ਇਕ ਪੁਰਸ਼ ਜਾਂ ਸਭਾ ਸੋਸਾਇਟੀ ਨੂੰ ਪਦ-ਛੇਦ ਬੀੜ ਨਹੀਂ ਛਾਪਣੀ ਚਾਹੀਦੀ ਤੇ ਨਾ ਹੀ ਪਦ-ਛੇਦ ਬੀੜ ਦਾ ਪ੍ਰਕਾਸ਼ ਹੋਣਾ ਚਾਹੀਦਾ ਹੈ।

(ਪੰਥਕ ਮਤੇ, ਪੰਨਾ ੪੪)

SikhBookClub.com

ਆਖ਼ਰ ਲਮੇਰੇ ਵਿਵਾਦ ਦੇ ਬਾਅਦ 12 ਸਿਤੰਬਰ, 1970 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਦਵੰਡ ਬੀੜ ਛਾਪਣ ਦਾ ਮਤਾ ਪ੍ਰਵਾਨ ਕਰ ਦਿੱਤਾ ਅਤੇ ਨਾਲ ਹੀ ਇਹ ਪਦਛੇਦ ਵਾਲੇ ਸਰੂਪ ਵੀ ਛਾਪਣੇ ਸ਼ੁਰੂ ਕਰ ਦਿੱਤੇ। ਪਰ ਇਸ ਨਿਰਣੇ ਨੂੰ ਇਤਿਹਾਸਕ ਗੁਰਦੁਆਰਾ ਸਾਹਿਬਾਨ 'ਤੇ ਲਾਗੂ ਨਹੀਂ ਕੀਤਾ।

10 ਅਕਤੂਬਰ, 2003 ਨੂੰ ਧਰਮ ਪ੍ਰਚਾਰ ਕਮੇਟੀ ਨੇ ਮਤਾ ਨੰਬਰ 6000 ਰਾਹੀਂ ਨਿਰਣਾ ਲਿਆ ਕਿ ਸੈਕਸ਼ਨ 85 ਦੇ ਸਮੂਹ ਗਰਦੁਆਰਾ ਸਾਹਿਬਾਨ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜੀਵਾਰ ਪਾਵਨ ਸਰੂਪ ਹੀ ਪ੍ਰਕਾਸ਼ ਕਰਨ ਦਾ ਯੋਗ ਪ੍ਰਬੰਧ ਕੀਤਾ ਜਾਵੇ। ਇਸ ਮਤੇ ਨੂੰ ਸ਼੍ਰੋਮਣੀ ਕਮੇਟੀ ਨੇ 09 ਦਿਸੰਬਰ, 2003 ਦੇ ਗਸ਼ਤੀ ਪੱਤਰ ਰਾਹੀਂ ਸਾਰੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਨੂੰ ਇਸ ਦੀ ਸੂਚਨਾ ਜਾਰੀ ਕੀਤੀ।

ਇਸ ਦੇ ਬਾਵਜੂਦ ਇਸ ਮੱਦ 'ਤੇ ਸਾਰਾ ਪੰਥ ਇਕਮਤ ਨਹੀਂ ਹੋ ਸਕਿਆ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾ ਕੇਵਲ ਸਿੱਖ ਲਈ ਇਸ਼ਟ ਅਤੇ ਮੁਕਤੀ ਦਾਤਾ ਹਨ, ਬਲਕਿ ਇਹ ਸਿੱਖੀ ਦੀ ਸਾਹ ਰਗ, ਸਿੱਖੀ ਦੀ ਬੁਨਿਆਦ ਹਨ। ਕੀ ਇਸ ਦੀ ਅਭੇਦਤਾ, ਅਛੇਦਤਾ ਅਤੇ ਅਡੋਲਤਾ ਵਿਚ ਤਬਦੀਲੀ ਦਾ ਹੱਕ ਕਿਸੇ ਵੱਡੀ ਤੋਂ ਵੱਡੀ ਸੰਸਥਾ ਜਾਂ ਜਥੇਬੰਦੀ ਨੂੰ ਹੈ ? ਸਿੱਖ ਰਹਿਤ ਮਰਯਾਦਾ ਮੁਤਾਬਕ ਵੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਨਿਰੋਲਤਾ ਵਿਚ ਤਬਦੀਲੀ ਆਮ ਮਤੇ ਰਾਹੀਂ ਨਹੀਂ ਕੀਤੀ ਜਾ ਸਕਦੀ। ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਉਹੀ ਹੋਣਾ ਚਾਹੀਦਾ ਹੈ ਜਿਸਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਗੁਰਤਾ ਗੱਦੀ ਪ੍ਰਦਾਨ ਕੀਤੀ ਹੈ। ਬਲਕਿ ਜੇਕਰ ਹੋ ਸਕੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਰੂਪ ਛਾਪਣ ਲਈ ਫ਼ੌਂਟ ਦਾ ਡਿਜ਼ਾਈਨ ਪੁਰਾਤਨ ਸਰੂਪ ਤੋਂ ਲੈ ਕੇ ਤਿਆਰ ਕਰਾਇਆ ਜਾ ਸਕਦਾ ਹੈ। ਇਸ ਨਾਲ ਭਾਵੇਂ ਸੂਰਤ ਵਿਚ ਹੀ ਪੁਰਾਤਨਤਾ ਦੇ ਦਰਸ਼ਨ ਹੋ ਸਕਣਗੇ।

ਇਸਦੇ ਨਾਲ ਹੀ ਇਕ ਬਹੁਤ ਹੀ ਮਹੱਤਵਪੂਰਨ ਅਤੇ ਚਿੰਤਾ ਦਾ ਵਿਸ਼ਾ ਹੈ ਕਿ ਹੁਣ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਤਬਦੀਲ ਕਰ ਕੇ ਗੁਰਬਾਣੀ ਦੇ ਨਾਲ ਉਸ ਦਾ ਸਪੈਨਿਸ਼ ਜਾਂ ਅੰਗਰੇਜ਼ੀ ਵਿਚ ਤਰਜਮਾ ਅਤੇ ਨਾਲ ਹੀ ਲਿਪਿਅੰਤਰਣ ਕਰਕੇ ਇੱਕੋ ਗ੍ਰੰਥ ਤਿਆਰ ਕਰ ਕੇ ਉਸਦਾ ਪ੍ਰਕਾਸ਼ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਇਸ ਸਰੂਪ ਦੇ ਹਿੱਸੇ ਦੀਆਂ ਪੋਥੀਆਂ ਵੀ ਛਾਪੀਆਂ ਜਾ ਰਹੀਆਂ ਹਨ ਅਤੇ ਇਕ ਪੋਥੀ ਦਾ ਪ੍ਰਕਾਸ਼ ਗੁਰਦੁਆਰਾ ਸਾਹਿਬ ਵਿਚ ਮੰਜੀ ਸਾਹਿਬ 'ਤੇ ਕੀਤੇ ਜਾਣ ਦੀ ਸੂਚਨਾ ਵੀ ਹੈ। ਸਿੱਖ ਦਾ ਇਸ਼ਟ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹੈ ਜਿਸਦਾ ਸਰੂਪ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਬੰਨ੍ਹਿਆ ਹੈ। ਇਹ ਬਹੁਤ ਹੀ ਗੰਭੀਰ ਵਿਸ਼ਾ ਹੈ ਅਤੇ ਇਸ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਦਾ ਕਹਿਣਾ ਹੈ ਕਿ ਇਹ ਸਰਾਸਰ ਗ਼ਲਤ ਅਤੇ ਗੰਭੀਰ ਹੈ।

ਸਿੱਖ ਰਹਿਤ ਮਰਯਾਦਾ ਦੇ ਗੁਰਮਤਾ ਕਰਨ ਦੇ ਅਧਿਆਇ ਵਿਚ ਸਪਸ਼ਟ ਅੰਕਤ ਹੈ ਕਿ ਗੁਰੂ ਸਾਹਿਬਾਨ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਦਵੀ, ਬੀੜ ਦੀ ਨਿਰੋਲਤਾ, ਅੰਮ੍ਰਿਤ,

SikhBookClub.com

ਰਹਿਤ-ਬਹਿਤ, ਪੰਥ ਦੀ ਬਨਾਵਟ ਆਦਿ ਨੂੰ ਕਾਇਮ ਰੱਖਣ ਬਾਬਤ ਨਿਰਣਾ ਕੇਵਲ ਪੰਥ ਹੀ ਕਰ ਸਕਦਾ ਹੈ। ਇਸ ਲਈ ਜ਼ਰੂਰਤ ਹੈ ਕਿ ਇਸ ਬਾਰੇ ਪੰਥ ਨਿਰਣਾਇਕ ਨਿਰਣਾ ਕਰੇ।

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਨਮਾਨ ਨਾਲ ਪ੍ਰਕਾਸ਼ਿਆ, ਪੜ੍ਹਿਆ ਤੇ ਸੰਤੋਖਿਆ ਜਾਵੇ। ਪ੍ਰਕਾਸ਼ ਲਈ ਜ਼ਰੂਰੀ ਹੈ ਕਿ ਸਥਾਨ ਸਾਫ-ਸੁਥਰਾ ਹੋਵੇ। ਉਪਰ ਚਾਂਦਨੀ ਹੋਵੇ। ਪ੍ਰਕਾਸ਼ ਮੰਜੀ ਸਾਹਿਬ 'ਤੇ ਸਾਫ ਸੁਥਰੇ ਬਸਤਰ ਵਿਛਾ ਕੇ ਕੀਤਾ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਭਾਲ ਕੇ ਪ੍ਰਕਾਸ਼ਨ ਲਈ ਗਦੇਲੇ ਆਦਿ ਸਮਿਆਨ ਵਰਤੇ ਜਾਣ ਅਤੇ ਉਪਰ ਲਈ ਰੁਮਾਲ ਹੋਵੇ। ਜਦ ਪਾਠ ਨਾ ਹੁੰਦਾ ਹੋਵੇ, ਤਾਂ ਉਤੇ ਰੁਮਾਲ ਪਿਆ ਰਹੇ। ਪ੍ਰਕਾਸ਼ ਵੇਲੇ ਚੌਰ ਭੀ ਚਾਹੀਏ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੩)

ਸਿੱਖ ਰਹਿਤ ਮਰਯਾਦਾ, 1936 ਵਿਚ ਇਹ ਮੱਦ ਇਸ ਤਰ੍ਹਾਂ ਸੀ:



ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿਚ ਵਾਧਾ ਘਾਟਾ

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਨਮਾਨ ਨਾਲ ਪ੍ਰਕਾਸ਼ਿਆ, ਪੜ੍ਹਿਆ ਅਤੇ ਸੰਤੋਖਿਆ ਜਾਵੇ। ਪ੍ਰਕਾਸ਼ ਲਈ ਜ਼ਰੂਰੀ ਹੈ ਕਿ ਸਥਾਨ ਸਾਫ ਸੁਥਰਾ ਹੋਵੇ। ਉਪਰ ਚਾਂਦਨੀ ਹੋਵੇ। ਪ੍ਰਕਾਸ਼ ਮੰਜੀ ਸਾਹਿਬ ਤੇ ਸਾਫ਼ ਸੁਥਰੇ ਬਸਤਰ ਵਿਛਾ ਕੇ ਕੀਤਾ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਨੂੰ ਸੰਭਾਲ ਕੇ ਪ੍ਰਕਾਸ਼ਣ ਲਈ ਗਦੇਲੇ ਆਦਿ ਸਮਿਆਨ ਵਰਤੇ ਜਾਣ ਅਤੇ ਉਪਰ ਲਈ ਰੁਮਾਲ ਹੋਵੇ। ਜਦ ਪਾਠ ਨਾ ਹੁੰਦਾ ਹੋਵੇ, ਤਾਂ ਉਤੇ ਰੁਮਾਲ ਪਿਆ ਰਹੇ। ਪ੍ਰਕਾਸ਼ ਵੇਲੇ ਚੌਰ ਭੀ ਚਾਹੀਏ।

(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੪)

ਤਬਦੀਲੀ

ਇਸ ਮੱਦ (ੲ) ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਨੂੰ ਸੰਭਾਲ ਕੇ ਪ੍ਰਕਾਸ਼ਣ ਲਈ ਗਦੇਲੇ ਆਦਿ ਸਮਿਆਨ ਵਰਤੇ ਜਾਣ' ਵਿਚੋਂ ਲਫ਼ਜ਼ 'ਦੇਹ' ਨੂੰ ਹਟਾ ਦਿੱਤਾ ਗਿਆ ਹੈ।

ਇਹ ਤਬਦੀਲੀ ਕਰਨ ਲਈ ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕੱਤਰਤਾ ਮਿਤੀ 7 ਜਨਵਰੀ, 1945 ਨੇ ਮਤਾ ਨੰਬਰ 2 ਪ੍ਰਵਾਨ ਕੀਤਾ ਜੋ ਇਸ ਤਰ੍ਹਾਂ ਸੀ :-

> ***2. ਹੈਡਿੰਗ ਗੁਰਦੁਆਰੇ ਦੇ ਅੰਕ (ੲ) ਵਿੱਚ ਲਫਜ਼ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਨੂੰ ਸੰਭਾਲ ਕੇ ਪ੍ਰਕਾਸ਼ਣ ਲਈ' ਵਿੱਚੋਂ ਲਫਜ਼ 'ਦੀ ਦੇਹ' ਕਟ ਦਿੱਤੇ ਜਾਣ।***

SikhBookClub.com

ਪ੍ਰਕਾਸ਼ ਮੰਜੀ ਸਾਹਿਬ 'ਤੇ ਹੀ

ਵਿਆਖਿਆ

ਇਹ ਸਾਰੀ ਮਰਯਾਦਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਸੰਬੰਧੀ ਹੈ। ਇਸ ਮੁਤਾਬਕ ਕਿਸੇ ਵੀ ਗੁਰਦੁਆਰਾ ਸਾਹਿਬ ਵਿਚ ਮੰਜੀ ਸਾਹਿਬ ਦੇ ਸਥਾਨ 'ਤੇ ਚੌਰ ਅਤੇ ਚਾਨਣੀ ਨਾਲ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਪ੍ਰਕਾਸ਼ ਕੀਤਾ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਨੂੰ ਵੱਖ ਰੇਲ ਆਦਿ 'ਤੇ ਪ੍ਰਕਾਸ਼ ਕਰ ਕੇ ਪਾਠ ਕੀਤਾ ਜਾ ਸਕਦਾ ਹੈ। ਮਰਯਾਦਾ ਅਨੁਸਾਰ ਮੂਲ ਰੂਪ ਵਿਚ ਤਿੰਨ ਗੱਲਾਂ ਵਲ ਧਿਆਨ ਦੇਣ ਦੀ ਲੋੜ ਹੈ—1. ਪ੍ਰਕਾਸ਼ ਮੰਜੀ ਸਾਹਿਬ 'ਤੇ ਹੋਵੇ, 2. ਉਪਰ ਚਾਨਣੀ ਹੋਵੇ ਅਤੇ 3. ਪ੍ਰਕਾਸ਼ ਵੇਲੇ ਚੌਰ ਵੀ ਹੋਣਾ ਚਾਹੀਦਾ ਹੈ।

1. ਪ੍ਰਕਾਸ਼ ਮੰਜੀ ਸਾਹਿਬ 'ਤੇ ਹੀ

ਰਹਿਤ ਮਰਯਾਦਾ ਵਿਚ ਸਪਸ਼ਟ ਆਦੇਸ਼ ਹੈ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

SikhBookClub.com

ਦਾ ਪ੍ਰਕਾਸ਼ ਮੰਜੀ ਸਾਹਿਬ 'ਤੇ ਹੋਵੇ। ਇਸ ਵਿਚ ਗੁਰਮਤਿ ਦਾ ਇਕ ਸਿਧਾਂਤ ਨਿਹਿਤ ਹੈ। ਵੱਖ-ਵੱਖ ਮਤ-ਮਤਾਂਤਰਾਂ ਵਿਚ ਵੱਖਰੇ-ਵੱਖਰੇ ਕਿਸਮ ਦੇ ਆਸਨਾਂ ਦੀ ਵਰਤੋਂ ਕੀਤੀ ਜਾਂਦੀ ਸੀ। ਕੋਈ ਸਿੰਘਾਸਨ 'ਤੇ, ਕੋਈ ਕੁਰਸੀ 'ਤੇ, ਕੋਈ ਸਿਲਾ 'ਤੇ, ਕੋਈ ਕਮਲ ਫ਼ੁਲ 'ਤੇ, ਕੋਈ ਮ੍ਰਿਗ ਛਾਲਾ 'ਤੇ। ਪਰ ਗੁਰਮਤਿ ਦਾ ਮਾਰਗ ਗ੍ਰਹਿਸਤ ਮਾਰਗ ਹੈ। ਗ੍ਰਹਿਸਤੀਆਂ ਦੇ ਬੈਠਣ ਦੀ ਥਾਂ ਮੰਜੀ ਹੁੰਦਾ ਹੈ। ਸੋ ਗੁਰੂ ਸਾਹਿਬ ਨੇ ਵੀ ਆਪਣੇ ਲਈ ਤੇ ਗੁਰੂ ਗ੍ਰੰਥ ਸਾਹਿਬ ਦੇ ਬਿਰਾਜਣ ਲਈ 'ਮੰਜੀ ਸਾਹਿਬ' ਨੂੰ ਹੀ ਚੁਣਿਆ। ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸਾਰੇ ਤਖ਼ਤ ਸਾਹਿਬਾਨ ਨੇ ਪ੍ਰਕਾਸ਼ ਪਾਵਿਆਂ ਵਾਲੀ ਮੰਜੀ ਸਾਹਿਬ 'ਤੇ ਹੀ ਕੀਤਾ ਜਾਂਦਾ ਹੈ। ਪਰ ਆਮ ਤੌਰ 'ਤੇ ਵੇਖਣ ਵਿਚ ਆ ਰਿਹਾ ਹੈ ਕਿ ਇਸ ਸਾਦ ਮੁਰਾਦੀ ਮਰਯਾਦਾ ਵਲ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ ਅਤੇ ਪ੍ਰਕਾਸ਼ ਮੰਜੀ ਸਾਹਿਬ ਦੀ ਥਾਵੇਂ ਲੱਕੜ ਦੀ ਚੌਕੀ, ਤਖ਼ਤੇ, ਬਕਸੇ ਆਦਿ 'ਤੇ ਕੀਤਾ ਜਾ ਰਿਹਾ ਹੈ। ਮਰਯਾਦਾ ਅਤੇ ਪਰੰਪਰਾ ਦੇ

SikhBookClub.com

ਪਿਛੋਕੜ ਵਿਚ ਫਲਸਫ਼ਾ ਅਤੇ ਇਤਿਹਾਸ ਹੁੰਦਾ ਹੈ। ਇਸ ਨੂੰ ਕਾਇਮ ਰੱਖਣਾ ਚਾਹੀਦਾ ਹੈ।

ਇਸਦੇ ਨਾਲ ਹੀ ਇਕ ਨੁਕਤਾ ਵਿਚਾਰ ਯੋਗ ਹੈ ਕਿ ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਾਲਕੀ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਆਉਂਦੀ ਹੈ। ਪਾਲਕੀ ਹਰਿਮੰਦਰ ਸਾਹਿਬ ਦੇ ਦਰ 'ਤੇ ਰੁਕ ਜਾਂਦੀ ਹੈ ਅਤੇ ਅਸਵਾਰਾ ਸਾਹਿਬ ਗ੍ਰੰਥੀ ਸਿੰਘ ਆਪਣੇ ਸੀਸ ਤੇ ਲੈ ਕੇ ਅੰਦਰ ਮੰਜੀ ਸਾਹਿਬ 'ਤੇ ਪ੍ਰਕਾਸ਼ ਕਰਦੇ ਹਨ। ਪਾਲਕੀ ਇਕ ਸਵਾਰੀ ਦਾ ਸਾਧਨ ਹੈ। ਸਵਾਰੀ ਨੂੰ ਦਰਵਾਜ਼ੇ ਤਕ ਹੀ ਲਿਆਇਆ ਜਾਂਦਾ ਹੈ ਉਸ ਨੂੰ ਅੰਦਰ ਨਹੀਂ ਲਿਆਇਆ ਜਾਂਦਾ। ਪਰ ਹੁਣ ਆਮ ਤੌਰ 'ਤੇ ਗੁਰਦੁਆਰਿਆਂ ਦੇ ਅੰਦਰ ਤਾਂ ਪਾਲਕੀ ਸਜਾ ਦਿੱਤੀ ਗਈ ਹੈ ਤੇ ਜਦੋਂ ਮਹਾਰਾਜ ਦਾ ਸਰੂਪ ਲਿਜਾਣਾ ਹੁੰਦਾ ਹੈ ਤਾਂ ਗੱਡੀ ਆਦਿ ਵਿਚ ਲਿਜਾਣ ਲੱਗਿਆਂ ਪਾਵਨ ਸਰੂਪ ਨੂੰ ਝੋਲੀ ਵਿਚ ਪਾ ਕੇ ਲੈ ਜਾਂਦੇ ਹਨ। ਸਿੱਖ ਰਹਿਤ ਮਰਯਾਦਾ ਵਿਚ ਸਪਸ਼ਟ ਤੌਰ 'ਤੇ ਅੰਕਤ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਮੰਜੀ ਸਾਹਿਬ 'ਤੇ ਕਰ ਕੇ ਉੱਤੇ ਚਾਨਣੀ ਲਗਾਉਣੀ ਚਾਹੀਦੀ ਹੈ।

ਇਕ ਵਾਰਤਾ ਦਾ ਜ਼ਿਕਰ ਲਾਜ਼ਮੀ ਹੈ, ਜਥੇਦਾਰ ਗੁਰਦਿਆਲ ਸਿੰਘ ਜੀ ਅਜਨੋਹਾ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ ਉਹਨਾਂ ਕੋਲ ਰਾਂਚੀ ਦੇ ਗੁਰਸਿੱਖ ਸਰਦਾਰ ਫ਼ੁਲੇਲ ਸਿੰਘ ਜੀ ਆਏ ਅਤੇ ਕਹਿਣ ਲੱਗੇ ਕਿ ਮੇਰੀ ਇੱਛਾ ਹੈ ਕਿ ਮੈਂ ਹਰਿਮੰਦਰ ਸਾਹਿਬ ਵਿਚ ਇਕ ਬਹੁਤ ਹੀ ਸੁੰਦਰ ਪਾਲਕੀ ਭੇਂਟ ਕਰਾਂ। ਬੇਬਾਕ ਅਜਨੋਹਾ ਸਾਹਿਬ ਕਹਿਣ ਲੱਗੇ, "ਸਰਦਾਰ ਸਾਹਿਬ ! ਕੀ ਤੁਹਾਨੂੰ ਨਹੀਂ ਲੱਗਦਾ ਕਿ ਤੁਹਾਡੇ ਤੋਂ ਪਹਿਲਾਂ ਇੱਥੇ ਕੋਈ ਤੁਹਾਡੇ ਤੋਂ ਜ਼ਿਆਦਾ ਸਿਆਣਾ ਅਤੇ ਤੁਹਾਡੇ ਤੋਂ ਵੱਧ ਧਨਾਢ ਸਿੱਖ ਆਇਆ ਹੋਵੇਗਾ। ਜੇਕਰ ਫ਼ਿਰ ਵੀ ਹਰਿਮੰਦਰ ਸਾਹਿਬ ਵਿਚ ਪਾਲਕੀ ਨਹੀਂ ਹੈ ਤਾਂ ਇਹ ਸਮਝਣ ਦੀ ਲੋੜ ਹੈ ਕਿ ਕਿਉਂ ਨਹੀਂ, ਇਸ ਦੇ ਬਾਅਦ ਜਥੇਦਾਰ ਸਾਹਿਬ ਨੇ ਇਸ ਬਾਰੇ ਜਾਣਕਾਰੀ ਦੇ ਕੇ ਉਨ੍ਹਾਂ ਦੀ ਤਸੱਲੀ ਕਰਵਾ ਦਿੱਤੀ।

ਅੱਜ ਤਕ ਕਦੇ ਵੀ ਹਰਿਮੰਦਰ ਸਾਹਿਬ ਵਿਚ ਪਾਲਕੀ ਨਹੀਂ ਹੋਈ ਬਲਕਿ ਮੰਜੀ ਸਾਹਿਬ 'ਤੇ ਹੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਾਸ਼ ਹੁੰਦਾ ਰਿਹਾ ਹੈ ਪਰ ਹੁਣ ਹਰਿਮੰਦਰ ਸਾਹਿਬ ਦੀ ਪਰਿਕ੍ਰਮਾ ਵਿਚ ਕੁੱਝ ਥਾਵਾਂ 'ਤੇ ਪਾਲਕੀ ਵਿਚ ਪ੍ਰਕਾਸ਼ ਨਜ਼ਰ ਆਉਣਾ ਸ਼ੁਰੂ ਹੋ ਗਿਆ ਹੈ। ਚੇਤੰਨ ਹੋਣ ਦੀ ਲੋੜ ਹੈ ਤਾਂ ਕਿ ਮਰਯਾਦਾ ਅਤੇ ਪੁਰਾਤਨਤਾ ਨੂੰ ਕਾਇਮ ਰਖਿਆ ਜਾ ਸਕੇ।

ਚੌਰ ਸਾਹਿਬ

ਗੁਰੂ ਗ੍ਰੰਥ ਸਾਹਿਬ ਹਾਜ਼ਰਾ ਹਜ਼ੂਰ ਸਿਰ ਸ਼ਾਹਾ ਦੇ ਸਾਹ ਪਾਤਸ਼ਾਹ ਹੈ। ਇਸ ਲਈ ਗੁਰੂ ਸਾਹਿਬ ਦੇ ਉਤੇ ਚੌਰ ਝੁਲਣਾ ਚਾਹੀਦਾ ਹੈ। ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕਰ ਕੇ ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਨੂੰ ਤਾਬਿਆ ਬਿਠਾਇਆ ਅਤੇ ਖ਼ੁਦ ਚੌਰ ਕੀਤਾ।

SikhBookClub.com

ਆਪਿ ਚੌਰ ਸ੍ਰੀ ਗੁਰ ਕਰਤ ਬੁਢੇ ਲਈ ਆਵਾਜ਼।
ਏਕ ਚਿਤ ਸੰਗਤਿ ਸੁਨੈ ਸਭਿ ਮਨਿ ਸਾਂਤਿ ਬਿਰਾਜ॥

(ਗੁਰ ਬਿਲਾਸ ਪਾ: ੬, ਅਧਿਆਇ ੫, ਪੰਨਾ ੧੨੨)

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੱਖ ਤੌਰ 'ਤੇ ਦਸਾਂ ਪਾਤਸ਼ਾਹੀਆਂ ਦੀ ਜੋਤਿ ਹੈ। ਇਸਦਾ ਵੱਧ ਤੋਂ ਵੱਧ ਸ਼ਾਹਾਨਾ ਢੰਗ ਨਾਲ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ ਪਰ ਇਸਦੇ ਨਾਲ ਮਰਯਾਦਾ ਦਾ ਧਿਆਨ ਰੱਖਣਾ ਚਾਹੀਦਾ ਹੈ। ਗੁਰੂ ਗ੍ਰੰਥ ਸਾਹਿਬ ਚਵਰ ਛੱਤਰ ਦੇ ਵਾਹਿਦ ਮਾਲਿਕ ਹਨ ਇਸ ਲਈ ਮੰਜੀ ਸਾਹਿਬ 'ਤੇ ਪ੍ਰਕਾਸ਼, ਚਾਨਣੀ, ਪਾਲਕੀ, ਚੌਰ ਦੇ ਸਿਧਾਂਤ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਚਲਤ ਮਰਯਾਦਾ ਤੋਂ ਸੇਧ ਲੈਣ ਦੀ ਲੋੜ ਹੈ।

(ਸ) ਉਪਰ ਦੱਸੇ ਸਾਮਾਨ ਤੋਂ ਇਲਾਵਾ ਧੂਪ ਜਾਂ ਦੀਵੇ ਮਚਾ ਕੇ ਆਰਤੀ ਕਰਨੀ, ਭੋਗ ਲਾਉਣਾ, ਜੋਤਾਂ ਜਗਾਉਣੀਆਂ, ਟੱਲ ਖੜਕਾਉਣੇ ਆਦਿ ਕਰਮ ਗੁਰਮਤਿ ਅਨੁਸਾਰ ਨਹੀਂ। ਹਾਂ, ਸਥਾਨ ਨੂੰ ਸੁਗੰਧਿਤ ਕਰਨ ਲਈ ਫੁੱਲ, ਧੂਪ ਆਦਿ ਸੁਗੰਧੀਆਂ ਵਰਤਣੀਆਂ ਵਿਵਰਜਿਤ ਨਹੀਂ। ਕਮਰੇ ਅੰਦਰ ਰੌਸ਼ਨੀ ਲਈ ਤੇਲ, ਘੀ ਜਾਂ ਮੋਮਬੱਤੀ, ਬਿਜਲੀ, ਲੈਂਪ ਆਦਿ ਜਗਾ ਲੈਣੇ ਚਾਹੀਦੇ ਹਨ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੩)

ਧੂਪ ਜਾਂ ਦੀਵੇ ਮਚਾ ਕੇ ਆਰਤੀ ਕਰਨੀ

ਹਿੰਦੂ ਮਤ ਅਤੇ ਸਭਿਆਚਾਰ ਵਿਚ ਥਾਲ ਵਿਚ ਦੀਵੇ ਰੱਖ ਕੇ ਮੂਰਤੀ ਸਾਹਵੇਂ ਇਸਨੂੰ ਘੁਮਾ ਕੇ ਉਸਦੀ ਆਰਤੀ ਕਰਨ ਦਾ ਵਿਧਾਨ ਹੈ। ਇਸ ਦਾ ਮਕਸਦ ਆਪਣੇ ਇਸ਼ਟ ਦੇਵ ਦੀ ਅਰਾਧਨਾ ਜਾਂ ਪੂਜ ਵਿਅਕਤੀ ਦਾ ਅਭਿਨੰਦਨ ਜਾਂ ਸਤਿਕਾਰ ਕਰਨਾ ਹੈ। ਪੁਰੀ ਵਿਚ ਜਗਨਨਾਥ ਦੀ ਮੂਰਤੀ ਦੀਆਂ ਬਾਹਵਾਂ ਨਹੀਂ ਹਨ। ਸਿੰਘਾਂ ਦੇ ਪੁਰਾਤਨ ਬੋਲਿਆਂ ਵਿਚ ਜਿਸ ਦੀਆਂ ਬਾਹਵਾਂ ਨਾ ਹੋਣ ਉਸ ਨੂੰ ਜਗਨਨਾਥ ਸੱਦਿਆ ਜਾਂਦਾ ਸੀ। ਪਾਂਡਿਆਂ ਨੇ ਇਸ ਤਰ੍ਹਾਂ ਜਗਨਨਾਥ ਮੂਰਤੀ ਦੇ ਸਾਹਮਣੇ ਕੀਤੀ ਆਰਤੀ ਨੂੰ ਜਗਨਨਾਥ ਜਾਂ ਪ੍ਰਮਾਤਮਾ ਨੂੰ ਕੀਤੀ ਆਰਤੀ ਕਿਹਾ ਤਾਂ ਗੁਰੂ ਸਾਹਿਬ ਨੇ ਇਸ ਦਾ ਖੰਡਨ ਕੀਤਾ ਤੇ ਕਿਹਾ ਕਿ ਉਸ ਬੇਅੰਤ ਪ੍ਰਭੂ ਦੀ ਆਰਤੀ ਇਹਨਾਂ ਦੀਵਿਆਂ, ਟੱਲੀਆਂ, ਸੁਗੰਧੀਆਂ ਜਾਂ ਫੁਲਾਂ ਆਦਿ ਨਾਲ ਨਹੀਂ ਕੀਤੀ ਜਾ ਸਕਦੀ। ਹਜ਼ੂਰ ਨੇ ਫ਼ਰਮਾਇਆ,

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥੧॥

(ਧਨਾਸਰੀ ਮ: ੧, ਅੰਗ ੧੩)

ਆਰਤੀ ਤਾਂ ਨਹੀਂ ਪਰ ਆਮ ਤੌਰ 'ਤੇ ਹਰ ਗੁਰਦੁਆਰੇ ਵਿਚ ਧੂਪ, ਫ਼ੁਲ, ਚੌਰ ਆਦਿ ਪ੍ਰਤੱਖ ਜ਼ਾਹਿਰਾ ਜ਼ਹੂਰ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਵਰਤੇ ਜਾਂਦੇ ਹਨ ਅਤੇ ਮਰਯਾਦਾ ਵਿਚ ਇਸ ਦੀ ਆਗਿਆ ਵੀ ਹੈ। ਹਾਂ ਕਿਸੇ ਕਿਸੇ ਮੂਰਤੀ, ਤਸਵੀਰ ਜਾਂ ਜੜ੍ਹ ਵਸਤੂ ਅੱਗੇ ਇਸ

SikhBookClub.com

ਤਰ੍ਹਾਂ ਕਰਨ ਦੀ ਇਜਾਜ਼ਤ ਗੁਰਮਤਿ ਨੇ ਨਹੀਂ ਦਿੱਤੀ। ਤਖ਼ਤ ਸਚਿਖੰਡ ਸ੍ਰੀ ਹਜ਼ੂਰ ਸਾਹਿਬ ਜਾਂ ਤਖ਼ਤ ਸ੍ਰੀ ਪਟਨਾ ਸਾਹਿਬ ਵਿਚ ਪ੍ਰਚਲਤ ਆਰਤੀ ਦੀ ਸਥਾਨਕ ਮਰਯਾਦਾ 'ਤੇ ਟਿੱਪਣੀ ਕਰਦਿਆਂ ਕਈ ਵਾਰ *"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥"* ਸ਼ਬਦ ਦਾ ਹਵਾਲਾ ਦਿੱਤਾ ਜਾਂਦਾ ਹੈ। ਇਹ ਸਹੀ ਨਹੀਂ ਹੈ। ਜੇਕਰ ਕੇਵਲ ਇਸ ਸ਼ਬਦ ਨੂੰ ਹੀ ਆਧਾਰ ਬਣਾਇਆ ਜਾਏ ਤਾਂ ਇਸ ਵਿਚ ਚੌਰ, ਫੁੱਲ, ਧੂਪ ਆਦਿ ਦਾ ਵੀ ਜ਼ਿਕਰ ਹੈ। ਨਿਰਾਕਾਰ ਨਿਰੰਕਾਰ ਦੀ ਆਰਤੀ ਤਾਂ *ਗਗਨ ਮੈ ਥਾਲੁ ਰਵਿ ਚੰਦ ਦੀਪਕ* ਰਾਹੀਂ ਹੀ ਹੋ ਸਕਦੀ ਹੈ ਅਤੇ ਇਸ ਨਿਰਗੁਣ ਸਰੂਪ ਅਕਾਲ ਪੁਰਖ ਨੂੰ ਪਵਣ ਚੌਰ ਕਰਦੀ ਹੈ ਅਤੇ ਹਵਾ ਸੁਗੰਧੀ ਬਿਖੇਰਦੀ ਹੈ। ਨਿਰਾਕਾਰ ਦੀ ਆਰਤੀ ਸਾਕਾਰ ਵਸਤੂਆਂ ਨਾਲ ਨਹੀਂ ਕੀਤੀ ਜਾ ਸਕਦੀ। ਪਰ ਗੁਰੂ ਸਾਹਿਬਾਨ ਜਦੋਂ ਪ੍ਰਤੱਖ ਤੌਰ 'ਤੇ ਮੌਜੂਦ ਸਨ ਤਾਂ ਉਸ ਵੇਲੇ ਵੀ ਉਹਨਾਂ ਨੂੰ ਚੌਰ, ਫੁੱਲ ਆਦਿ ਭੇਟ ਕੀਤੇ ਜਾਂਦੇ ਸਨ। ਹੁਣ ਵੀ ਤਾਂ ਦਸਾਂ ਪਾਤਸ਼ਾਹੀਆਂ ਦੀ ਜੋਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੱਖ ਅਤੇ ਜ਼ਾਹਿਰਾ ਜ਼ਹੂਰ ਹੋ ਕੇ ਬਿਰਾਜਮਾਨ ਹਨ। ਇਸ ਲਈ ਰਹਿਤ ਮਰਯਾਦਾ ਅਨੁਸਾਰ ਚੌਰ, ਫੁੱਲ, ਧੂਪ ਆਦਿ ਪ੍ਰਵਾਨ ਹਨ।

ਤਖ਼ਤ ਸਚਿਖੰਡ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਸਚਿਖੰਡ ਸ੍ਰੀ ਹਜ਼ੂਰ ਸਾਹਿਬ ਵਿਚ ਸ਼ਾਮ ਨੂੰ ਥਾਲ ਵਿਚ ਦੀਵਿਆਂ ਨਾਲ ਆਰਤੀ ਦੀ ਸਥਾਨਕ ਪ੍ਰੰਪਰਾ ਹੈ। ਇਹ ਜ਼ਰੂਰੀ ਹੈ ਕਿ ਗੁਰਦੁਆਰਾ ਸਾਹਿਬਾਨ ਅਤੇ ਵਿਸ਼ੇਸ਼ ਕਰਕੇ ਤਖ਼ਤ ਸਾਹਿਬਾਨ ਦੀ ਮਰਯਾਦਾ ਇਕ ਹੋਵੇ ਪਰ ਇਸ ਲਈ ਢੰਗ ਤਰੀਕਾ *"ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਈ ॥"* (ਬਸੰਤ ਮ: ੫, ਅੰਗ 1185) ਸੇਧ ਦੇ ਸਕਦਾ ਹੈ। ਸੋ ਮਰਯਾਦਾ ਮੁਤਾਬਕ ਆਰਤੀ ਨਹੀਂ ਬਲਕਿ *ਗੋਪਾਲ ਤੇਰਾ ਆਰਤਾ* (ਅੰਗ 695) ਦਾ ਕੀਰਤਨ ਕਰਨਾ ਹੈ।

ਔਰਨ ਕੀ ਆਰਤੀ, ਸੁ ਆਰਤਾ ਅਕਾਲ ਜੂਕੋ
ਲੋਕਨ ਕੀ ਬੋਲੀ, ਦੀਨਬੰਧੁ ਕੋ ਸੁ ਬੋਲਾ ਹੈ ॥

(ਕਵੀ ਨਿਹਾਲ ਸਿੰਘ)

ਜੋਤਾਂ ਜਗਾਉਣੀਆਂ

ਇੱਥੇ ਇਸ ਮੱਦ ਵਿਚ ਜੋਤਾਂ ਜਗਾਉਣ ਨੂੰ ਗੁਰਮਤਿ ਅਨੁਸਾਰ ਨਹੀਂ ਦੱਸਿਆ ਗਿਆ। ਪਰ ਇੱਥੇ ਇਕ ਵਿਚਾਰ ਲਾਜ਼ਮੀ ਹੈ। ਇੱਥੇ ਲਫ਼ਜ਼ ਹੈ 'ਜੋਤਾਂ' । ਜੋਤ ਅਤੇ ਜੋਤਾਂ ਵਿਚ ਫ਼ਰਕ ਹੈ। ਆਰਤੀ ਆਦਿ ਲਈ ਥਾਲ ਵਿਚ ਦੀਵੇ ਰੱਖਣੇ ਜਾਂ ਨਦੀ ਆਦਿ ਵਿਚ ਵੱਡੀ ਗਿਣਤੀ ਵਿਚ ਦੀਵੇ ਆਦਿ ਜਗਾਣੇ 'ਜੋਤਾਂ' ਹਨ। ਪਰ ਇਕ ਜੋਤਿ ਜਗਾਣੀ ਨੂੰ ਜੋਤਾਂ ਜਗਾਣੀਆਂ ਨਹੀਂ ਕਿਹਾ ਜਾ ਸਕਦਾ। ਸਚਿਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸੀਸ ਗੰਜ ਸਾਹਿਬ ਆਦਿ ਹਰ ਥਾਂ ਜੋਤ ਜਗਦੀ ਆ ਰਹੀ ਹੈ। ਜਗਦੀ ਜੋਤ ਨਿਰੰਤਰਤਾ ਅਤੇ ਜੀਵਨ ਦਾ ਚਿੰਨ੍ਹ ਹੁੰਦਾ ਹੈ।

ਹੋਰ ਤਾਂ ਹੋਰ ਜਿੱਥੇ ਧਾਰਮਿਕ ਮੁੱਦਾ ਨਹੀਂ ਹੈ ਉੱਥੇ ਵੀ ਜੋਤਿ ਜਗਦੀ ਹੈ। ਅਮਰੀਕਾ ਵਿਚ ਸਟੈਚੂ ਆੱਫ਼ ਲਿਬਰਟੀ, ਓਲੰਪਿਕ ਫਲੇਮ, ਪੈਰਿਸ, ਦਿੱਲੀ ਵਿਚ ਇੰਡੀਆ ਗੇਟ ਆਦਿ ਹਰ ਥਾਵੇਂ ਇਹ ਜੋਤਿ ਜਾਂ ਫ਼ਲੇਮ ਜਗਦੀ ਨਜ਼ਰ ਆਂਦੀ ਹੈ। ਸਚਿਖੰਡ ਸ੍ਰੀ

SikhBookClub.com



ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਜੋਤਿ ਜਗਾਈ ਰੱਖਣ ਲਈ ਸ਼ਹੀਦ ਭਾਈ ਮਨਸਾ ਸਿੰਘ ਜੀ

ਹਰਿਮੰਦਰ ਸਾਹਿਬ ਦੇ ਸਰੋਵਰ ਵਿਚ ਠਿੱਲ ਕੇ ਜੋਤ ਜਗਾਣ ਵਾਲੇ ਭਾਈ ਮਨਸਾ ਸਿੰਘ ਜੀ ਨੇ ਸਰੋਵਰ ਵਿਚ ਹੀ ਸ਼ਹਾਦਤ ਦਿੱਤੀ। ਉਹਨਾਂ ਦੀ ਤਸਵੀਰ ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅਜਾਇਬ ਘਰ ਵਿਚ ਲੱਗੀ ਹੈ। ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਜਗਦੀ ਹੋਈ ਜੋਤ ਨੂੰ ਹੁਣ ਓਹਲੇ ਜਹੇ ਕਰ ਦਿੱਤਾ ਗਿਆ ਹੈ। ਜ਼ਰੂਰਤ ਹੈ ਇਸ ਜੋਤਿ ਨੂੰ ਮੁੜ ਪੂਰੇ ਸਤਿਕਾਰ ਨਾਲ ਹਰਿਮੰਦਰ ਸਾਹਿਬ ਵਿਚ ਪ੍ਰਮੁੱਖਤਾ ਨਾਲ ਪਹਿਲੇ ਵਾਲੀ ਥਾਂ 'ਤੇ ਹੀ ਸਥਾਪਤ ਕੀਤਾ ਜਾ ਸਕੇ। ਪੁਰਾਤਨਤਾ ਨੂੰ ਸਮਝਣ ਦੀ ਲੋੜ ਹੈ ਨਾ ਕਿ ਜ਼ਿਆਦਾ ਹੀ ਉਤਸ਼ਾਹੀ ਦਲੀਲ ਵਾਲੀ ਸੋਚ 'ਤੇ ਚੱਲਣ ਦੀ।

(ਹ) ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੇ ਵਾਕਰ (ਤੁੱਲ) ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ। ਗੁਰਦੁਆਰੇ ਵਿਚ ਕੋਈ ਮੂਰਤੀ ਪੂਜਾ ਜਾਂ ਹੋਰ ਗੁਰਮਤਿ ਦੇ ਵਿਰੁੱਧ ਕੋਈ ਰੀਤੀ ਜਾਂ ਸੰਸਕਾਰ ਨਾ ਹੋਵੇ, ਨਾ ਹੀ ਕੋਈ ਅਨਮਤ ਦਾ ਤਿਉਹਾਰ ਮਨਾਇਆ ਜਾਵੇ। ਹਾਂ, ਕਿਸੇ ਮੌਕੇ ਜਾਂ ਇਕੱਤ੍ਰਤਾ ਨੂੰ ਗੁਰਮਤਿ ਦੇ ਪ੍ਰਚਾਰ ਲਈ ਵਰਤਣਾ ਅਯੋਗ ਨਹੀਂ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੩)

SikhBookClub.com

(ਸਚਿਖੰਡ ਸ੍ਰੀ ਹਰਿਮੰਦਰ ਸਾਹਿਬ)

ਸੀਸ ਗੰਜ ਸਾਹਿਬ, ਦਿੱਲੀ

ਨਿਊਯਾਰਕ - ਸਟੈਚੂ ਆਫ ਲਿਬਰਟੀ

ਓਲੰਪਿਕ ਫਲੇਮ

ਪੈਰਿਸ ਆਇਫ਼ਲ ਟਾੱਵਰ

ਇੰਡਿਆ ਗੇਟ, ਦਿੱਲੀ

ਸਿੱਖ ਰਹਿਤ ਮਰਯਾਦਾ, 1936 ਵਿਚ ਇਹ ਮੱਦ ਇਸ ਤਰ੍ਹਾਂ ਸੀ:

(ਹ) ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੇ ਵਾਕਰ ਤੇ ਤੁਲ ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ। ਗੁਰਦੁਆਰੇ ਵਿਚ ਕੋਈ ਮੂਰਤੀ ਪੂਜਾ ਜਾਂ ਹੋਰ ਗੁਰਮਤਿ ਦੇ ਵਿਰੁਧ ਕੋਈ ਰੀਤੀ ਜਾਂ ਸੰਸਕਾਰ ਨਾ ਹੋਵੇ, ਨਾ ਹੀ ਕੋਈ ਅਨਮਤ ਦਾ ਤਿਉਹਾਰ ਮਨਾਇਆ ਜਾਵੇ। ਹਾਂ, ਕਿਸੇ ਮੌਕੇ ਜਾਂ ਇਕੱਤ੍ਰਤਾ ਨੂੰ ਗੁਰਮਤਿ ਦੇ ਪ੍ਰਚਾਰ ਲਈ ਵਰਤਣਾ ਅਯੋਗ ਨਹੀਂ।

(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੪)

ਤਬਦੀਲੀ

ਇਸ ਮੱਦ ਵਿਚ ਵਾਕਰ ਤੇ ਤੁਲ ਦੀ ਥਾਵੇਂ ਵਾਕਰ (ਤੁੱਲ) ਕੀਤਾ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਦੇ ਵਾਕਰ ਜਾਂ ਤੁੱਲ

ਸਿੱਖ ਰਹਿਤ ਮਰਯਾਦਾ ਵਿਚ ਪਹਿਲਾਂ ਵਾਕਰ ਤੇ ਤੁਲ ਸੀ। ਇਹ ਦੋ ਲਫ਼ਜ਼ ਨਹੀਂ ਸਨ। ਇਸ ਨੂੰ ਸਪਸ਼ਟ ਕਰਨ ਲਈ ਵਾਕਰ (ਤੁੱਲ) ਕੀਤਾ ਗਿਆ ਹੈ। ਪਹਿਲੀ ਗੱਲ ਨਿਰਵਿਵਾਦਤ ਰੂਪ ਵਿਚ ਸਪਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕਰ (ਤੁੱਲ) ਕਿਸੇ

SikhBookClub.com

ਪੁਸਤਕ ਨੂੰ ਅਸਥਾਪਨ ਨਹੀਂ ਕੀਤਾ ਜਾ ਸਕਦਾ। ਪੁਸਤਕਾਂ ਕੀ ਹਨ, ਬਾਰੇ ਕਲਗੀਧਰ ਪਿਤਾ ਫ਼ਰਮਾਂਦੇ ਹਨ,

ਜਬ ਤੇ ਕੋ ਦਿਜ ਕਾਲ ਸਤੈ ਹੈ॥
ਤਬ ਤੂ ਕੋ ਪੁਸਤਕ ਕਰ ਲੈ ਹੈ॥
ਭਾਗਵਤ ਪੜੋ ਕਿ ਗੀਤਾ ਕਹਿ ਹੋ॥
ਰਾਮਹਿ ਪਕਰਿ ਕਿ ਸਿਵ ਕਹਿ ਗਹਿ ਹੋ ॥੧੦੧॥

(ਦਸਮ ਗ੍ਰੰ., ਚਰਿਤ੍ਰ ੨੬੬, ੧੦੪/੪)

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਸ੍ਰੀ ਦਸਮ ਗ੍ਰੰਥ ਸਾਹਿਬ ਖਾਲਸੇ ਦੀ ਸਿਰਜਨਾ ਅਤੇ ਖਾਲਸੇ ਨੂੰ ਕਾਇਮ ਰੱਖਣ ਵਾਲੇ ਗ੍ਰੰਥ ਹਨ। ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ 'ਤੇ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਵੀ ਪ੍ਰਕਾਸ਼ ਕਰਣ ਦੀ ਮਰਯਾਦਾ ਹੈ। ਇਸੇ ਤਰ੍ਹਾਂ ਨਿਹੰਗ ਸਿੰਘ ਵੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਸ੍ਰੀ ਦਸਮ ਗ੍ਰੰਥ ਦਾ ਪ੍ਰਕਾਸ਼ ਕਰਦੇ ਹਨ। ਗੁਰਿਆਈ ਦਾ ਸਿੰਘਾਸਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜੁਗੋ ਜੁਗ ਅਟਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਸੌਂਪਿਆ ਹੈ। ਇਸ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ। ਪਰ ਇਸਦੇ ਨਾਲ ਹੀ ਖਾਲਸੇ ਦੀ ਸਿਰਜਨਾ ਅਤੇ ਕਾਇਮ ਰੱਖਣ ਲਈ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਵੀ ਲੋੜੀਂਦੀ ਹੈ। ਸ੍ਰੀ ਦਸਮ ਗ੍ਰੰਥ ਦੇ ਆਕਾਰ ਦੀ ਵਜ੍ਹਾ ਕਰਕੇ ਇਸ ਦਾ ਪਾਠ ਇਸ ਨੂੰ ਪ੍ਰਕਾਸ਼ ਕੇ ਹੀ ਕੀਤਾ ਜਾ ਸਕਦਾ ਹੈ। ਨਾਲੇ ਗੁਰਮਤਿ ਵਿਚ ਪਾਵਨ ਗ੍ਰੰਥਾਂ ਨੂੰ ਅਸਥਾਪਨ ਨਹੀਂ ਕੀਤਾ ਜਾਂਦਾ ਬਲਕਿ ਇਹਨਾਂ ਦਾ ਪ੍ਰਕਾਸ਼ ਕੀਤਾ ਜਾਂਦਾ ਹੈ।

ਸ੍ਰੀ ਦਸਮ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਤੇ ਪਾਠ ਕਰਨ ਦੀ ਮਰਯਾਦਾ ਪੰਥ ਵਿਚ ਰਹੀ ਹੈ। ਕਿਸੇ ਥਾਂ 'ਤੇ ਕੇਵਲ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤੇ ਜਾਣ ਨਾਲ ਗੁਰੂ ਗ੍ਰੰਥ ਸਾਹਿਬ ਜੀ ਦਾ ਭੁਲੇਖਾ ਪੈ ਸਕਦਾ ਹੈ। ਪਰ ਜੇਕਰ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਅਤੇ ਹਜ਼ੂਰੀ ਵਿਚ ਇਸ ਦਾ ਪ੍ਰਕਾਸ਼ ਅਤੇ ਪਾਠ ਕੀਤਾ ਜਾਂਦਾ ਹੈ ਤਾਂ ਇਸ ਨਾਲ ਗੁਰੂ ਗ੍ਰੰਥ ਸਾਹਿਬ ਦੀ ਸਰਵੁੱਚਤਾ ਕਾਇਮ ਰਹਿੰਦੀ ਹੈ।

ਤਖ਼ਤ ਸਚਿਖੰਡ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਅਤੇ ਤਖ਼ਤ ਸਚਿਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਕੀਤਾ ਜਾਂਦਾ ਹੈ। ਇਸ ਦੇ ਇਲਾਵਾ ਵੀ ਹਵਾਲੇ ਹਨ ਕਿ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਵੀ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਰਿਹਾ ਹੈ।

ਪਟਨਾ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਇਸਦੇ ਨਾਲ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦਾ ਬਹੁਤ ਹੀ ਪੁਰਾਤਨ ਹਵਾਲਾ 1781 ਈ. ਦੀ ਲਿਖਤ ਵਿਚ ਵੀ ਮਿਲਦਾ ਹੈ। ਏਸ਼ਯਾਟਕਿ ਸੋਸਾਇਟੀ ਦਾ ਸੰਸਥਾਪਕ ਮੈਂਬਰ ਚਾਰਲਸ ਵਿਲਕਿਨਸ Sir Charles Wilkins (1749-1836) ਤਖ਼ਤ ਸ੍ਰੀ ਪਟਨਾ ਸਾਹਿਬ ਆਇਆ। ਇਹ ਕਈ ਭਾਸ਼ਾਵਾਂ ਸਣੇ ਫਾਰਸੀ ਅਤੇ ਬੰਗਲਾ ਦਾ ਗਿਆਤਾ ਸੀ। ਇਸਨੇ ਤਖ਼ਤ ਸਾਹਿਬ

SikhBookClub.com

ਦੀ ਯਾਤਰਾ ਦੇ ਬਾਅਦ ਇੱਥੋਂ ਦੀ ਮਰਯਾਦਾ, ਪ੍ਰਸ਼ਾਦ, ਲੰਗਰ ਅਤੇ ਸੰਗਤ ਬਾਰੇ ਵਿਸਥਾਰ ਸਹਿਤ ਇਕ ਲੇਖ The Seeks And Their College At Patna ਦੇ ਸਿਰਲੇਖ ਹੇਠ ਮਾਰਚ, 1781 ਈ. ਵਿਚ ਲਿਖਿਆ। ਹੋਰ ਵਿਸਥਾਰ ਦੇ ਇਲਾਵਾ ਇਸ ਨੇ ਦੱਸਿਆ ਕਿ ਇੱਥੇ ਦੋ ਗ੍ਰੰਥਾਂ ਦਾ ਪ੍ਰਕਾਸ਼ ਅਤੇ ਪਾਠ ਹੁੰਦਾ ਹੈ। ਪਹਿਲੇ ਗ੍ਰੰਥ ਨੂੰ ਨਾਨਕ ਸ਼ਾਹ ਦਾ ਗ੍ਰੰਥ ਅਤੇ ਦੂਸਰੇ ਗ੍ਰੰਥ ਬਾਰੇ ਇਸਦਾ ਕਹਿਣਾ ਹੈ ਕਿ ਇਸ ਵਿਚ ਫ਼ਾਰਸੀ ਅਤੇ ਸੰਸਕ੍ਰਿਤ ਦੀ ਬਾਣੀ ਦਰਜ ਹੈ।

ਇਸ ਦੇ ਨਾਲ ਹੀ ਪੁਰਾਤਨ ਸਮੇਂ ਵਿਚ ਸਿੰਘ ਗੁਰਮਤਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਅਤੇ ਹਜ਼ੂਰੀ ਵਿਚ ਹੀ ਕਰਦੇ ਸਨ। ਬੜੇ ਹੀ ਵਿਸਥਾਰ ਸਹਿਤ ਇਸਦਾ ਵਰਣਨ ਸਕਾਟਿਸ਼ ਫੌਜੀ ਸਰ ਜਾਨ ਮੈਲਕਮ (1769-1833) ਨੇ 1812 ਈ. ਵਿਚ ਛਪੀ ਆਪਣੀ ਕਿਤਾਬ ਸਕੈਚ ਆੱਫ਼ ਦ ਸਿੱਖਸ ਵਿਚ ਕੀਤਾ ਹੈ। ਉਸ ਦਾ ਕਹਿਣਾ ਹੈ ਕਿ ਸਿੰਘਾਂ ਦੇ ਜਥੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਆਦਿ ਗ੍ਰੰਥ ਅਤੇ ਦਸਮਾ ਪਾਦਸ਼ਾਹ ਕਾ ਗ੍ਰੰਥ ਦੀ ਹਾਜ਼ਰੀ ਵਿਚ ਇੱਕਤ੍ਰ ਹੁੰਦੇ ਹਨ ਅਤੇ ਵਾਹਿਗੁਰੂ ਜੀ ਕੀ ਫ਼ਤਹਿ ਦੇ ਜੈਕਾਰੇ ਗਜਾਂਦੇ ਹਨ। ਇੱਥੇ ਉਹ ਸਾਰੇ ਨਿਜੀ ਗਿਲੇ ਸ਼ਿਕਵੇ ਭੁਲਾ ਕੇ ਪੰਥਕ ਅਤੇ ਕੌਮੀ ਹਿਤ ਵਿਚ ਗੁਰਮਤੇ ਕਰਦੇ ਹਨ। ਮੈਲਕਮ ਲਿਖਦਾ ਹੈ :

> ***Guru-mata - When Gurmata or great national council, is called, (as it always is, or ought to be, when any imminent danger threatens the country, or any large expedition is to be undertaken) all the Sikh chiefs assemble at Amritsar. The assembly, which is called the Guru-mata, is convened by the Acalis;......... When the chiefs and principal leaders are seated, the Adi-Granth and Dasama Padshah ka Granth are placed before them. They all bend their heads before these scriptures, and exclaim, Wa! Guruji ka Khalsa! Wa! Guruji ki Fateh!***
>
> (Sketch of the Sikhs, a singular nation in the province of Penjab (1812)

ਮੂਰਤੀ ਪੂਜਾ

ਇਸ ਵਿਚ ਦੂਸਰਾ ਨੁਕਤਾ ਹੈ ਮੂਰਤੀ ਪੂਜਾ ਦਾ। ਇਸ ਬਾਰੇ ਸਪਸ਼ਟ ਤੌਰ 'ਤੇ ਲਿਖਿਆ ਹੈ, **ਗੁਰਦੁਆਰੇ ਵਿਚ ਕੋਈ ਮੂਰਤੀ ਪੂਜਾ ਜਾਂ ਹੋਰ ਗੁਰਮਤਿ ਦੇ ਵਿਰੁੱਧ ਕੋਈ ਰੀਤੀ ਜਾਂ ਸੰਸਕਾਰ ਨਾ ਹੋਵੇ।** ਚੋਣ ਬੜੀ ਹੀ ਸਾਫ਼ ਹੈ ਜਾਗਤ ਜੋਤਿ ਗੁਰੂ ਨੂੰ ਮੰਨਿਆ ਜਾਏ ਜਾਂ ਮੂਰਤੀ ਪੂਜਾ ਕਰ ਕੇ ਗੁਰੂ ਤੋਂ ਬੇਮੁਖ ਹੋਇਆ ਜਾਏ। ਬਾਰੰਬਾਰ ਗੁਰੂ ਸਾਹਿਬਾਨ ਨੇ ਮੂਰਤੀ ਪੂਜਾ ਨੂੰ ਛੱਡ ਜਾਗਤ ਜੋਤਿ ਦੀ ਉਪਾਸਨਾ ਦਾ ਆਦੇਸ਼ ਦਿੱਤਾ ਹੈ। ਹਜ਼ੂਰ ਦਾ ਹੁਕਮ ਹੈ :

ਪਾਖਾਨ ਗਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ ॥
ਜੇ ਇਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥੩॥

(ਆਸਾ ਕਬੀਰ ਜੀ, ਅੰਗ ੪੭੯)

SikhBookClub.com

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਹੈ :

ਮਾਟੀ ਕੇ ਲਿੰਗ ਬਨਾਇਕੇ ਪੂਜਤ ਤਾ ਮੈ ਕਹੋ ਇਨ ਕਾ ਸਿਧਿ ਪਾਈ ॥
ਜੋ ਨਿਰਜੋਤਿ ਭਯੋ ਜਗ ਜਾਨਤ ਤਾਹਿ ਕੇ ਆਗੇ ਲੈ ਜੋਤਿ ਜਗਾਈ ॥
ਪਾਇ ਪਰੇ ਪਰਮੇਸਰ ਜਾਨਿ ਅਜਾਨਿ ਬਡੈ ਕਰਿਕੈ ਹਠਤਾਈ ॥
ਚੇਤ ਅਚੇਤ ਸੁਚੇਤਨ ਕੋ ਚਿਤ ਕੀ ਤਜਿ ਕੈ ਚਟਏ ਦੁਚਿਤਾਈ ॥

(ਚਰਿਤ੍ਰ ੨੬੬)

ਰਹਿਤਨਾਮੇ ਵੀ ਬਾਰ ਬਾਰ ਮੂਰਤੀ ਪੂਜਾ ਦੇ ਨਿਸ਼ੇਧ ਦਾ ਜ਼ਿਕਰ ਕਰਦੇ ਹਨ,

ਪਾਹਨ ਕੀ ਪੂਜਾ ਕਰੈ, ਸਿਖ ਨਾ ਨਿਵਾਵਹਿ ਸੀਸ
ਸੋ ਸਾਕਤ ਨਿਗੁਰਾ ਸਦਾ, ਮਾਰਿਆ ਸ੍ਰੀ ਜਗਦੀਸ਼ ।੧੭।

(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ, ਪੰਨਾ ੬੬)

ਅਗਿਆਨਤਾ ਵਸ ਜਾਂ ਜਾਣ ਬੁਝ ਕੇ ਕਈ ਲੋਕ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੀ ਮੂਰਤੀ ਹੀ ਕਹਿ ਦਿੰਦੇ ਹਨ। ਇਹ ਸਹੀ ਨਹੀਂ ਹੈ। ਮੂਰਤੀ ਕਿਸੇ ਵਿਅਕਤੀ ਜਾਂ ਵਸਤੂ ਦੀ ਛਵੀ, ਪ੍ਰਤੀਰੂਪ ਜਾਂ ਉਸਦੀ ਨਕਲ ਨੂੰ ਕਿਹਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਤਾਂ ਖ਼ੁਦ ਪ੍ਰਤੱਖ ਹਾਜ਼ਰ ਨਾਜ਼ਰ ਹਨ। ਇਹ ਕਿਸੇ ਦਾ replica (ਰੈਪਲਿਕਾ) ਜਾਂ ਪ੍ਰਤਿਰੂਪ ਨਹੀਂ।

ਗੁਰਮਤਿ ਦੇ ਵਿਰੁੱਧ ਸੰਸਕਾਰ ਜਾਂ ਅਨਮਤ ਦਾ ਤਿਉਹਾਰ

ਗੁਰਦੁਆਰੇ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਦੇ ਕੇਂਦਰ ਹਨ। ਇੱਥੇ ਕਿਸੇ ਵੀ ਗੁਰਮਤਿ ਵਿਰੁੱਧ ਕੋਈ ਵੀ ਰੀਤੀ ਜਾਂ ਸੰਸਕਾਰ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਗੁਰਦੁਆਰਾ ਸਾਹਿਬ ਨੂੰ ਕਿਸੇ ਅਨਮਤ ਦੇ ਤਿਉਹਾਰ ਦੇ ਮਨਾਉਣ ਲਈ ਹੀ ਵਰਤਿਆ ਜਾ ਸਕਦਾ ਹੈ। ਕੁੱਝ ਸਿੰਧੀ ਪਰਿਵਾਰ ਗੁਰਦੁਆਰਾ ਸਾਹਿਬ ਵਿਚ ਆ ਕੇ ਭਾਈ ਸਾਹਿਬ ਨੂੰ ਬੱਚੇ ਦੇ ਮੁੰਡਨ ਦੀ ਅਰਦਾਸ ਲਈ ਕਹਿੰਦੇ ਵੇਖੇ ਹਨ। ਇਸ ਦੇ ਨਾਲ ਹੀ ਗੁਰੂ ਕਾਲ ਤੋਂ ਹੀ ਕਿਸੇ ਵੀ ਮੌਕੇ ਨੂੰ ਗੁਰਮਤ ਦੇ ਪ੍ਰਚਾਰ ਲਈ ਵਰਤਣ ਦੀ ਪ੍ਰਥਾ ਚਲੀ ਆ ਰਹੀ ਹੈ। ਜਿਵੇਂ ਹੋਲੀ, ਦਿਵਾਲੀ, ਅਨਮਤ ਦੇ ਮੇਲੇ, ਸੰਗਰਾਂਦ ਆਦਿ। ਗੁਰੂ ਸਾਹਿਬ ਨੇ ਇਹਨਾਂ ਦਿਹਾੜਿਆਂ ਨੂੰ ਗੁਰਮਤਿ ਦੇ ਪ੍ਰਚਾਰ ਲਈ ਵਰਤਿਆ। ਬਿਹਾਰ ਵਿਚ ਵੀ ਹਰਿਹਰ ਖੇਤਰ ਦਾ ਮੇਲਾ ਮਸ਼ਹੂਰ ਸੀ ਪਰ ਇੱਥੇ ਵੀ ਗੁਰਮਤ ਪ੍ਰਚਾਰ ਦੇ ਕੈਂਪ ਲਾਏ ਜਾਂਦੇ ਹਨ। ਇਸੇ ਤਰ੍ਹਾਂ ਹਰ ਸਾਲ 31 ਦਸੰਬਰ ਨੂੰ ਜਿਥੇ ਸਾਰੀ ਦੁਨੀਆ ਕਲੱਬਾਂ ਆਦਿ ਵਿਚ ਇਕੱਠੀ ਹੁੰਦੀ ਹੈ ਹੁਣ ਸੰਸਾਰ ਭਰ ਵਿਚ ਇਸ ਦਿਨ ਨੂੰ ਉਚੇਚੇ ਦੀਵਾਨ ਸਜਾਏ ਜਾਂਦੇ ਹਨ।

ਇਸ ਦੇ ਨਾਲ ਹੀ ਧਾਰਮਕ ਸਲਾਹਕਾਰ ਕਮੇਟੀ ਦੇ ਸਾਹਮਣੇ ਇਹ ਪੁੱਛ ਆਈ ਕਿ, ਕੀ ਬਾਬਾ ਸ੍ਰੀ ਚੰਦ ਜੀ ਦਾ ਜਨਮ ਉਤਸਵ ਗੁਰਦੁਆਰਾ ਸਾਹਿਬ ਵਿਚ ਮਨਾਇਆ ਜਾ ਸਕਦਾ ਹੈ, ਇਸ ਬਾਰੇ ਧਾਰਮਕ ਸਲਾਹਕਾਰ ਕਮੇਟੀ ਨੇ ਨਿਰਣਾ ਦਿੱਤਾ :

> ***ਪਰਧਾਨ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਗੁਰਦਾਸਪੁਰ ਦੀ ਪੱਤ੍ਰਿਕਾ ਨੰ: 28 ਮਿਤੀ 4-9-40 ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਉਹ ਬਾਬਾ ਸ੍ਰੀ ਚੰਦ ਜੀ ਦਾ ਜਨਮ ਉਤਸਵ ਮਨਾ ਸਕਦੇ ਹਨ ਪਰੰਤੂ ਉਸਨੂੰ ਗੁਰਪੁਰਬ ਨਹੀਂ ਕਹਿਣਾ ਚਾਹੀਦਾ।***

(ਧਾਰਮਕ ਸਲਾਹਕਾਰ ਕਮੇਟੀ, ਮਤਾ ਨੰਬਰ ੯, ਪੰਨਾ ੨੩)

SikhBookClub.com

(ਕ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਘੂੜੇ ਦੇ ਪਾਵਿਆਂ ਨੂੰ ਮੁੱਠੀਆਂ ਭਰਨੀਆਂ, ਕੰਧਾਂ ਜਾਂ ਥੜ੍ਹਿਆਂ 'ਤੇ ਨੱਕ ਰਗੜਨਾ ਜਾਂ ਮੁੱਠੀਆਂ ਭਰਨੀਆਂ, ਮੰਜੀ ਸਾਹਿਬ ਹੇਠਾਂ ਪਾਣੀ ਰੱਖਣਾ, ਗੁਰਦੁਆਰਿਆਂ ਵਿਚ ਮੂਰਤੀਆਂ (ਬੁੱਤ) ਬਣਾਉਣੀਆਂ ਜਾਂ ਰੱਖਣੀਆਂ, 'ਗੁਰੂ ਸਾਹਿਬਾਨ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵੀਰਾਂ ਅੱਗੇ ਮੱਥੇ ਟੇਕਣੇ', ਇਹੋ ਜਿਹੇ ਕਰਮ ਮਨਮੱਤ ਹਨ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੩)

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰਾਂ ਦਰਜ ਸੀ:-

(ਕ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਘੂੜੇ ਦੇ ਪਾਵਿਆਂ ਨੂੰ ਮੁਠੀਆਂ ਭਰਨੀਆਂ, ਕੰਧਾਂ ਜਾਂ ਥੜ੍ਹਿਆਂ ਤੇ ਨੱਕ ਰਗੜਨਾ ਜਾਂ ਮੁੱਠੀਆਂ ਭਰਨੀਆਂ, ਮੰਜੀ ਸਾਹਿਬ ਹੇਠ ਪਾਣੀ ਰੱਖਣਾ, ਗੁਰਦੁਆਰਿਆਂ ਵਿਚ ਮੂਰਤੀਆਂ (ਬੁਤ) ਬਣਾਣੀਆਂ ਜਾਂ ਰਖਣੀਆਂ - ਇਹੋ ਜਿਹੇ ਕਰਮ ਮਨਮਤ ਹਨ।

(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੪)

ਤਬਦੀਲੀ

1936 ਵਾਲੀ ਸਿੱਖ ਰਹਿਤ ਮਰਯਾਦਾ ਵਿਚ 'ਗੁਰੂ ਸਾਹਿਬਾਨ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵੀਰਾਂ ਅੱਗੇ ਮੱਥੇ ਟੇਕਣੇ' ਲਫ਼ਜ਼ ਵਧਾਏ ਗਏ ਹਨ।

ਇਹ ਤਬਦੀਲੀ ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕੱਤਰਤਾ ਮਿਤੀ 7 ਜਨਵਰੀ, 1945 ਮਤਾ ਨੰਬਰ 3 ਰਾਹੀਂ ਕੀਤੀ ਗਈ। ਇਹ ਮਤਾ ਸੀ, :

3. ਹੈਡਿੰਗ ਗੁਰਦੁਆਰੇ ਦੇ ਅੰਕ (ਕ) ਵਿੱਚ ਲਫ਼ਜ਼ 'ਬਨਾਣੀਆਂ ਜਾਂ ਰੱਖਣੀਆਂ ਅਤੇ 'ਇਹੋ ਜਿਹੇ ਕਰਮ' ਵਿੱਚ ਲਫ਼ਜ਼ ਗੁਰੂ ਸਾਹਿਬਾਨ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵੀਰਾਂ ਅੱਗੇ ਮੱਥੇ ਟੇਕਣੇ ਵਧਾ ਦਿੱਤੇ ਜਾਣ।

ਪੰਘੂੜੇ ਦੇ ਪਾਵਿਆਂ ਨੂੰ ਮੁੱਠੀਆਂ ਭਰਨੀਆਂ

ਗੁਰਦੁਆਰਾ ਸਾਹਿਬ ਮੰਦਿਰ ਦੀ ਤਰ੍ਹਾਂ ਨਹੀਂ ਹਨ ਕਿ ਕੇਵਲ ਮੂਰਤੀ ਦੇ ਦਰਸ਼ਨ ਕਰ ਕੇ ਚਲੇ ਜਾਣ। ਇੱਥੇ ਤਾਂ ਨਿਤਾਪ੍ਰਤਿ ਗੁਰਬਾਣੀ ਦੀ ਕਥਾ, ਕੀਰਤਨ ਅਤੇ ਵਖਿਆਨ ਦਾ ਪ੍ਰਵਾਹ ਹੁੰਦਾ ਹੈ।

ਜਨ ਨਾਨਕੁ ਬੋਲੇ ਬ੍ਰਹਮ ਬੀਚਾਰੁ ॥
ਜੋ ਸੁਣੇ ਕਮਾਵੈ ਸੁ ਉਤਰੈ ਪਾਰਿ ॥
ਜਨਮਿ ਨ ਮਰੈ ਨ ਆਵੈ ਨ ਜਾਇ ॥
ਹਰਿ ਸੇਤੀ ਓਹੁ ਰਹੈ ਸਮਾਇ ॥੪॥੨॥

(ਅੰਗ ੩੭੦)

ਗੁਰਦੁਆਰਿਆਂ ਵਿਚ ਮੂਰਤੀਆਂ/

ਇਸ ਮੱਦ ਵਿਚ ਸਪਸ਼ਟ ਤੌਰ 'ਤੇ ਅੰਕਤ ਹੈ ਗੁਰਦੁਆਰਿਆਂ ਵਿਚ ਮੂਰਤੀਆਂ (ਬੁੱਤ) ਬਣਾਉਣੀਆਂ ਜਾਂ ਰੱਖਣੀਆਂ, 'ਗੁਰੂ ਸਾਹਿਬਾਨ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵੀਰਾਂ ਅੱਗੇ ਮੱਥੇ ਟੇਕਣੇ', ਇਹੋ ਜਿਹੇ ਕਰਮ ਮਨਮੱਤ ਹਨ। ਇੱਥੇ 1945 ਤੋਂ ਪਹਿਲਾਂ

SikhBookClub.com

ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ 'ਤੇ ਉਕਰੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਬਾਲਾ ਮਰਦਾਨਾ ਜੀ ਦੀ ਸ਼ਾਨਦਾਰ ਤਸਵੀਰ

ਕੇਵਲ ਮੂਰਤੀਆਂ ਬਾਰੇ ਹੀ ਅੰਕਤ ਸੀ, ਤਸਵੀਰਾਂ ਬਾਰੇ ਕੋਈ ਜ਼ਿਕਰ ਨਹੀਂ ਸੀ। ਇਸ ਮੱਦ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਵੇਖਣਾ ਚਾਹੀਦਾ ਹੈ, ਪਹਿਲਾਂ ਮੂਰਤੀਆਂ ਅਤੇ ਦੂਸਰਾ ਤਸਵੀਰਾਂ। ਜਿੱਥੇ ਤਕ ਸਵਾਲ ਗੁਰਦੁਆਰਿਆਂ ਵਿਚ ਕਿਸੇ ਵੀ ਕਿਸਮ ਦੀਆਂ ਮੂਰਤੀਆਂ ਬਣਾਣ ਦੀ ਮਨਾਹੀ ਹੈ। ਇਹ ਸਿੱਧੇ ਤੌਰ 'ਤੇ ਹੀ ਮੂਰਤੀ ਪੂਜਾ ਹੈ ਅਤੇ ਗੁਰੂ ਆਦੇਸ਼ ਦੀ ਉਲੰਘਣਾ। ਪਰ ਹੁਣ ਵੇਖਣ ਵਿਚ ਆ ਰਿਹਾ ਹੈ ਕਿ ਬੜੇ ਹੀ ਯੋਜਨਾਬੱਧ ਢੰਗ ਨਾਲ ਪੰਜਾਬ ਵਿਚ ਹੀ ਗੁਰੂ ਸਾਹਿਬਾਨ ਦੀਆਂ ਮੂਰਤੀਆਂ ਵੇਚੀਆਂ ਅਤੇ ਵੰਡੀਆਂ ਜਾ ਰਹੀਆਂ ਹਨ। ਹੋਰ ਤਾਂ ਹੋਰ ਇਹ ਕਈ ਗੁਰਸਿੱਖਾਂ ਦੇ ਘਰਾਂ ਵਿਚ ਵੀ ਪਹੁੰਚ ਰਹੀਆਂ ਹਨ ਜਿਹਨਾਂ ਨੂੰ ਬੜੇ ਸ਼ੌਕ ਨਾਲ ਸਜਾਇਆ ਜਾ ਰਿਹਾ ਹੈ।

ਮਹਾਤਮਾ ਬੁੱਧ ਦੇ ਉਪਦੇਸ਼ਾਂ ਵਿਚ ਸਖ਼ਤੀ ਨਾਲ ਰੱਬ ਦੀ ਹੋਂਦ ਬਾਰੇ ਕੋਈ ਵਿਚਾਰ ਨਾ ਕਰਨ ਅਤੇ ਮੂਰਤੀਆਂ ਦੇ ਖੰਡਨ ਦੇ ਬਾਵਜੂਦ ਮਹਾਤਮਾ ਬੁੱਧ ਦੀਆਂ ਅਣਗਿਣਤ ਮੂਰਤੀਆਂ ਬਣਾ ਕੇ ਇਹਨਾਂ ਨੂੰ ਭਗਵਾਨ ਬੁੱਧ ਦੀਆਂ ਮੂਰਤੀਆਂ ਕਹਿ ਕੇ ਥਾਂ ਥਾਂ ਸਥਾਪਤ ਕਰ ਦਿੱਤਾ ਗਿਆ। ਇਸਦੇ ਨਾਲ ਹੀ ਮਹਾਮਾਯਾ ਪੁਰਾਣ ਰਚ ਕੇ ਬੁੱਧ ਨੂੰ ਵਿਸ਼ਣੂ ਦਾ ਨੌਵਾਂ ਅਵਤਾਰ ਵੀ ਐਲਾਨ ਕਰ ਬੁੱਧ ਮਤ ਦੀ ਵੱਖਰੀ ਹੋਂਦ ਨੂੰ ਪੂਰੀ ਤਰ੍ਹਾਂ ਸਮਾਪਤ ਕਰ ਦਿੱਤਾ ਗਿਆ।

ਫ਼ਿਕਰ ਕਰਨ ਦੀ ਲੋੜ ਹੈ ਕਿ ਮੂਰਤੀਆਂ ਰਾਹੀਂ ਗੁਰਮਤ ਦੇ ਗੜ੍ਹ ਵਿਚ ਸੰਧ ਲਾਉਣ ਦੀ ਕਵਾਇਦ ਵਿਚ ਅਸੀਂ ਖ਼ੁਦ ਹੀ ਸ਼ਰੀਕ ਹੁੰਦੇ ਜਾ ਰਹੇ ਹਾਂ।

ਤਸਵੀਰਾਂ ਅੱਗੇ ਮੱਥੇ ਟੇਕਣੇ

ਸਿੱਖ ਰਹਿਤ ਮਰਯਾਦਾ ਦੀ ਇਸ ਮੱਦ ਵਿਚ ਅਗਲਾ ਨੁਕਤਾ ਹੈ ਤਸਵੀਰਾਂ ਅੱਗੇ

SikhBookClub.com

ਮੱਥੇ ਟੇਕਣੇ। ਮੂਰਤ ਅਤੇ ਮੂਰਤੀ ਵਿਚ ਅੰਤਰ ਹੁੰਦਾ ਹੈ। ਮੂਰਤ ਤਸਵੀਰ ਹੈ ਅਤੇ ਮੂਰਤੀ ਬੁੱਤ। ਮੂਰਤੀ ਬਣਾਣ ਦੀ ਹੀ ਮਨਾਹੀ ਹੈ ਪਰ ਗੁਰਮਤ ਵਿਚ ਮੂਰਤ ਜਾਂ ਤਸਵੀਰ ਦੇ ਬਣਾਣ ਜਾਂ ਰੱਖਣ ਦੀ ਕਦਾਚਿਤ ਮਨਾਹੀ ਨਹੀਂ ਬਲਕਿ **ਗੁਰੂ ਸਾਹਿਬਾਨ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵੀਰਾਂ ਅੱਗੇ ਮੱਥੇ ਟੇਕਣੇ** ਮਨ੍ਹਾ ਹਨ। ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਪੁਰਾਤਨ ਇਤਿਹਾਸਕ ਤਸਵੀਰਾਂ ਸੁਸ਼ੋਭਿਤ ਹਨ। ਤਕਰੀਬਨ ਤਕਰੀਬਨ ਹਰ ਇਤਿਹਾਸਕ ਗੁਰਦੁਆਰਾ ਸਾਹਿਬ ਵਿਚ ਸਣੇ ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਦੀਵਾਰਾਂ ਅਤੇ ਛੱਤਾਂ 'ਤੇ ਚਿੱਤਰ Wall Murals ਵੀ ਉਕਰੇ ਹਨ।

ਗੁਰੂ ਸਾਹਿਬ ਦੀਆਂ ਤਸਵੀਰਾਂ ਦੀ ਮਰਯਾਦਾ ਵਿਚ ਪ੍ਰਵਾਨਗੀ ਹੈ ਇਸ ਲਈ ਇਹਨਾਂ ਨੂੰ ਮਿਆਰੀ ਅਤੇ ਇਕੋ ਜਿਹਾ ਬਣਾਣ ਅਤੇ ਪ੍ਰਚਾਰ ਕਰਨ ਦਾ ਉਪਰਾਲਾ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਜਾਣ ਦੇ ਹਵਾਲੇ ਮਿਲਦੇ ਹਨ। ਧਾਰਮਿਕ ਸਲਾਹਕਾਰ ਕਮੇਟੀ ਦੀ ਦੂਜੀ ਇਕੱਤ੍ਰਤਾ 25 ਅਪ੍ਰੈਲ,1935 ਨੂੰ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਹੋਈ। ਇਸ ਵਿਚ ਜਥੇਦਾਰ ਮੋਹਣ ਸਿੰਘ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਭਾਈ ਕਾਨ੍ਹ ਸਿੰਘ ਨਾਭਾ, ਪ੍ਰੋ. ਜੋਧ ਸਿੰਘ , ਪ੍ਰਿੰ. ਤੇਜਾ ਸਿੰਘ ਅਤੇ ਪ੍ਰੋ. ਗੰਗਾ ਸਿੰਘ ਸ਼ਾਮਲ ਸਨ। ਇਸ ਇਕਤ੍ਰਤਾ ਨੇ ਪ੍ਰਵਾਨ ਕੀਤਾ :

> ***ਇਹ ਇਕੱਤਰਤਾ ਉਨ੍ਹਾਂ ਦੀ ਤਜਵੀਜ਼ ਨਾਲ ਸੰਮਤੀ ਪ੍ਰਗਟ ਕਰਦੀ ਹੈ ਕਿ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਇਕੋ ਪ੍ਰਕਾਰ ਦੀਆਂ ਹੋਣੀਆਂ ਚਾਹੀਦੀਆਂ ਹਨ। ਨਾਲ ਹੀ ਧਾਰਮਿਕ ਸਲਾਹਕਾਰ ਕਮੇਟੀ ਇਹ ਵੀ ਸਲਾਹ ਦੇਂਦੀ ਹੈ ਕਿ ਸਾਰੇ ਸਿੱਖ ਮਸੱਵਰਾਂ ਨੂੰ ਵਿਦਵਾਨਾਂ ਦੀ ਸਲਾਹ ਲੈ ਕੇ ਗੁਰੂ ਸਾਹਿਬਾਨ ਦੀਆਂ ਇਕੋ ਜਿਹੀਆਂ ਤਸਵੀਰਾਂ ਬਨਾਉਣੀਆਂ ਚਾਹੀਦੀਆਂ ਹਨ ਤੇ ਉਨ੍ਹਾਂ ਦਾ ਇਕੋ ਜਿਹਾ ਪ੍ਰਚਾਰ ਕਰਨਾ ਚਾਹੀਦਾ ਹੈ।***
>
> (ਮਤਾ ਨੰਬਰ ੨, ਪੰਥਕ ਮਤੇ, ਪੰਨਾ ੧੪)

ਤਸਵੀਰਾਂ ਜਾਂ ਚਿਤਰ ਕਲਾ ਪੰਜਾਬ ਦੀਆਂ ਲੋਕ ਕਲਾਵਾਂ ਵਿਚ ਪ੍ਰਮੁੱਖ ਸੀ। ਕਾਂਗੜਾ, ਪਹਾੜੀ ਸ਼ੈਲੀ ਦੇ ਚਿੱਤਰ ਆਪਣਾ ਵਿਸ਼ੇਸ਼ ਸਥਾਨ ਰਖਦੇ ਹਨ। ਇਸੇ ਤਰ੍ਹਾਂ ਤਕਰੀਬਨ ਤਕਰੀਬਨ ਹਰ ਗੁਰਦੁਆਰਾ ਸਾਹਿਬ ਵਿਚ ਦੀਵਾਰਾਂ 'ਤੇ ਕੰਧ ਚਿਤ੍ਰ ਉਕਰੇ ਹੁੰਦੇ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸ਼ਹੀਦ ਹੋ ਚੁਕੀ ਇਮਾਰਤ ਵਿਚ ਵੀ ਬਹੁਤ ਵੱਡੀ ਗਿਣਤੀ ਵਿਚ ਗੁਰ ਇਤਿਹਾਸ, ਗੁਰਬਾਣੀ ਵਿਚ ਵਰਣਤ ਕਥਾਵਾਂ ਅਤੇ ਪਾਤਰਾਂ ਨੂੰ ਦਰਸਾਇਆ ਗਿਆ ਸੀ। ਇਹ ਪੰਜਾਬ ਦਾ ਅਨਮੋਲ ਵਿਰਸਾ ਹੈ। ਇਸ ਨੂੰ ਸਾਂਭਣ ਦੀ ਲੋੜ ਹੈ।

ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਕੋਈ ਤਸਵੀਰ ਨਹੀਂ ਹੈ। ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅੰਦਰ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਦੀਆਂ ਤਸਵੀਰਾਂ ਦੇ ਨਾਲ ਸਾਹਮਣੇ ਸ਼ਾਨਦਾਰ ਗੁਰੂ ਹਰਿਗੋਬਿੰਦ ਪਾਤਸ਼ਾਹ ਦੀ ਤਸਵੀਰ ਵੀ ਸੀ।

SikhBookClub.com



ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਗੁਰੂ ਹਰਿਗੋਬਿੰਦ ਜੀ ਦੀ ਸ਼ਾਨਦਾਰ ਤਸਵੀਰ

ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਇਸ ਤਸਵੀਰ ਬਾਰੇ ਵਿਚਾਰ ਹੋਈ ਕਿ ਇਹ ਤਸਵੀਰ ਗੁਰਦੁਆਰਾ ਬਿਬੇਕਸਰ ਸਾਹਿਬ ਲਗਾ ਦਿੱਤੀ ਜਾਏ ਪਰ ਇਹ ਪਰਵਾਨ ਨਾ ਹੋਈ। ਧਾਰਮਿਕ ਸਲਾਹਕਾਰ ਕਮੇਟੀ ਦੀ ਅਠਾਰ੍ਹਵੀਂ ਇਕੱਤਰਤਾ, ਮਿਤੀ 6-4-50 ਦੀ ਕਾਰਵਾਈ:

> ***6. ਭਾਈ ਸਰੂਪ ਸਿੰਘ ਜੀ ਤੇ ਸੰਤੋਖ ਸਿੰਘ ਜੀ ਦੀ ਅੰਮ੍ਰਿਤਸਰ ਦੀ ਪੱਤ੍ਰਿਕਾ ਮਿਤੀ 27-12-49 ਜਿਸ ਰਾਹੀਂ ਉਹਨਾਂ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਅਕਾਲ ਤਖਤ ਸਾਹਿਬ ਵਾਲੀ ਤਸਵੀਰ ਨੂੰ ਗੁਰਦੁਆਰਾ ਬਿਬੇਕਸਰ ਲਾਉਣ ਬਾਰੇ ਤਜਵੀਜ਼ ਕੀਤੀ ਸੀ, ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਇਹ ਤਸਵੀਰ ਸ੍ਰੀ ਅਕਾਲ ਤਖਤ ਸਾਹਿਬ ਜਿੱਥੇ ਹੈ ਉਥੇ ਹੀ ਟਿਕੀ ਰਹਿਣ ਦਿੱਤੀ ਜਾਵੇ।***

(ਖ) ਇਕ ਤੋਂ ਦੂਜੀ ਥਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਲੈ ਜਾਣ ਵੇਲੇ ਅਰਦਾਸ ਕਰਨੀ ਚਾਹੀਏ। ਜਿਸ ਨੇ ਸਿਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਚੁੱਕਿਆ ਹੋਵੇ, ਉਹ ਨੰਗੇ ਪੈਰੀਂ ਚਲੇ, ਪਰ ਜੇਕਰ ਕਿਸੇ ਮੌਕੇ ਜੋੜੇ ਪਾਣ ਦੀ ਅਤਿ ਲੋੜ ਪੈ ਜਾਵੈ, ਤਾਂ ਭਰਮ ਨਹੀਂ ਕਰਨਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੩)

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰ੍ਹਾਂ ਦਰਜ ਸੀ:-

> ***(ਖ) ਇਕ ਤੋਂ ਦੂਜੀ ਥਾਂ ਅਸਵਾਰਾ ਸਾਹਿਬ ਲੈ ਜਾਣ ਵੇਲੇ ਅਰਦਾਸ ਕਰਨੀ ਚਾਹੀਏ। ਜਿਸ ਨੇ ਸਿਰ 'ਤੇ ਅਸਵਾਰਾ ਸਾਹਿਬ ਚੁਕਿਆ ਹੋਵੇ, ਉਹ ਨੰਗੇ ਪੈਰੀਂ ਚਲੇ, ਪਰ ਜੇਕਰ ਕਿਸੇ ਮੌਕੇ ਜੋੜਾ ਪਾਣ ਦੀ ਅਤੀ ਲੋੜ ਪੈ ਜਾਵੇ, ਤਾਂ ਭਰਮ ਨਹੀਂ ਕਰਨਾ।***

(ਸਿੱਖ ਰਹਿਤ ਮਰਯਾਦਾ, ਛਾਪ ੧੯੩੬ ਪੰਨਾ: ੪)

ਤਬਦੀਲੀ

'ਅਸਵਾਰਾ ਸਾਹਿਬ' ਦੀ ਥਾਵੇਂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਕੀਤਾ ਗਿਆ ਹੈ।

SikhBookClub.com

ਇਹ ਤਬਦੀਲੀ ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕੱਤਰਤਾ ਮਿਤੀ 7 ਜਨਵਰੀ, 1945 ਦੇ ਮਤਾ ਨੰਬਰ 5 ਰਾਹੀਂ ਕੀਤੀ ਗਈ, ਜੋ ਇਸ ਤਰ੍ਹਾਂ ਸੀ :

5. ਹੈਡਿੰਗ ਗੁਰਦੁਆਰੇ ਦੇ ਅੰਕ (ਖ) ਵਿੱਚ ਜਿੱਥੇ ਲਫਜ਼ 'ਅਸਵਾਰਾ ਸਾਹਿਬ' ਆਉਂਦੇ ਹਨ ਉਥੇ-ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਰ ਦਿੱਤਾ ਜਾਵੇ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਨੂੰ ਲਿਜਾਣ ਤੋਂ ਪਹਿਲਾਂ ਅਰਦਾਸ ਕਰਨੀ ਲਾਜ਼ਮੀ ਹੈ। ਇਸੇ ਤਰ੍ਹਾਂ ਜਿਸ ਨੇ ਸੀਸ 'ਤੇ ਗੁਰੂ ਗ੍ਰੰਥ ਸਾਹਿਬ ਚੁੱਕਿਆ ਹੋਵੇ ਉਸ ਨੂੰ ਸਤਿਕਾਰ ਹਿਤ ਨੰਗੇ ਪੈਰੀਂ ਚਲਣਾ ਚਾਹੀਦਾ ਹੈ। ਅਲਬੱਤਾ ਜੇ ਜੋੜੇ ਪਾਉਣ ਦੀ 'ਅਤਿ ਲੋੜ ਪੈ ਜਾਵੇ ਤਾਂ ਭਰਮ ਨਹੀਂ ਕਰਨਾ।' ਇੱਥੇ ਲਫ਼ਜ਼ 'ਅਤਿ ਲੋੜ ਪੈ ਜਾਵੇ' ਹੈ। ਇਸ ਲਈ ਆਮ ਹਾਲਤਾਂ ਵਿਚ ਨੰਗੇ ਪੈਰੀਂ ਹੀ ਚਲਣ ਦੀ ਮਰਯਾਦਾ ਹੈ ਅਤੇ ਇਸਦੀ ਪਾਲਨਾ ਕਰਨੀ ਚਾਹੀਦੀ ਹੈ।

ਇਸ ਮੱਦ ਵਿਚ ਅਸਵਾਰਾ ਸਾਹਿਬ ਦੀ ਥਾਵੇਂ ਗੁਰੂ ਗ੍ਰੰਥ ਸਾਹਿਬ ਕਰ ਦਿੱਤਾ ਗਿਆ ਹੈ। ਪੁਰਾਤਨ ਸਿੰਘਾਂ ਦੀ ਸ਼ਬਦਾਵਲੀ ਵਿਚ ਕਈ ਲਫ਼ਜ਼ ਸਨ ਜਿਹੜੇ ਜਾਂ ਤਾਂ ਅਲੋਪ ਹੁੰਦੇ ਜਾ ਰਹੇ ਹਨ ਅਤੇ ਜਾਂ ਤਬਦੀਲ। ਇੱਥੇ ਗੁਰੂ ਗ੍ਰੰਥ ਸਾਹਿਬ ਨੂੰ ਅਸਵਾਰਾ ਜਾਂ ਸਾਹਿਬ ਕਿਹਾ ਜਾਂਦਾ ਸੀ। ਪਿੱਛੇ ਜਿਹੇ ਗੁਰਦੁਆਰਾ ਸਾਹਿਬ ਦੇ ਬਾਹਰ ਇਕ ਸਹਿਜਧਾਰੀ ਪਰਿਵਾਰ ਆਏ ਅਤੇ ਪੁੱਛਣ ਲੱਗੇ, ਸਾਹਿਬ ਕਹਾਂ ਹੈ? ਸ਼ੁਰੂ ਵਿਚ ਤਾਂ ਕੁੱਝ ਅਜੀਬ ਲੱਗਾ ਪਰ ਛੇਤੀ ਸਮਝ ਪੈ ਗਈ। ਗੁਰੂ ਗ੍ਰੰਥ ਸਾਹਿਬ ਜੀ ਨੂੰ ਉਹ ਸਾਹਿਬ ਕਹਿ ਰਹੇ ਸਨ। ਇਸੇ ਤਰ੍ਹਾਂ ਵਾਕ ਲੈਣ ਨੂੰ ਆਵਾਜ਼ ਜਾਂ ਆਵਾਜ਼ਾ ਲੈਣਾ ਕਿਹਾ ਜਾਂਦਾ ਸੀ ਅਤੇ ਰੁਮਾਲਾ ਸਾਹਿਬ ਨੂੰ ਰੁਮਾਲ।

ਜਿੱਥੋ ਤਕ ਹੋ ਸਕੇ ਪੁਰਾਤਨਤਾ ਅਤੇ ਪੁਰਾਤਨ ਸ਼ਬਦਾਵਲੀ ਨੂੰ ਵਰਤਣਾ ਚਾਹੀਦਾ ਹੈ ਕਿਉਂ ਪੁਰਾਤਨ ਇਤਿਹਾਸਕ ਗ੍ਰੰਥਾਂ ਵਿਚ ਇਹੋ ਬੋਲੀ ਵਰਤੀ ਗਈ ਹੈ। ਇਸਦੇ ਨਾਲ ਹੀ ਗੁਰਦੁਆਰਾ, ਅੰਮ੍ਰਿਤ, ਗੁਰੂ ਗ੍ਰੰਥ ਸਾਹਿਬ ਲਫਜ਼ ਹੀ ਵਰਤਣੇ ਚਾਹੀਦੇ ਹਨ, ਇਹਨਾਂ ਦਾ ਅੰਗਰੇਜ਼ੀ ਵਿਚ ਤਰਜਮਾ ਨਹੀਂ।

(ਗ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਰਦਾਸਾ ਸੋਧ ਕੇ ਪ੍ਰਕਾਸ਼ ਕੀਤਾ ਜਾਵੇ। ਪ੍ਰਕਾਸ਼ ਕਰਨ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਇਕ ਸ਼ਬਦ ਦਾ ਵਾਕ ਲਿਆ ਜਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੩)

ਸਾਹਿਬ ਸ੍ਰੀ ਗੁਰੂ ਗ੍ਰੰਥ ਜੀ ਦਾ ਜਦੋਂ ਵੀ ਪ੍ਰਕਾਸ਼ ਕੀਤਾ ਜਾਏ ਤਾਂ ਇਸ ਤੋਂ ਪਹਿਲਾਂ ਅਰਦਾਸਾ ਜ਼ਰੂਰ ਸੋਧਿਆ ਜਾਏ। ਇਸਦੇ ਨਾਲ ਹੀ ਪ੍ਰਕਾਸ਼ ਕਰ ਕੇ ਇਕ ਸ਼ਬਦ ਦਾ ਵਾਕ ਲੈਣਾ ਵੀ ਲਾਜ਼ਮੀ ਹੈ।

(ਘ) ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਆਵੇ ਤਾਂ ਭਾਵੇਂ ਅੱਗੇ ਪ੍ਰਕਾਸ਼ ਹੋਇਆ ਹੋਵੇ ਜਾਂ ਨਾ, ਹਰ ਇਕ ਸਿੱਖ ਨੂੰ ਸਨਮਾਨ ਲਈ ਉੱਠ ਖਲੋਣਾ ਚਾਹੀਏ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੪)

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੱਖ *ਸਾਹਾਨੁ ਸਾਹੁ ॥ ਰਾਜਾਨ ਰਾਜ ॥*

SikhBookClub.com

ਭਾਨਾਨ ਭਾਨੁ ॥ ਦੇਵਾਨ ਦੇਵ ॥ ਹਨ। ਇਸ ਲਈ ਜਦੋਂ ਵੀ ਮਹਾਰਾਜ ਦੀ ਸਵਾਰੀ ਆਏ ਤਾਂ ਹਰ ਕਿਸੇ ਨੂੰ ਖੜੇ ਹੋ ਜਾਣਾ ਚਾਹੀਦਾ ਹੈ। ਆਮ ਤੌਰ 'ਤੇ ਦੁਨਿਆਵੀ ਅਦਾਲਤ ਵਿਚ ਵੀ ਜਦੋਂ ਜੱਜ ਅਦਾਲਤ ਵਿਚ ਪ੍ਰਵੇਸ਼ ਕਰਦਾ ਹੈ ਤਾਂ ਸਾਰੇ ਵਿਅਕਤੀ ਖੜੇ ਹੋ ਜਾਂਦੇ ਹਨ।

(ਙ) ਗੁਰਦੁਆਰੇ ਅੰਦਰ ਜਾਣ ਲੱਗਿਆਂ ਜੋੜੇ ਬਾਹਰ ਲਾਹ ਕੇ ਸਾਫ਼ ਸੁਥਰਾ ਹੋ ਕੇ ਜਾਣਾ ਚਾਹੀਏ, ਜੇ ਪੈਰ ਮੈਲੇ ਜਾਂ ਗੰਦੇ ਹੋਣ, ਤਾਂ ਜਲ ਨਾਲ ਧੋ ਲੈਣੇ ਚਾਹੀਏ। ਸ੍ਰੀ ਗੁਰੂ ਗ੍ਰੰਥ ਸਾਹਿਬ ਅਥਵਾ ਗੁਰਦੁਆਰੇ ਨੂੰ ਆਪਣੇ ਸੱਜੇ ਪਾਸੇ ਰੱਖ ਕੇ ਪ੍ਰਕਰਮਾ ਕਰਨੀ ਚਾਹੀਏ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੪)

ਪੈਰ ਧੋ ਕੇ ਗੁਰਦੁਆਰੇ ਪ੍ਰਵੇਸ਼

ਇਸ ਮੱਦ ਵਿਚ ਦੋ ਨੁਕਤੇ ਹਨ, ਗੁਰਦੁਆਰਾ ਸਾਹਿਬ ਵਿਚ ਪ੍ਰਵੇਸ਼ ਤੋਂ ਪਹਿਲਾਂ ਪੈਰ ਸਾਫ਼ ਹੋਣ ਅਤੇ ਦੂਸਰਾ ਗੁਰੂ ਗ੍ਰੰਥ ਸਾਹਿਬ ਅਥਵਾ ਗੁਰਦੁਆਰੇ ਦੀ ਪਰਿਕਰਮਾ ਕਰਨੀ।

ਕੁਦਰਤੀ ਤੌਰ 'ਤੇ ਇਹ ਲਾਜ਼ਮੀ ਹੈ ਕਿ ਜੋੜੇ ਲਾਹ ਕੇ ਅਤੇ ਪੈਰ ਧੋ ਕੇ ਹੀ ਗੁਰਦੁਆਰੇ ਸਾਹਿਬ ਦੇ ਅੰਦਰ ਜਾਣਾ ਚਾਹੀਦਾ ਹੈ। ਇਸ ਲਈ ਆਮ ਤੌਰ 'ਤੇ ਪੈਰ ਧੋਣ ਲਈ ਗੁਰਦੁਆਰਿਆਂ ਵਿਚ ਚਰਨ ਗੰਗਾ ਬਣੀ ਹੁੰਦੀ ਹੈ। ਇਸਦੇ ਨਾਲ ਹੀ ਇਹ ਵੀ ਧਿਆਨ ਰੱਖਣ ਦੀ ਲੋੜ ਹੈ ਕਿ ਜੁਰਾਬਾਂ ਪਾ ਕੇ ਗੁਰਦੁਆਰਾ ਸਾਹਿਬ ਵਿਚ ਨਹੀਂ ਜਾਣਾ ਚਾਹੀਦਾ।

ਪਰਿਕਰਮਾ ਕਰਨੀ

ਇਸ ਮੱਦ ਵਿਚ ਦੂਸਰੀ ਮੱਦ ਹੈ ਗੁਰਦੁਆਰਾ ਸਾਹਿਬ ਜਾਂ ਗੁਰੂ ਗ੍ਰੰਥ ਸਾਹਿਬ ਨੂੰ ਸੱਜੇ ਪਾਸੇ ਰੱਖ ਕੇ ਪਰਿਕਰਮਾ ਕਰਨ ਦੀ। ਇਸ ਬ੍ਰਹਿਮੰਡ ਦਾ ਹਰ ਗ੍ਰਹਿ ਆਪਣੇ ਤੋਂ ਵੱਡੇ ਗ੍ਰਹਿ ਦੀ ਪਰਿਕਰਮਾ ਕਰ ਰਿਹਾ ਹੈ। ਚੰਦ੍ਰਮਾ ਧਰਤੀ ਦੀ, ਧਰਤੀ ਸੂਰਜ ਦੀ ਅਤੇ ਇਸ ਤਰ੍ਹਾਂ ਇਹ ਸਿਲਸਿਲਾ ਲਗਾਤਾਰ ਬਿਨਾਂ ਰੁਕੇ ਚਲ ਰਿਹਾ ਹੈ। ਜੇਕਰ ਇਸ ਵਿਚ ਰੁਕਾਵਟ ਪੈਂਦੀ ਹੈ ਤਾਂ ਇਹ ਬਰਬਾਦੀ ਦਾ ਸੂਚਕ ਹੈ। ਇਸ ਲਈ ਸਿੱਖ ਨੇ ਵੀ ਗੁਰੂ ਗ੍ਰੰਥ ਸਾਹਿਬ ਨੂੰ ਜਾਂ ਗੁਰਦੁਆਰਾ ਸਾਹਿਬ ਨੂੰ ਆਪਣੇ ਸੱਜੇ ਪਾਸੇ ਰੱਖ ਕੇ ਪਰਿਕਰਮਾ ਕਰਨੀ ਹੈ। ਇਹ ਆਪਣੇ ਆਪ ਨੂੰ ਗੁਰੂ ਪ੍ਰਤੀ ਸਮਰਪਿਤ ਕਰਨ ਦਾ ਐਲਾਨ ਹੈ।

(ਚ) ਗੁਰਦੁਆਰੇ ਅੰਦਰ ਦਰਸ਼ਨਾਂ ਲਈ ਜਾਣ ਲਈ ਕਿਸੇ ਦੇਸ਼, ਮਜ਼੍ਹਬ, ਜਾਤਿ ਵਾਲੇ ਨੂੰ ਮਨਾਹੀ ਨਹੀਂ, ਪਰ ਉਸ ਦੇ ਪਾਸ ਸਿੱਖ ਧਰਮ ਤੋਂ ਵਿਵਰਜਿਤ, ਤਮਾਕੂ ਆਦਿ ਕੋਈ ਚੀਜ਼ ਨਹੀਂ ਹੋਣੀ ਚਾਹੀਦੀ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੪)

ਦੇਸ਼, ਧਰਮ, ਜਾਤਿ ਆਦਿ ਦੇ ਆਧਾਰ 'ਤੇ ਵਿਤਕਰੇ ਇਤਨੇ ਜ਼ਿਆਦਾ ਹਨ ਕਿ ਭਾਰਤ ਵਿਚ ਹਿੰਦੂ ਮੰਦਰਾਂ ਵਿਚ ਵੀ ਸਾਰੇ ਹਿੰਦੂਆਂ ਨੂੰ ਜਾਣ ਦੀ ਆਗਿਆ ਨਹੀਂ ਸੀ। ਹਿੰਦੂ ਮੰਦਰਾਂ ਦੇ ਦਰਵਾਜ਼ੇ ਸਾਰੇ ਹਿੰਦੂਆਂ ਲਈ ਖੋਲ੍ਹਣ ਬਾਰੇ ਭਾਰਤ ਦੇ ਸੰਵਿਧਾਨ ਵਿਚ ਵੀ ਉਚੇਚੇ ਤੌਰ 'ਤੇ ਧਾਰਾ 25(2) ਦਰਜ ਕੀਤੀ ਗਈ। ਪਰ ਧਰਮ ਦੇ ਆਧਾਰ 'ਤੇ ਜਾਤ-ਪਾਤ ਅਤੇ ਵਿਤਕਰੇ ਇਤਨੇ ਡੂੰਘੇ ਅਤੇ ਸਦੀਆਂ ਪੁਰਾਣੇ ਸਨ ਕਿ ਰੱਬ ਰੂਪ ਭਗਤ

SikhBookClub.com

ਨਾਮਦੇਵ ਜੀ ਨੂੰ ਵੀ ਧੱਕੇ ਮਾਰ ਕੇ ਮੰਦਿਰ ਵਿਚੋਂ ਕੱਢ ਦਿੱਤਾ ਗਿਆ। ਇਸ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ***ਸੂਦ ਸੂਦ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ ॥੧॥*** (ਮਲਾਰ ਨਾਮਦੇਵ ਜੀ, ਅੰਗ 1292) ਪਰ ਇਹ ਗੁਰੂ ਸਾਹਿਬ ਦੀ ਰੂਹਾਨੀ ਵਿਚਾਰਧਾਰਾ ਹੀ ਹੈ ਜਿਸਨੇ ਸਦੀਆਂ ਪਹਿਲਾਂ ਇਹ ਬੁਨਿਆਦੀ ਹੁਕਮ ਦਿੱਤੇ ਕਿ ਕਿਸੇ ਵੀ ਇਨਸਾਨ ਨੂੰ ਉਸਦੇ ਰੰਗ, ਨਸਲ, ਦੇਸ਼, ਜਾਤਿ ਦੇ ਅਧਾਰ 'ਤੇ ਗੁਰਦੁਆਰੇ ਵਿਚ ਆਉਣ ਤੋਂ ਨਹੀਂ ਰੋਕਿਆ ਨਹੀਂ ਜਾ ਸਕਦਾ। ***ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ ॥*** (ਸਲੋਕ ਕਬੀਰ ਜੀ, ਅੰਗ 1367)। ਪਰ ਸ਼ਰਤ ਜਾਂ ਰੁਕਾਵਟ ਕੇਵਲ ਇਤਨੀ ਹੈ ਕਿ ਉਸ ਵਿਅਕਤੀ ਕੋਲ ਸਿੱਖ ਧਰਮ ਵਿਚ ਵਿਵਰਜਿਤ, ਤਮਾਕੂ ਆਦਿ ਕੋਈ ਚੀਜ਼ ਨਹੀਂ ਹੋਣੀ ਚਾਹੀਦੀ। ਇੱਥੇ ਪੂਰੀ ਸੂਚੀ ਨਾ ਦੇ ਕੇ ਵਿਵਰਜਿਤ, ਤਮਾਕੂ ਆਦਿ ਲਿਖਿਆ ਗਿਆ ਹੈ। ਇਸ ਨਾਲ ਸ਼ਰਾਬ, ਸਿਗਰਟ, ਬੀੜੀ, ਖੈਣੀ, ਜਰਦਾ, ਨਸ਼ੇ ਆਦਿ ਸਾਰਾ ਕੁੱਝ ਸ਼ਾਮਿਲ ਹੋ ਜਾਂਦਾ ਹੈ। ਵਿਸ਼ਵ ਦੇ ਸੈਲਾਨੀਆਂ ਦੀ ਮਸ਼ਹੂਰ ਪੁਸਤਕ 'ਲੋਨਲੀ ਪਲੈਨਟ' ਵਿਚ ਵਿਦੇਸ਼ੀ ਸੈਲਾਨੀਆਂ ਨੂੰ ਰਾਇ ਦਿੱਤੀ ਗਈ ਹੈ ਕਿ ਜੇਕਰ ਤੁਹਾਡੇ ਕੋਲ ਭਾਰਤ ਵਿਚ ਕਿਸੇ ਵਜ੍ਹਾ ਕਰ ਪੈਸੇ ਮੁੱਕ ਜਾਣ ਤਾਂ ਪੁੱਛੋ ਗੁਰਦੁਆਰਾ, ਲੰਗਰ। ਪਰ ਇਸਦੇ ਨਾਲ ਹੀ ਉਸਨੇ ਤਾਕੀਦ ਵੀ ਕੀਤੀ ਹੈ ਕਿ ਉੱਥੇ ਜਾ ਕੇ ਬਿਲਕੁਲ ਬਹਿਸ ਨਾ ਕਰਨਾ ਕਿ ਤੁਸੀਂ ਸਿਗਰਟ ਕਿਉਂ ਨਹੀਂ ਲਿਜਾ ਸਕਦੇ। ਗੁਰਦੁਆਰਿਆਂ ਵਿਚ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਅਤੇ ਸੈਲਾਨੀਆਂ ਦੀ ਆਮਦ ਨੂੰ ਵੇਖਦਿਆਂ ਲੋੜ ਹੈ ਪ੍ਰਵੇਸ਼ ਦਵਾਰ 'ਤੇ ਇਸ ਬਾਰੇ ਬੋਰਡ ਲਗਾਉਣ ਦੀ।

(ਛ) ਗੁਰਦੁਆਰੇ ਅੰਦਰ ਜਾ ਕੇ ਸਿੱਖ ਦਾ ਪਹਿਲਾ ਕਰਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣਾ ਹੈ। ਉਪ੍ਰੰਤ ਗੁਰੂ ਰੂਪ ਸਾਧ ਸੰਗਤ ਦੇ ਦਰਸ਼ਨ ਕਰਕੇ ਸਹਿਜ ਨਾਲ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ' ਬੁਲਾਈ ਜਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੪)

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰ੍ਹਾਂ ਦਰਜ ਸੀ:-

> ***(ਛ) ਗੁਰਦੁਆਰੇ ਅੰਦਰ ਜਾ ਕੇ ਸਿੱਖ ਦਾ ਪਹਿਲਾ ਕਰਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਸਿਰ ਨਿਵਾ ਕੇ ਮੱਥਾ ਟੇਕਣਾ ਹੈ। ਉਪ੍ਰੰਤ ਗੁਰੂ ਰੂਪ ਸੰਗਤ ਦੇ ਦਰਸ਼ਨ ਕਰਕੇ ਸਹਿਜ ਨਾਲ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਬੁਲਾਈ ਜਾਵੇ।***
>
> *(ਸਿੱਖ ਰਹਿਤ ਮਰਯਾਦਾ, ਛਾਪ ੧੯੩੬ ਪੰਨਾ ੫)*

ਤਬਦੀਲੀ

1. ਮੂਲ ਸਿੱਖ ਰਹਿਤ ਮਰਯਾਦਾ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਸਿਰ ਨਿਵਾ ਕੇ ਮੱਥਾ ਟੇਕਣਾ' ਸੀ। ਇਸ ਵਿਚੋਂ 'ਸਿਰ ਨਿਵਾ ਕੇ' ਕੱਟ ਦਿੱਤਾ ਗਿਆ ਹੈ।

ਇਹ ਤਬਦੀਲੀ ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕੱਤਰਤਾ ਮਿਤੀ 7 ਜਨਵਰੀ, 1945 ਦੇ ਮਤਾ ਨੰਬਰ 4 ਰਾਹੀਂ ਕੀਤੀ ਗਈ, ਜੋ ਇਸ ਤਰ੍ਹਾਂ ਸੀ :

SikhBookClub.com

"4. ਹੈਡਿੰਗ ਗੁਰਦੁਆਰੇ ਦੇ ਅੰਕ (ਫ) ਵਿਚੋਂ ਲਫਜ਼ 'ਸਿਰ ਨਿਵਾ ਕੇ' ਕਟ ਦਿੱਤੇ ਜਾਣ।"

2. 'ਗੁਰੂ ਰੂਪ ਸੰਗਤ ਦੇ ਦਰਸ਼ਨ ਕਰਕੇ' ਨੂੰ 'ਗੁਰੂ ਰੂਪ ਸਾਧ ਸੰਗਤ ਦੇ ਦਰਸ਼ਨ ਕਰਕੇ' ਕੀਤਾ ਗਿਆ ਹੈ।

ਮੱਥਾ ਟੇਕਣਾ ਜਾਂ ਸਿਰ ਨਿਵਾ ਕੇ ਮੱਥਾ ਟੇਕਣਾ

ਸਿੱਖ ਰਹਿਤ ਮਰਯਾਦਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਸਿਰ ਨਿਵਾ ਕੇ ਮੱਥਾ ਟੇਕਣਾ ਲਿਖਿਆ ਸੀ ਅਤੇ ਹੁੰਦਾ ਵੀ ਇਸੇ ਹੀ ਤਰ੍ਹਾਂ ਹੈ। ਇਸ ਵਿਚੋਂ 'ਸਿਰ ਨਿਵਾ ਕੇ' ਲਫ਼ਜ਼ ਕਟ ਦਿੱਤੇ ਗਏ ਹਨ। ਇਹ ਤਬਦੀਲੀ ਕਰਨ ਦੀ ਲੋੜ ਕੀ ਪਈ ਇਸ ਦੀ ਕੋਈ ਵਿਆਖਿਆ ਨਹੀਂ ਕੀਤੀ ਗਈ ਹੈ।

ਮੱਥਾ ਟੇਕਣ ਜਾਂ ਸਿਰ ਨਿਵਾ ਕੇ ਮੱਥਾ ਟੇਕਣ ਵਿਚ ਬਹੁਤ ਅੰਤਰ ਹੈ। ਆਮ ਤੌਰ ਤੇ ਵੀ ਜਦੋਂ ਕੋਈ ਸਿੱਖ ਗੁਰਦੁਆਰੇ ਦੇ ਅੰਦਰ ਪ੍ਰਵੇਸ਼ ਕਰਦਾ ਹੈ ਤਾਂ ਪ੍ਰਤੱਖ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਦਿਆਂ ਸਾਰ ਹੀ ਉਸਦਾ ਸਿਰ ਆਪ ਮੁਹਾਰੇ ਝੁਕ ਜਾਂਦਾ ਹੈ। ਜਦੋਂ ਉਹ ਅੱਖਾਂ ਬੰਦ ਕਰ ਕੇ ਸਿਰ ਝੁਕਾਂਦਾ ਹੈ ਤਾਂ ਇਕ ਰੂਹਾਨੀ ਝਰਨਾਹਟ ਅਤੇ ਬਖਸ਼ਿਸ਼ ਮਹਿਸੂਸ ਕਰਦਾ ਹੈ। ਇਸ ਲਈ ਅਰਦਾਸ ਵਾਲੇ ਅਧਿਆਇ ਵਿਚ ਵੀ ਅੰਕਤ ਸੀ ਕਿ ***'ਸਾਰੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਦਬ ਨਾਲ ਮੱਥਾ ਟੇਕੇ।'***

ਇਸ ਦੇ ਇਲਾਵਾ ਆਮ ਜ਼ਿੰਦਗੀ ਵਿਚ ਵੀ ਜਦੋਂ ਕੋਈ ਕਿਸੇ ਅਦਾਲਤ ਵਿਚ ਪ੍ਰਵੇਸ਼ ਕਰਦਾ ਹੈ ਤਾਂ ਜੱਜ ਦੇ ਸਾਹਮਣੇ ਸਿਰ ਝੁਕਾਂਦਾ ਹੈ। ਇਹ ਇਕ ਸਤਿਕਾਰ ਦਾ ਚਿੰਨ੍ਹ ਹੈ। ਛੋਟੇ ਸਾਹਿਬਜ਼ਾਦਿਆਂ ਕੋਲੋਂ ਵੀ ਵਜ਼ੀਦੇ ਦੀ ਕਚਹਿਰੀ ਵਿਚ ਪ੍ਰਵੇਸ਼ ਕਰਨ ਸਮੇਂ ਛੋਟੀ ਖਿੜਕੀ 'ਚੋਂ ਲਾਂਘਾ ਰੱਖਿਆ ਗਿਆ ਸੀ ਕਿ ਉਹ ਸਿਰ ਝੁਕਾ ਕੇ ਅੰਦਰ ਲੰਘਣ। ਪਰ ਉਹਨਾਂ ਨੇ ਪੈਰ ਅੰਦਰ ਕਰ ਕੇ ਇਸ ਚਾਲ ਨੂੰ ਪੂਰੀ ਤਰ੍ਹਾਂ ਨਿਰਸਤ ਕਰ ਦਿੱਤਾ। ਗੁਰ ਚਰਨਾਂ ਦੇ ਭੌਰੇ ਭਾਈ ਨੰਦ ਲਾਲ ਜੀ ਫਰਮਾਂਦੇ ਹਨ :

ਸਰ ਅਗਰ ਦਾਰੀ ਬਿਰੌ ਸਰ ਰਾ ਬਿਨਿਹ ਰ ਪਾਇ ਊ
ਜਾਂ ਅਗਰ ਦਾਰੀ ਨਿਸਾਰਿਸ਼ ਕੁਨ ਅਗਰ ਦਰਕਾਰ ਹਸਤ।

(ਜੇ ਤੇਰੇ ਕੋਲ ਸਿਰ ਹੈ, ਤਾਂ ਜਾ, ਜਾ ਕੇ ਸਿਰ ਨੂੰ ਉਸ ਮਾਲਿਕ ਦੇ ਚਰਨਾਂ 'ਤੇ ਧਰ ਦੇ, ਅਤੇ ਜੇ ਤੇਰੇ ਪਾਸ ਜਾਨ ਹੈ ਅਤੇ ਤੈਨੂੰ ਲੋੜੀਂਦੀ ਹੈ, ਤਾਂ ਇਸ ਨੂੰ ਉਸ ਤੋਂ ਕੁਰਬਾਨ ਕਰ ਦੇ।)

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵੀ ਜਦੋਂ ਨਵਾਬ ਸੁਲਤਾਨਪੁਰ ਲੋਧੀ ਦੇ ਸਾਹਮਣੇ ਆਏ ਤਾਂ ਉਹਨਾਂ ਨੇ ਨਵਾਬ ਨੂੰ ਸਲਾਮ ਨਾ ਕੀਤੀ ਤਾਂ ਵਜ਼ੀਰ ਨੇ ਕਿਹਾ, ਨਾਨਕ! ਇਹ ਨਵਾਬ ਸਾਹਿਬ ਹਨ, ਝੁਕ ਕੇ ਸਲਾਮ ਕਰ। ਹਜ਼ੂਰ ਨੇ ਜਵਾਬ ਦਿੱਤਾ :

ਆ ਤਮਾਂ ਬੂਦ ਸਲਾਮ ਮੀ ਕਰਦ।
ਗਰਦਨ ਬੇ-ਤਮਾਂ ਬਲੰਦ ਬੁਵਦ॥

(ਜਿਸ ਵਿਅਕਤੀ ਦੇ ਅੰਦਰ ਤਮਾਂ ਜਾਂ ਲਾਲਚ ਹੋਏਗਾ ਉਸਦੀ ਗਰਦਨ ਝੁਕੇਗੀ। ਬੇ-ਤਮਾਂ ਵਿਅਕਤੀ ਦੀ ਗਰਦਨ ਹਮੇਸ਼ਾਂ ਬੁਲੰਦ ਰਹੇਗੀ।

SikhBookClub.com

ਸਿਰ ਨਿਵਾਣਾ ਜਾਂ ਸਿਰ ਝੁਕਾਣਾ ਅਦਬ ਅਤੇ ਸਤਿਕਾਰ ਦਾ ਚਿੰਨ੍ਹ ਹੈ। ਇਸ਼ਟ ਦਾ ਧਿਆਨ ਆਉਂਦਿਆਂ ਹੀ ਸਿਰ ਆਪ ਮੁਹਾਰੇ ਝੁਕ ਜਾਂਦਾ ਹੈ।

ਜਿਸ ਦਰ ਪੇ ਝੁਕੇ ਸਰ ਨਾ ਉਸੇ ਦਰ ਨਹੀਂ ਕਹਿਤੇ।
ਜੋ ਹਰ ਜਾਂ ਪੇ ਝੁਕ ਜਾਏ ਉਸੇ ਸਰ ਨਹੀਂ ਕਹਿਤੇ।

ਸਹਿਜ ਨਾਲ ਫ਼ਤਹਿ ਬੁਲਾਣੀ

ਇੱਥੇ ਅੰਕਤ ਹੈ, 'ਗੁਰੂ ਰੂਪ ਸਾਧ ਸੰਗਤ ਦੇ ਦਰਸ਼ਨ ਕਰਕੇ ਸਹਿਜ ਨਾਲ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ' ਬੁਲਾਈ ਜਾਵੇ।' ਜਿਸ ਤੋਂ ਸਪਸ਼ਟ ਹੈ ਕਿ ਇਹ ਕੇਵਲ ਸਾਧ ਸੰਗਤ ਨਹੀਂ ਬਲਕਿ 'ਗੁਰੂ ਰੂਪ ਸਾਧ ਸੰਗਤ' ਹੈ ਜਿਸਨੂੰ ਫ਼ਤਹਿ ਬੁਲਾਣੀ ਹੈ। ਪਰ ਇਹ ਇਤਨੇ ਸਹਿਜ ਵਿਚ ਹੋਵੇ ਕਿ ਆਮ ਸੰਗਤ ਦੇ ਧਿਆਨ ਵਿਚ ਵਿਘਨ ਨਾ ਪਵੇ।

(ਜ) ਸੰਗਤ ਵਿਚ ਬੈਠਣ ਲਈ ਭੀ ਸਿੱਖ-ਅਸਿੱਖ, ਛੂਤ-ਛਾਤ, ਜਾਤ-ਪਾਤ, ਊਚ-ਨੀਚ ਦਾ ਭਰਮ ਜਾਂ ਵਿਤਕਰਾ ਨਹੀਂ ਕਰਨਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੪)

ਵਿਆਖਿਆ

"ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ ॥" ਅਤੇ *"ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥"* ਸਿੱਖੀ ਦੇ ਮੁੱਢਲੇ ਅਸੂਲ ਹਨ। ਸਿੱਖ ਰਹਿਤ ਮਰਯਾਦਾ ਦੀ ਇਹ ਮੱਦ ਇਸ ਨੂੰ ਅਮਲੀ ਰੂਪ ਵਿਚ ਪੇਸ਼ ਕਰਦੀ ਹੈ। ਹਜ਼ੂਰ ਨੇ ਹੁਕਮ ਕੀਤਾ :

ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥
ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ ॥੨॥
ਸਭ ਮਹਿ ਰਵਿ ਰਹਿਆ ਪ੍ਰਭ ਏਕੈ ਪੇਖਿ ਪੇਖਿ ਨਾਨਕ ਬਿਗਸਾਈ ॥੩॥੮॥

ਨਿੱਜੀ ਤੌਰ 'ਤੇ ਕਿਸੇ ਵਿਅਕਤੀ ਦੀ ਕੁੱਝ ਵੀ ਹੈਸੀਅਤ ਹੋਏ ਪਰ ਜਦੋਂ ਉਹ ਸੰਗਤ ਵਿਚ ਪਹੁੰਚ ਜਾਂਦਾ ਹੈ ਤਾਂ ਇਹ ਸੰਗਤ ਗੁਰੂ ਰੂਪ ਹੋ ਜਾਂਦੀ ਹੈ। ਫ਼ਿਰ ਇੱਥੇ ਉਸਦੇ ਧਰਮ, ਜਾਤ, ਫ਼ਿਰਕੇ, ਰੰਗ ਨਸਲ ਦੇ ਹੋਣ ਦਾ ਕੋਈ ਫ਼ਰਕ ਨਹੀਂ ਪੈਂਦਾ। ਉਸ ਨਾਲ ਕਿਸੇ ਵੀ ਕਿਸਮ ਦਾ ਵਿਤਕਰਾ ਜਾਂ ਭਰਮ ਨਹੀਂ ਕੀਤਾ ਜਾ ਸਕਦਾ। ਜਿਸ ਸਮਾਜ ਵਿਚ ਰੱਬ ਰੂਪ ਭਗਤ ਜਨਾ ਨੂੰ ਵੀ *"ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ ॥੧॥"* ਦੀ ਪੁਕਾਰ ਕਰਨੀ ਪਈ ਉੱਥੇ ਸਿੱਖੀ ਦੇ ਇਸ ਆਦਰਸ਼ ਦਾ ਕੋਈ ਸਾਨੀ ਨਹੀਂ ਹੈ। ਖ਼ਲਕਤ ਇਸ ਕ੍ਰਾਂਤੀਕਾਰੀ ਕਰਿਸ਼ਮੇ ਨੂੰ ਵੇਖ ਕੇ ਹੈਰਾਨ ਵੀ ਹੁੰਦੀ ਹੈ। ਇਸ ਮੱਦ ਦੀ ਮਹੱਤਤਾ ਇਸ ਲਈ ਵੀ ਹੈ ਕਿ ਬਾਕੀ ਧਰਮਾਂ ਦੇ ਧਾਰਮਿਕ ਅਸਥਾਨਾਂ 'ਤੇ ਹਰ ਕਿਸੇ ਨੂੰ ਜਾਣ ਦੀ ਇਜਾਜ਼ਤ ਨਹੀਂ ਹੈ। ਮੱਕੇ ਜਾਂਦੀ ਸ਼ਾਹ ਰਾਹ 'ਤੇ ਵੀ ਕੋਈ ਗ਼ੈਰ ਮੁਸਲਿਮ ਨਹੀਂ ਜਾ ਸਕਦਾ। ਕਈ ਹਿੰਦੂ ਮੰਦਿਰਾਂ ਵਿਚ ਨਾ ਕੇਵਲ ਗ਼ੈਰ ਹਿੰਦੂਆਂ ਦੇ ਬਲਕਿ ਅਖੌਤੀ ਨੀਵੀਂ ਜਾਤ ਦੇ ਹਿੰਦੂਆਂ ਅਤੇ ਬੀਬੀਆਂ ਦੇ ਪ੍ਰਵੇਸ਼ ਦੀ ਵੀ ਮਨਾਹੀ ਹੈ।

SikhBookClub.com

ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ ॥
ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ ॥
(ਕਬੀਰ ਜੀ, ਅੰਗ ੧੩੬੭)

ਭਾਰਤ ਦੇ ਸੰਵਿਧਾਨ ਦੀ ਧਾਰਾ 25(2)(ਬ) ਰਾਹੀਂ ਇਸ ਵਿਤਕਰੇ ਨੂੰ ਕੁੱਝ ਹੱਦ ਤਕ ਦੂਰ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਹਿੰਦੂ ਮੰਦਿਰਾਂ ਨੂੰ ਹਰ ਵਰਗ ਦੇ ਹਿੰਦੂਆਂ ਲਈ ਖੋਲ੍ਹਣ ਦੀ ਗੱਲ ਕੀਤੀ ਗਈ। ਇਸ ਧਾਰਾ ਵਿਚ ਅੰਕਤ ਹੈ :

25(2) (b) providing for social welfare and reform or the throwing open of Hindu religious institutions of a public character to all classes and sections of Hindus.

ਪਰ ਇਸ ਮੱਦ ਦੀ ਲੋੜ ਕੇਵਲ ਹਿੰਦੂਆਂ ਲਈ ਹੀ ਸੀ ਕਿਉਂਕਿ ਉੱਥੇ ਇਹ ਵਿਤਕਰਾ ਮੌਜੂਦ ਹੈ। ਪਰ ਗੁਰੂ ਦਾ ਦਰ ਗੁਰਦੁਆਰੇ ਤਾਂ ਸ਼ੁਰੂ ਤੋਂ ਹੀ ਹਰ ਵਰਗ, ਧਰਮ ਜਾਤ ਜਾਂ ਫ਼ਿਰਕੇ ਲਈ ਹਨ। ਇੱਥੇ ਕੋਈ ਓਪਰਾ ਨਹੀਂ ਤੇ ਨਾ ਹੀ ਬੇਗਾਨਾ। ਫ਼ਿਰ ਵੀ ਇਸ ਧਾਰਾ ਵਿਚ ਸਿੱਖਾਂ ਨੂੰ ਕਿਉਂ ਨੱਥੀ ਕੀਤਾ ਗਿਆ ਹੈ, ਸਮਝ ਤੋਂ ਬਾਹਰ ਹੈ।

ਇੱਥੇ ਸ੍ਵੈ-ਪੜਚੋਲ ਦੀ ਲੋੜ ਹੈ ਕਿ ਧਾਰਮਿਕ ਤੌਰ ਤੇ ਇਹ ਗ਼ੈਰ ਇਨਸਾਨੀ ਵਰਤਾਰਾ ਦੂਰ ਹੋ ਗਿਆ ਹੈ ਪਰ ਸਮਾਜਕ ਤੌਰ 'ਤੇ ਬਹੁਤ ਕੁੱਝ ਕਰਨ ਦੀ ਲੋੜ ਹੈ।

(ਝ) ਕਿਸੇ ਮਨੁੱਖ ਦਾ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਜਾਂ ਸੰਗਤ ਵਿਚ ਗਦੇਲਾ, ਆਸਣ, ਕੁਰਸੀ, ਚੌਂਕੀ, ਮੰਜਾ ਆਦਿ ਲਾ ਕੇ ਬੈਠਣਾ ਜਾਂ ਕਿਸੇ ਹੋਰ ਵਿਤਕਰੇ ਨਾਲ ਬੈਠਣਾ ਮਨਮੱਤ ਹੈ।
(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੪)

ਜਿੱਥੇ ਵੀ ਅਤੇ ਜਦੋਂ ਵੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋ ਕੇ ਸੰਗਤ ਜੁੜਦੀ ਹੈ ਤਾਂ ਇਹ ਸਥਾਨ ਸਾਧ ਸੰਗਤ ਬਣ ਜਾਂਦਾ ਹੈ। ਇੱਥੇ ਸਿਕਦਾਰੀ ਅਤੇ ਸਰਵੁੱਚਤਾ ਚਵਰ ਤਖ਼ਤ ਦੇ ਮਾਲਿਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੀ ਹੋ ਸਕਦੀ ਹੈ। ਬਾਕੀ ਸਾਰੀ ਸੰਗਤ ਜਾਚਕ ਅਤੇ ਸਿੱਖ ਦੇ ਰੂਪ ਵਿਚ ਜੁੜਦੀ ਹੈ। ਸੱਚੇ ਪਾਤਸ਼ਾਹ ਦੇ ਦਰਬਾਰ ਵਿਚ ਕਿਸੇ ਵੀ ਵਿਅਕਤੀ ਵੱਲੋਂ ਵੱਖਰਾਂ ਜਾਂ ਬਰਾਬਰ ਗਦੇਲਾ, ਆਸਣ, ਕੁਰਸੀ, ਚੌਂਕੀ, ਮੰਜਾ ਆਦਿ ਲਾ ਕੇ ਬੈਠਣਾ ਨਾ ਕੇਵਲ ਮਨਮੱਤ ਹੈ ਬਲਕਿ ਘੋਰ ਗੁਰੂ ਨਿੰਦਾ ਵੀ ਹੈ। ***"ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ ॥"*** (ਅੰਗ 474) ਪਿਛਲੀ ਸਦੀ ਦੇ ਅਰੰਭ ਵਿਚ ਕੁੱਝ ਸੋਢੀ, ਬੇਦੀ, ਭੱਲੇ ਅਤੇ ਸਾਹਿਬਜ਼ਾਦੇ ਆਦਿ ਆਪਣੇ ਆਪ ਨੂੰ ਗੁਰੂ ਅੰਸ ਦੱਸ ਕੇ ਆਪਣੀ ਸਿੱਖੀ ਸੇਵਕੀ ਚਲਾਣ ਲਈ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਅਤੇ ਹਜ਼ੂਰੀ ਵਿਚ ਹੀ ਗਦੇਲੇ ਅਤੇ ਆਸਨ ਲਗਾ ਕੇ ਆਪਣੀ ਪੂਜਾ ਕਰਵਾਂਦੇ ਰਹੇ ਹਨ। ***"ਜਿਸੁ ਨਾਲਿ ਸੰਗਤਿ ਕਰਿ ਸਰੀਕੀ ਜਾਇ ਕਿਆ ਰੂਆਵਣਾ ॥"*** (ਵਡਹੰਸ ਮ: ੩, ਅੰਗ 566) ਇਸ ਦੀ ਵਿਆਖਿਆ ਫ਼ਰੀਦਕੋਟੀ ਟੀਕੇ ਵਿਚ ਬਹੁਤ ਸੁੰਦਰ ਕੀਤੀ ਗਈ ਹੈ :

(ਜਿਸ ਕੇ ਸਾਥ ਸੰਗਤ ਕਰਨੀ ਹੈ ਉਸ ਕੇ ਸਾਥ ਸਰੀਕੀ ਨਹੀਂ ਕਰੀਏ। ਜੋ ਸਰੀਕਤਿ ਕਰੇਗਾ ਆਗੇ ਜਾਇ ਕਰ ਕੇ (ਰੂਆਵਣਾ) ਰੋਨਾਂ ਹੋਇਗਾ ਵਾ ਉਸ ਪਰਮੇਸ੍ਰਰ ਕਾ ਕੀ ਜਾਣਾ ਹੈ, ਉਸ ਨੇ ਜੀਵ ਕੋ ਰੁਆਵਣਾ ਹੀ ਹੈ ॥)

SikhBookClub.com

ਵਕਤ ਬਦਲਣ ਨਾਲ ਇਹ ਭੈੜੀ ਵਾਦੀ ਤਾਂ ਤਕਰੀਬਨ ਤਕਰੀਬਨ ਸਮਾਪਤ ਹੋ ਚੁਕੀ ਹੈ ਪਰ ਨਵੇਂ ਰੂਪ ਵਿਚ ਕਈ ਥਾਵੇਂ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਚ ਕੁਰਸੀਆਂ ਅਤੇ ਸੋਫ਼ਿਆਂ ਦੇ ਰੂਪ ਵਿਚ ਮੁੜ ਪ੍ਰਗਟ ਹੋ ਰਹੀ ਹੈ। ਇਹ ਨਿਰੋਲ ਮਨਮੱਤ ਹੈ।

ਇਸ ਦੇ ਨਾਲ ਹੀ ਬਹੁਤ ਹੀ ਮਹੱਤਵਪੂਰਨ ਹੈ ਕਿ ਨਾਮਧਾਰੀ ਦਰਬਾਰ ਵਾਲੇ ਵੀ ਆਪਣੇ ਇਕੱਠ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਦੇ ਨਾਲ ਨਾਲ ਆਪਣੇ ਦੇਹਧਾਰੀ ਗੁਰੂ ਦਾ 'ਸਤਿਗੁਰੂ' ਕਹਿ ਕੇ ਆਸਨ ਲਗਾਉਂਦੇ ਹਨ। ਪਰ ਨਾਲ ਹੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਗੁਰੂ' ਵੀ ਕਹਿਣ ਤੋਂ ਮੁਨਕਰ ਹੁੰਦਿਆਂ 'ਆਦਿ ਗ੍ਰੰਥ' ਕਹਿੰਦੇ ਹਨ। ਗੁਰੂ ਗ੍ਰੰਥ ਸਾਹਿਬ ਆਦਿ ਗ੍ਰੰਥ ਉਤਨੀ ਦੇਰ ਸੀ ਜਿਤਨੀ ਦੇਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹਜ਼ੂਰ ਸਾਹਿਬ ਦੇ ਪਾਵਨ ਅਸਥਾਨ 'ਤੇ ਪ੍ਰਕਾਸ਼ ਕਰ ਕੇ ਗੁਰਤਾ ਗੱਦੀ ਪ੍ਰਦਾਨ ਨਾ ਕਰ ਦਿੱਤੀ। ਹੁਣ ਇਹ 'ਆਦਿ ਗ੍ਰੰਥ' ਨਹੀਂ ਬਲਕਿ ਜੁਗੋ ਜੁਗ ਅਟੱਲ 'ਗੁਰੂ ਗ੍ਰੰਥ ਸਾਹਿਬ' ਹੈ। ਇਹ ਸਿੱਧੀ ਅਤੇ ਸਪਸ਼ਟ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਰਾਦਰੀ ਅਤੇ ਈਸ਼ ਨਿੰਦਾ ਹੈ।

ਸਿੱਖ ਰਹਿਤ ਮਰਿਆਦਾ ਦੀ ਇਸ ਮੱਦ ਦਾ ਮੁੱਖ ਮੰਤਵ ਹੀ ਸੰਗਤ ਦੀ ਬਰਾਬਰਤਾ ਦਾ ਹੈ। ਰਹਿਤਨਾਮਿਆਂ ਵਿਚ ਇਸ ਬਾਰੇ ਬਹੁਤ ਹੀ ਸੁੰਦਰ ਵਿਚਾਰ ਦਿੱਤੇ ਗਏ ਹਨ :

> ***ਗੁਰੂ ਕਾ ਸਿਖ, ਜੇ ਸਿਖਾਂ ਵਿਚ ਜਾਏ, ਤਾਂ ਵਿਚਾਰ ਕੇ ਬੈਠੇ। ਪੰਗਤ ਦੇ ਵਿਚ ਕਿਸੇ ਦੇ ਅੱਗੇ ਨਾ ਬੈਠੇ। ਦੋ ਘਾਟੇ ਹੁੰਦੇ ਹੈਨਿ, ਅੱਗੇ ਬੈਠਿਆਂ, ਇਕੇ ਪਿਛਲੇ ਦਾ ਮਾਨ ਘਟਦਾ ਹੈ, ਦੂਜਾ ਆਪਣਾ ਵਧਦਾ ਹੈ।***

(ਰਹਿਤਨਾਮਾ ਹਜ਼ੂਰੀ, ਭਾਈ ਚਉਪਾ ਸਿੰਘ ਛਿੱਬਰ, ਪੰਨਾ ੯੪)

ਗੁਰੂ ਦੀ ਹਜ਼ੂਰੀ ਵਿਚ ਸੰਗਤ ਦੇ ਬੈਠਣ ਦਾ ਅਦੁੱਤੀ ਨਕਸ਼ਾ ਗੁਰੂ ਅਰਜਨ ਦੇਵ ਜੀ ਨੇ ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਖ਼ੁਦ ਬਣਾ ਦਿੱਤਾ। ਕਿਤਨਾ ਕ੍ਰਾਂਤੀਕਾਰੀ ਅਤੇ ਅਦੁੱਤੀ ਨਿਰਣਾ ਸੀ, ਸੰਗਤ ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਅਤੇ ਬਾਲਕੌਨੀ ਵਿਚ। ਕੋਈ ਭਰਮ ਨਹੀਂ ਰਖਿਆ। ਪਰ ਸੰਗਤ ਦੇ ਵਿਚ ਕੋਈ ਵਿਤਕਰਾ ਨਹੀਂ। ਦਰਅਸਲ ਉਸ ਸਮੇਂ ਦੁਨਿਆਵੀ ਰਾਜੇ ਆਪ ਝਰੋਖਿਆਂ ਵਿਚ ਬੈਠਦੇ ਸਨ ਅਤੇ ਜਨਤਾ ਥੱਲੇ । ਭਾਈ ਗੁਰਦਾਸ ਜੀ ਨੇ ਅੰਕਤ ਕੀਤਾ ਹੈ, ***"ਬਹੈ ਝਰੋਖੇ ਪਾਤਿਸਾਹ ਖਿੜਕੀ ਖੋਲ੍ਹਿ ਦੀਵਾਨ ਲਗਾਵੈ।"***(ਵਾਰ 39 ਪਉੜੀ 9)

(ਵ) ਸੰਗਤ ਵਿਚ ਜਾਂ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਕਿਸੇ ਸਿੱਖ ਨੂੰ ਨੰਗੇ ਸਿਰ ਨਹੀਂ ਬੈਠਣਾ ਚਾਹੀਦਾ। ਸੰਗਤ ਵਿਚ ਸਿੱਖ ਇਸਤਰੀਆਂ ਲਈ ਪਰਦਾ ਕਰਨਾ ਜਾਂ ਘੁੰਡ ਕੱਢਣਾ ਗੁਰਮਤਿ ਵਿਰੁੱਧ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੪)

ਸਿੱਖ ਰਹਿਤ ਮਰਯਾਦਾ ਦੀ ਇਸ ਮੱਦ ਵਿਚ ਮੁਖ ਤੌਰ 'ਤੇ ਦੋ ਨੁਕਤੇ ਦਰਜ ਹਨ, ਸੰਗਤ ਵਿਚ ਨੰਗੇ ਸਿਰ ਨਹੀਂ ਬੈਠਣਾ ਅਤੇ ਪਰਦਾ ਜਾਂ ਘੁੰਡ ਨਹੀਂ ਕੱਢਣਾ। ਇਸ ਨੂੰ ਗੁਰਮਤਿ ਵਿਰੁੱਧ ਕਿਹਾ ਗਿਆ ਹੈ।

ਰਹੁ ਰਹੁ ਰੀ ਬਹੁਰੀਆ ਘੂੰਘਟੁ ਜਿਨਿ ਕਾਢੈ ॥
ਅੰਤ ਕੀ ਬਾਰ ਲਹੈਗੀ ਨ ਆਢੈ ॥ ਰਹਾਉ ॥

(ਕਬੀਰ ਜੀ, ਅੰਗ ੪੮੪)

SikhBookClub.com

ਇਸਤਰੀ ਮਰਦ ਦੋਨੋਂ ਸੰਗਤ ਦਾ ਹਿੱਸਾ ਹਨ ਅਤੇ ਸਾਂਝੇ ਤੌਰ 'ਤੇ ਗੁਰਮਤਿ ਦੇ ਪਾਂਧੀ ਹਨ। ਵੈਸੇ ਤਾਂ ਮਰਯਾਦਾ ਹੈ ਕਿ ਕੋਈ ਵੀ ਸਿੱਖ ਕਦੇ ਵੀ ਨੰਗੇ ਸਿਰ ਨਾ ਵਿਚਰੇ। ਪਰ ਵਿਸ਼ੇਸ਼ ਤੌਰ 'ਤੇ ਸਿੱਖ ਰਹਿਤ ਮਰਯਾਦਾ ਵਿਚ ਸੰਗਤ ਵਿਚ ਬਿਰਾਜਣ ਦੀ ਇਕ ਮਰਯਾਦਾ ਨਿਸਚਤ ਕੀਤੀ ਗਈ ਹੈ। ਇਸ ਲਈ ਸੰਗਤ ਵਿਚ ਸਿੱਖ ਬੀਬੀਆਂ ਦਾ ਪਰਦਾ ਕਰਨਾ ਜਾਂ ਘੁੰਡ ਕਢਣਾ ਗੁਰਮਤਿ ਵਿਰੁੱਧ ਕਰਾਰ ਦਿੱਤਾ ਗਿਆ ਹੈ।

ਵੈਸੇ ਤਾਂ ਨੰਗੇ ਸਿਰ ਵਿਚਰਨਾ ਮਾੜਾ ਅਤੇ ਗੁਰਮਤਿ ਦੇ ਵਿਰੁੱਧ ਸਮਝਿਆ ਜਾਂਦਾ ਸੀ। ਇਸ ਬਾਰੇ ਸਾਡੇ ਬਜ਼ੁਰਗ ਕਿਤਨੇ ਸਜਗ ਅਤੇ ਸਿਆਣੇ ਸਨ, ਉਸਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇਕ ਰਹਿਤਨਾਮੇ ਵਿਚ ਅੰਕਤ ਹੈ ਕਿ ਗੁਰੂ ਕਾ ਸਿੱਖ ਨੰਗੇ ਸਿਰ ਜੁੱਤੀ ਨਾ ਪਾਏ। ਹੁਣ ਸਿੱਧੀ ਗੱਲ ਹੈ ਕਿ ਜੇ ਕਿਸੇ ਨੇ ਬਾਹਰ ਜਾਣਾ ਹੈ ਤਾਂ ਜੁੱਤੀ ਪਾਏਗਾ। ਇਸ ਲਈ ਉਹਨਾਂ ਨੇ ਇਹ ਨਹੀਂ ਕਿਹਾ ਕਿ ਤੂੰ ਨੰਗੇ ਸਿਰ ਬਾਹਰ ਨਾ ਜਾਈਂ ਬਲਕਿ ਇਹ ਕਹਿ ਦਿੱਤਾ ਕਿ ਤੂੰ ਨੰਗੇ ਸਿਰ ਜੁੱਤੀ ਨਾ ਪਾਈਂ। ਯਾਨਿ ਕਿ ਜੇ ਬਾਹਰ ਜਾਣਾ ਹੈ ਤਾਂ ਪਹਿਲਾਂ ਦਸਤਾਰ ਸਜਾ।

ਪ੍ਰਿੰਸੀਪਲ ਗੰਗਾ ਸਿੰਘ ਜੀ ਨੇ ਰੂਹਾਨੀਅਤ ਦਾ ਸੁਨੇਹਾ ਦਿੰਦੀ ਇਕ ਵਾਰਤਾ ਅੰਕਤ ਕੀਤੀ ਹੈ ਕਿ ਕੁੱਝ ਕੁੜੀਆਂ ਬਜ਼ਾਰ ਗਈਆਂ ਅਤੇ ਲਲਾਰੀ ਕੋਲ ਰੰਗ ਬਰੰਗੀਆਂ ਚੁੰਨੀਆਂ ਵੇਖ ਕੇ ਕਹਿਣ ਲੱਗੀਆਂ, ਵੀਰਾ! ਇਹ ਸਾਡੇ ਸਿਰ 'ਤੇ ਲਈਆਂ ਚੁੰਨੀਆਂ ਵੀ ਰੰਗ ਦੇ। ਲਲਾਰੀ ਨੇ ਕਿਹਾ ਦਿਉ। ਉਹਨਾਂ ਨੇ ਜਵਾਬ ਦਿੱਤਾ,

ਸਿਰ ਦਾ ਚੀਰ ਉਤਾਰ ਖਲੋਵਾਂ, ਥੀਵਾਂ ਨੰਗੀ ਵਿਚ ਬਜ਼ਾਰਾਂ।
ਸਹੁਰੇ ਪੇਕੇ ਮਿਲਨ ਨਾ ਢੋਈ ਤੇ ਹਾਸੀ ਕਰਨ ਗਵਾਰਾ॥

ਇਸ ਦੇ ਨਾਲ ਹੀ ਇਹ ਵੀ ਵਿਚਾਰਨ ਦੀ ਗੱਲ ਹੈ ਕਿ ਰਹਿਤਨਾਮਿਆਂ ਵਿਚ ਨੰਗੇ ਸਿਰ ਭੋਜਨ ਨਾ ਕਰਨ ਦੀ ਤਾਕੀਦ ਕੀਤੀ ਗਈ ਹੈ। ਇਸ ਨੂੰ ਸਮਝਣ ਦੀ ਲੋੜ ਹੈ। ਦਰਅਸਲ ਹਿੰਦੂ ਸ਼ਾਸਤ੍ਰਾਂ ਵਿਚ ਅੰਕਤ ਹੈ ਕਿ ਜਿਹੜਾ ਭੋਜਨ ਸਿਰ ਢੱਕ ਕੇ ਜਾਂ ਦੱਖਣ ਦਿਸ਼ਾ ਵੱਲ ਮੂੰਹ ਕਰ ਕੇ ਖਾਧਾ ਜਾਂਦਾ ਹੈ ਉਹ ਖਾਣਾ ਰਾਖਸ਼ਸ ਖਾ ਜਾਂਦੇ ਹਨ।

शिरो वेष्टय्य तु यो भुङक्ते दक्षिणाभिमुखस्तु यः
वामपादकर : स्थित्वा तद वै रक्षासि भुञ्जते।।59।।

(ਸ਼ਿਰੋ ਵੇਸ਼ਟਯੱ ਤੁ ਯੋ ਭੁੰਗਤੇ ਦਕਿਸ਼ਣਾਭਿਮੁਖਸਤ ਯ:,
ਵਾਮਪਾਦਕਰ: ਸਥਿਤਵਾ ਤਦ ਵੈ ਰਖਸ਼ਾਂਸਿ ਭੁੰਜਤੇ ॥੫੯॥

(ਅਤ੍ਰੀ ਸੰਹਿਤਾ)

ਇਹ ਨਿਰੋਲ ਕਰਮਕਾਂਡ ਹੈ। ਸਤਿਗੁਰਾਂ ਨੇ ਐਸੇ ਸਾਰੇ ਬਿਪ੍ਰਵਾਦੀ ਭਰਮਾਂ ਵਹਿਮਾਂ ਤੋਂ ਸਿੱਖਾਂ ਨੂੰ ਪੂਰੀ ਤਰ੍ਹਾਂ ਮੁਕਤੀ ਪ੍ਰਦਾਨ ਕੀਤੀ ਹੈ।

ਨਾ ਕੇਵਲ ਧਾਰਮਿਕ ਬਲਕਿ ਸਮਾਜਕ ਤੌਰ 'ਤੇ ਵੀ ਨੰਗਾ ਸਿਰ ਹੋਣਾ ਨਹਿਸ਼ ਜਾਂ ਬੁਰੀ ਅਲਾਮਤ ਸਮਝਿਆ ਜਾਂਦਾ ਸੀ। ਭਾਈ ਗੁਰਦਾਸ ਜੀ ਨੇ ਵੀ ਇਕ ਲੋਕ ਗਾਥਾ ਦਾ ਜ਼ਿਕਰ ਕੀਤਾ ਹੈ ਕਿ ਕੋਈ ਸੱਜਣ ਖੂਹ 'ਤੇ ਨਹਾਉਣ ਦੇ ਬਾਅਦ ਆਪਣੀ ਪੱਗ ਖੂਹ 'ਤੇ ਹੀ ਭੁਲ ਗਿਆ ਅਤੇ ਜਦੋਂ ਉਸ ਦੇ ਘਰਦਿਆਂ ਨੇ ਉਸਨੂੰ ਨੰਗੇ ਸਿਰ ਵੇਖਿਆ ਤਾਂ ਇਹ

SikhBookClub.com

ਸਮਝਿਆ ਕਿ ਕੋਈ ਮਰ ਗਿਆ ਹੈ। ਇਸ 'ਤੇ ਸਾਰੇ ਪਾਸੇ ਪਿੱਟ ਸਿਆਪਾ ਸ਼ੁਰੂ ਹੋ ਗਿਆ। ਭਾਈ ਸਾਹਿਬ ਲਿਖਦੇ ਹਨ,

ਠੰਡੇ ਖੂਹਹੁੰ ਨ੍ਹਾਇ ਕੈ ਪਗ ਵਿਸਾਰਿ ਆਇਆ ਸਿਰਿ ਨੰਗੈ।
ਘਰ ਵਿਚਿ ਰੰਨਾਂ ਕਮਲੀਆਂ ਧੁਸੀ ਲੀਤੀ ਦੇਖਿ ਕੁਢੰਗੈ।
ਰੰਨਾਂ ਦੇਖਿ ਪਿਟੰਦੀਆਂ ਢਾਹਾਂ ਮਾਰੈਂ ਹੋਇ ਨਿਸੰਗੈ।
ਲੋਕ ਸਿਆਪੇ ਆਇਆ ਰੰਨਾ ਪੁਰਸ ਜੁੜੇ ਲੈ ਪੰਗੈ।
ਨਾਇਣ ਪੁਛਦੀ ਪਿਟਦੀਆਂ ਕਿਸ ਦੈ ਨਾਇ ਅਲ੍ਹਾਣੀ ਅੰਗੈ।
ਸਹੁਰੇ ਪੁਛਹੁ ਜਾਇ ਕੈ ਕਉਣ ਮੁਆ ਨੂਹ ਉਤਰੁ ਮੰਗੈ।
ਕਾਵਾਂ ਰੌਲਾ ਮੂਰਖੁ ਸੰਗੈ ॥੧੯॥

(ਪਉੜੀ ੩੨)

ਰਹਿਤਨਾਮੇ ਵੀ ਸਪਸ਼ਟ ਤੌਰ 'ਤੇ ਸਿੱਖ ਦਾ ਨੰਗੇ ਸਿਰ ਹੋਣ ਨੂੰ ਨਹਿਸ਼ ਮੰਨਦੇ ਹਨ :

ਜੋ ਸਿਖ ਕੁਲਕ ਰਖੇ, ਤਨਖਾਹੀਆ। (ਕੁਲਕ = ਕੁੱਲਾ)
ਨੰਗੇ ਕੇਸੀਂ ਫਿਰੇ, ਰਵਾਲ ਪਾਏ, ਸੋ ਤਨਖਾਹੀਆ।
ਨੰਗੇ ਕੇਸੀਂ ਮਾਰਗ ਟੁਰੇ, ਸੋ ਤਨਖਾਹੀਆ।
ਨੰਗੇ ਕੇਸੀਂ ਭੋਜਨ ਕਰੇ, ਸੋ ਤਨਖਾਹੀਆ।

(ਰਹਿਤਨਾਮਾ ਹਜ਼ੂਰੀ ਭਾਈ ਚਉਪਾ ਸਿੰਘ ਛਿੱਬਰ, ਪੰਨਾ ੧੧੫)

ਪਰਦਾ ਜਾਂ ਘੁੰਡ :

ਸਿੱਖ ਰਹਿਤ ਮਰਯਾਦਾ ਦੀ ਸ਼ਖਸੀ ਰਹਿਣੀ ਦੇ ਅਧੀਨ ਗੁਰਦੁਆਰੇ ਦੀ ਇਸ ਮੱਦ 1(4)(1)(ਵ) ਹੇਠ ਸਿੱਖ ਇਸਤਰੀਆਂ ਲਈ ਪਰਦਾ ਕਰਨ ਜਾਂ ਘੁੰਡ ਕਢਣਾ ਗੁਰਮਤਿ ਦੇ ਵਿਰੁੱਧ ਕਰਾਰ ਦਿੱਤਾ ਗਿਆ ਹੈ। ਇਸ ਨੂੰ ਹੋਰ ਦ੍ਰਿੜ੍ਹ ਕਰਾਉਂਦਿਆਂ ਇਕ ਵਾਰ ਫ਼ਿਰ ਮਰਯਾਦਾ ਦੀ ਸ਼ਖਸੀ ਰਹਿਣੀ ਦੇ ਗੁਰਮਤਿ ਦੀ ਰਹਿਣੀ ਦੇ ਅੰਗ 2(ਢ) ਵਿਚ ਵੀ ਸਿੱਖ ਇਸਤਰੀਆਂ ਲਈ ਪਰਦਾ ਜਾਂ ਘੁੰਡ ਕਰਨ ਨੂੰ ਉਚਿਤ ਨਹੀਂ ਕਿਹਾ ਗਿਆ। '**(ਢ) ਸਿੱਖ ਇਸਤਰੀਆਂ ਲਈ ਪਰਦਾ ਜਾਂ ਘੁੰਡ ਕਰਨਾ ਉਚਿਤ ਨਹੀਂ**।' ਪਰਦੇ ਬਾਰੇ ਉਕਤ ਮੱਦ 2 (ਢ) ਹੇਠ ਵਿਸਥਾਰ ਸਹਿਤ ਵਿਚਾਰ ਕੀਤੀ ਗਈ ਹੈ।

(ਟ) ਤਖ਼ਤ ਪੰਜ ਹਨ-

1) ਸ੍ਰੀ ਅਕਾਲ ਤਖ਼ਤ ਸਹਿਬ, ਅੰਮ੍ਰਿਤਸਰ।
2) ਤਖ਼ਤ ਸ੍ਰੀ ਪਟਨਾ ਸਾਹਿਬ।
3) ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ।
4) ਤਖ਼ਤ ਸ੍ਰੀ ਹਜ਼ੂਰ ਸਾਹਿਬ, ਨੰਦੇੜ।
5) ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ)

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੪)

SikhBookClub.com

1936 ਵਿਚ ਇਹ ਮੱਦ ਇਸ ਤਰ੍ਹਾਂ ਸੀ,

(ਟ) ਤਖ਼ਤ ਚਾਰ ਹਨ:- (1) ਸ੍ਰੀ ਅਕਾਲ ਤਖ਼ਤ ਸਹਿਬ, ਅੰਮ੍ਰਿਤਸਰ। (2) ਤਖ਼ਤ ਪਟਨਾ ਸਾਹਿਬ। (3) ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ। (4) ਸ੍ਰੀ ਹਜ਼ੂਰ ਸਾਹਿਬ, ਨਾਂਦੇੜ।

(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੫)

ਤਬਦੀਲੀ

1936 ਵਾਲੀ ਰਹਿਤ ਮਰਯਾਦਾ ਵਿਚ ਚਾਰ ਤਖ਼ਤ ਦਰਜ ਸਨ ਪਰ 1960 ਵਿਚ ਇਸ 'ਚ ਵਾਧਾ ਕਰਕੇ ਪੰਜਵਾਂ ਤਖ਼ਤ, ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬ੍ਹੋ) ਨੂੰ ਸ਼ਾਮਿਲ ਕੀਤਾ ਗਿਆ।

ਵਿਸਥਾਰ

ਪੰਜਾਂ ਤਖ਼ਤਾਂ ਅਤੇ ਸਰਬੱਤ ਗੁਰਦੁਆਰਿਆਂ ਦਾ ਧਿਆਨ ਹਰ ਸਿੱਖ ਦੀ ਨਿਤਾਪ੍ਰਤਿ ਅਰਦਾਸ ਦਾ ਹਿੱਸਾ ਹੈ। ਮੁੱਢਲੇ ਅਤੇ ਸ਼੍ਰੋਮਣੀ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਅਤੇ ਸਥਾਪਨਾ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਪੀਰੀ ਦੇ ਸਿਧਾਂਤ ਨੂੰ ਪਰਪੱਕ ਕਰਦਿਆਂ ਖ਼ੁਦ ਕੀਤੀ। ਉਸ ਦਿਨ ਤੋਂ ਹੀ ਇਹ ਖਾਲਸੇ ਦੀ ਖ਼ੁਦਮੁਖਤਿਆਰੀ ਦਾ ਕੇਂਦਰ ਬਿੰਦੂ ਬਣ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸੰਕਲਪ ਅਤੇ ਸੰਸਥਾ ਵਿਲੱਖਣ ਹੈ। ਇਹ ਸਿੱਖ ਪੰਥ ਦੀ ਨਿਵੇਕਲੀ ਅਤੇ ਪ੍ਰਭੂਸੱਤਾ ਦੀ ਲਖਾਇਕ ਹੈ। ਐਸੀ ਕੋਈ ਸੰਸਥਾ ਕਿਸੇ ਹੋਰ ਧਰਮ ਪਾਸ ਨਹੀਂ ਹੈ। ਇਹ ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਐਨ ਸਾਹਮਣੇ ਉਸਾਰਿਆ ਗਿਆ। ਇਸ ਦੀ ਪਵਿਤ੍ਰਤਾ ਅਤੇ ਮਹੱਤਤਾ ਇਸੇ ਤੋਂ ਹੀ ਉਜਾਗਰ ਹੈ ਕਿ ਇਸ ਦੀ ਨੀਂਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਖ਼ੁਦ ਰੱਖੀ ਅਤੇ ਉਸਾਰੀ ਦੀ ਸੇਵਾ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਨਿਭਾਈ।

ਕਰਿ ਅਰਦਾਸਿ ਸ੍ਰੀ ਗੁਰ ਤਹਾਂ ਪੁਨਿ ਪ੍ਰਸਾਦੁ ਵਰਤਾਇ।
ਪ੍ਰਿਥਮ ਨੀਵ ਸ੍ਰੀ ਗੁਰ ਰਖੀ ਅਬਿਚਲ ਤਖਤ ਸੁਹਾਇ ॥੩੮॥
ਕਿਸੀ ਰਾਜ ਨਹਿ ਹਾਥ ਲਗਾਯੋ। ਬੁੱਢੇ ਔ ਗੁਰਦਾਸ ਬਨਾਯੋ।
ਖਚਤ ਰੇਖਤਾ ਤਖਤ ਅਕਾਰ। ਬਨਾਯੋ ਕਛੁਕ ਊਚ ਨਿਰਧਾਰ ॥੩੯॥

(ਗੁਰਬਿਲਾਸ ਪਾ. ੬ ਅਧਿਆਇ ੮, ਪੰਨਾ ੨੧੦, ਸ਼੍ਰੋ. ਗੁ. ਪ੍ਰ. ਕਮੇਟੀ)

ਸਿੱਖ ਗੁਰਦੁਆਰਾ ਐਕਟ ਗੁਰਦੁਆਰਿਆ ਦੀ ਸੇਵਾ ਸੰਭਾਲ ਦਾ ਐਕਟ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਇਕ ਗੁਰਦੁਆਰਾ ਨਹੀਂ ਬਲਕਿ ਤਖ਼ਤ ਹੈ। ਇਸ ਹਾਲਤ ਵਿਚ ਕੀ ਸਿੱਖ ਗੁਰਦੁਆਰਾ ਐਕਟ ਸ੍ਰੀ ਅਕਾਲ ਤਖ਼ਤ ਸਾਹਿਬ, ਇਸਦੇ ਪ੍ਰਬੰਧ ਅਤੇ ਸੇਵਾ ਸੰਭਾਲ 'ਤੇ ਵੀ ਕਾਨੂੰਨੀ ਤੌਰ 'ਤੇ ਲਾਗੂ ਹੋ ਸਕਦਾ ਹੈ, ਇਹ ਵੱਖਰੇ ਅਤੇ ਗੰਭੀਰ ਵਿਚਾਰ ਦਾ ਵਿਸ਼ਾ ਹੈ। ਤਖ਼ਤ ਅਤੇ ਗੁਰਦੁਆਰੇ ਦੇ ਸਿਧਾਂਤ ਵਿਚ ਅੰਤਰ ਹੈ। ਹਰਿਮੰਦਰ ਸਾਹਿਬ ਵਿਚ ਨਿਰੋਲ ਕੀਰਤਨ ਦੀ ਪਰੰਪਰਾ ਸੀ ਪਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੀਰਤਨ, ਕਥਾ, ਢਾਡੀ ਵਾਰਾਂ, ਅਤੇ ਵਿਆਖਿਆਨ ਹੋਣ ਦੇ ਨਾਲ ਨਾਲ ਹੁਕਮਨਾਮੇ ਜਾਰੀ ਕੀਤੇ ਜਾਂਦੇ ਰਹੇ ਹਨ। ਨਾਲ ਹੀ ਇੱਥੋਂ ਧਾਰਮਿਕ ਅਵੱਗਿਆ ਕਰਨ ਵਾਲੇ ਸਿੱਖਾਂ ਨੂੰ ਤਨਖ਼ਾਹ

SikhBookClub.com

ਜਾਂ ਸਜ਼ਾ ਵੀ ਲਾਣ ਦੀ ਪ੍ਰੰਪਰਾ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਐਨ ਸਾਹਮਣੇ ਹੁੰਦਿਆਂ ਹੋਇਆਂ ਵੀ ਅਕਾਲ ਤਖ਼ਤ ਸਾਹਿਬ 'ਤੇ ਬੈਠਿਆਂ ਹਰਿਮੰਦਰ ਸਾਹਿਬ ਦੇ ਦਰਸ਼ਨ ਹੁੰਦੇ ਹਨ ਪਰ ਹਰਿਮੰਦਰ ਸਾਹਿਬ ਤੋਂ ਅਕਾਲ ਤਖ਼ਤ ਸਾਹਿਬ ਦੇ ਨਹੀਂ ਹੁੰਦੇ। ਇਹ ਸੁਨੇਹਾ ਹੈ ਰਾਜਨੀਤਕ ਫੈਸਲੇ ਅਤੇ ਫ਼ੁਰਮਾਨ ਜਾਰੀ ਕਰਦਿਆਂ ਧਰਮ ਦਾ ਕੇਂਦਰੀ ਬਿੰਦੂ ਹਰਿਮੰਦਰ ਸਾਹਿਬ ਸਨਮੁਖ ਹੋਣਾ ਚਾਹੀਦਾ ਹੈ।

ਇਕ ਅੰਗਰੇਜ਼ ਲਿਖਾਰੀ ਹੁਗ ਫ਼ਿਸ਼ਰ (1867-1945) ਆਪਣੇ ਬਰਮ੍ਹਾ ਅਤੇ ਭਾਰਤ ਦੇ ਦੌਰੇ ਦੌਰਾਨ ਸ੍ਰੀ ਅੰਮ੍ਰਿਤਸਰ ਵੀ ਆਇਆ। ਇੱਥੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਖੜੇ ਹੋ ਕੇ ਉਸਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤੁਲਨਾ ਇਕ ਫੈਕਟਰੀ ਨਾਲ ਕਰਦਿਆਂ ਕਿਹਾ ਕਿ ਇਹ *ਅਕਾਲ ਬੁੰਗਾ* ਹੈ ਜਿੱਥੇ ਸਿੱਖ ਬਣਾਏ ਜਾਂਦੇ ਹਨ।

> ***Outside, across the long cause way with its marble balustrade and rows of lamps, theentrancegate faces an open stone-flagged square surrouned by buildings, the chief of which is the gilt-domed Akal Bunga where, I was informed, "Sikhsaremade."***
>
> (Through India and Burmah, A Hugh Fisher, p. 220)

ਜਿੱਥੇ ਹਰਿਮੰਦਰ ਸਾਹਿਬ ਅਤੇ ਹਰ ਗੁਰਦੁਆਰੇ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਮੰਜੀ ਸਾਹਿਬ 'ਤੇ ਕੀਤਾ ਜਾਂਦਾ ਹੈ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਬਾਕੀ ਤਖ਼ਤ ਸਾਹਿਬਾਨ ਵਿਚ ਸਿੰਘਾਸਨ 'ਤੇ ਸ਼ਸਤ੍ਰ ਸੁਸ਼ੋਭਿਤ ਕੀਤੇ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਉਸ ਤੋਂ ਥੋੜਾ ਹੱਟਵਾਂ ਅਤੇ ਨੀਵਾਂ ਹੁੰਦਾ ਹੈ। ਗੁਰਦੁਆਰੇ ਦੀ ਪਰਿਕਰਮਾ ਕੀਤੀ ਜਾਂਦੀ ਹੈ ਪਰ ਤਖ਼ਤ ਦੀ ਪਰਿਕਰਮਾ ਨਹੀਂ ਬਲਕਿ ਉਸਦੇ ਸਨਮੁਖ ਪੇਸ਼ ਹੋਇਆ ਜਾਂਦਾ ਹੈ। ਹਰਿਮੰਦਰ ਸਾਹਿਬ ਵਿਚ ਜੈਕਾਰਾ ਜਾਂ ਨਗਾਰਾ ਨਹੀਂ ਵਜਾਇਆ ਜਾਂਦਾ ਪਰ ਅਕਾਲ ਤਖ਼ਤ 'ਤੇ ਜੈਕਾਰੇ ਗਜਾਏ ਜਾਂਦੇ ਹਨ ਅਤੇ ਨਗਾਰੇ ਵੀ ਵਜਾਏ ਜਾਂਦੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਨਿਰੋਲ ਤਖ਼ਤ ਹੈ ਪਰ ਬਾਕੀ ਤਖ਼ਤ ਸਾਹਿਬਾਨ ਵਿਚ ਤਖ਼ਤ ਅਤੇ ਹਰਿਮੰਦਰ ਸਾਹਿਬ ਇਕੱਠੇ ਹਨ।

ਇਕ ਅਹਿਮ ਨੁਕਤਾ ਵਿਚਾਰਯੋਗ ਹੈ ਕਿ ਅਕਾਲ ਤਖ਼ਤ ਸਾਹਿਬ ਦਾ ਹਰ ਆਦੇਸ਼ ਸਾਰੇ ਸੰਸਾਰ ਦੇ ਸਿੱਖਾਂ ਲਈ ਇਲਾਹੀ ਫ਼ੁਰਮਾਨ ਹੈ। ਪਰ ਭਾਰਤ ਵਿਚ ਵੱਸਣ ਵਾਲੇ ਸਿੱਖ ਵੱਖਰੇ ਕਿਸਮ ਦੇ ਦੋਹਰੇ ਅਖਤਿਆਰ ਅਧੀਨ ਹਨ । ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੇ ਨਾਲ ਨਾਲ ਭਾਰਤ ਦੇ ਸੰਵਿਧਾਨ ਦੇ ਵੀ ਅਧੀਨ ਹਨ। ਜੇਕਰ ਕਿਧਰੇ ਦੋਹਾਂ ਦੇ ਆਦੇਸ਼ਾਂ ਵਿਚ ਟਕਰਾਅ ਹੁੰਦਾ ਹੈ ਤਾਂ ਇਹ ਬਹੁਤ ਹੀ ਗੰਭੀਰ ਸਮਸਿਆ ਬਣ ਸਕਦੀ ਹੈ, ਜਿਵੇਂ ਇਕ ਦੋ ਵਾਰ ਹੋ ਵੀ ਚੁੱਕਾ ਹੈ। ਜ਼ਰੂਰਤ ਹੈ ਇਸ ਨੁਕਤੇ ਨੂੰ ਗੰਭੀਰਤਾ ਨਾਲ ਵਿਚਾਰ ਕੇ ਸੰਵਿਧਾਨਕ ਹੱਲ ਲੱਭਣ ਦੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਇਮੀ ਅਤੇ ਸਿੱਖ ਰਹਿਤ ਮਰਯਾਦਾ ਹੋਂਦ ਵਿਚ ਆਉਣ ਦੇ ਸਮੇਂ ਗੁਰਦੁਆਰਾ ਐਕਟ ਜਾਂ ਸਿੱਖ ਰਹਿਤ ਮਰਯਾਦਾ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਜ਼ਿਕਰ ਨਹੀਂ ਸੀ। 30 ਜੁਲਾਈ, 1960 ਨੂੰ ਸ਼੍ਰੋਮਣੀ ਗੁਰਦੁਆਰਾ

SikhBookClub.com

ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿਚ ਇਕ ਸਬ-ਕਮੇਟੀ ਕਾਇਮ ਕੀਤੀ ਗਈ। ਇਸ ਸਬ-ਕਮੇਟੀ ਨੇ ਆਪਣੀ ਰਿਪੋਰਟ ਵਿਚ ਗੁਰੂ ਕੀ ਕਾਂਸ਼ੀ ਦਮਦਮਾ ਸਾਹਿਬ ਨੂੰ ਤਖ਼ਤ ਦੇ ਤੌਰ 'ਤੇ ਪ੍ਰਵਾਨ ਕਰਨ ਦੀ ਸਿਫ਼ਾਰਿਸ਼ ਕੀਤੀ। ਉਪਰੰਤ 6 ਸਾਲ ਬਾਅਦ 18 ਨਵੰਬਰ, 1966 ਨੂੰ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਨੇ ਮਤਾ ਨੰਬਰ 32 ਰਾਹੀਂ ਇਸ ਨੂੰ ਪ੍ਰਵਾਨ ਕਰ ਲਿਆ। ਪਰ ਕੇਂਦਰ ਸਰਕਾਰ ਨੇ ਇਸ ਨੂੰ ਪ੍ਰਵਾਨ ਨਾ ਕੀਤਾ ਅਤੇ ਕਾਨੂੰਨ ਅਨੁਸਾਰ ਵਿਚ ਸਿੱਖ ਗੁਰਦੁਆਰਾ ਐਕਟ ਵਿਚ ਚਾਰ ਤਖ਼ਤ ਹੀ ਰਹੇ।

ਪੰਥ ਵਿਚ ਇਸ ਬਾਰੇ ਇਕ ਰਾਇ ਕਾਇਮ ਨਾ ਹੋ ਸਕੀ ਅਤੇ ਇਹ ਵਿਵਾਦ ਜਾਰੀ ਰਿਹਾ। ਇਸ ਨਿਰਣੇ ਦੀ ਮੁਖਰ ਵਿਰੋਧਤਾ ਸਿਰਦਾਰ ਕਪੂਰ ਸਿੰਘ ਜੀ ਆਈ ਸੀ ਐਸ ਕਰ ਰਹੇ ਸਨ। ਉਹਨਾਂ ਨੇ ਇਕ ਲੇਖ ਵਿਚ ਕਿਹਾ :

> ***"Damdameh Saib, now in the Bhatinda District of Punjab is a holy and historical Sikh shrine of great historical importance and sanctity, but is not the fifth takht, in the meaning of a 'Sikh seat of authority,' and thereis no human authority, now or ever, which can create new takhts valid in and acceptable to the Sikh doctrine."***
>
> (The Sikh Review, Calcutta, Dec 1971, p. 35)

ਇਸੇ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਪਰਤਾਪ ਸਿੰਘ ਜੀ ਨੇ ਵੀ ਇਸਦੇ ਵਿਰੋਧ ਬਾਰੇ ਇਕ ਕਿਤਾਬ ਤਖ਼ਤਾਂ ਬਾਰੇ ਵਿਵਾਦ ਪ੍ਰਕਾਸ਼ਤ ਕੀਤੀ।

ਆਖ਼ਰ 33 ਸਾਲ ਦੇ ਲੰਮੇ ਵਖਵੇ ਦੇ ਬਾਅਦ 23 ਅਪ੍ਰੈਲ, 1999 ਨੂੰ ਭਾਰਤ ਸਰਕਾਰ ਦੇ ਗ੍ਰਹਿ ਮੰਤ੍ਰਾਲੇ ਨੇ ਨੋਟੀਫ਼ਿਕੇਸ਼ਨ ਨੰਬਰ ਐਸ. ਓ. 281(ਈ) ਰਾਹੀਂ ਗੁਰਦੁਆਰਾ ਐਕਟ ਵਿਚ ਤਰਮੀਮ ਕਰਕੇ ਦਮਦਮਾ ਸਾਹਿਬ ਨੂੰ ਸਰਕਾਰੀ ਤੌਰ 'ਤੇ ਪੰਜਵਾਂ ਤਖ਼ਤ ਐਲਾਨ ਦਿੱਤਾ।

ਇੱਥੇ ਇਕ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਸਰਕਾਰ ਨੇ ਗੁਰਦੁਆਰਾ ਐਕਟ ਵਿਚ ਨੋਟੀਫ਼ਿਕੇਸ਼ਨ ਰਾਹੀਂ ਇਹ ਤਰਮੀਮ ਕੀਤੀ। ਨਿਯਮ ਅਨੁਸਾਰ ਇਹ ਪਾਰਲੀਮੈਂਟ ਦੇ ਐਕਟ ਜਾਂ ਆਰਡੀਨੈਂਸ ਰਾਹੀਂ ਹੋਣੀ ਚਾਹੀਦੀ ਸੀ। ਇਸੇ ਤਰ੍ਹਾਂ ਜਦੋਂ ਸਹਿਜਧਾਰੀ ਮੱਦ ਦੀ ਤਰਮੀਮ ਵੀ ਨੋਟੀਫ਼ਿਕੇਸ਼ਨ ਰਾਹੀਂ ਕੀਤੀ ਗਈ ਸੀ ਤਾਂ ਇਸ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਰੱਦ ਕਰ ਦਿੱਤਾ ਸੀ। ਸੁਪਰੀਮ ਕੋਰਟ ਕੋਲ ਇਹ ਮਾਮਲਾ ਵਿਚਾਰ ਅਧੀਨ ਸੀ ਅਤੇ ਆਖ਼ਿਰ ਭਾਰਤ ਸਰਕਾਰ ਨੇ ਬਾਕਾਇਦਾ ਪਾਰਲੀਮੈਂਟ ਵਿਚ ਤਰਮੀਮੀ ਬਿੱਲ ਲਿਆ ਕੇ ਇਸ ਨੂੰ ਦਰੁਸਤ ਕੀਤਾ। ਇਸ ਨਾਲ ਨਾ ਕੇਵਲ ਸਮਾਂ, ਪੈਸਾ ਅਤੇ ਖੱਜਲ ਖੁਆਰੀ ਹੋਈ ਬਲਕਿ ਸ਼੍ਰੋਮਣੀ ਕਮੇਟੀ ਦੀ ਹੋਂਦ 'ਤੇ ਵੀ ਸਵਾਲੀਆ ਚਿੰਨ੍ਹ ਲੱਗ ਗਿਆ ਸੀ। ਪੰਥਕ ਜਥੇਬੰਦੀਆਂ ਨੂੰ ਇਸ ਬਾਰੇ ਸੁਚੇਤ ਹੋਣ ਦੀ ਲੋੜ ਹੈ।

(ਠ) ਤਖ਼ਤਾਂ ਦੇ ਖਾਸ ਅਸਥਾਨ ਉਤੇ ਕੇਵਲ ਰਹਿਤਵਾਨ ਅੰਮ੍ਰਿਤਧਾਰੀ ਸਿੰਘ (ਸਿੰਘ ਜਾਂ ਸਿੰਘਣੀ) ਹੀ ਚੜ੍ਹ ਸਕਦੇ ਹਨ। (ਤਖਤਾਂ ਉੱਤੇ ਪਤਿਤ ਤੇ ਤਨਖਾਹੀਏ ਸਿਖ ਤੋਂ ਬਿਨਾਂ ਹਰ ਇਕ ਪ੍ਰਾਣੀ ਮਾਤਰ, ਸਿੱਖ ਗੈਰ-ਸਿੱਖ ਦੀ ਅਰਦਾਸ ਹੋ ਸਕਦੀ ਹੈ।)

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੫)

SikhBookClub.com

ਸਿੱਖ ਰਹਿਤ ਮਰਯਾਦਾ ਦੇ ਸ਼ਖ਼ਸੀ ਰਹਿਣੀ ਦੇ ਚੌਥੇ ਅਧਿਆਇ ਦੀ ਗੁਰਦੁਆਰੇ ਦੀ ਮੱਦ (ਠ) ਬਹੁਤ ਹੀ ਮਹੱਤਵਪੂਰਨ ਹੈ। ਇਸ ਅਨੁਸਾਰ ਕਿਸੇ ਵੀ ਤਖ਼ਤ ਸਾਹਿਬ ਦੇ ਖ਼ਾਸ ਅਸਥਾਨ 'ਤੇ ਕੇਵਲ ਅੰਮ੍ਰਿਤਧਾਰੀ ਸਿੰਘ ਜਾਂ ਸਿੰਘਣੀ ਹੀ ਚੜ੍ਹ ਸਕਦੇ ਹਨ। ਜਿਸ ਸਮੇਂ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਨਵੀਂ ਇਮਾਰਤ ਦੀ ਉਸਾਰੀ ਮੁਕੰਮਲ ਹੋਈ ਤਾਂ ਭਾਈ ਮਾਨ ਸਿੰਘ ਜੀ ਨੇ ਦੱਸਿਆ ਕਿ ਰੋਕਣ ਦੇ ਬਾਵਜੂਦ ਇਕਦਮ ਕਾਫ਼ੀ ਵੱਡੀ ਗਿਣਤੀ ਵਿਚ ਸਥਾਨਕ ਸੰਗਤ ਤਖ਼ਤ ਸਾਹਿਬ ਦੇ ਖ਼ਾਸ ਅਸਥਾਨ ਦੇ ਅੰਦਰ ਵੜ ਗਈ। ਭਾਈ ਸਾਹਿਬ ਦੇ ਦੱਸਿਆ ਉਸ ਵੇਲੇ ਸੰਗਤ ਵਿਚ ਇਹ ਕਿਹਾ ਗਿਆ ਕਿ ਤਖ਼ਤ ਸਾਹਿਬ ਦੀ ਮਰਯਾਦਾ ਹੈ ਕਿ ਇੱਥੇ ਪੰਜਾ ਕਕਾਰਾਂ ਦਾ ਧਾਰਨੀ ਅਤੇ ਤਿਆਰ ਬਰ ਤਿਆਰ ਅੰਮ੍ਰਿਤਧਾਰੀ ਸਿੰਘ ਹੀ ਅੰਦਰ ਆ ਸਕਦਾ ਹੈ। ਉਹਨਾਂ ਨੇ ਦੱਸਿਆ ਕਿ ਇਕ ਦਮ ਸਾਰੇ ਬਾਹਰ ਚਲੇ ਗਏ।

ਪਤਿਤ ਤੇ ਤਨਖਾਹੀਏ ਸਿੱਖ ਦੀ ਅਰਦਾਸ

ਇਸਦੇ ਨਾਲ ਹੀ ਇਕ ਹੋਰ ਚੇਤਾਵਨੀ ਵੀ ਹੈ ਕਿ ਕਿਸੇ ਵੀ ਤਖ਼ਤ ਸਾਹਿਬ 'ਤੇ ਹਰ ਕਿਸੇ ਪ੍ਰਾਣੀ ਮਾਤਰ ਸਿੱਖ ਗੈਰ ਸਿੱਖ ਦੀ ਅਰਦਾਸ ਹੋ ਸਕਦੀ ਹੈ । ਕਿਸੇ ਹਿੰਦੂ, ਮੁਸਲਮਾਨ, ਈਸਾਈ ਜਾਂ ਨਾਸਤਿਕ ਦੀ ਵੀ ਅਰਦਾਸ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋ ਸਕਦੀ ਹੈ ਪਰ ਜੇਕਰ ਕੋਈ ਸਿੱਖ ਹੁੰਦਿਆਂ ਹੋਇਆ ਪਤਿਤ ਜਾਂ ਤਨਖਾਹੀਆ ਹੈ ਤਾਂ ਉਸ ਦੀ ਅਰਦਾਸ ਨਹੀਂ ਹੋ ਸਕਦੀ। 'ਸ੍ਰੀ ਅਕਾਲ ਤਖ਼ਤ ਸਾਹਿਬ' ਜਾਂ 'ਬੁੰਗਾ ਅਕਾਲ' ਦੀਨ ਦੁਨੀ ਦੇ ਮਾਲਕ ਦਾ ਉਹ ਅਬਚਲੀ ਸਿੰਘਾਸਨ ਹੈ ਜਿਸਦੇ ਆਦੇਸ਼ ਅਤੇ ਫ਼ੈਸਲੇ ਕੇਵਲ ਹੁਕਮ ਹੀ ਨਹੀਂ ਬਲਕਿ ਇਲਾਹੀ ਹੁਕਮਨਾਮੇ ਹਨ। ਇਹ ਅਸਥਾਨ ਰਹਿਤ ਮਰਯਾਦਾ ਦਾ ਜ਼ਾਮਨ ਵੀ ਹੈ ਰਹਿਤ ਦੀ ਢਿੱਲ ਪ੍ਰਵਾਨ ਨਹੀਂ ਕੀਤੀ ਜਾ ਸਕਦੀ। ਜਿਸ ਕਿਸੇ ਨੇ ਤਖ਼ਤ ਸਾਹਿਬ ਦੇ ਖ਼ਾਸ ਅਸਥਾਨ 'ਤੇ ਜਾਣਾ ਹੈ ਤਾਂ ਉਸਦਾ ਰਹਿਤ ਬਹਿਤ ਵਿਚ ਪ੍ਰਪੱਕ ਹੋਣਾ ਲਾਜ਼ਮੀ ਹੈ। ਕਿਸੇ ਕੱਚੇ ਪਿੱਲੇ ਜਾਂ ਰਹਿਤ ਵਿਚ ਢਿੱਲੇ ਮੱਠੇ ਨੂੰ ਇਜਾਜ਼ਤ ਵੀ ਨਹੀਂ ਅਤੇ ਨਾ ਹੀ ਉਸਨੂੰ ਐਸੀ ਕੋਸ਼ਿਸ਼ ਵੀ ਕਰਨੀ ਚਾਹੀਦੀ ਹੈ। ਇਸ ਬਾਰੇ ਧਾਰਮਿਕ ਸਲਾਹਕਾਰ ਕਮੇਟੀ ਨੇ 22 ਅਕਤੂਬਰ, 1942 ਦੀ ਇਕੱਤਰਤਾ ਵਿਚ ਇਸ ਮਰਯਾਦਾ ਨੂੰ ਮੁੜ ਦ੍ਰਿੜ੍ਹ ਕੀਤਾ:

ਪਤਿਤ ਅਤੇ ਤਨਖ਼ਾਹੀਏ ਦੀ ਵਿਸਥਾਰ ਸਹਿਤ ਵਿਆਖਿਆ ਅੰਮ੍ਰਿਤ ਸੰਸਕਾਰ ਵਾਲੇ ਅਧਿਆਇ ਵਿਚ ਦਿੱਤੀ ਗਈ ਹੈ।

> ***(ਸ) ਪਤਿਤ ਦੀ ਅਰਦਾਸ—ਤਖਤਾਂ ਵਿੱਚ ਜੋ ਅੱਗੇ ਮਰਯਾਦਾ ਚਲੀ ਆਉਂਦੀ ਹੈ ਕਿ ਪਤਿਤ ਅਤੇ ਕੁਰਹਿਤੀਏ ਸਿੰਘ ਦੀ ਅਰਦਾਸ ਨਹੀਂ ਹੁੰਦੀ ਅਸੀਂ ਉਸ ਨੂੰ ਕਾਇਮ ਰੱਖਣਾ ਚਾਹੁੰਦੇ ਹਾਂ। ਉਸ ਵਿੱਚ ਕੋਈ ਵਾਧਾ-ਘਾਟਾ ਨਹੀਂ ਕਰਨਾ ਚਾਹੁੰਦੇ। ਬਾਕੀ ਗੁਰਦੁਆਰਿਆਂ ਵਿੱਚ ਪ੍ਰਾਣੀ ਮਾਤਰ ਜੋ ਅਰਦਾਸ ਕਰਾਣ ਆਵੇ ਉਸ ਦੀ ਅਰਦਾਸ ਕਰਨੀ ਅੱਗੇ ਪ੍ਰਚੱਲਿਤ ਹੈ। ਉਹ ਉਸੇ ਤਰ੍ਹਾਂ ਰਹਿਣੀ ਚਾਹੀਦੀ ਹੈ। ਗਿਆਨੀ ਸ਼ੇਰ ਸਿੰਘ ਜੀ ਨੇ ਇਸ ਬਾਰੇ ਆਪਣੀ ਰਾਇ ਨੋਟ ਕਰਾਈ ਕਿ ਜਿਥੇ ਤਿਆਰ ਬਰ ਤਿਆਰ ਸਿੰਘ ਤੋਂ ਛੁਟ ਹੋਰ ਕਿਸੇ ਦਾ***

SikhBookClub.com

ਅਰਦਾਸਾ ਨਹੀਂ ਹੁੰਦਾ ਉਥੇ ਬਾਰ੍ਹਵੇਂ ਪਾਤਸ਼ਾਹੀ ਮੰਨਣ ਵਾਲਿਆਂ ਦਾ ਵੀ ਨਹੀਂ ਹੋਣਾ ਚਾਹੀਦਾ। ਇਸ ਉਪਰੰਤ ਇਕੱਤਰਤਾ ਸਮਾਪਤ ਹੋਈ।

ਸਹੀ /-ਮੀਤ ਸਕੱਤਰ

(ਪੰਥਕ ਮਤੇ ਪੰਨਾ ੨੪)

ਚਾਰ ਬੱਜਰ ਕੁਰਹਿਤਾਂ ਵਿਚੋਂ ਕੋਈ ਇਕ ਜਾਂ ਵੱਧ ਕਰਨ ਵਾਲਾ ਪਤਿਤ ਹੈ। ਜਿਤਨੀ ਦੇਰ ਤਕ ਉਹ ਮੁੜ ਪੰਜਾਂ ਪਿਆਰਿਆਂ ਪਾਸੋਂ ਤਨਖਾਹ ਲਗਵਾ ਕੇ ਅੰਮ੍ਰਿਤ ਨਹੀਂ ਛਕ ਲੈਂਦਾ ਉਹ ਪਤਿਤ ਹੀ ਰਹੇਗਾ। ਇਹ ਚਾਰ ਬੱਜਰ ਕੁਰਹਿਤਾਂ ਹਨ :

1) ਕੇਸਾਂ ਦੀ ਬੇ-ਅਦਬੀ।

2) ਕੁੱਠਾ ਖਾਣਾ।

3) ਪਰ-ਇਸਤ੍ਰੀ ਜਾਂ ਪਰ-ਪੁਰਸ਼ ਦਾ (ਭੋਗਣਾ)।

4) ਤਮਾਕੂ ਦਾ ਵਰਤਣਾ।

ਇਸਦੇ ਨਾਲ ਹੀ ਹੇਠ ਅੰਕਤ ਕੋਈ ਵੀ ਕੁਰਹਿਤ ਕਰਨ ਵਾਲਾ ਤਨਖਾਹੀਆ ਹੈ। ਐਸੀ ਭੁਲ ਕਰਨ ਵਾਲੇ ਲਈ ਨੇੜੇ ਦੀ ਸੰਗਤ ਵਿਚ ਪੰਜਾਂ ਪਿਆਰਿਆਂ ਅੱਗੇ ਪੇਸ਼ ਹੋ ਕੇ ਤਨਖਾਹ ਲਗਵਾਣੀ ਲਾਜ਼ਮੀ ਹੈ। ਇਹ ਕੁਰਹਿਤਾਂ ਹਨ,

1. *ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ, ਆਦਿਕ ਪੰਥ ਵਿਰੋਧੀਆਂ ਨਾਲ ਜਾਂ ਨੜੀ ਮਾਰ, ਕੁੜੀ ਮਾਰ, ਸਿਰਗੁੰਮ ਨਾਲ ਵਰਤਣ ਵਾਲਾ ਤਨਖਾਹੀਆ ਹੋ ਜਾਂਦਾ ਹੈ।*
2. *ਬੇ-ਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲਾ।*
3. *ਦਾਹੜਾ ਰੰਗਣ ਵਾਲਾ।*
4. *ਪੁੱਤਰ ਜਾਂ ਧੀ ਦਾ ਸਾਕ ਮੁੱਲ ਲੈ ਕੇ ਜਾਂ ਦੇ ਕੇ ਕਰਨ ਵਾਲਾ।*
5. *ਕੋਈ ਨਸ਼ਾ (ਭੰਗ, ਅਫੀਮ, ਸ਼ਰਾਬ, ਪੋਸਤ, ਕੁਕੀਨ ਆਦਿ) ਵਰਤਣ ਵਾਲਾ।*
6. *ਗੁਰਮਤਿ ਤੋਂ ਵਿਰੁੱਧ ਕੋਈ ਸੰਸਕਾਰ ਕਰਨ ਕਰਾਉਣ ਵਾਲਾ।*
7. *ਰਹਿਤ ਵਿਚ ਕੋਈ ਭੁੱਲ ਕਰਨ ਵਾਲਾ।*

ਇਸਦੇ ਨਾਲ ਹੀ ਕਿਸੇ ਪੰਥ ਵਿਰੋਧੀ ਕਾਰਵਾਈ ਕਰਨ ਜਾਂ ਰਹਿਤ ਦੀ ਅਵੱਗਿਆ ਕਰਨ ਵਾਲੇ ਕਿਸੇ ਵਿਅਕਤੀ ਜਿਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਨਖ਼ਾਹੀਆ ਕਰਾਰ ਦਿੱਤਾ ਜਾ ਚੁਕਾ ਹੈ ਉਸ ਦੀ ਅਰਦਾਸ ਵੀ ਤਖ਼ਤ ਸਾਹਿਬ 'ਤੇ ਨਹੀਂ ਹੋ ਸਕਦੀ ਅਤੇ ਨਾ ਹੀ ਉਸਦੀ ਭੇਟਾ ਵੀ ਪ੍ਰਵਾਨ ਹੈ। ਇਸਦੇ ਬਾਵਜੂਦ ਜੇ ਕੋਈ ਧੋਖੇ ਨਾਲ ਗੋਲਕ ਵਿਚ ਮਾਇਆ ਪਾ ਜਾਂਦਾ ਹੈ ਤਾਂ ਇਹ ਇਕ ਹੋਰ ਧਾਰਮਿਕ ਅਵੱਗਿਆ ਹੈ।

1984 ਵਿਚ ਬਲਿਯੂ ਸਟਾਰ ਦੀ ਭੇਂਟ ਚੜ੍ਹ ਚੁਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅੰਦਰ ਪ੍ਰਮੁਖਤਾ ਨਾਲ ਇਸ ਭਾਵਨਾ ਦਾ ਇਕ ਬੋਰਡ ਲੱਗਾ ਹੁੰਦਾ ਸੀ ਜਿਸ 'ਤੇ ਲਿਖਿਆ ਸੀ ਕਿ ਇਸ ਤਖ਼ਤ ਸਾਹਿਬ 'ਤੇ ਕਿਸੇ ਵੀ ਪ੍ਰਾਣੀ ਮਾਤਰ ਸਿੱਖ ਗ਼ੈਰ ਸਿੱਖ ਦੀ ਅਰਦਾਸ ਹੋ ਸਕਦੀ ਹੈ ਪਰ ਕਿਸੇ ਪਤਿਤ ਅਤੇ ਤਨਖਾਹੀਏ ਸਿੱਖ ਦੀ ਅਰਦਾਸ ਪ੍ਰਵਾਨ ਨਹੀਂ, ਉਹ ਗੋਲਕ ਵਿਚ ਭੇਟਾ ਨਾ ਪਾਏ।

SikhBookClub.com

ਸ੍ਰੀ ਅਕਾਲ ਤਖ਼ਤ ਸਾਹਿਬ ਤੇ ਲੱਗੇ ਮਰਯਾਦਾ ਦੇ ਨਵੀਨ ਅਤੇ ਪੁਰਾਤਨ ਬੋਰਡ

ਸ੍ਰੀ ਅਕਾਲ ਤਖ਼ਤ ਸਾਹਿਬ ਵਿਚ ਲੱਗਿਆ ਇਹ ਬੋਰਡ ਅਤੇ ਗੁਰਬਾਣੀ ਦੀ ਲਿਖਤ ਸਵੈ ਪੜਚੋਲ ਲਈ ਅਸਰਦਾਰ ਸੰਦੇਸ਼ ਸੀ। ਕਈ ਸਾਲਾਂ ਤਕ ਇਹ ਬੋਰਡ ਅਲੋਪ ਰਹਿਣ ਦੇ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੌਜੂਦਾ ਜਥੇਦਾਰ ਸਿੰਘ ਸਾਹਿਬ ਹਰਪ੍ਰੀਤ ਸਿੰਘ ਜੀ ਦੇ ਯਤਨਾਂ ਸਦਕਾ ਇਹ ਮੁੜ ਸ੍ਰੀ ਅਕਾਲ ਤਖ਼ਤ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਚ ਪ੍ਰਮੁੱਖਤਾ ਨਾਲ ਲਗਾਏ ਜਾ ਚੁਕੇ ਹਨ। ਲੋੜ ਹੈ ਇਸ ਤਖਤ ਸਾਹਿਬਾਨ ਦੀ ਮਰਯਾਦਾ ਨੂੰ ਬਹਾਲ ਕਰਦੇ ਇਸ ਆਦੇਸ਼ ਨੂੰ ਦ੍ਰਿੜਤਾ ਨਾਲ ਲਾਗੂ ਕੀਤਾ ਜਾਏ। ਭੈਅ ਭਾਵਨੀ ਵਿੱਚ ਬੱਧੇ ਗੁਰਸਿੱਖਾਂ ਲਈ ਇਹ ਹੁਕਮ ਗੁਰੂ ਦਾ ਆਪਣਾ ਆਦੇਸ਼ ਹੈ। ਬੇਪੀਰ, ਕਾਫ਼ਰ ਅਤੇ ਮਨਮੁਖ ਇਸ ਤੋਂ ਪੂਰੀ ਤਰ੍ਹਾਂ ਆਜ਼ਾਦ ਹਨ।

ਇਸ ਦੇ ਨਾਲ ਹੀ ਗੁਰੂ ਗੋਬਿੰਦ ਸਿੰਘ ਜੀ ਦਾ *"ਸੁਧਿ ਜਬ ਤੇ ਹਮ ਧਰੀ"* ਪੂਰਾ ਸ਼ਬਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਬਾਹਰ ਨਿਕਲਣ ਵਾਲੇ ਬੂਹੇ ਦੇ ਉੱਤੇ ਸੰਗਮਰਮਰ

ਸੁਧਿ ਜਬ ਤੇ ਹਮ ਧਰੀ... 1984 ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਤੇ ਉਕਰਿਆ ਗੁਰ-ਉਪਦੇਸ਼

SikhBookClub.com

ਵਿਚ ਬੜੀ ਹੀ ਪ੍ਰਮੁੱਖਤਾ ਨਾਲ ਉਕਰਿਆ ਹੋਇਆ ਸੀ। ਇਸਦੀ ਤਸਵੀਰ ਹੇਠ ਦਿੱਤੀ ਗਈ ਹੈ। ਇਹ ਸ਼ਬਦ ਕਲਗੀਧਰ ਪਿਤਾ ਵੱਲੋਂ ਰਹਿਤ ਵਿਚ ਆਚਰਣ ਦੀ ਉੱਚਤਾ ਦੀ ਤਾਕੀਦ ਹੈ। ਦਰਬਾਰ ਸਾਹਿਬ 'ਤੇ ਹਮਲੇ ਦੇ ਬਾਅਦ ਇਹ ਹੁਣ ਉੱਥੇ ਹੈ ਨਹੀਂ। ਇਹ ਸਾਡਾ ਅਨਮੋਲ ਵਿਰਸਾ ਹੈ। ਜ਼ਰੂਰਤ ਹੈ ਇਸ ਨੂੰ ਮੁੜ ਪ੍ਰਮੁੱਖਤਾ ਨਾਲ ਉੱਥੇ ਲਗਾਉਣ ਦੀ।

ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ॥
ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ ॥
ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢੈਯਹੁ ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਨ ਜੈਯਹੁ ॥੫੧॥
ਪਰ ਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ ॥
ਪਰ ਨਾਰੀ ਕੇ ਭਜੇ ਚੰਦ੍ਰ ਕਾਲੰਕ ਲਗਾਏ ॥
ਪਰ ਨਾਰੀ ਕੇ ਹੇਤ ਸੀਸ ਦਸ ਸੀਸ ਗਵਾਯੋ ॥
ਹੋ ਪਰ ਨਾਰੀ ਕੇ ਹੇਤ ਕਟਕ ਕਵਰਨ ਕੌ ਘਾਯੋ ॥੫੨॥
ਪਰ ਨਾਰੀ ਸੌ ਨੇਹੁ ਛੁਰੀ ਪੈਨੀ ਕਰਿ ਜਾਨਹੁ ॥
ਪਰ ਨਾਰੀ ਕੇ ਭਜੇ ਕਾਲ ਬਯਾਪਯੋ ਤਨ ਮਾਨਹੁ ॥
ਅਧਿਕ ਹਰੀਫੀ ਜਾਨਿ ਭੋਗ ਪਰ ਤ੍ਰਿਯ ਜੋ ਕਰਹੀ ॥
ਹੋ ਅੰਤ ਸ੍ਵਾਨ ਕੀ ਮ੍ਰਿਤੁ ਹਾਥ ਲੇਂਡੀ ਕੇ ਮਰਹੀ ॥੫੩॥
ਬਾਲ ਹਮਾਰੇ ਪਾਸ ਦੇਸ ਦੇਸਨ ਤ੍ਰਿਯ ਆਵਹਿ ॥
ਮਨ ਬਾਛਤ ਬਰ ਮਾਂਗਿ ਜਾਨਿ ਗੁਰ ਸੀਸ ਝੁਕਾਵਹਿ ॥
ਸਿਖ੍ਯ ਪੁਤ੍ਰ ਤ੍ਰਿਯ ਸੁਤਾ ਜਾਨਿ ਅਪਨੇ ਚਿਤ ਧਰਿਯੈ ॥
ਹੋ ਕਹੁ ਸੁੰਦਰਿ ਤਿਹ ਸਾਥ ਗਵਨ ਕੈਸੇ ਕਰਿ ਕਰਿਯੈ ॥੫੪॥

(ਸ੍ਰੀ ਦਸਮ ਗ੍ਰੰਥ ਸਾਹਿਬ)

(ਙ) ਹਰ ਇਕ ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਕਿਸੇ ਉੱਚੀ ਥਾਂ 'ਤੇ ਲੱਗਾ ਹੋਵੇ। ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਵੇ ਅਤੇ ਨਿਸ਼ਾਨ ਸਾਹਿਬ ਦੇ ਸਿਰੇ ਉੱਤੇ ਸਰਬਲੋਹ ਦਾ 'ਭਾਲਾ' ਜਾਂ ਖੰਡਾ ਹੋਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੫)

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰ੍ਹਾਂ ਦਰਜ ਸੀ:-

(ਢ) ਹਰ ਇਕ ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਕਿਸੇ ਉੱਚੀ ਥਾਂ 'ਤੇ ਲੱਗਾ ਹੋਵੇ। ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਵੇ ਅਤੇ ਨਿਸ਼ਾਨ ਸਾਹਿਬ ਦੇ ਸਿਰ 'ਤੇ ਸਰਬਲੋਹ ਦਾ ਖੰਡਾ ਹੋਵੇ।

(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੫)

SikhBookClub.com

ਤਬਦੀਲੀ

ਇਸ ਮੱਦ ਵਿਚ ਨਿਸ਼ਾਨ ਸਾਹਿਬ ਦੇ ਸਿਰੇ 'ਤੇ 'ਸਰਬਲੋਹ ਦਾ ਖੰਡਾ' ਦੀ ਬਜਾਇ 'ਸਰਬਲੋਹ ਦਾ ਭਾਲਾ ਜਾਂ ਖੰਡਾ' ਕਰ ਦਿੱਤਾ ਗਿਆ ਹੈ।

ਇਹ ਤਬਦੀਲੀ ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕੱਤਰਤਾ ਮਿਤੀ 7 ਜਨਵਰੀ, 1945 ਦੇ ਮਤਾ ਨੰਬਰ 6 ਰਾਹੀਂ ਕੀਤੀ ਗਈ, ਜੋ ਇਸ ਤਰ੍ਹਾਂ ਸੀ :

> ***"ਹੈਡਿੰਗ ਗੁਰਦੁਆਰੇ ਦੇ ਅੰਕ (ਡ) ਵਿਚ ਅਖੀਰੀ ਲਾਈਨ ਵਿਚ ਲਫ਼ਜ਼ 'ਭਾਲਾ ਜਾਂ' ਵਧਾ ਦਿੱਤੇ ਜਾਣ।"***

ਵਿਆਖਿਆ

ਝੂਲਤੇ ਨਿਸ਼ਾਨ, ਧੌਂਸੇ, ਨਗਾਰੇ ਆਦਿ ਖਾਲਸੇ ਦੀ ਖ਼ੁਦਮੁਖਤਿਆਰੀ ਦੇ ਚਿੰਨ੍ਹ ਹਨ। ਖਾਲਸਾ ਧਰਮ ਸ਼ਾਸਤ੍ਰ ਵਿਚ ਨਿਸ਼ਾਨ ਸਾਹਿਬ ਦੀ ਉਸਤਤਿ ਨੂੰ ਇਸ ਤਰ੍ਹਾਂ ਵਰਣਨ ਕੀਤਾ ਗਿਆ ਹੈ,

ਦੋਹਰਾ - ਸ੍ਰੀ ਅਸਧੁਜ ਗੋਬਿੰਦ ਹਰਿ , ਗੁਰੁ ਕਰੁਣਾ ਕੇ ਖਾਨਿ।
ਜਾਂਕੋ ਯਹਿ ਝੰਡੇ ਅਹੈਂ, ਦੂਸਰ ਨਾਮ ਨਿਸ਼ਾਨ॥
ਕਬਿੱਤ - ਝੂਲਤੇ ਨਿਸ਼ਾਨਨ ਸੋਂ ਜਾਨਯੋ ਜਾਇ ਗੁਰੂ ਹਾਜਰ,
ਝੂਲਤੇ ਨਿਸ਼ਾਨਨ ਸੋਂ ਪੰਥ ਕੀ ਬਡਾਈ ਹੈ।
ਝੂਲਤੇ ਨਿਸ਼ਾਨਨ ਹੀ ਸੋਂ ਖਾਲਸੇ ਕੋ ਬੋਲਬਾਲਾ,
ਝੂਲਤੇ ਨਿਸ਼ਾਨਨ ਸੋਂ ਪੰਥ ਕੀ ਜੀਤਾਈ ਹੈ।
ਝੂਲਤੇ ਨਿਸ਼ਾਨਨ ਸੋਂ ਧੌਂਸੇ ਔ ਨਗਾਰੇ ਸਾਥ,
ਝੂਲਤੇ ਨਿਸ਼ਾਨਨ ਸੋਂ ਸ੍ਰੀ ਸਾਹਿਬ ਜੁ ਸਹਾਈ ਹੈ।
ਝੂਲਤੇ ਨਿਸ਼ਾਨ ਰਹੈਂ ਗੁਰੋਂ ਕੇ ਦੁਵਾਰਨ ਮੈਂ,
ਜੁਗੋ ਜੁਗ ਅਟਲ ਸੋਭਾ ਜਾਹਿ ਜਗ ਛਾਈ ਹੈ॥

(ਖਾਲਸਾ ਧਰਮ ਸ਼ਾਸਤ੍ਰ ੨੨੧)

ਹਰ ਬਾਦਸ਼ਾਹ ਜਾਂ ਦੇਸ਼ ਦੇ ਪ੍ਰਮੁੱਖ ਦੀ ਮੌਜੂਦਗੀ ਉਸਦੇ ਆਪਣੇ ਝੰਡੇ ਨਾਲ ਦਰਸਾਈ ਜਾਂਦੀ ਹੈ। ਇਸੇ ਤਰ੍ਹਾਂ ਖੰਡੇ ਕਿਰਪਾਨਾਂ ਨਾਲ ਸਜਿਆ ਇਹ ਨਿਸ਼ਾਨ ਸਾਹਿਬ ਦੂਰੋਂ ਗੁਰੂ ਗ੍ਰੰਥ ਸਾਹਿਬ ਦੀ ਮੌਜੂਦਗੀ ਦਾ ਸੁਨੇਹਾ ਦਿੰਦਾ ਹੈ। ਲਫ਼ਜ਼ ਅਸਿ=ਖੜਗ, ਕੇਤੁ = ਧੁਜ = ਕ੍ਰਿਪਾਨ ਹੈ। ਇਸ ਤਰ੍ਹਾਂ ਅਸਿਧੁਜ ਜਾਂ ਖੜਗ ਕੇਤੁ ਦਾ ਅਰਥ ਹੈ ਨਿਸ਼ਾਨ ਸਾਹਿਬ ਜਾਂ ਉਹ ਝੰਡਾ ਜਿਸ ਵਿਚ ਖੰਡੇ ਕ੍ਰਿਪਾਨਾਂ ਦਾ ਚਿੰਨ੍ਹ ਹੋਏ। ਇਹ ਲਫ਼ਜ਼ ਗੁਰੂ ਸਾਹਿਬ ਨੇ ਵਾਹਿਗੁਰੂ ਲਈ ਵਰਤਿਆ ਹੈ ਅਤੇ ਵਾਹਿਗੁਰੂ ਦੇ ਚਿੰਨ੍ਹ ਨਿਸ਼ਾਨ ਸਾਹਿਬ ਲਈ ਵੀ। ਇਸੇ ਲਈ ਗੁਰਸਿੱਖ ਨਿਸ਼ਾਨ ਸਾਹਿਬ ਨੂੰ ਨਮਸਕਾਰ ਕਰਦੇ ਹਨ ਕਿਉਂਕਿ ਗੁਰੂ ਕਲਗੀਧਰ ਪਿਤਾ ਨੇ ਖ਼ੁਦ ਆਪ ਕੀਤਾ ਹੈ ਅਤੇ ਗੁਰਸਿੱਖਾਂ ਨੂੰ ਆਦੇਸ਼ ਵੀ ਦਿੱਤਾ ਹੈ।

ਜੋ ਪੂਜਾ ਅਸਕੇਤ ਕੀ ਨਿਤ ਪ੍ਰਤ ਕਰੇ ਬਨਾਇ॥
ਤਿਨ ਪਰ ਅਪਨੋ ਹਾਥਿ ਦੇਇ ਅਸਧੁਜ ਲੈਤ ਬਚਾਇ॥

SikhBookClub.com

(ਜੋ ਅਕਾਲ ਪੁਰਖ ਦੇ ਚਿੰਨ੍ਹ ਅਸਕੇਤ ਜਾਂ ਨਿਸ਼ਾਨ ਸਾਹਿਬ ਨੂੰ ਨਿਤ ਨਮਸਕਾਰ ਕਰਦੇ ਹਨ ਉਹਨਾਂ ਦੀ ਰੱਖਿਆ ਅਸਧੁਜ ਜਾਂ ਅਕਾਲ ਪੁਰਖ ਖ਼ੁਦ ਕਰਦਾ ਹੈ।)

ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ

ਬਾਕੀ ਦੁਨੀਆਂ ਵਿਚ ਝੰਡੇ, ਝੰਡੀਆਂ ਜਾਂ flag ਆਦਿ ਹਨ ਪਰ ਹਰ ਗੁਰਦੁਆਰੇ ਵਿਚ ਪ੍ਰਮੁੱਖਤਾ ਨਾਲ ਲਹਿਰਾ ਰਿਹਾ ਇਹ ਨਿਸ਼ਾਨ ਸਾਹਿਬ ਹੈ। ਇਸਦੀ ਆਪਣੀ ਮਰਯਾਦਾ ਵੀ ਹੈ ਅਤੇ ਵਿਲੱਖਣਤਾ ਵੀ। ਹਰ ਗੁਰਦੁਆਰੇ ਵਿਚ ਇਸਨੂੰ ਉੱਚੀ ਥਾਂ 'ਤੇ ਲਗਾਉਣ ਦੀ ਹਿਦਾਇਤ ਹੈ। ਇਸ ਨੂੰ ਸਿੱਧੇ ਹੀ ਕਿਸੇ ਬਾਂਸ, ਪਾਈਪ ਜਾਂ ਡੰਡੇ 'ਤੇ ਨਹੀਂ ਲਹਿਰਾਇਆ ਜਾ ਸਕਦਾ। ਇਸ ਲਈ ਬਾਕਾਇਦਾ ਪੁਸ਼ਾਕਾ ਹੁੰਦਾ ਹੈ। ਇਸ ਪੁਸ਼ਾਕੇ ਦਾ ਰੰਗ ਵੀ ਮਰਯਾਦਾ ਮੁਤਾਬਕ ਬਸੰਤੀ ਜਾਂ ਸੁਰਮਈ ਹੈ। ਬਸੰਤੀ (Xanthic ਜ਼ੈਂਥਿਕ) ਰੰਗ ਹਲਕੇ ਪੀਲੇ ਸਰ੍ਹੋਂ ਦੇ ਫੁੱਲਾਂ ਦਾ ਰੰਗ ਹੈ ਨਾ ਕਿ ਕੇਸਰੀ।

ਨਿਸ਼ਾਨ ਸਾਹਿਬ ਦੇ ਰੰਗ ਬਾਰੇ ਧਾਰਮਕਿ ਸਲਾਹਕਾਰ ਕਮੇਟੀ ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ ਵਿਚ 7 ਅਗਸਤ, 1940 ਨੂੰ ਹੋਈ ਛੇਵੀਂ ਇਕੱਤਰਤਾ ਵਿਚ ਸਪਸ਼ਟ ਕੀਤਾ ਗਿਆ।

ਨਮਸਕਾਰ ਨਿਸ਼ਾਨ ਸਾਹਿਬ ਨੂੰ ਨਨਕਾਣਾ ਸਾਹਿਬ

SikhBookClub.com

ਝੂਲਤੇ ਨਿਸ਼ਾਨ ਰਹੇ ਪੰਥ ਮਹਾਰਾਜ ਕੇ

> ***1. ਨਿਸ਼ਾਨ ਸਾਹਿਬ ਦਾ ਰੰਗ—ਪ੍ਰਵਾਨ ਹੋਇਆ ਕਿ ਖ਼ਾਲਸੇ ਦੇ ਨਿਸ਼ਾਨ ਸਾਹਿਬ ਦਾ ਰੰਗ ਕਿਉਂਕਿ ਪੁਰਾਤਨ ਸਮੇਂ ਤੋਂ ਬਸੰਤੀ ਚਲਾ ਆਉਂਦਾ ਹੈ। ਇਸ ਲਈ ਗੁਰਦੁਆਰਿਆਂ ਵਿਖੇ ਨਿਸ਼ਾਨ ਸਾਹਿਬ ਬਸੰਤੀ ਰੰਗ ਦੇ ਹੀ ਹੋਣੇ ਚਾਹੀਦੇ ਹਨ।***
> (ਪੰਥਕ ਮਤੇ, ਪੰਨਾ ੨੦)

ਇਸਦੇ ਬਾਅਦ ਇਕ ਵਾਰ ਫ਼ਿਰ ਧਾਰਮਿਕ ਸਲਾਹਕਾਰ ਕਮੇਟੀ ਦੀ 7 ਜਨਵਰੀ, 1945 ਦੀ ਇਕੱਤ੍ਰਤਾ ਵਿਚ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦੇ ਰੰਗ ਬਾਰੇ ਵਿਚਾਰ ਉਪਰੰਤ ਮਤਾ ਨੰਬਰ 10 ਰਾਹੀਂ ਨਿਰਣਾ ਦਿੱਤਾ ਗਿਆ :

> ***10. ਨਿਸ਼ਾਨ ਸਾਹਿਬ ਦਾ ਰੰਗ : ਨਿਸ਼ਾਨ ਸਾਹਿਬ ਦੇ ਰੰਗ ਸੰਬੰਧੀ ਪੁਛ ਬਾਰੇ ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਨਿਸ਼ਾਨ ਸਾਹਿਬ ਪੀਲੇ ਜਾਂ ਸੁਰਮਈ ਰੰਗ ਦਾ ਹੋਣਾ ਚਾਹੀਦਾ ਹੈ ਤੇ ਇਸ ਉਤੇ ਖੰਡਾ ਤੇ ਚਕਰ ਹੋਣਾ ਚਾਹੀਦਾ ਹੈ।***
> (ਪੰਥਕ ਮਤੇ, ਪੰਨਾ ੩੫)

SikhBookClub.com

ਬਸੰਤੀ ਨਿਸ਼ਾਨ ਸਾਹਿਬ

ਬਸੰਤੀ ਦੇ ਇਲਾਵਾ ਜੋ ਦੂਸਰਾ ਰੰਗ ਪ੍ਰਵਾਨ ਹੈ ਉਹ ਹੈ ਸੁਰਮਈ ਜੋ ਕਿ ਸਲੇਟੀ ਭਾਅ ਮਾਰਦਾ ਨੀਲਾ (greyish blue) ਹੁੰਦਾ ਹੈ। ਆਮ ਤੌਰ 'ਤੇ ਨਿਹੰਗ ਸਿੰਘ ਨੀਲੇ ਰੰਗ ਦਾ ਨਿਸ਼ਾਨ ਸਾਹਿਬ ਲਹਿਰਾਉਂਦੇ ਹਨ। ਝੰਡੇ ਜਾਂ ਨਿਸ਼ਾਨ ਸਾਹਿਬ ਨੂੰ standard ਵੀ ਕਿਹਾ ਜਾਂਦਾ ਹੈ। ਇਸਦਾ ਅਰਥ ਹੈ ਕਿ ਇਹ ਪੈਮਾਨਾ ਜਾਂ ਚਿੰਨ੍ਹ ਹੈ। ਇਸ ਵਿਚ ਮਨਮਰਜ਼ੀ ਨਾਲ ਤਬਦੀਲੀ ਨਹੀਂ ਕੀਤੀ ਜਾ ਸਕਦੀ। ਪਰ ਪ੍ਰਵਾਨਤ ਬਸੰਤੀ ਜਾਂ ਸੁਰਮਈ ਪੰਥਕ ਰੰਗਾਂ ਦੀ ਥਾਵੇਂ ਹੁਣ ਭਗਵੇ ਰੰਗ ਦੇ ਨਿਸ਼ਾਨ ਸਾਹਿਬ ਲੱਗਣੇ ਸ਼ੁਰੂ ਹੋ ਗਏ ਹਨ। ਇਸੇ ਤਰ੍ਹਾਂ ਭਗਵੇ ਜਾਂ ਗੇਰੂਏ ਰੰਗ ਦੇ ਸਿਰਪਾਉ ਵੀ ਮਿਲਣੇ ਸ਼ੁਰੂ ਹੋ ਗਏ ਹਨ। ਸੁਚੇਤ ਹੋਣ ਦੀ ਲੋੜ ਹੈ ਕਿਉਂਕਿ ਇਸ ਨਾਲ ਬਹੁਤ ਹੀ ਸੂਖਮ ਤਰੀਕੇ ਨਾਲ ਮਰਯਾਦਾ ਨੂੰ ਵੱਡਾ ਖੋਰਾ ਲੱਗ ਸਕਦਾ ਹੈ।

ਨਿਸ਼ਾਨ ਸਾਹਿਬ ਗੁਰਦੁਆਰੇ ਵਿਚ ਕਿਸੇ ਉੱਚੀ ਥਾਂ 'ਤੇ ਲਗਾਣ ਦਾ ਅਰਥ ਹੈ ਕਿ ਇਸ ਤੋਂ ਉੱਤੇ ਕੁੱਝ ਵੀ ਨਾ ਹੋਏ। ਪਰ ਇਹ ਵੇਖਣ ਵਿਚ ਆਉਂਦਾ ਹੈ ਕਿ ਇੱਥੇ ਅਮਰੀਕਾ ਵਿਚ ਹੀ ਇਕ ਸੰਸਥਾ ਵਿਸ਼ੇਸ਼ ਦੇ ਗੁਰਦੁਆਰੇ ਵਿਚ ਇਕੋ ਹੀ ਪੋਸਟ 'ਤੇ ਨਿਸ਼ਾਨ ਸਾਹਿਬ ਦੇ ਉੱਤੇ ਅਮਰੀਕਾ ਦਾ ਝੰਡਾ ਲਗਾਇਆ ਹੁੰਦਾ ਹੈ। ਐਸਾ ਕਰਨ ਦੀ ਕੋਈ ਮਜਬੂਰੀ ਨਹੀਂ ਹੈ । ਇਸ ਨਾਲ ਦੇਸ਼ ਦੀ ਵਫ਼ਾਦਾਰੀ ਵਿਚ ਵਾਧਾ ਨਹੀਂ ਹੁੰਦਾ ਪਰ ਇਹ ਨਿਸਚਿਤ ਤੌਰ 'ਤੇ ਨਿਸ਼ਾਨ ਸਾਹਿਬ ਦੀ ਨਿਰਾਦਰੀ ਜ਼ਰੂਰ ਹੈ।

ਨਿਸ਼ਾਨ ਸਾਹਿਬ ਦਾ ਸਰੂਪ ਤਿਕੋਣ ਹੈ ਅਤੇ ਇਸ ਵਿਚ ਖੰਡੇ ਦਾ ਚਿੰਨ੍ਹ ਹੈ। ਇਹ ਕਿਸੇ ਦੀ ਨਿਜੀ ਮਲਕੀਅਤ ਨਹੀਂ ਬਲਕਿ ਗੁਰੂ ਪੰਥ ਦਾ ਚਿੰਨ੍ਹ ਹੈ। ਇਸ ਲਈ ਇਸ ਵਿਚ ਆਪਣੀ ਮਰਜ਼ੀ ਨਾਲ ਤਬਦੀਲੀ ਕਰਨ ਦਾ ਕਿਸੇ ਨੂੰ ਕੋਈ ਅਧਿਕਾਰ ਨਹੀਂ।

ਸਰਬਲੋਹ ਦਾ ਭਾਲਾ ਜਾਂ ਖੰਡਾ

ਮਰਯਾਦਾ ਮੁਤਾਬਕ ਨਿਸ਼ਾਨ ਸਾਹਿਬ ਦੇ ਸਿਰੇ 'ਤੇ ਸਰਬਲੋਹ ਦਾ ਭਾਲਾ ਜਾਂ ਖੰਡਾ ਹੋਣਾ ਜ਼ਰੂਰੀ ਹੈ। 1936 ਵਾਲੀ ਮੂਲ ਮਰਯਾਦਾ ਵਿਚ ਨਿਸ਼ਾਨ ਸਾਹਿਬ ਦੇ ਸਿਰੇ ' ਤੇ ਖੰਡਾ ਸੀ ਪਰ 1945 ਵਿਚ ਧਾਰਮਿਕ ਸਲਾਹਕਾਰ ਕਮੇਟੀ ਨੇ ਮਤਾ ਪਾਸ ਕਰ ਕੇ ਖੰਡਾ ਜਾਂ ਭਾਲਾ ਲਗਾਉਣ ਦੀ ਪ੍ਰਵਾਨਗੀ ਦਿੱਤੀ।

ਜ਼ਰੂਰਤ ਹੈ ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਲੱਗੇ ਮੀਰੀ ਪੀਰੀ ਦੇ ਦੋਨੋਂ ਨਿਸ਼ਾਨ ਸਾਹਿਬ ਦਾ ਰੰਗ ਬਸੰਤੀ ਅਤੇ ਭਾਲਾ ਜਾਂ ਖੰਡਾ ਸਿੱਖ ਰਹਿਤ ਮਰਯਾਦਾ ਦੇ ਅਨੁਰੂਪ ਸਰਬਲੋਹ ਦਾ ਹੀ ਹੋਏ।

ਨਿਸ਼ਾਨ ਸਾਹਿਬ ਲਈ ਕੌਮ ਨੂੰ ਲੰਮੀ ਜਦੋਜਹਿਦ ਵੀ ਕਰਨੀ ਪਈ। 1941 ਵਿਚ ਨਿਸ਼ਾਨ ਸਾਹਿਬ ਨੂੰ ਗੁਰਦੁਆਰਿਆਂ ਵਿਚ ਲਗਾਏ ਜਾਣ ਅਤੇ ਨਿਹੰਗ ਸਿੰਘਾਂ ਵੱਲੋਂ ਨੇਜ਼ੇ ਅਤੇ ਨਿਸ਼ਾਨ ਸਾਹਿਬ ਜਥਿਆਂ ਜਾਂ ਜਲਸੇ ਜਲੂਸਾਂ ਵਿਚ ਲੈ ਕੇ ਜਾਣ ਬਾਰੇ ਮਾਮਲਾ ਹਾਈ ਕੋਰਟ ਵਿਚ ਪਹੁੰਚਿਆ । ਉਸ ਸਮੇਂ ਧਾਰਮਿਕ ਸਲਾਕਾਰ ਕਮੇਟੀ ਨੇ 6 ਜੁਲਾਈ, 1941 ਨੂੰ ਮਤਾ ਪਾਸ ਕੀਤਾ,

SikhBookClub.com

Resolved that-in the opinion of the Religious Advisory Committee (Dharmark Salahkar Committee) of the S.G.P.C., the decision of the High Court, dated 26-6-41, in case No. 316 of 1941 crown versus Sobha Singh is a position limitation on the religious liberty of the Nihang Sikhs in carrying the Nishan Sahib or the spear of the Sikhs in general in carrying it before Sikh procession and Jathas and for carring it for fixing and keeping it in Gurdwaras, Resolved further that in the opinion of the Religious Advisory Committee Nishan Sahib or the spear is essential religious symbol to be carried by Nihang Sikhs and for other Sikhs as well when they carry it, before jathas of in procession or when they take it to a Gurdwara for fixing or keeping it there.

ਜਲੂਸ ਵਿਚ ਨਿਸ਼ਾਨ ਸਾਹਿਬ ਕੌਣ ਚੁਕ ਸਕਦਾ ਹੈ:

ਨਗਰ ਕੀਰਤਨ ਅਤੇ ਜਲੂਸਾਂ ਵਿਚ ਨਿਸ਼ਾਨ ਸਾਹਿਬ ਦੇ ਚੁੱਕਣ ਬਾਰੇ ਵੀ ਧਾਰਮਿਕ ਸਲਾਹਕਾਰ ਕਮੇਟੀ ਦੀ 7 ਜੁਲਾਈ, 1945 ਦੀ ਇਕੱਤ੍ਰਤਾ ਵਿਚ ਨਿਰਣਾ ਲਿਆ ਗਿਆ:

> *6. ਨਿਸ਼ਾਨ ਸਾਹਿਬ ਚੁਕਣਾ : ਡਾਕਟਰ ਹਰੀ ਸਿੰਘ ਜੀ ਸ੍ਰੀ ਅੰਮ੍ਰਿਤਸਰ ਦੀ ਪਤ੍ਰਿਕਾ ਕਿ ਕੀ ਨਿਸ਼ਾਨ ਸਾਹਿਬ ਪੰਜ ਕਕਾਰ ਦੀ ਰਹਿਤ ਰੱਖਣ ਵਾਲਾ ਤੇ ਕਿਰਪਾਨ ਧਾਰੀ ਹੀ ਚੁਕ ਸਕਦਾ ਹੈ ਜਾਂ ਵਿਲਡ਼ ਵੀ ਚੁਕ ਸਕਦਾ ਹੈ, ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਨਿਸ਼ਾਨ ਸਾਹਿਬ ਤਿਆਰ-ਬਰ-ਤਿਆਰ ਰਹਿਤਵਾਨ ਸਿੰਘ ਹੀ ਚੁਕ ਸਕਦਾ ਹੈ।* (ਪੰਥਕ ਮਤੇ, ਪੰਨਾ ੩੪)

ਇਸ ਪੰਥਕ ਮਤੇ ਪਿਛੇ ਬਹੁਤ ਵੱਡਾ ਇਤਿਹਾਸ ਹੈ। ਕਿਸੇ ਵੀ ਮੁਹਿੰਮ ਜਾਂ ਕੂਚ ਕਰਨ ਸਮੇਂ ਉਸ ਮੁਲਕ ਦਾ ਝੰਡਾ ਅੱਗੇ ਹੁੰਦਾ ਹੈ। ਜੋ ਮਰਜ਼ੀ ਹੋ ਜਾਏ ਇਹ ਝੰਡਾ ਨਹੀਂ ਡਿੱਗਣ ਦਿੱਤਾ ਜਾਂਦਾ। ਇਹ ਡਿੱਗ ਜਾਣ ਦਾ ਅਰਥ ਹੋ ਜਾਂਦਾ ਹੈ ਹਾਰ ਅਤੇ ਨਮੋਸ਼ੀ ਬਾਬਾ ਪ੍ਰੇਮ ਸਿੰਘ ਹੋਤੀ ਨੇ ਆਪਣੀ ਪੁਸਤਕ ਮਹਾਰਾਜਾ ਸ਼ੇਰ ਸਿੰਘ ਵਿਚ ਲਿਖਿਆ ਹੈ ਕਿ ਸਿੱਖ ਰਾਜ ਸਮੇ ਸਚਿਖੰਡ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਿਚਕਾਰ ਨਿਸਾਨ ਸਾਹਿਬ ਖ਼ਰਾਬ ਮੌਸਮ ਹੋਣ ਕਾਰਣ ਡਿੱਗ ਪਿਆ। ਇਸ ਤੇ ਮਹਾਰਾਜਾ ਸ਼ੇਰ ਸਿੰਘ ਨੇ ਇਸ ਸਥਾਨ 'ਤੇ ਦੋ ਨਿਸਾਨ ਲਗਵਾਉਣ ਦੀ ਸੇਵਾ ਕਰਵਾਈ ਤਾਂ ਜੋ ਇੱਕ ਨੂੰ ਕੋਈ ਨੁਕਸਾਨ ਪਹੁੰਚੇ ਤਾਂ ਦੂਸਰਾ ਜ਼ਰੂਰ ਝੂਲਦਾ ਰਹੇ। ਇਸ ਤਰ੍ਹਾਂ ਇਹ ਨਿਸਾਨ ਸਾਹਿਬ ਵੀ ਗੁਰੂ ਪੰਥ ਦਾ ਹੈ। ਇਸ ਨੂੰ ਝੁਲਾਏ ਰੱਖਣ ਦਾ ਆਪਣਾ ਇਤਿਹਾਸ ਹੈ। ਇਸ ਲਈ ਪੰਥਕ ਅਹਿਦ ਹੈ ਕਿ ਇਸਨੂੰ ਉਹੀ ਚੁੱਕੇ ਜੋ ਇਸ ਦੀ ਹਿਫਾਜ਼ਤ ਕਰ ਸਕੇ।

ਜਿੱਥੇ ਕਿਧਰੇ ਵੀ ਨਿਸ਼ਾਨ ਸਾਹਿਬ ਝੂਲ ਰਿਹਾ ਹੈ, ਉਸ ਨੂੰ ਨਮਸਕਾਰ ਕਰਨਾ ਸਿੱਖ ਦਾ ਫ਼ਰਜ਼ ਹੈ। ਇਸ ਲਈ ਹਰ ਗੁਰਦੁਆਰਾ ਸਾਹਿਬ ਵਿਚ ਮਰਯਾਦਾ ਮੁਤਾਬਕ ਨਿਸ਼ਾਨ ਸਾਹਿਬ ਦਾ ਝੁਲਾਇਆ ਜਾਣਾ ਲਾਜ਼ਮੀ ਹੈ। ਜੇਕਰ ਕਿਧਰੇ ਜਨਤਕ ਸਥਾਨ 'ਤੇ ਗੁਰੂ

SikhBookClub.com

ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਬਿਨਾਂ ਨਿਸ਼ਾਨ ਸਾਹਿਬ ਦੇ ਹੈ ਤਾਂ ਉਸ ਨੂੰ ਹੋਰ ਜੋ ਕੁੱਝ ਵੀ ਕਹਿ ਲਿਆ ਜਾਏ ਪਰ ਗੁਰਦੁਆਰਾ ਨਹੀਂ ਕਿਹਾ ਜਾ ਸਕਦਾ।

(ਢ) ਗੁਰਦੁਆਰੇ ਵਿਚ ਨਗਾਰਾ ਹੋਵੇ, ਜੋ ਸਮੇਂ ਸਿਰ ਵਜਾਇਆ ਜਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੫)

ਤਬਦੀਲੀ

ਸਿੱਖ ਰਹਿਤ ਮਰਯਾਦਾ ਦੀ ਸ਼ਖਸੀ ਰਹਿਣੀ ਦੇ ਚੌਥੇ ਅਧਿਆਇ ਦੀ ਇਹ ਅਖ਼ੀਰਲੀ ਮੱਦ ਹੈ। 1936 ਵਾਲੀ ਮੂਲ ਸਿੱਖ ਰਹਿਤ ਮਰਯਾਦਾ ਵਿਚ ਇਹ ਮੱਦ ਨਹੀਂ ਸੀ। ਇਸ ਤਰ੍ਹਾਂ ਮੱਦ (ਡ) ਤੋਂ ਬਾਅਦ ਇਸ ਮੱਦ (ਢ) ਦਾ ਵਾਧਾ ਕਰਦਿਆਂ ਗੁਰਦੁਆਰਾ ਸਾਹਿਬ ਵਿਚ ਨਗਾਰਾ ਰੱਖਣ ਅਤੇ ਸਮੇਂ ਸਿਰ ਵਜਾਉਣ ਦੀ ਹਿਦਾਇਤ ਕੀਤੀ ਗਈ ਹੈ। ਇਹ ਮੱਦ ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕੱਤਰਤਾ ਮਿਤੀ 7 ਜਨਵਰੀ, 1945 ਦੇ ਮਤਾ ਨੰਬਰ 4 (7) ਰਾਹੀਂ ਸ਼ਾਮਲ ਕੀਤੀ ਗਈ ਹੈ।

ਵਿਆਖਿਆ

ਕਵੀ ਨਿਹਾਲ ਸਿੰਘ ਨੇ ਚੜ੍ਹਦੀ ਕਲਾ ਲਈ ਜ਼ਰੂਰੀ ਨੁਕਤਿਆਂ ਨੂੰ ਬਹੁਤ ਹੀ ਸੁੰਦਰ ਤਰੀਕੇ ਨਾਲ ਪਿਰੋਇਆ ਹੈ,

ਵਾਹਣ ਸਿੰਗਾਰੇ ਰਹੈਂ ਬਾਜਤੇ ਨਗਾਰੇ ਰਹੈਂ,
ਦੁੱਜਨ ਡਰਾਰੇ ਰਹੈਂ ਭਾਗੇ ਭੀਮ ਰਾਹ ਕੇ।
ਸੰਗਤੇ ਆਬਾਦ ਰਹੈਂ ਆਵਤੇ ਪ੍ਰਸਾਦ ਰਹੈਂ,
ਲਾਖੋਂ ਆਹਲਾਦ ਰਹੈ ਦੇਖਿਯੇ ਉਮਾਹ ਕੇ।
ਗਾਦਿਯਾਂ ਅਟੱਲ ਰਹੈਂ ਚੌਕਿਯਾ ਅਚੱਲ ਰਹੈਂ,
ਬੁੰਗੇ ਝਲਾਝੁਲ ਰਹੈਂ ਪੂਰੇ ਉਤਸ਼ਾਹ ਕੇ।
ਲਾਗਤੇ ਦਿਵਾਨ ਰਹੈਂ ਗਾਵਤੇ ਸੁਜਾਨ ਰਹੈਂ,
ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ।

(ਨਿਹਾਲ ਸਿੰਘ ਸੰਤ, ਗੁਰ ਮਹਿਮਾ ਰਤਨਾਵਲੀ, ਪੰਨਾ ੩੦੯)

ਇਸ ਵਿਚ ਵਰਣਤ ਨਗਾਰਾ, ਦਮਾਮਾ ਜਾਂ ਧੌਂਸਾ ਇਕ ਸ਼ਾਹੀ ਅਤੇ ਫੌਜੀ ਗਰਜਵੀਂ ਆਵਾਜ਼ ਵਾਲਾ ਸਾਜ਼ ਹੈ। ਫੌਜਾਂ ਦੇ ਕੂਚ ਸਮੇਂ ਜਾਂ ਜੰਗ ਸਮੇਂ ਇਹ ਵਜਾਇਆ ਜਾਂਦਾ ਸੀ। ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਨਗਾਰਾ ਨਹੀਂ ਹੈ ਪਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੈ।

ਮੁਗਲ ਕਾਲ ਦੇ ਦੌਰਾਨ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਨੂੰ ਅਪਣਾਇਆ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਪਰਬਤਾਂ ਵਿਚ ਗੂੰਜ ਪੈਦਾ ਕਰਨ ਵਾਲਾ ਰਣਜੀਤ ਨਗਾਰਾ ਵਜਾਇਆ। ਦਸਮੇਸ਼ ਪਿਤਾ ਸ਼ਿਕਾਰ ਕਰਨ ਜਾਂਦੇ ਸਨ ਤਾਂ ਅੱਗੇ ਅੱਗੇ ਰਣਜੀਤ ਨਗਾਰਾ ਵੱਜਣ ਦਾ ਹਵਾਲਾ ਭਾਈ ਸੰਤੋਖ ਸਿੰਘ ਜੀ ਨੇ ਦਿੱਤਾ ਹੈ,

SikhBookClub.com

ਸੰਗਤਿ ਦੁਖੀ ਹੋਇ ਕਰਿ ਆਈ। ਦੇ ਧੀਰਜ ਗੁਰ ਨਿਕਟ ਟਿਕਾਈ।
ਅਗਲੇ ਦਿਵਸ ਅਖੇਰ ਬਹਾਨੇ। ਕਲਗੀਧਰ ਤਿਸ ਓਰ ਪਯਾਨੇ ॥੧੬॥
ਬਜਤਿ ਅੱਗ੍ਰ ਰਣਜੀਤ ਨਗਾਰਾ। ਕੰਪਤਿ ਸ਼ੱਤ੍ਰ ਸ਼ਬਦ ਸੁਨਿ ਭਾਰਾ।

(ਰੁਤ ੩, ਅੰਸੂ ੨੩, ਪੰਨਾ ੫੦੭੩)

ਉਪਰੰਤ ਹਰ ਗੁਰਦੁਆਰੇ ਵਿਚ ਅਤੇ ਲੰਗਰ ਖੁਲ੍ਹਣ ਸਮੇਂ ਇਸ ਦੇ ਵਜਾਏ ਜਾਣ ਦੀ ਪ੍ਰੰਪਰਾ ਕਾਇਮ ਹੋਈ।

ਮਹਾਭਾਰਤ ਵਿਚ ਨਗਾਰੇ ਦਾ ਜ਼ਿਕਰ ਹੈ ਪਰ ਜ਼ਰਾ ਵੱਖਰੇ ਢੰਗ ਨਾਲ। ਇਸ ਅਨੁਸਾਰ ਕੌਰਵ-ਪਾਂਡਵਾਂ ਦੇ ਯੁੱਧ ਦੌਰਾਨ ਸ੍ਰੀ ਕ੍ਰਿਸ਼ਨ ਵੱਲੋਂ ਦ੍ਰੋਣਾਚਾਰਯਾ ਨੂੰ ਡੇਗਣ ਲਈ ਕੂਟਨੀਤੀ ਰਚੀ ਗਈ। ਦ੍ਰੋਣਾਚਾਰਯਾ ਦਾ ਪੁੱਤਰ ਸੀ ਅਸ਼ਵਥਾਮਾ। ਇਕ ਹਾਥੀ ਲੈ ਕੇ ਉਸ ਦਾ ਨਾਮ ਅਸ਼ਵਥਾਮਾ ਰੱਖਿਆ ਗਿਆ। ਇਸ ਦੇ ਬਾਅਦ ਉਸ ਹਾਥੀ ਨੂੰ ਤੀਰਾਂ ਨਾਲ ਵਿੰਨ੍ਹ ਕੇ ਮਾਰ ਦਿੱਤਾ ਗਿਆ ਅਤੇ ਧਰਮ ਪੁੱਤਰ ਯੁਧਿਸ਼ਟਰ ਕੋਲੋਂ ਉੱਚੀ ਆਵਾਜ਼ ਵਿਚ ਇਹ ਕਹਾਇਆ ਗਿਆ ਕਿ ਅਸ਼ਵਥਾਮਾ ਮਾਰਿਆ ਗਿਆ ਆਦਮੀ ਨਹੀਂ, ਹਾਥੀ। ਪਰ ਆਦਮੀ ਨਹੀਂ ਹਾਥੀ ਬੋਲਣ ਤੋਂ ਪਹਿਲਾਂ ਹੀ ਜ਼ੋਰ ਜ਼ੋਰ ਨਾਲ ਨਗਾਰੇ ਵਜਾ ਦਿੱਤੇ ਗਏ। ਦ੍ਰੋਣਾਚਾਰਯਾ ਨੇ ਕੇਵਲ ਅਸ਼ਵਥਾਮਾ ਮਾਰਿਆ ਗਿਆ ਹੀ ਸੁਣਿਆ ਅਤੇ ਡਿੱਗ ਗਿਆ। ਜੰਗ ਪਾਂਡਵਾਂ ਵੱਲੋਂ ਜਿੱਤੀ ਗਈ।

ਪਰ ਗੁਰੂ ਸਾਹਿਬ ਨੇ ਰਣਨੀਤੀ ਜਾਂ ਕੂਟਨੀਤੀ ਦੇ ਤਹਿਤ ਇਹ ਨਗਾਰਾ ਨਹੀਂ ਵਰਤਿਆ ਬਲਕਿ ਇਸ ਦਾ ਮਕਸਦ ਵੀ ਨਿਸਚਤ ਕਰ ਦਿੱਤਾ।

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥

(ਮਾਰੂ ਕਬੀਰ ਜੀ, ਅੰਗ ੧੧੦੫)

ਹਾਲਾਂਕਿ ਸਿੱਖ ਰਹਿਤ ਮਰਯਾਦਾ ਨੇ ਹਰ ਗੁਰਦੁਆਰਾ ਸਾਹਿਬ ਵਿਚ ਨਗਾਰਾ ਰੱਖਣ ਅਤੇ ਸਮੇਂ ਸਿਰ ਵਜਾਏ ਜਾਣ ਦੀ ਤਾਕੀਦ ਕੀਤੀ ਹੈ। ਪਰ ਵੇਖਣ ਵਿਚ ਆ ਰਿਹਾ ਹੈ ਜਲੂਸ ਜਾਂ ਨਗਰ ਕੀਰਤਨ ਦੇ ਦੌਰਾਨ ਤਾਂ ਨਗਾਰਾ ਹੁੰਦਾ ਹੈ ਪਰ ਕਈ ਗੁਰਦੁਆਰਿਆਂ ਵਿਚ ਇਹ ਨਹੀਂ ਹੈ। ਇਹ ਕੌਮੀ ਅਣਗਹਿਲੀ ਹੈ। ਸਮੂਹ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਦਾ ਫ਼ਰਜ਼ ਹੈ ਕਿ ਹਰ ਗੁਰਦੁਆਰੇ ਵਿਚ ਨਗਾਰਾ ਜ਼ਰੂਰ ਰਖਿਆ ਜਾਏ ਅਤੇ ਸਮੇਂ ਸਿਰ ਵਜਾਇਆ ਜਾਏ।

ਕੀਰਤਨ

(ੳ) ਸੰਗਤ ਵਿਚ ਕੀਰਤਨ ਕੇਵਲ ਸਿੱਖ ਹੀ ਕਰ ਸਕਦਾ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੫)

ਸਿੱਖ ਰਹਿਤ ਮਰਯਾਦਾ ਮੁਤਾਬਕ ਗੁਰਦੁਆਰੇ ਵਿਚ ਕੀਰਤਨ, ਕਥਾ ਅਤੇ ਵਖਿਆਨ

SikhBookClub.com

ਦੀ ਮਰਯਾਦਾ ਹੈ। ਸਿੱਖ ਰਹਿਤ ਮਰਯਾਦਾ ਦੀ ਸ਼ਖਸੀ ਰਹਿਣੀ ਦੇ ਚੌਥੇ ਅਧਿਆਇ ਦਾ ਦੂਸਰਾ ਖੰਡ ਕੀਰਤਨ ਹੈ। ਇਸ ਦੇ ਚਾਰ ਪਦੇ ਹਨ। ਪਹਿਲੇ ਪਦੇ ਅਨੁਸਾਰ ਸੰਗਤ ਵਿਚ ਕੀਰਤਨ ਕੇਵਲ ਸਿੱਖ ਹੀ ਕਰਨ ਦਾ ਅਧਿਕਾਰੀ ਹੈ ਪਰ ਆਪਣੇ ਲਈ ਕੀਰਤਨ ਕੋਈ ਵੀ ਕਰ ਸਕਦਾ ਹੈ। ਕੀਰਤਨ ਗੁਰੂ ਦੀ ਰੂਹਾਨੀ ਦਾਤ ਹੈ ਜੋ ਕੀਰਤਨੀਏ ਰਾਹੀਂ ਸੰਗਤ ਨੂੰ ਪ੍ਰਾਪਤ ਹੁੰਦੀ ਹੈ। ਗੁਰੂ ਸਾਹਿਬਾਨ ਨੇ ਖ਼ੁਦ ਕੀਰਤਨ ਕੀਤਾ ਹੈ। ਕੀਰਤਨੀਆ ਗਵੱਈਆ ਨਹੀਂ ਹੈ ਅਤੇ ਨਾ ਹੀ ਕੇਵਲ ਮਨਪਰਚਾਵੇ ਦਾ ਸਾਧਨ ਹੈ। ਇਹ ਆਮ ਗਾਣਾ ਬਜਾਣਾ ਵੀ ਨਹੀਂ ਹੈ। ਇਹ ਤਾਂ ਰੱਬੀ ਇਬਾਦਤ, ਪੂਜਾ ਅਰਚਨਾ ਹੈ ਜਿਸ ਨਾਲ ਸੁਰਤ ਨੂੰ ਰੱਬ ਨਾਲ ਜੋੜਿਆ ਜਾ ਸਕਦਾ ਹੈ। ਗੁਰੂ ਸਾਹਿਬ ਵੱਲੋਂ ਅਪਣਾਈ ਮਰਯਾਦਾ ਨੂੰ ਹੀ ਕੀਰਤਨੀਆ ਅੱਗੇ ਤੋਰਦਾ ਹੈ। ਇਹ ਇਕ ਧਾਰਮਿਕ ਜ਼ਿੰਮੇਵਾਰੀ ਅਤੇ ਅਹੁਦਾ ਹੈ। ਇਸ ਰੁਤਬੇ ਦਾ ਅਧਿਕਾਰੀ ਕੇਵਲ ਸਿੱਖ ਹੀ ਹੋ ਸਕਦਾ ਹੈ। ਕਿਸੇ ਵੀ ਧਰਮ ਦੇ ਧਾਰਮਿਕ ਫ਼ਰਜ਼ ਪੂਰਾ ਕਰਨ ਦੀ ਜ਼ਿੰਮੇਵਾਰੀ ਉਸ ਧਰਮ ਦੇ ਧਾਰਮਿਕ ਆਗੂ ਨੂੰ ਹੀ ਦਿੱਤੀ ਜਾ ਸਕਦੀ ਹੈ। ***"ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥"*** (ਗੂਜਰੀ ਵਾਰ ੩, ਅੰਗ 516)

ਸਿੱਖ ਰਹਿਤ ਮਰਯਾਦਾ ਵਿਚ ਗੁਰਮਤਿ ਦੀ ਰਹਿਣੀ ਮੁਤਾਬਕ ਹਰ ਸਿੱਖ ਲਈ ਦਸਾਂ ਗੁਰੂ ਸਾਹਿਬਾਨ ਦੀ ਬਾਣੀ ਨੂੰ ਹੀ ਆਪਣਾ ਮੁਕਤੀ ਦਾਤਾ ਅਤੇ ਇਸ਼ਟ ਕਰ ਕੇ ਮੰਨਣਾ ਜ਼ਰੂਰੀ ਹੈ। ਹੁਣ ਜੇਕਰ ਸੰਗਤ ਵਿਚ ਕੀਰਤਨ ਕਰਨ ਦਾ ਚਾਹਵਾਨ ਬਾਣੀ ਨੂੰ ਇਸ਼ਟ ਅਤੇ ਮੁਕਤੀ ਦਾਤਾ ਨਹੀਂ ਮੰਨ ਰਿਹਾ ਤਾਂ ਫ਼ਿਰ ਉਸ ਲਈ ਤਾਂ ਇਹ ***"ਲੋਗੁ ਜਾਨੈ ਇਹੁ ਗੀਤੁ ਹੈ ॥"*** (ਅੰਗ 335) ਵਾਲੀ ਅਵਸਥਾ ਹੀ ਰਹਿ ਜਾਏਗੀ।

ਕੇਵਲ ਕੀਰਤਨ ਹੀ ਨਹੀਂ ਬਲਕਿ ਸਿੱਖ ਰਹਿਤ ਮਰਯਾਦਾ ਅਨੁਸਾਰ ਸੰਗਤ ਵਿਚ ਕੀਰਤਨ, ਕਥਾ, ਪਾਠ ਕੇਵਲ ਸਿੱਖ ਹੀ ਕਰਨ ਦਾ ਅਧਿਕਾਰੀ ਨਿਸਚਿਤ ਕੀਤਾ ਗਿਆ ਹੈ। ਧਰਮ ਕਦੇ ਵੀ ਧਰਮ-ਨਿਰਪੱਖ ਜਾਂ secular ਨਹੀਂ ਹੁੰਦਾ। ਰਾਗੀ ਗ੍ਰੰਥੀ ਪਾਠੀ ਧਰਮ ਦੇ ਨਿਯਮਾਂ ਮੁਤਬਾਕ ਪੂਜਾ ਅਰਚਨਾ ਕਰ ਰਿਹਾ ਹੁੰਦਾ ਹੈ। ਇਹ ਗੁਰੂ ਘਰ ਦੇ ਸਤਿਕਾਰਤ ਧਾਰਮਿਕ ਅਹੁਦੇ ਹਨ। ਇਹਨਾਂ ਅਹੁਦਿਆਂ ਦੀ ਜ਼ਿੰਮੇਵਾਰੀ ਕਿਸੇ ਹੋਰ ਮਤ ਦਾ ਉਪਾਸ਼ਕ ਨਹੀਂ ਨਿਭਾ ਸਕਦਾ। ***"ਜਿਸ ਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ ਥਾਇ ਪਵੈ ਸੋ ਪਾਵੈ ਦਰਗਹ ਮਾਨੁ ॥"*** (ਮ. ੪, ਅੰਗ 734) ਕੀ ਕੋਈ ਹਿੰਦੂ ਕਿਸੇ ਮਸੀਤ ਵਿਚ ਮੌਲਵੀ ਦਾ ਅਤੇ ਮੁਸਲਮਾਨ ਕਿਸੇ ਮੰਦਿਰ ਵਿਚ ਪੰਡਿਤ ਦਾ ਫ਼ਰਜ਼ ਅਦਾ ਕਰ ਸਕਦਾ ਹੈ । ਜੇ ਨਹੀਂ ਤਾਂ ਤੇ ਜੋ ਸਿੱਖ ਹੀ ਨਹੀਂ ਹੈ ਉਹ ਸੰਗਤ ਵਿਚ ਪਾਠੀ, ਰਾਗੀ, ਗ੍ਰੰਥੀ, ਕਥਾਕਾਰਕ ਦੀ ਸੇਵਾ ਵੀ ਨਹੀਂ ਨਿਭਾ ਸਕਦਾ। ਭਾਈ, ਪਾਦਰੀ, ਮੌਲਵੀ, ਪੰਡਿਤ ਆਪਣੇ ਧਰਮ ਦੀ ਨੁਮਾਇੰਦਗੀ ਕਰ ਰਹੇ ਹੁੰਦੇ ਹਨ ਅਤੇ ਉਹੀਓ ਧਾਰਮਿਕ ਫ਼ਰਜ਼ ਨਿਬਾਹੁਣ ਦੇ ਅਧਿਕਾਰੀ ਹਨ।

ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥੧॥

(ਧਨਾਸਰੀ ਮ: ੪, ਅੰਗ ੬੬੯)

ਇਸ ਬਾਰੇ ਧਾਰਮਿਕ ਸਲਾਹਕਾਰ ਕਮੇਟੀ ਦੀ ਇਕਤ੍ਰਤਾ 9 ਮਾਰਚ, 1940 ਨੂੰ

SikhBookClub.com

ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਵਿਖੇ ਹੋਈ। ਇਸ ਵਿਚ ਮਤਾ ਨੰਬਰ 7 ਰਾਹੀਂ ਪ੍ਰਵਾਨ ਕੀਤਾ ਗਿਆ,

> ***7- ਕੀਰਤਨ ਤੇ ਅਨੁਸਿੱਖ ਰਾਗੀ : ਧਾਰਮਿਕ ਸਲਾਹਕਾਰ ਕਮੇਟੀ ਦੀ ਰਾਏ ਵਿਚ ਸਿੱਖ ਰਹਿਤ ਮਰਯਾਦਾ ਵਿਚ ਦੱਸੇ ਅਨੁਸਾਰ ਸੰਗਤ ਵਿਚ ਕੀਰਤਨ ਕੇਵਲ ਸਿੱਖ ਹੀ ਕਰ ਸਕਦਾ ਹੈ। ਕਿਉਂਕਿ ਸਿੱਖ ਧਰਮ ਵਿਚ ਵਾਹਿਗੁਰੂ ਦੀ ਪੂਜਾ ਕੀਰਤਨ ਦੁਆਰਾ ਹੀ ਹੁੰਦੀ ਹੈ। ਕੀਰਤਨ ਕਰਨ ਵਾਲਾ ਸੰਗਤ ਨੂੰ ਵਾਹਿਗੁਰੂ ਦੀ ਪੂਜਾ ਕਰਾ ਰਿਹਾ ਹੁੰਦਾ ਹੈ। ਇਸ ਲਈ ਇਹ ਅਧਿਕਾਰ ਕੇਵਲ ਸਿੱਖ ਨੂੰ ਹੀ ਪ੍ਰਾਪਤ ਹੁੰਦਾ ਹੈ।***

(ਮਤਾ ਨੰਬਰ ੭, ਪੰਥਕ ਮਤੇ, ਪੰਨਾ ੧੯)

ਇਹ ਵੀ ਵਿਚਾਰਨ ਵਾਲੀ ਗੱਲ ਹੈ ਕਿ ਜਿਹੜਾ ਵਿਅਕਤੀ ਦੀਦਾਰੀ ਤੌਰ 'ਤੇ ਵੀ ਗੁਰੂ ਦੀ ਰਹਿਤ ਨੂੰ ਪ੍ਰਵਾਨ ਨਹੀਂ ਕਰ ਰਿਹਾ ਉਹ ਗੁਰੂ ਦੇ ਉਹਨਾਂ ਅਸੂਲਾਂ ਅਤੇ ਆਦੇਸ਼ਾਂ ਨੂੰ ਦੱਸਣ ਦਾ ਕਿਵੇਂ ਅਧਿਕਾਰੀ ਹੋ ਸਕਦਾ ਹੈ। ਕੀ ਉਹ ਅੰਮ੍ਰਿਤ ਅਤੇ ਰਹਿਤ ਬਾਰੇ ਕੀਰਤਨ ਕਰ ਸਕਦਾ ਹੈ?

ਇਸੇ ਤਰ੍ਹਾਂ ਜੋ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਤੋਂ ਮੁਨਕਰ ਹੋ ਦੇਹ ਧਾਰੀ ਨੂੰ ਗੁਰੂ ਮੰਨ ਰਹੇ ਹਨ ਉਹਨਾਂ ਬਾਰੇ ਪੰਥਕ ਨਿਰਣਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਨੇ ਮਤਾ ਨੰਬਰ 13 ਰਾਹੀਂ 12 ਅਕਤੂਬਰ, 2000 ਨੂੰ ਆਦੇਸ਼ ਜਾਰੀ ਕੀਤਾ :

> ***ਨਾਮਧਾਰੀਆਂ ਵੱਲੋਂ ਗੁਰੂ-ਅਸਥਾਨਾਂ ਵਿਚ ਗੁਰੂ ਹਜ਼ੂਰੀ ਵਿਚ ਕੀਰਤਨ ਕਰਨ ਬਾਰੇ ਪੰਜ ਸਿੰਘ ਸਾਹਿਬਾਨ ਵੱਲੋਂ ਨਿਰਣਾ ਲਿਆ ਜਾਂਦਾ ਹੈ ਕਿ ਜੋ ਵੀ ਵਿਅਕਤੀ ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਇਸ਼ਟ ਨਹੀਂ ਮੰਨਦਾ ਤੇ ਉਹ ਕਿਸੇ ਹੋਰ ਦੇਹਧਾਰੀ ਗੁਰੂ ਅਤੇ ਦੇਵੀ-ਦੇਵਤੇ ਤੇ ਵਿਸ਼ਵਾਸ ਕਰਦਾ ਹੈ, ਉਹ ਗੁਰਦੁਆਰਾ ਸਾਹਿਬ ਵਿਚ ਕੀਰਤਨ ਕਰਨ ਦਾ ਅਧਿਕਾਰੀ ਨਹੀਂ ਹੈ।***

ਸੰਨ 1934 ਵਿਚ ਸਵਰਗੀ ਬਾਬਾ ਪਰਤਾਪ ਸਿੰਘ ਨਾਮਧਾਰੀ ਵੱਲੋਂ ਭੈਣੀ ਰਾਈਆਂ ਜਿਲ੍ਹਾ ਲੁਧਿਆਣਾ ਵਿਚ ਇਕ ਸਰਬ ਸਿੱਖ ਸੰਪਰਦਾਈ ਕਾਨਫਰੰਸ ਕੀਤੀ ਗਈ। ਉਸ ਵਿਚ ਸ. ਜੋਗਿੰਦਰ ਸਿੰਘ, ਮਾਸਟਰ ਤਾਰਾ ਸਿੰਘ, ਗਿ. ਸ਼ੇਰ ਸਿੰਘ ਆਦਿਕ ਮੁਖੀ ਸਾਮਲ ਹੋਏ। ਉਸ ਕਾਨਫਰੰਸ ਵਿਚ ਦਸਾਂ ਪਾਤਸ਼ਾਹੀਆਂ ਦੀ ਅਰਦਾਸ ਕੀਤੀ ਗਈ। ਪ੍ਰੰਤੂ ਇਹ ਕੁੱਝ ਕਰਨ ਦੇ ਬਾਵਜੂਦ 'ਤੁਹਾਡਾ ਕਹਿਣਾ ਸਿਰ ਮੱਥੇ ਪਰ ਗੱਲ ਉਥੇ ਦੀ ਉਥੇ' ਵਾਲੀ ਗਲ ਹੋਈ। ਕੂਕਾ ਡੰਮ ਉਥੇ ਦਾ ਉਥੇ ਰਿਹਾ ਅਤੇ ਮੁੜ ਕੇ ਉਹੀ ਕੁੱਝ ਕਰਨ ਲੱਗੇ ਜੋ ਪਹਿਲਾਂ ਕਰਦੇ ਸਨ।

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਹਿਦ ਗੁਰੂ, ਅਤਰ ਸਿੰਘ, ਪੰਨਾ ੫੮)

ਇਸ ਤਰ੍ਹਾਂ ਪਹਿਲਾਂ ਵੀ ਨਾਮਧਾਰੀ ਸੰਪ੍ਰਦਾ ਵੱਲੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਤੌਰ ਗੁਰੂ ਦੇ ਪੂਰਨ ਸਤਿਕਾਰ ਕਰਨ ਦਾ ਅਹਿਦ ਕੀਤਾ ਜਾ ਚੁਕਾ ਹੈ। ਲੋੜ ਹੈ

SikhBookClub.com

ਇਸ ਅਮਲ ਨੂੰ ਮੁੜ ਦੁਹਰਾਉਂਦੇ ਹੋਏ ਪ੍ਰੇਰਨਾ ਦੇ ਕੇ ਇਹਨਾਂ ਨੂੰ ਪੰਥਕ ਸਫ਼ ਵਿਚ ਸ਼ਾਮਲ ਕਰਨ ਦੀ। ਹੋ ਸਕਦਾ ਹੈ ਇਹ ਗੱਲ ਸਿਰੇ ਚੜ੍ਹ ਜਾਏ।

(ਅ) ਕੀਰਤਨ ਗੁਰਬਾਣੀ ਨੂੰ ਰਾਗਾਂ ਵਿਚ ਉਚਾਰਨ ਕਰਨ ਨੂੰ ਕਹਿੰਦੇ ਹਨ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੫)

ਤਬਦੀਲੀ

ਰਾਗ ਵਿਚ ਉਚਾਰਨ ਦੀ ਥਾਂ ਰਾਗਾਂ ਉਚਾਰਨ ਕੀਤਾ ਗਿਆ ਹੈ।

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ 'ਰਾਗ ਵਿਚ ਕੀਰਤਨ' ਲਿਖਿਆ ਸੀ। ਹੁਣ ਇਸ ਦੀ ਥਾਵੇਂ 'ਰਾਗਾਂ ਵਿਚ ਕੀਰਤਨ' ਅੰਕਤ ਹੈ। ਕੀਰਤਨ ਕਿਸੇ ਇਕ ਰਾਗ ਵਿਚ ਜਾਂ ਕਈ ਰਾਗਾਂ ਜਿਨ੍ਹਾਂ ਨੂੰ ਰਾਗਾਂ ਦਾ ਗੁਲਦਸਤਾ ਕਿਹਾ ਜਾਂਦਾ ਹੈ, ਵਿਚ ਕੀਤਾ ਜਾਂਦਾ ਹੈ। ਇਸ ਲਈ ਇੱਥੇ ਰਾਗ ਦੀ ਬਜਾਇ ਰਾਗਾਂ ਸਹੀ ਜਾਪਦਾ ਹੈ।

ਵਿਆਖਿਆ

ਗੁਰਬਾਣੀ ਕੋਈ ਗਜ਼ਲ, ਕਵਿਤਾ ਜਾਂ ਕਵੀਸ਼ਰੀ ਨਹੀਂ ਹੈ। ਇਹ ਧੁਰ ਕੀ ਬਾਣੀ ਅਤੇ ਰੂਹ ਦੀ ਗਜ਼ਾ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਖ਼ੁਦ ਬਾਣੀ ਦੀ ਅਰੰਭਤਾ ਵਿਚ ਹੀ ਸੰਬੰਧਤ ਰਾਗ ਦਾ ਉਲੇਖ ਕੀਤਾ ਹੈ। ਰਾਗ ਕੋਮਲ ਕਲਾ ਹੈ। ਗੁਰੂ ਸਾਹਿਬ ਨੇ ਇਸ ਨੂੰ ਅਮਰਤਾ ਪ੍ਰਦਾਨ ਕਰ ਦਿੱਤੀ ਹੈ। ਹਜ਼ੂਰ ਨੇ ਖ਼ੁਦ ਬਾਣੀ ਨੂੰ ਰਾਗਾਂ ਵਿਚ ਗਾਇਨ ਕੀਤਾ ਅਤੇ ਰਬਾਬੀਆਂ, ਕੀਰਤਨੀਆਂ ਨੂੰ ਵੀ ਇਸੇ ਤਰ੍ਹਾਂ ਕਰਨ ਦੀ ਬਖਸ਼ਿਸ਼ ਕੀਤੀ।

ਹਜ਼ੂਰ ਦੀ ਆਮਦ ਤੋਂ ਪਹਿਲਾਂ ਰਾਗ ਨੂੰ ਜਾਂ ਤਾਂ ਐਸ਼ੋ ਇਸ਼ਰਤ ਲਈ ਰਾਗ ਰੰਗ ਵਿਚ ਤਬਦੀਲ ਕਰ ਦਿੱਤਾ ਗਿਆ ਸੀ ਅਤੇ ਜਾਂ ਫ਼ਿਰ ਇਸ ਤੋਂ ਪੂਰੀ ਤਰ੍ਹਾਂ ਮੂੰਹ ਮੋੜ ਕੇ ਹਰਾਮ ਐਲਾਨ ਦਿੱਤਾ ਗਿਆ ਸੀ। ਔਰੰਗਜ਼ੇਬ ਵੱਲੋਂ ਸੰਗੀਤ ਦੇ ਜਨਾਜ਼ੇ ਨੂੰ ਡੂੰਘਾ ਦਫ਼ਨਾਏ ਜਾਣ ਦੀ ਵਾਰਤਾ ਜਗ ਮਸ਼ਹੂਰ ਹੈ। ਗੁਰੂ ਸਾਹਿਬ ਨੇ ਰਾਗ ਅਤੇ ਸ਼ਬਦ ਦੇ ਸੁਮੇਲ ਨੂੰ ਸਚਿਖੰਡ ਤਕ ਪਹੁੰਚਾ ਦਿੱਤਾ।

'ਸਿੱਖਾਂ ਦੀ ਭਗਤ ਮਾਲਾ' ਵਿਚ ਅੰਕਤ ਹੈ ਕਿ ਰਾਇ ਭੋਏਂ ਦੀ ਤਲਵੰਡੀ ਵਿਚ ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ ਭਾਈ ਮਰਦਾਨਾ ਜੀ ਨਾਲ ਹੋਈ ਤੇ ਸਤਿਗੁਰ ਸੱਚੇ ਪਾਤਸ਼ਾਹ ਨੇ ਤਰੁੱਠ ਕੇ ਬਚਨ ਕੀਤੇ ਕਿ ***'ਤੂੰ ਰਬਾਬ ਭਲੀ ਵਜਾਇੰਦਾ ਹੈਂ ਤੇ ਤੈਨੂੰ ਰਾਗਾਂ ਦੀ ਭਲੀ ਸੋਝੀ ਹੈ, ਪਰ ਜੇ ਤੂੰ ਅਸਾਡੀ ਸੰਗਤ ਕਰੇਂ ਤੇ ਏਹ ਰਾਗ ਸ਼ਬਦ ਪਾਇਕੇ ਗਾਵੇਂ, ਤਾਂ ਅਸੀਂ ਤੇਰਾ ਦੀਨ ਦੁਨੀ ਵਿਚ ਉਧਾਰ ਕਰੀਏ।'*** ਸਾਹਿਬਾਂ ਨੇ ਕੇਵਲ ਰਾਗ ਨਹੀਂ ਬਲਕਿ ਰਾਗ ਵਿਚ ਸ਼ਬਦ ਪਾ ਕੇ ਗਾਇਨ ਕਰਨ ਨੂੰ ਇਲਾਹੀ ਕੀਰਤਨ ਦਾ ਰੁਤਬਾ ਦਿੰਦਿਆਂ ਇਸ ਨੂੰ ਦੀਨ ਦੁਨੀ ਵਿਚ ਉਧਾਰ ਦਾ ਸਾਧਨ ਕਿਹਾ।

'ਮੱਕੇ ਮਦੀਨੇ ਦੀ ਗੋਸ਼ਟ' ਵਿਚ ਸਤਿਗੁਰ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਬਾਰੇ ਬਹੁਤ ਹੀ ਪਿਆਰੀ ਵਾਰਤਾਲਾਪ ਅੰਕਤ ਹੈ ਕਿ ਉੱਥੇ ਸਾਹਿਬਾਂ ਨੂੰ ਪੁਛਿਆ ਗਿਆ ਕਿ ਸੋਹਣੇ ਰੱਬ ਦਾ ਦੀਦਾਰ ਕਿਵੇਂ ਹੋਵੇ, ਉਸਦੀ ਸੂਰਤ ਕੈਸੀ ਹੈ, ਉਹ ਰਹਿੰਦਾ ਕਿਹੜੀ ਥਾਂ ਹੈ, ਉਹ ਖਾਂਦਾ ਪੀਂਦਾ ਕੀ ਹੈ ਅਤੇ ਕਿਹੜੀ ਬੰਦਗੀ ਨਾਲ ਉਹ ਮਿਲਦਾ ਹੈ?

SikhBookClub.com

ਸੁਆਲ ਪੀਰ ਬਹਾਵਦੀ ਸੂਰਾ।
ਆਖੇ ਪੀਰ ਬਹਾਵਦੀ ਸੁਣ ਨਾਨਕ ਸਿਰਦਾਰ।
ਕਿਉ ਕਰਿ ਮਿਲੀਐ ਰਬਿ ਨੋ ਕਿਉ ਕਰਿ ਹੋਇ ਦੀਦਾਰੁ।
ਕੇਹੀ ਸੁਰਤਿ ਰਬ ਦੀ ਰਹਦਾ ਕੇਹੜੀ ਜਾਇ।
ਖਾਂਦਾ ਕੀ ਨਿਆਮਤਾਂ ਪਹਰੇ ਕੀ ਕਵਾਇ।
ਕਰਕੇ ਕੇਹੜੀ ਬੰਦਗੀ ਮਿਲੇ ਗਰੀਬ ਨਿਵਾਜ।
ਜਾਂ ਰਬੁ ਮਿਲੇ ਤਾ ਕਰਮੁ ਹੋਇ ਪੂਰਾ ਹੋਵੇ ਕਾਜੁ ॥੧੬੯॥

(ਮੱਕੇ ਮਦੀਨੇ ਦੀ ਗੋਸ਼ਟਿ, ਪੰਨਾ ੧੫੪)

ਇਸ 'ਤੇ ਸਾਹਿਬਾਂ ਨੇ ਜੋ ਜਵਾਬ ਦਿੱਤਾ ਉਸ ਵਿਚ ਗੁਰੂ ਸਾਹਿਬ ਜੀ ਨੂੰ ਨਾਨਕ ਸਿਰਦਾਰ ਕਹਿ ਕੇ ਲਿਖਿਆ ਗਿਆ ਹੈ। ਹਜ਼ੂਰ ਨੇ ਕਿਹਾ ਕਿ ਗਰੀਬੀ, ਨਿਮਰਤਾ ਅਤੇ ਮਿਸਕੀਨੀ ਨਾਲ ਕੀਤੀ ਬੰਦਗੀ ਨਾਲ ਉਸ ਬੇਪਰਵਾਹ ਨੂੰ ਮਿਲਿਆ ਜਾ ਸਕਦਾ ਹੈ। ਉਹ ਨੂਰਾਨੀ ਸੂਰਤ ਵਾਲਾ ਸਭ ਥਾਂ ਵਸਦਾ ਹੈ। ਉਹ ਰਾਗ ਖਾਂਦਾ ਹੈ ਅਤੇ ਸ਼ਬਦ ਪੀਂਦਾ ਹੈ ਅਤੇ ਮਿਹਨਤ ਕਰ ਕੇ ਕੀਤੀ ਬੰਦਗੀ ਨਾਲ ਰੱਬ ਦੇ ਦੀਦਾਰ ਹੋਣ ਨਾਲ ਸਾਰੇ ਕਾਰਜ ਰਾਸ ਆਉਂਦੇ ਹਨ। ***"ਕੀਰਤਨ ਭੋਜਨ ਚੂਰਾ ॥"*** ਹੈ। ਇਹ ਰੂਹਾਨੀ ਭੋਜਨ ਸਤਿਗੁਰੂ ਜੀ ਨੇ ਆਪਣੇ ਬੱਚਿਆਂ ਨੂੰ ਦਿੱਤਾ ਹੈ। ਇਹ ਆਤਮਾ ਦੀ ਇਲਾਹੀ ਖ਼ੁਰਾਕ ਹੈ ਅਤੇ ਇਸ ਦਾ ਆਸ਼ਾ ਦੀਨ ਦੁਨੀ ਦਾ ਉਧਾਰ ਹੈ।

ਜਵਾਬ ਨਾਨਕ ਸਾਹ ਸੂਰਾ।
ਆਖੇ ਨਾਨਕ ਸਾਹ ਸਚੁ ਸੁਣਹੁ ਬਹਾਵਦੀ ਸਾਹ।
ਕਰੁ ਮਸਕੀਨੀ ਬੰਦਗੀ ਤਾਂ ਮਿਲਿਐ ਬੇਪਰਵਾਹ।
ਨੂਰੀ ਸੂਰਤਿ ਰਬਿ ਦੀ ਰਹਦਾ ਸਭਨੀ ਜਾਇ।
ਖਾਂਦਾ ਰਾਗੁ ਨਿਆਮਤਾ ਪੀਦਾ ਸਬਦ ਅਘਾਇ।
ਕਰਕੇ ਮਿਹਨਤਿ ਬੰਦਗੀ ਮਿਲੇ ਗਰੀਬ ਨਿਵਾਜੁ।
ਜਾਂ ਰਬੋ ਮਿਲੇ ਤਾ ਕਰਮੁ ਹੋਇ ਸਭ ਪੂਰੇ ਹੋਵਨ ਕਾਜ ॥ ੧੭੦ ॥

(ਮੱਕੇ ਮਦੀਨੇ ਦੀ ਗੋਸ਼ਟਿ, ਪੰਨਾ ੧੫੪)

ਜਿਵੇਂ ਮੀਰੀ-ਪੀਰੀ ਦਾ ਸਿਧਾਂਤ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪੰਥ ਦੀ ਝੋਲੀ ਵਿਚ ਪਾਇਆ ਪਰ ਇੱਥੇ ਵੀ ਮੀਰੀ ਨੂੰ ਪੀਰੀ ਦੇ ਅਧੀਨ ਹੀ ਰਖਿਆ। ਇਸੇ ਤਰ੍ਹਾਂ ਕੀਰਤਨ ਰਾਗ ਅਤੇ ਸ਼ਬਦ ਦਾ ਸੁਮੇਲ ਹੈ, ਪਰ ਪ੍ਰਧਾਨਤਾ ਸ਼ਬਦ ਦੀ ਹੀ ਹੋਣੀ ਚਾਹੀਦੀ ਹੈ। ਇਹ ਨਾ ਹੋਵੇ ਕਿ ਰਾਗ ਸ਼ਬਦ 'ਤੇ ਹਾਵੀ ਹੋ ਜਾਏ।

ਇਸ ਲਈ ਕੀਰਤਨ ਰੱਬੀ ਦਾਤ ਹੈ ਜੋ ਕਿ ਰਾਗਾਂ ਵਿਚ ਹੀ ਗਾਇਨ ਕਰਨ ਦਾ ਵਿਧਾਨ ਹੈ। ਸ਼ਬਦ ਦਾ ਆਰਕੈਸਟਰਾ, ਫ਼ਿਲਮੀ ਜਾਂ ਹੋਰ ਧੁਨਾਂ 'ਤੇ ਗਾਇਨ ਕਰਨਾ ਕੀਰਤਨ ਦੀ ਨਿਰਾਦਰੀ ਹੈ ਅਤੇ ਗੁਰੂ ਨਿੰਦਾ ਹੈ। ਇਸ ਬਾਰੇ ਸੁਚੇਤ ਹੋਣ ਦੀ ਲੋੜ ਹੈ।

ਸੰਗਤ ਵਿਚ ਕੀਰਤਨ, ਕਥਾ, ਵਖਿਆਨ ਦੀ ਮਰਯਾਦਾ ਹੈ। ਪਰ ਕੀਰਤਨ ਵਿਚ

SikhBookClub.com

ਨਿਰੋਲ ਬਾਣੀ ਨੂੰ ਹੀ ਗਾਇਨ ਕੀਤਾ ਜਾਣਾ ਚਾਹੀਦਾ ਹੈ। ਬਾਣੀ ਅਥਾਹ ਸਾਗਰ ਹੈ । ਕੀਰਤਨੀਏ ਨੂੰ ਬਾਣੀ ਵਿਚੋਂ ਹੀ ਹਵਾਲੇ ਦੇਣੇ ਚਾਹੀਦੇ ਹਨ। ਕੀਰਤਨ ਦੌਰਾਨ ਕਥਾ ਕਥਾ ਦੌਰਾਨ ਕੀਰਤਨ ਦੀ ਮਰਿਆਦਾ ਨਹੀਂ ਹੈ। ਇਕ ਵਾਰ ਪਟਨਾ ਸਾਹਿਬ ਵਾਲੇ ਰਾਗੀ ਭਾਈ ਸੁਰਿੰਦਰ ਸਿੰਘ *"ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ ॥"* (ਮ: ੪, ਅੰਗ 89) ਦਾ ਕੀਰਤਨ ਕਰਦਿਆਂ ਕਥਾ ਕਰਨ ਲਗ ਪਏ ਅਤੇ ਜ਼ਿਆਦਾ ਹੀ ਬੀਰ ਰਸ ਵਿਚ ਆ ਗਏ। ਬਾਅਦ ਵਿਚ ਕਥਾਕਾਰ ਭਾਈ ਦਲੀਪ ਸਿੰਘ ਕਹਿਣ ਲੱਗੇ, ਸੁਰਿੰਦਰ ਸਿੰਘ ! ਲੋਕ ਮੇਰੇ ਕੀਰਤਨ ਤੋਂ ਡਰਦੇ ਹਨ ਅਤੇ ਤੇਰੀ ਕਥਾ ਤੋਂ। ਤੂੰ ਕੀਰਤਨ ਕਰ ਮੈਨੂੰ ਕਥਾ ਕਰਨ ਦੇ।

ਇੱਥੇ ਇਕ ਨੁਕਤਾ ਹੋਰ ਸਪਸ਼ਟ ਕਰਨ ਦੀ ਲੋੜ ਹੈ ਕਿ ਕੀਰਤਨ ਤਾਂ ਸਾਜ਼ਾਂ ਨਾਲ ਹੁੰਦਾ ਪਰ ਕਥਾ ਨਹੀਂ। ਇਹ ਤਾਂ ਸ਼ਬਦ ਦੀ ਗੰਭੀਰ ਵਿਚਾਰ ਹੈ। ਵਿਚਾਰ ਵੇਲੇ ਸਾਜ਼ ਨਹੀਂ ਬਲਕਿ ਧਿਆਨ ਨਾਲ ਸੁਣਨ ਦੀ ਲੋੜ ਹੈ। ਇਸ ਲਈ ਕਥਾ ਵਿਚ ਕੀਰਤਨ ਅਤੇ ਕੀਰਤਨ ਵਿਚ ਕਥਾ ਨਹੀਂ ਹੋਣੀ ਚਾਹੀਦੀ।

(ੲ) ਸੰਗਤ ਵਿਚ ਕੀਰਤਨ ਕੇਵਲ ਗੁਰਬਾਣੀ ਜਾਂ ਇਸ ਦੀ ਵਿਆਖਿਆ-ਸਰੂਪ ਰਚਨਾ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਹੋ ਸਕਦਾ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੫)

ਸੰਗਤ ਵਿਚ ਕੀਰਤਨ ਕੇਵਲ ਗੁਰਬਾਣੀ ਦਾ ਹੋ ਸਕਦਾ ਹੈ। ਸਿੱਖ ਰਹਿਤ ਮਰਯਾਦਾ ਦੀ ਅਰੰਭਤਾ ਵਿਚ ਹੀ ਸਿੱਖ ਦੀ ਪਰਿਭਾਸ਼ਾ ਦਾ ਵਰਣਨ ਕਰਦਿਆਂ ਸਿੱਖ ਹੋਣ ਲਈ ***'ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਾਂ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ'*** ਰੱਖਣਾ ਲਾਜ਼ਮੀ ਹੈ। ਇਸਦੇ ਨਾਲ ਹੀ ਗੁਰਮਤਿ ਦੀ ਰਹਿਣੀ ਅਧਿਆਇ ਦੀ ਮੱਦ (ਅ) ਵਿਚ ਵੀ ਸਪਸ਼ਟ ਅੰਕਤ ਹੈ, ***'(ਅ) ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ'***, ਹੈ। ਇਸੇ ਤਰ੍ਹਾਂ ਅੰਮ੍ਰਿਤ ਸੰਸਕਾਰ ਅਧਿਆਇ ਵਿਚ ਵੀ ਅੰਕਤ ਹੈ, ***'ਦਸੋਂ ਗੁਰੂ ਸਾਹਿਬਾਨ ਨੂੰ ਤੇ ਉਨ੍ਹਾਂ ਦੀ ਬਾਣੀ ਤੋਂ ਬਿਨਾਂ ਕਿਸੇ ਹੋਰ ਨੂੰ ਆਪਣਾ ਮੁਕਤੀ ਦਾਤਾ ਨਹੀਂ ਮੰਨਣਾ।'***

ਸੋ ਮਰਯਾਦਾ ਮੁਤਾਬਕ ਦਸੋਂ ਗੁਰੂ ਸਾਹਿਬਾਨ ਦੀ ਬਾਣੀ ਅਤੇ ਨਾਲ ਹੀ ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੀ ਬਾਣੀ ਦੇ ਕੀਰਤਨ ਦਾ ਵਿਧਾਨ ਹੈ। 'ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ' ਦੇ ਪੰਨਾ 245 'ਤੇ ਇਸ ਤਰ੍ਹਾਂ ਅੰਕਤ ਹੈ,

> ***ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਪਾਤਸ਼ਾਹ ਜੀ ਦੀ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਕਬਿੱਤ ਸਵੱਯੇ ਤੇ ਭਾਈ ਨੰਦ ਲਾਲ ਜੀ ਦੀ ਰਚਨਾ 'ਚੋਂ ਹੀ ਸ਼ਬਦ ਗਾਇਨ***

SikhBookClub.com

ਕੀਤੇ ਜਾਂਦੇ ਹਨ। ਇਨ੍ਹਾਂ ਉਪ੍ਰੋਕਤ ਰਚਨਾਵਾਂ ਤੋਂ ਬਿਨਾਂ ਕਿਸੇ ਹੋਰ ਗ੍ਰੰਥ ਜਾਂ ਕਵੀ ਦੀ ਬਾਣੀ ਨਹੀਂ ਗਾਈ ਜਾ ਸਕਦੀ।

(ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ, ਪੰਨਾ ੨੪੫)

(ਸ) ਸ਼ਬਦਾਂ ਨੂੰ ਜੋਟੀਆਂ ਦੀ ਧਾਰਨਾ ਜਾਂ ਰਾਗ ਨਾਲ ਪੜ੍ਹਦਿਆਂ ਬਾਹਰ ਦੀਆਂ ਮਨ-ਘੜਤ ਤੇ ਵਾਧੂ ਤੁਕਾਂ ਲਾ ਕੇ ਧਾਰਨਾ ਲਾਉਣੀ ਜਾਂ ਗਾਉਣਾ ਅਯੋਗ ਹੈ। ਸ਼ਬਦ ਦੀ ਤੁਕ ਹੀ ਧਾਰਨਾ ਬਣਾਈ ਜਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੫)

ਗੁਰਬਾਣੀ ਨੂੰ ਰਾਗਾਂ ਵਿਚ ਗਾਇਨ ਕਰਨ ਨੂੰ ਤਾਂ ਕੀਰਤਨ ਕਿਹਾ ਗਿਆ ਹੈ ਪਰ ਇਸਦੇ ਨਾਲ ਹੀ ਜੇਕਰ ਸੰਗਤ ਰੂਪ ਵਿਚ ਸ਼ਬਦ ਨੂੰ ਰਾਗ ਜਾਂ ਜੋਟੀਆਂ ਦੀਆਂ ਆਮ ਧਾਰਨਾ ਨਾਲ ਵੀ ਪੜ੍ਹਨ ਦੀ ਆਗਿਆ ਦਿੱਤੀ ਗਈ ਹੈ। ਜੋਟੀਆਂ ਦੀ ਧਾਰਨਾ ਦੀ ਗੀਤ ਵਿਚ ਸੰਗਤ ਦੇ ਦੋ ਜੁਟ ਬਣਾ ਲਏ ਜਾਂਦੇ ਹਨ। ਇਕ ਜੁਟ ਜਾਂ ਟੋਲੀ ਗੁਰਬਾਣੀ ਦੀ ਇਕ ਤੁਕ ਦਾ ਗਾਇਨ ਕਰਦੀ ਹੈ ਅਤੇ ਦੂਸਰਾ ਜੁਟ ਉਸ ਨੂੰ ਦੁਹਰਾਂਦਾ ਹੈ। ਭਾਈ ਕਾਨ੍ਹ ਸਿੰਘ ਜੀ ਨਾਭਾ ਮੁਤਾਬਕ ਇਸ ਗੀਤ ਦੇ ਅਰੰਭ ਕਰਤਾ ਬਾਬਾ ਬੁੱਢਾ ਜੀ ਸਨ। ਪਰ ਧਿਆਨ ਦੇਣ ਦੀ ਲੋੜ ਹੈ ਕਿ ਇੱਥੇ ਵੀ ਬਾਹਰਲੀਆਂ ਤੁਕਾਂ ਨੂੰ ਗੁਰਬਾਣੀ ਦੇ ਨਾਲ ਜੋੜਨਾ ਨਿਰਮਲ ਕੀਰਤਨ ਵਿਚ ਮਿਲਾਵਟ ਤੁਲ ਹੈ। ਧਾਰਨਾ ਲਗਾਉਣੀ ਹੀ ਹੋਵੇ ਤਾਂ ਸ਼ਬਦ ਦੀ ਤੁਕ ਦੀ ਹੀ ਲਾਈ ਜਾਵੇ। ਗੁਰਬਾਣੀ ਧੁਰ ਕੀ ਬਾਣੀ ਇਲਾਹੀ ਕਲਾਮ ਹੈ। ਇਹ ਕੋਈ ਦੁਨਿਆਵੀ ਕਵਿਤਾ ਜਾਂ ਸ਼ਾਇਰੀ ਨਹੀਂ ਹੈ। ਕੀ ਕੋਈ ਮਨੁੱਖ ਇਸ ਵਿਚ ਵਾਧਾ ਘਾਟਾ ਕਰਨ ਦੀ ਸੋਚ ਸਕਦਾ ਹੈ? ਬਾਬਾ ਰਾਮ ਰਾਇ ਦਾ ਹਵਾਲਾ ਸਾਹਮਣੇ ਹੈ। ਐਸਾ ਕਰਨਾ ਸਰਾਸਰ ਮਿਲਾਵਟ ਅਤੇ ਧੋਖਾ ਹੀ ਕਿਹਾ ਜਾ ਸਕਦਾ ਹੈ।

ਇਹ ਅਹਿਮ ਮੁੱਦਾ ਅੱਜ ਤੋਂ ਅੱਸੀ ਸਾਲ ਪਹਿਲਾਂ ਵੀ ਪੰਥ ਨੇ 1943 ਵਿਚ ਵੀ ਵਿਚਾਰਿਆ ਸੀ। ਇਸ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਅਤੇ ਧਾਰਮਿਕ ਸਲਾਹਕਾਰ ਕਮੇਟੀ ਦੇ ਫ਼ੈਸਲੇ ਦੀ ਪ੍ਰੋੜਤਾ ਕਰਦਿਆਂ ਧਾਰਮਿਕ ਸਲਾਹਕਾਰ ਕਮੇਟੀ ਨੇ 2 ਨਵੰਬਰ, 1943 ਨੂੰ ਮਤਾ ਨੰ. 6 ਰਾਹੀਂ ਪ੍ਰਵਾਨ ਕੀਤਾ,

ਮਨਮਤ ਧਾਰਨਾਂ ਸ਼ਬਦਾਂ ਨਾਲ

ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀ ਅੱਜ ਦੀ ਜਨਰਲ ਕਮੇਟੀ ਦੇ ਮਤਾ ਨੰ: 22 ਮਿਤੀ 6-11-1942 ਅਨੁਸਾਰ ਤੇ ਧਾਰਮਿਕ ਸਲਾਹਕਾਰ ਕਮੇਟੀ ਦੀ ਇਕੱਤਰਤਾ ਮਿਤੀ 2-11-1943 ਦੇ ਮਤਾ ਨੰ: 6 ਜਿਨ੍ਹਾਂ ਅਨੁਸਾਰ ਕਿ ਧਾਰਮਿਕ ਸਲਾਹਕਾਰ ਕਮੇਟੀ ਸ: ਕਪੂਰ ਸਿੰਘ ਦੀ ਇਸ ਰਾਇ ਨਾਲ ਸਹਿਮਤ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤ੍ਰ ਬਾਣੀ ਨਾਲ ਮਨ ਘੜਿਤ ਤੁਕਾਂ ਤੇ ਬਾਹਰਲੀਆਂ ਧਾਰਨਾਂ ਨਹੀਂ ਲਾਣੀਆਂ ਚਾਹੀਦੀਆਂ, ਮਤਾ ਪੇਸ਼ ਹੋਣ ਤੇ ਸਰਬ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ।

(ਮਤਾ ਨੰਬਰ ੬, ਪੰਥਕ ਮਤੇ ਪੰਨਾ ੨੫)

SikhBookClub.com

1998 ਵਿਚ ਐਸਾ ਦੌਰ ਵੀ ਆਇਆ ਕਿ ਨਾਮਵਰ ਰਾਗੀ ਵੀ ਮਰਯਾਦਾ ਦੀ ਉਲੰਘਣਾ ਕਰਦੇ ਹੋਏ ਕੱਚੀ ਬਾਣੀ, ਮਨਘੜਤ ਧਾਰਨਾ, ਆਪਣੇ ਬਣਾਏ ਗੀਤ, ਹੋਰ ਤਾਂ ਹੋਰ ਦਰਬਾਰ ਸਾਹਿਬ ਦੇ ਅੰਦਰ ਵੀ ਫ਼ਿਲਮੀ ਧੁਨਾਂ 'ਤੇ ਗੁਰਬਾਣੀ ਦਾ ਗਾਇਨ ਕਰ ਲਗ ਪਏ। *"ਪੜਿਆ ਹੋਵੈ ਗੁਨਾਹਗਾਰੁ ਤਾ ਓਮੀ ਸਾਧੁ ਨ ਮਾਰੀਐ ॥"* (ਮ. ੧, ਅੰਗ 469) ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸ਼ਿਕਾਇਤਾਂ ਪੁੱਜਣ ਦੇ ਬਾਅਦ ਇਹਨਾਂ ਰਾਗੀਆਂ ਨੂੰ ਜਥੇਦਾਰ ਭਾਈ ਰਣਜੀਤ ਸਿੰਘ ਜੀ ਨੇ ਤਲਬ ਕੀਤਾ ਗਿਆ ਅਤੇ ਉਹਨਾਂ ਰਾਗੀਆਂ ਨੇ 27 ਅਗਸਤ, 1998 ਨੂੰ ਲਿਖਤੀ ਤੌਰ 'ਤੇ ਪ੍ਰਣ ਕੀਤਾ ਕਿ ਅੱਗੇ ਤੋਂ ਉਹ ਗੁਰਬਾਣੀ ਦਾ ਕੀਰਤਨ ਮਰਯਾਦਾ ਅਨੁਸਾਰ ਹੀ ਕਰਣਗੇ। ਉਹਨਾਂ ਨੇ ਜੋ ਲਿਖਤੀ ਪ੍ਰਣ ਪੱਤਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਦਿੱਤਾ ਉਹ ਹੁਕਮਨਾਮੇ ਦੇ ਰੂਪ ਵਿਚ ਮੌਜੂਦ ਹੈ। ਡਾ. ਰੂਪ ਸਿੰਘ ਜੀ ਵੱਲੋਂ ਸੰਪਾਦਤ 'ਆਦੇਸ਼ ਸੰਦੇਸ਼ ਅਤੇ ਹੁਕਮਨਾਮੇ' ਪੁਸਤਕ ਵਿਚ ਪੰਨਾ 162 'ਤੇ ਇਹ ਇਸ ਤਰ੍ਹਾਂ ਅੰਕਤ ਹੈ।

27 ਅਗਸਤ, 1998 ਹੁਕਮਨਾਮਾ ਸ੍ਰੀ ਅਕਾਲ ਤਖ਼ਤ ਸਾਹਿਬ :

1. ***ਅਸੀਂ ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਪ੍ਰਣ ਕਰਦੇ ਹਾਂ ਕਿ ਅਸੀਂ ਪੂਰਨ ਤੌਰ 'ਤੇ ਅੰਮ੍ਰਿਤਧਾਰੀ ਅਤੇ ਬਾਣੀ ਬਾਣੇ ਵਿਚ ਪ੍ਰਪੱਕ ਹੋਵਾਂਗੇ।***
2. ***ਅਸੀਂ ਗੁਰ-ਮਰਯਾਦਾ ਅਨੁਸਾਰ ਕੀਰਤਨ ਕਰਦਿਆਂ ਕੱਚੀ ਬਾਣੀ ਅਤੇ ਫਿਲਮੀ ਟਿਊਨਾਂ ਵਿਚ ਕੀਰਤਨ ਨਹੀਂ ਕਰਾਂਗੇ। ਬਾਣੀ ਦੀ ਸ਼ੁਧਤਾ ਦਾ ਪੂਰਾ ਪੂਰਾ ਧਿਆਨ ਰੱਖਾਂਗੇ।***
3. ***ਸ਼ਬਦ ਦੀ ਵਿਆਖਿਆ (ਕੀਰਤਨ ਕਰਦੇ ਸਮੇਂ) ਸ਼ਬਦ ਤੋਂ ਬਾਹਰ ਜਾ ਕੇ ਨਹੀਂ ਕਰਾਂਗੇ।***
4. ***ਕੀਰਤਨ ਕਰਦੇ ਸਮੇਂ ਪ੍ਰਮਾਣ ਗੁਰ-ਇਤਿਹਾਸ, ਸਿੱਖ ਇਤਿਹਾਸ ਵਿਚ ਹੀ ਦੇਵਾਂਗੇ।***

ਪਰ ਹੁਣ ਫ਼ਿਰ ਇਸ ਮੱਦ ਦੀ ਉਲੰਘਣਾ ਹੋਣੀ ਸ਼ੁਰੂ ਹੋ ਗਈ ਹੈ। ਇਹ ਦਲੀਲ ਨਹੀਂ ਦੇਣੀ ਚਾਹੀਦੀ ਕਿ ਇਸ ਤਰ੍ਹਾਂ ਪਹਿਲਾਂ ਵੀ ਹੁੰਦਾ ਰਿਹਾ ਹੈ। ਇਸਦਾ ਹਲ ਇਹ ਹੈ ਕਿ ਸ਼ਬਦ ਕੀਰਤਨ ਕਰਨ ਵਾਲੇ ਜਥੇ ਗੁਰੂ ਕੀ ਬਾਣੀ ਕੰਠ ਕਰਨ ਅਤੇ ਸੰਗਤ ਵਿਚ ਉਸਦਾ ਹੀ ਪ੍ਰਚਾਰ ਕਰਨ। ਪੰਜਾਬੀ ਦੇ ਇਕ ਪੁਰਾਤਨ ਕਵੀ ਨੰਦ ਲਾਲ ਜੀ ਦਾ ਕਹਿਣਾ ਹੈ– ***"ਆਗੈ ਸਮਝ ਚਲੋ ਨੰਦ ਲਾਲਾ ਜੋ ਬੀਤੀ ਸੋ ਬੀਤੀ।"***

ਹੁਕਮ ਲੈਣਾ

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣਾ, ਗੁਰੂ-ਰੂਪ ਸੰਗਤ ਦੇ ਅਦਬ ਨਾਲ ਦਰਸ਼ਨ ਕਰਨੇ ਤੇ ਅਵਾਜ਼ਾ ਲੈਣਾ ਜਾਂ ਸੁਣਨਾ, ਸਤਿਗੁਰੂ ਦੇ 'ਦਰਸ਼ਨ' ਹਨ। ਵਾਕ ਲੈਣ ਤ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਮਾਲ ਚੁੱਕ ਕੇ ਦਰਸ਼ਨ ਕਰਨਾ ਜਾਂ ਕਰਵਾਉਣਾ ਮਨਮੱਤ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੫)

SikhBookClub.com

ਸਿੱਖ ਰਹਿਤ ਮਰਯਾਦਾ ਦੀ ਸ਼ਖਸੀ ਰਹਿਣੀ ਦੇ ਚੌਥੇ ਅਧਿਆਇ ਵਿਚ ਗੁਰਦੁਆਰੇ ਅਤੇ ਕੀਰਤਨ ਤੋਂ ਬਾਅਦ ਤੀਸਰਾ ਖੰਡ ਹੁਕਮ ਲੈਣਾ ਹੈ। ਇਸ ਦੇ ਛੇ ਪਦੇ ਹਨ।

ਪਹਿਲੇ ਪਦੇ ਵਿਚ ਸਤਿਗੁਰੂ ਦੇ ਦਰਸ਼ਨ ਕੀ ਹਨ ਤੇ ਕੀ ਨਹੀਂ ਹਨ? ਦੀ ਵਿਆਖਿਆ ਕੀਤੀ ਗਈ ਹੈ। ਸਤਿਗੁਰੂ ਦੇ ਦਰਸ਼ਨ ਤਿੰਨ ਕਰਮ ਕਰਨ ਨਾਲ ਹੁੰਦੇ ਹਨ। ਇਹ ਹਨ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣਾ, ਗੁਰੂ-ਰੂਪ ਸੰਗਤ ਦੇ ਅਦਬ ਨਾਲ ਦਰਸ਼ਨ ਕਰਨੇ ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਲੈਣਾ ਜਾਂ ਸੁਣਨਾ। ਇਸਦੇ ਵਿਪਰੀਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੇਵਲ ਰੁਮਾਲਾ ਚੁੱਕ ਕੇ ਦਰਸ਼ਨ ਕਰਨਾ ਜਾਂ ਕਰਵਾਉਣਾ ਮਨਮੱਤ ਦੱਸਿਆ ਗਿਆ ਹੈ।

ਠਾਕੁਰ ਦੁਆਰੇ ਅਤੇ ਮੰਦਰਾਂ ਆਦਿ ਵਿਚ ਜਾ ਕੇ ਮੂਰਤੀ ਦੇ ਦਰਸ਼ਨ ਕਰਨ ਮਾਤਰ ਦਾ ਹੀ ਨਿਯਮ ਹੈ। ਇਸ ਲਈ ਇਸ ਨੂੰ ਬੁੱਤ ਪ੍ਰਸਤੀ ਜਾਂ ਮੂਰਤੀ ਪੂਜਾ ਕਿਹਾ ਜਾਂਦਾ ਹੈ। ਪਰ ਸਿੱਖ ਰਹਿਤ ਮਰਯਾਦਾ ਅਨੁਸਾਰ ਗੁਰਦੁਆਰੇ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣਾ, ਗੁਰੂ-ਰੂਪ ਸੰਗਤ ਦੇ ਅਦਬ ਨਾਲ ਦਰਸ਼ਨ ਕਰਨੇ ਤੇ ਹੁਕਮਨਾਮਾ ਲੈਣਾ ਜਾਂ ਸੁਣਨਾ ਨੂੰ ਸਤਿਗੁਰੂ ਜੀ ਦੇ 'ਦਰਸ਼ਨ' ਕਿਹਾ ਗਿਆ ਹੈ।

ਇਸ ਬਾਰੇ ਪ੍ਰਿੰਸੀਪਲ ਸਤਬੀਰ ਸਿੰਘ ਜੀ ਦੀ ਟਿੱਪਣੀ ਸਟੀਕ ਹੈ ਕਿ ਜਦੋਂ ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਕੇਵਲ ਮੱਥਾ ਟੇਕ ਕੇ ਵਾਪਸ ਚਲਾ ਜਾਏ ਤਾਂ ਉਹ ਬੁੱਤ-ਪ੍ਰਸਤ ਹੈ। ਪਰ ਜਦੋਂ ਉਹ ਸੰਗਤ ਵਿਚ ਬੈਠ ਕੇ ਕੀਰਤਨ, ਕਥਾ ਅਤੇ ਹੁਕਮਨਾਮਾ ਸੁਣੇ ਤਾਂ ਫ਼ਿਰ ਉਹ ਸ਼ਬਦ-ਪ੍ਰਸਤ ਹੁੰਦਾ ਹੈ। ਇਸੇ ਲਈ ਰਹਿਤ ਮਰਯਾਦਾ ਦੀ ਇਸ ਮੱਦ ਵਿਚ ਅੰਕਤ ਹੈ ਕਿ, ***'ਵਾਕ ਲੈਣ ਤੋ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਮਾਲ ਚੁੱਕ ਕੇ ਦਰਸ਼ਨ ਕਰਨਾ ਜਾਂ ਕਰਵਾਉਣਾ ਮਨਮੱਤ ਹੈ।'***

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥

(ਮ. ੩, ਅੰਗ ੫੯੪)

ਗੁਰਦੁਆਰਾ ਸਾਹਿਬ ਵਿਚ ਰੋਜ਼ਾਨਾ ਦੇ ਪ੍ਰੋਗਰਾਮ ਦੇ ਅਖ਼ੀਰ ਵਿਚ ਗੁਰੂ ਗ੍ਰੰਥ ਸਾਹਿਬ ਦਾ ਹੁਕਮ ਜਾਂ ਹੁਕਮਨਾਮਾ ਬਹੁਤ ਹੀ ਮਹੱਤਵਪੂਰਨ ਅੰਗ ਹੈ। ਸਿੱਖ ਰਹਿਤ ਮਰਯਾਦਾ ਮੁਤਾਬਕ ਗੁਰਦੁਆਰਾ ਸਾਹਿਬ ਦੇ ਰੋਜ਼ਾਨਾ ਦਾ ਪ੍ਰੋਗਰਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਕੀਰਤਨ, ਕਥਾ, ਵਖਿਆਨ, ਅਨੰਦ ਸਾਹਿਬ, ਅਰਦਾਸ, ਫ਼ਤਹ, ਸਤਿ ਸ੍ਰੀ ਅਕਾਲ ਦਾ ਜੈਕਾਰਾ ਤੇ ਹੁਕਮ ਨਿਰਧਾਰਤ ਹੈ। (ਸਿੱਖ ਰਹਿਤ ਮਰਯਾਦਾ, ਅਕਤੂਬਰ 2015, ਪੰਨਾ 19)। ***ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ,*** ਦੇ ਮੁਤਾਬਕ ਸਾਰੇ ਸੰਸਾਰ ਦੇ ਹਰ ਗੁਰਦੁਆਰਾ ਸਾਹਿਬ ਵਿਚ ਇਸ ਪ੍ਰੋਗਰਾਮ ਦੀ ਪਾਲਣਾ ਹੁੰਦੀ ਹੈ। ਇਸ ਦੇ ਅਖ਼ੀਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 'ਹੁਕਮ' ਲੈਣਾ ਹੈ। ਸਾਰੇ ਪ੍ਰੋਗਰਾਮ ਦੇ ਬਾਅਦ ਅਖ਼ੀਰ ਵਿਚ ਗੁਰੂ ਸਾਹਿਬ ਵੱਲੋਂ ਸੰਗਤ ਨੂੰ ਦਿੱਤਾ ਗਿਆ ਇਹ ਹੁਕਮ ਹੁੰਦਾ ਤਾਂ ਉਸ ਦਿਨ ਦਾ, ਪਰ ਹੁੰਦਾ ਸਾਰੇ ਜੀਵਨ ਲਈ। ਇਸੇ ਲਈ ਤਕਰੀਬਨ ਤਕਰੀਬਨ ਹਰ ਗੁਰਦੁਆਰਾ ਸਾਹਿਬ ਵਿਚ ਉਸ ਦਿਨ ਦਾ ਹੁਕਮਨਾਮਾ ਬੋਰਡ 'ਤੇ ਲਿਖਿਆ ਹੁੰਦਾ ਹੈ।

SikhBookClub.com

ਹੁਣ ਤਾਂ ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਰੋਜ਼ਾਨਾ ਦਾ ਹੁਕਮਨਾਮਾ ਤਕਨੀਕੀ ਤਰੱਕੀ ਨਾਲ ਸਾਰੇ ਸੰਸਾਰ ਵਿਚ ਨਾਲੋ ਨਾਲ ਪਹੁੰਚ ਜਾਂਦਾ ਹੈ ਪਰ ਕਿਤਨੀ ਵਚਿਤ੍ਰ ਗੱਲ ਹੈ ਕਿ 28 ਨਵੰਬਰ, 1997 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵੱਲੋਂ ਮਤੇ ਰਾਹੀਂ ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਕੀਰਤਨ ਅਤੇ ਹੁਕਮਨਾਮੇ ਦੇ ਪ੍ਰਸਾਰਣ ਦਾ ਖੇਤਰ ਵਧਾਣ ਦੀ ਮੰਗ ਵੀ ਕਰਨੀ ਪਈ। ਇਹ ਮਤਾ ਇਸ ਤਰ੍ਹਾਂ ਸੀ,

> (11) **"ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਅੰਮ੍ਰਿਤ ਵੇਲੇ ਤੇ ਸ਼ਾਮ ਦੇ ਸਮੇਂ ਪ੍ਰਸਾਰਨ ਹੁੰਦਾ ਗੁਰਬਾਣੀ ਕੀਰਤਨ, ਭਾਰੀ ਗਿਣਤੀ ਵਿੱਚ ਗੁਰਸਿੱਖ, ਗੁਰੂ ਘਰ ਦੇ ਸ਼ਰਧਾਲੂ, ਸ਼ਰਧਾ-ਸਤਿਕਾਰ ਸਹਿਤ, ਸਰਵਣ ਕਰਦੇ ਹਨ, ਪਰ ਜਲੰਧਰ ਰੇਡੀਓ ਸਟੇਸ਼ਨ ਤੋਂ ਹੁੰਦਾ ਇਹ ਪ੍ਰਸਾਰਣ ਇਕ ਖਾਸ ਖੇਤਰ ਵਿੱਚ ਹੀ ਸੁਣਿਆ ਜਾ ਸਕਦਾ ਹੈ। ਜਦੋਂ ਕਿ ਗੁਰਬਾਣੀ ਕੀਰਤਨ, ਅਰਦਾਸ ਤੇ ਵਿਸ਼ੇਸ਼ ਕਰਕੇ ਹੁਕਮਨਾਮਾ ਸਰਵਣ ਕਰਨ ਦੀ ਸਮੁੱਚੇ ਸਿੱਖ ਜਗਤ ਵਿੱਚ ਤੀਬਰ ਇੱਛਾ ਹੈ। ਇਸ ਲਈ ਸ਼੍ਰੋ.ਗੁ.ਪ੍ਰ. ਕਮੇਟੀ ਦਾ ਅੱਜ ਦਾ ਜਨਰਲ ਅਜਲਾਸ ਭਾਰਤ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਇਹ ਪ੍ਰੋਗਰਾਮ ਸਕਾਈ ਰੇਡੀਓ ਤੋਂ ਪ੍ਰਸਾਰਨ ਕਰਨ ਲਈ ਇੰਨਫਰਮੇਸ਼ਨ ਤੇ ਬਰਾਡਕਾਸਟਿੰਗ ਵਿਭਾਗ ਨੂੰ ਲੋੜੀਂਦੇ ਕਦਮ ਚੁੱਕਣ ਲਈ ਆਦੇਸ਼ ਕਰੇ।"**

ਸਤਿਗੁਰੂ ਜੀ ਰਹਿਮਤ ਕਰਨ, ਇਸ ਵਿਚ ਪਈਆਂ ਸਾਰੀਆਂ ਰੁਕਾਵਟਾਂ ਦੂਰ ਹੋ ਕੇ ਸਚਿਖੰਡ ਸ੍ਰੀ ਦਰਬਾਰ ਸਾਹਿਬ ਦਾ ਕੀਰਤਨ ਸਾਰੇ ਸੰਸਾਰ ਵਿਚ ਨਿਰਵਿਘਨਤਾ ਨਾਲ ਪਹੁੰਚ ਸਕੇ।

(ਅ) ਸੰਗਤ ਵਿਚ ਇਕ ਵਕਤ ਇਕੋ ਗੱਲ ਹੋਣੀ ਚਾਹੀਏ—ਕੀਰਤਨ ਜਾਂ ਕਥਾ, ਵਖਿਆਨ ਜਾਂ ਪਾਠ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੫)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲੈਣ ਵਾਲੀ ਇਸ ਮੱਦ ਦੇ ਦੂਸਰੇ ਹਿੱਸੇ (ਅ) ਵਿਚ ਦਰਜ ਇਹ ਸ਼ਰਤ ਕਾਫ਼ੀ ਅਹਿਮੀਅਤ ਰਖਦੀ ਹੈ । ਇਸ ਵਿਚ ਦਰਜ ਹੈ ਕਿ ਸੰਗਤ ਵਿਚ ਨਾਲੋਨਾਲ ਕੀਰਤਨ, ਕਥਾ ਜਾਂ ਵਖਿਆਨ ਅਤੇ ਪਾਠ ਨਹੀਂ ਹੋਣੇ ਚਾਹੀਦੇ ਹਨ। ਕਈ ਵਾਰ ਇਹ ਵੀ ਵੇਖਣ ਵਿਚ ਆਉਂਦਾ ਹੈ ਕਿ ਦੀਵਾਨ ਵਿਚ ਕੀਰਤਨ ਹੋ ਰਿਹਾ ਹੁੰਦਾ ਹੈ ਅਤੇ ਕੁੱਝ ਲੋਕ ਗੁਟਕਾ ਲੈ ਕੇ ਆਪਣਾ ਨਿਤਨੇਮ ਜਾਂ ਪਾਠ ਕਰ ਰਹੇ ਹੁੰਦੇ ਹਨ। ਕੁਦਰਤ ਦੇ ਨਿਯਮ ਮੁਤਾਬਕ ਦੋ ਕੰਨ, ਦੋ ਅੱਖਾਂ ਜਾਂ ਦੋ ਨਾਸਿਕਾਵਾਂ ਹੋਣ ਦੇ ਬਾਵਜੂਦ ਇਹਨਾਂ ਦੀ ਬਣਤਰ ਅਨੁਸਾਰ ਇਹ ਇਕ ਸਮੇਂ ਕੇਵਲ ਇਕ ਹੀ ਚੀਜ਼ ਸੁਣ, ਵੇਖ ਅਤੇ ਸੁੰਘ ਸਕਦੀਆਂ ਹਨ। ਕੀਰਤਨ, ਕਥਾ, ਵਖਿਆਨ ਜਾਂ ਪਾਠ ਰਾਹੀਂ ਜੋ ਕੁੱਝ ਵੀ ਬੋਲਿਆ ਜਾ ਰਿਹਾ ਹੈ ਉਸਨੂੰ ਧਿਆਨ ਨਾਲ ਸੁਣਨ ਅਤੇ ਹਿਰਦੇ ਵਿਚ ਵਸਾਣਾ ਜ਼ਰੂਰੀ ਹੈ।

(ੲ) ਦੀਵਾਨ ਸਮੇਂ ਸੰਗਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਕੇਵਲ ਸਿੱਖ (ਮਰਦ ਜਾਂ ਤੀਵੀਂ) ਹੀ ਬੈਠਣ ਦਾ ਅਧਿਕਾਰੀ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੫)

SikhBookClub.com

ਇਸ ਅਗਲੀ ਮੱਦ ਵਿਚ ਇਕ ਵਾਰ ਫ਼ਿਰ ਉਹੀ ਸਿਧਾਂਤ ਦੁਹਰਾਇਆ ਗਿਆ ਹੈ ਕਿ ਦੀਵਾਨ ਸਮੇਂ ਸੰਗਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਬਿਆ ਕੇਵਲ ਸਿੱਖ (ਮਰਦ ਜਾਂ ਬੀਬੀ) ਹੀ ਬੈਠ ਸਕਣ ਦਾ ਅਧਿਕਾਰੀ ਹੈ। ਗ੍ਰੰਥੀ ਦਾ ਰੁਤਬਾ ਇਕ ਧਾਰਮਿਕ ਅਹੁਦਾ ਹੈ। ਕਿਸੇ ਵੀ ਧਰਮ ਦੇ ਧਾਰਮਿਕ ਕਾਰਜਾਂ ਦੀ ਜ਼ਿੰਮੇਵਾਰੀ ਕੋਈ ਐਸਾ ਵਿਅਕਤੀ ਨਹੀਂ ਨਿਭਾ ਸਕਦਾ ਜੋ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਹੀ ਆਪਣਾ ਇਸ਼ਟ ਅਤੇ ਮੁਕਤੀ ਦਾਤਾ ਨਾ ਮੰਨਦਾ ਹੋਵੇ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਗ੍ਰੰਥੀ ਸਿੰਘ ਗੁਰੂ ਦਾ ਵਜ਼ੀਰ ਹੋਣ ਦੀ ਹੈਸੀਅਤ ਰਖਦਾ ਹੈ। ਗ੍ਰੰਥੀ ਦੇ ਰੁਤਬੇ ਦੀ ਮਹਾਨਤਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਖ਼ੁਦ ਹੀ ਬਾਬਾ ਬੁੱਢਾ ਜੀ ਨੂੰ ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਗ੍ਰੰਥੀ ਥਾਪ ਕੇ ਨਿਰਧਾਰਤ ਕਰ ਦਿੱਤੀ। ਗੁਰੂ ਗ੍ਰੰਥ ਸਾਹਿਬ ਦੀ ਸੇਵਾ ਸੰਭਾਲ ਅਤੇ ਤਾਬਿਆ ਦੀ ਸੇਵਾ ਗ੍ਰੰਥੀ ਲਈ ਨਿਰਧਾਰਤ ਹੈ ਅਤੇ ਗ੍ਰੰਥੀ ਕੋਈ ਗੈਰ ਸਿੱਖ ਨਹੀਂ ਹੋ ਸਕਦਾ।

ਗ੍ਰੰਥੀ, ਰਾਗੀ, ਪ੍ਰਚਾਰਕ, ਕਥਾਕਾਰਕ ਆਦਿ ਗੁਰਸਿੱਖੀ ਦੀ ਮੂਰਤ ਹਨ। ਇਹ ਦੀਦਾਰ, ਗੁਫ਼ਤਾਰ ਅਤੇ ਕਿਰਦਾਰ ਦੇ ਨਾਲ ਆਪਣਾ ਪ੍ਰਭਾਵ ਸ੍ਰੋਤਿਆਂ 'ਤੇ ਛੱਡਦੇ ਹਨ। ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਨੇ 10 ਅਕਤੂਬਰ, 2003 ਨੂੰ ਮਤਾ ਨੰਬਰ 6000 ਰਾਹੀਂ ਨਿਰਣਾ ਲਿਆ ਕਿ, ***ਗ੍ਰੰਥੀ ਸਿੰਘ, ਰਾਗੀ ਜਥੇ, ਕਥਾਵਾਚਕ ਅਤੇ ਅਰਦਾਸੀਏ ਸਿੰਘ ਡਿਉਟੀ ਸਮੇਂ ਚੂੜੀਦਾਰ ਪਜਾਮਾ ਤੇ ਕੁੜਤਾ, ਕ੍ਰਿਪਾਨ ਉਪਰ ਦੀ ਪਹਿਨਣ। ਕੇਵਲ ਚਿਟੇ ਰੰਗ ਦਾ ਹਜੂਰੀਆ ਬਿਨ੍ਹਾ ਕਿਸੇ ਗੋਟੇ ਕਿਨਾਰੀ, ਗਲੇ ਵਿਚ ਪਾਉਣ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿਰਧਾਰਤ ਪੌਸ਼ਾਕ ਤੇ ਦਸਤਾਰ ਹੀ ਸਜਾਈ ਜਾਵੇ।***

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ੦੯ ਦਿਸੰਬਰ ੨੦੦੩ ਦਾ ਗਸ਼ਤੀ ਪੱਤਰ)

(ਸ) ਸੰਗਤ ਨੂੰ ਪਾਠ ਕੇਵਲ ਸਿੱਖ ਹੀ ਕਰ ਕੇ ਸੁਣਾਵੇ। ਆਪਣੇ ਆਪ ਲਈ ਪਾਠ ਕੋਈ ਗੈਰ-ਸਿੱਖ ਭੀ ਕਰ ਸਕਦਾ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੬)

ਇਸ ਤੋਂ ਅਗਲੀ ਮੱਦ ਵਿਚ ਵੀ ਇਸੇ ਤਰ੍ਹਾਂ ਸਪਸ਼ਟ ਅੰਕਤ ਕੀਤਾ ਗਿਆ ਹੈ ਕਿ ਸੰਗਤ ਨੂੰ ਪਾਠ ਸੁਣਾਉਣ ਦੀ ਸੇਵਾ ਵੀ ਕੇਵਲ ਸਿੱਖ ਹੀ ਨਿਬਾਹ ਸਕਦਾ ਹੈ। ਅਲਬੱਤਾ ਆਪਣੇ ਲਈ ਕੋਈ ਵੀ ਪਾਠ ਕਰ ਸਕਦਾ ਹੈ। ਸੰਗਤ ਵਿਚ ਕੀਰਤਨ, ਕਥਾ ਅਤੇ ਪਾਠ ਕਰਨ ਦੀ ਸੇਵਾ ਕੇਵਲ ਸਿੱਖ ਹੀ ਨਿਬਾਹ ਸਕਦਾ ਹੈ। ਇਸ ਦੀ ਵਿਆਖਿਆ ਵਿਸਥਾਰ ਸਹਿਤ ਕੀਰਤਨ ਵਾਲੇ ਪਿਛਲੇ ਅਧਿਆਇ ਵਿਚ ਕੀਤੀ ਜਾ ਚੁਕੀ ਹੈ।

ਗੁਰਬਾਣੀ ਪ੍ਰਾਣੀ ਮਾਤਰ ਲਈ ਬਾਰਸ਼ ਦੇ ਰੂਪ ਵਿਚ ਅਗੰਮੀ ਬਖਸ਼ਿਸ਼ ਹੈ।

ਜੈਸੇ ਧਰਤੀ ਊਪਰਿ ਮੇਘੁਲਾ ਬਰਸਤੁ ਹੈ ਕਿਆ ਧਰਤੀ ਮਧੇ ਪਾਣੀ ਨਾਹੀ ॥
ਜੈਸੇ ਧਰਤੀ ਮਧੇ ਪਾਣੀ ਪਰਗਾਸਿਆ ਬਿਨੁ ਪਗਾ ਵਰਸਤ ਫਿਰਾਹੀ ॥੧॥

(ਮ. ੩, ਅੰਗ ੧੬੨)

ਇਹ ਬਿਨਾਂ ਕਿਸੇ ਭੇਦ ਭਾਵ ਅਤੇ ਵਿਤਕਰੇ ਦੇ ਹਰ ਇਕ ਲਈ ਹੈ। ਪਰ ਸੰਗਤ ਵਿਚ ਦੂਸਰਿਆਂ ਨੂੰ ਕੇਵਲ ਉਹੀ ਉਪਦੇਸ਼ ਸਕਦਾ ਹੈ ਜਿਸਨੇ ਇਸ ਬਾਣੀ ਨੂੰ ਆਪਣਾ ਇਸ਼ਟ ਅਤੇ ਮੁਕਤੀ ਦਾਤਾ ਮੰਨ ਲਿਆ ਹੈ।

SikhBookClub.com

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥
(ਮ. ੫, ਅੰਗ ੭੪੭)

ਵੈਦਿਕ ਕਾਲ ਵਿਚ ਤਾਂ ਕਿਸੇ ਅਖੌਤੀ ਨੀਵੀਂ ਜਾਤ ਵਾਲੇ ਨੂੰ ਵੇਦਾਂ ਦਾ ਪਠਨ ਪਾਠਨ ਕਰਨ ਦਾ ਅਧਿਕਾਰ ਵੀ ਨਹੀਂ ਸੀ। ਵੈਦਿਕ ਵਰਣ ਵੰਡ ਅਨੁਸਾਰ ਅਖੌਤੀ ਨੀਵੀਂ ਜਾਤ ਦੇ ਸ਼ੰਬੂਕ ਨੂੰ ਇਸ ਨਿਯਮ ਦੀ ਅਵੱਗਿਆ ਕਰਨ ਕਰਕੇ ਸ੍ਰੀ ਰਾਮ ਚੰਦਰ ਵੱਲੋਂ ਮੌਤ ਦਾ ਦੰਡ ਦੇ ਕੇ ਵੇਦ ਗੀਤ ਨੂੰ ਸੁਦ੍ਰਿੜ ਕੀਤਾ। ਇਤਨਾ ਹੀ ਨਹੀਂ ਰਾਜਨੀਤੀ ਦੇ ਵਰਤੇ ਜਾਂਦੇ ਚਾਰੋਂ ਤਰੀਕੇ ਵਰਤ ਕੇ ਰਾਮ ਰਾਜ ਸਥਾਪਤ ਕੀਤਾ ਗਿਆ। ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਸ ਬਾਰੇ ਲਿਖਦੇ ਹਨ,

ਬਹੁ ਬਿਧਿ ਕਰੋ ਰਾਜ ਕੋ ਸਾਜਾ ॥ ਦੇਸ ਦੇਸ ਕੇ ਜੀਤੇ ਰਾਜਾ ॥
ਸਾਮ ਦਾਮ ਅਰੁ ਦੰਡ ਸਭੇਦਾ ॥ ਜਿਹ ਬਿਧਿ ਹੁਤੀ ਸਾਸਨਾ ਬੇਦਾ ॥੮੩॥.. .. ..
ਸੂਦ੍ਰ ਸਭਨ ਕੀ ਸੇਵ ਕਮਾਵੈ ॥ ਜਹ ਕੋਈ ਕਹੈ ਤਹੀ ਵਹ ਧਾਵੈ ॥
ਜੈਸਕ ਹੁਤੀ ਬੇਦ ਸਾਸਨਾ ॥ ਨਿਕਸਾ ਤੈਸ ਰਾਮ ਕੀ ਰਸਨਾ ॥੮੩੯॥
(ਰਾਮਾਵਤਾਰ ੮੪੦/੪)

(ਹ) 'ਹੁਕਮ' ਲੈਣ ਲੱਗਿਆਂ ਖੱਬੇ ਪੰਨੇ ਦੇ ਉਤਲੇ ਪਾਸਿਓਂ ਪਹਿਲਾਂ ਸ਼ਬਦ ਜੋ ਜਾਰੀ ਹੈ, ਮੁੱਢ ਤੋਂ ਪੜ੍ਹਨਾ ਚਾਹੀਏ। ਜੇ ਉਸ ਸ਼ਬਦ ਦਾ ਮੁੱਢ ਪਿਛਲੇ ਪੰਨੇ ਤੋਂ ਸ਼ੁਰੂ ਹੁੰਦਾ ਹੈ ਤਾਂ ਪੱਤਰਾ ਪਰਤ ਕੇ ਪੜ੍ਹਨਾ ਸ਼ੁਰੂ ਕਰੋ ਅਤੇ ਸ਼ਬਦ ਸਾਰਾ ਪੜ੍ਹੋ, ਜੇ ਵਾਰ ਹੋਵੇ ਤਾਂ ਪਉੜੀ ਦੇ ਸਾਰੇ ਸਲੋਕ ਤੇ ਪਉੜੀ ਪੜ੍ਹਨੀ ਚਾਹੀਏ। ਸ਼ਬਦ ਦੇ ਅੰਤ ਵਿਚ ਜਿੱਥੇ 'ਨਾਨਕ' ਨਾਮ ਆ ਜਾਵੇ, ਉਸ ਤੁਕ 'ਤੇ ਭੋਗ ਪਾਇਆ ਜਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੬)

ਹੁਕਮ ਲੈਣ ਦੀ ਆਪਣੀ ਮਰਯਾਦਾ ਹੈ। ਜੋ ਵੀ ਹੁਕਮ ਆਵੇ ਉਹ ਸਤਿਗੁਰ ਜੀ ਦੀ ਬਖਸ਼ਿਸ਼ ਹੈ। ਭਾਈ ਸਾਹਿਬ ਜੀ ਚੰਗਾ ਹੁਕਮ ਲੈਣਾ ਜਾਂ ਇਹ ਹੁਕਮ ਚੰਗਾ ਨਹੀਂ ਆਇਆ ਆਦਿ ਵੀ ਸੁਣਨ ਵਿਚ ਆਉਂਦਾ ਹੈ। ਇਹ ਅਵਗਿਆ ਹੈ।

(ਕ) ਦੀਵਾਨ ਦੀ ਸਮਾਪਤੀ ਜਾਂ ਭੋਗ ਦਾ ਅਰਦਾਸਾ ਹੋ ਕੇ ਅੰਤਿਮ ਹੁਕਮ ਲਿਆ ਜਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੬)

ਸ਼ਖਸੀ ਰਹਿਣੀ ਦੇ ਇਸ ਅਧਿਆਇ ਵਿਚ ਇਹ ਅੰਤਮ ਮੱਦ ਹੈ। ਦੀਵਾਨ ਦੀ ਸਮਾਪਤੀ ਤਾਂ ਹੀ ਸੰਪੂਰਨ ਹੋਏਗੀ ਜਦੋਂ ਗੁਰੂ ਦੇ ਸਨਮੁਖ ਅਰਦਾਸ ਕਰ ਕੇ ਗੁਰੂ ਗ੍ਰੰਥ ਸਾਹਿਬ ਦਾ ਅੰਤਿਮ ਹੁਕਮਨਾਮਾ ਲਿਆ ਜਾਏਗਾ। ਗੁਰੂ ਦਾ ਇਹ ਹੁਕਮ ਆਉਣ ਵਾਲੇ ਸਮੇਂ ਲਈ ਸਿੱਖ ਦੀ ਅਗਵਾਈ ਕਰੇਗਾ। ਅਤੇ ਇਸ 'ਤੇ ਅਮਲ ਕਰ ਕੇ ਹੀ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਹੋ ਸਕਦੀਆਂ ਹਨ। ਕਈ ਵਾਰ ਐਸਾ ਵੀ ਵੇਖਣ ਵਿਚ ਆਉਂਦਾ ਹੈ ਕਿ ਕਈ ਲੋਕ ਬਿਨਾਂ ਹੁਕਮਨਾਮਾ ਸੁਣਿਆ ਜਾਂ ਹੁਕਮਨਾਮਾ ਸ਼ੁਰੂ ਹੁੰਦੇ ਸਾਰ ਹੀ ਦੀਵਾਨ 'ਚੋਂ ਚਲੇ ਜਾਂਦੇ ਹਨ। ਐਸਾ ਹੋਣਾ ਨਹੀਂ ਚਾਹੀਦਾ।

SikhBookClub.com

ਸਾਧਾਰਨ ਪਾਠ

(ੳ) ਹਰ ਇਕ ਸਿੱਖ ਨੂੰ ਵੱਸ ਲੱਗੇ, ਆਪਣੇ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਨ ਦਾ ਵੱਖਰਾ ਤੇ ਨਿਵੇਕਲਾ ਸਥਾਨ ਨਿਯਤ ਕਰਨਾ ਚਾਹੀਏ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੬)

ਸਿੱਖ ਰਹਿਤ ਮਰਯਾਦਾ ਦੇ 'ਸਾਧਾਰਨ ਪਾਠ' ਦੇ ਇਸ ਅਧਿਆਇ ਵਿਚ ਇਹ ਪਹਿਲੀ ਮੱਦ ਹੈ। ਇਸ ਵਿਚ ਹਰ ਸਿੱਖ ਨੂੰ ਗੁਰਬਾਣੀ ਦੇ ਪਾਠ ਦੇ ਅਭਿਆਸ ਲਈ ਸੇਧ ਜਾਰੀ ਕੀਤੀ ਗਈ ਹੈ। ਇਸ ਅਨੁਸਾਰ ਹਰ ਸਿੱਖ ਨੂੰ ਵੱਸ ਲਗੇ ਘਰ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ ਚਾਹੀਦਾ ਹੈ। ਪਰ ਇਸ ਦੇ ਨਾਲ ਹੀ ਇਹ ਵੀ ਜ਼ਰੂਰੀ ਹੈ ਕਿ ਪ੍ਰਕਾਸ਼ ਲਈ ਵੱਖਰਾ ਅਤੇ ਨਿਵੇਕਲਾ ਸਥਾਨ ਹੋਣਾ ਚਾਹੀਦਾ ਹੈ ਤਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਸੰਭਾਲ ਅਤੇ ਸਤਿਕਾਰ ਪੂਰੀ ਮਰਯਾਦਾ ਨਾਲ ਨਿਭਾਈ ਜਾ ਸਕੇ। ਐਸਾ ਨਾ ਹੋਵੇ ਕਿ ਕੋਠੀ, ਵਿਲ੍ਹਾ ਜਾਂ ਬੰਗਲਾ ਤਾਂ ਪੂਰੀ ਸ਼ਾਨੋ ਸ਼ੌਕਤ ਵਾਲਾ ਉਸਾਰ ਲਿਆ ਪਰ ਜਦੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਥਾਂ ਦੀ ਲੋੜ ਪਈ ਤਾਂ ਪੌੜੀਆਂ ਦੇ ਥੱਲੇ, ਪਰਛੱਤੀ, ਖੂੰਜਾ ਜਾਂ ਜਿਹੜੀ ਥਾਂ ਕਿਧਰੇ ਹੋਰ ਵਰਤੋਂ ਵਿਚ ਨਾ ਆ ਸਕੇ ਉਹ ਗੁਰੂ ਸਾਹਿਬ ਨੂੰ ਦੇ ਦਿੱਤੀ ਜਾਵੇ। ਇਸ ਲਈ ਜੇਕਰ ਪੂਰੀ ਮਰਯਾਦਾ ਅਤੇ ਸਤਿਕਾਰ ਨਾਲ ਗੁਰੂ ਸਾਹਿਬ ਦਾ ਪ੍ਰਕਾਸ਼ ਕੀਤਾ ਜਾਏ ਤਾਂ ਮੁਬਾਰਕ ਹੈ ਨਹੀ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੈਂਚੀਆਂ ਰੱਖ ਕੇ ਉਹਨਾਂ ਤੋ ਸੰਥਿਆਂ ਅਤੇ ਪਾਠ ਕੀਤਾ ਜਾ ਸਕਦਾ ਹੈ ਅਤੇ ਕਰਨਾ ਵੀ ਚਾਹੀਦਾ ਹੈ।

ਇੱਥੇ ਇਕ ਹੋਰ ਜ਼ਰੂਰੀ ਸ਼ਰਤ ਵੀ ਹੈ ਕਿ ਉਸ ਘਰ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਹੋ ਸਕਦਾ ਜਿੱਥੇ ਸ਼ਰਾਬ ਆਦਿ ਅਤੇ ਗੁਰਮਤਿ ਵਿਰੋਧੀ ਵਸਤਾਂ ਦਾ ਸੇਵਨ ਹੁੰਦਾ ਹੈ। ਇਸ ਬਾਰੇ 17 ਸਤੰਬਰ, 2013 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮਤਾ ਨੰਬਰ 2 ਰਾਹੀਂ ਹਿਦਾਇਤ ਜਾਰੀ ਕੀਤੀ ਗਈ,

> ***ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਦੀਰਘ ਵਿਚਾਰਾਂ ਕਰਨ ਉਪਰੰਤ ਇਹ ਫੈਸਲਾ ਲਿਆ ਗਿਆ ਕਿ ਜਿਨ੍ਹਾਂ ਘਰਾਂ ਵਿਚ ਸ਼ਰਾਬ ਦੀ ਬਾਰ ਆਦਿ ਅਤੇ ਗੁਰਮਤਿ ਵਿਰੋਧੀ ਵਸਤਾਂ ਦਾ ਸੇਵਨ ਹੁੰਦਾ ਹੈ ਉਨ੍ਹਾਂ ਘਰਾਂ ਵਿਚ ਪੱਕੇ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦਾ ਪ੍ਰਕਾਸ਼ ਨਹੀਂ ਹੋ ਸਕਦਾ।***

ਇਸਦੀ ਪਾਲਣਾ ਹਰ ਸਿੱਖ ਦਾ ਫ਼ਰਜ਼ ਹੈ। ਇਕ ਗੱਲ ਨਿਸਚੇ ਨਾਲ ਕਹੀ ਜਾ ਸਕਦੀ ਹੈ ਕਿ ਇਸ ਤਰ੍ਹਾਂ ਪ੍ਰਕਾਸ਼ ਕਰਨ ਨਾਲ ਫਲ ਤਾਂ ਮਿਲੇਗਾ ਪਰ ਗੁਰੂ ਨਿੰਦਾ ਅਤੇ ਗੁਰੂ ਦੀ ਨਿਰਾਦਰੀ ਦਾ।

ਇਸਦੇ ਨਾਲ ਹੀ ਇਹ ਵੀ ਚੇਤੇ ਰੱਖਣ ਵਾਲੀ ਗੱਲ ਹੈ ਕਿ ਘਰ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਦੇ ਬਾਵਜੂਦ ਗੁਰਦੁਆਰੇ ਅਤੇ ਸੰਗਤ ਦੀ ਹਾਜ਼ਰੀ ਜ਼ਰੂਰੀ ਹੈ। ਇਸ ਤੋਂ ਕੋਈ ਛੋਟ ਜਾਂ ਮਾਫ਼ੀ ਨਹੀਂ ਹੈ।

SikhBookClub.com

(ਅ) ਹਰ ਇਕ ਸਿੱਖ ਸਿੱਖਣੀ, ਬੱਚੇ ਬੱਚੀ ਨੂੰ ਗੁਰਮੁਖੀ ਪੜ੍ਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਸਿੱਖਣਾ ਚਾਹੀਏ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੬)

ਇਸ ਤੋਂ ਅਗਲੀ ਮੱਦ ਵਿਚ ਅੰਕਤ ਹੈ ਕਿ ਹਰ ਸਿੱਖ ਨੂੰ ਭਾਵੇਂ ਉਹ ਕਿਸੇ ਵੀ ਉਮਰ ਦਾ ਹੋਵੇ ਗਰਮੁਖੀ ਪੜ੍ਹ ਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਸਿੱਖਣਾ ਚਾਹੀਦਾ ਹੈ। ਇਸ ਖੰਡ ਦੇ ਦੋ ਹਿੱਸੇ ਹਨ, ਪਹਿਲਾ ਗੁਰਮੁਖੀ ਲਿਪੀ ਸਿੱਖਣੀ ਅਤੇ ਦੂਸਰਾ ਗੁਰਮੁਖੀ ਸਿਖ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸਿੱਖਣਾ। ਗੁਰਮੁਖੀ ਭਾਸ਼ਾ ਨਹੀਂ ਬਲਕਿ ਲਿਪੀ ਹੈ। ਇੱਥੇ ਜ਼ਿਕਰ ਪੰਜਾਬੀ ਬੋਲੀ ਦਾ ਨਹੀਂ ਬਲਕਿ ਗੁਰਮੁਖੀ ਲਿਪੀ ਦਾ ਕੀਤਾ ਗਿਆ ਹੈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਾਰੇ ਦਾ ਸਾਰਾ ਪੁਰਾਤਨ ਗੁਰਮਤਿ ਅਤੇ ਸਿੱਖ ਸਾਹਿਤ ਗੁਰਮੁਖੀ ਲਿਪੀ ਵਿਚ ਹੀ ਮਿਲਦਾ ਹੈ। ਹਰ ਲਿਪੀ ਦੇ ਵਿਸ਼ੇਸ਼ ਅੱਖਰ ਹੁੰਦੇ ਹਨ ਅਤੇ ਜੋ ਕੇਵਲ ਉਸੇ ਹੀ ਲਿਪੀ ਵਿਚ ਲਿਖੇ ਜਾ ਸਕਦੇ ਹਨ। ਇਹਨਾਂ ਦਾ ਲਿਪੀਅੰਤਰਣ transliteration ਨਹੀਂ ਕੀਤਾ ਜਾ ਸਕਦਾ। ਜਿਵੇਂ ***"ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠੁ ॥੨॥"*** ਅਤੇ ***"ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥੨॥"*** (ਮ.੧, ਅੰਗ 23) ਇਸ ਨੂੰ ਦੇਵਨਾਗਰੀ ਲਿਪੀ (ਹਿੰਦੀ), ਰੋਮਨ ਲਿਪੀ (ਅੰਗਰੇਜ਼ੀ) ਜਾਂ ਅਰਬੀ ਲਿਪੀ (ਉਰਦੂ) ਵਿਚ ਨਹੀਂ ਲਿਖਿਆ ਜਾ ਸਕਦਾ। ਇਸ ਤੋਂ ਸਪਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁੱਧ ਅਤੇ ਸਹੀ ਪਾਠ ਕੇਵਲ ਗੁਰਮੁਖੀ ਵਿਚ ਹੀ ਕੀਤਾ ਜਾ ਸਕਦਾ ਹੈ। ਪਾਠ ਕਰਨ ਦਾ ਅਰਥ ਗੁਰੂ ਨਾਲ ਗੱਲਾਂ ਕਰਨੀਆਂ ਹਨ। ਜੇਕਰ ਕਿਸੇ ਨਾਲ ਗੱਲ ਕਰਨੀ ਹੋਵੇ ਅਤੇ ਉਸਦੀ ਬੋਲੀ ਹੀ ਸਮਝ ਨਾ ਆਏ ਤਾਂ ਇਹ ਰਿਸ਼ਤਾ ਬਹੁਤੀ ਦੇਰ ਕਾਇਮ ਨਹੀਂ ਰਹਿ ਸਕਦਾ। ਲਿਪੀ ਅਤੇ ਭਾਸ਼ਾ ਦੀ ਪੀਢੀ ਸਾਂਝ ਹੈ। ਇਹ ਭਾਵਨਾ ਤਰਜਮੇ ਜਾਂ ਅਨੁਵਾਦ ਨਾਲ ਨਹੀਂ ਪੂਰੀ ਕੀਤੀ ਜਾ ਸਕਦੀ। ਇਸ ਲਈ ਮਰਯਾਦਾ ਵਿਚ ਗੁਰਮੁਖੀ ਸਿਖ ਕੇ ਗੁਰੂ ਗ੍ਰੰਥ ਸਾਹਿਬ ਦੇ ਪਾਠ ਸਿੱਖਣ ਬਾਰੇ ਪ੍ਰੇਰਨਾ ਕੀਤੀ ਗਈ ਹੈ। ਸਤਿਗੁਰਾਂ ਵੱਲੋਂ ਗੁਰਬਾਣੀ ਦੀ ਬਖਸ਼ਿਸ਼ ਗੁਰਮੁਖੀ ਲਿਪੀ ਵਿਚ ਹੀ ਹੋਈ। ਇਸ ਲਈ ਗੁਰਮੁਖੀ ਦਾ ਸਮਝਣਾ ਸਿੱਖਣਾ ਲਾਜ਼ਮੀ ਹੈ।

ਗੁਰਮੁਖੀ ਦੀ ਮੱਦ ਇਤਨੀ ਮਹੱਤਵਪੂਰਨ ਹੈ ਕਿ ਇਕ ਤਾਂ ਇਹ ਮਰਯਾਦਾ ਦੇ 'ਸਾਧਾਰਨ ਪਾਠ (ਅ)' ਵਾਲੇ ਅਧਿਆਇ ਵਿਚ ਅੰਕਤ ਕੀਤੀ ਗਈ ਹੈ ਅਤੇ ਦੂਸਰੇ ਪਾਸੇ ***'ਗੁਰਮਤਿ ਦੀ ਰਹਿਣੀ (ਖ)'*** ਵਿਚ ਵੀ ਇਸਦਾ ਜ਼ਿਕਰ ਹੈ।

ਇਸਲਾਮ ਨੇ ਆਪਣੇ ਇਸ ਧਾਰਮਿਕ ਫ਼ਰਜ਼ ਨੂੰ ਪੂਰੀ ਤਰ੍ਹਾਂ ਨਿਭਾਇਆ ਹੈ। ਮੁਸਲਮਾਨ ਭਾਵੇਂ ਕਿਸੇ ਵੀ ਦੇਸ਼, ਇਲਾਕੇ ਜਾਂ ਖਿੱਤੇ ਦਾ ਹੋਵੇ, ਉਸਦੀ ਬੋਲੀ ਕੋਈ ਵੀ ਹੋਵੇ ਪਰ ਕੁਰਾਨ ਦੀ ਤਲਾਵਤ ਜਾਂ ਪਾਠ ਉਹ ਅਰਬੀ ਵਿਚ ਹੀ ਕਰਦਾ ਹੈ। ਇਸ ਨਾਲ ਉਹ ਭਾਸ਼ਾ ਅਤੇ ਲਿਪੀ ਹਮੇਸ਼ਾਂ ਹੀ ਜ਼ਿੰਦਾ ਰਹੇਗੀ।

ਇਸ ਲਈ ਜੇ ਗੁਰੂ ਨਾਲ ਰਿਸ਼ਤਾ ਕਾਇਮ ਰੱਖਣ ਦੀ ਚਾਹਨਾ ਹੈ ਤਾਂ ਨਿਸਚਿਤ ਤੌਰ 'ਤੇ ਗੁਰਮੁਖੀ ਸਿਖ ਕੇ ਗੁਰਬਾਣੀ ਦਾ ਪਾਠ ਸਿੱਖਣਾ ਚਾਹੀਦਾ ਹੈ। ਦੂਸਰੇ ਪਾਸੇ ਹਰ ਬੋਲੀ, ਭਾਸ਼ਾ ਅਤੇ ਲਿਪੀ ਮੁਬਾਰਕ ਹੈ ਅਤੇ ਗਿਆਨ ਹਾਸਲ ਕਰਨ ਲਈ ਵਰਤਣੀ ਚਾਹੀਦੀ ਹੈ।

SikhBookClub.com

ਇਹ ਵਿਚਾਰਾਂ ਦੇ ਆਦਾਨ ਪ੍ਰਦਾਨ ਦਾ ਸਾਧਨ ਹੈ। ਪਰ ਵਕਤੀ ਹਕੂਮਤਾਂ ਆਪਣੀ ਬੋਲੀ ਹਰ ਕਿਸੇ 'ਤੇ ਥੋਪਣ ਦੀ ਕੋਸ਼ਿਸ਼ ਕਰਦੀਆਂ ਹਨ। ਗੁਰੂ ਸਾਹਿਬਾਨ ਨੇ ਖ਼ੁਦ ਸੰਸਕ੍ਰਿਤ, ਫ਼ਾਰਸੀ, ਬ੍ਰਜ, ਲਹਿੰਦੀ ਆਦਿ ਵਿਚ ਬਾਣੀ ਰਚੀ ਪਰ ਹਕੂਮਤੀ ਜਾਂ ਸਮਾਜਕ ਦਬਾਅ ਥੱਲੇ ਆਪਣੀ ਬੋਲੀ ਅਤੇ ਸਭਿਅਤਾ ਦੇ ਤਿਆਗ ਨੂੰ ਗੁਰੂ ਸਾਹਿਬ ਨੇ ਮਾਨਸਿਕ ਗੁਲਾਮੀ ਦਰਸਾਇਆ।

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥੩॥

(ਧਨਾਸਰੀ ਮ: ੧, ਅੰਗ ੬੬੩)

ਗੁਰਮੁਖੀ ਲਿਪੀ ਦੇ ਹਵਾਲੇ ਨਾਲ ਇੱਥੇ ਇਕ ਟਿੱਪਣੀ ਜ਼ਿਕਰਯੋਗ ਹੈ ਕਿ ਪੰਜਾਬ ਦੇ 12ਵੇਂ ਮੁੱਖ ਮੰਤਰੀ ਸਰਦਾਰ ਲਛਮਣ ਸਿੰਘ ਗਿੱਲ ਨੇ ਇਤਿਹਾਸਕ ਅਤੇ ਕ੍ਰਾਂਤੀਕਾਰੀ ਕਦਮ ਚੁਕਦਿਆਂ ***'ਆਫੀਸ਼ਲ ਲੈਂਗੁਏਜਜ਼ ਐਕਟ, 1967'*** ਲਾਗੂ ਕੀਤਾ। ਇਸ ਰਾਹੀਂ 13 ਅਪ੍ਰੈਲ, 1968 ਤੋਂ ਸਾਰੇ ਸਰਕਾਰੀ ਕੰਮ ਕਾਜ ਲਈ ਗੁਰਮੁਖੀ ਲਿਪੀ ਵਿਚ ਪੰਜਾਬੀ ਨੂੰ ਰਾਜ ਭਾਸ਼ਾ ਐਲਾਨ ਦਿੱਤਾ। ਗੁਰਮੁਖੀ ਲਿਪੀ ਅਤੇ ਪੰਜਾਬੀ ਬੋਲੀ ਲਈ ਇਹ ਬਹੁਤ ਵੱਡੀ ਪ੍ਰਾਪਤੀ ਸੀ। ਬਾਵਜੂਦ ਇਸਦੇ ਇਹ ਸਰਕਾਰ ਅਤੇ ਸਰਕਾਰੀ ਪੱਧਰ ਤੇ ਪੂਰੀ ਤਰ੍ਹਾਂ ਲਾਗੂ ਨਹੀ ਹੋ ਸਕੀ। ਹੁਣ ਇੰਤਜ਼ਾਰ ਹੈ ਕਿ ਅਸੀਂ ਆਪਣੇ ਘਰਾਂ ਵਿਚ ਅਤੇ ਨਿੱਜੀ ਕਾਰਜਾਂ ਲਈ ਇਸਨੂੰ ਕਦੋਂ ਅਮਲ ਵਿਚ ਲਿਆਵਾਂਗੇ।

(ੲ) ਹਰ ਇਕ ਸਿੱਖ ਅੰਮ੍ਰਿਤ ਵੇਲੇ ਪ੍ਰਸ਼ਾਦ ਛੱਕਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 'ਹੁਕਮ' ਲਵੇ। ਜੇ ਇਸ ਵਿਚ ਉਸਦੀ ਉਕਾਈ ਹੋ ਜਾਵੇ, ਤਾਂ ਦਿਨ ਵਿਚ ਕਿਸੇ ਨਾ ਕਿਸੇ ਵੇਲੇ ਜ਼ਰੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰੇ ਜਾਂ ਸੁਣੇ। ਸਫਰ ਆਦਿ ਔਕੜ ਵੇਲੇ ਦਰਸ਼ਨ ਕਰਨ ਤੋਂ ਅਸਮਰਥ ਹੋਵੇ ਤਾਂ ਸ਼ੰਕਾ ਨਹੀਂ ਕਰਨੀ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੬)

"ਦਰਸਨ ਪਰਸਨ ਸਰਸਨ ਹਰਸਨ ਰੰਗਿ ਰੰਗੀ ਕਰਤਾਰੀ ਰੇ ॥੧॥" *(ਆਸਾ ਮ: ੫, ਅੰਗ 404)* ਗੁਰੂ ਨਾਲ ਰਿਸ਼ਤਾ ਬਣਾਈ ਰੱਖਣਾ ਗੁਰੂ ਦੀ ਰਹਿਮਤ ਹੈ। ਇਸ ਲਈ ਦਿਨ ਦੀ ਸ਼ੁਰੂਆਤ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲੈ ਕੇ ਕਰਨੀ ਚਾਹੀਦੀ ਹੈ। ਗੁਰਮਤਿ ਮਾਰਗ ਸਹਿਜ ਮਾਰਗ ਹੈ ਪਰ ਖ਼ਾਸ ਕਾਰਨ ਕਰਕੇ ਇਹ ਨਾ ਹੋ ਸਕੇ ਤਾਂ ਇਸ ਵਿਚ ਸ਼ੰਕਾ ਨਹੀਂ ਹੋਣੀ ਚਾਹੀਦੀ।

ਇੱਥੇ ਇਕ ਗੱਲ ਸਪਸ਼ਟ ਹੈ ਕਿ ਘਰ ਵਿਚ ਪ੍ਰਕਾਸ਼ ਕਰਨ ਦੇ ਬਾਵਜੂਦ ਗੁਰਦੁਆਰੇ ਵਿਚ ਸਾਧ ਸੰਗਤ ਕਰਨੀ ਜ਼ਰੂਰੀ ਹੈ। ਇਸ ਵਿਚ ਕੋਈ ਛੋਟ ਨਹੀ ਹੈ। ਹਜ਼ੂਰ ਦਾ ਹੁਕਮ ਵੀ ਹੈ,

ਵਡਭਾਗੀ ਹਰਿ ਸੰਗਤਿ ਪਾਵਹਿ ॥
ਭਾਗਹੀਨ ਭ੍ਰਮਿ ਚੋਟਾ ਖਾਵਹਿ ॥
ਬਿਨੁ ਭਾਗਾ ਸਤਸੰਗੁ ਨ ਲਭੈ
ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥੩॥

(ਮਾਝ ਮ: ੪, ਅੰਗ ੯੫)

SikhBookClub.com

ਜੇ ਕੋਈ ਇਹ ਸਮਝਦਾ ਹੈ ਕਿ ਮੈਂ ਘਰ ਵਿਚ ਪ੍ਰਕਾਸ਼ ਕਰ ਲਿਆ ਹੈ ਹੁਣ ਗੁਰਦੁਆਰੇ ਜਾਣ ਦੀ ਕੀ ਲੋੜ ਹੈ, ਤਾਂ ਇਹ ਬਹੁਤ ਵੱਡੀ ਭੁੱਲ ਹੋਏਗੀ। ਪ੍ਰਕਾਸ਼ ਤਾਂ ਕਰ ਲਏਂਗਾ ਪਰ ਸਾਧ ਸੰਗਤ ਕਿੱਥੋਂ ਆਏਗੀ।

ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥

(ਮ. ੫, ਅੰਗ ੧੨)

(ਸ) ਚੰਗਾ ਤਾਂ ਇਹ ਹੈ ਕਿ ਹਰ ਇਕ ਸਿੱਖ ਆਪਣਾ ਸਾਧਾਰਨ ਪਾਠ ਜਾਰੀ ਰੱਖੇ ਤੇ ਮਹੀਨੇ ਦੋ ਮਹੀਨੇ ਮਗਰੋਂ (ਜਾਂ ਜਿਤਨੇ ਸਮੇਂ ਵਿਚ ਹੋ ਸਕੇ) ਭੋਗ ਪਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੬)

ਦਸਾਂ ਪਾਤਸ਼ਾਹੀਆਂ ਦੀ ਜੋਤਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦਾ ਸੁਭਾਗ ਘਰ ਵਿਚ ਪ੍ਰਾਪਤ ਹੋਣਾ ਤਾਂ ਹੀ ਸਫ਼ਲ ਹੈ ਜੇਕਰ ਇਸ ਦਾ ਸਾਧਾਰਨ ਜਾਂ ਸਹਿਜ ਪਾਠ ਪਰਿਵਾਰ ਮਿਲ ਕੇ ਕਰੇ। ਇਹ ਸਿਲਸਿਲਾ ਲਗਾਤਾਰ ਜਾਰੀ ਰਹਿਣਾ ਚਾਹੀਦਾ ਹੈ। ਸਾਧਾਰਨ ਪਾਠ ਕਰਦਿਆਂ ਸਮੇਂ ਦੀ ਕੋਈ ਪਾਬੰਦੀ ਨਹੀਂ ਹੈ। ਮਕਸਦ ਬਾਣੀ ਨੂੰ ਸਹਿਜ ਵਿਚ ਅਤੇ ਸਮਝ ਕੇ ਕਰਨ ਦੀ ਲੋੜ ਹੈ। ਇਹ ਪਾਠ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੈਂਚੀਆਂ ਤੋਂ ਵੀ ਕੀਤਾ ਜਾ ਸਕਦਾ ਹੈ।

ਸੇਵਕ ਸਿਖ ਪੂਜਣ ਸਭਿ ਆਵਹਿ
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥੧॥

(ਧਨਾਸਰੀ ਮ: ੪, ਅੰਗ ੬੬੯)

(ਹ) ਪਾਠ ਆਰੰਭ ਕਰਨ ਸਮੇਂ ਅਨੰਦ ਸਾਹਿਬ (ਪਹਿਲੀਆਂ ਪੰਜ ਪਉੜੀਆਂ ਤੇ ਇਕ ਅੰਤਲੀ ਪਉੜੀ) ਦੇ ਪਾਠ ਮਗਰੋਂ ਅਰਦਾਸਾ ਕਰ ਕੇ ਹੁਕਮ ਲੈਣਾ ਚਾਹੀਏ। ਫੇਰ ਜਪੁਜੀ ਸਾਹਿਬ ਦਾ ਪਾਠ ਕਰਨਾ ਚਾਹੀਏ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੬)

ਇਸ ਮੱਦ ਵਿਚ ਸਾਧਾਰਨ ਪਾਠ ਅਰੰਭ ਕਰਨ ਸਮੇਂ ਤੋਂ ਪਹਿਲਾਂ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਅਤੇ ਅੰਤਲੀ ਇਕ ਪਉੜੀ ਦਾ ਪਾਠ ਕਰਨ ਮਗਰੋਂ ਅਰਦਾਸਾ ਸੋਧ ਕੇ ਹੁਕਮ ਲੈਣਾ ਅਤੇ ਫ਼ਿਰ ਜਪੁਜੀ ਸਾਹਿਬ ਦਾ ਪਾਠ ਕਰਨਾ ਦੱਸਿਆ ਗਿਆ ਹੈ।

ਦੂਸਰੇ ਪਾਸੇ *'ਸਾਧਾਰਨ ਪਾਠ/ਅਖੰਡ ਪਾਠ ਦਾ ਅਰੰਭ'* ਮੱਦ ਵਿਚ ਸਾਧਾਰਨ ਪਾਠ ਦਾ ਅਰੰਭ ਕਰਨ ਵੇਲੇ ਪ੍ਰਸ਼ਾਦਿ ਲਿਆ ਕੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰ ਕੇ ਅਰਦਾਸ ਮਗਰੋਂ 'ਹੁਕਮ' ਲਿਆ ਜਾਵੇ ਲਿਖਿਆ ਗਿਆ ਹੈ।

ਇਸ ਮੱਦ ਵਿਚ ***ਅਖੰਡ ਪਾਠ ਸਾਹਿਬ*** ਦੇ ਅਰੰਭ ਵੇਲੇ ਕੜਾਹ ਪ੍ਰਸ਼ਾਦਿ ਹੋਵੇ, ਫੇਰ

SikhBookClub.com

ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰਨ ਮਗਰੋਂ ਅਰਦਾਸ ਕਰ ਕੇ 'ਹੁਕਮ' ਲੈ ਕੇ ਪਾਠ ਦਾ ਆਰੰਭ ਕੀਤਾ ਜਾਵੇ ਲਿਖਿਆ ਹੈ।

ਇਸ ਤਰ੍ਹਾਂ ਇਹਨਾਂ ਦੋਨੋਂ ਮੱਦਾਂ ਮੁਤਾਬਕ ਸਾਧਾਰਨ ਪਾਠ ਜਾਂ ਅਖੰਡ ਪਾਠ ਸਾਹਿਬ ਦੇ ਅਰੰਭ ਸਮੇਂ ਕੜਾਹ ਪ੍ਰਸ਼ਾਦਿ ਦੀ ਦੇਗ, ਅਨੰਦ ਸਾਹਿਬ ਦੀਆਂ ਪੰਜ ਪਉੜੀਆਂ ਦਾ ਪਾਠ ਅਤੇ ਅਰਦਾਸ ਜ਼ਰੂਰੀ ਹੈ। ਸਾਧਾਰਨ ਪਾਠ ਦੇ ਅਰੰਭ ਸਮੇਂ ਜੋ ***ਜਪੁ ਸਾਹਿਬ ਦਾ ਪਾਠ ਕਰਨਾ ਚਾਹੀਏ*** ਅੰਕਤ ਹੈ ਉਸਦਾ ਅਰਥ ਜਪੁ ਜੀ ਸਾਹਿਬ ਤੋਂ ਪਾਠ ਦਾ ਅਰੰਭ ਕੀਤਾ ਜਾਏ ਹੈ।

ਮਰਯਾਦਾ ਮੁਤਾਬਕ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਪਾਠ ਕਰਨ ਦੀਆਂ ਦੋ ਹੀ ਵਿਧੀਆਂ ਨਿਰਧਾਰਿਤ ਕੀਤੀਆਂ ਗਈਆਂ ਹਨ, ਸਾਧਾਰਨ (ਸਹਿਜ) ਪਾਠ ਜਾਂ ਅਖੰਡ ਪਾਠ। ਇਸ ਦੇ ਇਲਾਵਾ ਸੰਪਟ ਪਾਠ ਜਾਂ ਕਿਸੇ ਹੋਰ ਤਰੀਕੇ ਦੇ ਪਾਠ ਦਾ ਕੋਈ ਵਿਧਾਨ ਨਹੀਂ ਹੈ। ਇਸ ਬਾਰੇ ਧਾਰਮਿਕ ਸਲਾਹਕਾਰ ਕਮੇਟੀ ਦਾ ਮਤਾ ਇਸ ਤਰ੍ਹਾਂ ਹੈ :

> ***ਸੰਪਟ ਪਾਠ: ਸਕੱਤਰ ਸਾਹਿਬ ਸ੍ਰੀ ਗੁਰੂ ਨਾਨਕ ਸਤਸੰਗ ਸਭਾ ਮਹਲਾ ਕਰਤਾਰਪੁਰਾ ਰਾਵਲਪਿੰਡੀ ਦੀ ਪੱਤ੍ਰਿਕਾ ਮਿਤੀ 03-09-1940 ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਧਾਰਮਿਕ ਸਲਾਹਕਾਰ ਕਮੇਟੀ ਦੀ ਰਾਏ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਟ ਪਾਠ ਨਹੀਂ ਹੋਣਾ ਚਾਹੀਦਾ।***

(ਮਤਾ ਨੰਬਰ ੧੦, ਪੰਨਾ ੨੩)

ਅਖੰਡ ਪਾਠ

(ੳ) ਅਖੰਡ ਪਾਠ ਕਿਸੇ ਭੀੜ ਜਾਂ ਉਤਸ਼ਾਹ ਵੇਲੇ ਕੀਤਾ ਜਾਂਦਾ ਹੈ। ਇਹ ਤਕਰੀਬਨ 48 ਘੰਟੇ ਵਿਚ ਸੰਪੂਰਨ ਕੀਤਾ ਜਾਂਦਾ ਹੈ। ਇਸ ਵਿਚ ਪਾਠ ਲਗਾਤਾਰ ਬਿਨਾਂ ਰੋਕ ਦੇ ਕੀਤਾ ਜਾਂਦਾ ਹੈ। ਪਾਠ ਸਾਫ ਤੇ ਸ਼ੁੱਧ ਹੋਵੇ। ਬਹੁਤ ਤੇਜ਼ ਪੜ੍ਹਨਾ, ਜਿਸ ਤੋਂ ਸੁਣਨ ਵਾਲਾ ਕੁੱਝ ਸਮਝ ਨਾ ਸਕੇ, ਗੁਰਬਾਣੀ ਦੀ ਨਿਰਾਦਰੀ ਹੈ। ਅੱਖਰ ਮਾਤਰ ਦਾ ਧਿਆਨ ਰੱਖ ਕੇ ਪਾਠ ਸ਼ੁੱਧ ਤੇ ਸਾਫ ਕਰਨਾ ਚਾਹੀਏ, ਭਾਵੇਂ ਸਮਾਂ ਕੁੱਝ ਵਧੀਕ ਲੱਗ ਜਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੭)

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰਾਂ ਦਰਜ ਸੀ :-

> ***(ੳ) ਅਖੰਡ ਪਾਠ ਕਿਸੇ ਭੀੜ ਜਾਂ ਉਤਸ਼ਾਹ ਵੇਲੇ ਕੀਤਾ ਜਾਂਦਾ ਹੈ। ਇਹ ਤਕਰੀਬਨ 48 ਘੰਟੇ ਵਿਚ ਸੰਪੂਰਨ ਕੀਤਾ ਜਾਂਦਾ ਹੈ। ਇਸ ਵਿਚ ਪਾਠ ਲਗਾਤਾਰ ਬਿਨਾਂ ਰੋਕ ਦੇ ਕੀਤਾ ਜਾਂਦਾ ਹੈ। ਪਾਠ ਸਾਫ ਤੇ ਸ਼ੁੱਧ ਹੋਵੇ। ਬਹੁਤ ਤੇਜ਼ ਪੜ੍ਹਨਾ, ਜਿਸ ਤੋਂ ਸੁਣਨ ਵਾਲਾ ਕੁੱਝ ਸਮਝ ਨਾ ਸਕੇ, ਗੁਰਬਾਣੀ ਦੀ ਨਿਰਾਦਰੀ ਹੈ। ਅੱਖਰ ਮਾਤ੍ਰਾ ਦਾ ਧਿਆਨ ਰੱਖ ਕੇ ਪਾਠ ਸ਼ੁੱਧ ਤੇ ਸਾਫ ਕਰਨਾ ਚਾਹੀਏ, ਭਾਵੇਂ ਸਮਾਂ ਕੁੱਝ ਵਧੀਕ ਲੱਗ ਜਾਵੇ।***

(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੭)

SikhBookClub.com

ਤਬਦੀਲੀ

ਇਸ ਮੱਦ ਵਿਚ 'ਅੱਖਰ ਮਾਤ੍ਰਾ' ਦੀ ਥਾਵੇ 'ਅੱਖਰ ਮਾਤਰ' ਕਰ ਦਿੱਤਾ ਗਿਆ ਹੈ।

ਭੀੜ ਜਾਂ ਉਤਸ਼ਾਹ ਵੇਲੇ

ਪੰਥ ਵਿਚ ਸ੍ਰੀ ਅਖੰਡ ਪਾਠ ਸਾਹਿਬ ਦੀ ਕਾਫ਼ੀ ਮਹੱਤਤਾ ਹੈ ਜੋ ਕਿ ਵਿਸ਼ੇਸ਼ ਮੌਕੇ 'ਤੇ ਹੀ ਕੀਤਾ ਜਾਂਦਾ ਹੈ। ਪਹਿਲੇ ਜਦੋਂ ਕਿਧਰੇ ਅਖੰਡ ਪਾਠ ਕੀਤਾ ਜਾਂਦਾ ਸੀ ਤਾਂ ਇਲਾਕੇ ਦੀ ਸੰਗਤ ਵਿਚ ਉਤਸ਼ਾਹ ਹੁੰਦਾ ਸੀ ਅਤੇ ਸਾਰੇ ਹੀ ਚਾਅ ਨਾਲ ਹਾਜ਼ਰੀ ਭਰਦੇ ਸਨ। ਪਰ ਹੁਣ ਤਾਂ ਇਸ ਨੂੰ ਕੇਵਲ ਇਕ ਹੋਰ ਰਸਮ ਕਰ ਕੇ ਹੀ ਕਰਨ ਦੀ ਪਿਰਤ ਪੈਂਦੀ ਜਾ ਰਹੀ ਹੈ। ਜਿਸ ਵਿਚ ਪਾਠ ਰਖਵਾਣ ਵਾਲੇ ਪਰਿਵਾਰਾਂ ਦੀ ਸ਼ਮੂਲੀਅਤ ਵੀ ਰਸਮ ਮਾਤਰ ਹੀ ਹੁੰਦੀ ਹੈ। ਪਾਠ ਦਾ ਮਕਸਦ ਤਾਂ ਬਾਣੀ ਪੜ੍ਹਨ ਸੁਣਨ ਦਾ ਹੈ ਇਸ ਲਈ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣ ਦੀ ਲੋੜ ਹੈ ਕਿ ਇਹ ਕੇਵਲ ਕਰਮ ਕਾਂਡ ਨਾ ਹੋ ਕੇ ਰਹਿ ਜਾਏ।

ਤਕਰੀਬਨ 48 ਘੰਟੇ ਵਿਚ

ਇਸ ਮੱਦ ਵਿਚ ਅਖੰਡ ਪਾਠ ਸਾਹਿਬ ਦਾ ਪਾਠ ਤਕਰੀਬਨ 48 ਘੰਟੇ ਵਿਚ ਕੀਤੇ ਜਾਣ ਦਾ ਜ਼ਿਕਰ ਹੈ। ਇਹ ਕੋਈ ਪਾਬੰਦੀ ਜਾਂ ਭਰਮ ਨਹੀਂ ਹੈ ਕਿ ਪਾਠ ਇਤਨੇ ਸਮੇਂ ਵਿਚ ਹੀ ਸੰਪੂਰਨ ਕੀਤਾ ਜਾਏ। ਪਾਠ ਸ਼ਹਿਜ ਨਾਲ ਅਤੇ ਸ਼ੁੱਧ ਕਰਨ ਦੀ ਜ਼ਰੂਰਤ ਹੈ।

ਅੱਖਰ ਮਾਤ੍ਰਾ ਦਾ ਧਿਆਨ ਰੱਖ ਕੇ

ਪਾਠ ਅੱਖਰ ਮਾਤਰ ਦਾ ਨਹੀਂ ਬਲਕਿ ਅੱਖਰ ਮਾਤ੍ਰਾ ਦਾ ਧਿਆਨ ਰੱਖ ਕੇ ਕਰਨਾ ਹੈ। ਅਖੰਡ ਪਾਠ ਸਾਹਿਬ ਦੀ ਮੱਦ (ੳ) ਵਿਚ ਅੱਖਰ ਮਾਤਰ ਦਾ ਧਿਆਨ ਰੱਖ ਕੇ ਪਾਠ ਕਰਨ ਦੀ ਹਿਦਾਇਤ ਦਿੱਤੀ ਗਈ ਹੈ। ਮੂਲ ਰੂਪ ਵਿਚ ਸਿੱਖ ਰਹਿਤ ਮਰਯਾਦਾ ਵਿਚ ਲਫਜ਼ ਸੀ ***ਅੱਖਰ ਮਾਤ੍ਰਾ ਦਾ ਧਿਆਨ ਰੱਖ ਕੇ ਪਾਠ ਸ਼ੁੱਧ ਤੇ ਸਾਫ ਕਰਨਾ ਚਾਹੀਏ, ਭਾਵੇਂ ਸਮਾਂ ਕੁੱਝ ਵਧੀਕ ਲੱਗ ਜਾਵੇ।*** ਪਰ ਸਿੱਖ ਰਹਿਤ ਮਰਯਾਦਾ ਵਿਚ ਹੁਣ ਛਪਿਆ ਹੈ 'ਅੱਖਰ ਮਾਤਰ ਦਾ ਧਿਆਨ ਰੱਖ ਕੇ ਪਾਠ ਸ਼ੁੱਧ ਤੇ ਸਾਫ ਕਰਨਾ ਚਾਹੀਏ, ਭਾਵੇਂ ਸਮਾਂ ਕੁੱਝ ਵਧੀਕ ਲੱਗ ਜਾਵੇ।' ਇਹ ਛਾਪੇ ਦੀ ਇਕ ਬਹੁਤ ਵੱਡੀ ਗਲਤੀ ਹੈ ਜਿਸ ਨਾਲ ਅਰਥ ਦਾ ਅਨਰਥ ਹੋ ਗਿਆ ਹੈ। ਅੱਖਰ ਮਾਤ੍ਰਾ ਅਤੇ ਅੱਖਰ ਮਾਤਰ ਵਿਚ ਬਹੁਤ ਅੰਤਰ ਹੈ।

ਅੱਖਰ ਮਾਤਰ ਦਾ ਅਰਥ ਹੈ ਸਿਰਫ਼ ਉਸ ਅੱਖਰ ਤਕ ਹੀ ਸੀਮਤ ਰਹਿ ਕੇ। ਪਰ ਅੱਖਰ ਮਾਤ੍ਰਾ ਵਿਚ ਜ਼ਰਾ ਜਿੰਨੀ ਵੀ ਤਬਦੀਲੀ ਨਾਲ ਅਰਥ ਦਾ ਅਨਰਥ ਹੋ ਜਾਂਦਾ ਹੈ। ਕੇਵਲ ਇਕ ਨੁਕਤੇ ਦੇ ਅੱਗੇ ਪਿੱਛੇ ਹੋ ਜਾਣ ਨਾਲ ਹੀ ਖ਼ੁਦਾ خدا ਦਾ ਜੁਦਾ جدا ਅਤੇ ਮਹਿਰਮ محرم ਦਾ ਮੁਜਰਮ مجرم ਬਣ ਜਾਂਦਾ ਹੈ। ਜਿਵੇਂ ਭਾਈ ਗੁਰਦਾਸ ਜੀ ਕਬਿੱਤ ਵਿਚ ਬਚਨ ਕਰਦੇ ਹਨ ਕਿ ਮਾਤ੍ਰਾ ਦਾ ਧਿਆਨ ਨਾ ਦਿੱਤੇ ਜਾਣ ਨਾਲ ਅਰਥ ਹੋਰ ਦਾ ਹੋਰ ਹੀ ਹੋ ਜਾਂਦਾ ਹੈ। ਮਾਤ੍ਰਾ ਅੱਗੇ ਪਿੱਛੇ ਹੋ ਜਾਣ ਨਾਲ ਪਿਤਾ ਦਾ ਪੂਤ ਅਤੇ ਪੂਤ ਦਾ ਪਿਤਾ ਬਣ ਜਾਂਦਾ ਹੈ।

ਜੈਸੇ ਲਗ ਮਾਤ੍ਰ ਹੀਨ ਪੜਤ ਅਉਰ ਕਉ ਅਉਰ,
ਪਿਤਾ ਪੂਤ ਪੂਤ ਪਿਤਾ ਸਮਸਰਿ ਜਾਨੀਐ।

(ਭਾਈ ਗੁਰਦਾਸ ਜੀ ਕਬਿੱਤ, ੨੬੪)

SikhBookClub.com

ਸਿੱਖ ਰਹਿਤ ਮਰਯਾਦਾ ਸਾਡਾ ਬਹੁਤ ਹੀ ਅਹਿਮ ਕਾਨੂੰਨੀ ਦਸਤਾਵੇਜ਼ ਹੈ। ਪਰ ਇੱਥੇ ਮਾਤ੍ਰਾ ਦੀ ਥਾਂਵੇਂ ਮਾਤਰ ਲਿਖਣਾ ਅਣਅਧਿਕਾਰਤ ਹੈ ਅਤੇ ਛਾਪੇ ਦੀ ਬਹੁਤ ਵੱਡੀ ਗ਼ਲਤੀ ਹੈ। ਇਸ ਲਈ ਇਸਦੀ ਦਰੁਸਤਗੀ ਕਰ ਲੈਣੀ ਚਾਹੀਦੀ ਹੈ।

ਇਤਿਹਾਸ ਵਿਚ ਵੀ ਗਵਾਹੀ ਹੈ ਕਿ ***ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥੩॥*** (930) ਦੀ ਥਾਂਵੇਂ ***ਕਰਤੇ ਕੀ ਮਿਤਿ ਕਰਤਾ ਜਾਣੈ ਕੇ ਜਾਣੈ ਗੁਰੁ ਸੂਰਾ ॥*** ਦਾ ਅਸ਼ੁੱਧ ਪਾਠ ਕਰਨ ਵਾਲੇ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤਾੜਨਾ ਕੀਤੀ ਸੀ। ਇਸ ਬਾਰੇ ***'ਖਾਲਸਾ ਧਰਮ ਸ਼ਾਸਤ੍ਰ'*** ਵਿਚ ਇਸ ਤਰ੍ਹਾਂ ਅੰਕਤ ਹੈ :

> ***"....ਹੋਰ ਗੁਰਬਾਣੀ ਦਾ ਪਾਠ ਯਤਨ ਰਖ ਕੇ ਸ਼ੁੱਧ ਕਰਨ ਦੀ ਤਾਂ ਤਾਗੀਦ ਹੀ ਹੈ। ਸ੍ਰੀ ਗੁਰੂ ਕਲਗੀਧਰ ਜੀ ਮਹਾਰਾਜ ਨੇ ਅਸ਼ੁੱਧ ਪਾਠ ਕਰਨ ਵਾਲੇ ਨੂੰ ਤਾੜਨਾ ਕੀਤੀ ਸੀ। ਸੋ ਸ਼ੁੱਧੀ ਲਈ ਗੁਰੂ ਗ੍ਰੰਥ ਸਾਹਿਬ ਅਥਵਾ ਪੋਥੀ ਗੁਟਕੇ ਤੋਂ ਅਖਰ ਲਗ ਕੰਨਾ ਮਾਤ੍ਰ ਸੋਧ ਕਰ ਪਾਠ ਕਰਨਾ ਭਲਾ ਹੈ। ਮਨ ਦੀ ਪਾਠ ਸਮੇਂ ਹਾਜ਼ਰੀ ਦਾ ਭੀ ਏਹ ਚੰਗਾ ਉਪਾਉ ਹੈ ਕਿ ਅਰਥ ਅਤੇ ਲਗਾਂ ਮਾਤ੍ਰਾਂ ਨੂੰ ਦੇਖ ਸੋਧ ਕੇ ਪਾਠ ਕੀਤਾ ਜਾਏ।"***

ਜ਼ਰੂਰਤ ਹੈ ਇਸ ਬਾਰੇ ਧਿਆਨ ਦੇਣ ਦੀ। ਗੁਰਬਾਣੀ ਦੀ ਤੁਕ ਹੈ ***"ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥"*** ਆਮ ਤੌਰ 'ਤੇ ਇਸ ਨੂੰ ਕੁਰਲਾਣੇ ਹੀ ਪੜ੍ਹ ਦਿੱਤਾ ਜਾਂਦਾ ਹੈ।

ਇਸ ਦੇ ਨਾਲ ਹੀ ਇਕ ਹੋਰ ਅਵੱਗਿਆ ਤੇਜ਼ੀ ਨਾਲ ਪਨਪ ਰਹੀ ਹੈ ਕਿ ਆਪਣੀ ਮਨਮਤਿ ਅਧੀਨ ਗੁਰਬਾਣੀ ਵਿਚ ਥਾਂ ਥਾਂ ਬਿੰਦੀਆਂ ਲਗਾ ਦਿੱਤੀਆਂ ਜਾਂਦੀਆਂ ਹਨ। ਇਹ ਵੀ ***ਅੱਖਰ ਮਾਤ੍ਰਾ*** ਵਾਲੀ ਹਿਦਾਇਤ ਦੀ ਸਪਸ਼ਟ ਅਵੱਗਿਆ ਹੈ। ਬਿੰਦੀਆਂ ਦੀ ਕੁਥਾਂਵੇਂ ਵਰਤੋਂ ਨਾਲ ਕਿਵੇਂ ਅਰਥ ਦਾ ਅਨਰਥ ਹੁੰਦਾ ਹੈ ਇਸ ਦੇ ਕੁੱਝ ਹਵਾਲੇ ਵਿਚਾਰਨ ਯੋਗ ਹਨ।

ਅਜ਼ਲ = ਮੌਤ, ਅਜਲ = ਅਨੰਤਕਾਲ। ਗੱਲਾ = ਜਾਨਵਰਾਂ ਦਾ ਝੁੰਡ, ਗ਼ੱਲਾ = ਅਨਾਜ। ਜੰਗ = ਯੁੱਧ, ਜ਼ੰਗ = ਲੋਹੇ ਦਾ ਜੰਗਾਲਿਆ ਜਾਣਾ। ਜਲੀਲ = ਨੂਰ (ਰੱਬ), ਜ਼ਲੀਲ = ਨਖਿੱਧ। ਤੇਜ = ਪ੍ਰਕਾਸ਼, ਤੇਜ਼ = ਫ਼ੁਰਤੀਲਾ। ਸਖੀ = ਸਹੇਲੀ, ਸਖ਼ੀ = ਦਾਨੀ। ਕਰਜ = ਗੈਂਡਾ, ਕਰਜ਼ = ਉਧਾਰ ਆਦਿ ਆਦਿ।

(ਅ) ਅਖੰਡ ਪਾਠ ਜਿਸ ਪਰਵਾਰ ਜਾਂ ਸੰਗਤ ਨੇ ਕਰਨਾ ਹੈ, ਉਹ ਆਪ ਕਰੇ, ਟੱਬਰ ਦੇ ਕਿਸੇ ਆਦਮੀ, ਸਾਕ ਸੰਬੰਧੀ, ਮਿੱਤਰ ਆਦਿ ਮਿਲ ਕੇ ਕਰਨ। ਪਾਠੀਆਂ ਦੀ ਗਿਣਤੀ ਮੁਕੱਰਰ ਨਹੀਂ। **ਜੇ ਕੋਈ ਆਦਮੀ ਆਪ ਪਾਠ ਨਹੀਂ ਕਰ ਸਕਦਾ, ਤਾਂ ਕਿਸੇ ਚੰਗੇ ਪਾਠੀ ਕੋਲੋਂ ਸੁਣ ਲਵੇ ਪਰ ਇਹ ਨਾ ਹੋਵੇ ਕਿ ਪਾਠੀ ਆਪੇ ਇਕੱਲਾ ਬਹਿ ਕੇ ਪਾਠ ਕਰਦਾ ਰਹੇ ਤੇ ਸੰਗਤ ਜਾਂ ਟੱਬਰ ਦਾ ਕੋਈ ਆਦਮੀ ਨਾ ਸੁਣਦਾ ਹੋਵੇ। ਪਾਠੀ ਦੀ ਯਥਾ-ਸ਼ਕਤਿ ਭੋਜਨ ਬਸਤਰ ਆਦਿ ਨਾਲ ਯੋਗ ਸੇਵਾ ਕੀਤੀ ਜਾਵੇ।**

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੭)

ਇਹ ਮੱਦ ਗੁਰਮਤਿ ਦੇ ਸਹੀ ਬੋਧ ਨੂੰ ਦਰਸਾਂਦੀ ਹੈ। ਸਿੱਖੀ ਇਕ ਪਰਿਵਾਰ ਹੈ।

SikhBookClub.com

ਪਰਿਵਾਰ ਵੀ ਸੰਗਤੀ ਰੂਪ ਹੋ ਜਾਂਦਾ ਹੈ ਜਦੋਂ ਸਾਰੇ ਮਿਲ ਕੇ ਗੁਰਬਾਣੀ ਦਾ ਪਾਠ ਕਰਦੇ ਹਨ। ਗੁਰਬਾਣੀ ਵਪਾਰ ਨਹੀਂ ਹੈ। ਜੇ ਅਖੰਡ ਪਾਠ ਸਾਹਿਬ ਰੱਖਣਾ ਹੈ ਤਾਂ ਲਾਜ਼ਮੀ ਹੈ ਕਿ ਸਾਰਾ ਪਰਿਵਾਰ ਰਲਮਿਲ ਕੇ ਇਹ ਸੇਵਾ ਕਰੇ। ਇਸ ਦੇ ਇਲਾਵਾ ਜੇ ਪਾਠੀਆਂ ਦੀ ਸੇਵਾ ਵੀ ਲੈਣੀ ਪਵੇ ਤਾਂ ਇਹ ਜ਼ਰੂਰੀ ਹੈ ਕਿ ਪਰਿਵਾਰ ਦੇ ਜੀਅ ਇਹ ਪਾਠ ਸੁਣਨ। ਗੁਰੂ ਦੀ ਬਾਣੀ ਖ਼ੁਦ ਸਰਵਣ ਕਰਵਾਉਣ ਵਾਲੇ ਵੀ ਧੰਨ ਹਨ ਅਤੇ ਉਹਨਾਂ ਦੀ ਯਥਾ ਜੋਗ ਸੇਵਾ ਕਰਣਾ ਵੀ ਗੁਰਮਤਿ ਦਾ ਹਿੱਸਾ ਹੈ। ***"ਗਾਵੀਐ ਸੁਣੀਐ ਮਨਿ ਰਖੀਐ ਭਾਉ ॥"*** (ਜਪੁ) ਇਸ ਵਿਚ ਡਾਕ ਰਾਹੀਂ ਰੱਖੇ ਗਏ ਪਾਠ ਦੀ ਵੀ ਕੋਈ ਥਾਂ ਨਹੀਂ ਹੈ।

ਅਖੰਡ ਪਾਠ ਸਾਹਿਬ ਦੀ ਮਰਯਾਦਾ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਕ ਹੋਰ ਫੈਸਲਾ ਬਹੁਤ ਹੀ ਮਹੱਤਵਪੂਰਨ ਹੈ। 27 ਮਈ, 1997 ਨੂੰ ਸ਼੍ਰੋਮਣੀ ਕਮੇਟੀ ਦੇ ਸਮੂਹ ਗੁਰਦੁਆਰਾ ਸਾਹਿਬਾਨ ਦੇ ਮੈਨੇਜਰਾਂ ਨੂੰ ਇਕ ਗਸ਼ਤੀ ਪੱਤਰ ਰਾਹੀਂ ਕਿਹਾ ਗਿਆ ਕਿ ਕਈ ਵਾਰ ਇਕ ਹੀ ਕਮਰੇ ਵਿੱਚ ਵੱਧ ਤੋਂ ਵੱਧ ਇਕੱਠੇ ਹੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕਰਕੇ ਅਖੰਡ ਪਾਠ ਕਰਵਾ ਦਿੱਤੇ ਜਾਂਦੇ ਹਨ, ਜੋ ਕਿਸੇ ਤਰ੍ਹਾਂ ਭੀ ਉਚਿਤ ਨਾ ਹੋਣ ਤੋਂ ਛੁੱਟ ਪਰਵਾਨਿਤ ਰਹਿਤ ਮਰਯਾਦਾ ਦੇ ਭੀ ਉਲਟ ਹੈ। ਇਸ ਉਪਰੰਤ ਹਿਦਾਇਤ ਜਾਰੀ ਕੀਤੀ ਗਈ ਕਿ ਕਿਸੇ ਭੀ ਹਾਲਤ ਵਿੱਚ ਇਕ ਥਾਂ ਪੁਰ ਇਕ ਤੋਂ ਵੱਧ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਨਾ ਕੀਤੇ ਜਾਣ। ਜੇਕਰ ਵਧੇਰੇ ਅਖੰਡ ਪਾਠਾਂ ਦੀ ਜ਼ਰੂਰਤ ਹੋਵੇ ਤਾਂ ਬਕਾਇਦਾ ਅੱਡਰੇ-ਅੱਡਰੇ ਕੈਬਿਨ ਤਿਆਰ ਕਰਕੇ ਵੱਖਰੇ-ਵੱਖਰੇ ਅਖੰਡ ਪਾਠਾਂ ਲਈ ਪੱਕੇ ਤੌਰ 'ਤੇ ਪ੍ਰਬੰਧ ਕਰ/ਕਰਵਾ ਲਏ ਜਾਣ।

ਇਸ ਮੁੱਦੇ 'ਤੇ 13 ਮਈ, 1943 ਨੂੰ ਧਾਰਮਿਕ ਸਲਾਹਕਾਰ ਕਮੇਟੀ ਦੀ ਇਕੱਤ੍ਰਤਾ ਵਿਚ ਵਿਚਾਰ ਕੀਤਾ ਗਿਆ ਅਤੇ ਮਤਾ ਨੰਬਰ 30 ਰਾਹੀਂ ਪ੍ਰਵਾਨ ਕੀਤਾ ਗਿਆ ਕਿ,

> ***30. ਬਹੁਤੇ ਸੱਜਣਾਂ ਵੱਲੋਂ ਅਖੰਡ ਪਾਠ (ਇਕ) : ਸਿੰਘ ਸਭਾ ਨਰੋਬੀ ਦੀ ਪੱਤ੍ਰਕਾ ਜਿਸ ਰਾਹੀਂ ਉਨ੍ਹਾਂ ਪੁਛ ਕੀਤੀ ਸੀ ਕਿ ਕੀ ਬਹੁਤੇ ਸੱਜਣਾਂ ਵੱਲੋਂ ਇਕ ਅਖੰਡ ਪਾਠ ਹੋ ਸਕਦਾ ਹੈ, ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਇਹ ਗੱਲ ਪਾਠ ਕਰਵਾਉਣ ਵਾਲੇ ਪ੍ਰੇਮੀਆਂ ਦੀ ਮਨਸ਼ਾ 'ਤੇ ਨਿਰਭਰ ਹੈ।***

(ਪੰਥਕ ਮਤੇ)

ਸੋ ਇਹ ਸਪਸ਼ਟ ਹੈ ਕਿ ਵੱਖ ਵੱਖ ਅਖੰਡ ਪਾਠ ਸਾਹਿਬ ਕਰਵਾਉਣ ਦੀ ਬਜਾਇ ਕਈ ਸ਼ਰਧਾਲੂਆਂ ਵੱਲੋਂ ਇਕ ਅਖੰਡ ਪਾਠ ਕਰਨਾ ਮਰਯਾਦਾ ਅਨੁਰੂਪ ਹੈ। ਪੰਥਕ ਤੌਰ 'ਤੇ ਇਸ ਨੂੰ ਗੰਭੀਰਤਾ ਨਾਲ ਵਿਚਾਰ ਕੇ ਨਿਰਣਾ ਲੈਣ ਦੀ ਲੋੜ ਹੈ। ਇਸ ਨਾਲ ਮਰਯਾਦਾ ਦੀ ਪਾਲਣਾ ਵੀ ਹੋਏਗੀ ਅਤੇ ਮਾਹੌਲ ਵੀ ਸੰਗਤਮਈ ਹੋ ਜਾਏਗਾ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਮਾਨ ਸਿੰਘ ਜੀ ਅਕਸਰ ਕਿਹਾ ਕਰਦੇ ਸਨ ਕਿ 'ਅਖੰਡ ਪਾਠ ਕਾ ਫ਼ਲ ਮਿਲੇਗਾ ਯਾ ਨਹੀਂ ਯੇ ਤੋ ਕਲਗੀਆਂ ਵਾਲਾ ਹੀ ਜਾਨਤਾ ਹੈ ਪਰ ਅਖੰਡ ਪਾਠ ਕੇ ਦੌਰਾਨ ਹੁਈ ਅਵੱਗਿਆ ਕਾ ਫ਼ਲ ਪਾਠ ਕਰਾਨੇ ਵਾਲੇ ਕੋ ਜ਼ਰੂਰ ਮਿਲੇਗਾ।'

SikhBookClub.com

(ੲ) ਅਖੰਡ ਪਾਠ ਜਾਂ ਹੋਰ ਕਿਸੇ ਤਰ੍ਹਾਂ ਦੇ ਪਾਠ ਵੇਲੇ ਕੁੰਭ, ਜੋਤ, 'ਨਲੀਏਰ' ਆਦਿ ਰੱਖਣਾ ਜਾਂ ਨਾਲ ਨਾਲ ਜਾਂ ਵਿਚ-ਵਿਚ ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰੱਖਣਾ ਮਨਮੱਤ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੭)

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰ੍ਹਾਂ ਦਰਜ ਸੀ:-

(ੲ) ਅਖੰਡ ਪਾਠ ਜਾਂ ਹੋਰ ਕਿਸੇ ਤਰ੍ਹਾਂ ਦੇ ਪਾਠ ਵੇਲੇ ਕੁੰਭ, ਜੋਤ ਆਦਿ ਰੱਖਣਾ, ਜਾਂ ਨਾਲ ਨਾਲ ਜਾਂ ਵਿਚ ਵਿਚ ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰੱਖਣਾ, ਮਨਮਤ ਹੈ।

(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੭)

ਤਬਦੀਲੀ

ਅਖੰਡ ਪਾਠ ਦੀ ਮਰਯਾਦਾ ਵਾਲੀ ਇਸ ਮੱਦ ਵਿਚ ਪਾਠ ਵੇਲੇ ਕੁੰਭ, ਜੋਤ ਦੇ ਨਾਲ ਇਕ ਅੱਖਰ 'ਨਲੀਏਰ' ਦਾ ਵਾਧਾ ਕੀਤਾ ਗਿਆ ਹੈ।

ਇਹ ਤਬਦੀਲੀ ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕੱਤਰਤਾ 28 ਜੁਲਾਈ, 1944 ਮਤਾ ਨੰਬਰ 6 ਰਾਹੀਂ ਕੀਤੀ ਗਈ। ਇਹ ਮਤਾ ਇਸ ਤਰ੍ਹਾਂ ਸੀ,

"6. ਹੈਡਿੰਗ ਅਖੰਡ ਪਾਠ ਦੇ ਅੰਕ (ੲ) ਵਿੱਚ 'ਜੋਤ' ਤੇ ਲਫਜ਼ 'ਆਦਿ' ਵਿੱਚ ਨਲੀਏਰ ਵਧਾ ਦਿੱਤੇ ਜਾਣ।"

(ਪੰਥਕ ਮਤੇ, ਪੰਨਾ ੩੦)

ਇਸ ਮੱਦ ਦੀ ਤਬਦੀਲੀ ਨੂੰ ਮੁੜ 7 ਜਨਵਰੀ, 1945 ਵਿਚ ਦੁਹਰਾਇਆ ਗਿਆ ਅਤੇ ਮਤਾ ਨੰਬਰ 8 ਰਾਹੀਂ ਇਸ ਅਖੰਡ ਪਾਠ ਹੈਡਿੰਗ ਦੇ ਅੰਕ (ੲ) ਵਿਚ 'ਜੋਤ' ਤੇ ਲਫ਼ਜ਼ 'ਆਦਿ' ਵਿਚ ਨਲੀਏਰ ਵਧਾ ਦਿਤੇ ਗਏ। ਇਸ ਤਰ੍ਹਾਂ ਪਹਿਲਾਂ ਕੇਵਲ ਕੁੰਭ, ਜੋਤ ਆਦਿ ਸੀ ਅਤੇ ਹੁਣ ਇਹ ਕੁੰਭ, ਜੋਤ, ਨਲੀਏਰ ਆਦਿ ਕਰ ਦਿੱਤੇ ਗਏ। ਇਹ ਮਤਾ ਇਸ ਤਰ੍ਹਾਂ ਸੀ :

8. ਹੈਡਿੰਗ ਅਖੰਡ ਪਾਠ ਦੇ ਅੰਕ (ੲ) ਵਿਚ 'ਜੋਤ' ਤੇ ਲਫ਼ਜ਼ 'ਆਦਿ' ਵਿਚ ਨਲੀਏਰ ਵਧਾ ਦਿਤੇ ਜਾਣ।

(ਪੰਥਕ ਮਤੇ, ਪੰਨਾ ੩੨)

ਨਲੀਏਰ ਜਾਂ ਨਾਰੀਅਲ

ਨਾਰੀਅਲ ਇਕ ਐਸਾ ਫ਼ਲ ਹੈ ਜਿਸ ਦੀ ਹਿੰਦੂ ਧਰਮ ਵਿਚ ਕਾਫ਼ੀ ਮਾਨਤਾ ਹੈ ਅਤੇ ਇਸਨੂੰ ਸ੍ਰੀ ਫਲ ਵੀ ਕਿਹਾ ਜਾਂਦਾ ਹੈ। ਇਸਨੂੰ ਗਰਭ ਦੇ ਰੂਪ ਵਿਚ ਵੀ ਮੰਨਿਆ ਜਾਂਦਾ ਹੈ। ਨੇਪਾਲ ਵਿਚ ਹਿੰਦੂ ਮੰਦਰਾਂ ਦੇ ਗੁੰਬਦ ਨਾਰੀਅਲ ਦੀ ਸ਼ਕਲ ਦੇ ਹੁੰਦੇ ਹਨ। ਅੰਦਰੋਂ ਖੋਖਲੇ, ਹਨੇਰਾ ਅਤੇ ਚਿੱਟਾ। ਇਸ ਲਈ ਹਿੰਦੂ ਧਾਰਮਿਕ ਰਸਮਾਂ ਵਿਚ ਕਾਰਜ ਦੀ ਸਫ਼ਲਤਾ ਲਈ ਕੁੰਭ ਦੇ ਉੱਤੇ ਨਾਰੀਅਲ ਰਖਿਆ ਜਾਂਦਾ ਹੈ।

ਇਸ ਦੇ ਇਲਾਵਾ ਨਾਰੀਅਲ ਨੂੰ ਨਰਮੁੰਡ ਦੇ ਰੂਪ ਵਿਚ ਚਿਤਵ ਕੇ ਬਲੀ ਦਾ ਬਦਲ ਮੰਨਿਆ ਜਾਂਦਾ ਹੈ। ਸਿੱਖ ਰਹਿਤ ਮਰਯਾਦਾ ਨੇ ਖਾਲਸੇ ਦੇ ਨਿਆਰੇਪਨ ਨੂੰ ਕਾਇਮ

SikhBookClub.com

ਰਖਦਿਆਂ ਇਸ ਨੂੰ ਮਨਮੱਤ ਕਰਾਰ ਦਿੱਤਾ ਹੈ। ਗੁਰਮਤਿ ਦੇ ਮਾਰਗ 'ਤੇ ਆਪਾ ਵਾਰਨ ਜਾਂ ਬਲਿਦਾਨ ਦੀ ਰੀਤ ਹੈ।

ਜੋਤ

ਅਖੰਡ ਪਾਠ ਸਾਹਿਬ ਜਾਂ ਕਿਸੇ ਹੋਰ ਪਾਠ ਦੇ ਨਾਲ ਜੋਤ ਰੱਖਣ ਨੂੰ ਵੀ ਮਨਮੱਤ ਕਰਾਰ ਦਿੱਤਾ ਗਿਆ ਹੈ।

ਅਖੰਡ ਪਾਠ ਸਾਹਿਬ ਦੇ ਨਾਲ ਨਾਲ ਕਿਸੇ ਹੋਰ ਬਾਣੀ ਦੇ ਪਾਠ ਬਾਰੇ

ਸਿੱਖ ਰਹਿਤ ਮਰਯਾਦਾ ਮੁਤਾਬਕ ਸ੍ਰੀ ਅਖੰਡ ਪਾਠ ਸਾਹਿਬ ਦੇ ਵਿਚ ਜਾਂ ਨਾਲ ਨਾਲ ਕਿਸੇ ਹੋਰ ਬਾਣੀ ਦਾ ਪਾਠ ਮਨਮੱਤ ਹੈ। ਇਸ ਬਾਰੇ ਧਾਰਮਿਕ ਸਲਾਹਕਾਰ ਕਮੇਟੀ ਦੀ 4 ਮਈ, 1942 ਦੀ ਇਕਤ੍ਰੱਤਾ ਵਿਚ ਮਤਾ ਨੰਬਰ 8 ਰਾਹੀਂ ਪਾਸ ਕੀਤਾ ਗਿਆ ਕਿ,

> ***ਗੁ: ਕ: ਦਿੱਲੀ ਦੀ ਪੱਤ੍ਰਿਕਾ ਨੰ: 1996/44 ਮਿਤੀ 29-11-40 ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਨਾਲ-ਨਾਲ ਜਪੁਜੀ ਸਾਹਿਬ ਦਾ ਪਾਠ ਜਾਰੀ ਰੱਖਣਾ ਮਨਮਤ ਹੈ।***

(ਧਾਰਮਿਕ ਸਲਾਹਕਾਰ ਕਮੇਟੀ)

ਸਾਧਾਰਨ ਪਾਠ/ਅਖੰਡ ਪਾਠ ਦਾ ਅਰੰਭ

ਸਾਧਾਰਨ ਪਾਠ ਦੇ ਅਰੰਭ ਵੇਲੇ ਪ੍ਰਸ਼ਾਦਿ ਲਿਆ ਕੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰ ਕੇ ਅਰਦਾਸ ਮਗਰੋਂ 'ਹੁਕਮ' ਲਿਆ ਜਾਵੇ। ਅਖੰਡ ਪਾਠ ਵੇਲੇ ਕੜਾਹ ਪ੍ਰਸ਼ਾਦਿ ਲਿਆ ਕੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰ ਕੇ ਅਰਦਾਸ ਮਗਰੋਂ 'ਹੁਕਮ' ਲਿਆ ਜਾਵੇ। ਅਖੰਡ ਪਾਠ ਵੇਲੇ ਕੜਾਹ ਪ੍ਰਸ਼ਾਦਿ ਹੋਵੇ, ਫੇਰ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰਨ ਮਗਰੋਂ ਅਰਦਾਸ ਕਰ ਕੇ ਅਤੇ 'ਹੁਕਮ' ਲੈ ਕੇ ਪਾਠ ਦਾ ਅਰੰਭ ਕੀਤਾ ਜਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੭)

ਤਬਦੀਲੀ

1936 ਵਾਲੀ ਸਿੱਖ ਰਹਿਤ ਮਰਯਾਦਾ ਵਿਚ ਇਸ ਅਧਿਆਇ ਦਾ ਸਿਰਲੇਖ ਸੀ **'ਪਾਠ ਦਾ ਅਰੰਭ'**। ਇਸ ਦੀ ਥਾਵੇਂ ਹੁਣ **ਸਾਧਾਰਨ ਪਾਠ/ਅਖੰਡ ਪਾਠ ਦਾ ਅਰੰਭ** ਕਰ ਦਿੱਤਾ ਗਿਆ ਹੈ।

ਇਸ ਮੱਦ ਰਾਹੀਂ ਸਾਧਾਰਨ ਪਾਠ ਜਾਂ ਅਖੰਠ ਪਾਠ ਅਰੰਭ ਕਰਨ ਵੇਲੇ ਦੀ ਮਰਯਾਦਾ ਬਾਰੇ ਪਾਠ ਦੀ ਅਰੰਭਤਾ ਵਾਲੇ ਅਧਿਆਇ ਵਿਚ ਪਹਿਲਾਂ ਵਿਚਾਰ ਕੀਤੀ ਜਾ ਚੁਕੀ ਹੈ। ਇਸ ਅਨੁਸਾਰ ਸਾਧਾਰਨ ਪਾਠ ਜਾਂ ਅਖੰਡ ਪਾਠ ਦੇ ਅਰੰਭ ਵਿਚ ਕੋਈ ਅੰਤਰ ਨਹੀਂ ਹੈ। ਅਖੰਡ ਪਾਠ ਸਾਹਿਬ ਜਾਂ ਸਾਧਾਰਨ ਪਾਠ ਦੀ ਅਰੰਭਤਾ ਸਮੇਂ ਕੜਾਹ ਪ੍ਰਸ਼ਾਦਿ ਦੀ ਦੇਗ, ਅਨੰਦ ਸਾਹਿਬ ਦੀਆਂ ਪੰਜ ਪਉੜੀਆਂ ਦਾ ਪਾਠ ਅਤੇ ਅਰਦਾਸ ਜ਼ਰੂਰੀ ਹੈ। ਸਾਧਾਰਨ ਪਾਠ ਦੇ ਅਰੰਭ ਸਮੇਂ ਜੋ ***ਜਪੁ ਸਾਹਿਬ ਦਾ ਪਾਠ ਕਰਨਾ ਚਾਹੀਏ***, ਅੰਕਤ ਹੈ ਉਸਦਾ ਅਰਥ ਜਪੁ ਜੀ ਸਾਹਿਬ ਤੋਂ ਪਾਠ ਦਾ ਅਰੰਭ ਕੀਤਾ ਜਾਏ ਜਾਪਦਾ ਹੈ।

SikhBookClub.com

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉਤੇ 'ਜਾਂ ਰਾਗਮਾਲਾ ਪੜ੍ਹ ਕੇ ਚਲਦੀ ਸਥਾਨਕ ਰੀਤੀ ਅਨੁਸਾਰ' ਪਾਇਆ ਜਾਵੇ। (ਇਸ ਗੱਲ ਬਾਬਤ ਪੰਥ 'ਚ ਅਜੇ ਤੱਕ ਮਤਭੇਦ ਹੈ, ਇਸ ਲਈ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ)। ਇਸ ਤੋਂ ਉਪ੍ਰੰਤ ਅਨੰਦ ਸਾਹਿਬ ਦਾ ਪਾਠ ਕਰ ਕੇ ਭੋਗ ਦਾ ਅਰਦਾਸਾ ਕੀਤਾ ਜਾਵੇ ਤੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੮)

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰ੍ਹਾਂ ਦਰਜ ਸੀ:-

> ***(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਣ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉਤੇ ਪਾਇਆ ਜਾਵੇ। (ਇਸ ਗੱਲ ਬਾਬਤ ਪੰਥ ਵਿਚ ਅਜੇ ਤਕ ਮਤਭੇਦ ਹੈ, ਇਸ ਲਈ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ)। ਇਸ ਤੋਂ ਉਪ੍ਰੰਤ ਅਨੰਦ ਸਾਹਿਬ ਦਾ ਪਾਠ ਕਰ ਕੇ ਭੋਗ ਦਾ ਅਰਦਾਸਾ ਕੀਤਾ ਜਾਵੇ ਤੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।***
>
> *(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੭)*

ਤਬਦੀਲੀ

ਮੂਲ ਪ੍ਰਵਾਨਤ ਰਹਿਤ ਮਰਯਾਦਾ ਵਿਚ ਅੰਕਤ 'ਭੋਗ ਮੁੰਦਾਵਣੀ ਉਤੇ ?? ਪਾਇਆ ਜਾਵੇ' ਦੀ ਥਾਵੇਂ 'ਭੋਗ ਮੁੰਦਾਵਣੀ ਉਤੇ ਜਾਂ ਰਾਗਮਾਲਾ ਪੜ੍ਹ ਕੇ ਚਲਦੀ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ।' ਕੀਤਾ ਗਿਆ।

ਵਿਆਖਿਆ

ਪੰਥ ਵਿਚ ਇਸ ਮੁੱਦੇ 'ਤੇ ਵੱਖ ਵੱਖ ਵਿਚਾਰ ਚਿਰਾਂ ਤੋਂ ਚਲਦੇ ਆ ਰਹੇ ਸਨ। ਸੋ ਪੰਥ ਨੇ ਇਸ ਬਾਰੇ ਨਿਰਣਾ ਲਿਆ ਗਿਆ ਕਿ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ ਪਾਠ) ਚਲਦੀ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ । ਇਸ ਦੇ ਨਾਲ ਹੀ ਇਕ ਤਾੜਨਾ ਵੀ ਕੀਤੀ ਗਈ ਹੈ ਕਿ ਕੋਈ ਵੀ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਨਾ ਕਰੇ।

ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਰਾਗਮਾਲਾ ਜਾਂ ਮੁੰਦਾਵਣੀ 'ਤੇ ਪਾਉਣਾ ਹੈ, ਇਸ ਦਾ ਨਿਰਣਾ ਵਿਅਕਤੀ 'ਤੇ ਨਹੀਂ ਬਲਕਿ ਸਥਾਨਕ ਰੀਤ 'ਤੇ ਨਿਰਭਰ ਕਰਦਾ ਹੈ। ਛੋਟ ਥਾਂ ਨੂੰ ਹੈ, ਕਿਸੇ ਵਿਅਕਤੀ ਜਾਂ ਜਥੇ ਨੂੰ ਨਹੀਂ। ਸੋ ਜਿਸ ਥਾਂ 'ਤੇ ਭੋਗ ਸਮੇਂ ਰਾਗਮਾਲਾ ਦਾ ਪਾਠ ਕੀਤਾ ਜਾਂਦਾ ਹੈ ਉੱਥੇ ਉਸ ਵਿਅਕਤੀ ਵੱਲੋਂ ਵੀ ਰਾਗਮਾਲਾ ਦਾ ਪਾਠ ਕਰਨਾ ਲਾਜ਼ਮੀ ਹੈ ਭਾਵੇਂ ਉਹ ਨਿਜੀ ਤੌਰ 'ਤੇ ਇਸ ਬਾਰੇ ਮਤ-ਭੇਦ ਰਖਦਾ ਹੈ। ਦੂਸਰੇ

SikhBookClub.com

ਪਾਸੇ ਜਿਸ ਸਥਾਨ 'ਤੇ ਭੋਗ ਰਾਗਮਾਲਾ ਦੇ ਪਾਠ ਦੇ ਬਿਨਾਂ ਹੀ ਪੜ੍ਹਨ ਦੀ ਰੀਤ ਹੈ ਉੱਥੇ ਇਸ ਦਾ ਪਾਠ ਕਰਨਾ ਜ਼ਰੂਰੀ ਹੈ। ਇਹ ਪੰਥਕ ਨਿਰਣਾ ਹੈ, ਇਸ ਦਾ ਸਤਿਕਾਰ ਕਰਨਾ ਚਾਹੀਦਾ ਹੈ। ਵੈਸੇ ਇਹ ਵੀ ਸਹੀ ਹੈ ਕਿ ਸ਼ਾਇਦ ਹੀ ਕੋਈ ਵਿਰਲਾ ਸਥਾਨ ਹੋਵੇਗਾ ਜਿੱਥੇ ਰਾਗਮਾਲਾ ਪੜ੍ਹੇ ਬਿਨਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਪਾਉਣ ਦੀ ਰੀਤ ਹੋਵੇ।

ਰਾਗਮਾਲਾ ਬਾਰੇ ਕਈ ਵਾਰ ਇਹ ਵਿਚਾਰ ਵੀ ਦਿੱਤਾ ਜਾਂਦਾ ਹੈ ਕਿ ਰਾਗਮਾਲਾ ਮੁੰਦਾਵਣੀ (ਗੁ.ਗ੍ਰੰ.ਸਾ.1429) ਤੋਂ ਬਾਅਦ ਹੈ ਇਸ ਲਈ ਇਸ ਦਾ ਪਾਠ ਜ਼ਰੂਰੀ ਨਹੀਂ। ਪਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਕ ਹੋਰ ਮੁੰਦਾਵਣੀ ਅੰਗ 645 'ਤੇ ਵੀ ਸੁਭਾਇਮਾਨ ਹੈ।

ਸਲੋਕੁ ਮ: ੩ ॥ ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ ॥
ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ ॥
ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ ॥
ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ ॥
ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥
ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ ॥੧॥

(ਮ. ੩, ਅੰਗ ੬੪੫)

ਇਸ ਮੁੱਦੇ ਦਾ ਪਿਛੋਕੜ

ਧਾਰਮਿਕ ਸਲਾਹਕਾਰ ਕਮੇਟੀ ਦੀ ਪੰਦਰ੍ਹਵੀਂ ਇਕੱਤਰਤਾ ਮਿਤੀ 27 ਮਈ, 1945 ਵਿਚ ਰਾਗਮਾਲਾ ਬਾਰੇ ਵਿਚਾਰ ਕੀਤੀ ਗਈ ਅਤੇ ਸਰਬ ਸੰਮਤੀ ਨਾਲ ਪ੍ਰਵਾਨ ਹੋਇਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਮੋਹਣ ਸਿੰਘ ਜੀ, ਪ੍ਰੋ. ਜੋਧ ਸਿੰਘ, ਪ੍ਰੋ. ਤੇਜਾ ਸਿੰਘ ਅਤੇ ਪ੍ਰੋ. ਗੰਗਾ ਸਿੰਘ ਦੀ ਇਕ ਸਬ-ਕਮੇਟੀ ਬਣਾਈ ਜਾਏ ਜੋ ਪੁਰਾਤਨ ਬੀੜਾਂ ਦੇ ਦਰਸ਼ਨ ਕਰਕੇ ਰਿਪੋਰਟ ਪੇਸ਼ ਕਰੇ ਅਤੇ ਤਦ ਤਕ ਜਿਸ ਜਗ੍ਹਾ ਭੋਗ ਮੁੰਦਾਵਣੀ 'ਤੇ ਜਾਂ ਰਾਗਮਾਲਾ 'ਤੇ ਪਾਇਆ ਜਾਂਦਾ ਹੈ ਉਸਨੂੰ ਕਾਇਮ ਰਖਿਆ ਜਾਵੇ। ਇਹ ਮਤਾ ਇਸ ਤਰ੍ਹਾਂ ਹੈ:

> *34. ਮੁੰਦਾਵਣੀ 'ਤੇ ਭੋਗ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਮੁੰਦਾਵਣੀ 'ਤੇ ਪਾਉਣ ਤੇ ਰਾਗਮਾਲਾ ਨਾ ਪੜ੍ਹਨ ਸੰਬੰਧੀ ਮਾਮਲਾ ਪੇਸ਼ ਹੋ ਕੇ ਇਕ ਦੂਜੇ ਦੀ ਗੱਲਬਾਤ ਸੁਨਣ ਉਪਰੰਤ ਸਰਬ ਸੰਮਤੀ ਨਾਲ ਫ਼ੈਸਲਾ ਹੋਇਆ ਕਿ ਕਿਉਂਕਿ ਇਹ ਮਾਮਲਾ ਬੜਾ ਜ਼ਰੂਰੀ ਹੈ ਇਸ ਲਈ ਪਹਿਲਾਂ ਪੁਰਾਤਨ ਬੀੜਾਂ ਦੇ ਦਰਸ਼ਨ ਕਰਕੇ ਮੁੜ ਇਸ 'ਤੇ ਵਿਚਾਰ ਕੀਤੀ ਜਾਣੀ ਚਾਹੀਦੀ ਹੈ, ਇਸ ਕੰਮ ਲਈ ਸਿੰਘ ਸਾਹਿਬ ਜਥੇਦਾਰ ਮੋਹਣ ਸਿੰਘ ਜੀ, ਪ੍ਰੋ. ਜੋਧ ਸਿੰਘ ਜੀ, ਪ੍ਰੋ. ਤੇਜਾ ਸਿੰਘ ਜੀ ਅਤੇ ਪ੍ਰੋ. ਗੰਗਾ ਸਿੰਘ ਜੀ ਦੀ ਸਬ ਕਮੇਟੀ ਨੀਯਤ ਕੀਤੀ ਜਾਂਦੀ ਹੈ। ਇਹ ਸਾਰੇ ਸੱਜਣ ਇਕੱਠੇ ਜਾ ਕੇ ਕਰਤਾਰਪੁਰ ਸਾਹਿਬ ਵਾਲੀ, ਦਮਦਮੇ ਸਾਹਿਬ ਵਾਲੀ, ਭਾ. ਬੰਨੋ ਵਾਲੀ ਤੇ ਢਾਕੇ ਵਾਲੀ*

SikhBookClub.com

ਬੀੜ ਦੇ ਦਰਸ਼ਨ ਕਰਨ ਅਤੇ ਹੋਰ ਜਿਨ੍ਹਾਂ ਪੁਰਾਤਨ ਬੀੜਾਂ ਦੇ ਉਹ ਇਸ ਕੰਮ ਲਈ ਦਰਸ਼ਨ ਕਰਨੇ ਜ਼ਰੂਰੀ ਸਮਝਣ ਉਹਨਾਂ ਦੇ ਵੀ ਦਰਸ਼ਨ ਕਰਕੇ ਰੀਪੋਰਟ ਕਰਨ ਤੇ ਜੇ ਲੋੜ ਸਮਝਣ ਤਾਂ ਉਹ ਆਪਣੇ ਨਾਲ ਦੋ ਦਸਤਖਤ ਪਹਿਚਾਨਣ ਦੇ ਸਿੱਖ ਮਾਹਰ ਵੀ ਲੈ ਜਾਣ। ਇਸ ਸਬ ਕਮੇਟੀ ਦੀ ਰੀਪੋਰਟ ਪੁੱਜਣ 'ਤੇ ਇਹ ਮਾਮਲਾ ਮੁੜ ਛੇਤੀ ਤੋਂ ਛੇਤੀ ਧਾਰਮਿਕ ਸਲਾਹਕਾਰ ਕਮੇਟੀ ਵਿੱਚ ਪੇਸ਼ ਕੀਤਾ ਜਾਵੇ। ਇਹ ਵੀ ਸਰਬ-ਸੰਮਤੀ ਨਾਲ ਪ੍ਰਵਾਨ ਹੋਇਆ ਕਿ ਜਦ ਤੱਕ ਧਾਰਮਿਕ ਸਲਾਹਕਾਰ ਕਮੇਟੀ ਇਸ ਸੰਬੰਧੀ ਫ਼ੈਸਲਾ ਨਹੀਂ ਕਰਦੀ ਹਾਲਾਂਕਿ ਇਹੋ ਪੋਜ਼ੀਸ਼ਨ ਰਖੀ ਜਾਵੇ ਕਿ ਜਿਸ ਜਗ੍ਹਾ ਭੋਗ ਮੁੰਦਾਵਣੀ 'ਤੇ ਪਾਇਆ ਜਾਂਦਾ ਹੈ ਉਥੇ ਨਵੇਂ ਫ਼ੈਸਲੇ ਤੱਕ ਭੋਗ ਮੁੰਦਾਵਣੀ 'ਤੇ ਹੀ ਪਾਇਆ ਜਾਇਆ ਕਰੇ ਤੇ ਜਿੱਥੇ ਰਾਗਮਾਲਾ ਪੜ੍ਹੀ ਜਾਂਦੀ ਹੈ ਉਹਨਾਂ ਨੂੰ ਰਾਗਮਾਲਾ ਪੜ੍ਹਨ ਤੋਂ ਨਾ ਰੋਕਿਆ ਜਾਵੇ। ਇਸ ਉਪਰੰਤ ਇਕੱਤਰਤਾ ਸਮਾਪਤ ਹੋਈ।

(ਮਤਾ ਨੰ: ੩੪, ਪੰਥਕ ਮਤੇ, ਪੰਨਾ ੩੯)

ਧਾਰਮਿਕ ਸਲਾਹਕਾਰ ਕਮੇਟੀ ਦੇ ਉਕਤ ਫੈਸਲੇ ਦੀ ਰੋਸ਼ਨੀ ਵਿਚ 26 ਅਕਤੂਬਰ, 1945 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਮੋਹਨ ਸਿੰਘ ਜੀ ਦੀ ਪ੍ਰਧਾਨਗੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਇਕੱਤਰਤਾ ਤੇਜਾ ਸਿੰਘ ਸਮੁੰਦਰੀ ਹਾਲ, ਸ੍ਰੀ ਅੰਮ੍ਰਿਤਸਰ ਵਿਚ ਹੋਈ। ਇਸ ਵਿਚ ਅਰੰਭਤਾ ਦਾ ਅਰਦਾਸਾ ਸਰਦਾਰ ਕਰਤਾਰ ਸਿੰਘ ਝੱਬਰ ਨੇ ਸੋਧਿਆ। ਇਸ ਇਕਤ੍ਰਤਾ ਵਿਚ ਰਾਗਮਾਲਾ ਬਾਰੇ ਧਾਰਮਿਕ ਸਲਾਹਕਾਰ ਕਮੇਟੀ ਦੇ 27 ਮਈ, 1945 ਦੇ ਫ਼ੈਸਲੇ ਦੀ ਪ੍ਰੋੜ੍ਹਤਾ ਹੀ ਕੀਤੀ ਗਈ ਅਤੇ ਪ੍ਰਵਾਨ ਹੋਇਆ ਕਿ ਧਾਰਮਿਕ ਸਲਾਹਕਾਰ ਕਮੇਟੀ ਵੱਲੋਂ ਬਣਾਈ ਗਈ ਸਬ-ਕਮੇਟੀ ਦੀ ਰਿਪੋਰਟ ਆਉਣ ਤਕ ਵੱਖ ਵੱਖ ਥਾਵੇਂ ਉਨ੍ਹਾਂ ਦਾ ਉਹੋ ਪੁਰਾਣਾ ਬੰਧੇਜ ਹੀ ਕਾਇਮ ਰਹੇ ਅਤੇ ਉਸ ਵਿਚ ਕੋਈ ਤਬਦੀਲੀ ਨਾ ਕੀਤੀ ਜਾਵੇ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਖ਼ੀਰਲੀ ਬਾਣੀ ਦਾ ਸਿਰਲੇਖ ਰਾਗਮਾਲਾ ਹੈ।

ਧਾਰਮਿਕ ਸਲਾਹਕਾਰ ਕਮੇਟੀ ਦੇ 27 ਮਈ, 1945 (ਪੰਜਾਹ ਸਾਲਾ ਇਤਿਹਾਸ, ਪੰਨਾ 228) ਵਿਚ ਲਏ ਗਏ ਨਿਰਣੇ ਦੇ ਮੁਤਾਬਕ ਸਬ-ਕਮੇਟੀ ਦੇ ਮੈਂਬਰ ਪ੍ਰੋ. ਗੰਗਾ ਸਿੰਘ, ਪ੍ਰੋ. ਜੋਧ ਸਿੰਘ ਅਤੇ ਪ੍ਰਿੰਸੀਪਲ ਤੇਜਾ ਸਿੰਘ 7 ਅਕਤੂਬਰ, 1945 ਨੂੰ ਕਰਤਾਰਪੁਰ ਸਾਹਿਬ ਪਹੁੰਚੇ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਦੇ ਦਰਸ਼ਨ ਕੀਤੇ । ਉਹਨਾਂ ਨੇ ਆਪਣੀ 11 ਅਕਤੂਬਰ, 1945 ਦੀ ਦਸਖ਼ਤ ਕੀਤੀ ਰਿਪੋਰਟ ਵਿਚ ਅੰਕਤ ਕੀਤਾ ਕਿ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਇਸ ਆਦਿ ਬੀੜ ਵਿਚ ਰਾਗਮਾਲਾ ਦਰਜ ਹੈ ਅਤੇ ਉਹਨਾਂ ਹੀ ਦਸਖਤਾਂ ਅਤੇ ਉਸੇ ਲਿਖਤ ਵਿਚ ਹੈ ਜਿਸ ਨਾਲ ਰਾਗਮਾਲਾ ਤੋਂ ਪਹਿਲਾਂ ਆਉਣ ਵਾਲੇ ਕਈ ਸਫ਼ੇ ਲਿਖੇ ਹੋਏ ਹਨ। ਇਸ ਦੇ ਨਾਲ ਹੀ ਇਸ ਬੀੜ ਵਿਚ ਅੰਕਤ ਮੁੰਦਾਵਣੀ ਅਤੇ ਰਾਗਮਾਲਾ ਦੇ ਫ਼ੋਟੋ ਉਤਾਰੇ ਵੀ ਦਿੱਤੇ ਗਏ ਹਨ।

ਰਾਗਮਾਲਾ ਬਾਰੇ ਇਕ ਨੁਕਤਾ ਹੋਰ ਵੀ ਵਿਚਾਰਨ ਯੋਗ ਹੈ ਕਿ ਮੁੱਢ ਕਦੀਮ ਤੋਂ ਹੀ

SikhBookClub.com

ਰਾਗਮਾਲਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਹੈ ਅਤੇ ਪੰਥ ਸ਼ਰਧਾ ਅਤੇ ਸਤਿਕਾਰ ਨਾਲ ਇਸ ਦਾ ਪਾਠ ਕਰਦਾ ਆ ਰਿਹਾ ਹੈ। ੧ਓ ਤੋਂ ਅਰੰਭ ਹੋ ਕੇ ***ਅਠਾਰਹ ਦਸ ਬੀਸ॥*** (1430) ਤਕ ਸੰਪੂਰਨ ਗੁਰੂ ਗ੍ਰੰਥ ਸਾਹਿਬ ਹੈ ਜਿਸਨੂੰ ਸਿੱਖ ਨੇ ਪ੍ਰਤੱਖ ਗੁਰੂ, ਆਪਣਾ ਇਸ਼ਟ ਅਤੇ ਮੁਕਤੀ ਦਾਤਾ ਜਾਣ ਕੇ ਸਿਜਦਾ ਕਰਨਾ ਹੈ। ਸਿਦਕ, ਭਰੋਸਾ, ਵਿਸ਼ਵਾਸ ਸਾਬਤ ਹੀ ਹੁੰਦਾ ਹੈ, ਇਸ ਵਿਚ ਤ੍ਰੇੜ ਨਹੀਂ ਹੋ ਸਕਦੀ।

ਸੋ ਸਵਾਲ ਰਾਗਮਾਲਾ ਪੜ੍ਹਨ ਜਾਂ ਨਾ ਪੜ੍ਹਨ ਦਾ ਨਹੀਂ, ਬਲਕਿ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਅਤੇ ਸਰਵੁੱਚਤਾ ਦਾ ਹੈ। ਹੁਣ ਜੇਕਰ ਜੀਵਨ ਯਾਤਰਾ ਉਪਰੰਤ ਲੇਖੇ ਸਮੇਂ ਸਤਿਗੁਰੂ ਜੀ ਦੇ ਦਰਬਾਰ ਹਜ਼ੂਰ ਨੇ ਕਿਹਾ ਕਿ ਇਹ ਰਾਗਮਾਲਾ ਗੁਰਬਾਣੀ ਬਾਣੀ ਹੈ ਤਾਂ ਪੰਥਕ ਨਿਰਣੇ ਨੂੰ ਪ੍ਰਵਾਨ ਕਰ ਕੇ ਇਸ ਦਾ ਪਾਠ ਕਰਨ ਵਾਲੇ ਤਾਂ ਸੁਰਖ਼ਰੂ, ਤੇ ਮੁਨਕਰ ?

ਕਿਉਂ ਹੋਯਾ? ਤੇ ਕੀਕੂੰ ਹੋਯਾ? ਖਪ ਖਪ ਮਰੇ ਸਿਆਣੇ,
ਉਸੇ ਰਾਹ ਪਵੇਂ ਕਿਉਂ ਜਿੰਦੇ, ਜਿਸ ਰਾਹ ਪੂਰ ਮੁਹਾਣੇ
ਭਟਕਣ ਛੱਡ ਲਟਕ ਲਾ ਇੱਕੋ, ਖੀਵੀ ਹੋ ਸੁਖ ਮਾਣੀਂ।
ਹੋਸ਼ਾਂ ਨਾਲੋਂ ਮਸਤੀ ਚੰਗੀ ਰਖਦੀ ਸਦਾ ਟਿਕਾਣੇ ॥੧੪॥

(ਭਾਈ ਵੀਰ ਸਿੰਘ, ਤ੍ਰੇਲ ਤੁਪਕੇ)

(ਅ) ਭੋਗ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲੋੜ ਅਨੁਸਾਰ ਰੁਮਾਲ ਚੌਰ, ਚਾਨਣੀ, ਆਦਿ ਦੀ ਭੇਟਾ ਅਤੇ ਪੰਥਕ ਕਾਰਜਾਂ ਲਈ ਯਥਾ-ਸ਼ਕਤਿ 'ਅਰਦਾਸ' ਕਰਾਈ ਜਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੮)

ਸ੍ਰੀ ਕਰਤਾਰਪੁਰ ਸਾਹਿਬ ਵਾਲੀ ਆਦਿ ਬੀੜ ਵਿਚੋਂ ਲਿਖਤ ਦੇ ਸਰੂਪ ।

[ਨਮੂਨਾ ਗੁਰਮੁਖੀ ਲਿਪੀ ਸ੍ਰੀ ਕਰਤਾਰਪੁਰੀ ਬੀੜ]



(ਪੁਸਤਕ ਕਰਤਾਰ ਪੁਰੀ ਬੀੜ ਦੇ ਦਰਸ਼ਨ ਵਿਚੋਂ)

SikhBookClub.com

ਅਖੰਡ ਪਾਠ ਦੀ ਸਮਾਪਤੀ 'ਤੇ ਗੁਰਦੁਆਰਾ ਸਾਹਿਬ ਵਿਚ ਲੋੜੀਂਦੀਆਂ ਵਸਤਾਂ ਰੁਮਾਲਾ, ਚੌਰ, ਚਾਨਣੀ ਆਦਿ ਦੇ ਨਾਲ ਨਾਲ 'ਪੰਥਕ ਕਾਰਜਾਂ' ਲਈ ਵੀ ਯਥਾ ਸ਼ਕਤਿ ਅਰਦਾਸ ਕਰਨੀ ਅੰਕਤ ਹੈ। ਆਮ ਤੌਰ 'ਤੇ ਐਸੇ ਮੌਕਿਆਂ 'ਤੇ ਪੰਥਕ ਕਾਰਜਾਂ ਦਾ ਧਿਆਨ ਨਹੀਂ ਆਂਦਾ। ਸਿੱਖ ਦੀ ਰਹਿਣੀ ਦੇ ਦੋ ਅੰਗ ਹਨ—ਸ਼ਖਸੀ ਅਤੇ ਪੰਥਕ। ਇੱਥੇ ਯਾਦ ਕਰਾਇਆ ਗਿਆ ਹੈ ਕਿ ਪੰਥਕ ਕਾਰਜਾਂ ਨੂੰ ਵੀ ਚੇਤੇ ਰੱਖਿਆ ਜਾਵੇ।

ਇਸ ਦੇ ਨਾਲ ਹੀ ਇਹ ਜ਼ਰੂਰੀ ਨਹੀਂ ਕਿ ਗੁਰਦੁਆਰਾ ਸਾਹਿਬ ਵਿਚ ਉਕਤ ਵਸਤਾਂ ਅਤੇ ਵਿਸ਼ੇਸ਼ ਕਰ ਕੇ ਰੁਮਾਲਾ ਸਾਹਿਬ ਹੀ ਭੇਂਟ ਕੀਤਾ ਜਾਏ। ਸੰਗਤ ਅਤੇ ਗੁਰਦੁਆਰਾ ਸਾਹਿਬ ਲਈ ਕਿਸ ਚੀਜ਼ ਦੀ ਲੋੜ ਹੈ ਜਾਂ ਫ਼ਿਰ ਪੰਥਕ ਕਾਰਜਾਂ ਲਈ ਜਿਸ ਵਸਤੂ ਦੀ ਲੋੜ ਮਹਿਸੂਸ ਹੋਏ, ਵਿਚਾਰ ਕਰ ਕੇ ਭੇਟਾ ਕਰਨੀ ਹਮੇਸ਼ਾਂ ਜ਼ਿਆਦਾ ਸਾਰਥਿਕ ਅਤੇ ਲਾਹੇਵੰਦ ਹੈ।

ਕੜਾਹ ਪ੍ਰਸ਼ਾਦਿ

(ੳ) ਕੜਾਹ ਪ੍ਰਸ਼ਾਦਿ ਜੋ ਵਿਧੀ ਅਨੁਸਾਰ ਤਿਆਰ ਕਰ ਕੇ ਜਾਂ ਕਰਾ ਕੇ ਲਿਆਂਦਾ ਜਾਵੇ, ਸੰਗਤ ਵਿਚ ਪ੍ਰਵਾਨ ਹੋਵੇਗਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ, ੨੦੧੫, ਪੰਨਾ ੧੮)

(ਅ) ਕੜਾਹ ਪ੍ਰਸ਼ਾਦਿ ਤਿਆਰ ਕਰਨ ਦੀ ਵਿਧੀ ਇਹ ਹੈ—ਸੁਅੱਛ ਭਾਂਡੇ 'ਚ ਤ੍ਰਿਭਾਵਲੀ (ਆਟਾ, ਉਤਮ ਮਿੱਠਾ ਤੇ ਘੀ ਇਕੋ ਜਿਹੇ ਪਾ ਕੇ) ਗੁਰਬਾਣੀ ਦਾ ਪਾਠ ਕਰਦੇ ਹੋਏ ਤਿਆਰ ਕੀਤਾ ਜਾਵੇ। ਫਿਰ ਸੁਅੱਛ ਬਸਤਰ ਨਾਲ ਢੱਕ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸੁਅੱਛ ਚੌਂਕੀ ਉੱਪਰ ਰਖਿਆ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸੰਗਤ ਨੂੰ ਉੱਚੀ ਅਵਾਜ਼ 'ਚ ਸੁਣਾ ਕੇ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ ਦਾ ਪਾਠ[7] ਕੀਤਾ ਜਾਵੇ ਅਤੇ ਅਰਦਾਸਾ ਸੋਧਿਆ ਜਾਵੇ ਤੇ ਪਰਵਾਨਗੀ ਲਈ ਕਿਰਪਾਨ ਭੇਟ ਹੋਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੮)

ਸਿੱਖ ਰਹਿਤ ਮਰਯਾਦਾ ਦੀ ਸ਼ਖਸੀ ਰਹਿਣੀ ਦੇ ਚੌਥੇ ਭਾਗ 'ਸਾਧ ਸੰਗਤ ਵਿਚ ਜੁੜ ਕੇ ਗੁਰਬਾਣੀ ਅਭਿਆਸ' ਦਾ ਅਖ਼ੀਰਲਾ ਖੰਡ ਕੜਾਹ ਪ੍ਰਸ਼ਾਦਿ ਬਾਰੇ ਹੈ। ਇਸ ਦੀਆਂ ਚਾਰ ਮੱਦਾਂ ਹਨ।

ਸੰਗਤ ਵਿਚ ਕੜਾਹ ਪ੍ਰਸ਼ਾਦਿ ਤਿਆਰ ਕਰਨ ਦੀ ਵਿਧੀ ਅਤੇ ਪ੍ਰਵਾਨਗੀ ਲਈ ਸ਼ਰਤਾਂ ਪਹਿਲੀ ਮੱਦ (ੳ) ਅਤੇ (ਅ) ਵਿਚ ਅੰਕਤ ਹਨ। ਇਹਨਾਂ ਦੋਨਾਂ ਦੀ ਵਿਚਾਰ ਇੱਥੇ ਕੀਤੀ ਗਈ ਹੈ।

ਪ੍ਰਸ਼ਾਦਿ ਇਸ਼ਟ ਵੱਲੋਂ ਕੀਤੀ ਬਖਸ਼ਿਸ਼ ਜਾਂ ਰਹਿਮਤ ਹੈ। ਇਸ ਤਰ੍ਹਾਂ ਸਿੱਖ ਲਈ

7. ਇਕ ਵਾਰੀ ਅਨੰਦ ਸਾਹਿਬ ਦਾ ਪਾਠ ਹੋ ਚੁਕਣ ਮਗਰੋਂ ਜੇ ਫਿਰ ਕੜਾਹ ਪ੍ਰਸਾਦ ਦੀ ਦੇਗ ਆ ਜਾਵੇ, ਤਾਂ ਅਨੰਦ ਸਾਹਿਬ ਦਾ ਪਾਠ ਮੁੜ ਮੁੜ ਨਹੀਂ ਕਰਨਾ, ਕ੍ਰਿਪਾਨ ਭੇਟ ਕਰਨਾ ਹੀ ਕਾਫ਼ੀ ਹੈ।

SikhBookClub.com

ਬਤੌਰ ਪ੍ਰਸ਼ਾਦਿ ਕੇਵਲ ਮਰਯਾਦਾ ਮੁਤਾਬਿਕ ਤਿਆਰ ਕੀਤੀ ਦੇਗ ਹੀ ਪ੍ਰਵਾਨ ਹੋ ਸਕਦੀ ਹੈ। ਹਜ਼ੂਰੀ ਭਾਈ ਚਉਪਾ ਸਿੰਘ ਛਿੱਬਰ ਦੇ ਰਹਿਤ ਨਾਮੇ ਵਿਚ ਅੰਕਤ ਹੈ, 'ਅਮਲ ਪ੍ਰਸਾਦਿ ਕਾ, ਪ੍ਰਸ਼ਾਦਿ ਕੜਾਹ ਕਾ, ਜੁਧ ਜੁਟੇ ਕਾ, ਬਲ ਸ਼ਬਦ ਕਾ'। ਕੜਾਹ ਪ੍ਰਸ਼ਾਦਿ ਨੂੰ ਸਿੱਖ ਸ਼ਬਦਾਵਲੀ ਵਿਚ ਪੰਚਾਮ੍ਰਿਤ, ਦੇਗ ਅਤੇ ਮਹਾਂ ਪ੍ਰਸ਼ਾਦ ਵੀ ਕਿਹਾ ਗਿਆ ਹੈ। ਭਾਈ ਗੁਰਦਾਸ ਜੀ ਦੇ ਬਚਨ ਹਨ :

ਖਾਂਡ ਘ੍ਰਿਤ ਚੂਨ ਜਲ ਪਾਵਕ ਇਕਤ੍ਰ ਭਏ
ਪੰਚ ਮਿਲਿ ਪ੍ਰਗਟ ਪੰਚਾਮ੍ਰਤ ਪ੍ਰਗਾਸ ਹੈ ॥

(ਭਾਈ ਗੁਰਦਾਸ ਜੀ, ਕਬਿੱਤ, ੧੨੪)

ਭਾਈ ਸੰਤੋਖ ਸਿੰਘ ਜੀ ਮੁਤਾਬਕ :

ਸਗਲ ਦੇਗ ਪਰ ਦੇਹ ਲਗਾਈ
ਪੰਚਾਮ੍ਰਿਤ ਆਦਿਕ ਕਰਵਾਈ ॥

(ਗੁ ਪ੍ਰ ਸੂ ਗ੍ਰੰ, ਦੂਜਾ ਅੰਸੂ, ਅਧਿਆਇ ੨੪)

ਭਾਈ ਗੁਰਦਾਸ ਜੀ ਵੀ ਕੜਾਹ ਪ੍ਰਸ਼ਾਦਿ ਨੂੰ ਮਹਾਂ ਪ੍ਰਸ਼ਾਦਿ ਲਿਖਦੇ ਹਨ :

ਕੋਰੇ ਮਟ ਅਣਾਇ ਨੀਰੁ ਭਰਾਇਆ।
ਆਣ ਮਹਾਂ ਪਰਸਾਦਿ ਵੰਡਿ ਖਵਾਇਆ ॥

(ਵਾਰ ਦਸਵੀਂ ਪਉੜੀ)

ਕੜਾਹ ਪ੍ਰਸ਼ਾਦਿ ਬਾਰੇ 'ਖਾਲਸਾ ਧਰਮ ਸ਼ਾਸਤ੍ਰ' ਵਿਚ ਅੰਕਤ ਹੈ :

ਕੜਾਹ ਪ੍ਰਸ਼ਾਦ ਦਾ ਮਾਨ - .. .. ..ਇਹ ਪੰਚਾਮ੍ਰਿਤ ਨਾ ਹੀ ਬਜਾਰੀ ਹਲਵਾ ਹੈ, ਏਹ ਤਾਂ ਸ੍ਰੀ ਗੁਰੂ ਜੀ ਦੇ ਦੱਸੇ ਹੋਏ ਵਜਨ ਦੇ ਨੁਸਖੇ ਮੂਜਬ ਪੂਰੀ ਦੱਸੀ ਹੋਈ ਬਿਧਿ ਅਤੇ ਬਾਣੀ ਦੇ ਮੰਤ੍ਰਾਂ ਦੀ ਸਾਧਨਾ ਦੇ ਨਾਲ ਸਜਾਇਆ ਹੋਇਆ ਸ੍ਰੀ ਗੁਰੂ ਜੀ ਦੇ ਭੋਗ ਦਾ ਪਦਾਰਥ ਹੈ। ਜਿਸਦਾ ਕਿਨਕਾ ਭਰ ਭੀ ਪ੍ਰੇਮ ਅਤੇ ਪ੍ਰਤੀਤ ਨਾਲ ਸ਼ਰਧਾ ਪੂਰਬਕ ਰਸਨਾ ਲਗਾਣੇ ਕਰ ਤਨ ਮਨ ਉੱਜਲ ਹੁੰਦਾ ਹੈ। ਤਾਂ ਤੇ ਕੜਾਹ ਪ੍ਰਸ਼ਾਦ ਹਰ ਪ੍ਰਕਾਰ ਮਾਨ ਯੋਗ ਉਤਮੋਤਮ ਪਦਾਰਥ ਹੈ।"

(ਖਾਲਸਾ ਧਰਮ ਸ਼ਾਸਤ੍ਰ, ਪੰਨਾ ੮੬)

ਭਾਈ ਚਉਪਾ ਸਿੰਘ ਛਿੱਬਰ ਦੇ ਰਹਿਤਨਾਮੇ ਵਿਚ ਅੰਕਤ ਹੈ :

ਭਾਦਣੀ, ਹੁਕਈ, ਕੁਰਹਿਤੀਏ ਪਾਸੋਂ ਕੜਾਹ (ਪ੍ਰਸਾਦ) ਕਰਾਏ, ਸੋ ਤਨਖਾਹੀਆ।

ਬਜ਼ਾਰੋਂ ਲਿਆਂਦਾ ਹਲਵਾ ਜਾਂ ਹਲਵਾਈਆਂ ਦੀਆਂ ਮਠਿਆਈਆਂ ਆਦਿ ਕੜਾਹ ਪ੍ਰਸ਼ਾਦਿ ਦੀ ਥਾਵੇਂ ਪ੍ਰਵਾਨ ਨਹੀਂ ਹੈ।

ਮੇਰਾ ਸਿਖ ਹੋ ਸੀਤਲਾ ਮਾਨਹਿ। ਭੇਖੀ ਕੋ ਜੋ ਦੇਵੈ ਦਾਨਹਿ।
ਜਹਾਂ ਕਹਾਂ ਕਾ ਖਾਇ ਪ੍ਰਸਾਦ। ਅਰ ਸਿਖ ਨ ਆਦਿ ਜੁਗਾਦਿ ।੨੦।

(ਰਹਿਤਨਾਮਾ ਭਾਈ ਸਾਹਿਬ ਸਿੰਘ, ਪੰਨਾ ੧੫੯)

ਇੱਥੇ ਇਹ ਦ੍ਰਿੜ ਕੀਤਾ ਗਿਆ ਕਿ ਪ੍ਰਸ਼ਾਦਿ ਸਿੱਖ ਰਹਿਤ ਮਰਯਾਦਾ ਵਿੱਚ ਦਰਜ

SikhBookClub.com

ਪੂਰਨ ਵਿਧੀ ਅਨੁਸਾਰ ਤਿਆਰ ਕੀਤਾ ਗਿਆ ਹੋਵੇ। ਇਸ ਅਧਿਆਇ ਦੀ ਮੱਦ (ਅ) ਮੁਤਾਬਕ ਕੜਾਹ ਪ੍ਰਸ਼ਾਦਿ ਤਿਆਰ ਕਰਨ ਦੀ ਵਿਧੀ ਦਿੱਤੀ ਗਈ ਹੈ ਕਿ ਸੁਅੱਛ ਭਾਂਡੇ 'ਚ ਤ੍ਰਿਭਾਵਲੀ (ਆਟਾ, ਉੱਤਮ ਮਿੱਠਾ ਤੇ ਘੀ ਇਕੋ ਜਿਹੇ ਪਾ ਕੇ) ਗੁਰਬਾਣੀ ਦਾ ਪਾਠ ਕਰਦੇ ਹੋਏ ਤਿਆਰ ਕੀਤਾ ਜਾਵੇ। ਭਾਈ ਸੰਤੋਖ ਸਿੰਘ ਜੀ ਇਸ ਵਿਧੀ ਨੂੰ ਵਿਸਥਾਰ ਸਹਿਤ ਅੰਕਤ ਕਰਦੇ ਹਨ :

ਚੌਪਈ ॥

ਕੜਾਹ ਪ੍ਰਸਾਦਿ ਕੀ ਬਿੱਧ ਸੁਣ ਲੀਜੈ, ਤੀਨ ਭਾਂਤ ਕੋ ਸਮਸਰ ਕੀਜੈ ॥੧੦॥
ਲੇਪਣ ਆਗੋ ਬਹੁਕਰ ਦੀਜੈ, ਮਾਂਜਣ ਧਰ ਭਾਂਜਣ ਧੋਵੀਜੈ ॥੧੧॥
ਕਰਿ ਇਸ਼ਨਾਨ ਪਵਿੱਤਰ ਹੋਇ ਬਹੇ, ਵਾਹਿਗੁਰੂ ਬਿਨ ਅਵਰ ਨਾ ਕਹੇ ॥੧੨॥
ਕਰਿ ਤਿਆਰ ਚੌਕੀ ਪਰ ਧਰੇ, ਚਾਰ ਓਰ ਕੀਰਤਨ ਬਹਿ ਕਰੇ ॥੧੪॥
ਪਾਵਨ ਤਨ ਪਾਵਨ ਕਰ ਥਾਨ, ਘ੍ਰਿਤ ਮੈਦਾ ਲੇ ਖੰਡ ਸਮਾਨ।
ਕਰ ਕੜਾਹ ਜਪੁ ਪਾਠ ਸੁ ਠਾਨੈ, ਗੁਰਪ੍ਰਸਾਦ ਅਰਦਾਸ ਬਖਾਨੈ ॥

(ਗੁਰ ਪ੍ਰਤਾਪ ਸੂਰਜ ਗ੍ਰੰਥ)

ਕੜਾਹ ਪ੍ਰਸ਼ਾਦਿ ਤਿਆਰ ਕਰਨ ਲਈ ਰਸਦ ਵਿਚ ਬਰਾਬਰ ਮਿਕਦਾਰ ਵਿਚ ਤਿੰਨ ਚੀਜ਼ਾਂ—ਆਟਾ, ਚੀਨੀ ਅਤੇ ਘਿਉ ਚਾਹੀਦੀਆਂ ਹਨ। ਇਸ ਨੂੰ ਤ੍ਰਿਭਾਵਲ ਜਾਂ ਤਿਹਾਫਲ ਵੀ ਕਿਹਾ ਜਾਂਦਾ ਹੈ। ਇਹਨਾਂ ਤਿੰਨ ਰਸਦਾਂ ਦੀ ਥਾਵੇਂ ਸੂਜੀ, ਸਪਲਿੰਡਾ, ਸ਼ਕਰ, ਸ਼ਹਿਦ ਜਾਂ ਕਿਸੇ ਹੋਰ ਕਿਸਮ ਦਾ ਤੇਲ ਆਦਿ ਪ੍ਰਵਾਨ ਨਹੀਂ ਹੈ ਅਤੇ ਮਨਮੱਤ ਹੈ। ਕੜਾਹ ਪ੍ਰਸ਼ਾਦਿ ਲਈ ਰਸਦ ਦਾ ਵੇਰਵਾ ਅਤੇ ਤਿਆਰ ਕਰਨ ਦੀ ਵਿਧੀ ਨਿਰਧਾਰਤ ਕਰ ਕੇ ਇਹ ਸੁਨੇਹਾ ਦਿੱਤਾ ਹੈ ਕਿ ਸਾਰੇ ਸੰਸਾਰ ਦੇ ਹਰ ਗੁਰਦੁਆਰਾ ਸਾਹਿਬ ਵਿਚ ਕੜਾਹ ਪ੍ਰਸ਼ਾਦਿ ਦਾ ਨੁਸਖਾ, ਰੰਗ-ਰੂਪ ਅਤੇ ਸਵਾਦ ਵਿਚ ਇੱਕੋ ਤਰ੍ਹਾਂ ਦਾ ਹੋਵੇਗਾ। ਐਸਾ ਨਹੀਂ ਕਿ ਕਿਧਰੇ ਤਾਂ ਪ੍ਰਸਾਦਿ ਵਿਚ ਪਿਸਤੇ ਮੇਵੇ ਪਏ ਹੋਣ ਤੇ ਕਿਧਰੇ ਸੁਕੀਆਂ ਫੁੱਲੀਆਂ ਹੀ ਵਰਤਦੀਆਂ ਹੋਣ। ਇਹ ਕੌਮੀ ਤੌਰ 'ਤੇ ਇਕਸਾਰਤਾ ਦਾ ਬਹੁਤ ਵੱਡਾ ਅਮਲੀ ਪੈਗਾਮ ਹੈ।

ਕੜਾਹ ਪ੍ਰਸ਼ਾਦਿ ਲਈ ਘਿਉ ਹੀ ਵਰਤਣ ਦਾ ਹੁਕਮ ਹੈ, ਵੈਜੀਟੇਬਲ ਆਇਲ ਆਦਿ ਪ੍ਰਵਾਨ ਨਹੀਂ। ਧਾਰਮਿਕ ਸਲਾਹਕਾਰ ਕਮੇਟੀ ਦੀ 1 ਜਨਵਰੀ, 1950 ਦੀ ਇਕੱਤ੍ਰਤਾ ਵਿਚ ਮਤਾ ਨੰਬਰ 18 ਅਤੇ 19 ਰਾਹੀਂ ਪ੍ਰਵਾਨ ਕੀਤਾ ਗਿਆ।

ਸਤਿਗੁਰੂ ਜੀ ਦੀ ਹਾਜ਼ਰੀ ਵਿਚ ਭੇਟਾ ਕੀਤਾ ਜਾਣ ਵਾਲਾ ਪ੍ਰਸ਼ਾਦਿ ਘਿਉ ਦਾ ਹੀ ਤਿਆਰ ਕਰਨਾ ਯੋਗ ਹੈ, ਵੈਜੀਟੇਬਲ ਆਇਲ ਦਾ ਨਹੀਂ।

(ਪੰਥਕ ਮਤੇ, ਪੰਨਾ ੪੫)

1942 ਵਿਚ ਧਾਰਮਿਕ ਸਲਾਹਕਾਰ ਕਮੇਟੀ ਕੋਲ ਇਹ ਸਵਾਲ ਆਇਆ ਕਿ ਕੀ ਕਿਸੇ ਮੁਸਲਮਾਨ ਦੇ ਘਰੋਂ ਤਿਆਰ ਕਰ ਕੇ ਲਿਆਂਦਾ ਹੋਇਆ ਪ੍ਰਸ਼ਾਦਿ ਪ੍ਰਵਾਨ ਕੀਤਾ ਜਾ ਸਕਦਾ ਹੈ? ਇਸ ਬਾਰੇ ਧਾਰਮਿਕ ਸਲਾਹਕਾਰ ਕਮੇਟੀ ਨੇ ਵਿਚਾਰ ਕੀਤਾ ਅਤੇ ਇਹ ਮਤਾ ਪਾਸ ਕੀਤਾ :

SikhBookClub.com

9. ਮੁਸਲਮਾਨ ਦਾ ਕੜਾਹ ਪ੍ਰਸ਼ਾਦਿ-ਸ੍ਰੀ ਦਰਬਾਰ ਸਾਹਿਬ ਕਮੇਟੀ ਦੀ ਪੱਤ੍ਰਿਕਾ ਨੰਬਰ 4283/70 ਮਿਤੀ 21-11-42 ਜਿਸ ਰਾਹੀਂ ਉਹਨਾਂ ਮਤਾ ਕੀਤਾ ਸੀ ਕਿ ਕੋਈ ਮੁਸਲਮਾਨ ਆਪਣੇ ਘਰੋਂ ਕੜਾਹ ਪ੍ਰਸ਼ਾਦਿ ਤਿਆਰ ਕਰਕੇ ਲਿਆਵੇ ਤਾਂ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਜਾਂ ਸਬੰਧਿਤ ਗੁਰਦੁਆਰਿਆਂ ਵਿੱਚ ਅਰਦਾਸ ਕਰਕੇ ਪ੍ਰਵਾਨ ਕਰਦੇ ਹੋਏ ਬਾਕੀ ਦੇ ਪ੍ਰਸ਼ਾਦਿ ਵਿੱਚ ਸ਼ਾਮਲ ਕਰਕੇ ਵਰਤਾ ਦੇਣਾ ਚਾਹੀਦਾ ਹੈ ਜਾਂ ਨਹੀਂ, ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਹਰ ਪ੍ਰਾਣੀ ਮਾਤ੍ਰ ਦੇ ਘਰੋਂ ਆਇਆ ਪ੍ਰਸ਼ਾਦਿ ਪ੍ਰਵਾਨ ਕੀਤਾ ਜਾ ਸਕਦਾ ਹੈ ਬਸ਼ਰਤੇ ਕਿ ਉਹ ਸਿੱਖ ਰਹਿਤ ਮਰਯਾਦਾ ਵਿੱਚ ਦਰਜ ਪੂਰਨ ਵਿਧੀ ਅਨੁਸਾਰ ਤਿਆਰ ਕੀਤਾ ਗਿਆ ਹੋਵੇ।

ਅਮੂਮਨ ਅਤੇ ਖਾਸ ਕਰ ਕੇ ਅੱਜ ਦੇ ਹਾਲਾਤ ਵਿਚ ਐਸੀ ਸ਼ਰਤ ਪੂਰੀ ਕਰਨੀ ਸੰਭਵ ਹੀ ਨਹੀਂ ਹੈ। ਇਸ ਲਈ ਬਿਹਤਰ ਤਾਂ ਇਹੀ ਹੈ ਕਿ ਪ੍ਰਸ਼ਾਦਿ ਗੁਰਦੁਆਰਾ ਸਾਹਿਬ ਵਿਚ ਹੀ ਤਿਆਰ ਕੀਤਾ ਜਾਏ ਤਾਂ ਕਿ ਜਾਣੇ ਅਣਜਾਣੇ ਵਿਚ ਵੀ ਮਰਯਾਦਾ ਦੀ ਉਲੰਘਣਾ ਨਾ ਹੋਵੇ। ਜੇਕਰ ਬਾਹਰੋਂ ਲਿਆਂਦਾ ਪ੍ਰਸ਼ਾਦਿ ਪ੍ਰਵਾਨ ਕਰਨਾ ਹੀ ਹੈ ਤਾਂ ਬਿਹਤਰ ਹੋਏਗਾ ਉਸ ਨੂੰ ਵੱਖਰਾ ਭਾਵੇਂ ਵਰਤਾ ਦਿੱਤਾ ਜਾਏ ਪਰ ਗੁਰਦੁਆਰਾ ਸਾਹਿਬ ਦੀ ਤਿਆਰ ਕੀਤੀ ਦੇਗ ਵਿਚ ਨਾ ਰਲਾਇਆ ਜਾਏ।

ਉਪਰੰਤ ਮੱਦ (ਅ) ਵਿਚ ਵਿਸਥਾਰ ਸਹਿਤ ਵਿਆਖਿਆ ਹੈ ਵਿਧੀ ਪੂਰਵਕ ਤਿਆਰ ਕਰ ਕੇ ਲਿਆਂਦੇ ਕੜਾਹ ਪ੍ਰਸ਼ਾਦਿ ਨੂੰ ਸਤਿਕਾਰ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਲਿਆਂਦਾ ਜਾਏ। ਉਪਰੰਤ ਸੰਗਤ ਨੂੰ ਉੱਚੀ ਆਵਾਜ਼ ਵਿਚ ਸੁਣਾ ਕੇ ਅਨੰਦ ਸਾਹਿਬ ਜੀ ਦੀਆਂ ਪੰਜ ਪਹਿਲੀਆਂ ਅਤੇ ਅੰਤਮ ਇਕ ਪਉੜੀ ਦਾ ਪਾਠ ਕੀਤਾ ਜਾਏ, ਫ਼ਿਰ ਅਰਦਾਸਾ ਸੋਧ ਕੇ ਪਰਵਾਨਗੀ ਲਈ ਕਿਰਪਾਨ ਭੇਟ ਕੀਤੀ ਜਾਏ। ਇਸ ਵਿਧੀ ਨਾਲ ਹੀ ਕੜਾਹ ਪ੍ਰਸ਼ਾਦਿ ਦੀ ਪ੍ਰਵਾਨਗੀ ਹੁੰਦੀ ਹੈ। ਇਸੇ ਲਈ ਕੜਾਹ ਪ੍ਰਸ਼ਾਦਿ ਦਰ ਪ੍ਰਵਾਨ ਹੋਵੇ ਦੀ ਅਰਦਾਸ ਕੀਤੀ ਜਾਂਦੀ ਹੈ। ਦਰਬਾਰ ਸਾਹਿਬ ਵਿਚ ਵੀ ਪਰਵਾਨਗੀ ਹੀ ਕਿਹਾ ਜਾਂਦਾ ਹੈ।

ਸੰਗਤ ਵਿਚ ਵਰਤਾਉਣ ਤੋਂ ਪਹਿਲਾਂ ਕੜਾਹ ਪ੍ਰਸ਼ਾਦਿ ਦੀ ਪਰਵਾਨਗੀ ਲਈ ਕਿਰਪਾਨ ਭੇਟ ਕਿਸ ਵਕਤ ਕਰਨੀ ਹੈ, ਇਸ ਬਾਰੇ ਧਾਰਮਿਕ ਸਲਾਹਕਾਰ ਕਮੇਟੀ ਦੀ 6 ਅਪ੍ਰੈਲ, 1950 ਦੀ ਇਕਤ੍ਰਤਾ ਵਿਚ ਜਵਾਬ ਦਿੱਤਾ ਗਿਆ :

4. ਜਥੇਦਾਰ ਕਰਤਾਰ ਸਿੰਘ ਜੀ ਪੈਂਟਰਸ ਬੈਂਗਲੋ ਖਸਾਰੀਆ, ਜਬਲਪੁਰ ਛਾਉਣੀ ਦੀ ਪੱਤ੍ਰਿਕਾ ਮਿਤੀ 21-3-50 ਜਿਸ ਵਿਚ ਪੁਛਿਆ ਗਿਆ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਰਖੇ ਗਏ ਪ੍ਰਸ਼ਾਦਿ ਨੂੰ ਕਿਰਪਾਨ ਭੇਟ ਕਿਸ ਵਕਤ ਕਰਨਾ ਚਾਹੀਦਾ ਹੈ, ਪੇਸ਼ ਹੋ ਕੇ। ਪ੍ਰਵਾਨ ਹੋਇਆ ਕਿ ਅਰਦਾਸ ਉਪਰੰਤ।

(ਪੰਥਕ ਮਤੇ, ਪੰਨਾ ੪੭)

SikhBookClub.com

(ੲ) ਇਸ ਦੇ ਉਪਰੰਤ ਸੰਗਤ ਨੂੰ ਵਰਤਾਉਣ ਤੋਂ ਪਹਿਲਾਂ ਕੜਾਹ ਪ੍ਰਸ਼ਾਦਿ ਵਿਚੋਂ ਪੰਜਾਂ ਪਿਆਰਿਆਂ ਦਾ ਗੱਫਾ 'ਕੱਢ ਕੇ ਵਰਤਾਇਆ ਜਾਵੇ।' ਉਪ੍ਰੰਤ ਸੰਗਤ ਵਿਚ ਵਰਤਾਉਣ ਲੱਗਿਆਂ ਪਹਿਲਾਂ ਤਾਬਿਆ ਬੈਠੇ ਸਿੰਘ[8] ਨੂੰ ਕਟੋਰੇ ਜਾਂ ਕੌਲ ਵਿਚ ਪਾ ਕੇ ਦੇਵੇ ਤੇ ਫਿਰ ਬਾਕੀ ਸੰਗਤ ਨੂੰ ਵਰਤਾਏ। ਕਿਸੇ ਲਿਹਾਜ਼ ਜਾ ਘਿਰਣਾ ਕਰਕੇ ਵਿਤਕਰਾ ਨਾ ਕਰੇ। ਸਭ ਸਿੱਖ, ਗੈਰ ਸਿੱਖ, ਨੀਚ-ਊਚ ਜਾਤ ਵਾਲੇ ਨੂੰ ਇਕੋ ਜਿਹਾ ਵਰਤਾਵੇ। ਕੜਾਹ ਪ੍ਰਸ਼ਾਦਿ ਵਰਤਾਉਣ ਵੇਲੇ ਸੰਗਤ ਵਿਚ ਬੈਠੇ ਕਿਸੇ ਮਨੁੱਖ ਤੋਂ ਜਾਤ-ਪਾਤ, ਛੂਤ-ਛਾਤ ਦਾ ਖਿਆਲ ਕਰਕੇ ਗਿਲਾਨੀ ਨਹੀਂ ਕਰਨੀ ਚਾਹੀਦੀ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੮)

ਸਿੱਖ ਰਹਿਤ ਮਰਯਾਦਾ, 1936 ਵਿਚ ਇਹ ਪ੍ਰਸਾਦਿ ਵਰਤਾਉਣ ਦੀ ਮੱਦ (੦) ਇਸ ਤਰ੍ਹਾਂ ਸੀ:

(ੲ) ਇਸ ਦੇ ਉਪਰੰਤ ਸੰਗਤ ਨੂੰ ਵਰਤਾਉਣ ਤੋਂ ਪਹਿਲਾਂ ਕੜਾਹ ਪਰਸ਼ਾਦ ਵਿਚੋਂ ਪੰਜਾਂ ਪਿਆਰਿਆਂ ਦਾ ਗੱਫਾ 'ਕਢਿਆ ਜਾਵੇ। ਵਰਤਾਉਣ ਵਾਲਾ ਸਿੰਘ ਤਿਆਰ ਬਰ ਤਿਆਰ ਹੋਵੇ। ਉਹ ਕਿਸੇ ਕੋਲੋਂ ਪੁਛੇ ਨਾ ਕਿ ਕੀ ਤੂੰ ਤਿਆਰ ਬਰ ਤਿਆਰ ਹੈਂ ਜਾਂ ਨਹੀਂ, ਕੇਵਲ ਆਪ ਹੀ ਸੰਗਤਿ ਵਿਚ ਨਜ਼ਰ ਮਾਰ ਕੇ ਵੇਖ ਲਵੇ ਕਿ ਕਿਹੜਾ-ਕਿਹੜਾ ਰਹਿਤ ਵਿਚ ਪੱਕਾ ਦਿਸਦਾ ਹੈ। ਜੇ ਸੰਗਤਿ (ਜਿਸ ਵਿਚ ਤਾਬੇ ਬੈਠਾ ਸਿੰਘ ਭੀ ਸ਼ਾਮਲ ਹੈ) ਵਿਚ ਪੰਜਾਂ ਤੋਂ ਘਟ ਤਿਆਰ ਬਰ ਤਿਆਰ ਸਿੰਘ ਮਿਲਣ, ਤਾਂ ਜਿਤਨੇ ਹੋਣ ਉਨ੍ਹਾਂ ਨੂੰ ਵਰਤਾ ਕੇ ਬਾਕੀ ਛਾਂਦਾ ਕੜਾਹ ਪ੍ਰਸ਼ਾਦ ਦੀ ਦੇਗ ਵਿਚ ਰਲਾ ਕੇ ਸਾਰੀ ਸੰਗਤ ਵਿਚ ਵਰਤਾ ਦੇਵੇ।' ਸੰਗਤ ਵਿਚ ਵਰਤਾਉਣ ਲਗਿਆਂ ਪਹਿਲਾਂ ਤਾਬੇ ਬੈਠੇ ਸਿੰਘ ਨੂੰ ਕਟੋਰੇ ਜਾਂ ਕੌਲ ਵਿਚ ਪਾ ਕੇ ਦੇਵੇ ਤੇ ਫਿਰ ਬਾਕੀ ਸੰਗਤ ਨੂੰ ਵਰਤਾਵੇ। ਕਿਸੇ ਦਾ ਲਿਹਾਜ਼ ਜਾਂ ਘ੍ਰਿਣਾ ਕਰਕੇ ਵਿਤਕਰਾ ਨਾ ਕਰੇ, ਸਭ ਸਿਖ ਅਣਸਿੱਖ, ਨੀਚ ਉਚ ਜਾਤ ਵਾਲੇ ਨੂੰ ਇਕੋ ਜਿਹਾ ਵਰਤਾਵੇ। ਕੜਾਹ ਪ੍ਰਸ਼ਾਦ ਵਰਤਾਣ ਵੇਲੇ ਸੰਗਤ ਵਿਚ ਬੈਠੇ ਕਿਸੇ ਮਨੁਖ ਤੋਂ ਜਾਤ ਪਾਤ ਜਾਂ ਛੂਆ ਛਾਤ ਦਾ ਖ਼ਿਆਲ ਕਰਕੇ ਗਿਲਾਨੀ ਨਹੀਂ ਕਰਨੀ ਚਾਹੀਦੀ।

(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੮)

ਤਬਦੀਲੀ

1. ਪ੍ਰਸ਼ਾਦਿ ਵਰਤਾਉਣ ਵਾਲੇ ਅਤੇ ਪੰਜਾਂ ਪਿਆਰਿਆਂ ਦਾ ਪ੍ਰਸ਼ਾਦਿ ਲੈਣ ਵਾਲੇ ਲਈ ਅੰਮ੍ਰਿਤਧਾਰੀ ਹੋਣ ਦੀ ਸ਼ਰਤ ਹਟਾ ਦਿੱਤੀ ਗਈ ਹੈ।

2. ਸਿੱਖ ਅਣ ਸਿੱਖ ਦੀ ਬਜਾਇ ਸਿੱਖ ਗੈਰ ਸਿੱਖ ਕੀਤਾ ਗਿਆ ਹੈ।

ਵਿਆਖਿਆ

1:- ਇਹ ਤਬਦੀਲੀ ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕੱਤਰਤਾ ਮਿਤੀ 7 ਜਨਵਰੀ, 1945 ਦੇ ਮਤਾ ਨੰਬਰ 9 ਰਾਹੀਂ ਕੀਤੀ ਗਈ, ਜੋ ਇਸ ਤਰ੍ਹਾਂ ਸੀ :-

8. ਤਾਬਿਆ ਬੈਠੇ ਸਿੰਘ ਨੂੰ ਦੂਹਰਾ ਗੱਫਾ ਦੇਣਾ ਅਯੋਗ ਵਿਤਕਰਾ ਹੈ।

SikhBookClub.com

9. ਹੈਡਿੰਗ ਕੜਾਹ ਪ੍ਰਸ਼ਾਦਿ ਦੇ ਅੰਕ (੦) ਵਿੱਚ ਪੰਜਾਂ ਪਿਆਰਿਆਂ ਦਾ ਗਫਾ ਤੋਂ ਅੱਗੇ ਲਫਜ਼ "ਕੱਢਿਆ ਜਾਵੇ, ਤੋਂ ਲੈ ਕੇ ਸਾਰੀ ਸੰਗਤ ਵਿੱਚ ਵਰਤਾ ਦੇਵੇ ਤੱਕ" ਕਟ ਦਿੱਤੇ ਜਾਣ ਤੇ ਇਹਨਾਂ ਦੀ ਥਾਂ ਅੱਗੇ ਦਰਜ ਲਫ਼ਜ਼ ਕਰ ਦਿੱਤੇ ਜਾਣ :- ਕਢ ਕੇ ਵਰਤਾਇਆ ਜਾਵੇ, ਉਪਰੰਤ।

ਤਰਮੀਮ ਨਾਲ ਜੋ ਲਫ਼ਜ਼ ਮਰਯਾਦਾ ਵਿਚੋਂ ਕੱਢੇ ਗਏ ਹਨ ਉਹ ਹਨ ***'ਕਢਿਆ ਜਾਵੇ। ਵਰਤਾਉਣ ਵਾਲਾ ਸਿੰਘ ਤਿਆਰ ਬਰ ਤਿਆਰ ਹੋਵੇ। ਉਹ ਕਿਸੇ ਕੋਲੋਂ ਪੁਛੇ ਨਾ ਕਿ ਕੀ ਤੂੰ ਤਿਆਰ ਬਰ ਤਿਆਰ ਹੈਂ ਜਾਂ ਨਹੀਂ, ਕੇਵਲ ਆਪ ਹੀ ਸੰਗਤਿ ਵਿਚ ਨਜ਼ਰ ਮਾਰ ਕੇ ਵੇਖ ਲਵੇ ਕਿ ਕਿਹੜਾ-ਕਿਹੜਾ ਰਹਿਤ ਵਿਚ ਪੱਕਾ ਦਿਸਦਾ ਹੈ। ਜੇ ਸੰਗਤਿ (ਜਿਸ ਵਿਚ ਤਾਬੇ ਬੈਠਾ ਸਿੰਘ ਭੀ ਸ਼ਾਮਲ ਹੈ) ਵਿਚ ਪੰਜਾਂ ਤੋਂ ਘਟ ਤਿਆਰ ਬਰ ਤਿਆਰ ਸਿੰਘ ਮਿਲਣ, ਤਾਂ ਜਿਤਨੇ ਹੋਣ ਉਨ੍ਹਾਂ ਨੂੰ ਵਰਤਾ ਕੇ ਬਾਕੀ ਛਾਂਦਾ ਕੜਾਹ ਪ੍ਰਸ਼ਾਦ ਦੀ ਦੇਗ ਵਿਚ ਰਲਾ ਕੇ ਸਾਰੀ ਸੰਗਤ ਵਿਚ ਵਰਤਾ ਦੇਵੇ'***

1945 ਵਿਚ ਮਤਾ ਪਾਸ ਕਰ ਕੇ ਇਸ ਸਾਰੇ ਦੀ ਬਜਾਇ ਸਿਰਫ਼ ਇਹ ਕਰ ਦਿੱਤਾ ਗਿਆ ਹੈ ਕਿ ***'ਪੰਜਾਂ ਪਿਆਰਿਆਂ ਦਾ ਗਫਾ ਕੱਢ ਕੇ ਵਰਤਾਇਆ ਜਾਵੇ।'***

ਵਿਆਖਿਆ

ਸਿੱਖ ਰਹਿਤ ਮਰਯਾਦਾ ਦੀ ਇਸ ਮੱਦ ਵਿਚ ਗੁਰਦੁਆਰਾ ਸਾਹਿਬ ਦੇ ਅੰਦਰ ਕੜਾਹ ਪ੍ਰਸ਼ਾਦਿ ਵਰਤਾਉਣ ਦੀ ਮਰਯਾਦਾ ਅਤੇ ਤਰੀਕਾ ਨਿਸਚਿਤ ਹੈ। 1936 ਵਿਚ ਪ੍ਰਸ਼ਾਦਿ ਵਰਤਾਉਣ ਬਾਰੇ ਮਰਯਾਦਾ ਦੇ ਮੁੱਖ ਅੰਸ਼ ਸਨ :

1. ਸੰਗਤ ਵਿਚ ਵਰਤਾਉਣ ਤੋਂ ਪਹਿਲਾਂ ਪੰਜ ਪਿਆਰਿਆਂ ਦਾ ਗੱਫਾ ਕਢਿਆ ਜਾਵੇ।
2. ਕੜਾਹ ਪ੍ਰਸ਼ਾਦਿ ਵਰਤਾਉਣ ਵਾਲਾ ਸਿੰਘ ਤਿਆਰ ਬਰ ਤਿਆਰ ਹੋਵੇ।
3. ਪੰਜਾਂ ਪਿਆਰਿਆਂ ਦਾ ਗੱਫਾ ਕੱਢ ਕੇ ਪੰਜਾਂ ਤਿਆਰ ਬਰ ਤਿਆਰ ਸਿੰਘਾਂ ਨੂੰ ਵਰਤਾਇਆ ਜਾਵੇ।
4. ਜੇ ਪੰਜ ਤੋਂ ਘਟ ਤਿਆਰ ਬਰ ਤਿਆਰ ਸਿੰਘ ਹੋਣ ਤਾਂ ਉਹਨਾਂ ਨੂੰ ਦੇ ਕੇ ਬਾਕੀ ਮੁੜ ਦੇਗ ਵਿਚ ਰਲਾ ਦਿੱਤਾ ਜਾਏ।

ਇਹ ਸਾਰੀਆਂ ਸ਼ਰਤਾਂ ਸਮਾਪਤ ਕਰ ਕੇ ਇਸ ਦੀ ਥਾਵੇਂ ਕਰ ਦਿੱਤਾ ਗਿਆ ਹੈ, ***'ਪੰਜਾਂ ਪਿਆਰਿਆਂ ਦਾ ਗੱਫਾ ਕੱਢ ਕੇ ਵਰਤਾਇਆ ਜਾਵੇ।'*** ਇਸ ਤਬਦੀਲੀ ਰਾਹੀਂ ਕੜਾਹ ਪ੍ਰਸ਼ਾਦਿ ਵਰਤਾਉਣ ਵਾਲੇ ਦਾ ਤਿਆਰ ਬਰ ਤਿਆਰ ਹੋਣ ਦੀ ਸ਼ਰਤ ਹਟਾ ਦਿੱਤੀ ਗਈ ਹੈ ਅਤੇ ਨਾਲ ਹੀ ਪੰਜਾਂ ਪਿਆਰਿਆ ਦਾ ਪ੍ਰਸ਼ਾਦਿ ਵੀ ਤਿਆਰ ਬਰ ਤਿਆਰ ਸਿੰਘਾਂ ਨੂੰ ਹੀ ਦੇਣ ਤੇ ਜੇਕਰ ਇਹ ਪੰਜ ਤੋਂ ਘਟ ਹੋਣ ਤਾਂ ਇਸ ਨੂੰ ਮੁੜ ਦੇਗ ਵਿਚ ਰਲਾ ਦੇਣ ਦੀ ਸ਼ਰਤ ਵੀ ਹਟਾ ਦਿੱਤੀ ਗਈ ਹੈ। ਪੰਥ ਵੱਲੋਂ ਪ੍ਰਵਾਨ ਕੀਤੀ ਗਈ 1936 ਵਾਲੀ ਸਿੱਖ ਰਹਿਤ ਮਰਯਾਦਾ ਖਾਲਸੇ ਦੀ ਚੜ੍ਹਦੀ ਕਲਾ ਦਰਸਾਉਣ ਅਤੇ ਕਾਇਮ ਰੱਖਣ ਦੀ ਜ਼ਾਮਨ ਸੀ। ਇਸ ਦੇ ਪ੍ਰਭਾਵ ਨੂੰ ਇਸ ਤਬਦੀਲੀ ਨਾਲ ਪੂਰੀ ਤਰ੍ਹਾਂ ਪੇਤਲਾ ਕਰ ਦਿੱਤਾ ਗਿਆ ਹੈ। ਪ੍ਰੰਪਰਾਵਾਂ ਕੌਮਾਂ ਦਾ ਵਿਰਸਾ ਹੁੰਦੀਆਂ ਹਨ ਅਤੇ ਇਹ ਸਦੀਆਂ ਵਿਚ ਤਿਆਰ ਹੁੰਦੀਆਂ ਹਨ। ਵਕਤੀ ਸਹੂਲਤ ਅਤੇ ਲੋਕਾ

SikhBookClub.com

ਚਾਰੀ ਲਈ ਇਹਨਾਂ ਨੂੰ ਮੁੜ ਮੁੜ ਤਬਦੀਲ ਨਹੀਂ ਕੀਤਾ ਜਾ ਸਕਦਾ। ਇਸ ਲਈ ਇਸ ਤਬਦੀਲੀ ਬਾਰੇ ਮੁੜ ਗੁਰੂ ਪੰਥ ਨੂੰ ਵਿਚਾਰ ਕਰਨ ਦੀ ਲੋੜ ਹੈ।

ਪ੍ਰਸ਼ਾਦਿ ਵਰਤਾਉਣ ਲੱਗਿਆਂ ਵਿਤਕਰਾ

1936 ਵਾਲੀ ਸਿੱਖ ਰਹਿਤ ਮਰਯਾਦਾ ਵਿਚ ਪ੍ਰਸ਼ਾਦਿ ਵਰਤਾਉਣ ਬਾਰੇ ਲਿਖਿਆ ਸੀ, ਸਭ ਸਿੱਖ ਅਣਸਿੱਖ, ਨੀਚ ਉਚ ਜਾਤ ਵਾਲੇ ਨੂੰ ਇਕੋ ਜਿਹਾ ਵਰਤਾਵੇ। ਕੜਾਹ ਪ੍ਰਸ਼ਾਦ ਵਰਤਾਣ ਵੇਲੇ ਸੰਗਤ ਵਿਚ ਬੈਠੇ ਕਿਸੇ ਮਨੁਖ ਤੋਂ ਜਾਤ ਪਾਤ ਜਾਂ ਛੂਆ ਛਾਤ ਦਾ ਖ਼ਿਆਲ ਕਰਕੇ ਗਿਲਾਨੀ ਨਹੀਂ ਕਰਨੀ ਚਾਹੀਦੀ।

1945 ਵਿਚ ਇਸ ਦੀ ਥਾਵੇਂ ਕਰ ਦਿੱਤਾ ਗਿਆ ***ਸਭ ਸਿੱਖ, ਗੈਰ ਸਿੱਖ, ਨੀਚ-ਉਚ ਜਾਤ ਵਾਲੇ ਨੂੰ ਇਕੋ ਜਿਹਾ ਵਰਤਾਵੇ। ਕੜਾਹ ਪ੍ਰਸ਼ਾਦਿ ਵਰਤਾਣ ਵੇਲੇ ਸੰਗਤ ਵਿਚ ਬੈਠੇ ਕਿਸੇ ਮਨੁੱਖ ਤੋਂ ਜਾਤ-ਪਾਤ, ਛੂਤ-ਛਾਤ ਦਾ ਖਿਆਲ ਕਰਕੇ ਗਿਲਾਨੀ ਨਹੀਂ ਕਰਨੀ ਚਾਹੀਦੀ।***

ਪ੍ਰਸ਼ਾਦਿ ਵਰਤਾਉਣ ਲੱਗਿਆਂ ਕਿਸੇ ਵੀ ਕਿਸਮ ਦਾ ਵਿਤਕਰਾ ਨਹੀਂ ਹੋਣਾ ਚਾਹੀਦਾ। ਇਸ ਬਾਰੇ ਰਹਿਤਨਾਮੇ ਦਾ ਆਦੇਸ਼ ਹੈ :

ਜੋ ਪ੍ਰਸਾਦ ਕੋ ਬਾਂਟ ਹੈ ਮਨ ਮੇ ਧਾਰੇ ਲੋਭ।
ਕਿਸ ਥੋੜਾ ਕਿਸਿ ਅੱਗਲਾ ਸਦਾ ਰਹੈ ਤਿਸ ਸੋਗ॥

(ਤਨਖਾਹਨਾਮਾ)

ਅਰਦਾਸੀਆ ਸਿੰਘ ਭਾਈ ਕੁਲਵਿੰਦਰ ਸਿੰਘ ਜੀ ਦੱਸ ਰਹੇ ਸਨ ਕਿ ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਵੀ ਸੰਗਤ ਵਿਚ ਚਾਰ ਵਾਰੀ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਜਾਂਦੀ ਹੈ—ਪਹਿਲੀ ਅੰਮ੍ਰਿਤ ਵੇਲੇ ਤਿੰਨ ਪਹਿਰਾ ਵੇਲੇ ਜਦੋਂ ਅਜੇ ਦਰਬਾਰ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਹੁੰਦਾ। ਪਿਛਲੇ ਸੱਤਰ ਸਾਲ ਤੋਂ ਇਹ ਦੇਗ ਬਾਬਾ ਸ਼ਾਮ ਸਿੰਘ ਜੀ ਦੇ ਡੇਰੇ ਤੋਂ ਆਂਦੀ ਹੈ। ਇਸ ਤੋਂ ਬਾਅਦ ਪਹਿਲੇ ਹੁਕਮਨਾਮੇ ਤੋਂ ਬਾਅਦ। ਇਕ ਵਾਰ ਫਿਰ ਬਾਰਾਂ ਵਜੇ ਤੋਂ ਬਾਅਦ ਅਤੇ ਫ਼ਿਰ ਰਾਤ ਗਿਆਰਾਂ ਵਜੇ ਸੁੱਕੀ ਸੇਵਾ ਉਪਰੰਤ ਵਿਛਾਈ ਤੋਂ ਬਾਅਦ। ਇਸ ਪਰੰਪਰਾ ਦਾ ਸੁਨੇਹਾ ਹੈ ਕਿ ਹਰ ਗੁਰਦੁਆਰੇ ਵਿਚ ਕੜਾਹ ਪ੍ਰਸ਼ਾਦਿ ਨੇਮ ਨਾਲ ਸੰਗਤ ਵਿਚ ਹੀ ਵਰਤਾਇਆ ਜਾਵੇ। ਪਰ ਹੁਣ ਵੇਖਣ ਵਿਚ ਆ ਰਿਹਾ ਹੈ ਕਿ ਕਈ ਥਾਵੇਂ ਪ੍ਰਬੰਧਕਾਂ ਵੱਲੋਂ ਦੀਵਾਨ ਹਾਲ ਦੇ ਅੰਦਰ ਪ੍ਰਸ਼ਾਦਿ ਵਰਤਾਉਣ ਦੀ ਮਰਯਾਦਾ ਨੂੰ ਹੀ ਬੰਦ ਕੀਤਾ ਜਾ ਰਿਹਾ ਹੈ। ਇਸ ਮਰਯਾਦਾ ਦੀ ਅਵੱਗਿਆ ਹੈ। ਇਸ ਵੱਲ ਧਿਆਨ ਦੇਣ ਦੀ ਲੋੜ ਹੈ।

ਤਾਬਿਆ ਬੈਠੇ ਸਿੰਘ ਲਈ ਪ੍ਰਸ਼ਾਦਿ

ਇਸ ਮੱਦ ਵਿਚ ਵਰਣਨ ਹੈ, ***'ਉਪ੍ਰੰਤ ਸੰਗਤ ਵਿਚ ਵਰਤਾਉਣ ਲੱਗਿਆ' ਪਹਿਲਾਂ ਤਾਬਿਆ ਬੈਠੇ[9] ਸਿੰਘ ਨੂੰ ਕਟੋਰੇ ਜਾਂ ਕੌਲ ਵਿਚ ਪਾ ਕੇ ਦੇਵੇ ਤੇ ਫਿਰ ਬਾਕੀ ਸੰਗਤ ਨੂੰ ਵਰਤਾਏ।'*** ਸੰਗਤ ਵਿਚ ਵਰਤਾਉਣ ਲੱਗਿਆਂ ਪਹਿਲਾਂ ਤਾਬਿਆ ਬੈਠੇ ਸਿੰਘ ਨੂੰ ਕਟੋਰੇ ਜਾਂ ਕੌਲ ਵਿਚ ਪਾ ਕੇ ਦੇਵੇ ਤੇ ਫਿਰ ਬਾਕੀ ਸੰਗਤ ਨੂੰ ਵਰਤਾਏ। ਇਸ ਮੁਤਾਬਕ ਤਾਬਿਆ ਦੀ ਸੇਵਾ ਕਰ ਰਹੇ

9. ਤਾਬਿਆ ਬੈਠੇ ਸਿੰਘ ਨੂੰ ਦੂਹਰਾ ਗੱਫਾ ਦੇਣਾ ਅਯੋਗ ਵਿਤਕਰਾ ਹੈ।

SikhBookClub.com

ਸਿੰਘ ਨੂੰ ਮਹਾਰਾਜ ਦੇ ਪੀੜ੍ਹੇ ਹੇਠ ਕੌਲ ਰੱਖਣ ਦੀ ਪਰੰਪਰਾ ਹੈ। ਇਹ ਪ੍ਰਸ਼ਾਦਿ ਗੁਰੂ ਗ੍ਰੰਥ ਸਾਹਿਬ ਨੂੰ ਭੇਟ ਨਹੀਂ ਕੀਤਾ ਜਾਂਦਾ ਬਲਕਿ ਤਾਬਿਆ ਬੈਠੇ ਸਿੰਘ ਲਈ ਹੀ ਹੁੰਦਾ ਹੈ।

ਕੜਾਹ ਪ੍ਰਸ਼ਾਦਿ ਦੀ ਦੇਗ ਗੁਰੂ ਦੀ ਕਿਰਪਾ ਬਖਸ਼ਿਸ਼ ਹੈ। ਇਸ ਨੂੰ ਸਤਿਕਾਰ ਨਾਲ ਦੋਨੋਂ ਹੱਥਾਂ ਦੀ ਬੁਕ ਵਿਚ ਲੈਣ ਦੀ ਮਰਯਾਦਾ ਹੈ। ਇਸ ਦੇ ਵਿਪਰੀਤ ਮਨੂ ਸਿਮਰਤੀ ਦੇ ਅਧਿਆਇ 4 ਦੇ ਸ਼ਲੋਕ 74 ਮੁਤਾਬਕ ਹੱਥਾਂ 'ਤੇ ਰੱਖ ਕੇ ਖਾਣ ਦੀ ਮਨਾਹੀ ਹੈ।

ਨ ਪਾਣਿਸਥੰ ਨ ਚਾਸਨੇ ॥੭੪॥
न पाणिस्थं न चासने॥९४॥

(ਸ) ਕੜਾਹ ਪ੍ਰਸ਼ਾਦਿ ਭੇਟਾ ਕਰਨ ਵੇਲੇ ਘੱਟ ਤੋਂ ਘੱਟ ਇਕ ਟਕਾ ਨਕਦ ਅਰਦਾਸ ਭੀ ਹੋਵੇ।
(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੯)

ਕੜਾਹ ਪ੍ਰਸ਼ਾਦਿ ਵਾਲੇ ਅਧਿਆਇ ਦੀ ਅਖ਼ੀਰਲੀ ਮੱਦ (ਸ) ਕੜਾਹ ਪ੍ਰਸ਼ਾਦਿ ਭੇਟਾ ਕਰਨ ਵੇਲੇ ਘੱਟ ਤੋਂ ਘੱਟ ਇਕ ਟਕਾ ਨਕਦ ਅਰਦਾਸ ਕਰਨ ਦੀ ਮਰਯਾਦਾ ਸੀ ਜੋ ਸਿੱਖ ਰਹਿਤ ਮਰਯਾਦਾ ਦਾ ਹਿੱਸਾ ਹੈ। ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਵੀ ਕੁੱਝ ਚਿਰ ਪਹਿਲਾਂ ਤਕ ਕੜਾਹ ਪ੍ਰਸ਼ਾਦਿ ਕਰਵਾਉਣ ਸਮੇਂ ਨਾਲ ਇਕ ਟਕਾ ਭੇਟਾ ਕਰਨ ਦੀ ਮਰਯਾਦਾ ਸੀ ਪਰ ਹੁਣ ਇਸ ਨੂੰ ਬੰਦ ਕਰ ਦਿੱਤਾ ਗਿਆ ਹੈ। ਇਸ ਪੁਰਾਤਨ ਪ੍ਰੰਪਰਾਗਤ ਮਰਯਾਦਾ ਦਾ ਸੰਦੇਸ਼ ਭਾਈ ਗੁਰਦਾਸ ਜੀ ਨੇ ਬਚਨ ਨੂੰ ਅਮਲੀ ਰੂਪ ਦੇਣਾ ਹੈ :

ਭਾਵਨੀ ਭਗਤਿ ਭਾਇ ਕਉਡੀ ਅਗ੍ਰਭਾਗਿ ਰਾਖੈ
ਤਾਹਿ ਗੁਰ ਸਰਬ ਨਿਧਾਨ ਦਾਨ ਦੇਤ ਹੈ।
ਸਤਿਗੁਰ ਦਇਆ ਨਿਧਿ ਮਹਿਮਾ ਅਗਾਧਿ ਬੋਧਿ
ਨਮੋ ਨਮੋ ਨਮੋ ਨਮੋ ਨੇਤ ਨੇਤ ਨੇਤ ਨੇਤ ਹੈ॥

(ਭਾਈ ਗੁਰਦਾਸ ਜੀ, ਕਬਿੱਤ ੧੧੧)

ਟਕੇ ਦਾ ਸਿੱਖ ਇਤਿਹਾਸ ਨਾਲ ਬੜਾ ਹੀ ਡੂੰਘਾ ਤਅੱਲਕ ਹੈ। ਗਜ਼ਨੀ ਦੇ ਬਜ਼ਾਰਾਂ ਵਿਚ ਟਕੇ ਟਕੇ ਵਿਕ ਰਹੀ ਹਿੰਦੁਸਤਾਨ ਦੀ ਅਸਮਤ ਨੂੰ ਹਟਕਣਾ ਇਹ ਪੰਥ ਦਾ ਮਾਣਮੱਤਾ ਇਤਿਹਾਸ ਹੈ। ਟਕਾ ਸਿੱਖ ਨੂੰ ਗੁਰਮਤਿ ਦੇ ਪੈਮਾਨੇ ਤੇ ਸਵੈਪੜਚੋਲ ਲਈ ਪ੍ਰੇਰਨਾ ਦਿੰਦਾ ਹੈ ਜਿਵੇਂ ਗੁਰੂ ਅਰਜਨ ਦੇਵ ਜੀ ਨੇ ਟਕੇ ਦੇ ਹਵਾਲੇ ਨਾਲ ਆਪਣੇ ਬਾਰੇ ਬਚਨ ਕੀਤੇ :

> *ਇਕ ਵੇਰ ਰਬਾਬੀਆਂ ਨੇ ਧੀ ਦੀ ਸ਼ਾਦੀ ਕਰਨ ਲਈ ਆਪ ਪਾਸੋਂ ਕੁੱਝ ਧਨ ਮੰਗਿਆ। ਆਪ ਨੇ ਇਕ ਟਕਾ ਦੇ ਕੇ ਕਿਹਾ, "ਇਹ ਗੁਰੂ ਨਾਨਕ ਦੇ ਨਾਮ ਦਾ ਟਕਾ ਹੈ, ਜੋ ਪਾਰਬ੍ਰਹਮ ਦਾ ਸਿਖ ਸੀ। ਫਿਰ ਦੂਸਰਾ ਦਿੱਤਾ ਤੇ ਕਿਹਾ ਕਿ ਇਹ ਗੁਰੂ ਅੰਗਦ ਦੇਵ ਜੀ ਦੇ ਨਾਂ ਦਾ ਟਕਾ ਹੈ, ਜੋ ਗੁਰੂ ਨਾਨਕ ਦਾ ਪੂਰਨ ਸਿਖ ਸੀ। ਇਸ ਤਰ੍ਹਾਂ ਫਿਰ ਗੁਰੂ ਅਮਰਦਾਸ ਜੀ ਦਾ ਤੇ ਚੌਥਾ ਟਕਾ ਗੁਰੂ ਰਾਮਦਾਸ ਜੀ ਦੇ ਨਾਮ ਦਾ ਦਿੱਤਾ। ਇਹ ਟਕੇ ਦੇ ਕੇ ਫਿਰ ਅੱਧਾ ਟਕਾ ਦੇਂਦਿਆਂ, ਗੁਰੂ ਜੀ ਨੇ ਨਿਮ੍ਰਤਾ ਨਾਲ ਕਿਹਾ ਕਿ ਇਹ 'ਦਾਸ ਅਰਜਨ' ਦਾ ਅੱਧਾ ਟਕਾ ਹੈ ਜੋ ਕਿ ਅਜੇ ਅੱਧਾ ਕੁ ਸਿਖ ਬਣ ਸਕਿਆ ਹੈ।"*

(ਸਾਡੇ ਗੁਰਦੇਵ, ਪਿਆਰਾ ਸਿੰਘ ਪਦਮ, ਪੰਨਾ ੬੪)

SikhBookClub.com

ਇਸੇ ਤਰ੍ਹਾਂ ਆਗਰੇ ਦੇ ਮੁਕਾਮ 'ਤੇ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਜਹਾਂਗੀਰ ਸ਼ਿਕਾਰ ਖੇਡਣ ਗਏ ਅਤੇ ਉਹਨਾਂ ਦੇ ਵੱਖਰੇ ਵੱਖਰੇ ਤੰਬੂ ਲੱਗੇ ਸਨ। ਇਕ ਗ਼ਰੀਬ ਘਾਹੀ ਭੁਲੇਖੇ ਨਾਲ ਜਹਾਂਗੀਰ ਦੇ ਖੇਮੇ ਵਿਚ ਚਲਾ ਗਿਆ ਅਤੇ ਪੂਰੇ ਸਤਿਕਾਰ ਨਾਲ ਇਕ ਟਕਾ ਮੱਥਾ ਟੇਕ ਕੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਮੇਰਾ ਜਨਮ ਮਰਨ ਨਿਵਾਰ ਦਿਉ। ਜਹਾਂਗੀਰ ਹੱਸ ਪਿਆ ਅਤੇ ਕਿਹਾ ਕਿ ਤੂੰ ਗ਼ਲਤ ਪਾਸੇ ਆ ਗਿਆ ਹੈਂ। ਗੁਰੂ ਹਰਿਗੋਬਿੰਦ ਜੀ ਦਾ ਤੰਬੂ ਪਰਲੇ ਪਾਸੇ ਹੈ। ਮੈਂ ਤੈਨੂੰ ਧਨ ਪਦਾਰਥ ਦੇ ਸਕਦਾ ਹਾਂ ਪਰ ਇਹ ਜੋ ਤੂੰ ਮੰਗ ਰਿਹਾ ਹੈਂ ਇਸ ਲਈ ਉਸ ਪਾਸੇ ਜਾ। ਉਸ ਘਾਹੀ ਨੇ ਉਹ ਟਕਾ ਚੁਕ ਲਿਆ। ਇਸ 'ਤੇ ਜਹਾਂਗੀਰ ਅਤੇ ਅਹਿਲਕਾਰਾਂ ਨੇ ਇਸ ਨੂੰ ਬਾਦਸ਼ਾਹ ਦੀ ਨਿਰਾਦਰੀ ਸਮਝਿਆ ਅਤੇ ਕਿਹਾ ਕਿ ਤੂੰ ਇਹ ਟਕਾ ਨਹੀਂ ਚੁਕ ਸਕਦਾ। ਇਸ ਦੇ ਬਦਲੇ ਜੋ ਤੈਨੂੰ ਚਾਹੀਦਾ ਹੈ ਉਹ ਤੂੰ ਲੈ ਸਕਦਾ ਹੈਂ। ਘਾਹੀ ਕਹਿਣ ਲੱਗਾ ਕਿ ਇਹ ਗੁਰੂ ਦੀ ਅਮਾਨਤ ਹੈ ਇਹ ਕੇਵਲ ਗੁਰੂ ਨੂੰ ਹੀ ਭੇਟਾ ਕੀਤੀ ਜਾ ਸਕਦੀ ਹੈ। ਕਿਤਨਾ ਵੱਡਾ ਸੁਨੇਹਾ ਹੈ ਕਿ ਗੁਰੂ ਨੂੰ ਭੇਟਾ ਕੀਤੇ ਜਾਣ ਵਾਲੇ ਟਕੇ ਦੀ ਕੀਮਤ ਬਾਦਸ਼ਾਹਾਂ ਦੇ ਖਜ਼ਾਨੇ ਵੀ ਨਹੀਂ ਲਗਾ ਸਕਦੇ।

ਜ਼ਰੂਰਤ ਹੈ ਸਿੱਖ ਰਹਿਤ ਮਰਯਾਦਾ ਦੀ ਕੜਾਹ ਪ੍ਰਸ਼ਾਦਿ ਭੇਟ ਕਰਨ ਸਮੇਂ ਨਾਲ ਇਕ ਟਕਾ ਨਕਦ ਅਰਦਾਸ ਕਰਨ ਦੀ ਪ੍ਰੰਪਰਾ ਅਤੇ ਮਰਯਾਦਾ ਨੂੰ ਮੁੜ ਸੁਰਜੀਤ ਕੀਤਾ ਜਾਏ। ਜੇ ਲੋੜ ਪਵੇ ਤਾਂ ਗੁਰੂ ਰਾਮਦਾਸ ਜੀ ਦੀ ਆਪਣੀ ਟਕਸਾਲ ਬਣਾ ਕੇ ਉਸ ਵਿਚੋਂ ਵਿਸ਼ੇਸ਼ ਟਕੇ ਘੜੇ ਜਾਣ।

5. ਗੁਰਬਾਣੀ ਦੀ ਕਥਾ

(ੳ) ਸੰਗਤ ਵਿਚ ਗੁਰਬਾਣੀ ਦੀ ਕਥਾ ਸਿੱਖ ਹੀ ਕਰੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੯)

ਵਿਆਖਿਆ

"ਸਭ ਤੇ ਊਤਮ ਹਰਿ ਕੀ ਕਥਾ ॥ ਨਾਮੁ ਸੁਨਤ ਦਰਦ ਦੁਖ ਲਥਾ ॥" (ਅੰਗ 265)
ਗੁਰਬਾਣੀ ਦੇ ਗੂੜ੍ਹ ਭਾਵ ਅਰਥ ਸਮਝਣ ਅਤੇ ਸ਼ਬਦ ਵਿਚਾਰ ਲਈ ਗੁਰੂ ਸਾਹਿਬ ਨੇ ਗੁਰਬਾਣੀ ਦੀ ਕਥਾ ਦੀ ਬਖਸ਼ਿਸ਼ ਕੀਤੀ ਹੈ। ਸਿੱਖ ਰਹਿਤ ਮਰਯਾਦਾ ਦੇ ਸ਼ਖਸੀ ਰਹਿਣੀ ਦੇ ਪਹਿਲੇ ਭਾਗ ਨਾਮ ਬਾਣੀ ਦਾ ਅਭਿਆਸ ਵਾਲੇ ਕਾਂਡ ਵਿਚ ਪੰਜਵੀਂ ਮੱਦ ਗੁਰਬਾਣੀ ਦੀ ਕਥਾ ਅੰਕਤ ਹੈ। ਇਸ ਅਧਿਆਇ ਦੇ ਤਿੰਨ ਹਿੱਸੇ ਹਨ ਜਿਹਨਾਂ ਵਿਚ ਦਰਸਾਇਆ ਗਿਆ ਹੈ ਕਿ (ੳ) ਗੁਰਬਾਣੀ ਦੀ ਕਥਾ ਕਰਨ ਦਾ ਅਧਿਕਾਰੀ ਕੌਣ ਹੈ, (ਅ) ਕਥਾ ਦਾ ਮਨੋਰਥ ਕੀ ਹੈ, ਅਤੇ (ੲ) ਕਥਾ ਕਿਹੜੇ ਗ੍ਰੰਥਾਂ ਦੀ ਹੋ ਸਕਦੀ ਹੈ?

ਹਰਿ ਕੀਆ ਕਥਾ ਕਹਾਣੀਆ ਮੇਰੇ ਪਿਆਰੇ ਸਤਿਗੁਰੂ ਸੁਣਾਈਆ ॥
ਗੁਰ ਵਿਟੜਿਅਹੁ ਹਉ ਘੋਲੀ ਮੇਰੇ ਪਿਆਰੇ ਜਿਨਿ ਹਰਿ ਮੇਲਾਈਆ ॥

(ਮ. ੪, ਅੰਗ ੪੫੨)

SikhBookClub.com

ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੇਵਲ ਕੀਰਤਨ ਕਰਨ ਦੀ ਮਰਯਾਦਾ ਹੈ ਪਰ ਇਸ ਦੇ ਨਾਲ ਹੀ ਮੰਜੀ ਸਾਹਿਬ ਵਿਖੇ ਨਿਤਾਪ੍ਰਤਿ ਆਸਾ ਜੀ ਕੀ ਵਾਰ ਦੇ ਕੀਰਤਨ ਉਪਰੰਤ ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਆਏ ਅੰਮ੍ਰਿਤ ਵੇਲੇ ਦੇ ਪਹਿਲੇ ਮਹਾਂਵਾਕ ਦੀ ਕਥਾ ਅਤੇ ਸ਼ਾਮ ਨੂੰ ਇਤਿਹਾਸਕ ਗ੍ਰੰਥਾਂ 'ਗੁਰ ਪ੍ਰਤਾਪ ਸੂਰਜ ਗ੍ਰੰਥ' ਅਤੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦੀ ਕਥਾ ਨੇਮ ਨਾਲ ਹੁੰਦੀ ਹੈ। ਇਸ ਕਥਾ ਦਾ ਦੇਸ਼ ਵਿਦੇਸ਼ ਦੀਆਂ ਸੰਗਤਾਂ ਲਾਭ ਪ੍ਰਾਪਤ ਕਰਦੀਆਂ ਹਨ।

ਗੁਰਬਾਣੀ ਦੀ ਕਥਾ ਦਾ ਅਧਿਕਾਰੀ

ਸਿੱਖ ਰਹਿਤ ਮਰਯਾਦਾ ਦੀ ਇਸ ਮੱਦ ਵਿਚ ਸਪਸ਼ਟ ਤੌਰ 'ਤੇ ਤਾਕੀਦ ਹੈ ਕਿ ਸੰਗਤ ਵਿਚ ਗੁਰਬਾਣੀ ਦੀ ਕਥਾ ਸਿੱਖ ਹੀ ਕਰੇ। ਗੁਰਮਤਿ ਅਨੁਸਾਰ ਕਥਾ ਅਤੇ ਕੀਰਤਨ ਗੁਰੂ ਵੱਲੋਂ ਧਾਰਮਿਕ ਉਪਦੇਸ਼ ਅਤੇ ਅਰਾਧਨਾ ਦੀ ਬਖਸ਼ਿਸ਼ ਦੇ ਢੰਗ ਹਨ। ਇਸ ਲਈ ਇਹ ਧਾਰਮਿਕ ਕਾਰਜ ਅਨ-ਮਤ ਵਾਲਾ ਕਰਨ ਦਾ ਅਧਿਕਾਰੀ ਨਹੀਂ ਹੋ ਸਕਦਾ। ਕਥਾ ਕੇਵਲ ਵਿਆਖਿਆਕਾਰੀ, ਲੱਫ਼ਾਜ਼ੀ ਜਾਂ ਵਾਕ ਕਲਾ ਦਾ ਪ੍ਰਗਟਾਵਾ ਨਹੀਂ ਹੈ। ਇਹ ਤਾਂ ਗੁਰੂ ਦੀ ਸੋਝੀ ਨੂੰ ਸੁਖੈਨ ਢੰਗ ਨਾਲ ਸਮਝਣ ਸਮਝਾਣ ਦੀ ਸੇਵਾ ਹੈ। ਜਿਹੜਾ ਸ਼ਖਸ ਖ਼ੁਦ ਹੀ ਗੁਰਮਤਿ ਵਿਚ ਦ੍ਰਿੜ੍ਹ ਨਹੀਂ ਹੈ ਅਤੇ ਦੀਦਾਰੀ ਤੌਰ 'ਤੇ ਸਿੱਖੀ ਤੋਂ ਦੂਰ ਹੈ ਉਹ ਕਿਸੇ ਹੋਰ ਨੂੰ ਗੁਰਮਤਿ ਵਲ ਕਿਵੇਂ ਪ੍ਰੇਰ ਸਕੇਗਾ। ਭਾਈ ਗੁਰਦਾਸ ਜੀ ਵੀ ਬਚਨ ਕਰਦੇ ਹਨ ਕਿ ਗੁਰੂ ਦੇ ਉਪਦੇਸ਼ ਧਾਰਨ ਕੀਤੇ ਬਿਨਾਂ ਐਸੀ ਵਾਕ ਚਤੁਰਾਈ ਨੂੰ ਧਿੱਕਾਰ ਹੈ।

ਜੈਸੇ ਚੀਲ ਪੰਛੀਨ ਮੈ ਉਡਤ ਅਕਾਸਚਾਰੀ
ਹੇਰੇ ਮ੍ਰਿਤ ਪਿੰਜਰਨ ਊਚੈ ਮਤੁ ਪਾਈ ਕੈ ॥
ਗਾਇਬੋ ਬਜਾਇਬੋ ਸੁਨਾਇਬੋ ਨ ਕਛੂ ਤੈਸੇ
ਗੁਰ ਉਪਦੇਸ ਬਿਨਾ ਧ੍ਰਿਗ ਚਤੁਰਾਈ ਕੈ ॥੬੩੧॥

(ਅ) ਕਥਾ ਦਾ ਮਨੋਰਥ ਗੁਰਮਤਿ ਦ੍ਰਿੜ੍ਹਾਉਣਾ ਹੀ ਹੋਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੯)

"ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ ॥ ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ ॥੧॥" (ਅੰਗ 725) ਰਹਿਤ ਮਰਯਾਦਾ ਦੀ ਇਸ ਦੂਸਰੀ ਮੱਦ ਵਿਚ ਸਪਸ਼ਟ ਹੈ ਕਿ ਕਥਾ ਦਾ ਮਨੋਰਥ ਕੇਵਲ ਗੁਰਮਤਿ ਦ੍ਰਿੜ੍ਹਾਉਣਾ ਹੈ। ਗੁਰਮਤਿ ਦ੍ਰਿੜ੍ਹ ਕਰਵਾਉਣ ਲਈ ਪਹਿਲਾਂ ਆਪ ਇਸ ਵਿਚ ਦ੍ਰਿੜ੍ਹ ਹੋਣਾ ਪਏਗਾ। ਗੁਰਮਤਿ ਕੀ ਹੈ ਇਸ ਦੀ ਵਿਸਥਾਰ ਸਹਿਤ ਵਿਆਖਿਆ ਸਿੱਖ ਰਹਿਤ ਮਰਯਾਦਾ ਦੇ ***ਗੁਰਮਤਿ ਦੀ ਰਹਿਣੀ*** ਵਾਲੇ ਭਾਗ ਵਿਚ ਦਿੱਤੀ ਹੋਈ ਹੈ। ਅਨ-ਮਤ ਅਤੇ ਮਨ-ਮਤ ਦਾ ਤਿਆਗ ਕਰ ਕੇ ਗੁਰਬਾਣੀ ਦੇ ਸ਼ਬਦ ਵਿਚਾਰ ਦੀ ਵਿਆਖਿਆ ਗੁਰ ਆਸ਼ੇ ਅਨੁਸਾਰ ਕਰਨ ਦਾ ਨਾਮ ਗੁਰਮਤਿ ਹੈ। ***"ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥"*** ਨੂੰ ਹਿਰਦੇ ਵਿਚ ਵਸਾਉਣ ਦਾ ਨਾਮ ਗੁਰਮਤਿ ਹੈ। ਕਥਾ ਦਾ ਨਿਸ਼ਾਨਾ ਗੁਰਬਰ ਅਕਾਲ ਜਾਂ ਗੁਰੂ ਬਰਾਬਰ

SikhBookClub.com

ਹੈ ਅਕਾਲ ਦੇ, ਮੁਤਾਬਕ ਗੁਰੂ ਨੂੰ ਵਾਹਿਗੁਰੂ ਦਾ ਸਰਗੁਣ ਸਰੂਪ ਸੁਦ੍ਰਿੜ ਕਰਾਣਾ ਹੈ। ਇਸ ਲਈ ਸ਼ਰਧਾ, ਵਿਸ਼ਵਾਸ, ਸਿਦਕ ਅਤ ਭਰੋਸਾ ਪੈਦਾ ਕਰਨਾ ਲਾਜ਼ਮੀ ਹੈ। ਕਥਾ ਦਾ ਮਨੋਰਥ ਗੁਰਮਤਿ ਦਾ ਪ੍ਰਚਾਰ ਅਤੇ ਮਨਮਤ ਦਾ ਪ੍ਰਹਾਰ ਕਰਨਾ ਹੈ। ਪਰ ਇਹ ਕਥਾ ਕਰਨ ਦੀ ਰਹਿਮਤ ਸਤਿਗੁਰੂ ਦੀ ਕਿਰਪਾ ਨਾਲ ਹੀ ਪ੍ਰਾਪਤ ਹੋ ਸਕਦੀ ਹੈ। ਜਿਸ ਲਈ ਅਰਦਾਸ ਹੀ ਕਰਨੀ ਬਣਦੀ ਹੈ।

ਚੌਪਈ॥ ਕਹਾ ਬੁਧਿ ਪ੍ਰਭ ਤੁਛ ਹਮਾਰੀ॥
ਬਰਨਿ ਸਕੈ ਮਹਿਮਾ ਜੁ ਤਿਹਾਰੀ॥
ਹਮ ਨ ਸਕਤ ਕਰਿ ਸਿਫਤ ਤੁਮਾਰੀ॥
ਆਪ ਲੇਹੁ ਤੁਮ ਕਥਾ ਸੁਧਾਰੀ॥੩॥

(ਸ੍ਰੀ ਦਸਮ ਗ੍ਰੰਥ, ਬਚਿਤ੍ਰ ਨਾਟਕ ੮)

ਪ੍ਰਸਿੱਧ ਕਥਾ ਵਾਚਕ ਗਿਆਨੀ ਅਜੀਤ ਸਿੰਘ ਜੀ ਰਤਨ ਕਿਹਾ ਕਰਦੇ ਹਨ ਕਿ ਕਥਾ ਦੇ ਢੰਗ ਤਰੀਕਿਆਂ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ—1. ਨਾਰਦ ਸ਼ੈਲੀ, ਤੰਤੀ ਸਾਜ਼ ਨਾਲ, ਜਿਵੇਂ ਭਾਈ ਮਰਦਾਨਾ ਜੀ। 2. ਵਿਆਸ ਸ਼ੈਲੀ, ਭਾਈ ਗੁਰਦਾਸ ਜੀ। 3. ਰੁੱਦ੍ਰ ਸ਼ੈਲੀ, ਢੱਡ ਸਾਰੰਗੀ ਨਾਲ, ਜਿਵੇਂ ਢਾਡੀ ਅਤੇ ਇਹਨਾਂ ਦੇ ਇਲਾਵਾ ਹੁਣ ਇਕ ਹੋਰ ਖ਼ਤਰਨਾਕ ਸ਼ੈਲੀ ਪ੍ਰਚਲਤ ਹੋ ਰਹੀ ਹੈ 4. ਮਰਕਟ ਸ਼ੈਲੀ - ਮਰਕਟ ਜਾਂ ਬਾਂਦਰ ਦੀ ਤਰ੍ਹਾਂ ਦਰਖ਼ਤਾਂ ਦੀਆਂ ਟਾਹਣੀਆਂ 'ਤੇ ਟਪੂਸੀਆਂ ਮਾਰੀ ਜਾਣੀਆਂ। ਇਸ ਵਿਚ ਨਾ ਸ਼ਬਦ ਦੀ ਵਿਚਾਰ, ਨਾ ਅਧਿਆਤਮਕਤਾ, ਨਾ ਸ਼ਰਧਾ, ਨਿਰੀ ਨਿੰਦਿਆ, ਨਾਸਤਿਕਤਾ ਅਤੇ ਕਿੰਤੂ-ਪ੍ਰੰਤੂ ਦੇ ਸਿਵਾ ਕੁੱਝ ਵੀ ਨਹੀਂ। ਐਸੀ ਬਿਰਤੀ ਬਾਰੇ ਕਲਗੀਧਰ ਪਿਤਾ ਫ਼ੁਰਮਾਂਦੇ ਹਨ :

ਅਰਥਹ ਛਾਡਿ ਅਨਰਥ ਬਤਾਵਤ॥
ਧਰਮ ਕਰਮ ਚਿਤਿ ਏਕ ਨ ਲਿਆਵਤ॥
ਕਰਮ ਧਰਮ ਕੀ ਕ੍ਰਿਆ ਭੁਲਾਵਤ॥
ਜਹਾ ਤਹਾ ਆਰਿਸਟ ਬਤਾਵਤ॥੮੪॥

(ਸ੍ਰੀ ਦਸਮ ਗ੍ਰੰਥ, ਨਿਹਕਲੰਕ ਅਵਤਾਰ)

"ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ॥" (ਮ. ੫, ਅੰਗ 381) ਇਸ ਬਾਰੇ ਸਿੱਖਾਂ ਦੀ ਭਗਤ ਮਾਲਾ ਵਿਚ ਇਕ ਬਹੁਤ ਹੀ ਪ੍ਰੇਰਨਾਦਾਇਕ ਸਾਖੀ ਅੰਕਤ ਹੈ। ਭਾਈ ਬਾਲਾ ਝਿੰਗਰਣ ਅਤੇ ਭਾਈ ਕਿਸ਼ਨਾ ਝਿੰਗਰਣ ਗੁਰੂ ਅਰਜਨ ਦੇਵ ਜੀ ਪਾਸ ਆਏ ਤੇ ਬੇਨਤੀ ਕੀਤੀ ਕਿ ਉਹ ਖਟ ਸ਼ਾਸਤ੍ਰ ਅਤੇ ਪੁਰਾਣਾਂ ਦੇ ਵਕਤੇ ਹਨ, ਤੇ ਲੋਕਾਂ ਨੂੰ ਰਿਝਾ ਲੈਂਦੇ ਹਨ ਪਰ ਉਹਨਾਂ ਦੇ ਆਪਣੇ ਮਨ ਨੂੰ ਸ਼ਾਂਤੀ ਨਹੀਂ ਮਿਲ ਰਹੀ। ਸਤਿਗੁਰ ਸੱਚੇ ਪਾਤਸ਼ਾਹ ਜੀ ਨੇ ਬਚਨ ਕੀਤੇ—***ਜੈਸੇ ਹੋਰਨਾਂ ਦੇ ਸੁਣਾਵਣ ਦੀ ਸਿਆਣਪ ਕਰਦੇ ਹੋ ਤੈਸੇ ਆਪਣੇ ਮਨ ਨੂੰ ਭੀ ਸਮਝਾਵਹੁ, ਤਾਂ ਤੁਸਾਡਾ ਰਤ ਕਲਿਆਣੁ ਹੋਵੈਗਾ, ਤੇ ਸ਼ਾਂਤਿ ਨੂੰ ਪ੍ਰਾਪਤਿ ਹੋਵੋਗੇ। ਤਾਂ ਓਨ੍ਹਾਂ ਜਬ ਆਪਣੇ ਮਨ ਨੂੰ ਸਮਝਾਇਆ ਤਾਂ ਸ਼ਾਂਤਿ ਓਨ੍ਹਾਂ ਨੂੰ ਆਈ। ਇਸ***

SikhBookClub.com

ਵਾਸਤੇ ਓਨ੍ਹਾਂ ਦਾ ਕਲਿਆਣੁ ਹੋਆ ॥35॥

ਸਪਸ਼ਟ ਹੈ ਕਿ ਕਥਾ ਦਾ ਮਨੋਰਥ ਗੁਰਮਤਿ ਨੂੰ ਦ੍ਰਿੜ੍ਹ ਕਰਵਾਉਣਾ ਹੈ। ਗੁਰਮਤਿ ਕੀ ਹੈ , ਇਹ ਵਿਸਥਾਰ ਸਹਿਤ ਸਿੱਖ ਰਹਿਤ ਮਰਯਾਦਾ ਵਿਚ ਅੰਕਤ ਹੈ। ਕਥਾ ਗੁਰਮਤਿ ਦੇ ਮੰਡਨ ਜਾਂ ਇਸ ਦੀ ਪ੍ਰੋੜਤਾ ਲਈ ਹੋ ਸਕਦੀ ਹੈ, ਇਸਦੇ ਖੰਡਣ ਜਾਂ ਨਾਸਤਿਕਤਾ ਅਤੇ ਹੁੱਜਤਾਂ ਦੀ ਨਹੀਂ। ਹੁਣ ਜੇਕਰ ਕੋਈ ਇਹਨਾਂ ਦੇ ਵਿਰੁੱਧ ਪ੍ਰਚਾਰ ਕਰਦਾ ਹੈ ਤਾਂ ਗੁਰਮਤਿ ਨਹੀਂ ਬਲਕਿ ਗੁਰਮਤਿ ਦੇ ਨਾਮ ਤੇ ਮਨ-ਮਤ ਜਾਂ ਹੂੜਮਤ ਹੈ। ਇਸ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਗੁਰਦੁਆਰੇ ਦੀ ਸਟੇਜ ਗੁਰਮਤਿ ਦੇ ਪ੍ਰਚਾਰ ਅਤੇ ਮਨ-ਮਤ ਦੇ ਪ੍ਰਹਾਰ ਲਈ ਹੀ ਵਰਤੀ ਜਾ ਸਕਦੀ ਹੈ।

(ੲ) ਕਥਾ ਦਸ ਗੁਰੂ ਸਾਹਿਬਾਨ ਦੀ ਬਾਣੀ ਜਾਂ ਭਾਈ ਗੁਰਦਾਸ, ਭਾਈ ਨੰਦ ਲਾਲ ਜਾਂ ਕਿਸੇ ਹੋਰ ਪ੍ਰਮਾਣਿਕ ਪੰਥਕ ਪੁਸਤਕ ਜਾਂ ਇਤਿਹਾਸ ਦੀਆਂ ਪੁਸਤਕਾਂ (ਜੋ ਗੁਰਮਤਿ ਅਨੁਕੂਲ ਹੋਣ) ਦੀ ਹੋ ਸਕਦੀ ਹੈ, ਪਰ ਅਨਮਤ ਦੀ ਕਿਸੇ ਪੁਸਤਕ ਦੀ ਨਹੀਂ ਹੋ ਸਕਦੀ। ਹਾਂ ਪ੍ਰਮਾਣ ਕਿਸੇ ਮਹਾਤਮਾਂ ਜਾਂ ਪੁਸਤਕ ਦੀ ਉੱਤਮ ਸਿਖਿਆ ਦਾ ਲਿਆ ਜਾ ਸਕਦਾ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੯)

ਕਥਾ ਕਿਹੜੇ ਗ੍ਰੰਥਾਂ ਦੀ ਹੋ ਸਕਦੀ ਹੈ ਅਤੇ ਕਿਹਨਾਂ ਦੀ ਨਹੀਂ ਹੋ ਸਕਦੀ ਇਸ ਬਾਰੇ ਸਿੱਖ ਰਹਿਤ ਮਰਯਾਦਾ ਦੀ ਇਸ ਮੱਦ ਵਿਚ ਸਪਸ਼ਟ ਤੌਰ 'ਤੇ ਅੰਕਤ ਕੀਤਾ ਗਿਆ ਹੈ। ਇਸ ਅਨੁਸਾਰ ਕਥਾ ਦਸ ਗੁਰੂ ਸਾਹਿਬਾਨ ਦੀ ਬਾਣੀ (ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ), ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ ਅਤੇ ਪ੍ਰਮਾਣਿਕ ਪੁਸਤਕਾਂ ਦੀ ਹੋ ਸਕਦੀ ਹੈ।

'ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ' ਪੁਸਤਕ ਦੇ ਪੰਨਾ 111 'ਤੇ ਗ੍ਰੰਥੀ ਸਿੰਘ ਦੀ ਯੋਗਤਾ ਬਿਆਨ ਕਰਦਿਆਂ ਇਹਨਾਂ ਗ੍ਰੰਥਾਂ ਦੀ ਸੂਚੀ ਵਿਸਥਾਰ ਸਹਿਤ ਦਰਜ ਕੀਤੀ ਗਈ ਹੈ। ਇਸ ਅਨੁਸਾਰ :

> ***ਗ੍ਰੰਥੀ/ਕਥਾ ਕਰਣ ਵਾਲਾ, "ਗੁਰਬਾਣੀ ਦਾ ਬੋਧ ਤੇ ਗੁਰਮਤਿ ਵਿੱਚ ਨਿਪੁੰਨਤਾ ਹੋਵੇ ਭਾਵ ਸਿੱਖ ਧਰਮ ਦੇ ਧਾਰਮਕ ਇਤਿਹਾਸਕ ਸਾਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ, ਸ੍ਰੀ ਗੁਰੂ ਨਾਨਕ ਪ੍ਰਕਾਸ਼, ਸ੍ਰੀ ਗੁਰ ਪ੍ਰਤਾਪ ਸੂਰਜ, ਸ੍ਰੀ ਗੁਰੂ ਪੰਥ ਪ੍ਰਕਾਸ਼ (ਦੋਵੇਂ), ਸ੍ਰੀ ਗੁਰ ਬਿਲਾਸ ਪਾ: 6 ਤੇ ਪਾ: 10, ਜਨਮ ਸਾਖੀਆਂ, ਤਵਾਰੀਖ ਗੁਰੂ ਖਾਲਸਾ ਤੇ ਹੋਰ ਗੁਰਮਤਿ ਵਿਆਖਿਆਕਾਰਾਂ ਦੇ ਸਾਹਿਤ ਤੋਂ ਭਲੀ ਪ੍ਰਕਾਰ ਜਾਣੂ ਹੋਵੇ। ਦੂਸਰੇ ਮੱਤਾਂ ਤੇ ਗੁਰਮਤਿ ਦਾ ਤੁਲਨਾਤਮਕ ਅਧਿਐਨ ਕਰ ਕੇ ਗੁਰਮਤਿ ਦੀਆਂ ਵਿਸ਼ੇਸ਼ਤਾਵਾਂ ਤੋਂ ਮਨਮਤੀਆਂ ਨੂੰ ਜਾਣੂ ਕਰਵਾ ਸਕਦਾ ਹੋਵੇ। ਗੁਰਬਾਣੀ ਦੀ ਕਥਾ ਤੇ ਵਿਖਿਆਨ ਕਰਨ ਵਿੱਚ ਪ੍ਰਬੀਨ ਹੋਵੇ ਭਾਵ ਟਕਸਾਲੀ, ਅਖੰਡ ਪਾਠੀ ਤੇ ਗਿਆਨੀ ਹੋਵੇ। ਆਵਾਜ਼ ਵਿੱਚ ਸੁਰੀਲਾਪਨ ਹੋਵੇ। ਸੁੰਦਰ, ਸਵੱਛ, ਸਾਦਾ, ਸਫ਼ੈਦ ਪੁਸ਼ਾਕ ਦਾ ਧਾਰਨੀ ਹੋਵੇ ਜਿਸ ਦੇ***

SikhBookClub.com

ਦਰਸ਼ਨਾਂ ਤੋਂ ਦੈਵੀ ਪੁਰਸ਼ਾਂ ਵਾਲਾ ਪ੍ਰਭਾਵ ਪਵੇ।"

(ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ, ਪੰਨਾ ੧੧੧)

ਇਸ ਤਰ੍ਹਾਂ ਸਪਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਦੇ ਸਾਹਿਬ ਦੇ ਨਾਲ ਪੰਥਕ ਗ੍ਰੰਥਾਂ ਅਤੇ ਪ੍ਰਵਾਨਤ ਗ੍ਰੰਥਾਂ ਦੀ ਕਥਾ ਤਾਂ ਹੋ ਸਕਦੀ ਹੈ ਪਰ ਜੇਕਰ ਕੋਈ ਇਹਨਾਂ ਧਾਰਮਿਕ ਗ੍ਰੰਥਾਂ 'ਤੇ ਕਿੰਤੂ ਪਰੰਤੂ ਕਰਦਾ ਹੈ ਤਾਂ ਉਹ ਸੰਗਤ ਵਿਚ ਕਥਾ ਕਰਨ ਦਾ ਅਧਿਕਾਰੀ ਨਹੀਂ ਹੈ। ਜੇਕਰ ਕੋਈ ਇਹਨਾਂ ਗ੍ਰੰਥਾਂ ਵਿਚ ਪ੍ਰਬੀਨਤਾ ਨਹੀਂ ਰਖਦਾ ਤਾਂ ਨਿਸਚਿਤ ਤੌਰ ਤੇ ਕਲਗੀਧਰ ਪਿਤਾ ਦੇ ਬਚਨਾਂ ਅਨੁਸਾਰ, ***ਕਰੈ ਨਿਤ ਅਨਰਥੰ ਸਮਰਥੰ ਨ ਏਤੀ ॥*** (24 ਅਵਤਾਰ ਨਿਹਕਲੰਕ 59)। ਇਸ ਦੇ ਨਾਲ ਇਹ ਵੀ ਸਪਸ਼ਟ ਹੈ ਕਿ ਕਥਾ ਕਿਸੇ ਵੀ ਅਨ-ਮਤ ਦੀ ਪੁਸਤਕ ਦੀ ਨਹੀਂ ਹੋ ਸਕਦੀ, ਹਾਂ ਗੁਰਮਤਿ ਦ੍ਰਿੜ ਕਰਵਾਉਣ ਲਈ ਇਹਨਾਂ ਅਤੇ ਹੋਰ ਸਾਹਿਤਕ ਪੁਸਤਕਾਂ ਦੇ ਹਵਾਲੇ ਲਏ ਜਾ ਸਕਦੇ ਹਨ।

6. ਵਖਿਆਨ

ਗੁਰਦੁਆਰੇ ਵਿਚ ਗੁਰਮਤਿ ਤੋਂ ਵਿਰੁੱਧ ਕੋਈ ਵਖਿਆਨ ਨਹੀਂ ਹੋ ਸਕਦਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੯)

ਗੁਰਮਤਿ ਦ੍ਰਿੜ ਕਰਵਾਉਣ ਲਈ ਮਰਯਾਦਾ ਵਿਚ ਕੀਰਤਨ, ਕਥਾ ਅਤੇ ਵਖਿਆਨ ਨਿਰਧਾਰਤ ਹਨ। ਕੀਰਤਨ ਗੁਰੂ ਸਾਹਿਬ ਨੇ ਖ਼ੁਦ ਵੀ ਸਾਜ਼ਾਂ ਨਾਲ ਕੀਤਾ ਹੈ। ਇਸ ਦੇ ਇਲਾਵਾ ਸ਼ਬਦ ਵਿਚਾਰ ਲਈ ਕਥਾ ਪ੍ਰਵਾਨ ਹੋਈ। ਇਹਨਾਂ ਦੋਨਾਂ ਤੋਂ ਇਲਾਵਾ ਇਤਿਹਾਸ ਦੀ ਜਾਣਕਾਰੀ ਲਈ ਵਖਿਆਨ ਦੀ ਮਰਯਾਦਾ ਪੰਥ ਨੇ ਨਿਰਧਾਰਤ ਕੀਤੀ ਹੈ। ਕੀਰਤਨ ਅਤੇ ਕਥਾ ਨਾਲ ਧਾਰਮਿਕ ਗਿਆਨ ਅਤੇ ਪੰਥਕ ਮਸਲੇ ਅਤੇ ਮੁੱਦੇ ਵਖਿਆਨ ਰਾਹੀਂ ਹੀ ਦ੍ਰਿੜ ਕੀਤੇ ਜਾ ਸਕਦੇ ਹਨ। ਸਿੱਖ ਰਹਿਤ ਮਰਯਾਦਾ ਦੇ ਅਰੰਭ ਵਿਚ ਹੀ ਅੰਕਤ ਕੀਤਾ ਗਿਆ ਹੈ ਕਿ ਸਿੱਖ ਦੀ ਜ਼ਿੰਦਗੀ ਦੇ ਦੋ ਪੱਖ ਹਨ— ਸ਼ਖਸੀ ਅਤੇ ਪੰਥਕ। ਇਸ ਪੰਥਕ ਜੀਵਨ ਲਈ ਗੁਰਦੁਆਰਿਆਂ ਵਿਚ ਵਖਿਆਨ ਦੀ ਲੋੜ ਪਹਿਲਾਂ ਨਾਲੋਂ ਵੱਧ ਹੈ।

ਪਰ ਜਿਵੇਂ ਕਥਾ ਦੇ ਦੌਰਾਨ ਵੀ ਕਈ ਵਾਰ ਜ਼ਾਬਤੇ ਦੀ ਘਾਟ ਕਾਰਨ ਮਨ-ਮਤ ਅਧੀਨ ਬਹੁਤ ਕੁੱਝ ਗੁਰਮਤਿ ਦੇ ਵਿਰੁੱਧ ਵੇਖਣ ਵਿਚ ਆਉਂਦਾ ਹੈ ਇਸ ਲਈ ਇੱਥੇ ਵਖਿਆਨ ਬਾਰੇ ਵੀ ਤਾਕੀਦ ਕੀਤੀ ਗਈ ਹੈ ਕਿ ਗੁਰਦੁਆਰੇ ਵਿਚ ਗੁਰਮਤਿ ਤੋਂ ਵਿਰੁੱਧ ਕੋਈ ਵਖਿਆਨ ਨਹੀਂ ਹੋ ਸਕਦਾ। ਗੁਰਦੁਆਰੇ ਦੀ ਸਟੇਜ ਪੰਥਕ ਕਾਰਜਾਂ, ਪੰਥ ਦੇ ਭਲੇ ਲਈ, ਪੰਥਕ ਪ੍ਰਚਾਰ ਲਈ ਅਤੇ ਪੰਥ ਵਿਰੋਧੀਆਂ ਦੇ ਵਿਰੁੱਧ ਪ੍ਰਹਾਰ ਲਈ ਵਰਤੀ ਜਾ ਸਕਦੀ ਹੈ।

ਕੀਰਤਨ, ਕਥਾ ਅਤੇ ਵਖਿਆਨ ਦੇ ਇਲਾਵਾ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਲਈ ਪੰਥ ਨੇ ਦੋ ਹੋਰ ਢੰਗ ਵੀ ਅਪਣਾਏ ਹਨ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਪੰਥ ਨੂੰ ਢਾਡੀ ਦਿੱਤੇ ਅਤੇ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਨੇ ਕਵੀ। ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਢਾਡੀ ਪ੍ਰੰਪਰਾ ਅਰੰਭ ਕੀਤੀ ਅਤੇ ਕਲਗੀਧਰ

SikhBookClub.com

ਪਿਤਾ ਨੇ 52 ਕਵੀਆਂ ਰਾਹੀਂ ਕਵੀ ਦਰਬਾਰਾਂ ਦੀ ਪ੍ਰੰਪਰਾ ਦਾ ਅਰੰਭ ਕੀਤਾ। ਇਸ ਤਰ੍ਹਾਂ ਕੀਰਤਨ, ਕਥਾ, ਵਖਿਆਨ ਦੇ ਨਾਲ ਢਾਡੀ ਅਤੇ ਕਵੀਸ਼ਰ ਪੰਥਕ ਪ੍ਰਚਾਰ ਦਾ ਹਿੱਸਾ ਰਹੇ ਹਨ। ਪਰ ਗੁਰਦੁਆਰਾ ਸਾਹਿਬ ਵਿਚ ਕੀਰਤਨ, ਕਥਾ ਅਤੇ ਵਖਿਆਨ ਨੂੰ ਲਾਜ਼ਮੀ ਕਰਾਰ ਦਿੱਤਾ ਗਿਆ ਹੈ।

7. ਗੁਰਦੁਆਰੇ ਦਾ ਪ੍ਰੋਗਰਾਮ

ਗੁਰਦੁਆਰੇ ਵਿਚ ਸੰਗਤ ਦਾ ਪ੍ਰੋਗਰਾਮ ਆਮ ਤੌਰ 'ਤੇ ਇਉਂ ਹੁੰਦਾ ਹੈ :-
ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਕੀਰਤਨ, ਕਥਾ, ਵਖਿਆਨ, ਅਨੰਦ ਸਾਹਿਬ, ਅਰਦਾਸ, ਫ਼ਤਹ, ਸਤਿ ਸ੍ਰੀ ਅਕਾਲ ਦਾ ਜੈਕਾਰਾ ਤੇ ਹੁਕਮ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੯)

ਸ਼ਖਸੀ ਰਹਿਣੀ ਦੇ **'ਨਾਮ ਬਾਣੀ ਦਾ ਅਭਿਆਸ'** ਦਾ ਇਹ ਆਖਰੀ ਕਾਂਡ ਹੈ। ਇਸ ਵਿਚ ਗੁਰਦੁਆਰਾ ਸਾਹਿਬ ਵਿਚ ਸੰਗਤ ਦੇ ਆਮ ਤੌਰ 'ਤੇ ਰੋਜ਼ਾਨਾ ਦੇ ਪਰੋਗਰਾਮ ਬਾਰੇ ਦੱਸਿਆ ਗਿਆ ਹੈ। ਇਸ ਅਨੁਸਾਰ ਗੁਰਦੁਆਰਾ ਸਾਹਿਬ ਵਿਚ ਅਰੰਭਤਾ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਉਪਰੰਤ ਕੀਰਤਨ, ਕਥਾ ਅਤੇ ਵਖਿਆਨ ਹੈ। ਇਸ ਦੇ ਬਾਅਦ ਅਨੰਦ ਸਾਹਿਬ ਦਾ ਪਾਠ, ਅਰਦਾਸ, ਫ਼ਤਹਿ ਅਤੇ ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾਉਣ ਦਾ ਹੁਕਮ ਹੈ। ਅਖ਼ੀਰ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲੈਣਾ ਹੈ। ਹਰ ਗੁਰਦੁਆਰਾ ਸਾਹਿਬ ਵਿਚ ਉਕਤ ਪਰੋਗਰਾਮ ਦੇ ਇਸ ਤਰੀਕੇ ਨੂੰ ਅਮਲ ਵਿਚ ਲਿਆਉਣ ਨਾਲ ਇਕ ਸੁਨੇਹਾ ਜਾਂਦਾ ਹੈ ਕਿ 'ਜਹਾਂ ਜਹਾਂ ਖਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ' ਦੇ ਮੁਤਾਬਕ ਸਾਰਾ ਪੰਥ ਇਕਸੂਤਰ ਵਿਚ ਪਰੋਇਆ ਹੋਇਆ ਹੈ।

ਸੰਗਤ ਵਿਚ ਕੀਰਤਨ ਕਥਾ ਵਖਿਆਨ ਦੀ ਮਰਯਾਦਾ ਅੰਕਤ ਕੀਤੀ ਗਈ ਹੈ। ਹਾਲਾਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬਾਕਾਇਦਾ ਢਾਡੀ ਵਾਰਾਂ ਗਾਇਨ ਦੀ ਪ੍ਰੰਪਰਾ ਹੈ ਅਤੇ ਕਈ ਹੋਰ ਗੁਰਦੁਆਰਾ ਸਾਹਿਬ ਵਿਚ ਵੀ ਇਸ ਤਰ੍ਹਾਂ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਬਾਅਦ ਪੰਥ ਨੂੰ ਢਾਡੀ ਵਾਰਾਂ ਮਿਲੀਆਂ ਅਤੇ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਦੇ ਬਾਅਦ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪੰਥ ਨੂੰ ਕਵੀ ਦਰਬਾਰ ਦਿੱਤੇ। ਪਰ ਇੱਥੇ ਮਰਯਾਦਾ ਵਿਚ ਇਸਦਾ ਜ਼ਿਕਰ ਨਹੀਂ ਹੈ। ਇਹ ਵੀ ਵਿਚਾਰ ਮੰਗਦੀ ਹੈ।

ਇੱਥੇ ਇਕ ਗੱਲ ਵਿਸ਼ੇਸ਼ ਵਿਚਾਰ ਦੀ ਮੰਗ ਕਰਦੀ ਹੈ। ਗੁਰਦੁਆਰਾ ਸਾਹਿਬ ਵਿਚ ਕੀਰਤਨ, ਕਥਾ ਅਤੇ ਵਖਿਆਨ ਕਰਨ ਦਾ ਵਿਧਾਨ ਹੈ। ਕੀਰਤਨ ਰਾਗਾਂ ਵਿਚ ਗਾਇਨ ਕਰਨਾ ਜਾਂ ਸ਼ਬਦਾਂ ਨੂੰ ਜੋਟੀਆਂ ਨਾਲ ਪੜ੍ਹਨਾ ਹੁੰਦਾ ਹੈ, ਕਥਾ ਗੁਰਬਾਣੀ ਦੇ ਸ਼ਬਦ ਦੀ ਵਿਚਾਰ ਹੈ, ਉਪਰੰਤ 'ਵਖਿਆਨ' ਜਾਂ ਲੈਕਚਰ ਰਾਹੀਂ ਗੁਰਬਾਣੀ, ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਅਤੇ ਪੰਥਕ ਮੁੱਦਿਆਂ ਦੀ ਵਿਆਖਿਆ ਕੀਤੀ ਜਾ ਸਕਦੀ ਹੈ। ਕਥਾ ਅਤੇ ਕੀਰਤਨ ਵਿਚ ਪੰਥਕ ਮੁੱਦਿਆਂ ਨੂੰ ਛੋਹਿਆ ਤਾਂ ਜਾ ਸਕਦਾ ਹੈ ਪਰ ਇਸ ਦੀ

SikhBookClub.com

ਵਿਆਖਿਆ ਨਹੀਂ ਕੀਤੀ ਜਾ ਸਕਦੀ । ਇਹ ਵਖਿਆਨ ਵਿਚ ਹੀ ਸੰਭਵ ਹੈ। ਇਸ ਤਰ੍ਹਾਂ ਕੀਰਤਨ, ਕਥਾ ਅਤੇ ਵਖਿਆਨ ਰਾਹੀਂ ਸਿੱਖ ਦੀ ਸ਼ਖਸੀਅਤ ਦੇ ਸ਼ਖਸੀ ਅਤੇ ਪੰਥਕ ਦੋਨਾਂ ਪੱਖਾਂ ਨੂੰ ਅਗਵਾਈ ਮਿਲਦੀ ਹੈ। 1984 ਤੋਂ ਪਹਿਲਾਂ ਮੰਜੀ ਸਾਹਿਬ ਤੋਂ ਵਖਿਆਨ ਜਾਂ ਲੈਕਚਰ ਹੁੰਦੇ ਸਨ ਜਿਹਨਾਂ ਵਿਚ ਪੰਥ ਨੂੰ ਦਰਪੇਸ਼ ਮਸਲਿਆਂ ਬਾਰੇ ਸੰਗਤ ਨੂੰ ਜਾਣਕਾਰੀ ਦਿੱਤੀ ਜਾਂਦੀ ਸੀ। ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਦੇ ਬਾਅਦ ਇਹ ਸਿਲਸਿਲਾ ਕਾਫ਼ੀ ਹੱਦ ਤਕ ਘਟ ਗਿਆ ਹੈ। ਗੁਰਦੁਆਰਿਆਂ ਵਿਚ 'ਵਖਿਆਨ' ਜਾਂ ਲੈਕਚਰ ਦਾ ਹੌਲੇ ਹੌਲੇ ਘਟਦਾ ਜਾਣਾ ਚਿੰਤਾ ਦਾ ਵਿਸ਼ਾ ਹੈ। ਇਸਨੂੰ ਮੁੜ ਸੁਰਜੀਤ ਕਰਣ ਦੀ ਲੋੜ ਹੈ। ਇਸ ਤੋਂ ਵੀ ਜ਼ਿਆਦਾ ਚਿੰਤਾ ਦੀ ਗੱਲ ਇਹ ਹੈ ਕਿ ਹੁਣ ਤਾਂ ਕਈ ਗੁਰਦੁਆਰਿਆਂ ਅਤੇ ਧਾਰਮਿਕ ਦੀਵਾਨਾਂ ਵਿਚ ਕਥਾ ਦੀ ਪ੍ਰਥਾ ਵੀ ਬੰਦ ਕਰ ਦਿੱਤੀ ਗਈ ਹੈ।

੨. ਗੁਰਮਤਿ ਦੀ ਰਹਿਣੀ

ਸਿੱਖ ਦੀ ਆਮ-ਰਹਿਣੀ, ਕ੍ਰਿਤ-ਵਿਰਤ, ਗੁਰਮਤਿ ਅਨੁਸਾਰ ਹੋਵੇ । ਗੁਰਮਤਿ ਇਹ ਹੈ :-

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੯)

ਵਿਆਖਿਆ

ਸਿੱਖ ਰਹਿਤ ਮਰਯਾਦਾ ਦੀ ਸ਼ਖਸੀ ਰਹਿਣੀ ਦੇ ਕਾਂਡ 2 ਵਿਚ ਗੁਰਮਤਿ ਦੀ ਰਹਿਣੀ ਦੇ (ੳ) ਤੋਂ ਲੈ ਕੇ (ਣ) ਤਕ ਵੀਹ ਮੱਦਾਂ ਹਨ। ਇਸ ਮੱਦ ਦੀ ਭੂਮਿਕਾ ਮੁਤਾਬਕ ਸਿੱਖ ਦੀ ਆਮ ਰਹਿਣੀ ਜਾਂ ਨਿਤਾਪ੍ਰਤਿ ਰਹਿਣੀ ਅਤੇ ਕ੍ਰਿਤ ਵਿਰਤ ਗੁਰਮਤਿ ਅਨੁਸਾਰ ਰੱਖਣ ਦਾ ਆਦੇਸ਼ ਹੈ। ਇਸ ਤਰ੍ਹਾਂ ਉਸ ਦੀ ਰਹਿਣੀ ਅਤੇ ਕ੍ਰਿਤ ਵਿਰਤ ਨੂੰ ਵੱਖ ਨਹੀਂ ਕੀਤਾ ਜਾ ਸਕਦਾ ਹੈ। ਜੀਵਨ ਦੇ ਸਾਰੇ ਹੀ ਪੱਖ ਇਕਸਾਰਤਾ ਅਤੇ ਗੁਰਮਤਿ ਦੇ ਜ਼ਾਬਤੇ ਹੇਠ ਹੋਣੇ ਚਾਹੀਦੇ ਹਨ।

ਇਸ ਅਧਿਆਇ ਰਾਹੀਂ ਸਿੱਖ ਦੀ ਸ਼ਖਸੀ ਰਹਿਣੀ ਦੇ ਅਹਿਮ ਨਿਯਮਾਂ ਨੂੰ ਇਕ ਕੁੱਜੇ ਵਿਚ ਬੰਦ ਕੀਤਾ ਗਿਆ ਹੈ। ਗੁਰਮਤਿ ਜੀਵਨ ਲਈ ਇਹ ਸੇਧਾਂ ਬਹੁਤ ਹੀ ਮਹੱਤਵਪੂਰਨ ਹਨ ਅਤੇ ਇੱਕ ਇੱਕ ਨੁਕਤਾ ਧਿਆਨ ਮੰਗਦਾ ਹੈ। ਸਿੱਖ ਨੇ ਜੀਵਨ ਯਾਤਰਾ ਦੌਰਾਨ ਆਪਣੀ ਰਹਿਣੀ ਗੁਰੂ ਦੀ ਮਤਿ ਜਾਂ ਗੁਰਮਤਿ ਅਨੁਸਾਰ ਤੈਅ ਕਰਨੀ ਹੈ। ਇਸ ਵਿਚ ਨਾ ਤਾਂ ਮਨ-ਮਤ ਲਈ ਅਤੇ ਨਾ ਹੀ ਅਨ-ਮਤ ਲਈ ਕੋਈ ਥਾਂ ਹੈ। ਗੁਰੂ ਸਾਹਿਬ ਦੇ ਆਉਣ ਤੋਂ ਪਹਿਲਾਂ ਵੀ ਮਤ-ਮਤਾਂਤਰ, ਫ਼ਿਰਕੇ ਅਤੇ ਧਰਮ ਬਹੁਤ ਸਨ। ਧਰਮ ਤਾਂ ਸੀ ਪਰ ਜੀਵਨ ਧਾਰਮਿਕ ਨਹੀਂ ਸੀ। ਇਹਨਾਂ ਦੇ ਮੰਨਣ ਵਾਲਿਆਂ ਦੇ ਅਮਲੀ ਜੀਵਨ ਅਤੇ ਧਰਮ ਦੇ ਨਿਯਮਾਂ ਵਿਚ, ਕਥਨੀ ਅਤੇ ਕਰਨੀ ਵਿਚ ਇਕਸਾਰਤਾ ਨਹੀਂ ਸੀ। ਗੁਰੂ ਸਾਹਿਬ ਨੂੰ ਇਹ ਦੁਬਿਧਾ ਅਤੇ ਦਵੈਤ ਪ੍ਰਵਾਨ ਨਹੀਂ ਸੀ। ਗੁਰਮਤਿ ਅਨੁਸਾਰ ਸਿੱਖ ਦੀ ਆਮ ਰਹਿਣੀ, ਉਸਦੀ ਕਿਰਤ (ਕਾਰ ਵਿਹਾਰ) ਅਤੇ ਵਿਰਤ (ਕਾਰੋਬਾਰ ਜਾਂ ਉਪਜੀਵਕਾ), ਇਹ ਤਿੰਨੋ ਹੀ ਗੁਰਮਤਿ ਅਨੁਸਾਰ ਹੋਣੀਆਂ ਚਾਹੀਦੀਆਂ ਹਨ। ਗੁਰਮਤਿ ਨੇ ਨਿਸਚਿਤ ਕੀਤਾ ਕਿ ਸਿੱਖ ਆਪਣੇ ਨਿਜੀ, ਪਰਿਵਾਰਕ, ਜਨਤਕ, ਧਾਰਮਿਕ ਅਤੇ ਸਮਾਜਕ ਜੀਵਨ ਨੂੰ ਵੱਖ ਵੱਖ ਢੰਗ ਨਾਲ ਡੱਬੇ ਬੰਦ ਕਰ ਕੇ ਜੀ ਨਹੀਂ ਸਕਦਾ। ਮਨ-ਬਚ-ਕਰਮ ਕਰਕੇ ਇਸ ਵਿਚ ਇਕਸਾਰਤਾ ਹੋਣੀ ਚਾਹੀਦੀ ਹੈ। ਸਿੱਖ ਦੀ ਆਮ ਰਹਿਣੀ, ਕ੍ਰਿਤ

SikhBookClub.com

ਵਿਰਤ ਗੁਰਮਤਿ ਅਨੁਸਾਰ ਹੋਵੇ। ਸਿੱਖ ਨੇ ਗੁਰਮਤੀਆ ਹੋਣਾ ਹੈ, ਮਨਮਤੀਆ ਜਾਂ ਅਨਮਤੀਆ ਨਹੀਂ। ਅੰਦਰਲੀ ਅਤੇ ਬਾਹਰੀ ਰਹਿਤ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਜਿਵੇਂ ਸਰੀਰ ਬਾਹਰੀ ਹੈ ਅਤੇ ਆਤਮਾ ਅੰਦਰੂਨੀ। ਪਰ ਇਹ ਨਹੀਂ ਕਿਹਾ ਜਾ ਸਕਦਾ ਕਿ ਸਰੀਰ ਦੀ ਲੋੜ ਹੈ ਜਾਂ ਆਤਮਾ ਦੀ। ਇਹ ਨਹੀਂ ਹੋ ਸਕਦਾ ਕਿ,

ਰਹਤ ਅਵਰ ਕਛੁ ਅਵਰ ਕਮਾਵਤ ॥
ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥
ਜਾਨਨਹਾਰ ਪ੍ਰਭੂ ਪਰਬੀਨ ॥
ਬਾਹਰਿ ਭੇਖ ਨ ਕਾਹੂ ਭੀਨ ॥

(ਗਉੜੀ ਸੁਖਮਨੀ ਮ: ੫, ਅੰਗ ੨੬੯)

ਗੁਰਮਤਿ ਅਤੇ ਮਨਮਤਿ ਇਕ ਥਾਂ ਨਹੀਂ ਟਿਕ ਸਕਦੀ। ਇਹ ਤਾਂ ਹੰਸ ਚੋਗ ਦੀ ਬਿਰਤੀ ਰਾਹੀਂ ਸਹੀ ਮਾਰਗ ਚੁਣਨ ਦਾ ਅਭਿਆਸ ਜਾਰੀ ਰੱਖਣਾ ਹੈ। ਇਸ ਲਈ ਜਦ ਵੀ ਕੋਈ ਸਵਾਲ ਆਏ ਕਿ ਇਹ ਕੰਮ ਕਰਨਾ ਹੈ ਜਾਂ ਨਹੀਂ, ਇਹ ਗੱਲ ਬੋਲਣੀ ਹੈ ਕਿ ਨਹੀਂ, ਇਸ ਥਾਂ 'ਤੇ ਜਾਣਾ ਹੈ ਕਿ ਨਹੀਂ, ਤਾਂ ਜਵਾਬ ਆਸਾਨ ਹੈ। ਆਪਣੇ ਆਪ ਨੂੰ ਹੀ ਸਵਾਲ ਕਰ ਲਵੇ ਕਿ ਜੇ ਗੁਰੂ ਸਾਹਿਬ ਖ਼ੁਦ ਹੁੰਦੇ ਤਾਂ ਕੀ ਉਹ ਇਹ ਕਰਦੇ ਜਾਂ ਨਹੀਂ, ਇਹ ਗੱਲ ਬੋਲਦੇ ਜਾਂ ਨਹੀਂ, ਇਸ ਥਾਂ 'ਤੇ ਜਾਂਦੇ ਜਾਂ ਨਹੀਂ। ਇਸ ਉਪਰੰਤ ਕੀਤੀ ਕਾਰਵਾਈ ਨਿਸਚਿਤ ਤੌਰ 'ਤੇ ਗੁਰਮਤਿ ਅਨੁਸਾਰ ਹੋਵੇਗੀ।

ਸਿੱਖ ਨੇ ਕੇਵਲ ਰਹਿਣੀ ਹੀ ਨਹੀਂ ਬਲਕਿ ਕ੍ਰਿਤ (ਕਾਰ ਵਿਹਾਰ) ਅਤੇ ਵਿਰਤ (ਕਾਰੋਬਾਰ) ਵੀ ਗੁਰਮਤਿ ਅਨੁਸਾਰ ਰੱਖਣੀ ਹੈ। ਇਸ ਅਧਿਆਇ ਦੀ ਮੱਦ 2(ਜ) ਮੁਤਾਬਕ ਗੁਰੂ ਕਾ ਸਿੱਖ ਧਰਮ ਦੀ ਕਿਰਤ ਕਰ ਕੇ ਨਿਰਬਾਹ ਕਰੇ।

ਕਿਰਤਿ ਵਿਰਤਿ ਕਰਿ ਧਰਮ ਦੀ
ਖਟਿ ਖਵਾਲਣੁ ਕਾਰਿ ਕਰੇਹੀ।

(ਵਾਰ ੧, ਪਉੜੀ ੩)

ਇਸ ਤਰ੍ਹਾਂ ਇਹ 20 ਨੁਕਤੇ ਕਾਫ਼ੀ ਲਾਭਕਾਰੀ ਹਨ ਜੋ ਹਰ ਵੇਲੇ ਸੇਧ ਦੇਂਦੇਂ ਹਨ ਕਿ ਸਿੱਖ ਦੇ ਕਦਮ ਗੁਰਮਤਿ ਦੇ ਗਾਡੀ ਰਾਹ ਤੋਂ ਲਾਂਭੇ ਤਾਂ ਨਹੀਂ ਜਾ ਰਹੇ। ਗੁਰਮਤਿ ਇਹ ਹੈ-

(ੳ) ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ ਦੇਵਤੇ ਦੀ ਉਪਾਸਨਾ ਨਹੀਂ ਕਰਨੀ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੯)

ਗੁਰਮਤਿ ਦੀ ਰਹਿਣੀ ਦੀ ਇਹ ਪਹਿਲੀ ਅਤੇ ਬੁਨਿਆਦੀ ਸ਼ਰਤ ਹੈ। ਸਿੱਖ ਨੇ ਇਕ ਅਕਾਲ ਪੁਰਖ ਤੋਂ ਇਲਾਵਾ ਕਿਸੇ ਦੇਵੀ ਦੇਵਤਾ ਦੀ ਉਪਾਸਨਾ ਨਹੀਂ ਕਰਨੀ। ਪੂਜਣ ਯੋਗ ਹਸਤੀ ਕੇਵਲ ਅਕਾਲ ਪੁਰਖ ਦੀ ਹੀ ਹੈ,

ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ
ਮੜੈ ਮਸਾਣਿ ਨ ਜਾਈ ॥

(ਅੰਗ ੬੩੪)

SikhBookClub.com

'ਨਵੀਨ ਪੰਥ ਪ੍ਰਕਾਸ਼' ਵਿਚ ਅੰਕਤ ਹੈ :

ਇਕ ਅਕਾਲ ਕੀ ਕਰਤ ਬੰਦਗੀ।
ਸ਼ਸਤ੍ਰ ਬਿਦਯਾ ਬਹੁ ਪਸਿੰਦਗੀ।
ਨਾਮ ਸਿੰਘ ਬਨ ਮਜਬ ਖਾਲਸਾ।
ਛੌਡ ਦੇਤ ਸਭ ਜਗਤ ਜਾਲਸਾ।

ਗੁਰਮਤਿ ਦਾ ਬੁਨਿਆਦੀ ਸਿਧਾਂਤ ਹੈ, ਇਕ ਅਕਾਲ ਪੁਰਖ ਦੀ ਹੀ ਉਪਾਸਨਾ, ਨਾ ਕਿ ਅਕਾਲ ਪੁਰਖ ਦੀ ਵੀ ਉਪਾਸਨਾ।

ਸਿੱਖ ਰਹਿਤ ਮਰਯਾਦਾ ਦੀ ਅਰੰਭਤਾ ਵਿਚ ਹੀ ਸਿੱਖ ਉਸੇ ਨੂੰ ਕਿਹਾ ਗਿਆ ਹੈ ਜੋ ਕੇਵਲ ਇਕ ਅਕਾਲ ਪੁਰਖ ਨੂੰ ਮੰਨਦਾ ਹੈ। ਇਸ ਤੋਂ ਕਿਸੇ ਨੂੰ ਵੀ ਅਤੇ ਕਿਸੇ ਵੀ ਹਾਲਤ ਵਿਚ ਛੋਟ ਨਹੀਂ ਮਿਲ ਸਕਦੀ। ਪਰ ਇਹ ਆਦੇਸ਼ ਨਿਸ਼ੇਧ ਰੂਪ ਵਿਚ ਹੈ। ਆਮ ਤੌਰ 'ਤੇ ਹੁੰਦਾ ਹੈ ਕਿ ਇਹ ਕੰਮ ਕਰਨੇ ਹਨ ਪਰ ਇੱਥੇ ਹਿਦਾਇਤ ਹੈ ਕਿ ਇਹ ਕੰਮ ਕਦਾਚਿਤ ਨਹੀਂ ਕਰਨੇ।

ਦੇਵੀ ਦੇਵਤਾ

ਪੂਜਣ ਯੋਗ ਹਸਤੀ ਕੇਵਲ ਇਕ ਅਕਾਲ ਕਾਦਰ ਜਾਂ ਕਰਤਾਰ ਹੈ ਅਤੇ ਦੂਈ ਕੁਦਰਤ ਹੈ। ਇਹ ਸਾਰੀ ਕੁਦਰਤ ਉਸ ਕਾਦਰ ਦੀ ਕਿਰਤਮ ਹੈ। ਹੈ। ਉਸਤਤਿ ਅਤੇ ਸਤੁਤੀ ਵਿਚ ਅੰਤਰ ਹੈ। ਕਰਤਾਰ ਦੀ ਬਣਾਈ ਕਿਰਤ ਦੇ ਕਿਰਤ ਕਰਮ ਅਤੇ ਗੁਣ-ਅਉਗਣ ਨੂੰ ਵਿਚਾਰ ਕੇ ਉਸਦੀ ਉਸਤਤਿ ਤਾਂ ਕੀਤੀ ਜਾ ਸਕਦੀ ਪਰ ਸਤੁਤੀ ਜਾਂ ਉਪਾਸਨਾ ਕੇਵਲ ਇਕ ਅਕਾਲ ਪੁਰਖ ਦੀ ਹੀ ਹੋ ਸਕਦੀ ਹੈ। ਇਸ ਵਿਸ਼ਾਲ ਰਚਨਾ ਵਿਚ ਅਣਗਿਣਤ ਦੇਵੀ ਦੇਵਤੇ ਹਨ। ਕਲਗੀਧਰ ਪਿਤਾ ਇਹਨਾਂ ਬਾਰੇ ਸਪਸ਼ਟ ਕਰਦੇ ਹਨ ਕਿ ਇਹ ਵਿਚਾਰੇ ਤਾਂ ਆਪ ਜੂਨ ਕੱਟਣ ਆਏ ਹਨ :

ਜੈਸਿ ਜੁਨਿ ਇਕ ਦੈਤ ਬਖਨਿਯਤ ॥
ਤਜੋ ਇਕ ਜੁਨਿ ਦੇਵਤਾ ਜਨਿਯਤ ॥
ਜੈਸੇ ਹਿੰਦੂਆਨੋ ਤੁਰਕਾਨਾ ॥
ਸਭਹਿਨ ਸੀਸ ਕਾਲ ਜਰਵਾਨਾ ॥੧੦੩॥
ਕਬਹੂੰ ਦੈਤ ਦੇਵਤਨ ਮਾਰੈਂ ॥
ਕਬਹੂੰ ਦੈਤਨ ਦੇਵ ਸੰਘਾਰੈਂ ॥
ਦੇਵ ਦੈਤ ਜਿਨ ਦੋਊ ਸੰਘਾਰਾ ॥
ਵਹੈ ਪੁਰਖ ਪ੍ਰਤਿਪਾਲ ਹਮਾਰਾ ॥੧੦੪ ॥

(ਦ. ਗ੍ਰੰ. ਚ. 266)

ਹਜ਼ੂਰ ਤਾਂ ਦੱਸ ਰਹੇ ਹਨ ਕਿ ਵਾਹਿਗੁਰੂ ਦੇਵਤਿਆਂ ਦਾ ਵੀ ਦੇਵ ਹੈ, ਉਹ ਵੱਡੇ ਵੱਡੇ ਦਾਨਵਾਨਾ ਦਾ ਵੀ ਵੱਡਾ ਹੈ। ਉਹ ਵਾਹਿਗੁਰੂ ਤਾਂ ਸਿਰ ਵਿਚ ਗੰਗਾ ਧਾਰਨ ਕਰਨ ਵਾਲੇ ਸ਼ਿਵ ਦਾ ਵੀ ਮਹਾਂ ਈਸ਼ ਜਾਂ ਮਹੇਸ਼ ਹੈ। ਇਤਨਾ ਕੁੱਝ ਹੋ ਕੇ ਵੀ ਉਹ ਖ਼ੁਦ ਅਭੇਖ ਹੈ।

SikhBookClub.com

ਦੇਵ ਦੇਵਤਾਨ ਕੌਂ ਸੁਰੇਸ ਦਾਨਵਾਨ ਕੌਂ
ਮਹੇਸ ਗੰਗ ਧਾਨ ਕੌਂ ਅਭੇਸ ਕਹੀਅਤੁ ਹੈਂ ॥

(ਅਕਾਲ ਉਸਤਤਿ, ੨੬੬)

ਵਹਿਦੀਅਤ ਜਾਂ ਇਕ-ਈਸ਼ਵਰਵਾਦ ਦੇ ਸਿਧਾਂਤ 'ਤੇ ਦ੍ਰਿੜ੍ਹਤਾ ਗੁਰਮਤਿ ਦਾ ਮੂਲ ਸਿਧਾਂਤ ਹੈ। ਬਗ਼ਦਾਦ ਵਿਚ ਗੁਰੂ ਨਾਨਕ ਦੇਵ ਜੀ ਨੇ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਰੱਬ ਜੋ ਚਾਹੇ ਕਰ ਸਕਦਾ ਹੈ। ਹਜ਼ੂਰ ਨੂੰ ਕਿਹਾ ਗਿਆ ਕਿ ਉਹ ਦੱਸਣ ਕਿ ਕਿਹੜੀ ਚੀਜ਼ ਹੈ ਜੋ ਰੱਬ ਵੀ ਚਾਹੇ ਤਾਂ ਪੈਦਾ ਨਾ ਕਰ ਸਕੇ।

ਆਂ ਕੁਦਾਮ ਸੈ ਅਸਤ ਕਿ ਖੁਦ ਖੁਦਾਇ।
ਖਲੇ ਪੈਦਾ ਨਮੇ ਸ਼ਵੱਦ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਮੁਸਕਰਾ ਕੇ ਕਿਹਾ ਕਿ ਜੇ ਰੱਬ ਚਾਹੇ ਕਿ ਇਕ ਰੱਬ ਹੋਰ ਪੈਦਾ ਕਰ ਲਵੇ ਤਾਂ ਉਹ ਵੀ ਇਹ ਨਹੀਂ ਕਰ ਸਕਦਾ।

ਆਂ ਕੁਦਾਮ ਸੈ ਅਸਤ ਕਿ ਖੁਦ ਖੁਦਾਇ।
ਖੁਦਾਇ ਦੀਗਰ ਪੈਦ ਨਮੇ ਸ਼ਵੱਦ।

ਇਸ ਲਈ ਸਾਹਿਬਾਂ ਦਾ ਹੁਕਮ ਰਹਿਤ ਮਰਯਾਦਾ ਦੀ ਇਸ ਮੱਦ ਵਿਚ ਅੰਕਤ ਕੀਤਾ ਗਿਆ ਹੈ :

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥੬॥

(ਮ.੧, ਅੰਗ ੬੩੭)

(ਅ) ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੦)

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰ੍ਹਾਂ ਦਰਜ ਸੀ:

(ਅ) ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ।

(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੯)

ਤਬਦੀਲੀ

'ਦਸ ਗੁਰੂ ਸਾਹਿਬਾਨ ਦੀ ਬਾਣੀ' ਦੀ ਬਜਾਇ 'ਗੁਰੂ ਸਾਹਿਬਾਨ ਦੀ ਬਾਣੀ' ਛਪਿਆ ਹੈ, ਇਹ ਛਾਪੇ ਦੀ ਗ਼ਲਤੀ ਹੈ।

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਅਤੇ ਬਾਅਦ ਵਿਚ ਵੀ ਗੁਰਮਤਿ ਦੀ ਰਹਿਣੀ ਵਾਲੇ ਇਸ ਅਧਿਆਇ ਦੀ ਦੂਸਰੀ ਮੱਦ ਵਿਚ 'ਦਸ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣ' ਦੀ ਗੱਲ ਕੀਤੀ ਗਈ ਸੀ ਪਰ ਛਾਪੇ ਦੀ ਗ਼ਲਤੀ ਕਰ ਕੇ (ਜਾਂ?) ਇਸ ਵਿਚੋਂ ਲਫ਼ਜ਼ 'ਦਸ' ਕੱਟ ਦਿੱਤੇ ਗਏ ਹਨ। **'ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ'** ਅਤੇ **'ਦਸ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ'** ਵਿਚ ਬਹੁਤ ਜ਼ਿਆਦਾ ਅੰਤਰ ਹੈ ਅਤੇ ਬਿਨਾਂ

SikhBookClub.com

ਕਾਰਣ ਹੀ ਭੁਲੇਖਾ ਪਾਉਂਦਾ ਹੈ। ਸਿੱਖ ਰਹਿਤ ਮਰਯਾਦਾ ਵਿਚ ਸਿੱਖ ਦੀ ਤਾਰੀਫ਼ ਅਤੇ ਕਥਾ ਵਾਲੀ ਮੱਦ ਵਿਚ ਵੀ ਦਸ ਹੀ ਗੁਰੂ ਸਾਹਿਬਾਨ ਦੀ ਬਾਣੀ ਦਾ ਜ਼ਿਕਰ ਹੈ। ਗੁਰਬਾਣੀ ਦੇ ਸ੍ਰੋਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਹੈ। ਇਹ ਬੁਨਿਆਦੀ ਸਿਧਾਂਤ ਹੈ। ਇਸ ਲਈ ਪੰਥਕ ਦਸਤਾਵੇਜ਼ ਸਿੱਖ ਰਹਿਤ ਮਰਯਾਦਾ ਵਿਚ ਛਾਪੇ ਦੀ ਕਿਸੇ ਗ਼ਲਤੀ ਦੀ ਗੁੰਜਾਇਸ਼ ਹੀ ਨਹੀਂ ਹੋਣੀ ਚਾਹੀਦੀ। ਇਸ ਬਾਰੇ ਉਚੇਚਾ ਧਿਆਨ ਦੇਣ ਦੀ ਲੋੜ ਹੈ।

ਇਸ ਗ਼ਲਤੀ ਦੀ ਦਰੁਸਤਗੀ ਬਿਨਾਂ ਦੇਰੀ ਦੇ ਅਗਲੀ ਛਾਪ ਵਿਚ ਕਰ ਦੇਣੀ ਚਾਹੀਦੀ ਹੈ ਅਤੇ ਨਾਲ ਹੀ ਇਕ ਨੋਟ ਵੀ ਦੇ ਦੇਣਾ ਚਾਹੀਦਾ ਹੈ ਕਿ ਸਿੱਖ ਰਹਿਤ ਮਰਯਾਦਾ ਦੀਆਂ ਪਹਿਲਾਂ ਛਪੀਆਂ ਐਡੀਸ਼ਨਾਂ ਵਿਚ ਵੀ ਇਸ ਗ਼ਲਤੀ ਦਾ ਸੁਧਾਰ ਕਰ ਕੇ ਲਫ਼ਜ਼ 'ਦਸ' ਅੰਕਤ ਕਰ ਲਿਆ ਜਾਏ।

ਵਿਆਖਿਆ

ਇਸ ਮਹੱਤਵਪੂਰਨ ਮੱਦ ਰਾਹੀਂ ਸਪਸ਼ਟ ਕੀਤਾ ਗਿਆ ਹੈ ਕਿ ਸਿੱਖ ਦਾ ਮੁਕਤੀ ਦਾਤਾ ਅਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ ਹੈ। ਸਿੱਖ ਦਾ ਇਸ਼ਟ ਅਤੇ ਮੁਕਤੀ ਦਾਤਾ ਦਸਾਂ ਗੁਰੂ ਸਾਹਿਬਾਨ ਦੀ ਬਾਣੀ ਹੈ।

ਮੁਕਤੀ ਦਾ ਦਾਤਾ ਤੇ ਇਸ਼ਟ

ਇਸ ਮੱਦ ਵਿਚ ਦੋ ਨੁਕਤੇ ਹਨ—ਮੁਕਤੀ ਦਾ ਦਾਤਾ ਅਤੇ ਇਸ਼ਟ । ਭਾਈ ਵੀਰ ਸਿੰਘ ਜੀ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿਚ ਮੁਕਤੀ ਦੀ ਵਿਆਖਿਆ ਕਰਦੇ ਹਨ, 'ਮੁਕਤੀ ਆਖ਼ਰੀ ਛੁਟਕਾਰਾ ਜੋ ਰੂਹ (ਜੀਵਾਤਮਾ) ਨੂੰ ਸਰੀਰ ਤੋਂ ਪ੍ਰਾਪਤ ਹੁੰਦਾ ਹੈ, ਜਿਸ ਤੋਂ ਮਗਰੋਂ ਫੇਰ ਕੋਈ ਸਰੀਰ ਨਾ ਧਾਰੇ।' ਪ੍ਰਾਣੀ ਦਾ ਮਕਸਦ ਵਾਹਿਗੁਰੂ ਨੂੰ ਪਾਣਾ ਨਹੀਂ ਬਲਕਿ ਵਾਹਿਗੁਰੂ ਵਿਚ ਸਮਾ ਜਾਣਾ ਹੈ।

ਜਾਨਹੁ ਜਾਨ ਸੁਜਾਨ ਸਭੀ, ਅਰਦਾਸ ਇਹੈ ਭਵ ਤਾਪ ਨਿਵਾਰੋ ॥
ਜਨਮ ਮਰਨ ਦੁਹੰ ਤ੍ਰਾਸ ਬਡੋ, ਜਮ ਫੰਧ ਕਟੋ ਭਵ ਪਾਰ ਉਤਾਰੋ ॥
ਹੌਂ ਮਤਿ ਮੰਦ ਅਨਾਥਹ ਨਾਥ! ਦਰਿਦ੍ਰ ਹਰੋ, ਮੁਹਿ ਲੇਹੁ ਉਬਾਰੋ ॥
'ਦਾਸ ਗੋਬਿੰਦ' ਬਿਜਯ ਸਤਿਗੁਰੁ ਕੀ, ਵਾਹਦ! ਵਾਹਦ ਮੁਹਿ ਨਿਸਤਾਰੋ ॥

(ਸਰਬ ਲੋਹ ਗ੍ਰੰਥ)

ਇਸ ਸੰਸਾਰ ਯਾਤਰਾ ਨੂੰ ਸੰਪੂਰਨ ਕਰਦਿਆਂ ਹੋਇਆਂ ਜਨਮ ਮਰਨ ਤੋਂ ਮੁਕਤ ਹੋਣਾ, ਜਮਾਂ ਦੀ ਫਾਹੀ ਤੋਂ ਮੁਕਤ ਹੋਣਾ ਹੀ ਮੁਕਤੀ ਹੈ। ***"ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ ॥"*** (ਮ. 4, ਅੰਗ 11) ਇਹ ਗੁਰੂ ਦੀ ਬਖਸ਼ਿਸ਼ ਨਾਲ ਹੀ ਪ੍ਰਾਪਤ ਹੋ ਸਕਦੀ ਹੈ। ਇਸ ਲਈ ਬਾਰ ਬਾਰ ਅਰਦਾਸ ਵੀ ਹੈ :

ਪ੍ਰਭ ਜਨਮ ਮਰਨ ਨਿਵਾਰਿ ॥ ਹਾਰਿ ਪਰਿਓ ਦੁਆਰਿ ॥
ਗਹਿ ਚਰਨ ਸਾਧੂ ਸੰਗ ॥ ਮਨ ਮਿਸਟ ਹਰਿ ਹਰਿ ਰੰਗ ॥
ਕਰਿ ਦਇਆ ਲੇਹੁ ਲੜਿ ਲਾਇ ॥ ਨਾਨਕਾ ਨਾਮੁ ਧਿਆਇ ॥੧॥

SikhBookClub.com

ਕਾਮ ਕ੍ਰੋਧ ਹਰਨ ਮਦ ਮੋਹ ਦਹਨ ਮੁਰਾਰਿ ਮਨ ਮਕਰੰਦ ॥
ਜਨਮ ਮਰਣ ਨਿਵਾਰਿ ਧਰਣੀਧਰ ਪਤਿ ਰਾਖੁ ਪਰਮਾਨੰਦ ॥੨॥

(ਅੰਗ ੫੦੮)

ਸਾਰਾ ਜਗਤ ਸੁਰਗ ਨਰਕ ਦੇ ਲਾਲਚ ਜਾਂ ਭੈਅ ਵਿਚ ਉਲਝਿਆ ਹੋਇਆ ਹੈ। ਗੁਰਮਤਿ ਇਹਨਾਂ ਦੋਹਾਂ ਤੋਂ ਮੁਕਤ ਕਰਦਿਆਂ ਹੋਇਆ ਵਾਹਿਗੁਰੂ ਵਿਚ ਸਮਾ ਜਾਣ ਨੂੰ ਹੀ ਮੁਕਤੀ ਮੰਨਦਾ ਹੈ। ਫ਼ੁਰਮਾਨ ਹੈ :

ਸੁਰਗ ਮੁਕਤਿ ਬੈਕੁੰਠ ਸਭਿ ਬਾਂਛਹਿ ਨਿਤ ਆਸਾ ਆਸ ਕਰੀਜੈ ॥
ਹਰਿ ਦਰਸਨ ਕੇ ਜਨ ਮੁਕਤਿ ਨ ਮਾਂਗਹਿ ਮਿਲਿ ਦਰਸਨ ਤ੍ਰਿਪਤਿ ਮਨੁ ਧੀਜੈ ॥

(ਮ. ੪, ਪੰਨਾ ੧੩੨੪)

ਇਸ਼ਟ

ਧਰਮ ਦੇ ਖੇਤਰ ਵਿਚ 'ਇਸ਼ਟ' ਉਹ ਹਸਤੀ ਹੈ ਜਿਸ 'ਤੇ ਸਾਧਕ ਦਾ ਪੂਰਾ ਪੂਰਾ ਸਿਦਕ ਭਰੋਸਾ ਹੁੰਦਾ ਹੈ ਅਤੇ ਇਹ ਸੂਚੀ ਕੇਵਲ ਦੇਵੀ ਦੇਵਤਿਆਂ ਤਕ ਨਾ ਰਹਿ ਕੇ ਗ੍ਰਹਿਆਂ, ਮਨੁੱਖਾਂ, ਪਸ਼ੂ -ਪੰਛੀਆਂ, ਦਰਖ਼ਤਾਂ, ਪੱਥਰਾਂ, ਪਹਾੜਾਂ, ਨਦੀਆਂ ਦੇ ਨਾਲ ਨਾਲ ਭੂਤ-ਪ੍ਰੇਤਾਂ ਤਕ ਵੀ ਪਹੁੰਚ ਗਈ। ਇੱਥੇ ਹੀ ਬਸ ਨਹੀਂ ਕਈ ਵਾਰ ਤਾਂ ਵਿਅਕਤੀ ਦੇ ਇਸ਼ਟਾਂ ਦੀ ਗਿਣਤੀ ਵੀ ਅਣਗਿਣਤ ਹੁੰਦੀ ਗਈ। ਇਸ ਨਾਲ ਲੋਕ ਪ੍ਰਵਾਹ ਵਿਚ ਇਹ ਆਮ ਅਖਾਣ ਹੀ ਬਣ ਗਿਆ,

ਕੁਝ ਅੰਨ ਦੇ ਕੁਝ ਧਨ ਦੇ,
ਕੁਝ ਪਹਾੜਾਂ ਵਾਲੀ ਰੰਨ ਦੇ।
ਢੋਲ ਢਮੱਕਾ ਸਰਵਰ ਦਾ,
ਤੇ ਫਿਰਹਿਸ ਬਾਬੇ ਨਾਨਕ ਦੀ।

ਇਸ ਲਈ ਸਿੱਖ ਰਹਿਤ ਮਰਯਾਦਾ ਦੀ ਇਹ ਹਿਦਾਇਤ ਕਿ ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ ਬਹੁਤ ਹੀ ਮਹੱਤਵਪੂਰਨ ਹੈ। ਇਸ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਦੀ ਲੋੜ ਹੈ। ਜਿਸਨੂੰ ਆਪਣਾ ਇਸ਼ਟ ਅਤੇ ਮੁਕਤੀ ਦਾਤਾ ਮੰਨ ਲਿਆ, ਉਸ ਤੋਂ ਬਾਅਦ ਉਸ 'ਤੇ ਕਿਸੇ ਵੀ ਕਿਸਮ ਦਾ ਕਿੰਤੂ ਪ੍ਰੰਤੂ ਜਾਂ ਟੀਕਾ ਟਿੱਪਣੀ ਨਹੀਂ ਕੀਤੀ ਜਾ ਸਕਦੀ । ਐਸਾ ਕਰਨਾ ਬੇਮੁਖਤਾ ਅਤੇ ਘੋਰ ਨਾਸਤਿਕਤਾ ਹੀ ਕਹੀ ਜਾਏਗੀ।

ਦੋ ਸੌ ਸਾਲ ਤੋਂ ਵੀ ਵੱਧ ਪਹਿਲਾਂ 1817 ਵਿਚ ਲਿਖੀ ਗਈ ਪੁਸਤਕ ਵਿਚ ਲਿਖਿਆ ਹੈ ਕਿ ਅੰਮ੍ਰਿਤ ਛਕਾਣ ਲੱਗਿਆਂ ਅਭਿਲਾਖੀ ਨੂੰ ਗੁਰੂ ਗ੍ਰੰਥ ਸਾਹਿਬ ਅਤੇ ਦਸਮਾ ਪਾਤਸ਼ਾਹ ਕਾ ਗ੍ਰੰਥ ਦਾ ਪਾਠ ਹਰ ਦਿਨ ਸਵੇਰ ਸ਼ਾਮ ਕਰਨ ਦਾ ਆਦੇਸ਼ ਦਿੱਤਾ ਜਾਂਦਾ ਹੈ।

And he is commanded to read the *Adi-Granth and Dasama Padshah ka Granth,* every monring and evening.

And he is commanded to read the *Adi-Granth and Dasama Padshah ka Granth,* every monring and evening.

SikhBookClub.com

Q. Craufurd, Ancient and Moder India. 1817, p. 346

ਇਹ ਮੱਦ ਬਹੁਤ ਹੀ ਮਹੱਤਵਪੂਰਨ ਹੈ। ਇਸ ਅਨੁਸਾਰ ਸਿੱਖ ਪੰਥ ਦਾ ਹਿੱਸਾ ਬਣਨ ਲਈ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਮੁਕਤੀ ਦਾਤਾ ਅਤੇ ਇਸ਼ਟ ਮੰਨਣਾ ਲਾਜ਼ਮੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਤੱਖ ਜੋਤਿ ਹੈ।

ਸਿੱਖ ਰਹਿਤ ਮਰਯਾਦਾ ਹਿੰਦੀ ਵਿਚ

ਮੂਲ ਸਿੱਖ ਰਹਿਤ ਮਰਯਾਦਾ ਵਿਚ ਅੰਕਤ ਹੈ, '(ਅ) ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ।' ਇਸ ਮੱਦ ਮੁਤਾਬਕ ਮੁਕਤੀ ਦਾਤਾ ਅਤੇ ਇਸ਼ਟ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ ਪਰ ਸਿੱਖ ਰਹਿਤ ਮਰਯਾਦਾ ਦੀ ਹਿੰਦੀ ਐਡੀਸ਼ਨ ਵਿਚ ਅਤੇ (and) ਦੀ ਥਾਵੇਂ ਅਥਵਾ (or) ਛਪ ਗਿਆ ਸੀ।

(ख) अपना मुक्ति–प्रदाता और इष्ट केवल दस गुरु साहिबान तथा श्री गुरु ग्रन्थ साहिब अथवा गुरु साहिबान की बाणी को मानना।

ਇਸ ਨਾਲ ਅਰਥ ਦਾ ਅਨਰਥ ਹੋ ਜਾਂਦਾ ਹੈ। ਤਸੱਲੀ ਦੀ ਗੱਲ ਹੈ ਕਿ ਨਵੀਂ ਛਪੀ ਐਡੀਸ਼ਨ ਵਿਚ ਇਸ ਗ਼ਲਤੀ ਨੂੰ ਦਰੁਸਤ ਕਰ ਦਿੱਤਾ ਗਿਆ ਹੈ। ਨਵੀਂ ਛਪੀ ਐਡੀਸ਼ਨ ਵਿਚ ਨੋਟ ਦੇ ਦੇਣਾ ਚਾਹੀਦਾ ਹੈ ਕਿ ਪਹਿਲਾਂ ਛਪੀ ਇਸ ਗ਼ਲਤੀ ਨੂੰ ਦਰੁਸਤ ਕਰ ਲਿਆ ਜਾਏ ਕਿਉਂਕਿ ਇਹ ਕਾਨੂੰਨੀ ਦਸਤਾਵੇਜ਼ ਹੈ। ਇਸ ਦੇ ਨਾਲ ਹੀ ਇਹ ਵੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ ਕਿ ਸਿੱਖ ਰਹਿਤ ਮਰਯਾਦਾ ਦੇ ਅਨੁਵਾਦ ਜਾਂ ਤਰਜਮੇ ਨੂੰ ਬੜੀ ਹੀ ਸੰਜੀਦਗੀ ਅਤੇ ਗੰਭੀਰਤਾ ਨਾਲ ਕਰਨ ਦੀ ਲੋੜ ਹੈ ਤਾਂ ਕਿ ਸੰਗਤ ਨੂੰ ਗ਼ਲਤ ਸੰਦੇਸ਼ ਨਾ ਚਲਾ ਜਾਏ।

(ੲ) ਦਸ ਗੁਰੂ ਸਾਹਿਬਾਨ ਨੂੰ ਇਕੋ ਜੋਤ ਦਾ ਪ੍ਰਕਾਸ਼ ਰੂਪ ਕਰਕੇ ਮੰਨਣਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ, ੨੦੧੫ ਪੰਨਾ: ੨੦)

ਇਸ ਮੱਦ ਦਾ ਸੁਨੇਹਾ ਬਹੁਤ ਹੀ ਭਾਵ ਪੂਰਤ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਕੋ ਅਕਾਲ ਪੁਰਖ ਦੀ ਜੋਤ ਦਾ ਪ੍ਰਕਾਸ਼ ਹਨ। ਫ਼ਿਰ ਇਸ ਜੋਤ ਨੇ ਜਾਮੇ ਹੀ ਬਦਲੀ ਕੀਤੇ। ***"ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥"*** (ਅੰਗ 966) ਇਸ ਲਈ ਵੱਖ ਵੱਖ ਜੋਤਾਂ ਜਾਂ ਦਸ ਜੋਤਾਂ ਕਹਿਣਾ ਗ਼ਲਤ ਹੈ।

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥
ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ ॥
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥੧॥

(ਅੰਗ ੧੪੦੮)

SikhBookClub.com

ਰਹੱਸਵਾਦ ਕਿਸੇ ਵੀ ਧਰਮ ਦੇ ਗੁਹਜ ਸਿਧਾਂਤਾਂ ਦਾ ਅਹਿਮ ਅੰਗ ਹੁੰਦਾ ਹੈ। ਗੁਰਮਤਿ ਰਹੱਸਵਾਦ ਦਾ ਇਹ ਚਮਤਕਾਰ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦੁਰ ਜੀ ਨੇ ਆਪਣੇ ਸੰਸਾਰਕ ਜੀਵਨ ਕਾਲ ਵਿਚ ਹੀ ਉਹ ਇਲਾਹੀ ਜੋਤ ਅਗਲੇ ਗੁਰੂ ਸਰੀਰ ਵਿਚ ਸਥਾਪਤ ਕਰ ਦਿੱਤੀ। ਜਿਵੇਂ :

ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ ॥੪॥

(ਸਵਈਏ ਮਹਲੇ ਪੰਜਵੇ ਕੇ (ਭਟ ਮਥੁਰਾ), ਪੰਨਾ ੧੪੦੯)

ਲਹਣੈ ਪੰਥੁ ਧਰਮ ਕਾ ਕੀਆ ॥ ਅਮਰਦਾਸ ਭਲੇ ਕਉ ਦੀਆ ॥
ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਉ ॥ ਹਰਿ ਕਾ ਨਾਮੁ ਅਖੈ ਨਿਧਿ ਅਪ੍ਉ ॥

(ਸਵਈਏ ਮਹਲੇ ਚਉਥੇ ਕੇ, ਪੰਨਾ ੧੪੦੧)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸ ਬਾਰੇ ਬਚਨ ਕੀਤੇ :

ਸ੍ਰੀ ਨਾਨਕ ਅੰਗਦਿ ਕਰਿ ਮਾਨਾ ॥
ਅਮਰ ਦਾਸ ਅੰਗਦ ਪਹਿਚਾਨਾ ॥
ਅਮਰ ਦਾਸ ਰਾਮਦਾਸ ਕਹਾਯੋ ॥
ਸਾਧਨ ਲਖਾ ਮੂੜ ਨਹਿ ਪਾਯੋ ॥੯॥
ਭਿੰਨ ਭਿੰਨ ਸਭਹੂੰ ਕਰਿ ਜਾਨਾ ॥
ਏਕ ਰੂਪ ਕਿਨਹੂੰ ਪਹਿਚਾਨਾ ॥
ਜਿਨ ਜਾਨਾ ਤਿਨ ਹੀ ਸਿਧਿ ਪਾਈ ॥
ਬਿਨੁ ਸਮਝੇ ਸਿਧਿ ਹਾਥਿ ਨ ਆਈ ॥੧੦॥

(ਦ.ਗ੍ਰੰ.ਸਾ.)

ਇਸ ਤਰ੍ਹਾਂ ਸਰੀਰ, ਜਾਮਾ ਜਾਂ ਕਾਇਆ ਤਾਂ ਤਬਦੀਲ ਹੋਈ ਪਰ ਜੋਤਿ ਓਹੀ ਰਹੀ। ਸਮਾਂ ਪਾ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਜੋਤਿ ਗੁਰੂ ਗ੍ਰੰਥ ਸਾਹਿਬ ਵਿਚ ਸਥਾਪਤ ਕਰ ਦਿੱਤੀ ਅਤੇ ਸਰੀਰ ਖਾਲਸੇ ਵਿਚ । ਇਸ ਤਰ੍ਹਾਂ ਇਸ ਜੋਤ ਨੂੰ ਗੁਰੂ ਪੰਥ ਅਤੇ ਗੁਰੂ ਗ੍ਰੰਥ ਦੇ ਦੋ ਥੰਮਾਂ (parameters) ਦੇ ਵਿਚਕਾਰ ਸਥਾਪਤ ਕਰ ਦਿੱਤਾ।

ਨਾ ਕੇਵਲ ਪਾਵਨ ਗੁਰਬਾਣੀ ਨੇ ਹੀ ਇਸ ਅਕਾਲੀ ਸੁਨੇਹੇ ਨੂੰ ਬਾਰ ਬਾਰ ਦ੍ਰਿੜ ਕਰਵਾਇਆ ਹੈ ਬਲਕਿ ਰਹਿਤਨਾਮਿਆਂ ਅਤੇ ਹੁਕਮਨਾਮਿਆਂ ਵਿਚ ਵੀ ਇਹੋ ਸਿਧਾਂਤ ਸਪਸ਼ਟ ਕੀਤਾ ਗਿਆ ਹੈ। ਹਜ਼ੂਰੀ ਭਾਈ ਚਉਪਾ ਸਿੰਘ ਛਿੱਬਰ ਦੇ ਰਹਿਤਨਾਮੇ ਵਿਚ ਅੰਕਤ ਹੈ :

ਜੋ ਦਸਾਂ ਜਾਮਿਆਂ ਵਿਚ ਭੇਦ ਜਾਣੈ, ਸੋ ਪੱਕਾ ਤਨਖਾਹੀਆ ।

(ਰਹਿਤਨਾਮੇ - ਪਦਮ, ਪੰਨਾ ੧੦੮)

ਗੁਰ ਚਰਨਾਂ ਦੇ ਭੌਰੇ ਭਾਈ ਨੰਦ ਲਾਲ ਜੀ ਇਸ ਦੀ ਵਿਆਖਿਆ ਕਰਦੇ ਹਨ :

ਨਾਨਕ ਸੋ ਅੰਗਦ ਗੁਰ ਦੇਵਨਾ ।
ਸੋ ਅਮਰ ਦਾਸ ਹਰਿ ਸੇਵਨਾ ॥੨੭॥

SikhBookClub.com

ਸੋ ਰਾਮ ਦਾਸ ਸੋ ਅਰਜਨਾ
ਸੋ ਹਰਿ ਗੋਬਿੰਦ ਹਰਿ ਪਰਸਨਾ ॥੨੮॥
ਸੋ ਕਰਤਾ ਹਰਿ ਰਾਇ ਦਾਤਾਰਨੰ
ਸੋ ਹਰਿ ਕ੍ਰਿਸ਼ਨ ਅਗੰਮ ਅਪਾਰਨੰ ॥੨੯॥
ਸੋ ਤੇਗ ਬਹਾਦੁਰ ਸਤਿ ਸਰੂਪਨਾ
ਸੋ ਗੁਰ ਗੋਬਿੰਦ ਸਿੰਘ ਹਰਿ ਕਾ ਰੂਪਨਾ ॥੩੦॥
ਸਭ ਏਕੋ ਏਕੋ ਏਕਨਾ ਨਹੀਂ ਭੇਦ ਕਛੂ ਭੀ ਪੇਖਨਾ ॥੩੧॥

1730 ਤੋਂ 1760 ਦੇ ਵਿਚਕਾਰ ਦਾ ਸਮਾਂ ਸਿੰਘਾਂ ਲਈ ਜ਼ੁਲਮ ਦੀ ਭਿਆਨਕ ਹਨੇਰੀ ਦਾ ਕਾਲ ਸੀ। ਰਤਨ ਮਾਲ ਵਿਚ 33 ਨੰਬਰ ਸਾਖੀ ਵਿਚ ਅੰਕਤ ਹੈ ਕਿ ਇਸ ਸਮੇਂ ਭਾਈ ਅੱਡਣ ਸ਼ਾਹ ਜੀ ਨਿਰਭੀਕ ਹੋ ਕੇ ਵਿਚਰਦੇ ਸਨ ਅਤੇ ਪੀਰਾਂ ਫ਼ਕੀਰਾਂ ਨਾਲ ਗੁਰਮਤਿ ਦੀਆਂ ਵਿਚਾਰਾਂ ਕਰਦੇ ਸਨ। ਇਸ ਦੌਰਾਨ ਆਪ ਕਿਸੇ ਫਕੀਰ ਦੇ ਡੇਰੇ 'ਤੇ ਬੈਠੇ ਸਨ ਤਾਂ ਹਕੂਮਤ ਦਾ ਕੋਈ ਵੱਡਾ ਅਹੁਦੇਦਾਰ ਉੱਥੇ ਆ ਗਿਆ। ਉਹ ਭਾਈ ਸਾਹਿਬ ਦਾ ਕੇਸਾਧਾਰੀ ਸਰੂਪ ਵੇਖ ਕੇ ਹੈਰਾਨ ਹੋਇਆ ਅਤੇ ਪੁਛਿਆ ਕਿ ਕੀ ਇਹ ਬਾਬਾ ਨਾਨਕ ਫ਼ਕੀਰ ਦਾ ਸਿੱਖ ਹੈ? ਭਾਈ ਅੱਡਣ ਸ਼ਾਹ ਜੀ ਉਸੇ ਵੇਲੇ ਗਰਜਵੀਂ ਆਵਾਜ਼ ਵਿਚ ਬੋਲੇ— 'ਨਹੀਂ ਨਹੀਂ, ਹਮ ਮਰੇਲੇ ਗੁਰੂ ਕੇ ਸਿੱਖ ਹੈਂ।' ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਉਸ ਸਮੇਂ ਹਕੂਮਤ ਮਰੇਲਾ (ਮਾਰ ਖੋਰ ਜਾਂ ਲੜਾਕਾ) ਗੁਰੂ ਕਰ ਕੇ ਬੁਲਾਂਦੀ ਸੀ। ਇਸ ਨਿਰਭੀਕਤਾ ਨਾਲ ਸਿੱਖ ਦਸਾਂ ਪਾਤਸ਼ਾਹੀਆਂ ਨੂੰ ਇਕ ਜੋਤ ਜਾਣਦੇ ਸਨ।

ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸੰਤ ਸਿਪਾਹੀ ਅਤੇ ਸ਼ਾਹੀ ਜਾਹੋ ਜਲਾਲ ਵਾਲੇ ਸਰੂਪ ਵਿਚੋਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨੇ ਕਠਿਨ ਖੇਲ ਹੈ, ਪਰ ਗੁਰਮਤਿ ਨੂੰ ਪਰਣਾਏ ਜਾਣ ਲਈ ਇਹ ਲਾਜ਼ਮੀ ਵੀ ਹੈ। ਸਮਰੱਥ ਰਾਮਦਾਸ ਦੀ ਦੁਬਿਧਾ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਉਂ ਨਵਿਰਤ ਕੀਤਾ ਸੀ,

> ***ਗੁਰੂ ਹਰਗੋਬਿੰਦ ਕਹਿਆ! ਬਾਤਨ ਫਕੀਰੀ, ਜ਼ਾਹਰ ਅਮੀਰੀ। ਸ਼ਸਤਰ ਗਰੀਬ ਕੀ ਰਖਿਆ, ਜਰਵਾਣੇ ਕੀ ਭਖਿਆ। ਬਾਬਾ ਨਾਨਕ ਸੰਸਾਰ ਨਹੀਂ ਤਿਆਗਿਆ ਥਾ, ਮਾਯਾ ਕਾ ਮੋਹ ਤਿਆਗਿਆ ਥਾ।***

ਅੱਜ ਕੱਲ ਵੀ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਵਿਚਕਾਰ ਭਿੰਨਤਾ ਪੈਦਾ ਕਰਨ ਦੀ ਸਾਜ਼ਿਸ਼ ਬੜੇ ਜ਼ੋਰ ਸ਼ੋਰ ਨਾਲ ਸ਼ੁਰੂ ਹੈ। ਪਹਿਲਾਂ ਤਾਂ ਇਹ ਕਿਹਾ ਗਿਆ ਕਿ ਅਸੀਂ ਗੁਰੂ ਨਾਨਕ ਦੇਵ ਜੀ ਨੂੰ ਤਾਂ ਮੰਨਦੇ ਹਾਂ ਪਰ ਗੁਰੂ ਗੋਬਿੰਦ ਸਿੰਘ ਜੀ ਨੂੰ ਮੰਨਣਾ ਔਖਾ ਹੈ। ਸੁਣਨ ਵਿਚ ਆਉਂਦਾ ਸੀ, ***ਹਮੇਂ ਚਿੜੀ ਵਾਲੇ ਬਾਬੇ ਸੇ ਡਰ ਲਗਤਾ ਹੈ।*** ਪਰ ਹੁਣ ਤਾਂ ਖੁੱਲਮ ਖੁੱਲ੍ਹਾ ਹੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ, ਬਾਣੇ, ਅੰਮ੍ਰਿਤ, ਰਹਿਤ, ਕੁਰਹਿਤਾਂ ਆਦਿ 'ਤੇ ਯੋਜਨਾਬੱਧ ਤਰੀਕੇ ਨਾਲ ਹਮਲੇ ਕਰ ਕੇ ਇਹ ਸੁਨੇਹਾ ਦਿੱਤਾ ਜਾ ਰਿਹਾ ਹੈ ਕਿ ਉਹ ਦਸੋਂ ਗੁਰੂ ਸਾਹਿਬਾਨ ਨੂੰ ਇਕੋ ਜੋਤ ਦਾ ਪ੍ਰਕਾਸ਼ ਮੰਨਣ ਤੋਂ ਹੀ ਇਨਕਾਰੀ ਹਨ।

SikhBookClub.com

(ਸ) ਜਾਤ-ਪਾਤ, ਛੂਤ-ਛਾਤ, ਜੰਤ੍ਰ-ਮੰਤ੍ਰ, ਸ਼ਗਨ, ਤਿੱਥ, ਮਹੂਰਤ, ਗ੍ਰਹਿ, ਰਾਸ਼, ਸ਼ਰਾਧ, ਪਿੱਤਰ, ਖਿਆਹ, ਪਿੰਡ ਪੱਤਲ, ਦੀਵਾ, ਕਿਰਿਆ ਕਰਮ, ਹੋਮ, ਜੱਗ, ਤਰਪਣ, ਸਿਖਾ ਸੂਤ, ਭੱਦਣ, ਇਕਾਦਸ਼ੀ, ਪੂਰਨਮਾਸ਼ੀ ਆਦਿ ਦੇ ਵਰਤ, ਤਿਲਕ, ਜੰਞੂ, ਤੁਲਸੀ, ਮਾਲਾ, ਗੋਰ, ਮੱਠ, ਮੜ੍ਹੀ, ਮੂਰਤੀ ਪੂਜਾ ਆਦਿ ਭਰਮ-ਰੂਪ ਕਰਮਾਂ ਉਤੇ ਨਿਸਚਾ ਨਹੀਂ ਕਰਨਾ। ਗੁਰੂ ਅਸਥਾਨ ਤੋਂ ਕਿਸੇ ਅਨ-ਧਰਮ ਦੇ ਤੀਰਥ ਜਾਂ ਧਾਮ ਨੂੰ ਆਪਣਾ ਅਸਥਾਨ ਨਹੀਂ ਮੰਨਣਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੦)

ਵੈਸੇ ਤਾਂ ਸਿੱਖ ਰਹਿਤ ਮਰਯਾਦਾ ਨੇ ਸਿੱਖ ਦੇ ਨਿਆਰੇਪਨ ਨੂੰ ਉਜਾਗਰ ਕੀਤਾ ਹੈ ਪਰ ਬਿੱਪਰਵਾਦ ਫਿਰ ਵੀ ਵਲ-ਵਲੇਵੇਂ ਪਾ ਕੇ ਹਾਵੀ ਹੋ ਜਾਂਦਾ ਹੈ। ਗੁਰੂ ਸਾਹਿਬ ਨੂੰ ਬ੍ਰਾਹਮਣ ਨਾਲ ਕੋਈ ਉਜਰ ਨਹੀਂ ਸੀ ਪਰ ਜੇਕਰ ਦਿੱਕਤ ਸੀ ਤਾਂ ਇਸ ਵੱਲੋਂ ਧਰਮ ਦੇ ਨਾਮ 'ਤੇ ਕੀਤੇ ਅਤੇ ਕਰਵਾਏ ਜਾ ਰਹੇ ਪਾਖੰਡ ਅਤੇ ਕਰਮਕਾਂਡ ਤੋਂ ਸੀ। ਸਿੱਖ ਰਹਿਤ ਮਰਯਾਦਾ ਦੀ ਇਸ ਮੱਦ ਵਿਚ ਵਿਸ਼ੇਸ਼ ਤੌਰ 'ਤੇ ਉਹਨਾਂ ਨੁਕਤਿਆਂ ਦਾ ਜ਼ਿਕਰ ਕਰ ਕੇ ਇਹਨਾਂ ਸਾਰੇ ਪਖੰਡ ਰੂਪੀ ਕਰਮਾਂ ਤੋਂ ਬਚਣ ਦੀ ਤਾੜਨਾ ਕੀਤੀ ਗਈ ਹੈ। ਸੰਖੇਪ ਵਿਚ ਇਹਨਾਂ ਮੱਦਾਂ ਦੀ ਵਿਚਾਰ ਜ਼ਰੂਰੀ ਹੈ।

ਜਾਤ-ਪਾਤ

ਇਸ ਮੱਦ ਵਿਚ ਪਹਿਲਾ ਨੁਕਤਾ ਹੈ ਜਾਤ-ਪਾਤ। ਬ੍ਰਾਹਮਣਵਾਦ ਨੇ ਜਾਤ-ਪਾਤ ਜਾਂ ਵਰਣ ਆਸ਼ਰਮ ਦਾ ਇਕ ਐਸਾ ਗੁੰਝਲਦਾਰ ਤਾਣਾ ਬਾਣਾ ਬੁਣਿਆ ਹੈ ਜਿਸਦੀ ਕੋਈ ਮਿਸਾਲ ਸਾਰੇ ਸੰਸਾਰ ਵਿਚ ਨਹੀਂ ਮਿਲਦੀ। ਸਦੀਆਂ ਪੁਰਾਣੀ ਇਹ ਕਠੋਰ ਵਿਵਸਥਾ ਅੱਜ ਵੀ ਪੂਰੇ ਜ਼ੋਰ ਸ਼ੋਰ ਨਾਲ ਕਾਇਮ ਹੈ । ਭਵਿੱਖ ਵਿਚ ਵੀ ਇਸ ਦੇ ਸਮਾਪਤ ਹੋਣ ਦੇ ਨਹੀਂ ਬਲਕਿ ਹੋਰ ਸੁਦ੍ਰਿੜ ਹੋਣ ਦੇ ਆਸਾਰ ਹਨ ਕਿਉਂਕਿ ਭਾਰਤ ਦੇ ਸੰਵਿਧਾਨ ਵਿਚ ਇਹ ਵਿਵਸਥਾ ਸੰਸਥਾਗਤ ਰੂਪ ਵਿਚ ਅੰਕਤ ਕਰ ਦਿੱਤੀ ਗਈ ਹੈ। ਇਹ ਵਿਵਸਥਾ ਕਿਸੇ ਵਿਅਕਤੀ ਦੀ ਸਾਰੀ ਜੀਵਨ ਜਾਚ ਉਸ ਦੇ ਜਾਤ ਵਿਸ਼ੇਸ਼ ਦੇ ਘਰ ਜਨਮ ਤੋਂ ਹੀ ਤੈਅ ਕਰਦੀ ਹੈ । ਇਸ ਅਨੁਸਾਰ ਹੀ ਉੱਤਮ, ਮੱਧਮ ਜਾਂ ਨੀਵੀਂ ਜਾਤ ਵਿਚ ਉਸ ਨੂੰ ਸਾਰਾ ਜੀਵਨ ਤੈਅ ਕਰਨਾ ਪੈਂਦਾ ਹੈ। ਇਸ ਰਾਹੀਂ ਜਨਮ ਤੋਂ ਹੀ ਕਿਸੇ ਵਿਅਕਤੀ ਨੂੰ ਚਾਰ ਵਿਚੋਂ ਇਕ ਆਸ਼੍ਰਮ ਵਿਚ ਪਾ ਦਿੱਤਾ ਜਾਂਦਾ ਹੈ। ਵਿਅਕਤੀ ਦੀ ਲਿਆਕਤ, ਉਸਦਾ ਚੱਜ ਆਚਾਰ, ਉਸਦੀ ਵਿਦਿਆ, ਉਸਦੀ ਆਤਮਕ ਅਵਸਥਾ ਉਸ ਦੀ ਜਾਤ ਨੂੰ ਬਦਲ ਨਹੀਂ ਸਕਦੀ। ਭਾਵੇਂ ਰਾਮ ਰਾਜ ਵੀ ਆ ਜਾਵੇ ਸ਼ੰਬੂਕ ਦਾ ਰੁਤਬਾ ਨਹੀਂ ਬਦਲ ਸਕਦਾ। ਅਯੋਧਿਆ ਵਾਪਸ ਆ ਕੇ ਸ੍ਰੀ ਰਾਮ ਚੰਦ੍ਰ ਨੇ ਕਿਸ ਤਰ੍ਹਾਂ ਦਾ ਰਾਮ-ਰਾਜ ਕਾਇਮ ਕੀਤਾ ਉਸਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਵਿਚ ਕੀਤਾ ਹੈ,

ਚੌਪਈ ਛੰਦ ॥ ਬਹੁ ਬਿਧਿ ਕਰੋ ਰਾਜ ਕੋ ਸਾਜਾ ॥ ਦੇਸ ਦੇਸ ਕੇ ਜੀਤੇ ਰਾਜਾ ॥
ਸਾਮ ਦਾਮ ਅਰੁ ਦੰਡ ਸਭੇਦਾ ॥ ਜਿਹ ਬਿਧਿ ਹੁਤਾ ਸਾਸਨਾ ਬੇਦਾ ॥੮੩੭॥
ਬਰਨ ਬਰਨ ਅਪਨੀ ਕ੍ਰਿਤ ਲਾਏ ॥ ਚਾਰ ਚਾਰ ਹੀ ਬਰਨ ਚਲਾਏ ॥
ਛਤ੍ਰੀ ਕਰੈਂ ਬਿੱਪ੍ਰ ਕੀ ਸੇਵਾ ॥ ਬੈਸ ਲਖੇ ਛੱਤ੍ਰੀ ਕਹ ਦੇਵਾ ॥੮੩੮॥

SikhBookClub.com

ਸੂਦ੍ਰ ਸਭਨ ਕੀ ਸੇਵ ਕਮਾਵੈ॥ ਜਹ ਕੋਈ ਕਹੈ ਤਹੀ ਵਹ ਧਾਵੈ॥
ਜੈਸਕ ਹੁਤੀ ਬੇਦ ਸਾਸਨਾ॥ ਨਿਕਸਾ ਤਸ ਰਾਮ ਕੀ ਰਸਨਾ॥੮੩੯॥

(ਚੌਬੀਸ ਅਵਤਾਰ, ਰਾਮ ੮੪੦/੪)

ਗੁਰਮਤਿ ਐਸੇ ਰਾਮ-ਰਾਜ ਦੇ ਸੰਕਲਪ ਨੂੰ ਪ੍ਰਵਾਨ ਨਹੀਂ ਕਰ ਸਕਦੀ। ਬਿਪਰਵਾਦ ਮੁਤਾਬਕ ਜਾਤ-ਪਾਤ ਜਨਮ ਜਾਤ ਹੈ ਅਤੇ ਸਾਰਾ ਜੀਵਨ ਉਸ ਨੂੰ ਕੋਈ ਬਦਲ ਨਹੀਂ ਸਕਦਾ। ਪਰ ਧੰਨ ਗੁਰੂ ਸਾਹਿਬ, ਉਹਨਾਂ ਨੇ ਨਾ ਕੇਵਲ ਸਿੱਖ ਦੀ ਜਾਤ ਪਾਤ ਹੀ ਬਦਲ ਦਿੱਤੀ ਬਲਕਿ ਉਸਦੀ ਕੁਲ ਅਤੇ ਕੌਮੀਅਤ ਵੀ ਤਬਦੀਲ ਕਰ ਕੇ ਰੱਖ ਦਿੱਤੀ। ਸਤਿਗੁਰੂ ਸੱਚੇ ਪਾਤਸ਼ਾਹ ਦਾ ਹੁਕਮ ਹੋਇਆ ਕਿ ਰੱਬ ਨੂੰ ਵਿਸਾਰ ਦੇਣ ਵਾਲੇ ਹੀ ਕਮਜਾਤ ਹਨ। ਗੁਰੂ ਸਾਹਿਬ ਵੱਲੋਂ ਬਖਸ਼ੀ ਸੰਗਤ ਅਤੇ ਪੰਗਤ ਦੇ ਨਾਲ ਗੁਰਦੁਆਰਾ ਸਾਹਿਬਾਨ ਵਿਚ, ਪੰਜ ਪਿਆਰਿਆਂ, ਗ੍ਰੰਥੀ ਸਿੰਘਾਂ ਦੀ ਨਿਯੁਕਤੀ, ਕੀਰਤਨੀਏ ਆਦਿ ਲਈ ਇਹ ਜਾਤ-ਪਾਤ ਪੂਰੀ ਤਰ੍ਹਾਂ ਸਮਾਪਤ ਹੋ ਚੁਕੀ ਹੈ। ਪਰ ਸਮਾਜਕ ਤੌਰ 'ਤੇ ਇਸ ਦੇ ਕੁੱਝ ਆਸਾਰ ਅਜੇ ਬਾਕੀ ਹਨ ਜਿਹਨਾਂ ਨੂੰ ਸਮਾਪਤ ਕਰਨ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ। ਪਰ ਮੌਜੂਦਾ ਦੌਰ ਵਿਚ ਇਹ ਕਾਰਜ ਪਹਿਲਾਂ ਨਾਲੋਂ ਜ਼ਿਆਦਾ ਕਠਿਨ ਜਾਪਦਾ ਹੈ।

ਛੂਤ-ਛਾਤ

ਜਾਤ-ਪਾਤ ਦੇ ਨਾਲ-ਨਾਲ ਇਸ ਸਮਾਜ ਵਿਚ ਛੂਆ-ਛੂਤ ਵਰਗਾ ਅਣ-ਮਨੁੱਖੀ ਵਰਤਾਰਾ ਵੀ ਮੌਜੂਦ ਸੀ। ਕਿਸੇ ਜਾਤ ਵਿਸ਼ੇਸ਼ ਜਾਂ ਧਰਮ ਦੇ ਵਿਅਕਤੀ ਦੀ ਪਰਛਾਈ ਪੈ ਜਾਣ ਜਾਂ ਉਸ ਨਾਲ ਛੂਹ ਜਾਣ ਨਾਲ ਹੀ ਆਪਣੇ ਆਪ ਨੂੰ ਭਿੱਟਿਆ ਸਮਝਿਆ ਜਾਂਦਾ ਸੀ। ਇਹ ਇਨਸਾਨੀਅਤ 'ਤੇ ਇਕ ਕਲੰਕ ਸੀ।

ਕੁਬੁਧਿ ਡੂਮਣੀ ਕੁਦਇਆ ਕਸਾਇਣਿ
ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ॥
ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ॥

(ਮ. ੩, ਅੰਗ ੯੧)

ਇਸ 'ਤੇ ਹਜ਼ੂਰ ਨੇ ਸਖ਼ਤ ਚੋਟ ਹੀ ਨਹੀਂ ਕੀਤੀ ਬਲਕਿ ਸਮਾਜ ਵਿਚੋਂ ਦੁਰਕਾਰੇ, ਨਿਤਾਣੇ ਅਤੇ ਤ੍ਰਿਸਕਾਰਤ ਹਰ ਇਕ ਨੂੰ ਨਾ ਕੇਵਲ ਗਲੇ ਹੀ ਲਗਾਇਆ ਬਲਕਿ ਹਰ ਇਕ ਨੂੰ ਇਕੋ ਬਾਟੇ ਵਿਚ ਅੰਮ੍ਰਿਤ ਦੀ ਦਾਤ ਦੇ ਕੇ ਉਹਨਾਂ ਅੱਗੇ ਆਪਣਾ ਸਿਰ ਵੀ ਝੁਕਾ ਦਿੱਤਾ।

ਐਸੀ ਲਾਲ ਤੁਝ ਬਿਨੁ ਕਉਨੁ ਕਰੈ॥
ਗਰੀਬ ਨਿਵਾਜੁ ਗੁਸਈਆ ਮੇਰਾ
ਮਾਥੈ ਛਤ੍ਰ ਧਰੈ॥੧॥ ਰਹਾਉ॥
ਜਾ ਕੀ ਛੋਤਿ ਜਗਤ ਕਉ ਲਾਗੈ
ਤਾ ਪਰ ਤੁਹੀਂ ਢਰੈ॥

(ਭ. ਰਵਿਦਾਸ ਜੀ, ਅੰਗ ੧੧੦੬)

SikhBookClub.com

ਜੰਤ੍ਰ-ਮੰਤ੍ਰ-ਤੰਤ੍ਰ

ਜੰਤ੍ਰ, ਮੰਤ੍ਰ ਅਤੇ ਤੰਤ੍ਰ ਕਰਮਕਾਂਡ ਅਤੇ ਭਰਮ-ਵਹਿਮ ਦੇ ਸਾਧਨ ਹਨ । ਗੁਰਮਤਿ ਨੇ ਇਹਨਾਂ ਨੂੰ ਪੂਰੀ ਤਰ੍ਹਾਂ ਪਾਖੰਡ ਕਰਮ ਜਾਣ ਕੇ ਰੱਦ ਕੀਤਾ ਹੈ :

ਕਰੇ ਕੋਟ ਕੋਊ ਧਰੈ ਕੋਟਿ ਓਟੰ ॥
ਬਚੈਗੋ ਨ ਕਿਊਹੂੰ ਕਰੈ ਕਾਲ ਚੋਟੰ ॥
ਲਿਖ ਜੰਤ੍ਰ ਕੇਤੇ ਪੜੰ ਮੰਤ੍ਰ ਕੋਟੰ ॥
ਬਿਨਾ ਸਰਨਿ ਤਾ ਕੀ ਨਹੀ ਔਰ ਓਟੰ ॥੬੧॥

(ਬਚਿਤ੍ਰ ਨਾਟਕ ਅ. ੧, ੬੯/(੪)

ਹਜ਼ੂਰ ਨੇ ਇਸ ਤੋਂ ਬਚਣ ਦੀ ਤਾਕੀਦ ਵੀ ਕੀਤੀ ਹੈ :

ਅਲੇਖ ਅਭੇਖ ਅਦ੍ਵੈਖ ਅਰੇਖ ਅਸੇਕ ਕੋ ਪਛਾਨੀਐ ॥
ਨ ਭੂਲ ਜੰਤ੍ਰ ਤੰਤ੍ਰ ਮੰਤ੍ਰ ਭਰਮ ਭੇਖ ਠਾਨੀਐ ॥੧॥੧੦੪॥

ਇਕੋ ਇਕ ਮਹਾ ਮੰਤ੍ਰ ਜੋ ਹਰ ਕਾਰਜ ਦੀ ਸਿੱਧੀ ਦਾ ਜ਼ਾਮਨ ਉਹ ਹੈ ਵਾਹਿਗੁਰੂ ਦਾ ਨਾਮ। ***"ਹਰਿ ਵਾਹਿਗੁਰੂ ਮੰਤਰ ਅਗੰਮ ਜਗ ਤਾਰਨਹਾਰਾ।"*** (ਵਾਰ 41, ਪਉੜੀ 18)

ਜੋ ਕੁੱਝ ਵੀ ਸੰਸਾਰ ਵਿਚ ਵਾਪਰ ਰਿਹਾ ਹੈ ਉਹ ਸਾਡੇ ਕਰਮਾਂ ਕਰਕੇ ਹੈ। ***"ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥"*** (ਮ.੧, ਅੰਗ 4) ਇਹ ਸਭ ਉਸਦੀ ਰਜ਼ਾ, ਉਸ ਦੇ ਹੁਕਮ ਵਿਚ ਹੋ ਰਿਹਾ ਹੈ। ਕੋਈ ਵੀ ਕਰਮ ਕਾਂਡ, ਸਗਨ ਅਪਸਗਨ, ਤਿੱਥ ਮਹੂਰਤ, ਜੰਤ੍ਰ-ਮੰਤ੍ਰ-ਤੰਤ੍ਰ, ਗ੍ਰਹਿ ਚਾਲ ਆਦਿ ਨਿਰਾ ਭਰਮ ਹੈ। ***"ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥"*** (11) ਦੇ ਮਹਾਵਾਕ ਅਨੁਸਾਰ :

ਭਾਈ ਮਤ ਕੋਈ ਜਾਣਹੁ ਕਿਸੀ ਕੈ ਕਿਛੁ ਹਾਥਿ ਹੈ ਸਭ ਕਰੇ ਕਰਾਇਆ ॥
ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ
ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ ॥

(ਗਉੜੀ ਮ: ੪, ਅੰਗ ੧੬੮)

ਇਹਨਾਂ ਸਾਰਿਆਂ ਦੀ ਕਾਟ ਕੇਵਲ ਵਾਹਿਗੁਰੂ ਦਾ ਨਾਮ ਹੈ :

ਸਗਨ ਅਪਸਗਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ ॥
ਤਿਸੁ ਜਮੁ ਨੇੜਿ ਨ ਆਵਈ ਜੋ ਹਰਿ ਪ੍ਰਭਿ ਭਾਵੈ ॥੨॥

(ਆਸਾ ਮ: ੫, ਅੰਗ ੪੦੧)

ਇਸ ਲਈ ਸਿੱਖ ਨੂੰ ਆਦੇਸ਼ ਹੈ ਕਿ ਇਹਨਾਂ ਭਰਮ ਰੂਪੀ ਕਰਮ ਕਾਂਡ 'ਤੇ ਨਿਸਚਾ ਨਹੀਂ ਰੱਖਣਾ :

ਪੂਛਤ ਨ ਜੋਤਕ ਅਉ ਬੇਦ ਥਿਤਿ ਬਾਰ ਕਛੁ
ਗ੍ਰਿਹ ਅਉ ਨਖਤ੍ਰ ਕੀ ਨ ਸੰਕਾ ਉਰ ਧਾਰੀ ਹੈ।
ਜਾਨਤ ਨ ਸਗਨ ਲਗਨ ਆਨ ਦੇਵ ਸੇਵ
ਸਬਦ ਸੁਰਤਿ ਲਿਵ ਨੇਹੁ ਨਿਰੰਕਾਰੀ ਹੈ।

(ਕਬਿੱਤ ੪੪੮/੪)

SikhBookClub.com

ਤਿਥਾਂ ਵਾਰਾਂ ਚੰਦ੍ਰਮਾ ਦੀ ਗਤੀ ਦੇ ਨਾਲ ਸਮੇਂ ਦੀ ਵੰਡ ਦੇ ਪੈਮਾਨੇ ਹਨ। ਜਿਵੇਂ ਨਾਪ, ਤੋਲ ਅਤੇ ਗਿਣਤੀ ਮਿਣਤੀ ਦੇ ਪੈਮਾਨੇ। ਪਰ ਇਹਨਾਂ ਵੱਟਿਆਂ ਜਾਂ ਫ਼ੁਟਿਆਂ ਦੀ ਹੀ ਪੂਜਾ ਨਹੀਂ ਕੀਤੀ ਜਾ ਸਕਦੀ। ਇਹਨਾਂ ਨੂੰ ਵਰਤਿਆ ਜਾ ਸਕਦਾ ਹੈ । ਇਸ ਲਈ ਇਹ ਪਵਿੱਤਰ ਅਪਵਿੱਤਰ ਜਾਂ ਸ਼ਗੁਨ-ਅਪਸ਼ਗੁਨ ਵੀ ਨਹੀਂ ਹਨ।

ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਭਇਆ ॥
ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥੨॥

(ਆਸਾ ਮ: ੧, ਅੰਗ ੩੫੭)

ਭਾਰਤੀ ਸਮਾਜ ਨੇ ਇਹਨਾਂ ਤਿਥਾਂ ਦੇ ਹਿਸਾਬ ਨਾਲ ਚੰਗੇ ਮਾੜੇ ਤੈਅ ਕਰ ਕੇ ਵਰਤ ਅਤੇ ਉਪਾਅ ਆਦਿ ਸ਼ੁਰੂ ਕਰ ਦਿੱਤੇ। ਗੁਰਮਤਿ ਨੇ ਇਸ ਸਾਰੇ ਨੂੰ ਸਪਸ਼ਟ ਤੌਰ 'ਤੇ ਭਰਮ ਵਹਿਮ ਤੋਂ ਵੱਧ ਕੁੱਝ ਵੀ ਨਹੀਂ ਜਾਣਿਆ। ਵੱਖ ਵੱਖ ਇਸ਼ਟ ਅਤੇ ਦੇਵੀ ਦੇਵਤਿਆਂ ਦੇ ਨਾਮ 'ਤੇ ਦਿਨ ਮੁਕੱਰਰ ਕਰ ਲਏ ਪਰ ਵਾਹਿਗੁਰੂ ਲਈ ਕੋਈ ਦਿਨ ਤੈਅ ਨਹੀਂ ਕੀਤਾ।

ਆਦਿਤ ਅਉ ਸੋਮ ਭੋਮ ਬੁਧ ਹੂੰ ਬ੍ਰਹਸਪਤ,
ਸੁਕਰ ਸਨੀਚਰ ਸਾਤੋ ਬਾਰ ਬਾਂਟ ਲੀਨੇ ਹੈ।
ਥਿਤਿ ਪੱਛ ਮਾਸ ਰੁਤਿ ਲੋਗਨ ਮੈ ਲੋਗਚਾਰ,
ਏਕ ਏਕੰਕਾਰ ਕਉ ਨ ਕੋਊ ਦਿਨ ਦੀਨੇ ਹੈ।
ਜਨਮ ਅਸਟਮੀ ਰਾਮਨਉਮੀ ਏਕਾਦਸੀ ਭਈ,
ਦੁਆਦਸੀ ਚਤੁਰਦਸੀ ਜਨਮੁ ਏ ਕੀਨੇ ਹੈ।
ਪਰਜਾ ਉਪਾਰਜਨ ਕੋ ਨ ਕੋਊ ਪਾਵੈ ਦਿਨ,
ਅਜੋਨੀ ਜਨਮੁ ਦਿਨੁ ਕਹੌ ਕੈਸੇ ਚੀਨੇ ਹੈ ॥੪੮੪॥

ਮਹੂਰਤ

ਸਮੇਂ ਦੀ ਵੰਡ ਵਿਚ ਤਕਰੀਬਨ 48 ਮਿੰਟ ਨੂੰ ਮਹੂਰਤ ਕਰ ਕੇ ਜਾਣਿਆ ਜਾਂਦਾ ਹੈ। ਹਿੰਦੂ ਕੋਈ ਵੀ ਕਾਰਜ ਕਰਣ ਤੋਂ ਪਹਿਲਾਂ ਗ੍ਰਹਿ ਅਤੇ ਨਖਤ੍ਰਾਂ ਦੀ ਚਾਲ ਤੋਂ ਸ਼ੁਭ ਅਤੇ ਅਸ਼ੁਭ ਮਹੂਰਤ ਕਢਦੇ ਹਨ ਅਤੇ ਫ਼ਿਰ ਕਾਰਜ ਕਰਦੇ ਹਨ। ਸਤਿਗੁਰੂ ਜੀ ਨੇ ਉਸ ਘੜੀ ਨੂੰ ਸ਼ੁਭ ਕਿਹਾ ਜਦੋਂ ਪ੍ਰੀਤਮ ਪਿਆਰਾ ਮਿਲ ਜਾਏ।

ਭਾਵੀ ਉਦੋਤ ਕਰਣੰ ਹਰਿ ਰਮਣੰ ਸੰਜੋਗ ਪੂਰਨਹ ॥
ਗੋਪਾਲ ਦਰਸ ਭੇਟੰ ਸਫਲ ਨਾਨਕ ਸੋ ਮਹੂਰਤਹ ॥੧॥
ਕੀਮ ਨ ਸਕਾ ਪਾਇ ਸੁਖ ਮਿਤੀ ਹੂ ਬਾਹਰੇ ॥
ਨਾਨਕ ਸਾ ਵੇਲੜੀ ਪਰਵਾਣੁ ਜਿਤੁ ਮਿਲੰਦੜੋ ਮਾ ਪਿਰੀ ॥੨॥

(ਜੈਤਸਰੀ ਵਾਰ ਮ: ੫, ਅੰਗ ੭੦੯)

ਗ੍ਰਹਿ

ਜੋਤਿਸ਼ ਅਨੁਸਾਰ ਸੂਰਜ ਦੇ ਦੁਆਲੇ ਨੌਂ ਗ੍ਰਹਿ ਹਨ—ਸੂਰਜ, ਚੰਦ, ਮੰਗਲ, ਬੁੱਧ,

SikhBookClub.com

ਬ੍ਰਿਹਸਪਤ, ਸ਼ੁਕਰ, ਸ਼ਨਿਚਰ, ਰਾਹੂ ਤੇ ਕੇਤੂ। ਹਿੰਦੂ ਮੰਨਦੇ ਹਨ ਕਿ ਇਹਨਾਂ 'ਚੋਂ ਮੰਗਲ ਤੇ ਸ਼ਨਿਚਰ ਇਨਸਾਨਾਂ ਲਈ ਅਸ਼ੁਭਕਾਰੀ ਹਨ। ਅਤੇ ਜੇਕਰ ਅੱਠ ਗ੍ਰਹਿ ਇਕ ਘਰ ਵਿਚ ਇਕੱਠੇ ਹੋ ਜਾਣ ਤਾਂ ਇਹ ਵਿਨਾਸ਼ਕਾਰੀ ਹੁੰਦੇ ਹਨ। ਇਹ ਸਭ ਕੁੱਝ ***"ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ"*** (56) ਤੋਂ ਵੱਧ ਕੁੱਝ ਵੀ ਨਹੀਂ।

ਰਾਸ਼

ਧਰਤੀ ਸੂਰਜ ਦਾ ਚੱਕਰ ਤਕਰੀਬਨ ਇਕ ਸਾਲ ਵਿਚ ਪੂਰਾ ਕਰਦੀ ਹੈ। ਇਸ ਸਫ਼ਰ ਨੂੰ ਬਾਰਾਂ ਹਿੱਸਿਆਂ ਵਿਚ ਵੰਡਿਆ ਗਿਆ ਹੈ। ਜਦੋਂ ਧਰਤੀ ਇੱਕ ਹਿੱਸੇ ਦਾ ਸਫ਼ਰ ਪੂਰਾ ਕਰ ਕੇ ਦੂਜੇ ਹਿੱਸੇ 'ਤੇ ਪਹੁੰਚਦੀ ਹੈ ਤਾਂ ਇਸ ਪੜਾਅ ਨੂੰ ਸੰਗਰਾਂਦ ਕਿਹਾ ਜਾਂਦਾ ਹੈ ਜੋ ਮਹੀਨੇ ਦਾ ਪਹਿਲਾ ਦਿਨ ਹੁੰਦਾ ਹੈ। ਇਸ ਲਈ ਸੰਗਰਾਂਦ ਦੀ ਪੱਕੀ ਤਾਰੀਖ਼ ਕੋਈ ਵੀ ਤੈਅ ਨਹੀਂ ਕਰ ਸਕਦਾ। ਇਸ ਨਾਲ ਹਿੰਦੂ ਸਮਾਜ ਨੇ ਕਈ ਭਰਮ ਵਹਿਮ ਜੋੜ ਲਏ ਸਨ ਜਿਸਨੂੰ ਗੁਰਮਤਿ ਨੇ ਪ੍ਰਵਾਨ ਨਹੀਂ ਕੀਤਾ।

ਸੰਗਰਾਂਦ, ਪੁੰਨਿਆ, ਤਿੱਥਾਂ, ਵਾਰਾਂ ਸਮੇਂ ਦੀ ਵੰਡ ਦੇ ਪੈਮਾਨੇ ਹਨ। ਇਹਨਾਂ ਦਿਨ ਦਿਹਾੜਿਆਂ 'ਤੇ ਅਨਮਤ ਦੇ ਲੋਕ ਤੀਰਥਾਂ, ਸਰੋਵਰਾਂ ਆਦਿ ਤੇ ਇੱਕਠੇ ਹੁੰਦੇ ਸਨ। ਗੁਰੂ ਸਾਹਿਬ ਨੇ ਇਹਨਾਂ ਮੌਕਿਆਂ ਦਾ ਮੁਹਾਣ ਰੱਬੀ ਇਬਾਦਤ ਵੱਲ ਮੋੜਿਆ।

ਸ਼ਰਾਧ, ਖਿਆਹ

ਗੁਜ਼ਰ ਚੁਕੇ ਰਿਸ਼ਤੇਦਾਰਾਂ ਨੂੰ ਪ੍ਰਸੰਨ ਕਰਨ ਲਈ ਪੂਜਾ ਪਾਠ ਅਤੇ ਦਾਨ ਪੁੰਨ ਨੂੰ ਸ਼ਰਾਧ ਕਿਹਾ ਗਿਆ ਹੈ। ਹਿੰਦੂ ਮਤ ਵਿਚ ਇਸ ਦਿਨ ਮਿਰਤਕ ਪ੍ਰਾਣੀ ਦੇ ਪਸੰਦ ਦੇ ਭੋਜਨ, ਵਸਤ੍ਰ ਆਦਿ ਦਾਨ ਕੀਤੇ ਜਾਂਦੇ ਹਨ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਸ ਨੂੰ ਪਖੰਡ ਕਰਮ ਕਰਾਰ ਦਿੱਤਾ :

ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ॥
ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ॥
ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ॥
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥੧॥

(ਆਸਾ ਵਾਰ ਮ: ੧, ਅੰਗ ੪੭੨)

ਔਰੰਗਜ਼ੇਬ ਨੇ ਆਪਣੇ ਬਾਪ ਸ਼ਾਹਜਹਾਂ ਨੂੰ ਆਗਰੇ ਦੇ ਕਿਲ੍ਹੇ ਵਿਚ ਕੈਦ ਕੀਤਾ ਤੇ ਉਸਨੂੰ ਪਾਣੀ ਤੋਂ ਵੀ ਮੁਥਾਜ ਕਰ ਦਿੱਤਾ। ਇਸ 'ਤੇ ਸ਼ਾਹਜਹਾਂ ਨੇ ਆਪਣੇ ਬੇਟੇ ਔਰੰਗਜ਼ੇਬ ਨੂੰ ਕਿਹਾ :

ਆਫਰੀਂ ਬਾਦ ਹਿੰਦੂਆਂ ਹਰਬਾਬ ਮੁਰਦਾ ਰਾ ਮੇ ਦਿਹੰਦ ਦਾਇਮ ਆਬ।
ਐ ਪਿਸਰ ਤੂ ਅਜਬੋ ਮੁਸਲਮਾਨੀ, ਜਿੰਦਾ ਜਾਨਮ ਬਾ ਆਬ ਨਾ ਰਸਾਨੀ।

(ਤੂੰ ਚੰਗਾ ਮੁਸਲਮਾਨ ਹੈਂ ਜੋ ਆਪਣੇ ਬਾਪ ਨੂੰ ਪਾਣੀ ਤੋਂ ਤਰਸਾ ਰਿਹਾ ਹੈਂ। ਤੇਰੇ ਨਾਲੋਂ ਤਾਂ ਉਹ ਹਿੰਦੂ ਬੇਹਤਰ ਹਨ ਜੋ ਮੋਏ ਪਿਤਰਾਂ ਨੂੰ ਪਾਣੀ ਦਿੰਦੇ ਹਨ।)

SikhBookClub.com

ਇਸ ਤਰ੍ਹਾਂ ਮਿਰਤਕ ਪ੍ਰਾਣੀ ਦੇ ਨਮਿੱਤ ਉਸ ਦੀ ਮਰਨ ਤਿਥੀ 'ਤੇ ਕੀਤੇ ਛੋਟੇ ਸ਼ਰਾਧ ਨੂੰ ਖਿਆਹ ਕਿਹਾ ਜਾਂਦਾ ਹੈ।

ਪਿੰਡ ਪੱਤਲ

ਮਰੇ ਹੋਏ ਪ੍ਰਾਣੀ ਦੇ ਨਮਿਤ ਆਟਾ, ਚਾਵਲ ਜਾਂ ਹੋਰ ਕਈ ਕਿਸਮ ਦੇ ਅਨਾਜ ਦੇ ਪਿੰਨੇ (ਪਿੰਡ) ਬਣਾ ਕੇ ਕਾਂਵਾਂ ਆਦਿ ਨੂੰ ਖਵਾਇਆ ਜਾਂਦਾ ਹੈ। ਵਿਸ਼ਵਾਸ ਇਹ ਹੈ ਕਿ ਮਰੇ ਪ੍ਰਾਣੀ ਨੂੰ ਰਸਤੇ ਵਿਚ ਲੋੜ ਹੋਏਗੀ।

ਭਗਤ ਕਬੀਰ ਜੀ ਇਸ ਬਾਰੇ ਚੇਤਾਵਨੀ ਦਿੰਦੇ ਹਨ ਵਿਅਕਤੀਆਂ ਦੇ ਜੀਂਦਿਆਂ ਜੀ ਤਾਂ ਉਸ ਦੀ ਬਾਤ ਨਹੀਂ ਪੁੱਛੀ ਤੇ ਉਸਦੇ ਜਾਣ ਪਿਛੋਂ ਇਹ ਕਿਸ ਕੰਮ?

ਜੀਵਤ ਪਿਤਰ ਨ ਮਾਨੈ ਕੋਊ
ਮੂਏਂ ਸਿਰਾਧ ਕਰਾਹੀ ॥
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ
ਕਊਆ ਕੂਕਰ ਖਾਹੀ ॥੧॥

(ਭਗਤ ਕਬੀਰ ਜੀ, ਅੰਗ ੩੩੨)

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਹੁਕਮ ਕਰਦੇ ਹਨ ਕਿ ਮੇਰੇ ਲਈ ਚਾਵਲਾਂ ਦਾ ਪਿੰਨਾ ਅਤੇ ਪੱਤਲ ਵਾਹਿਗੁਰੂ ਦਾ ਨਾਮ ਹੀ ਹੈ। ਇਹ ਲੋਕ ਪਰਲੋਕ ਦੋਹੀਂ ਥਾਈਂ ਸਹਾਈ ਹੋਏਗਾ।

ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ ॥
ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ ॥੨॥

(ਆਸਾ ਮ: ੧, ੩੫੮)

ਦੀਵਾ, ਕਿਰਿਆ ਕਰਮ

ਕਿਰਿਆ ਕਰਮ - ਪ੍ਰਾਣੀ ਦੇ ਮਰਨ ਉਪਰੰਤ ਉਸਦੇ ਨਮਿੱਤ ਬ੍ਰਾਹਮਣ ਵੱਲੋਂ ਕੀਤੇ ਗਏ ਕਰਮ ਕਾਂਡਾਂ ਦੀ ਲੜੀ ਦਾ ਹਿੱਸਾ। ਹਿੰਦੂ ਮਤ ਅਨੁਸਾਰ ਜਮਪੁਰੀ ਦੇ ਰਾਹ ਵਿਚ ਭਿਆਨਕ ਹਨੇਰਾ ਹੈ। ਇਸ ਲਈ ਦੀਵਾ ਬੱਤੀ ਜਗਾ ਕੇ ਪਾਣੀ ਵਿਚ ਤਾਰਦੇ ਹਨ। ਸਤਿਗੁਰੂ ਜੀ ਨੇ ਕਿਹਾ ਕਿ ਇਹਨਾਂ ਦੀਵਿਆਂ ਨਾਲ ਨਹੀਂ ਬਲਕਿ ਉਸ ਮਾਰਗ 'ਤੇ ਜੋ ਸਹਾਈ ਹੋਣਾ ਹੈ, ਉਹ ਹੈ :

ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ
ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥
ਨਾਮ ਤੇਰੇ ਕੀ ਜੋਤਿ ਲਗਾਈ
ਭਇਓ ਉਜਿਆਰੋ ਭਵਨ ਸਗਲਾਰੇ ॥੨॥

(ਅੰਗ ੬੯੪)

ਹੋਮ

ਬ੍ਰਾਹਮਣ ਕਰਮ ਕਾਂਡ ਵਿਚ ਪੰਜ ਮਹਾਂਯੱਗ ਵਿਚ ਹੋਮ ਦੇਵ ਯੱਗ ਮੰਨਿਆ ਜਾਂਦਾ ਹੈ।

SikhBookClub.com

ਜੱਗ

ਕਿਸੇ ਮਨੋਰਥ ਦੀ ਪੂਰਤੀ ਲਈ ਅੱਗ ਬਾਲ ਕੇ ਉਸ ਵਿਚ ਘਿਉ ਅਤੇ ਹੋਰ ਸਾਮਗ੍ਰੀ ਪਾ ਕੇ ਕੀਤੀ ਪੂਜਾ ਪਾਠ ਨੂੰ ਯੱਗ ਕਿਹਾ ਗਿਆ ਹੈ। ਦਯਾ ਨੰਦ ਸਰਸਵਤੀ ਅਨੁਸਾਰ ਇਸ ਨਾਲ ਵਾਤਾਵਰਣ ਸ਼ੁੱਧ ਹੁੰਦਾ ਹੈ। ਮਨੂ ਸਿਮਰਤੀ ਮੁਤਾਬਕ ਅੱਗ ਵਿਚ ਪਾਈ ਹੋਈ ਆਹੁਤੀ ਸੂਰਜ ਨੂੰ ਪਹੁੰਚਦੀ ਹੈ, ਸੂਰਜ ਤੋਂ ਵਰਖਾ ਹੁੰਦੀ ਹੈ ਅਤੇ ਵਰਖਾ ਤੋਂ ਅੰਨ ਹੁੰਦਾ ਹੈ, ਜਿਸ ਨਾਲ ਪੂਜਾ ਹੁੰਦੀ ਹੈ।

ਅਗਨੌ ਪ੍ਰਾਸਤਾਹੁਤਿ: ਸਮਜਗਾਦਿਤਜਮੁਪਤਿਸ਼ਠਤੇ।
ਆਦਿਤਜਾੱਜਾਯਤੇ ਬ੍ਰਿਸ਼ਟਿਰ ਬ੍ਰਿਸ਼ਟਿਰੱਨੌ ਤਤ: ਪ੍ਰਜਾ:॥

(ਮਨੂ ਅਧਜਾਯ ੩ ਸਲੋਕ ੭੬)

ਗੁਰਮਤਿ ਨੇ ਇਸ ਨੂੰ ਕਰਮਕਾਂਡ ਜਾਣ ਕੇ ਪ੍ਰਵਾਨ ਨਹੀਂ ਕੀਤਾ। ਹੁਣ ਕਈ ਸਿੱਖੀ ਰੂਪ ਵਿਚ ਮੁੜ ਇਸ ਪਾਸੇ ਵਲ ਨੂੰ ਲਿਜਾਣ ਦੀ ਕੋਸ਼ਿਸ਼ ਕਰ ਰਹੇ ਹਨ। ਜੱਗ ਬਾਰੇ ਭਾਈ ਗੁਰਦਾਸ ਜੀ ਦੇ ਬਚਨ ਹਨ,

ਗੁਰਸਿਖ ਏਕ ਮੇਕ ਰੋਮ ਨ ਪੂਜਸਿ ਕੋਟਿ
ਹੋਮ ਜਗਿ ਭੋਗ ਨਈਬੇਦ ਪੂਜਾਚਾਰ ਹੈ।
ਜੋਗ ਧਿਆਨ ਗਿਆਨ ਅਧਿਆਤਮ ਰਿਧਿ ਸਿਧਿ ਨਿਧੋ
ਜਪ ਤਪ ਸੰਜਮਾਦਿ ਅਨਿਕ ਪ੍ਰਕਾਰ ਹੈ।
ਸਿੰਮ੍ਰਿਤਿ ਪੁਰਾਨ ਬੇਦ ਸਾਸਤ੍ਰ ਅਉ ਸਾਅੰਗੀਤ
ਸੁਰਸਰ ਦੇਵ ਸਬਲ ਮਾਇਆ ਬਿਸਥਾਰ ਹੈ।
ਕੋਟਨਿ ਕੋਟਾਨਿ ਸਿਖ ਸੰਗਤਿ ਅਸੰਖ ਜਾ ਕੈ
ਸ੍ਰੀ ਗੁਰ ਚਰਨ ਨੇਤ ਨੇਤ ਨਮਸਕਾਰ ਹੈ।੧੯੨॥

(ਕਬਿੱਤ)

ਤਰਪਣ

ਹਿੰਦੂ ਮਤ ਅਨੁਸਾਰ ਦੇਵਤਿਆਂ ਅਤੇ ਪਿਤਰਾਂ ਦੀ ਤ੍ਰਿਪਤੀ ਲਈ ਹੱਥ ਨਾਲ ਪਾਣੀ ਦਿੱਤਾ ਜਾਂਦਾ ਹੈ। ਇਸ ਨਾਲ ਦੇਵਤੇ ਪ੍ਰਸੰਨ ਹੁੰਦੇ ਹਨ। ਸਾਹਿਬ ਸ੍ਰੀ ਗੁਰੂ ਨਾਨਕ ਜੀ ਮਹਾਰਾਜ ਨੇ ਹਰਿਦਵਾਰ ਵਿਚ ਇਸ ਭਰਮ ਦਾ ਪੂਰੀ ਤਰ੍ਹਾਂ ਖੰਡਨ ਕੀਤਾ। ਵਾਹਿਗੁਰੂ ਦੀ ਕਿਰਪਾ ਨਾਲ ਜਿਹਨਾਂ ਦਾ ਭਰਮ ਨਾਸ ਹੋ ਗਿਆ ਉਹ ਤਾਂ ਇਹਨਾਂ ਕਰਮ ਕਾਂਡਾਂ ਤੋਂ ਪੂਰੀ ਤਰ੍ਹਾਂ ਮੁਕਤ ਹੋ ਗਏ।

ਜੁਗਿ ਜੁਗਿ ਭਗਤਾ ਕੀ ਰਖਦਾ ਆਇਆ॥
ਦੈਤ ਪੁਤ੍ਰ ਪ੍ਰਹਲਾਦੁ ਗਾਇਤ੍ਰੀ ਤਰਪਣੁ ਕਿਛੂ ਨ ਜਾਣੈ
ਸਬਦੇ ਮੇਲਿ ਮਿਲਾਇਆ ॥੧॥ ਰਹਾਉ ॥

(ਭੈਰਉ ਮ: ੩, ਅੰਗ ੧੧੩੩)

SikhBookClub.com

ਸਿਖਾ ਸੂਤ

ਹਿੰਦੂ ਮਤ ਵਿਚ ਧਾਰਮਿਕ ਚਿੰਨ੍ਹ ਧਾਰਨ ਕਰ ਲੈਣ ਨੂੰ ਹੀ ਧਰਮੀ ਹੋਣਾ ਮੰਨ ਲਿਆ ਗਿਆ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਹੁਕਮ ਕੀਤਾ ਕਿ ਹੱਥਾਂ ਵਿਚ ਡੰਡਾ ਅਤੇ ਕਮੰਡਲ, ਖੱਪਰ ਰਖ ਕੇ ਧਾਰਮਿਕ ਚਿੰਨ੍ਹ ਧੋਤੀ ਲਪੇਟ ਕੇ ਅਤੇ ਬੋਦੀ ਰਖ ਕੇ ਤੀਰਥਾਂ 'ਤੇ ਭ੍ਰਮਣ ਵੀ ਕਰ ਲਿਆ ਪਰ ਸੰਸਾਰ ਸਮੁੰਦਰ ਤੋਂ ਪਾਰ ਕਰਨ ਵਾਲੇ ਵਾਹਿਗੁਰੂ ਦੇ ਨਾਮ ਸਿਮਰਨ ਦੇ ਬਿਨਾਂ ਕਦੀ ਵੀ ਸੁਖ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ। ਇਹ ਕੇਵਲ ਚਿੰਨ੍ਹ ਹਨ। ਕਿਸੇ ਵੀ ਧਰਮ ਦੇ ਚਿੰਨ੍ਹ ਮਾਤਰ ਧਾਰਨ ਕਰ ਲੈਣ ਨਾਲ ਗੱਲ ਨਹੀਂ ਬਣਨੀ।

ਡੰਡ ਕਮੰਡਲ ਸਿਖਾ ਸੂਤੁ ਧੋਤੀ ਤੀਰਥਿ ਗਵਨੁ ਅਤਿ ਭ੍ਰਮਨੁ ਕਰੈ ॥
ਰਾਮ ਨਾਮ ਬਿਨੁ ਸਾਂਤਿ ਨ ਆਵੈ ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ ॥੩॥

(ਮ. ੧, ਅੰਗ ੧੧੨੭)

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਹੁਕਮ ਕੀਤਾ–***"ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥੧॥"*** (ਮ. ੧, ਅੰਗ 467) ਸੋ ਇਸੇ ਤਰ੍ਹਾਂ ਸਿੱਖੀ ਦੇ ਕਕਾਰ ਅਤੇ ਦਸਤਾਰ ਧਾਰਨ ਕਰ ਕੇ ਜੇ ਅਮਲੀ ਰੂਪ ਵਿਚ ਸਿੱਖ ਨਹੀਂ ਹੋਇਆ ਤਾਂ ਗੁਰੂ ਨੂੰ ਪ੍ਰਵਾਨ ਨਹੀਂ।

ਭੱਦਣ

ਹਿੰਦੂਆਂ ਵਿਚ ਕਿਸੇ ਪ੍ਰਾਣੀ ਦੇ ਮਰ ਜਾਣ 'ਤੇ ਉਸ ਦੇ ਰਿਸ਼ਤੇਦਾਰ ਸਿਰ ਮੁੰਨਵਾਂਦੇ ਹਨ। ਇਸ ਨੂੰ ਭੱਦਣ ਜਾਂ ਭਦ੍ਰ ਕਿਹਾ ਜਾਂਦਾ ਹੈ ਅਤੇ ਐਸਾ ਕਰਨ ਵਾਲੇ ਨੂੰ ਭਾਦਣੀ । ਇਸੇ ਤਰ੍ਹਾਂ ਲੜਕਾ ਜਦੋਂ ਤਕਰੀਬਨ ਤਿੰਨ ਸਾਲ ਦਾ ਹੋਏ ਤਾਂ ਉਸ ਦਾ ਵੀ ਮੁੰਡਨ ਕੀਤਾ ਜਾਂਦਾ ਹੈ। ਗੁਰਮਤਿ ਵਿਚ ਐਸੇ ਕਰਮ ਦੀ ਸਖ਼ਤ ਮਨਾਹੀ ਹੈ। ਸਿੱਖੀ ਕੇਸਾਂ ਸਵਾਸਾਂ ਸੰਗ ਨਿਬਾਹੁਣੀ ਹੈ। ਰਹਿਤਨਾਮਿਆਂ ਵਿਚ ਭਾਦਣੀ ਤਥਾ ਕੰਨਿਆ ਮਾਰਨ ਵਾਲੇ ਨਾਲ ਵਰਤਣ ਦੀ ਵੀ ਸਖ਼ਤ ਮਨਾਹੀ ਹੈ।

ਭੀਮ ਚੰਦ ਦੀ ਅਗਵਾਈ ਵਿਚ ਪਹਾੜੀ ਰਾਜੇ ਗੁਰੂ ਗੋਬਿੰਦ ਸਿੰਘ ਜੀ ਕੋਲ ਆਏ ਕਿ ਸਾਨੂੰ ਵੀ ਸਿੰਘ ਸਜਾ ਲਉ। ਸਤਿਗੁਰੂ ਜੀ ਨੇ ਕਿਹਾ ਠੀਕ ਹੈ ਤੁਹਾਨੂੰ ਸਾਬਤ ਸੂਰਤ ਹੋਣਾ ਪਵੇਗਾ ਅਤੇ ਪੰਜਾਂ ਕਕਾਰਾਂ ਦੀ ਰਹਿਤ ਰੱਖਣੀ ਪਵੇਗੀ। ਇਸ 'ਤੇ ਗ਼ਰੂਰ ਵਿਚ ਮਤੇ ਉਹਨਾਂ ਨੇ ਕਿਹਾ ਕਿ ਨਾ ਤਾਂ ਅਸੀਂ ਕੇਸ ਹੀ ਰਖਾਂਗੇ ਅਤੇ ਨਾ ਹੀ ਕਛਹਿਰਾ ਪਾਵਾਂਗੇ। ਉਹ ਖਾਲੀ ਹੱਥ ਵਾਪਸ ਮੁੜ ਗਏ।

ਭੀਮਚੰਦ ਆਦਿਕ ਸੁਨਿ ਕਰਿਕੈ।
ਸਹਿ ਨ ਸਕਹਿ ਕਛੁ ਰਿਸ ਉਰ ਧਰਿ ਕੈ ॥
ਕਹਿਤ ਭਯੇ ਹਮ ਤੇ ਨਹਿ ਮਾਨੈਂ।
ਬੇਸ ਸੁ ਕੇਸ਼ ਕਾਛ ਨਹਿੰ ਠਾਨੈਂ ॥੪੦॥

(ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ੩)

SikhBookClub.com

ਸਿੱਖ ਹੋਣ ਲਈ ਉਸਤਰੇ ਤੋਂ ਨਾਤਾ ਤੋੜਨਾ ਪਵੇਗਾ। ਪ੍ਰਸਿੱਧ ਵਿਅੰਗਕਾਰ ਸਆਦਤ ਹਸਨ ਮੰਟੋ ਨੇ ਇਕ ਛੋਟੀ ਕਹਾਣੀ ਲਿਖੀ ਕਿ ਕਿਧਰੇ ਦੰਗੇ ਫ਼ਸਾਦ ਹੋ ਰਹੇ ਸਨ ਤੇ ਇਕ ਮੁਸਲਮਾਨ ਨਾਈ ਆਪਣੇ ਉਸਤਰੇ ਨਾਲ ਹੀ ਲੋਕਾਂ ਨੂੰ ਜ਼ਖਮੀ ਕਰੀ ਜਾ ਰਿਹਾ ਸੀ। ਮਿਲਟਰੀ ਨੇ ਉਸਦਾ ਉਸਤਰਾ ਖੋਹ ਲਿਆ। ਉਸ ਨਾਈ ਨੇ ਹਾਲ ਪਾਹਰਿਆ ਪਾ ਦਿੱਤਾ ਕਿ ਮੇਰਾ ਉਸਤਰਾ ਵਾਪਸ ਦਿਉ, ਮੈਂ ਨਹੀਂ ਸਿੱਖ ਬਣਨਾ।

ਇਕਾਦਸ਼ੀ, ਪੂਰਨਮਾਸ਼ੀ ਆਦਿ ਦੇ ਵਰਤ

ਗੁਰਮਤਿ ਦੀ ਰਹਿਣੀ ਅਧਿਆਇ ਵਿਚ ਦ੍ਰਿੜਤਾ ਨਾਲ ਜਿਸ ਗੱਲ ਦੀ ਮਨਾਹੀ ਕੀਤੀ ਗਈ ਹੈ ਉਹ ਹੈ ਕਿਸੇ ਵੀ ਕਿਸਮ ਦੇ ਵਰਤ ਰੱਖਣ ਦੀ। ਇਹਨਾਂ ਵਰਤਾਂ ਦੀ ਸੂਚੀ ਲੰਬੀ ਤੋਂ ਲੰਬੀ ਹੀ ਹੁੰਦੀ ਜਾ ਰਹੀ ਹੈ ਵੀਰਵਾਰ ਦਾ ਵਰਤ, ਸ਼ਨਿਚਰਵਾਰ ਦਾ ਵਰਤ, ਸੱਤਵੀਂ, ਨੌਵੀਂ, ਦਸਵੀਂ ਦਾ ਵਰਤ, ਨਿਰਜਲਾ ਇਕਾਦਸ਼ੀ ਦਾ ਵਰਤ, ਪੂਰਨਮਾਸ਼ੀ ਦਾ ਵਰਤ, ਅਹੋਈ ਦਾ ਵਰਤ ਆਦਿ ਆਦਿ। ਹੋਰ ਤਾਂ ਹੋਰ ਸੰਤੋਸ਼ੀ ਮਾਂ ਦਾ ਵਰਤ। ਇਹ ਸੰਤੋਸ਼ੀ ਮਾਂ ਦਾ ਨਾ ਤਾਂ ਕੋਈ ਹਵਾਲਾ ਹੀ ਮਿਲਦਾ ਹੈ ਅਤੇ ਨਾ ਹੀ ਇਸਦਾ ਕੋਈ ਇਤਿਹਾਸ ਜਾਂ ਮਿਥਿਹਾਸ ਹੈ। ਇਹ ਇਕ ਫ਼ਿਲਮ ਦੀ ਕਾਲਪਨਿਕ ਪਾਤਰ ਸੀ ਅਤੇ ਇਸ ਦੇ ਨਾਮ ਦਾ ਵੀ ਵਰਤ ਸ਼ੁਰੂ ਕਰ ਦਿੱਤਾ ਗਿਆ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਤਾਂ ਇਸ ਬਾਰੇ ਨਿਰਣਾ ਹੀ ਦੇ ਦਿੱਤਾ :

ਵਰਤ ਨ ਰਹਉ ਨ ਮਹ ਰਮਦਾਨਾ ॥ ਤਿਸੁ ਸੇਵੀ ਜੋ ਰਖੈ ਨਿਦਾਨਾ ॥੧॥
ਏਕੁ ਗੁਸਾਈ ਅਲਹੁ ਮੇਰਾ ॥ ਹਿੰਦੂ ਤੁਰਕ ਦੁਹਾਂ ਨੇਬੇਰਾ ॥੧॥ ਰਹਾਉ ॥
ਹਜ ਕਾਬੈ ਜਾਉ ਨ ਤੀਰਥ ਪੂਜਾ ॥ ਏਕੋ ਸੇਵੀ ਅਵਰੁ ਨ ਦੂਜਾ ॥੨॥
ਪੂਜਾ ਕਰਉ ਨ ਨਿਵਾਜ ਗੁਜਾਰਉ ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥੩॥
ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥੪॥
ਕਹੁ ਕਬੀਰ ਇਹੁ ਕੀਆ ਵਖਾਨਾ ॥ ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ ॥੫॥੩॥

(ਮ. ੫, ਅੰਗ ੧੧੩੬)

"ਅਲਪ ਅਹਾਰ ਸੁਲਪ ਸੀ ਨਿੰਦ੍ਰਾ ॥" (ਪਾ.10) ਗੁਰਮਤਿ ਅਨੁਸਾਰ ਨਾ ਤਾਂ ਅੰਨ ਦਾ ਤਿਆਗ ਹੀ ਕਰਨਾ ਹੈ ਅਤੇ ਨਾ ਹੀ ਲੋੜ ਤੋਂ ਵੱਧ ਖਾਣਾ ਹੈ। ਸੂਫ਼ੀ ਵੀ ਕਹਿੰਦੇ ਹਨ ਕਿ ਛੇ ਛਟਾਂਕਾ ਖ਼ੁਰਾਕ ਤੁਹਾਡੇ ਢਾਈ ਮਣ ਸਰੀਰ ਨੂੰ ਚੁਕ ਸਕਦੀ ਹੈ। ਇਸ ਤੋਂ ਵੱਧ ਜਿਤਨਾ ਤੁਸੀਂ ਖਾਉਗੇ ਉਹ ਤੁਹਾਡੇ ਸਰੀਰ ਨੂੰ ਚੁਕਣਾ ਪਏਗਾ। ***"ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥"*** (ਮ. ੧, ਅੰਗ 473) ਇਸ ਤਰ੍ਹਾਂ ਅੰਨ ਦਾ ਤਿਆਗ ਕਰਨਾ, ਵਰਤ, ਰੋਜ਼ੇ ਰੱਖਣੇ ਆਦਿ ਮਨਮਤ ਹੈ। ਅਲਬੱਤਾ ਜੇਕਰ ਸੇਹਤ ਦੇ ਪੱਖੋਂ ਜਾਂ ਡਾਕਟਰ, ਵੈਦ, ਹਕੀਮ ਦੀ ਰਾਇ 'ਤੇ ਕੋਈ ਖ਼ੁਰਾਕ ਨਿਯਮਤ ਕਰਦਾ ਹੈ ਤਾਂ ਕੋਈ ਹਰਜ਼ ਨਹੀਂ। ਪ੍ਰੋ. ਪੂਰਨ ਸਿੰਘ ਜੀ ਦੀ ਟਿੱਪਣੀ ਸਟੀਕ ਹੈ ਕਿ ਇਹ ਸਰੀਰ ਹਰਿਮੰਦਰ ਹੈ। ਇਸ ਵਿਚ ਵਾਹਿਗੁਰੂ ਦੀ ਜੋਤਿ ਹੈ। ਇਹ ਸਰੀਰ ਰੱਜਿਆ, ਕੱਜਿਆ ਅਤੇ ਸੱਜਿਆ ਰਹਿਣਾ ਚਾਹੀਦਾ ਹੈ।

SikhBookClub.com

ਤਿਲਕ

ਹਿੰਦੂਆਂ ਦੇ ਵੱਖ-ਵੱਖ ਫ਼ਿਰਕਿਆਂ ਅਤੇ ਸੰਪਰਦਾਵਾਂ ਦੇ ਵੱਖ-ਵੱਖ ਕਿਸਮ ਦੇ ਤਿਲਕ ਹਨ। ਇਹਨਾਂ ਦਾ ਮਕਸਦ ਉਸ ਫ਼ਿਰਕੇ ਦੀ ਪਛਾਣ ਕਿਹਾ ਗਿਆ ਹੈ। 1906 ਵਿਚ ਵਿਲਿਅਮ ਕਰੁੱਕ ਦੀ ਕਿਤਾਬ 'ਦੀ ਥਿੰਗਜ਼ ਇੰਡੀਅਨ' ਮੁਤਾਬਕ ਹਿੰਦੂ ਮਤ ਅਨੁਸਾਰ ਇਹ ਤਿਲਕ ਭੈੜੀਆਂ ਰੂਹਾਂ ਤੋਂ ਬਚਾਅ ਕਰਦੇ ਹਨ। ਸਤਿਗੁਰੂ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪਹਿਲੇ ਜਾਮੇ ਵਿਚ ਤਿਲਕ ਧਾਰਨ ਕਰਨ ਨੂੰ ਕਪਟ ਅਤੇ ਪਾਖੰਡ ਰੂਪ ਕਰਾਰ ਦਿੱਤਾ,

ਮੁਖ ਝੂਠ ਬਿਭੁਖਣ ਸਾਰੰ ॥ ਤ੍ਰੈਪਾਲ ਤਿਹਾਲ ਬਿਚਾਰੰ ॥
ਗਲਿ ਮਾਲਾ ਤਿਲਕੁ ਲਿਲਾਟੰ ॥ ਦੁਇ ਧੋਤੀ ਬਸਤ੍ਰ ਕਪਾਟੰ ॥
ਜੇ ਜਾਣਸਿ ਬ੍ਰਹਮੰ ਕਰਮੰ ॥ ਸਭਿ ਫੋਕਟ ਨਿਸਚਉ ਕਰਮੰ ॥
ਕਹੁ ਨਾਨਕ ਨਿਹਚਉ ਧਿਆਵੈ ॥ ਵਿਣੁ ਸਤਿਗੁਰ ਵਾਟ ਨ ਪਾਵੈ ॥

(ਮ:੧, ਅੰਗ ੪੭੦)

ਪਰ ਨੌਂਵੇਂ ਜਾਮੇ ਵਿਚ ਜਦੋਂ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੇ ਵੇਖਿਆ ਕਿ ਔਰੰਗਜ਼ੇਬ ਵੱਲੋਂ ਧਾਰਮਿਕ ਸੰਕੀਰਣਤਾ ਹੇਠ ਹਿੰਦੂਆਂ ਦੇ ਤਿਲਕ ਅਤੇ ਜੰਞੂ ਉਤਾਰਨੇ ਸ਼ੁਰੂ ਹੋਏ ਤਾਂ ਉਹਨਾਂ ਨੇ ਇਸ ਲਈ ਆਪਣੀ ਮਹਾਨ ਕੁਰਬਾਨੀ ਦੇ ਦਿੱਤੀ,

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥
ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨ ਹੇਤਿ ਇਤੀ ਜਿਨਿ ਕਰੀ ॥
ਸੀਸੁ ਦੀਯਾ ਪਰੁ ਸੀ ਨ ਉਚਰੀ ॥੧੩॥

(ਦ. ਗ੍ਰੰ., ਬਚਿਤ੍ਰ ੧੪)

ਜੰਞੂ

ਤਿਲਕ ਦੇ ਨਾਲ ਹੀ ਜੰਞੂ ਜੁੜਿਆ ਹੋਇਆ ਹੈ। ਇਹ ਨਾਂ ਕੇਵਲ ਧਰਮ ਦਾ ਬਲਕਿ ਵਰਣ ਵਿਵਸਥਾ ਸਥਾਪਤ ਰੱਖਣ ਦਾ ਅਤੇ ਕਰਮ ਕਾਂਡ ਦਾ ਮੁੱਖ ਅੰਗ ਹੈ । ਚਾਰ ਵਰਣਾਂ ਵਿਚੋਂ ਉਤਲੇ ਤਿੰਨ ਵਰਣਾਂ ਨੂੰ ਵੱਖ ਵੱਖ ਕਿਸਮ ਦੇ ਜਨੇਊ ਧਾਰਨ ਕਰਨ ਦਾ ਅਧਿਕਾਰ ਹੈ ਪਰ ਚੌਥੀ ਸ਼੍ਰੇਣੀ ਸ਼ੂਦ੍ਰ ਇਸ ਦੇ ਅਧਿਕਾਰੀ ਨਹੀਂ। ਇਸ ਦੇ ਨਾਲ ਹੀ ਔਰਤ ਵੀ ਜਨੇਊ ਧਾਰਨ ਨਹੀਂ ਕਰ ਸਕਦੀ। ਇਸ ਤਰ੍ਹਾਂ ਆਪਣੇ ਹੀ ਧਰਮ ਦੇ ਵਿਚ ਇਹ ਵਿਤਕਰੇ ਅਤੇ ਕਰਮਕਾਂਡ ਦੀਆਂ ਪਰਤਾਂ ਦਰ ਪਰਤਾਂ ਖੜਾ ਕਰਨ ਦਾ ਸਾਧਨ ਬਣਦਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਜਦੋਂ ਜੰਞੂ ਪਾਉਣ ਦੀ ਰਸਮ ਲਈ ਵੱਡੀ ਤਿਆਰੀ ਕੀਤੀ ਗਈ। ਬਰਾਦਰੀ ਇਕੱਠੀ ਹੋਈ, ਵਿਆਹ ਵਰਗੀ ਤਿਆਰੀ ਹੋਈ, ਪੰਡਿਤ ਹਰੀ ਦਿਆਲ ਜੰਞੂ ਲੈ ਕੇ ਗੁਰੂ ਸਾਹਿਬ ਦੇ ਗਲ ਪਾਉਣ ਲਗਾ ਤਾਂ ਸਤਿਗੁਰੂ ਜੀ ਨੇ ਦ੍ਰਿੜ੍ਹਤਾ ਨਾਲ ਬਚਨ ਕੀਤੇ :

SikhBookClub.com

ਤਗੁ ਨ ਇੰਦ੍ਰੀ ਤਗੁ ਨ ਨਾਰੀ ॥ ਭਲਕੇ ਥੁਕ ਪਵੈ ਨਿਤ ਦਾੜੀ ॥
ਤਗੁ ਨ ਪੈਰੀ ਤਗੁ ਨ ਹਥੀ ॥ ਤਗੁ ਨ ਜਿਹਵਾ ਤਗੁ ਨ ਅਖੀ ॥
ਵੇਤਗਾ ਆਪੇ ਵਤੈ ॥ ਵਟਿ ਧਾਗੇ ਅਵਰਾ ਘਤੈ ॥
ਲੈ ਭਾੜਿ ਕਰੇ ਵੀਆਹੁ ॥ ਕਢਿ ਕਾਗਲੁ ਦਸੇ ਰਾਹੁ ॥
ਸੁਣਿ ਵੇਖਹੁ ਲੋਕਾ ਏਹ ਵਿਡਾਣੁ ॥ ਮਨਿ ਅੰਧਾ ਨਾਉ ਸੁਜਾਣੁ ॥੪॥
(ਮ. ੧, ਅੰਗ ੪੭੧)

ਇਸ ਦਾ ਚਿਤ੍ਰਣ ਪ੍ਰੋ. ਮੋਹਨ ਸਿੰਘ ਨੇ 'ਨਾਨਕਾਇਣ' ਵਿਚ ਕੀਤਾ ਹੈ,

ਪਿਆਰ ਨਾਲ ਸਮਝਾਇਆ ਮੁੜ ਮੁੜ ਹਰੀ ਦਿਆਲ।
ਤੇ ਪਿਉ ਨੇ ਧਮਕਾਇਆ ਕਢ ਕੇ ਅੱਖਾਂ ਲਾਲ।
ਪਰ ਬਾਬਾ ਨਾ ਡੋਲਿਆ, ਕਾਇਮ ਰਖਿਆ ਚਿਤ।
ਇਹ ਸੀ ਜੀਵਨ ਘੋਲ ਵਿਚ ਉਸਦੀ ਪਹਿਲ ਜਿੱਤ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਾ ਕੇਵਲ ਜੰਞੂ ਨਹੀਂ ਪਾਉਣਾ ਬਲਕਿ ਉਹਨਾਂ ਨੇ ਸਾਰੇ ਪ੍ਰਬੰਧ ਅਤੇ ਹੋਰ ਰਸਮਾਂ ਦੀ ਤਿਆਰੀ ਹੋ ਜਾਣ ਦੇ ਬਾਅਦ ਇਨਕਾਰ ਕਰ ਕੇ ਐਲਾਨ ਕਰਨਾ ਸੀ ਕਿ ਉਹਨਾਂ ਦੀ ਉਮੱਤ ਇਹਨਾਂ ਧਾਗੇ ਦੇ ਬੰਧਨਾਂ ਵਿਚ ਨਹੀਂ ਬੰਨ੍ਹੀ ਜਾਏਗੀ। ਇਹ ਧਾਗੇ ਦਾ ਜਨੇਊ ਇਕ ਹਵਾਲਾ ਹੈ। ਸਿੱਖ ਲਈ ਕਿਸੇ ਵੀ ਕਿਸਮ ਦੇ ਧਾਗੇ ਧਾਰਨ ਕਰਨ ਨੂੰ ਮਰਯਾਦਾ ਦੇ ਉਲਟ ਕਰਾਰ ਦਿੱਤਾ ਗਿਆ ਹੈ।

ਹੋਇ ਸਿਖ ਸਿਰ ਟੋਪੀ ਧਰੈ। ਸਾਤ ਜਨਮ ਕੁਸ਼ਟੀ ਹੁਇ ਮਰੈ ॥
ਜੋ ਸਿਖ ਗਲ ਮਹਿ ਤਾਗਾ ਮੇਲੈ। ਚੌਪੜ ਬਾਜ਼ੀ ਗਨਿਕਾ ਖੇਲੈ ॥੪॥
ਜਨਮ ਸੁਆਨ ਪਾਵੈਗਾ ਕੋਟਿ। ਬੀਜਯੋ ਹਾਥ ਬੁਰਾ ਇਸ ਖੋਟ ॥
ਪਾਗ ਉਤਾਰਿ ਪ੍ਰਸਾਦਿ ਜੋ ਖਾਵੈ। ਸੋ ਸਿਖ ਕੁੰਭੀ ਨਰਕ ਸਿਧਾਵੈ ॥੫॥
(ਭਾਈ ਪ੍ਰਹਿਲਾਦ ਸਿੰਘ)

ਕਰਮਕਾਂਡਾ ਦੇ ਹਵਾਲੇ ਨਾਲ ਖਾਲਸੇ ਦੇ ਨਿਆਰੇਪਨ ਬਾਰੇ 'ਨਵੀਨ ਪੰਥ ਪ੍ਰਕਾਸ਼' ਵਿਚ ਇਸ ਤਰ੍ਹਾਂ ਅੰਕਤ ਹੈ,

ਮੁਸਲਮਾਨ ਹਿੰਦੁਨ ਤੈ ਨਾਰੀ। ਰੀਤਿ ਇਨੋ ਮੈਹੈ ਫਲ ਸਾਰੀ।
ਬੁੱਤ ਪਰਸਤੀ ਨਾ ਇਹੁ ਕਰਹੈ। ਦੇਵੀ ਦੇਵ ਬਨਾਇ ਨ ਧਰਹੈ।
ਪ੍ਰੇਤ ਪੀੜ ਗ੍ਰਹਿ ਪੀੜਨ ਮਾਨਤ। ਮੜ੍ਹੀ ਮਸਾਣੀ ਕੋ ਨ ਪਛਾਨਤ।
ਗੰਗਾਦਿਕ ਤੀਰਥ ਨਹਿ ਜਾਵੈ। ਸੂਤਕ ਪਾਤਕ ਨਾਂਹਿ ਮਨਾਵੈ।
ਜੰਞੂ ਤਿਲਕ ਨ ਛਾਪਾ ਧਾਰੈ। ਸ਼ਰਾ ਹਿੰਦੂਆਂ ਕੀ ਨਹਿ ਪਾਰੈ।
ਬੋਦੀ ਧੋਤੀ ਤੁਲਸੀ ਮਾਲੈ। ਹੋਮ ਸਰਾਧ ਨ ਖਜਾਹਿ ਸੰਭਾਲੈਂ।
ਰਾਮ ਰਹੀਮ ਕ੍ਰਿਸ਼ਨ ਤਜ ਨਾਮ। ਰਾਖਤ ਵਾਹਿਗੁਰੂ ਸੈਂ ਕਾਮ।
(ਨਵੀਨ ਪੰਥ ਪ੍ਰਕਾਸ਼, ਗਿ. ਗਿਆਨ ਸਿੰਘ)

SikhBookClub.com

ਤੁਲਸੀ

ਹਿੰਦੂ ਮਤ ਵਿਚ ਤੁਲਸੀ ਦੇ ਬੂਟੇ ਨੂੰ ਸੀਤਾ ਦਾ ਪ੍ਰਤਿਰੂਪ ਮੰਨ ਕੇ ਉਸਦੀ ਪੂਜਾ ਅਰਚਨਾ ਕੀਤੀ ਜਾਂਦੀ ਹੈ। ਗੁਰਬਾਣੀ ਦਾ ਫ਼ੁਰਮਾਨ ਹੈ ਕਿ ਸਾਰੀ ਬਨਸਪਤ ਉਸ ਵਾਹਿਗੁਰੂ ਦੀ ਦਾਤ ਹੈ, ਪਰ ਪੂਜਣਯੋਗ ਹਸਤੀ ਕੇਵਲ ਅਕਾਲ ਪੁਰਖ ਹੀ ਹੈ।

ਖੇਚਰ ਭੂਚਰ ਤੁਲਸੀ ਮਾਲਾ ਗੁਰ ਪਰਸਾਦੀ ਪਾਇਆ ॥
ਨਾਮਾ ਪ੍ਰਣਵੈ ਪਰਮ ਤਤੁ ਹੈ ਸਤਿਗੁਰ ਹੋਇ ਲਖਾਇਆ ॥੩॥੩॥

(ਰਾਮਕਲੀ ਭਾਈ ਨਾਮਦੇਵ ਜੀ, ਅੰਗ ੯੭੩)

ਮਾਲਾ

"ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥ ਲੋਗਨ ਰਾਮੁ ਖਿਲਉਨਾ ਜਾਨਾਂ ॥" (ਕਬੀਰ ਜੀ, ਅੰਗ 1158) ਮਾਲਾ ਜਾਂ ਤਸਬੀ ਸਿਮਰਨ ਦਾ ਇਕ ਸਾਧਨ ਹੈ ਅਤੇ ਤਕਰੀਬਨ ਤਕਰੀਬਨ ਹਰ ਧਰਮ ਵਿਚ ਇਸ ਦੇ ਵਰਤਣ ਦਾ ਚਲਨ ਹੈ। ਵੱਖ-ਵੱਖ ਧਰਮਾਂ ਵਿਚ ਵਰਤੀ ਜਾਣ ਵਾਲੀ ਮਾਲਾ ਜਾਂ ਤਸਬੀ ਦੇ ਮਣਕਿਆਂ ਦੀ ਗਿਣਤੀ ਅਤੇ ਵਰਤਣ ਦਾ ਢੰਗ ਵੀ ਵੱਖ ਵੱਖ ਹੁੰਦਾ ਹੈ। ਹਿੰਦੂ ਮਾਲਾ ਫੇਰਨ ਲੱਗਿਆਂ ਮਣਕਿਆਂ ਨੂੰ ਬਾਹਰੋਂ ਅੰਦਰਲੇ ਪਾਸੇ ਸੁਟਦੇ ਹਨ ਅਤੇ ਮੁਸਲਮਾਨ ਇਸਦੇ ਉਲਟ ਅੰਦਰੋਂ ਬਾਹਰਲੇ ਪਾਸੇ। ਹਿੰਦੂ ਮਤ ਵਿਚ ਵਿਸ਼ੇਸ਼ ਤੌਰ 'ਤੇ ਹਰ ਇਕ ਦੇਵੀ ਜਾਂ ਦੇਵਤੇ ਲਈ ਵੱਖਰੇ ਰੰਗ, ਆਕਾਰ ਅਤੇ ਸਮੱਗਰੀ ਦੀ ਮਾਲਾ ਹੁੰਦੀ ਹੈ। ਇਹ ਉੱਨ, ਕੱਚ, ਲਾਖ, ਰੁਦ੍ਰਾਖ ਆਦਿ ਦੀ ਹੁੰਦੀ ਹੈ। ਇਸ ਦੇ ਨਾਲ ਸਾਰੇ ਮੰਤ੍ਰ, ਕਰਮਕਾਂਡ ਅਤੇ ਭਰਮ ਵਹਿਮ ਪੂਰੀ ਤਰ੍ਹਾਂ ਜੁੜੇ ਹੁੰਦੇ ਹਨ। ਇਸ ਬਾਰੇ ਹਜ਼ੂਰ ਨੇ ਬਚਨ ਕੀਤੇ :

ਗਲਿ ਮਾਲਾ ਤਿਲਕੁ ਲਿਲਾਟੰ ॥
ਦੁਇ ਧੋਤੀ ਬਸਤ੍ਰ ਕਪਾਟੰ ॥
ਜੇ ਜਾਣਸਿ ਬ੍ਰਹਮੰ ਕਰਮੰ ॥
ਸਭਿ ਫੋਕਟ ਨਿਸਚਉ ਕਰਮੰ ॥

(ਮ.੧, ਅੰਗ ੪੭੧)

ਗੁਰੂ ਕਾਲ ਵਿਚ ਵੀ ਗੁਰੂ ਅਰਜਨ ਦੇਵ ਜੀ ਤਕ ਸੇਲੀ ਉੱਨ ਦੀ ਗੁੰਦਵੀ ਮਾਲਾ ਸੀ ਜੋ ਕਿ ਗੁਰੂ ਹਰਿਗੋਬਿੰਦ ਜੀ ਨੇ ਤੋਸ਼ੇਖਾਨੇ ਵਿਚ ਰਖਵਾ ਕੇ ਇਸ ਦੀ ਥਾਵੇਂ ਸ੍ਰੀ ਸਾਹਿਬ ਧਾਰਨ ਕੀਤੀ। ਅਲਬੱਤਾ ਸਿੱਖ ਮਤ ਵਿਚ ਵੀ ਸਿਮਰਨੇ ਦੀ ਪਰੰਪਰਾ ਹੈ ਪਰ ਇਹ ਕਿਸੇ ਭਰਮ ਵਹਿਮ ਜਾਂ ਮੰਤ੍ਰ ਆਦਿ ਨਾਲ ਨਾ ਜੁੜ ਕੇ ਕੇਵਲ ਸਿਮਰਨ ਵਿਚ ਧਿਆਨ ਲਗਾਉਣ ਲਈ ਸਾਧਨ ਦੇ ਤੌਰ 'ਤੇ ਪ੍ਰਵਾਨ ਹੈ ਜਿਵੇਂ ਬੱਚੇ ਗਿਣਤੀ ਸਿੱਖਣ ਲਈ ਏਡੋ (abacus) (ਸਲਾਈਆਂ ਵਿਚ ਪਰੋਏ ਲੱਕੜ ਦੇ ਮਣਕਿਆਂ) ਦਾ ਇਸਤੇਮਾਲ ਕਰਦੇ ਹਨ।

ਗੌਰ, ਮੱਠ, ਮੜ੍ਹੀ

ਗੁਰਮਤਿ ਜਾਗਤ ਜੋਤਿ ਅਕਾਲ ਪੁਰਖ ਦੀ ਉਪਾਸ਼ਕ ਹੈ। ਕਿਸੇ ਮੜ੍ਹੀ, ਮੱਠ, ਗੌਰ (ਕਬਰ) ਦੀ ਨਹੀਂ। ਮੜ੍ਹੀਆਂ ਮਸਾਣਾਂ ਵਿਚ ਰੱਬ ਦੀ ਪ੍ਰਾਪਤੀ ਬਹੁਤ ਵੱਡਾ ਭਰਮ ਹੈ। ਜੇ ਐਸਾ ਹੋਏ ਤਾਂ ਗਿੱਧ ਤਾਂ ਵਾਸ ਹੀ ਮਸਾਣਾਂ ਵਿਚ ਕਰਦੇ ਹਨ :

SikhBookClub.com

ਖੂਕ ਮਲਹਾਰੀ ਗਜ ਗਦਾਹਾ ਬਿਭੂਤ ਧਾਰੀ
ਗਿਦੂਆ ਮਸਾਨ ਬਾਸ ਕਰਿਓਈ ਕਰਤ ਹੈ ॥
ਘੁਘੂ ਮਟਬਾਸੀ ਲਗੇ ਡੋਲਤ ਉਦਾਸੀ ਮ੍ਰਿਗ
ਤਰਵਰ ਸਦੀਵ ਮੋਨ ਸਾਧੇ ਈ ਮਰਤ ਹੈ ॥

(ਅਕਾਲ ਉਸਤਤਿ)

ਪਾਵਨ ਬਾਣੀ ਸਪਸ਼ਟ ਸੇਧ ਦਿੰਦੀ ਹੈ :

ਕੋਊ ਬੁਤਾਨ ਕੌ ਪੂਜਤ ਹੈ ਪਸੁ
ਕੋਊ ਮ੍ਰਿਤਾਨ ਕੌ ਪੂਜਨ ਧਾਇਓ ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗੁ
ਸ੍ਰੀ ਭਗਵਾਨ ਕੌ ਭੇਦ ਨ ਪਾਇਓ ॥੧੦॥੩੦॥

(ਅਕਾਲ ਉਸਤਤਿ)

ਹਜ਼ੂਰ ਦੇ ਬਚਨ ਹਨ :

ਜਗ ਆਪਨ ਆਪਨ ਉਰਝਾਨਾ ॥
ਪਾਰਬ੍ਰਹਮ ਕਾਹੂੰ ਨ ਪਛਾਨਾ ॥
ਇਕ ਮੜੀਅਨ ਕਬਰਨ ਵੇ ਜਾਹੀ ॥
ਦੁਹੂੰਅਨ ਮੈ ਪਰਮੇਸਰ ਨਾਹੀ ॥੧੮॥

(ਚੌਬੀਸ ਅਵਤਾਰ ੩੮)

ਮੂਰਤੀ ਪੂਜਾ ਆਦਿ ਭਰਮ-ਰੂਪ ਕਰਮਾਂ ਉਤੇ ਨਿਸਚਾ ਨਹੀਂ ਕਰਨਾ

"ਥਾਪਿਆ ਨ ਜਾਇ ਕੀਤਾ ਨ ਹੋਇ ॥ ਆਪੇ ਆਪਿ ਨਿਰੰਜਨੁ ਸੋਇ ॥" (ਮ. ੧, ਅੰਗ 2) ਉਹ ਅਗਾਧ ਬੋਧ ਬੇਅੰਤ ਵਾਹਿਗੁਰੂ ਆਪਣੇ ਆਪ ਵਿਚੋਂ ਆਪ ਹੈ। ਉਸ ਨੂੰ ਨਾ ਤਾਂ ਘੜਿਆ ਜਾ ਸਕਦਾ ਹੈ ਅਤੇ ਨਾ ਹੀ ਸਥਾਪਤ ਹੀ ਕੀਤਾ ਜਾ ਸਕਦਾ ਹੈ। ਨਾ ਹੀ ਉਸਦੇ ਵਰਗਾ ਕੋਈ ਹੋਰ ਹੈ। ਉਸ ਦਾ ਨਾ ਕੋਈ ਚਕ੍ਰ ਚਿਹਨ ਜਾਂ ਬਰਨ ਜਾਤਿ ਹੈ। ਨਾ ਹੀ ਉਸਦਾ ਕੋਈ ਰੂਪ ਰੰਗ ਜਾਂ ਰੇਖ ਭੇਖ ਹੀ ਹੈ। ਇਸ ਲਈ ਗੁਰਮਤਿ ਦਾ ਬੁਨਿਆਦੀ ਸਿਧਾਂਤ ਹੈ ਕਿ ਕਰਤਾ ਪੁਰਖ ਦੀ ਮੂਰਤ ਜਾਂ ਮੂਰਤੀ ਨਾ ਤਾਂ ਬਣਾਈ ਜਾ ਸਕਦੀ ਹੈ ਅਤੇ ਨਾ ਹੀ ਸਥਾਪਤ ਕੀਤੀ ਜਾ ਸਕਦੀ ਹੈ। ਮੂਰਤੀ ਅੱਗੇ ਸਿਰ ਝੁਕਾਉਣਾ ਗੁਰਮਤਿ ਨੂੰ ਸਿੱਧੇ ਤੌਰ 'ਤੇ ਤਿਲਾਂਜਲੀ ਦੇਣਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਹੁਕਮ ਹੈ,

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥੬॥

(ਮ.੧, ਅੰਗ ੬੩੭)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣਾ ਆਸ਼ਾ ਅਤੇ ਇਸ਼ਟ ਸਪਸ਼ਟ ਕਰਦੇ ਹਨ :

ਪਖਾਣ ਪੂਜਿ ਹੌ ਨਹੀ ॥ ਨ ਭੇਖ ਭਜੀ ਹੌ ਕਹੀ ॥
ਅਨੰਤ ਨਾਮੁ ਗਾਇਹੌਂ ॥ ਪਰਮ ਪੁਰਖ ਪਾਇਹੌਂ ॥੩੫॥

(ਬਚਿਤ੍ਰ ਨਾਟਕ ੪੦)

SikhBookClub.com

ਇਸ ਲਈ ਸਤਿਗੁਰੂ ਜੀ ਦਾ ਹੁਕਮ ਹੈ :

ਘਰ ਮਹਿ ਠਾਕੁਰੁ ਨਦਰਿ ਨ ਆਵੈ ॥ ਗਲ ਮਹਿ ਪਾਹਣੁ ਲੈ ਲਟਕਾਵੈ ॥੧॥
ਭਰਮੇ ਭੂਲਾ ਸਾਕਤੁ ਫਿਰਤਾ ॥ ਨੀਰੁ ਬਿਰੋਲੈ ਖਪਿ ਖਪਿ ਮਰਤਾ ॥੧॥ ਰਹਾਉ ॥
ਜਿਸੁ ਪਾਹਣ ਕਉ ਠਾਕੁਰੁ ਕਹਤਾ ॥ ਓਹੁ ਪਾਹਣੁ ਲੈ ਉਸ ਕਉ ਡੁਬਤਾ ॥੨॥

(ਮ.੫, ਅੰਗ ੭੩੯)

ਕਲਗੀਧਰ ਪਿਤਾ ਦੇ ਬਚਨ ਹਨ :

ਦਿਜ ਹਮ ਮਹਾ ਕਾਲ ਕੌ ਮਾਨੈ ॥
ਪਾਹਨ ਮੈ ਮਨ ਕੋ ਨਹਿ ਆਨੈ ॥
ਪਾਹਨ ਕੋ ਪਾਹਨ ਕਰਿ ਜਾਨਤ ॥
ਤੇ ਤੇ ਬੁਰੋ ਲੋਗ ਏ ਮਾਨਤ ॥੯੧॥

(ਚਰਿਤ੍ਰ ੨੬੬)

ਇਹਨਾਂ ਮੱਦਾਂ ਦੀ ਉਕਤ ਸੂਚੀ ਸੰਪੂਰਨ ਨਹੀਂ ਬਲਕਿ ਇਸ ਵਿਚ ਉਹ ਭਰਮ ਰੂਪੀ ਕਰਮ ਕਾਂਡ ਹਨ ਜਿਹੜੇ ਗੁਰਮਤਿ ਅਨੁਸਾਰ ਵਿਵਰਜਤ ਹਨ। ਜੇਕਰ ਗੁਰੂ ਦੀ ਬਖਸ਼ਿਸ਼ ਹੋ ਜਾਏ ਤਾਂ ਫ਼ਿਰ ਇਹ ਭਰਮ ਰੂਪੀ ਅੰਡਾ ਹੀ ਟੁੱਟ ਜਾਂਦਾ ਹੈ ਅਤੇ ਇਸ ਨੂੰ ਮੁੜ ਜੋੜਿਆ ਵੀ ਨਹੀਂ ਜਾ ਸਕਦਾ।

ਗੁਰੂ ਅਸਥਾਨ ਤੋਂ ਕਿਸੇ ਅਨ-ਧਰਮ ਦੇ ਤੀਰਥ ਜਾਂ ਧਾਮ ਨੂੰ ਆਪਣਾ ਅਸਥਾਨ ਨਹੀਂ ਮੰਨਣਾ। ਜਿਸ ਥਾਂ 'ਤੇ ਸਤਿਗੁਰੂ ਜੀ ਨੇ ਆਸਨ ਲਗਾਇਆ ਹੈ (ਸਣੇ ਜਿਸ ਹਿਰਦੇ ਵਿਚ ਸਤਿਗੁਰ ਸੱਚੇ ਪਾਤਸ਼ਾਹ ਦਾ ਨਿਵਾਸ ਹੋ ਗਿਆ) ਉਸ ਸਥਾਨ ਨੂੰ ਲੱਭ ਕੇ ਉੱਥੋਂ ਦੀ ਚਰਨ ਧੂੜ ਮਸਤਕ 'ਤੇ ਲਗਾਉਣੀ ਗੁਰਸਿੱਖਾਂ ਦਾ ਫ਼ਰਜ਼ ਹੈ।

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੈ ॥
ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥

(ਆਸਾ ਮ: ੪, ਅੰਗ ੪੫੧)

ਇਹ ਗੁਰ ਅਸਥਾਨ ਹੀ ਹਨ ਜਿੱਥੇ ਕੇਵਲ ਅਕਾਲ ਪੁਰਖ ਦੀ ਅਰਾਧਨਾ ਹੁੰਦੀ ਹੈ :

ਤੀਰਥਿ ਜਾਉ ਤ ਹਉ ਹਉ ਕਰਤੇ ॥
ਪੰਡਿਤ ਪੂਛਉ ਤ ਮਾਇਆ ਰਾਤੇ ॥੧॥
ਸੋ ਅਸਥਾਨੁ ਬਤਾਵਹੁ ਮੀਤਾ ॥
ਜਾ ਕੈ ਹਰਿ ਹਰਿ ਕੀਰਤਨੁ ਨੀਤਾ ॥ ਰਹਾਉ ॥

(ਆਸਾ ਮ: ੫, ਅੰਗ ੩੮੫)

ਹਰ ਧਰਮ ਲਈ ਉਹਨਾਂ ਦੇ ਧਰਮ ਸਥਾਨ ਮੁਬਾਰਕ ਹਨ ਪਰ ਸਿੱਖ ਲਈ ਤੀਰਥ ਕੇਵਲ ਗੁਰਧਾਮ ਹੀ ਹੋ ਸਕਦੇ ਹਨ। ਇਸ ਦੇ ਨਾਲ ਹੀ ਇਹ ਵੀ ਧਿਆਨ ਰੱਖਣਾ ਜ਼ਰੂਰੀ ਹੈ ਕਿ ਸਿੱਖਾਂ ਲਈ ਪਾਵਨ ਤੀਰਥ ਜਿਹਨਾਂ ਦੀ ਯਾਤਰਾ ਗੁਰਸਿੱਖ ਲੋਚਦੇ ਹਨ ਉਹ ਹਰਿਮੰਦਰ ਸਾਹਿਬ, ਨਨਕਾਣਾ ਸਾਹਿਬ, ਪਟਨਾ ਸਾਹਿਬ, ਹਜ਼ੂਰ ਸਾਹਿਬ, ਕੇਸਗੜ੍ਹ

SikhBookClub.com

ਸਾਹਿਬ, ਪਾਉਂਟਾ ਸਾਹਿਬ, ਪੰਜਾ ਸਾਹਿਬ, ਦਮਦਮਾ ਸਾਹਿਬ, ਮੁਕਤਸਰ ਸਾਹਿਬ ਆਦਿ ਸਨ। ਇਹ ਸਾਰੇ ਦੇ ਸਾਰੇ ਇਤਿਹਾਸਕ ਤੇ ਗੁਰੂ ਸਾਹਿਬ ਨਾਲ ਜੁੜੇ ਸਨ। ਪਰ ਹੁਣ ਵੇਖਣ ਵਿਚ ਆ ਰਿਹਾ ਹੈ ਕਿ ਕੁੱਝ ਨਵੇਂ ਸਿਰਜੇ ਸਥਾਨਾਂ, ਨਗਰਾਂ ਅਤੇ ਗਰਾਂਵਾਂ ਨਾਲ ਵੀ 'ਸਾਹਿਬ' ਲਫ਼ਜ਼ ਜੋੜਿਆ ਜਾ ਰਿਹਾ ਹੈ। ਜਾਣੇ-ਅਣਜਾਣੇ ਵਿਚ ਇਹ ਗੁਰ-ਤੀਰਥਾਂ ਦੀ ਅਹਿਮੀਅਤ ਘਟ ਕਰਨ ਦਾ ਕਾਰਨ ਬਣ ਰਿਹਾ ਹੈ ਅਤੇ ਈਸ਼ ਨਿੰਦਾ ਹੈ।

(ਸ) .. ਪੀਰ, ਬ੍ਰਾਹਮਣ, ਪੁੱਛਣਾ, ਸੁੱਖਣਾ, ਸ਼ੀਰਨੀ, ਵੇਦ ਸ਼ਾਸਤਰ, ਗਾਇਤ੍ਰੀ, ਗੀਤਾ, ਕੁਰਾਨ, ਅੰਜੀਲ ਆਦਿ ਉਤੇ ਨਿਸ਼ਚਾ ਨਹੀਂ ਕਰਨਾ। ਹਾਂ, ਆਮ ਵਾਕਫੀ ਲਈ ਅਨਮਤਾਂ ਦੇ ਗ੍ਰੰਥਾਂ ਦਾ ਪੜ੍ਹਨਾ ਯੋਗ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੦)

ਗੁਰਮਤਿ ਦੀ ਰਹਿਣੀ ਦੀ ਮੱਦ (ਸ) ਦਾ ਇਹ ਦੂਸਰਾ ਪੈਰਾ ਹੈ। ਇਹਨਾਂ ਵਿਚ ਅਨਮਤ ਦੇ ਸਿਧਾਂਤ ਅਤੇ ਪੁਸਤਕਾਂ ਦਾ ਜ਼ਿਕਰ ਹੈ। ਇਹਨਾਂ ਦੇ ਅਧਿਐਨ ਅਤੇ ਵਾਚਣਾ ਲਾਹੇਵੰਦ ਹੈ ਪਰ ਨਿਸਚਾ ਕੇਵਲ ਦਸ ਗੁਰੂ ਸਾਹਿਬ ਦੀ ਬਾਣੀ ਅਤੇ ਉਪਦੇਸ਼ 'ਤੇ ਹੀ ਕਰਨਾ ਹੈ। ਇਹਨਾਂ ਮੱਦਾਂ ਬਾਰੇ ਸੰਖੇਪ ਵਿਚਾਰ ਜ਼ਰੂਰੀ ਹੈ।

ਪੀਰ

ਪੀਰ ਪਹਿਲੀ ਮੱਦ ਹੈ। ਆਮ ਤੌਰ 'ਤੇ ਪੀਰ ਦਾ ਅਰਥ ਮੁਰਸ਼ਦ, ਰਹਿਬਰ, ਆਚਾਰੀਆ, ਗੁਰੂ, ਫਕੀਰ, ਬਜ਼ੁਰਗ, ਧਾਰਮਕ ਪੇਸ਼ਵਾ ਲਿਆ ਜਾਂਦਾ ਹੈ। ਜਿਵੇਂ ਦੁਨਿਆਵੀ ਲੋਕ ਗੁਰੂ ਧਾਰਨ ਕਰਦੇ ਸਨ ਇਸੇ ਤਰ੍ਹਾਂ ਕਿਸੇ ਪੀਰ ਨਾਲ ਮੁਰਸ਼ਦ ਦਾ ਰਿਸ਼ਤਾ ਕਾਇਮ ਕਰਦੇ ਸਨ। ਸੁਲਤਾਨ ਬਾਹੂ ਨੇ ਵੀ ਲਿਖਿਆ ਹੈ—"***ਪੇ, ਪੀਰ ਮਿਲਿਆ ਜੇ ਪੀੜ ਨਾ ਜਾਵੇ, ਤਾਂ ਉਸ ਨੂੰ ਪੀਰ ਕੀ ਧਰਨਾ ਹੂ। (ਬਾਹੂ)***"

ਪਰ ਗੁਰਸਿੱਖਾਂ ਲਈ ਮੀਰੀ-ਪੀਰੀ ਗੁਰੂ ਘਰ ਵਿਚ ਹੀ ਹੈ ਅਤੇ ਪੀਰਾਨ ਪੀਰ ਸਤਿਗੁਰੂ ਜੀ ਹੀ ਹਨ। ਪੀਰ ਲਫ਼ਜ਼ ਗੁਰੂ ਦਾ ਪ੍ਰਯਾਵਾਚੀ ਹੀ ਹੈ।

ਨਿਰੰਕਾਰੁ ਆਕਾਰੁ ਕਰਿ ਸਤਿਗੁਰੁ ਗੁਰਾਂ ਗੁਰੁ ਅਬਿਨਾਸੀ।
ਪੀਰਾਂ ਪੀਰੁ ਵਖਾਣੀਐ ਨਾਥਾਂ ਨਾਥ ਸਾਧਸੰਗਿ ਵਾਸੀ।
ਗੁਰਮੁਖਿ ਪੰਥ ਚਲਾਇਆ ਗੁਰਸਿਖੁ ਮਾਇਆ ਵਿਚਿ ਉਦਾਸੀ।

(ਵਾਰ ੩੯, ਪਉੜੀ ੧੭)

ਬ੍ਰਾਹਮਣ

ਸਿੱਖ ਰਹਿਤ ਮਰਯਾਦਾ ਵਿਚ ਇਹ ਬਹੁਤ ਹੀ ਮਹੱਤਵਪੂਰਨ ਮੱਦ ਹੈ। ਇਸ ਅਨੁਸਾਰ ਬ੍ਰਾਹਮਣ 'ਤੇ ਨਿਸਚਾ ਨਾ ਕਰਨ ਦੀ ਹਿਦਾਇਤ ਹੈ। ਸਮਦਰਸੀ ਖਾਲਸਾ ਪੰਥ ਲਈ ਇਕ ਜਾਤ ਬ੍ਰਾਹਮਣ ਪ੍ਰਥਾਇ ਇਸ ਤਰ੍ਹਾਂ ਦੀ ਹਿਦਾਇਤ ਦਾ ਕੀ ਕਾਰਨ ਹੈ, ਵਿਚਾਰ ਦੀ ਗੱਲ ਹੈ।

ਇੱਥੇ ਬ੍ਰਾਹਮਣ ਦਾ ਅਰਥ ਕਦਾਪਿ ਬ੍ਰਾਹਮਣ ਜਾਤ ਨਹੀਂ ਬਲਕਿ ਬ੍ਰਾਹਮਣਵਾਦ ਦੇ ਸਿਧਾਂਤ, ਉਸਦੇ ਧਾਰਮਕ ਨਿਯਮਾਂ ਅਤੇ ਆਦੇਸ਼ਾਂ ਬਾਰੇ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਅਰੰਭ ਹੋ ਕੇ ਸਾਰੇ ਗੁਰੂ ਕਾਲ ਵਿਚ ਪ੍ਰਮੁਖ ਬ੍ਰਾਹਮਣ ਗੁਰੂ ਕੇ ਸਿੱਖ ਰਹੇ ਹਨ।

SikhBookClub.com

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਰਾਮਾ ਨੰਦ ਗੋਸਾਈ ਜੀਂ, ਸੂਰ ਦਾਸ ਜੀ, ਬੇਣੀ ਜੀ, ਪਰਮਾ ਨੰਦ ਜੀ, ਤਰਲੋਚਨ ਜੀ, ਜੈਦੇਵ ਜੀ ਦੀ ਬਾਣੀ ਦਰਜ ਹੈ ਜੋ ਕਿ ਬ੍ਰਾਹਮਣ ਜਾਤੀ 'ਚੋਂ ਸਨ। ਭਾਈ ਮਤੀ ਦਾਸ, ਭਾਈ ਸਤੀ ਦਾਸ ਵਰਗੇ ਮਹਾਨ ਸ਼ਹੀਦ ਵੀ ਬ੍ਰਾਹਮਣ ਹੀ ਸਨ।

ਬਿੱਪਰਵਾਦ ਦੇ ਧਾਰਮਕ ਨਿਯਮਾਵਲੀ ਦੇ ਗ੍ਰੰਥ, ਸਿਮ੍ਰਤੀਆਂ, ਪੁਰਾਣ, ਆਦਿ ਵੱਖ ਵੱਖ ਜਾਤੀਆਂ, ਧਰਮਾਂ, ਦੇਸ਼ਾਂ, ਰੰਗਾਂ, ਭਾਸ਼ਾਵਾਂ ਆਦਿ ਵਿਚ ਵੰਡ-ਭੇਦ ਕਰਦਾ ਹੋਇਆ ਕਰਮ ਕਾਂਡ, ਭਰਮ-ਵਹਿਮ ਦਾ ਪ੍ਰਚਾਰ-ਪ੍ਰਸਾਰ ਕਰਦਾ ਹੈ। ਇਸ ਲਈ ਗੁਰੂ ਸਾਹਿਬ ਨੇ ਪਹਿਲੇ ਜਾਮੇ ਤੋਂ ਹੀ ਬ੍ਰਾਹਮਣ ਦੀ ਸਰਵੁੱਚਤਾ, ਉਸਦੀ ਪੂਜਾ ਅਰਚਨਾ ਆਦਿ ਸਭ ਬੰਦ ਕਰ ਦਿੱਤੀ।

ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ ॥
ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ ॥੨੩੭॥

(ਸਲੋਕ ਕਬੀਰ ਜੀ, ਅੰਗ ੧੩੭੭)

ਬ੍ਰਾਹਮਣ ਦਾ ਕੰਮ ਬਾਕੀ ਵਰਣਾਂ ਕੋਲੋਂ ਸੇਵਾ ਕਰਵਾਉਣਾ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਅੰਮ੍ਰਿਤ ਦੀ ਦਾਤ ਦਿੰਦਿਆਂ ਬ੍ਰਾਹਮਣ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਗਿਆ। ਇਸ 'ਤੇ ਬ੍ਰਾਹਮਣ ਨੇ ਰੋਸ ਪ੍ਰਗਟ ਕੀਤਾ ਤਾਂ ਹਜ਼ੂਰ ਨੇ ਫ਼ਰਮਾਇਆ :

ਜੋ ਕਿਛੁ ਲੇਖੁ ਲਿਖਿਓ ਬਿਧਨਾ
ਸੋਈ ਪਾਯਤੁ ਮਿਸ੍ਰ ਜੂ ਸੋਕ ਨਿਵਾਰੋ ॥
ਮੇਰੋ ਕਛੂ ਅਪਰਾਧ ਨਹੀ
ਗਯੋ ਯਾਦ ਤੇ ਭੂਲ ਨਹ ਕੋਪੁ ਚਿਤਾਰੋ ॥

ਢਾਡੀ ਨਥ ਮਲ ਲਿਖਤ 'ਅਮਰਨਾਮਾ' ਸੰਨ 1708 ਦੀ ਰਚਨਾ ਹੈ। ਡਾ. ਗੰਡਾ ਸਿੰਘ ਜੀ ਨੇ ਇਸਦਾ ਸੰਪਾਦਨ ਕੀਤਾ ਅਤੇ ਸਿੱਖ ਹਿਸਟਰੀ ਸੋਸਾਇਟੀ ਨੇ 1953 ਵਿਚ ਇਸ ਨੂੰ ਛਾਪਿਆ। ਇਸ ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਵਾਲੇ ਨਾਲ ਅੰਕਤ ਹੈ :

ਹਯਾ ਅਜ਼ ਬ੍ਰਹਮਨ-ਪ੍ਰਸਤੀ ਕੁਨੰਦ।
ਕਿ ਈਂ ਚਾਰ ਫਰਜ਼ੰਦਿ ਮਨ ਕੁਸ਼ਤਾ ਅੰਦ।੧੪੦।
ਮਕੁਨ ਹਰਚਿ ਗੋਇੰਦ ਕਿਰਿਆ ਕਰਮ।
ਸਦਾ ਮੀ-ਦਿਹੰਦ ਸਿੰਘਿ ਮਾ ਰਾ ਖ਼ਸਮ।੧੪੧।

(ਅਮਰ ਨਾਮਾ, ਸੰ. ਗੰਡਾ ਸਿੰਘ, ਪੰਨਾ ੩੮)

(ਬ੍ਰਾਹਮਣਾਂ ਦੀ ਪੂਜਾ ਤੋਂ ਸਿੰਘ ਸ਼ਰਮ ਕਰਨ ਕਿਉਂਕਿ ਇਨ੍ਹਾਂ ਦੀ ਵਜ੍ਹਾ ਕਰਕੇ ਚਾਰੋਂ ਸਾਹਿਬਜ਼ਾਦੇ ਸ਼ਹੀਦ ਹੋਏ ਹਨ। (140) ਬ੍ਰਾਹਮਣ ਜੋ ਭੀ ਕਿਰਿਆ ਕਰਮ ਕਹਿੰਦੇ ਹਨ, ਨ ਕਰੋ, ਇਹ ਸਾਡੇ ਸਿੰਘਾਂ ਨੂੰ ਦੁਖ ਦਿੰਦੇ ਹਨ। (141)

SikhBookClub.com

ਇਸ ਦੀ ਵਿਆਖਿਆ ਡਾਕਟਰ ਗੰਡਾ ਸਿੰਘ ਜੀ ਨੇ ਇਸ ਤਰ੍ਹਾਂ ਕੀਤੀ ਹੈ:-

ਛੋਟੇ ਸਾਹਿਬਜ਼ਾਦੇ ਦੋ ਸਹੇੜੀ ਦੇ ਬ੍ਰਾਹਮਣ ਗੰਗੂ ਨੇ ਮੋਰਿੰਡੇ ਦੇ ਰੰਘੜਾ ਦੇ ਹਵਾਲੇ ਕਰ ਦਿਤੇ ਸਨ ਜੋ ਉਨ੍ਹਾਂ ਸਰਹੰਦ ਦੇ ਫੌਜਦਾਰ ਵਜ਼ੀਰ ਖਾਨ ਪਾਸ ਪਹੁੰਚਾ ਦਿੱਤੇ। ਜਿਸ ਨੇ ਕਿ ਮਰਵਾ ਦਿੱਤੇ। ਦੋ ਬ੍ਰਾਹਮਣਾਂ ਦੇ ਉਕਸਾਏ ਹੋਏ ਪਹਾੜੀ ਰਾਜਿਆਂ ਵੱਲੋਂ ਸੱਦੀ ਹੋਈ ਮੁਗਲ ਫੌਜ ਦੇ ਹੱਲੇ ਕਾਰਨ ਆਨੰਦਪੁਰ ਛੱਡਣ ਪਿਛੋਂ ਚਮਕੌਰ ਦੀ ਲੜਾਈ ਵਿਚ ਸ਼ਹੀਦ ਹੋਏ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸੇ ਨੂੰ ਸਪਸ਼ਟ ਆਦੇਸ਼ ਦਿੱਤਾ ਕਿ ਜਿਤਨੀ ਦੇਰ ਤਕ ਖ਼ਾਲਸਾ ਆਪਣਾ ਨਿਆਰਾਪਨ ਕਾਇਮ ਰਖੇਗਾ, ਗੁਰੂ ਦਾ ਤੇਜ ਪ੍ਰਤਾਪ ਉਸ ਦੇ ਨਾਲ ਹੋਏਗਾ। ਪਰ ਜਦੋਂ ਇਹ ਬ੍ਰਾਹਮਣੀ ਕਰਮ ਕਾਂਡ (ਬਿਪ੍ਰਵਾਦ) ਦੀ ਰੀਤ ਨੂੰ ਅਪਣਾਏਗਾ ਉਸਦਾ ਨਾਤਾ ਗੁਰੂ ਨਾਲੋਂ ਟੁੱਟ ਜਾਏਗਾ।

ਜਬ ਲਗ ਖਾਲਸਾ ਰਹੇ ਨਿਆਰਾ ॥
ਤਬ ਲਗ ਤੇਜ ਦੀਓ ਮੈ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥
ਮੈ ਨ ਕਰੋਂ ਇਨ ਕੀ ਪਰਤੀਤ ॥

ਪੁਛਣਾ ਤੇ ਸੁਖਣਾ

ਦੁਖ-ਸੁਖ, ਖ਼ੁਸ਼ੀ-ਗ਼ਮੀ, ਖੇੜਾ-ਪਤਝੜ ਹਰ ਇਨਸਾਨ ਦੇ ਨਾਲ ਨਾਲ ਤੁਰਦੇ ਹਨ। ਪਰ ਜਦੋਂ ਕਈ ਗੁਰੂ ਦੇ ਭਾਣੇ ਨੂੰ ਭੁੱਲ ਕੇ ਥਾਂ-ਥਾਂ ਭਟਕਣ ਲਗਦਾ ਹੈ ਤਾਂ ਫ਼ਿਰ ਇਹ ਪੁੱਛਾਂ ਅਤੇ ਸੁਖਣਾ ਦੇ ਰਾਹ 'ਤੇ ਤੁਰ ਪੈਂਦਾ ਹੈ। ਜੇ ਪੁਛਣਾ ਹੀ ਹੈ ਤਾਂ ਗੁਰੂ ਨੂੰ ਪੁਛਿਆ ਜਾਏ।

ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ
ਅਵਰੁ ਨਾਹੀ ਥਾਉ ॥੧॥ ਰਹਾਉ ॥

(ਸਿਰੀ ਰਾਗੁ ਮ: ੧, ਅੰਗ ੧੪)

ਜੇ ਸੁਖਣਾ ਹੀ ਸੁਖਣੀ ਹੈ ਤਾਂ ਵਾਹਿਗੁਰੂ ਦੇ ਨਾਮ ਦੀ ਹੀ ਸੁਖੀ ਜਾਏ।

ਯਾਰ ਵੇ ਨਿਤ ਸੁਖ ਸੁਖੇਦੀ ਸਾ ਮੈ ਪਾਈ ॥
ਵਰੁ ਲੋੜੀਦਾ ਆਇਆ ਵਜੀ ਵਾਧਾਈ ॥

(ਮ. ੫, ਅੰਗ ੭੦੪)

ਸ਼ੀਰਨੀ

ਪੀਰਾਂ, ਫਕੀਰਾਂ, ਮਜ਼ਾਰਾਂ ਅਤੇ ਖਾਨਗਾਹਾਂ ਤੇ ਰੋਟ ਅਤੇ ਸ਼ੀਰਨੀ (ਮਿੱਠੇ) ਚੜ੍ਹਾਏ ਜਾਂਦੇ ਹਨ। ਇਸ ਨੂੰ ਪ੍ਰਸ਼ਾਦ ਜਾਂ ਬਖਸ਼ਿਸ਼ ਕਰ ਕੇ ਲੈਣ ਦੀ ਮਨਾਹੀ ਹੈ। ਕਿਰਪਾ ਦਾ ਪਾਤਰ ਹਰ ਥਾਂ ਤੋਂ ਨਹੀਂ ਹੋਇਆ ਜਾ ਸਕਦਾ। ਇਸ ਲਈ ਮਰਯਾਦਾ ਵਿਚ ਅੰਕਤ ਇਸ ਮੱਦ ਨੂੰ 'ਪੰਥ ਪ੍ਰਕਾਸ਼' ਵਿਚ ਵੀ ਅੰਕਤ ਕੀਤਾ ਗਿਆ ਹੈ :

ਬਾਂਗ ਸਲਾਤ ਸੁਨ ਮੁੰਦੇ ਕਾਨ। ਰੋਟ ਸ਼ੀਰਨੀ ਪੀਰ ਨ ਖਾਨ।
ਸ਼ਬਦ ਚੌਕੀ ਗੁਰ ਆਪਨੇ ਕੀ ਕਰੇ। ਸੋ ਮਰਨੇ ਤੇ ਨੈਕ ਨ ਡਰੈ ॥੨੦॥

(ਪੰਥ ਪ੍ਰਕਾਸ਼, ਰਤਨ ਸਿੰਘ ਭੰਗੂ)

SikhBookClub.com

ਵੇਦ, ਸ਼ਾਸਤਰ, ਗੀਤਾ ਆਦਿ

ਚਾਰ ਵੇਦ (ਰਿਗ, ਯਜੁਰ, ਸਾਮ, ਅਥਰਵ), ਖਟ ਸ਼ਾਸਤ੍ (ਛੇ ਦਰਸ਼ਨ) (ਸਾਂਖ, ਯੋਗ, ਨਿਆਇ, ਵੈਸ਼ੇਸ਼ਿਕ, ਮੀਮਾਂਸਾ, ਵੇਦਾਂਤ, ਅਠਾਰਾਂ ਪੁਰਾਣ, ਉਪਨਿਸ਼ਦ, ਸਿਮ੍ਰਿਤੀਆਂ ਆਦਿ ਹਿੰਦੂ ਮਤ ਦੇ ਪਵਿਤ੍ ਗ੍ਰੰਥ ਹਨ। ਇਹਨਾਂ ਦਾ ਵਿਸ਼ਾ ਵਸਤੂ ਵੀ ਇਕ ਨਹੀਂ ਅਤੇ ਕਿਸੇ ਇਕ ਗ੍ਰੰਥ 'ਤੇ ਸਾਰੇ ਹਿੰਦੂ ਇਕ ਮਤ ਵੀ ਨਹੀਂ ਹਨ। ਵੱਖ ਵੱਖ ਗ੍ਰੰਥਾਂ ਨੂੰ ਚੰਗੀ ਤਰ੍ਹਾਂ ਵਾਚਣ ਦੇ ਬਾਅਦ ਹਵਾਲੇ ਜਾਂ ਪ੍ਰਮਾਣ ਤਾਂ ਗੁਰੂ ਸਾਹਿਬ ਨੇ ਵੀ ਦਿੱਤੇ ਹਨ ਪਰ ਨਾਲ ਹੀ ਨਿਰਣਾ ਵੀ ਦਿੱਤਾ ਹੈ,

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥੧॥

(ਮ. ੫, ਅੰਗ ੨੬੬)

ਸਤਿਗੁਰੂ ਜੀ ਨੇ ਇਹਨਾਂ ਗ੍ਰੰਥਾਂ ਦਾ ਗਹਿਨਤਾ ਨਾਲ ਅਧਿਐਨ ਕੀਤਾ ਹੈ ਤਾਂ ਹੀ ਤਾਂ ਇਹਨਾਂ ਗ੍ਰੰਥਾਂ ਦੇ ਹਵਾਲੇ ਵਿਸਥਾਰ ਨਾਲ ਗੁਰਬਾਣੀ ਵਿਚ ਦਿੱਤੇ ਹਨ। ***"ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥ ਸਾਂਕਲ ਜੇਵਰੀ ਲੈ ਹੈ ਆਈ ॥੧॥"*** (ਕਬੀਰ ਜੀ, ਅੰਗ 329) ਬਲਕਿ ਇਹ ਤਾਂ ਵਰਣ ਆਸ਼ਰਮ ਅਤੇ ਕਰਮਕਾਂਡ ਦੇ ਸੰਗਲਾਂ ਵਿਚ ਇਨਸਾਨ ਅਤੇ ਇਨਸਾਨੀਅਤ ਨੂੰ ਨੂੜ ਦਿੰਦੇ ਹਨ। ਇਸ ਲਈ ਪ੍ਰਮਾਣੀਕ ਅਤੇ ਨਿਸਚਾ ਕੇਵਲ ਅਕਾਲ ਪੁਰਖ ਦਾ ਹੀ ਹੋ ਸਕਦਾ ਹੈ। ਹਰ ਸਿੱਖ ਰੋਜ਼ਾਨਾ ਗੁਰੂ ਦੇ ਬਚਨ ਦੁਹਰਾਂਦਾ ਹੈ :

ਸ੍ਵੈਯਾ ॥ ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ ॥
ਸਿੰਮ੍ਰਿਤਿ ਸਾਸਤ੍ਰ ਬੇਦ ਸਬੈ ਬਹੁ ਭੇਦ ਕਹੈ ਹਮ ਏਕ ਨ ਜਾਨਯੋ ॥
ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਭ ਤੋਹਿ ਬਖਾਨਯੋ ॥੮੬੩॥

(ਰਾਮਾਵਤਾਰ)

ਸਿੱਖ ਲਈ ਪ੍ਰਮਾਣ ਗੁਰੂ ਗ੍ਰੰਥ ਸਾਹਿਬ ਜੀ ਹੀ ਹੈ।

ਸਾਸਤ੍ਰ ਬੇਦ ਕਾ ਮਤੁ ਨਹੀਂ ਜਾਨੈ !
ਬ੍ਰਹਮਣ ਕਹੇ ਸੁ ਤਿਲ ਨਹੀਂ ਮਾਨੈ !
ਸ਼ਬਦ ਬੀਚਾਰੇ, ਖੋਜੇ ਗ੍ਰੰਥ !
ਸ੍ਰੀ ਖਾਲਸੇ ਕਾ ਇਹੁ ਪੰਥ !!੫੪!!

(ਜੀਵਨ ਸਤਿਗੁਰ ਨਾਨਕ ਦੇਵ ਜੀ - ਸੰਤ ਸਿੰਘ ਛਿੱਬਰ, ਸੰਮਤ ੧੮੩੪)

ਗਾਇਤ੍ਰੀ

ਗਾਇਤ੍ਰੀ ਹਿੰਦੂ ਮਤ ਦਾ ਪਵਿਤ੍ ਮੰਤ੍ ਹੈ। ਪੌਰਾਣਿਕ ਗਾਥਾਵਾਂ ਅਨੁਸਾਰ ਬ੍ਰਹਮਾ ਨੇ ਗਾਇਤ੍ਰੀ ਨਾਲ ਗੰਧਰਵ ਰੀਤੀ ਨਾਲ ਵਿਆਹ ਕਰਵਾਇਆ ਸੀ। ਬਾਅਦ ਵਿਚ ਸਰਾਪੇ ਜਾਣ ਕਰਕੇ ਇਹ ਗਾਂ ਬਣੀ। ਕਿਸੇ ਲੋਧੇ ਜੱਟ ਦੀ ਪੈਲੀ ਵਿਚ ਆ ਗਈ। ਉਸਨੇ ਇਸ ਦੀ ਇਕ ਲੱਤ ਤੋੜ ਦਿੱਤੀ। ਭਗਤ ਨਾਮਦੇਵ ਜੀ ਇਸ ਦਾ

SikhBookClub.com

ਵਰਣਨ ਕਰਦੇ ਹਨ,

ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ ॥
ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ ॥੧॥

(ਗੋਂਡ ਭਗਤ ਨਾਮਦੇਵ ਜੀ, ਅੰਗ ੮੭੫)

ਯਗਯੋਪਵੀਤ ਵੇਲੇ ਇਸ ਮੰਤ੍ਰ ਦਾ ਪਾਠ ਗੁਰੂ ਚੇਲੇ ਤੋਂ ਕਰਵਾਉਂਦਾ ਹੈ ਅਤੇ ਬਾਅਦ ਵਿਚ ਰੋਜ਼ ਸਵੇਰੇ ਸ਼ਾਮ ਇਸ ਮੰਤ੍ਰ ਦਾ ਪੜ੍ਹਨਾ ਲਾਜ਼ਮੀ ਹੈ। ਭਗਤ ਕਬੀਰ ਜੀ ਇਸ ਬਾਰੇ ਬਚਨ ਕਰਦੇ ਹਨ :

ਆਸਾ ॥ ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ ॥
ਤੁਮ੍ਹ ਤਉ ਬੇਦ ਪੜਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ ॥੧॥

(ਆਸਾ ਕਬੀਰ ਜੀ ੪੮੨)

ਕੁਰਾਨ, ਅੰਜੀਲ ਆਦਿ

ਭਾਰਤੀ ਮੂਲ ਦੇ ਧਰਮਾਂ ਦੇ ਮੁਕਾਬਲੇ ਸਾਮੀ ਧਰਮਾਂ (ਯਹੂਦੀ, ਇਸਾਈ ਅਤੇ ਮੁਸਲਮਾਨ) ਦੇ ਪਵਿਤ੍ਰ ਗ੍ਰੰਥ ਤੌਰੇਤ, ਜ਼ਬੂਰ, ਅੰਜੀਲ ਅਤੇ ਕੁਰਾਨ ਹਨ। ਹਜ਼ੂਰ ਦਾ ਫ਼ੁਰਮਾਨ ਹੈ :

ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ ॥
ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ ॥੧॥

(ਕਬੀਰ ਜੀ, ਅੰਗ ੭੨੭)

ਕੇਵਲ ਇਕ ਅਕਾਲ ਦਾ ਬੋਧ ਗੁਰੂ ਦੀ ਬਾਣੀ ਹੀ ਕਰਾਉਂਦੀ ਹੈ। ਬਾਕੀ ਹਵਾਲੇ, ਗਿਆਨ ਅਤੇ ਜਾਣਕਾਰੀ ਲਈ ਹੋਰ ਧਾਰਮਿਕ ਗ੍ਰੰਥਾਂ ਦਾ ਸਤਿਕਾਰ ਕਰਦਿਆਂ ਹੋਇਆਂ ਇਹਨਾਂ ਦਾ ਪੜ੍ਹਨਾ ਲਾਹੇਵੰਦ ਹੈ।

ਗੋਇਲਿ ਵਾਸਾ ਚਾਰਿ ਦਿਨ ਨਾਉ ਧਰਾਇਨਿ ਈਸੇ ਮੂਸੇ।
ਘਟਿ ਨ ਕੋਇ ਅਖਾਇਦਾ ਆਪੋ ਧਾਪੀ ਹੈਰਤ ਹੂਸੇ।
ਸਾਇਰ ਦੇ ਮਰਜੀਵੜੇ ਕਰਨਿ ਮਜੂਰੀ ਖੇਚਲ ਖੂਸੇ।
ਗੁਰੂ ਪੂਰੇ ਵਿਣੁ ਡਾਂਗ ਡੰਗੂਸੇ ॥੧੩॥

(ਵਾਰ ੧੫ ਪਉੜੀ ੧੩)

ਸਿੱਖ ਰਹਿਤ ਮਰਯਾਦਾ ਵਿਚ ਬਾਕੀ ਧਰਮਾਂ ਦੇ ਗ੍ਰੰਥਾਂ ਅਤੇ ਧਾਰਮਕ ਪੁਸਤਕਾਂ ਬਾਰੇ ਸਪਸ਼ਟ ਹੈ ਕਿ ਆਮ ਵਾਕਫੀ ਲਈ ਅਨਮਤਾਂ ਦੇ ਗ੍ਰੰਥਾਂ ਦਾ ਪੜ੍ਹਨਾ ਯੋਗ ਹੈ ਪਰ ਨਿਸਚਾ ਕੇਵਲ ਗੁਰਬਾਣੀ ਦਾ ਹੀ ਰੱਖਣਾ। ਹੁਣ ਤਾਂ ਸਿੱਖ ਕੌਮ ਵਿਚ ਵੀ ਐਸੇ ਅਨਸਰ ਦਿੱਸਣੇ ਸ਼ੁਰੂ ਹੋ ਗਏ ਹਨ ਜਿਹਨਾਂ ਦਾ ਬਾਣੀ 'ਤੇ ਭਰੋਸਾ, ਸਿਦਕ ਨਹੀਂ। ਇਹ ਬਾਣੀ 'ਤੇ ਵੀ ਕਿੰਤੂ ਪ੍ਰੰਤੂ ਕਰਦੇ ਹੋਏ ਨਾਲ ਨਾਲ ਇਹ ਕਹੀ ਜਾਂਦੇ ਹਨ ਕਿ ਅਸੀਂ ਪੜ੍ਹਦੇ ਤਾਂ ਹਾਂ। ਗੁਰਬਾਣੀ ਦਾ ਪੜ੍ਹਨਾ ਹੀ ਕਾਫ਼ੀ ਨਹੀਂ ਬਲਕਿ ਇਸ ਨੂੰ ਸਿਦਕ, ਭਰੋਸੇ ਅਤੇ ਵਿਸ਼ਵਾਸ ਨਾਲ ਮੰਨਣਾ ਵੀ ਜ਼ਰੂਰੀ ਹੈ।

SikhBookClub.com

(ਹ) ਖਾਲਸਾ ਸਾਰੇ ਮਤਾਂ ਤੋਂ ਨਿਆਰਾ ਰਹੇ, ਪਰ ਕਿਸੇ ਅਨਧਰਮੀ ਦਾ ਦਿਲ ਨਾ ਦੁਖਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੦)

ਇਸ ਮੱਦ ਵਿਚ ਖਾਲਸੇ ਦੇ ਹੱਕ ਅਤੇ ਫ਼ਰਜ਼ ਦੇ ਦੋ ਅੰਗ ਨਿਸਚਿਤ ਕੀਤੇ ਗਏ ਹਨ—1. ਖਾਲਸਾ ਸਾਰੇ ਮਤਾਂ ਤੋਂ ਨਿਆਰਾ ਰਹੇ, ਅਤੇ 2. ਇਸ ਨੇ ਕਿਸੇ ਅਨਧਰਮੀ ਦਾ ਦਿਲ ਨਹੀਂ ਦੁਖਾਣਾ।

ਨਿਆਰਾ ਖਾਲਸਾ

"ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ ॥" (ਵਾਰ 1 ਪਉੜੀ 45) ਨਿਆਰੇਪਨ ਦੀ ਅਰੰਭਤਾ ਤਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਸਚਿਤ ਕਰ ਦਿੱਤੀ ਜਦੋਂ ਆਪ ਨੇ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਤਾਂ ਹਜ਼ੂਰ ਦੀ ਜੀਵਨ ਯਾਤਰਾ ਦੇ ਹਰ ਪੜਾਅ ਵਿਚ ਇਹ ਪੈਗਾਮ ਸਪਸ਼ਟ ਤੌਰ 'ਤੇ ਸੁਦ੍ਰਿੜ ਹੁੰਦਾ ਗਿਆ। ਮੁਲਤਾਨ ਵਿਚ ਜਦੋਂ ਪੀਰਾਂ ਨੇ ਦੁੱਧ ਦਾ ਕਟੋਰਾ ਲਬਾਲਬ ਭਰ ਕੇ ਲੈ ਆਂਦਾ ਤਾਂ ਸਾਹਿਬਾਂ ਨੇ ਉਸ ਦੇ ਉੱਤੇ ਚਮੇਲੀ ਦਾ ਫ਼ੁਲ ਟਿਕਾ ਦਿੱਤਾ। ਇੱਥੇ ਵੀ ਰਲਣ ਤੋਂ ਇਨਕਾਰ ਕਰਨ ਦਾ ਸੁਨੇਹਾ ਦੇ ਦਿੱਤਾ। ਸੁਮੇਰ ਪਰਬਤ 'ਤੇ ਗੁਰੂ ਸਾਹਿਬ ਵੱਲੋਂ ਕੀਤੀ ਗਈ ਸਿਧ ਗੋਸਟਿ ਦੇ ਬਾਅਦ ਭਾਈ ਗੁਰਦਾਸ ਜੀ ਨੇ ਗਵਾਹੀ ਦਿੱਤੀ :

ਸਬਦਿ ਜਿਤੀ ਸਿਧਿ ਮੰਡਲੀ
ਕੀਤੋਸੁ ਅਪਣਾ ਪੰਥੁ ਨਿਰਾਲਾ ॥

(ਵਾਰ ੧ ਪਉੜੀ ੩੧)

ਇਸ ਸੰਕਲਪ 'ਤੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਮੋਹਰ ਲਗਾਉਂਦੇ ਹਨ :

ਵਰਤ ਨ ਰਹਉ ਨ ਮਹ ਰਮਦਾਨਾ ॥ ਤਿਸੁ ਸੇਵੀ ਜੋ ਰਖੈ ਨਿਦਾਨਾ ॥
ਏਕੁ ਗੁਸਾਈ ਅਲਹੁ ਮੇਰਾ ॥ ਹਿੰਦੂ ਤੁਰਕ ਦੁਹਾਂ ਨੇਬੇਰਾ ॥੧॥ ਰਹਾਉ ॥
ਹਜ ਕਾਬੈ ਜਾਉ ਨ ਤੀਰਥ ਪੂਜਾ ॥ ਏਕੋ ਸੇਵੀ ਅਵਰੁ ਨ ਦੂਜਾ ॥੨॥
ਪੂਜਾ ਕਰਉ ਨ ਨਿਵਾਜ ਗੁਜਾਰਉ ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥੩॥
ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥੪॥
ਕਹੁ ਕਬੀਰ ਇਹੁ ਕੀਆ ਵਖਾਨਾ ॥ ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ ॥੫॥ ੩॥

(ਭੈਰਉ ਮਹਲਾ ੫, ਅੰਗ ੧੧੩੬)

ਸਿੱਖੀ ਦੇ ਨਿਆਰੇਪਨ 'ਤੇ ਕਾਨੂੰਨੀ ਅਤੇ ਸੰਵਿਧਾਨਕ ਮੋਹਰ ਵੀ ਲਗੀ ਹੋਈ ਹੈ। **ਸਿੱਖ ਗੁਰਦੁਆਰਾ ਐਕਟ**, 1925 ਅਤੇ **ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਐਕਟ**, 1971 ਵਿਚ ਸਿੱਖ ਦੀ ਪਰਿਭਾਸ਼ਾ ਦਿੰਦੇ ਹੋਏ ਅੰਕਤ ਹੈ ਕਿ ਉਹ ਕਿਸੇ ਹੋਰ ਧਰਮ ਨੂੰ ਨਾ ਮੰਨਦਾ ਹੋਏ।

ਉਪਰੰਤ ਅੰਮ੍ਰਿਤ ਦੀ ਦਾਤ ਦੇਣ ਲੱਗਿਆਂ ਕਲਗੀਧਰ ਪਿਤਾ ਨੇ ਤਾਂ ਰਹਿਤਾਂ ਕੁਰਹਿਤਾਂ ਦੀ ਵਿਆਖਿਆ ਕਰ ਕੇ, ਪੰਜ ਕਕਾਰਾਂ ਦੀ ਬਖਸ਼ਿਸ਼ ਕਰ ਕੇ ਅਤੇ ਚਾਰ ਕੁਰਹਿਤਾਂ ਦੀ ਤਾੜਨਾ ਕਰਕੇ ਨਿਆਰੇਪਨ ਬਾਰੇ ਕੋਈ ਦੁਬਿਧਾ ਹੀ ਨਹੀਂ ਰਹਿਣ ਦਿੱਤੀ।

SikhBookClub.com

ਹਜ਼ੂਰ ਨੇ ***ਖਾਲਸਾ ਮੇਰੋ ਰੂਪ ਹੈ ਖ਼ਾਸ*** ਕਹਿ ਕੇ ਐਸੇ ਵਿਸ਼ੇਸ਼ ਗੁਣਾਂ ਨਾਲ ਭਰਪੂਰ ਕੀਤਾ ਕਿ ਇਹ ਸਾਰੇ ਸੰਸਾਰ ਤੋਂ ਨਿਆਰਾ ਹੋ ਕੇ ਪ੍ਰਗਟ ਹੋਇਆ।

ਦੇਸ਼ ਦੀ ਵੰਡ ਜਾਂ ਆਜ਼ਾਦੀ ਨੇ ਸਿੱਖ ਸੋਚ ਅਤੇ ਦਿਸ਼ਾ ਨਿਰਦੇਸ਼ ਵਿਚ ਕਿਤਨੀ ਵੱਡੀ ਤਬਦੀਲੀ ਲਿਆਂਦੀ ਹੈ ਉਸ ਦਾ ਅੰਦਾਜ਼ਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 28 ਨਵੰਬਰ, 1943 ਦੇ ਜਨਰਲ ਇਜਲਾਸ ਦੇ ਮਤੇ ਤੋਂ ਪਤਾ ਲਗਦਾ ਹੈ। ਇਹ ਮਤਾ ਸੀ

> ***ਮਹਾਰਾਜਾ ਪਟਿਆਲਾ ਨੂੰ ਸਨਾਤਨ ਧਰਮ ਸਭਾ ਦਾ ਅਹੁਦਾ ਛੱਡਣ ਲਈ ਜ਼ੋਰ: ਇਹ ਸਮਾਗਮ ਮਹਾਰਾਜਾ ਸਾਹਿਬ ਪਟਿਆਲਾ ਪਾਸੋਂ ਮੰਗ ਕਰਦਾ ਹੈ ਕਿ ਉਹ ਸਿੱਖ ਹਨ ਤੇ ਉਨ੍ਹਾਂ ਦਾ ਸਨਾਤਨ ਧਰਮ ਸਭਾ ਪੰਜਾਬ ਦਾ ਪ੍ਰਧਾਨ ਰਹਿਣਾ ਅਸੂਲ ਵਿਰੁੱਧ ਤੇ ਸਿੱਖੀ ਲਈ ਸਖ਼ਤ ਨੁਕਸਾਨ-ਦਿਹ ਹੈ। ਕੋਈ ਸਿੱਖ ਸਨਾਤਨ ਧਰਮੀ ਨਹੀਂ ਹੋ ਸਕਦਾ। ਇਸ ਲਈ ਉਹ ਕ੍ਰਿਪਾ ਕਰਕੇ ਇਸ ਅਹੁਦੇ ਤੋਂ ਫੌਰਨ ਅਲਹਿਦਾ ਹੋ ਜਾਣ।***

ਕੀ ਅੱਜ ਦੇ ਸਮੇਂ ਵਿਚ ਇਸ ਤਰ੍ਹਾਂ ਸੋਚਿਆ ਵੀ ਜਾ ਸਕਦਾ ਹੈ।

ਦੀਵਾਰ ਕਿਆ ਗਿਰੀ ਮੇਰੇ ਕੱਚੇ ਮਕਾਨ ਕੀ।
ਲੋਗੋਂ ਨੇ ਮੇਰੇ ਸਹਿਨ ਸੇ ਰਸਤੇ ਬਨਾ ਲੀਏ।

ਖਾਲਸੋ ਬੇਕੀਨਾ

ਗੁਰੂ ਸਾਹਿਬ ਨੇ ਖਾਲਸੇ ਨੂੰ ਪੂਰੀ ਤਰ੍ਹਾਂ ਨਿਆਰਾਪਨ ਬਖਸ਼ਣ ਦੇ ਬਾਵਜੂਦ ਇਸ ਦੀ ਝੋਲੀ ਨੂੰ ਸਾਂਝੀਵਾਲਤਾ ਨਾਲ ਸਰਾਬੋਰ ਕੀਤਾ। ਤਿਲਕ ਜੰਞੂ ਦੀ ਰਾਖੀ ਲਈ ਗੁਰੂ ਤੇਗ ਬਹਾਦੁਰ ਜੀ ਦੀ ਅਦੁੱਤੀ ਸ਼ਹਾਦਤ। ਕੀ ਇਸਦੀ ਕੋਈ ਹੋਰ ਮਿਸਾਲ ਮਿਲ ਸਕਦੀ ਹੈ। ਇਸ ਤੋਂ ਵੱਧ ਸਾਂਝੀਵਾਲਤਾ ਅਤੇ ਪਰਉਪਕਾਰ ਦੀ ਮਿਸਾਲ ਹੋਰ ਕੀ ਹੋ ਸਕਦੀ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਵੀ ਜਦੋਂ ਬਹਾਦਰ ਸ਼ਾਹ ਦੇ ਪੀਰ ਨੇ ਪੁਛਿਆ ਸੀ—ਪੀਰ ਮਜ਼ਹਬ ਤੁਮ੍ਹਾਰਾ ਖ਼ੂਬ ਕਿ ਹਮਾਰਾ ਖ਼ੂਬ। ਹਜ਼ੂਰ ਦਾ ਜਵਾਬ ਸੀ, ਤੁਮ ਕੋ ਤੁਮ੍ਹਾਰਾ ਖ਼ੂਬ, ਹਮ ਕੋ ਹਮਾਰਾ ਖ਼ੂਬ।

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦਾ ਹੁਕਮ ਹੈ :

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥

(ਮ. ੫, ਅੰਗ ੧੨੯੯)

ਗੁਰੂ ਗੋਬਿੰਦ ਸਿੰਘ ਜੀ ਦੇ ਬਚਨ ਹਨ ਕਿ ਜਿਸ ਦੇ ਹਿਰਦੇ 'ਚੋਂ ਦਵੈਤ ਮਿਟ ਗਈ ਉਸ ਲਈ ਹਿੰਦੂ ਅਤੇ ਮੁਸਲਮਾਨ ਵਿਚ ਕੀ ਅੰਤਰ ਹੈ :

ਜਾ ਤੇ ਛੂਟਿ ਗਯੋ ਭ੍ਰਮ ਉਰ ਕਾ ॥
ਤਿਹ ਆਗੈ ਹਿਦੂ ਕਿਆ ਤੁਰਕਾ ॥੧੯॥

(ਚੌਬੀਸ ਅਵਤਾਰ, ਮੱਛ ੩੮/੪)

SikhBookClub.com

ਖਾਲਸੋ ਬੇਕੀਨਾ, ਖਾਲਸੇ ਦਾ ਕਿਸੇ ਨਾਲ ਵੀ ਵੈਰ ਵਿਰੋਧ ਨਹੀਂ ਹੈ। ਇਹ ਸਿਧਾਂਤ ਪਟਨਾ ਸਾਹਿਬ ਦੀ ਪਾਵਨ ਧਰਤੀ 'ਤੇ ਬਾਲ (ਗੁਰੂ) ਗੋਬਿੰਦ ਸਿੰਘ ਜੀ ਨੇ ਪੀਰ ਭੀਖਣ ਸ਼ਾਹ ਵੱਲੋਂ ਪੇਸ਼ ਕੀਤੇ ਦੋਨੋਂ ਕੁੱਜਿਆਂ 'ਤੇ ਹੱਥ ਰਖ ਕੇ ਪ੍ਰਗਟ ਕਰ ਦਿੱਤਾ।

(ਕ) ਹਰ ਇਕ ਕੰਮ ਕਰਨ ਤੋਂ ਪਹਿਲਾਂ ਵਾਹਿਗੁਰੂ ਅੱਗੇ ਅਰਦਾਸ ਕਰੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੦)

ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ ॥੩॥ (ਮ. ੫, ਅੰਗ 625) (ਸਿੱਖ ਲਈ ਓਟ ਆਸਰਾ ਕੇਵਲ ਇਕ ਅਕਾਲ ਪੁਰਖ ਦਾ ਹੀ ਹੈ ਅਤੇ ਹਰ ਕਾਰਜ ਦੀ ਅਰੰਭਤਾ ਵਾਹਿਗੁਰੂ ਅੱਗੇ ਅਰਦਾਸ ਕਰਣੀ ਹੀ ਗੁਰਮਤਿ ਹੈ। ਵੈਸੇ ਤਾਂ ਰੱਬੀ ਫ਼ੁਰਮਾਨ ਹੈ, ***ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ ॥*** ਪਰ ਇਸ ਸੰਸਾਰ ਯਾਤਰਾ ਦਾ ਹਰ ਪਲ ਸਿੱਖ ਨੇ ਸਤਿਗੁਰੂ ਜੀ ਦੀ ਓਟ ਆਸਰੇ ਬਿਤਾਣਾ ਹੈ। ਇਸ ਲਈ ਜਦੋਂ ਵੀ ਕੋਈ ਕਾਰਜ ਆਵੇ, ਭਾਵੇਂ ਖ਼ੁਸ਼ੀ ਜਾਂ ਗ਼ਮੀ ਦਾ, ਕੋਈ ਮੁਹਿੰਮ ਹੋਵੇ, ਵਿਦਿਆ, ਵਪਾਰ, ਯਾਤਰਾ ਹਰ ਕਾਰਜ ਦੀ ਅਰੰਭਤਾ ਲਈ ਅਰਦਾਸ ਕਰਨੀ ਹੈ। ਗੁਰਵਾਕ ਹੈ :

ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ ॥
ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ ॥
ਪੂਜਹੁ ਗੁਰ ਕੇ ਪੈਰ ਦੁਰਮਤਿ ਜਾਇ ਜਰਿ ॥
ਸਾਧ ਜਨਾ ਕੈ ਸੰਗਿ ਭਵਜਲੁ ਬਿਖਮੁ ਤਰਿ ॥

(ਮ. ੫, ਅੰਗ ੫੧੯)

ਸਿੱਖ ਨੇ ਓਟ ਆਸਰਾ ਕੇਵਲ ਇਕ ਪੁਰਖ ਦਾ ਹੀ ਰੱਖਣਾ ਹੈ। ਰਹਿਤਨਾਮੇ ਦੇ ਬਚਨ ਹਨ :

ਗੁਰੂ ਕਾ ਸਿਖ ਕਿਤੇ ਕਾਰਜ ਜਾਏ-ਦੇਸ ਅਥਵਾ ਪਰਦੇਸ, ਆਪਣੇ ਗੁਰੂ ਕੀ ਅਰਦਾਸ ਕਰਕੇ ਟੁਰੇ। ਗੁਰੂ ਕਾ ਸਿਖ ਦੇਸੋਂ ਪਰਦੇਸੋਂ ਨੇੜਿਓਂ ਅਥਵਾ ਦੂਰੋਂ ਘਰਿ ਆਵੈ, ਪਹਿਲੇ ਧਰਮਸਾਲੇ ਮੱਥਾ ਟੇਕੇ। ਯਥਾ-ਸ਼ਕਤਿ ਘਰੋਂ ਆਇਕੇ ਪੂਜਾ ਕਰੈ।

(ਰਹਿਤਨਾਮਾ ਹਜ਼ੂਰੀ, ਭਾਈ ਚਉਪਾ ਸਿੰਘ ਛਿੱਬਰ, ਪੰਨਾ ੯੪)

ਨਾਦਰ ਸ਼ਾਹ ਦੁੱਰਾਨੀ ਨੇ ਜਦੋਂ ਲਾਹੌਰ ਦੇ ਸੂਬੇਦਾਰ ਨੂੰ ਸਿੱਖਾਂ ਬਾਰੇ ਪੁਛਿਆ ਤਾਂ ਉਸ ਨੇ ਜਵਾਬ ਦਿੱਤਾ ਸੀ,

ਬਿਨਾ ਵਾਹਿਗੁਰੂ ਨਾਮ ਉਚਾਰੈਂ।
ਕਦੇ ਨ ਕੁਛ ਮੁਖ ਮੈਂ ਇਹੁ ਡਾਰੈਂ।
ਕਾਮ ਅਰੰਭਤ ਜਬ ਕੋਊ ਏਹੈਂ।
ਧੰਨ1 ਵਾਹਿਗੁਰੂ ਇਹੁ ਕਹਿ ਲੇਹੈਂ।
ਬਾਤ ਬਾਤ ਮੈਂ ਇਹੋ ਅਲੈਹੈਂ।
ਜੋ ਗੁਰ ਕਰਹੈ ਸੋਈ ਥੈਹੈ।

(ਪੰਥ ਪ੍ਰਕਾਸ਼, ਗਿ. ਗਿਆਨ ਸਿੰਘ)

SikhBookClub.com

ਸਿੱਖ ਨੇ ਜੋ ਮੰਗਣਾ ਹੈ, ਯਾਚਨਾ ਕਰਨੀ ਹੈ ਉਹ ਗੁਰੂ ਅੱਗੇ ਹੀ ਕਰਨੀ ਹੈ :

ਦਾਤਾ ਓਹੁ ਨ ਮੰਗੀਐ ਫਿਰਿ ਮੰਗਣਿ ਜਾਈਐ।
ਹੋਛਾ ਸਾਹੁ ਨ ਕੀਚਈ ਫਿਰਿ ਪਛੋਤਾਈਐ।
ਸਾਹਿਬੁ ਓਹੁ ਨ ਸੇਵੀਐ ਜਮ ਡੰਡੁ ਸਹਾਈਐ।
ਹਉਮੈ ਰੋਗੁ ਨ ਕਟਈ ਓਹੁ ਵੈਦੁ ਨ ਲਾਈਐ।

(ਭਾਈ ਗੁਰਦਾਸ ਜੀ, ਵਾਰ ੨੭, ਪਉੜੀ ੧੫੬)

(ਖ) ਸਿੱਖ ਲਈ ਗੁਰਮੁਖੀ ਵਿਦਿਆ ਪੜ੍ਹਨੀ ਜ਼ਰੂਰੀ ਹੈ। ਹੋਰ ਵਿਦਿਆ ਭੀ ਪੜ੍ਹੇ।

ਇਸ ਮੱਦ ਵਿਚ ਹੋਰ ਵਿਦਿਆਵਾਂ ਦੇ ਨਾਲ ਗੁਰਮੁਖੀ ਨੂੰ ਵਿਦਿਆ ਜਾਣ ਕੇ ਇਸ ਦਾ ਪੜ੍ਹਨਾ ਲਾਜ਼ਮੀ ਕਰਾਰ ਕੀਤਾ ਗਿਆ ਹੈ। ਇਹ ਮੱਦ ਕਿਤਨੀ ਮਹੱਤਵਪੂਰਨ ਹੈ ਇਸ ਗੱਲ ਤੋਂ ਜ਼ਾਹਰ ਹੈ ਕਿ ਸ਼ਖ਼ਸੀ ਰਹਿਣੀ ਦੇ ਅਧਿਆਇ 'ਸਾਧਾਰਨ ਪਾਠ' ਦੀ ਮੱਦ '(ਅ) ਵਿਚ ਵੀ ਅੰਕਤ ਕੀਤਾ ਗਿਆ ਹੈ—***(ਅ) ਹਰ ਇਕ ਸਿੱਖ ਸਿੱਖਣੀ, ਬੱਚੇ ਬੱਚੀ ਨੂੰ ਗੁਰਮੁਖੀ ਪੜ੍ਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਸਿੱਖਣਾ ਚਾਹੀਏ।'***

ਇੱਥੇ ਇਕ ਨੁਕਤਾ ਵਿਚਾਰਨਯੋਗ ਹੈ ਕਿ ਗੁਰਮੁਖੀ ਇਕ ਲਿਪੀ ਹੈ ਅਤੇ ਇਸ 'ਤੇ ਇਤਨਾ ਜ਼ਿਆਦਾ ਜ਼ੋਰ ਦੇਣ ਦਾ ਕੀ ਭਾਵ ਹੈ। ਵਿਦਿਆ ਤਾਂ ਅਨੇਕ ਹਨ ਅਤੇ ਹਰ ਵਿਦਿਆ ਨੂੰ ਗ੍ਰਹਿਣ ਕਰਨਾ ਚੰਗੀ ਗੱਲ ਹੈ ਪਰ ਸਿੱਖ ਰਹਿਤ ਮਰਯਾਦਾ ਵਿਚ ਦੋ ਵਿਦਿਆਵਾਂ ਦਾ ਉਲੇਖ ਉਚੇਚੇ ਤੌਰ 'ਤੇ ਕੀਤਾ ਗਿਆ ਹੈ—ਇਕ ਗੁਰਮੁਖੀ ਵਿਦਿਆ ਅਤੇ ਦੂਸਰੀ ਗੁਰਸਿੱਖੀ ਦੀ ਵਿਦਿਆ।

ਗੁਰੂ ਸਾਹਿਬ ਵੱਲੋਂ ਰਚੀ ਸਾਰੀ ਦੀ ਸਾਰੀ ਪਾਵਨ ਬਾਣੀ, ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ, ਪੁਰਾਤਨ ਗ੍ਰੰਥ ਅਤੇ ਸਾਹਿਤ ਸਾਰਾ ਹੀ ਗੁਰਮੁਖੀ ਅੱਖਰਾਂ ਵਿਚ ਹੈ। ਜਿਹੜਾ ਸਿੱਖ ਗੁਰਮੁਖੀ ਦੀ ਵਿਦਿਆ ਨਹੀਂ ਹਾਸਲ ਕਰਦਾ, ਇਹ ਨਿਸਚਿਤ ਹੈ ਕਿ ਅੱਜ ਜਾਂ ਕਲ ਉਸ ਦਾ ਨਾਤਾ ਗੁਰਬਾਣੀ ਅਤੇ ਗੁਰੂ ਗ੍ਰੰਥ ਸਾਹਿਬ ਨਾਲੋਂ ਟੁੱਟ ਜਾਏਗਾ। ਅਨੁਵਾਦ ਜਾਂ ਤਰਜਮਾ ਕਦੇ ਵੀ ਲਿਖਤ ਦੀ ਸਹੀ ਭਾਵਨਾ ਪ੍ਰਗਟ ਨਹੀਂ ਕਰ ਸਕਦਾ।

'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਇਕ ਵਾਰਤਾ ਅੰਕਤ ਹੈ ਕਿ ਭਾਈ ਬਾਲਾ ਗੁਰੂ ਅੰਗਦ ਦੇਵ ਜੀ ਕੋਲ ਗੁਰੂ ਨਾਨਕ ਦੇਵ ਜੀ ਦੀ ਪਤ੍ਰੀ ਲੈ ਕੇ ਆਏ। ਗੁਰੂ ਅੰਗਦ ਦੇਵ ਜੀ ਨੇ ਸਤਿਕਾਰ ਨਾਲ ਉਸ ਨੂੰ ਹੱਥਾਂ ਵਿਚ ਲੈ ਮਸਤਕ ਨਾਲ ਲਾਇਆ ਅਤੇ ਕਿਹਾ ਕਿ ਇਹ ਤਾਂ ਸੰਸਕ੍ਰਿਤ ਵਿਚ ਹੈ। ਇਸ ਨੂੰ ਗੁਰਮੁਖੀ ਅੱਖਰਾਂ ਵਿਚ ਲਿਖਵਾ ਕੇ ਲਿਆਉ ਤਾਂ ਕਿ ਸਾਰੇ ਹੀ ਇਸ 'ਚੋਂ ਗੁਰਮਤਿ ਹਾਸਲ ਕਰ ਸਕਣ।

ਖੁਸ਼ੀ ਬਹੁਤ ਬਾਲੇ ਪਰ ਕੀਨੀ। ਪੁਨ ਪੱਤ੍ਰੀ ਅਪਨੇ ਕਰ ਲੀਨੀ।
ਸਾਦਰ ਸੋ ਨਿਜ ਸੀਸ ਚਢਾਈ। ਭਾਉ ਬਹੁਤ ਕਰਿ ਉਰ ਮਹਿ ਲਾਈ ॥੬੩॥
ਦਰਸ਼ਨ ਤੁਮ ਕਰਿਵਾਯੋ ਗੁਰੁ ਕਾ। ਜਿਸ ਤੇ ਭ੍ਰਮ ਭਾਗੋ ਹੈ ਉਰ ਕਾ।
ਸਹਸਕ੍ਰਿਤਿ ਅੱਛਰ ਜਬ ਚੀਨੇ। ਤਬ ਅੰਗਦ ਜੀ ਬਚਨ ਸੁ ਕੀਨੇ ॥੬੪॥

SikhBookClub.com

ਇਨ ਅਛਰਨ ਕੋ ਜੋਊ ਜਾਨੈ॥ ਸੋ ਯਾ ਕੋ ਪਢਿ ਅਰਥ ਬਖਾਨੈ।
ਗੁਰਮੁੱਖੀ ਚਹਿਯੇ ਕਰਵਾਈ। ਪਢਹਿ ਸੁਨਹਿ ਸਿਖ ਗੁਰਮਤਿ ਪਾਈ ॥੬੫॥

(ਗੁਰੂ ਨਾਨਕ ਪ੍ਰਕਾਸ਼ ਪੁਰਬਾਰਧ, ਅਧਿਆਇ ੨)

ਉਪਰੰਤ ਜੋ ਵੀ ਗੁਰਮਤਿ ਸਾਹਿਤ ਰਚਿਆ ਗਿਆ ਜਾਂ ਉਲਥਾ ਕਰਵਾਇਆ ਗਿਆ ਅਤੇ ਹੁਣ ਵੀ ਉਪਲਬਧ ਹੈ ਉਹ ਸਾਰੇ ਦਾ ਸਾਰਾ ਗੁਰਮੁਖੀ ਵਿਚ ਹੀ ਸੀ। ਇਸ ਲਈ ਜੋ ਗੁਰਮੁਖੀ ਲਿਪੀ ਤੋਂ ਅਣਜਾਣ ਹੈ ਉਹ ਗੁਰਬਾਣੀ, ਗੁਰਮਤਿ ਸਾਹਿਤ ਤੋਂ ਦੂਰ ਹੁੰਦਾ ਹੋਇਆ ਗੁਰਸਿੱਖੀ ਤੋਂ ਦੂਰ ਚਲਾ ਜਾਏਗਾ। ਇਹੀ ਕਾਰਨ ਜਾਪਦਾ ਹੈ ਸਿੱਖ ਵਿਰੋਧੀ ਤਾਕਤਾਂ ਦਾ ਗੁਰਮੁਖੀ ਲਿਪੀ ਦੇ ਵਿਰੋਧ ਦਾ। ਇਸ ਬਾਰੇ 1969 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਦਾ ਮਤਾ ਅਹਿਮ ਹੈ।

ਪੰਜਾਬੀ ਬੋਲੀ ਦੇ ਹਿੰਦੀਆਉਣ ਤੋਂ ਵਿਰੁੱਧ ਮਤਾ:

"ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਇਹ ਜਨਰਲ ਸਮਾਗਮ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵਲੋਂ ਸਵਾ ਕਰੋੜ ਪੰਜਾਬੀਆਂ ਦੀ ਮਾਤ-ਭਾਸ਼ਾ ਨੂੰ ਹਿੰਦੀਆਉਣ ਤੇ ਸੰਸਕ੍ਰਿਤਾਉਣ ਦੇ ਕੋਝੇ ਤੇ ਹਾਨੀਕਾਰਕ ਯਤਨਾਂ ਲਈ ਚਿੰਤਾ ਪ੍ਰਗਟ ਕਰਦਾ ਹੋਇਆ ਬੜੇ ਜ਼ੋਰ ਨਾਲ ਮੰਗ ਕਰਦਾ ਹੈ ਕਿ ਪੰਜਾਬੀ ਨੂੰ ਇਸ ਦੇ ਵਰਤਮਾਨ ਰੂਪ ਤੇ ਚਾਲੂ ਸ਼ਬਦ-ਜੋੜਾਂ ਵਿਚ ਹੀ ਰਹਿਣ ਦਿੱਤਾ ਜਾਵੇ ਅਤੇ ਇਸ ਦਾ ਹੁਲੀਆ ਵਿਗਾੜ ਕੇ ਪੰਜਾਬੀਆਂ ਲਈ ਇਸ ਨੂੰ ਔਖੀ ਤੇ ਪਰਾਈ ਬੋਲੀ ਬਣਾਉਣ ਦੇ ਅਯੋਗ ਯਤਨ ਬੰਦ ਕਰ ਦਿੱਤੇ ਜਾਣ। ਇਹ ਨਾ ਕੇਵਲ ਪੰਜਾਬੀ ਬੋਲੀ ਸਗੋਂ ਪੰਜਾਬੀਅਤ ਉਤੇ ਵੀ ਹਮਲਾ ਹੈ। ਇਹ ਜਨਰਲ ਸਮਾਗਮ ਸਮੂੰਹ ਪੰਜਾਬੀ ਪਿਆਰਿਆਂ, ਪੰਜਾਬੀ ਲੇਖਕਾਂ, ਵਿਦਵਾਨਾਂ, ਸਾਹਿਤ ਅਕਾਡਮੀ ਤੇ ਪੰਜਾਬੀ ਯੂਨੀਵਰਸਿਟੀ ਪਾਸ ਅਪੀਲ ਕਰਦਾ ਹੈ ਕਿ ਉਹ ਪੰਜਾਬੀ ਬੋਲੀ ਨੂੰ ਹੀ ਸਹੀ ਪ੍ਰਚਲਿਤ ਰੂਪ ਵਿੱਚ ਹੀ ਰਹਿਣ ਦੇਣ।

(ਪੰਨਾ ੪੦੨)

ਗੁਰਮੁਖੀ ਦੀ ਅਹਿਮੀਅਤ ਇਸ ਤੋਂ ਵੀ ਉਜਾਗਰ ਹੈ ਕਿ ਵੱਖ ਵੱਖ ਰਹਿਤਨਾਮਿਆਂ ਵਿਚ ਵੀ ਇਸ ਦਾ ਉਚੇਚਾ ਜ਼ਿਕਰ ਹੈ।

ਗੁਰੂ ਕਾ ਸਿਖ ਗੁਰਮੁਖੀ ਅੱਖਰਾਂ ਦਾ ਅਦਬ ਕਰੈ, ਪੈਰਾਂ ਹੇਠ ਨਾ ਆਵਣ, ਪੁੜੀਆਂ ਨ ਬੰਨੈ।

(ਰਹਿਤਨਾਮਾ ਹਜ਼ੂਰੀ, ਭਾਈ ਚਉਪਾ ਸਿੰਘ ਛਿੱਬਰ)

ਗੁਰਮੁਖੀ ਅੱਖਰ ਜੋ ਹੈਂ ਭਾਈ। ਸਿੰਘ ਤੇ ਸੀਖਹਿ ਜਾਈ।
ਔਰ ਜੁ ਬਿਦਯਾ ਜਹ ਤਹ ਹੋਈ। ਅਵਰਨ ਤੇ ਭੀ ਲੇਵਹੁ ਸੋਈ।੩੬।

(ਰਹਿਤਨਾਮਾ ਭਾਈ ਦੇਸਾ ਸਿੰਘ)

ਸੁਤੈ ਸਿਖਾਵੈ ਪ੍ਰਥਮ ਹੀ ਅੱਛਰ ਗੁਰਮੁਖੀ ਜੋਇ।
ਸੋ ਸੁਮੇਰ ਹਰਿ ਖਾਲਸਾ ਸੱਚ ਬਿਚਾਰ ਯੁਤ ਹੋਇ।੪੬।

(ਖਾਲਸਾ ਪੰਚਾਸਿਕਾ - ਬਾਵਾ ਸੁਮੇਰ ਸਿੰਘ)

SikhBookClub.com

ਚੌਪਈ - ਮੇਰਾ ਸੋ ਜੋ ਰਹਿਤ ਰਹਾਵੈ। ਪਹਿਰ ਰਾਤ ਇਸਨਾਨ ਕਰਾਵੈ।
ਬਾਣੀ ਗੁਰੂ ਕੀ ਅਵਰ ਨ ਪਾਠ। ਪੜ੍ਹਹਿ ਗੁਰਮੁਖੀ ਤਿਆਗੈ ਠਾਠ।੯।

(ਰਹਿਤਨਾਮਾ ਭਾਈ ਸਾਹਿਬ ਸਿੰਘ)

ਪੁੱਤ੍ਰ ਪਢਾਵੈ ਗੁਰਮੁਖੀ, ਗ੍ਰੰਥ ਪਾਠ ਪ੍ਰਥ ਧਾਰ।
ਪੀਛੇ ਵਿਦਯਾ ਅਉਰ ਪਢਿ, ਸੋ ਖਾਲਸਾ ਨਿਹਾਰ।੫੯।

(ਖਾਲਸਾ ਸ਼ਤਕ, ਭਾਈ ਬੁੱਧ ਸਿੰਘ)

ਭਾਈ ਦਯਾ ਸਿੰਘ ਜੀ ਦੇ ਰਹਿਤਨਾਮੇ ਵਿਚ ਅੰਕਤ ਹੈ ਕਿ ਜੋ ਪਾਰਸੀ ਪੜ੍ਹੇ ਤਨਖਾਹੀਆ ਹੈ? ਇਸ ਦਾ ਕਦਾਪਿ ਇਹ ਅਰਥ ਨਹੀਂ ਕਿ ਸਿੱਖ ਫ਼ਾਰਸੀ ਨਾ ਪੜ੍ਹੇ। ਫਾਰਸੀ ਵਿਚ ਤਾਂ ਗੁਰੂ ਸਾਹਿਬ ਨੇ ਖੁਦ ਬਾਣੀ ਵੀ ਰਚੀ। ਹਰ ਬੋਲੀ ਚੰਗੀ ਹੈ। ਪਰ ਇਸ ਦਾ ਅਰਥ ਸਿਰਫ਼ ਇਤਨਾ ਹੀ ਹੈ ਕਿ ਪਹਿਲਾਂ ਬੁਨਿਆਦੀ ਤੌਰ 'ਤੇ ਗੁਰਮੁਖੀ ਵਿਚ ਮੁਹਾਰਤ ਕਰ ਲਵੇ ਅਤੇ ਫ਼ਿਰ ਭਾਵੇਂ ਜਿਤਨਾ ਮਰਜ਼ੀ ਗਿਆਨ ਹਾਸਲ ਕਰੇ, ਉਹ ਲਾਹੇਵੰਦ ਹੋਏਗਾ।

ਦੇਸ਼ ਦੀ ਵੰਡ ਦੇ ਸੱਤ-ਅੱਠ ਸਾਲ ਬਾਅਦ ਹੀ ਪੰਜਾਬੀ ਬੋਲੀ ਅਤੇ ਗੁਰਮੁਖੀ ਲਿਪੀ ਦੇ ਖਿਲਾਫ਼ ਜ਼ਬਰਦਸਤ ਮੁਹਿੰਮ ਅਰੰਭ ਹੋ ਗਈ। ਇਸ ਨਾਲ ਮਾਹੌਲ ਕਾਫ਼ੀ ਤਣਾਅਪੂਰਨ ਹੋ ਗਿਆ। ਇਸ ਦਾ ਹੱਲ ਲੱਭਣ ਲਈ 30 ਜੂਨ, 1958 ਨੂੰ ਪੰਜਾਬ ਸਰਕਾਰ ਨੇ ਜੈ ਸ਼ੰਕਰ ਵਿਦਿਆਲੰਕਾਰ ਅਤੇ ਭਾਈ ਜੋਧ ਸਿੰਘ 'ਤੇ ਆਧਾਰਤ ਇਕ ਕਮੇਟੀ ਦਾ ਗਠਨ ਕੀਤਾ। ਇਸ ਕਮੇਟੀ ਨੇ ਜੋ ਹੱਲ ਲੱਭਿਆ ਉਹ ਬਿਮਾਰੀ ਤੋਂ ਵੀ ਵੱਧ ਖ਼ਤਰਨਾਕ ਸੀ। ਇਸ ਕਮੇਟੀ ਦੇ ਮੁਤਾਬਿਕ ਪੰਜਾਬੀ ਗੁਰਮੁਖੀ ਜਾਂ ਦੇਵਨਾਗਰੀ ਕਿਸੇ ਵੀ ਲਿਪੀ ਵਿਚ ਲਿਖੀ ਜਾ ਸਕਦੀ ਹੈ। ਇਸ ਦਾ ਬਹੁਤ ਹੀ ਜ਼ਬਰਦਸਤ ਵਿਰੋਧ ਹੋਇਆ ਅਤੇ ਇਹ ਸਾਜ਼ਿਸ਼ ਠੱਪੀ ਗਈ।

ਇਸ ਪਿਛੋਕੜ ਵਿਚ ਹਰ ਸਿੱਖ ਦਾ ਫ਼ਰਜ਼ ਹੈ ਕਿ ਗੁਰਮੁਖੀ ਲਿਪੀ ਦਾ ਗਿਆਨ ਜ਼ਰੂਰ ਹਾਸਲ ਕਰੇ ਨਹੀਂ ਤਾਂ ਐਸਾ ਨਾ ਹੋਵੇ ਕਿ ਪੜ੍ਹਿਆਂ ਲਿਖਿਆਂ ਦੀ ਇਹ ਕੌਮ ਅਧਪੜ੍ਹਾਂ ਦੀ ਭੀੜ ਹੀ ਨਾ ਬਣ ਕੇ ਰਹਿ ਜਾਵੇ।

(ਗ) ਸੰਤਾਨ ਨੂੰ ਗੁਰਸਿੱਖੀ ਦੀ ਵਿਦਿਆ ਦਿਵਾਉਣੀ ਸਿੱਖ ਦਾ ਫਰਜ਼ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੦)

ਗੁਰਮੁਖੀ ਵਿਦਿਆ ਦੇ ਬਾਅਦ ਇਸ ਮੱਦ ਵਿਚ ਗੁਰਸਿੱਖੀ ਦੀ ਵਿਦਿਆ ਪ੍ਰਾਪਤ ਕਰਨ ਬਾਰੇ ਕਿਹਾ ਗਿਆ ਹੈ। ਇਹ ਵਿਦਿਆ ਦੀਨ ਦੁਨੀ ਦੋਨਾਂ ਜਹਾਨਾਂ ਵਿਚ ਸੁਰਖ਼ਰੂ ਕਰਨਾ ਸਿਖਾਉਂਦੀ ਹੈ। ਇਹ ਜੀਵਨ ਦੇ ਹਰ ਪੱਖ ਵਿਚ ਪਰਿਪੂਰਣਤਾ ਪ੍ਰਦਾਨ ਕਰਦੀ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਭਾਈ ਗੁਰਦਾਸ ਜੀ ਵਰਗੇ ਵਿਦਿਆ ਮਾਰਤੰਡ ਮੌਜੂਦ ਸਨ ਪਰ ਗੁਰੂ ਸਾਹਿਬ ਨੇ ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਦੀ ਸੇਵਾ ਬਾਬਾ ਬੁੱਢਾ ਜੀ ਨੂੰ ਬਖਸ਼ੀ ਅਤੇ ਨਾਲ ਹੀ ਬਾਲਕ ਹਰਿਗੋਬਿੰਦ ਜੀ ਦੀ ਵਿਦਿਆ ਦੀ ਜ਼ਿੰਮੇਵਾਰੀ ਵੀ ਅਤੇ ਨਾਲ ਹੀ ਹੁਕਮ ਕੀਤਾ—ਬਾਬਾ ਜੀ! ਤੁਸੀਂ ਬਾਲਕ ਹਰਿਗੋਬਿੰਦ ਜੀ ਨੂੰ ਉਹ ਪੜ੍ਹਾਈ ਕਰਾਓ ਜਿਹੜੀ ਤੁਹਾਨੂੰ ਗੁਰੂ ਨਾਨਕ ਦੇਵ ਜੀ ਨੇ ਕਰਵਾਈ ਸੀ।

ਬਾਕੀ ਹੋਰ ਵਿਦਿਆਵਾਂ ਦੀ ਤਰ੍ਹਾਂ ਗੁਰਸਿੱਖੀ ਵੀ ਅਧਿਆਤਮ ਦੀ ਪੜ੍ਹਾਈ ਹੈ।

SikhBookClub.com

ਬਿਨਾਂ ਪੜ੍ਹਿਆਂ ਤਾਂ ਅਲਫ਼ ਬੇ ਵੀ ਨਹੀਂ ਬੁਝੀ ਜਾ ਸਕਦੀ। ਜੇ ਕਿਸੇ ਨੇ ਵਕਾਲਤ, ਇੰਜੀਨੀਅਰਿੰਗ, ਡਾਕਟਰੀ ਜਾਂ ਹੋਰ ਉੱਚ ਵਿਦਿਆ ਹਾਸਲ ਕੀਤੀ ਹੈ ਤਾਂ ਉਹ ਆਪਣੇ ਸ਼ੋਹਬੇ ਨੂੰ ਛੱਡ ਕੇ ਦੂਸਰੇ ਵਿਚ ਦਖ਼ਲ ਨਹੀਂ ਦਿੰਦਾ। ਪਰ ਕਿਆ ਤ੍ਰਾਸਦੀ ਹੈ ਕਿ ਹਰ ਕੋਈ ਇਹ ਗੁਰਮਤਿ ਵਿਚ ਵੀ ਦਖ਼ਲ ਦੇਣਾ ਆਪਣਾ ਹੱਕ ਸਮਝਦਾ ਹੈ।

ਦੁਨਿਆਵੀ ਤੌਰ 'ਤੇ ਭਾਵੇਂ ਕੋਈ ਜਿੰਨੀ ਮਰਜ਼ੀ ਤਾਲੀਮ ਹਾਸਲ ਕਰ ਲਵੇ ਪਰ ਜੇਕਰ ਗੁਰਸਿੱਖੀ ਦੀ ਵਿਦਿਆ ਤੋਂ ਸੱਖਣਾ ਹੈ ਤਾਂ ਦੀਨ ਦੁਨੀ ਦੋਨੋਂ ਹੀ ਨਿਰਾਰਥਕ ਹੈ। ਅਕਬਰ ਅਲਾਹਬਾਦੀ ਨੇ ਕਿਆ ਤਨਜ਼, ਵਿਅੰਗ ਕੀਤਾ ਹੈ,

ਨਾ ਰੋਜ਼ਾ ਹੈ, ਨ ਜ਼ਕਾਤ ਹੈ, ਨ ਹੱਜ ਹੈ।
ਫ਼ਿਰ ਇਸ ਪਰ ਕਿਆ ਕਿ ਕੋਈ ਅਗਰ ਜੱਜ ਹੈ।

ਇਸ ਲਈ ਭਾਈ ਗੁਰਦਾਸ ਜੀ ਬਚਨ ਕਰਦੇ ਹਨ :

ਗੁਰਸਿਖੀ ਦਾ ਸਿਖਣਾ ਨਾਦੁ ਨ ਵੇਦ ਨ ਆਖਿ ਵਖਾਣੈ।
ਗੁਰਸਿਖੀ ਦਾ ਲਿਖਣਾ ਲਖ ਨ ਚਿਤ੍ਰ ਗੁਪਤਿ ਲਿਖਿ ਜਾਣੈ।
ਗੁਰਸਿਖੀ ਦਾ ਸਿਮਰਣੋ ਸੇਖ ਅਸੰਖ ਨ ਰੇਖ ਸਿਞਾਣੈ।
ਗੁਰਸਿਖੀ ਦਾ ਵਰਤਮਾਣੁ ਵੀਹ ਇਕੀਹ ਉਲੰਘਿ ਪਛਾਣੈ।
ਗੁਰਸਿਖੀ ਦਾ ਬੁਝਣਾ ਗਿਆਨ ਧਿਆਨ ਅੰਦਰਿ ਕਿਵ ਆਣੈ।
ਗੁਰ ਪਰਸਾਦੀ ਸਾਧਸੰਗਿ ਸਬਦ ਸੁਰਤਿ ਹੋਇ ਮਾਣੁ ਨਿਮਾਣੈ।
ਭਾਇ ਭਗਤਿ ਵਿਰਲਾ ਰੰਗੁ ਮਾਣੈ ॥੩॥

(ਵਾਰ ੨੮ ਪਉੜੀ ੩)

(ਘ) ਕੇਸ ਲੜਕੇ ਕੇ ਜੋ ਹੋ ਸੋ ਉਨ੍ਹਾਂ ਦਾ ਬੁਰਾ ਨਾ ਮੰਗੇ, ਕੇਸ ਉਹੀ[10] ਰੱਖੇ, ਨਾਮ ਸਿੰਘ ਰੱਖੇ। ਸਿਖ ਆਪਣੇ ਲੜਕੇ ਲੜਕੀਆਂ ਦੇ ਕੇਸ ਸਾਬਤ ਰੱਖੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੦)

ਇਸ ਮੱਦ ਵਿਚ ਲੜਕਿਆਂ ਦੇ ਜਮਾਂਦਰੂ ਵਾਲ ਨਾ ਕੱਟਣ ਅਤੇ ਨਾਮ ਸਿੰਘ ਰੱਖਣ ਦੀ ਹਿਦਾਇਤ ਹੈ। ਗੁਰਮਤਿ ਰਹਿਣੀ ਦੀ ਇਹ ਮੱਦ ਸਿੱਖੀ ਦੀ ਬੁਨਿਆਦ ਕਹੀ ਜਾ ਸਕਦੀ ਹੈ। ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਉਣੀ ਸਿੱਖ ਦਾ ਆਦਰਸ਼ ਹੈ। ਇਹ ਸਹੀ ਹੈ ਕਿ ਕੇਵਲ ਕੇਸਾਂ ਨਾਲ ਹੀ ਕੋਈ ਸਿੱਖ ਨਹੀਂ ਬਣਦਾ ਪਰ ਇਸ ਵਿਚ ਕੋਈ ਦੁਬਿਧਾ ਨਹੀਂ ਕਿ ਕੇਸਾਂ ਦੇ ਬਿਨਾਂ ਵੀ ਕੋਈ ਸਿੱਖ ਨਹੀਂ ਅਖਵਾ ਸਕਦਾ।

ਕਈ ਹੋਰ ਧਰਮਾਂ ਦੇ ਪੈਰੋਕਾਰ ਵਾਲ ਰਖਦੇ ਤਾਂ ਹਨ ਪਰ ਉਹਨਾਂ ਲਈ ਇਹ ਲਾਜ਼ਮੀ ਨਹੀਂ ਹੈ। ਜਿਵੇਂ ਆਮ ਕਹਿ ਦਿੱਤਾ ਜਾਂਦਾ ਹੈ ਕਿ ਇਸਲਾਮ ਵਿਚ ਦਾੜ੍ਹੀ ਹੈ ਪਰ ਦਾੜ੍ਹੀ ਵਿਚ ਇਸਲਾਮ ਨਹੀਂ। ਪਰ ਸਿੱਖੀ ਅਤੇ ਕੇਸ ਇਕ ਦੂਜੇ ਦੇ ਪੂਰਕ ਹਨ ਅਤੇ ਇਹਨਾਂ ਨੂੰ ਬਿਲਕੁਲ ਨਿਖੇੜਿਆ ਨਹੀਂ ਜਾ ਸਕਦਾ। ਕੇਸ ਕੇਵਲ ਚਿੰਨ੍ਹ ਨਹੀਂ ਬਲਕਿ ਸਿੱਖੀ ਦੇ ਵਿਸ਼ਵਾਸ ਦੇ ਕਕਾਰ ਜਾਂ ਇਕ ਸਥੂਲ ਵਿਸ਼ਵਾਸ ਦੀ ਵਸਤੂ (article of

10. ਜਮਾਂਦਰੂ

SikhBookClub.com

faith) ਹਨ। ਚਿੰਨ੍ਹ ਹਟਾਏ ਜਾ ਸਕਦੇ ਹਨ, ਬਦਲੇ ਜਾ ਸਕਦੇ ਹਨ ਪਰ ਨੂੰ ਵਿਸ਼ਵਾਸ ਦੀ ਵਸਤੂ (article of faith) ਤਾਂ ਕਾਨੂੰਨੀ ਸੁਰੱਖਿਆ ਕਵਚ ਪ੍ਰਾਪਤ ਹੈ। ਕੋਈ ਕਾਨੂੰਨ ਇਹਨਾਂ ਤੇ ਪਾਬੰਦੀ ਨਹੀ ਲਗਾ ਸਕਦਾ।

ਹਿੰਦੂ ਮਤ ਵਿਚ ਲੜਕਿਆਂ ਦੇ ਜਮਾਂਦਰੂ ਵਾਲ ਕੱਟਣ ਦੀ ਮਰਯਾਦਾ ਹੈ। ਇਹ ਕਿਹਾ ਜਾਂਦਾ ਹੈ ਕਿ ਇਹ ਮਾਂ ਦੇ ਪੇਟ ਦੇ ਵਾਲ ਹਨ ਅਤੇ ਅਪਵਿੱਤ੍ਰ ਹਨ। ਪਰ ਹੈਰਾਨੀ ਹੈ ਕਿ ਲੜਕੀਆਂ ਦੇ ਵਾਲ ਅਤੇ ਬਾਕੀ ਸਾਰਾ ਸਰੀਰ ਵੀ ਤਾਂ ਮਾਂ ਦੇ ਪੇਟ ਵਿਚੋਂ ਹੀ ਆਇਆ ਹੈ।

ਪਰ ਸਿੱਖੀ ਵਿਚ ਭਾਵੇਂ ਬੇਟਾ ਹੋਵੇ ਜਾਂ ਬੇਟੀ ਉਹਨਾਂ ਨੂੰ ਹਮੇਸ਼ਾਂ ਸਾਬਤ ਸੂਰਤ ਰਹਿਣ ਦਾ ਹੁਕਮ ਹੈ। *'ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ... ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਨਿਤਾਪ੍ਰਤਿ ਵਾਹਿਗੁਰੂ ਦਾ ਜੈਕਾਰ ਕੀਤਾ ਜਾਂਦਾ ਹੈ।'* ਇਸ ਬਾਰੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਹੁਕਮ ਹੈ :

> ***ਬਚਨ ਹੈ ਸ੍ਰੀ ਗੁਰੂ ਜੀ ਕਾ ਕਿ ਜੇ ਕੋਈ ਸਿਖ ਦਾ ਬੇਟਾ ਹੋਇ ਔਰ ਮੋਨਾ ਹੋਇ ਜਾਵੇ, ਤਿਸ ਕੀ ਜੜ ਸੁੱਕੀ ਔਰ ਜੋ ਮੋਨਾ ਸਿਖ ਹੋਇ ਜਾਵੇ ਤਿਸ ਕੀ ਜੜ ਹਰੀ।***
>
> (ਤਨਖ਼ਾਹਨਾਮਾ ਭਾਈ ਨੰਦ ਲਾਲ)

ਕਈ ਵਾਰ ਇਕ ਅਧੂਰੀ ਤੁਕ ਦਾ ਹਵਾਲਾ ਸੁਣਨ ਵਿਚ ਆਉਂਦਾ ਹੈ ***ਤੀਨਿ ਪ੍ਰਕਾਰ ਮਮ ਸਿਖ ਹਹਿ ਸਹਿਜੀ ਚਰਨੀ ਖੰਡ ॥*** ਯਾਨਿ ਗੁਰੂ ਸਾਹਿਬ ਨੇ ਕਿਹਾ ਕਿ ਮੇਰੇ ਸਿੱਖ ਤਿੰਨ ਕਿਸਮ ਦੇ ਹਨ—ਸਹਿਜਧਾਰੀ, ਚਰਨ ਪਾਹੁਲੀਏ ਅਤੇ ਖੰਡੇ ਦੀ ਪਾਹੁਲ ਵਾਲੇ। ਪਰ ਇਸ ਤੋਂ ਅਗਲੀ ਤੁਕ *ਤਾਂ ਤੇ ਕੇਸੀ ਹੋਇ ਕੇ ਤੀਨੋ ਕਰੇ ਬਿਹੰਡ ॥* ਬਹੁਤ ਹੀ ਮਹੱਤਵਪੂਰਨ ਹੈ ਜੋ ਗੁਰੂ ਦਾ ਹੁਕਮ ਪੂਰਾ ਕਰਦੀ ਹੈ। ਇਸ ਤਰ੍ਹਾਂ ਪੂਰਾ ਹੁਕਮ ਹੈ :

> ***ਏਕ ਮਜਬ ਰਹਿਨਾ ਭਲਾ ਦੋ ਮੈਂ ਰਹੈ ਨ ਕੋਇ।***
> ***ਮੇਰੋ ਸਿੱਖ ਕਹਾਇਕੈ ਭਰਮੈ ਪਾਪੀ ਸੋਇ ॥੧੧॥***
> ***ਤ੍ਰੈ ਪ੍ਰਕਾਰ ਮਮ ਸਿੱਖ ਹੈਂ ਸਹਿਜੀ, ਚਰਨੀ, ਖੰਡ।***
> ***ਯਾਂ ਤੇ ਕੇਸੀ ਹੋਇ ਸਿਖ ਤੀਨੋ ਕਰੈ ਬਿਹੰਡ ॥੧੨॥***
>
> (ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਰਿਤੁ ੫, ਅੰਸੂ ੩੮)

ਸ਼ਾਸਤ੍ਰਾਂ ਅਨੁਸਾਰ ਬ੍ਰਾਹਮਣ ਦਾ ਵਧ ਨਹੀਂ ਕੀਤਾ ਜਾ ਸਕਦਾ। ਇਸ ਲਈ ਜੇਕਰ ਕਿਸੇ ਬਹੁਤ ਹੀ ਘਿਰਣਤ ਅਪਰਾਧ ਲਈ ਬ੍ਰਾਹਮਣ ਨੂੰ ਮੌਤ ਦੀ ਸਜ਼ਾ ਦੇਣੀ ਹੋਵੇ ਤਾਂ ਵੀ ਉਸ ਨੂੰ ਪ੍ਰਾਣ ਦੰਡ ਨਾ ਦੇ ਕੇ ਉਸ ਦਾ ਮੁੰਡਨ ਕਰ ਦੇਣਾ ਹੀ ਵਿਧਾਨ ਹੈ। ਇਸ ਦੇ ਬਾਅਦ ਉਸ ਨੂੰ ਧਨ ਪਦਾਰਥ ਦੇ ਕੇ ਦੇਸ਼ ਨਿਕਾਲਾ ਦੇ ਦਿੱਤਾ ਜਾਏ ਦੱਸਿਆ ਗਿਆ ਹੈ। ਅਲਬੱਤਾ ਕਿਸੇ ਹੋਰ ਜਾਤਿ ਵਰਣ ਦੇ ਅਪਰਾਧੀ ਨੂੰ ਪ੍ਰਾਣ ਦੰਡ ਹੀ ਦੇਣ ਦਾ ਵਿਧਾਨ ਹੈ।

> ***मौण्डयंप्राणान्तिको वण्डोबाह्मणस्य विधीयते।***
> ***इतरेषां तु वर्णाना दंडः प्राणान्तिको भवेत्।।३७९।।***
> ***न जातु बाह्मणं हन्यात्सर्वपापेष्वपि स्थितम्।***
> ***राष्ट्रदेनं बहि कुर्यात्समग्रधनमक्षतम्।।३८०।।***

SikhBookClub.com

ਮੌਡਯੰ ਪ੍ਰਾਣਾਂਤਿ ਕੋ ਦੰਡੋ ਬ੍ਰਹਮਣਸਯ ਵਿਧਿਯਤੇ।
ਇਤਿਰੇਸ਼ਾਂ ਤੁ ਵਰਣਨਾਂ ਦੰਡ: ਪ੍ਰਾਣਾਂਤਿ ਕੋ ਭਵੇਥ॥੩੭੯॥
ਨ ਜਾਤੁ ਬ੍ਰਾਹਮਣੰ ਹਨਯਾਤਸਰਵ ਪਾਪੇਸ਼ਵਪਿ ਸਥਿਤਮ।
ਰਾਸ਼ਟ੍ਰਦੇਨੰ ਬਹਿ ਕੁਰਯਾਤਸਮਗ੍ਰ ਧਨਮ ਕਸ਼ਤਮ॥੩੮੦॥

(ਙ) ਸਿੱਖ ਭੰਗ, ਅਫੀਮ, ਸ਼ਰਾਬ, ਤਮਾਕੂ ਆਦਿ ਨਸ਼ੇ ਨਾ ਵਰਤੇ। ਅਮਲ ਪ੍ਰਸ਼ਾਦੇ ਦਾ ਹੀ ਰੱਖੇ।
(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੦)

ਗੁਰਮਤਿ ਦੀ ਰਹਿਣੀ ਵਿਚ ਇਸ ਮਦ ਰਾਹੀਂ ਹਰ ਕਿਸਮ ਦੇ ਨਸ਼ੇ ਭੰਗ, ਅਫੀਮ, ਤਮਾਕੂ ਆਦਿ ਨਾ ਵਰਤਣ ਦੀ ਤਾਕੀਦ ਕੀਤੀ ਹੈ। ਉਕਤ ਸੂਚੀ ਵਿਚ ਨਸ਼ੇ ਕੇਵਲ ਇਹਨਾਂ ਚੀਜ਼ਾਂ ਤਕ ਹੀ ਸੀਮਤ ਨਹੀਂ ਕੀਤੇ ਗਏ ਬਲਕਿ ਇਸ ਵਿਚ 'ਆਦਿ' ਲਿਖ ਕੇ ਇਹਨਾਂ ਤੋਂ ਇਲਾਵਾ ਜਾਂ ਹੋਰ ਨਵੇਂ ਈਜਾਦ ਹੋਣ ਵਾਲੇ ਨਸ਼ੇ ਵੀ ਸ਼ਾਮਿਲ ਕਰ ਦਿੱਤੇ ਗਏ ਹਨ। ਅਲਬੱਤਾ ਅਮਲ ਜੇਕਰ ਕਿਸੇ ਚੀਜ਼ ਦਾ ਹੋਣਾ ਦੱਸਿਆ ਹੈ ਤਾਂ ਉਹ ਹੈ ਉਦਰ ਪੂਰਤੀ ਲਈ ਪ੍ਰਸ਼ਾਦੇ ਦਾ। ਇਸ ਮੱਦ ਵਿਚ ਭੰਗ, ਅਫੀਮ, ਸ਼ਰਾਬ ਦੇ ਨਾਲ ਮਰਯਾਦਾ ਅਨੁਸਾਰ ਕਿਸੇ ਵੀ ਰੂਪ ਤਮਾਕੂ ਦਾ ਸੇਵਨ ਕਰਨ ਵਾਲਾ ਬੱਜਰ ਕੁਰਹਿਤ ਦਾ ਦੋਸ਼ੀ ਹੈ। ਗੁਰੂ ਦੀ ਰਹਿਮਤ ਹੈ ਕਿ ਇਸ ਜਗਤ ਜੂਠ ਤੋਂ ਆਉਣ ਵਾਲੀਆਂ ਸਾਰੀਆਂ ਨਸਲਾਂ ਨੂੰ ਵੀ ਬਚਾ ਦਿੱਤਾ। ਸਿੱਖ ਰਹਿਤ ਮਰਯਾਦਾ ਵਿਚ ਅਨੰਦ ਸੰਸਕਾਰ ਵਾਲੇ ਅਧਿਆਇ ਵਿਚ ਵੀ ਵਿਸ਼ੇਸ਼ ਤੌਰ 'ਤੇ ਸ਼ਰਾਬ ਦੀ ਵਰਤੋਂ ਦੀ ਮਨਾਹੀ ਕੀਤੀ ਗਈ ਹੈ। ਇਸ ਦੇ ਨਾਲ ਹੀ ਕੋਈ ਨਸ਼ਾ (ਭੰਗ, ਅਫੀਮ, ਸ਼ਰਾਬ, ਪੋਸਤ, ਕੁਕੀਨ ਆਦਿ) ਵਰਤਣ ਵਾਲਾ ਤਨਖਾਹੀਆ ਕਰਾਰ ਦਿੱਤਾ ਗਿਆ ਹੈ। ਕਿਸੇ ਵੀ ਪਤਿਤ ਜਾਂ ਤਨਖਾਹੀਏ ਦੀ ਅਰਦਾਸ ਅਕਾਲ ਤਖ਼ਤ ਸਾਹਿਬ ਜਾਂ ਕਿਸੇ ਵੀ ਤਖ਼ਤ 'ਤੇ ਨਹੀਂ ਹੋ ਸਕਦੀ।

ਭਾਵੇਂ ਨਿਰਮਲ ਪੰਥ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਨਸ਼ਿਆਂ ਤੋਂ ਵਰਜਿਆ ਗਿਆ ਹੈ ਪਰ ਵੇਖਣ ਵਿਚ ਆ ਰਿਹਾ ਹੈ ਕਿ ਨਸ਼ਿਆਂ ਦੇ ਅਜਗਰ ਨੇ ਪੂਰੀ ਤਰ੍ਹਾਂ ਸਮਾਜ ਨੂੰ ਆਪਣੇ ਸ਼ਿਕੰਜੇ ਵਿਚ ਕਸ ਲਿਆ ਹੈ। ਫਰਕ ਇਹ ਆਇਆ ਹੈ ਕਿ ਪਹਿਲਾਂ ਕਹਿੰਦੇ ਸਨ ਕਿ ਫਲਾਣਾ ਸ਼ਰਾਬ ਪੀਂਦਾ ਹੈ, ਪਰ ਹੁਣ ਤਾਂ ਕਹਿੰਦੇ ਹਨ ਕਿ ਫਲਾਣਾ ਸ਼ਰਾਬ ਨਹੀਂ ਪੀਂਦਾ। ਹੁਣ ਇਸਨੂੰ ਰੋਕਣਾ ਸਰਕਾਰਾਂ ਦੇ ਵੱਸ ਦੀ ਗੱਲ ਨਹੀਂ ਰਹੀ ਕਿਉਂਕਿ ਇਹ ਨਸ਼ੇ ਤਾਂ ਹੁਣ ਸਰਕਾਰਾਂ ਦੀ ਵੱਡੀ ਆਮਦਨ ਦਾ ਸ੍ਰੋਤ ਬਣ ਚੁਕੇ ਹਨ। ਹੁਣ ਤਾਂ ਧਰਮ ਅਤੇ ਸਦਾਚਾਰ ਹੀ ਇਸ ਨੂੰ ਠੱਲ੍ਹ ਪਾ ਸਕਦਾ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ***"ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਕਾ, ਅਮਲ ਪ੍ਰਸ਼ਾਦੇ ਕਾ, ਭਲਾ ਸਰਬਤ ਕਾ"*** ਦਾ ਵਿਰਸਾ ਖਾਲਸੇ ਦੀ ਝੋਲੀ ਪਾਇਆ। ਹਜ਼ੂਰ ਦੇ ਬਚਨ ਵੀ ਹਨ ਕਿ ਕਿਸੇ ਕੋਲ ਜਵਾਨੀ ਹੋਵੇ, ਘਰ ਘਾਟ ਵੀ ਚੰਗਾ ਹੋਵੇ ਤੇ ਨਾਲ ਹੋਵੇ ਸ਼ਰਾਬੀ। ਫ਼ਿਰ ਪਾਪ ਤੋਂ ਕਿਵੇਂ ਬਚ ਸਕਦਾ ਹੈ। ਇਹ ਤਾਂ ਖ਼ੁਦ ਪ੍ਰਮਾਤਮਾ ਹੀ ਬਚਾ ਸਕਦਾ ਹੈ।

ਏਕ ਮਦੀ ਦੂਜੈ ਤਰੁਨਿ ਤੀਜੇ ਅਤਿ ਧਨ ਧਾਮ॥
ਪਾਪ ਕਰੇ ਬਿਨ ਕਯੋਂ ਬਚੈ? ਬਚੈ ਬਚਾਵੈ ਰਾਮ॥੧੯॥

(ਚ. ੧੯੩, ਦ.ਗ੍ਰੰ.ਸਾ.)

SikhBookClub.com

ਮਸ਼ਹੂਰ ਸ਼ਾਇਰ ਜੱਜ ਅਕਬਰ ਅਲਾਹਬਾਦੀ ਨੇ ਵੀ ਅੱਜ ਕਲ ਦੇ ਭੱਦਰ ਪੁਰਸ਼ਾਂ ਬਾਰੇ ਤਨਜ਼ ਕਸਿਆ ਸੀ :

ਚੰਦਾ ਦੇਤੇ ਹੈਂ ਮਸਜਿਦ ਮੇਂ ਸ਼ਰਾਬ ਪੀਤੇ ਹੈਂ ਮੈਖਾਨੇ ਮੇਂ।
ਖ਼ੁਦਾ ਭੀ ਰਾਜ਼ੀ ਰਹੇ, ਸ਼ੈਤਾਨ ਭੀ ਨਾਰਾਜ਼ ਨਾ ਹੋ।

(ਚ) ਸਿੱਖ ਮਰਦ ਅਥਵਾ ਇਸਤ੍ਰੀ ਨੂੰ ਨੱਕ, ਕੰਨ ਛੇਦਨਾ ਮਨ੍ਹਾਂ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੦)

ਭਾਰਤ ਦੀ ਸੰਸਕ੍ਰਿਤੀ ਵਿਚ ਇਕ ਵਹਿਮ ਇਹ ਪ੍ਰਚਲਿਤ ਸੀ ਕਿ ਜੇਕਰ ਕੰਨ, ਨੱਕ ਛੇਦ ਕੇ ਸਰੀਰ ਦੇ ਅੰਗ ਭੰਗ ਕਰ ਦਿੱਤੇ ਜਾਣ ਤਾਂ ਇਸ 'ਤੇ ਪ੍ਰੇਤ ਰੂਹਾਂ ਦਾ ਅਸਰ ਨਹੀਂ ਹੁੰਦਾ। ਬਾਅਦ ਵਿਚ ਨੱਕ ਕੰਨ ਛੇਦਣ ਨੂੰ ਵੇਦਿਕ ਸੰਸਕਾਰਾਂ ਵਿਚ ਥਾਂ ਦੇ ਦਿੱਤੀ ਗਈ। ਇਸ ਤਰ੍ਹਾਂ ਇਸਨੂੰ ਇਕ ਹਿੰਦੂ ਸੰਸਕਾਰ ਦੇ ਰੂਪ ਵਿਚ ਮੰਨ ਲਿਆ ਗਿਆ। ਇਸ ਦੇ ਨਾਲ ਹੀ ਕੰਨ ਪਾਟੇ ਜੋਗੀਆਂ ਦੀ ਜਮਾਤ ਵੀ ਆਈ। ਇਹ ਆਪਣੇ ਕੰਨਾਂ ਵਿਚ ਮੋਰੀਆਂ ਕਰ ਕੇ ਕੱਚ, ਲਾਖ, ਧਾਤ, ਸਿੰਗੀ ਜਾਂ ਮਿੱਟੀ ਦੀਆਂ ਵੱਡੀਆਂ ਵੱਡੀਆਂ ਮੁੰਦਰਾਂ ਪਾਂਦੇ ਸਨ। ਜੇਕਰ ਕਿਸੇ ਕੰਨ ਪਾਟੇ ਜੋਗੀ ਦਾ ਛੇਕ ਫੱਟ ਜਾਏ ਤਾਂ ਉਸ ਨੂੰ ਜੋਗੀ ਸਮਾਜ ਵਿਚੋਂ ਬਾਹਰ ਕਰ ਦਿੱਤਾ ਜਾਂਦਾ ਸੀ। ਕਲਗੀਧਰ ਪਿਤਾ ਜੋਗੀਆਂ ਬਾਰੇ ਹੁਕਮ ਕਰਦੇ ਹਨ :

ਪੁਨ ਹਰਿ ਗੋਰਖ ਕੋ ਉਪਰਾਜਾ॥
ਸਿਖ ਕਰੇ ਤਿਨ ਹੂੰ ਬਡਰਾਜਾ।
ਸ੍ਰਵਨ ਫਾਰ ਮੁੰਦਰਾਂ ਦ੍ਵੈ ਡਾਰੀ॥
ਪ੍ਰਭ ਕੀ ਪ੍ਰੀਤ ਰੀਤ ਨਾ ਬਿਚਾਰੀ॥

(ਬਚਿਤ੍ਰ ਨਾਟਕ, ਅ. ੬)

ਅੰਗ ਭੰਗ ਕਰਨ ਦੀ ਇਹ ਬਿਰਤੀ ਹਿੰਦੂ ਅਤੇ ਮੁਸਲਮਾਨਾਂ ਦੋਹਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਸੀ। ਇਸ ਬਾਰੇ ਮੱਕੇ ਮਦੀਨੇ ਦੀ ਗੋਸ਼ਟਿ ਮੁਤਾਬਕ ਗੁਰੂ ਨਾਨਕ ਦੇਵ ਜੀ ਨੇ ਕਿਹਾ :

ਹਿੰਦੂ ਮੁਸਲਮਾਨੁ ਦੁਇ ਜਰਬ ਲਗਾਵਨਿ ਦੋਇ।
ਸਾਹਬੁ ਜਰਬੋ ਬਾਹਰਾ ਰਮਿ ਰਹਿਆ ਵਿਚਿ ਲੋਇ।

(ਮੱਕੇ ਮਦੀਨੇ ਦੀ ਗੋਸ਼ਟਿ, ਪੰਨਾ ੧੪੪)

ਗੁਰਮਤਿ ਨੇ ਅੰਗ ਭੰਗ ਕਰਨ ਨੂੰ ਵਿਵਰਜਿਤ ਕਰਾਰ ਦਿੱਤਾ। ਗੁਰਮਤਿ ਨੇ ਕੰਨੀ ਮੁੰਦਰਾਂ ਪਾਉਣ ਦੀ ਬਜਾਇ ਹਿਰਦੇ ਰੂਪ ਕੰਨਾਂ ਵਿਚ ਸੰਤੋਖ ਰੂਪੀ ਮੁੰਦਰਾਂ ਪਾਉਣ ਦਾ ਉਪਦੇਸ਼ ਦਿੱਤਾ। ਸਰੀਰ ਨੂੰ ਅਖੰਡਤ ਰੱਖਣ ਦੇ ਹੁਕਮ ਅਨੁਸਾਰ ਇਸ ਮੱਦ ਵਿਚ ਸਿੱਖ ਮਰਦ ਅਥਵਾ ਇਸਤ੍ਰੀ ਨੂੰ ਨੱਕ, ਕੰਨ ਛੇਦਣ ਦੀ ਮਨਾਹੀ ਹੈ।

ਗੁਰ ਸੇਵਾ ਤੇ ਭਗਤਿ ਕਮਾਈ॥ ਤਬ ਇਹ ਮਾਨਸ ਦੇਹੀ ਪਾਈ॥
ਇਸ ਦੇਹੀ ਕਉ ਸਿਮਰਹਿ ਦੇਵ॥ ਸੋ ਦੇਹੀ ਭਜੁ ਹਰਿ ਕੀ ਸੇਵ॥੧॥

(ਅੰਗ ੧੧੫੯)

SikhBookClub.com

ਮਨੁੱਖਾ ਸਰੀਰ ਕਰਤਾ ਪੁਰਖ ਦੀ ਅਦੱਤੀ ਕਿਰਤ ਹੈ। ਇਸ ਪਾਵਨ ਦੇਹੀ ਦੀ ਤੁਲਨਾ ਹਰਿਮੰਦਰ ਨਾਲ ਕੀਤੀ ਗਈ ਹੈ। ***"ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥"*** (ਮ. ੩, ਅੰਗ 1346) ਰੂਹਾਨੀਅਤ ਨਾਲ ਸਰਾਬੋਰ ਪ੍ਰੋ. ਪੂਰਨ ਸਿੰਘ ਦੇ ਵਿਚਾਰਾਂ ਅਨੁਸਾਰ ਹਰਿਮੰਦਰ ਦੀਆਂ ਦੀਵਾਰਾਂ ਨੂੰ ਗੰਧਲਾ ਕਰਨਾ, ਇਸ ਵਿਚ ਗੰਦ ਪਾਣਾ, ਇਸ ਸਰੀਰ ਨੂੰ ਕੱਟਣਾ, ਵੱਢਣਾ, ਸਲਾਖਾਂ ਨਾਲ ਦਾਗਣਾ ਆਦਿ ਇਸ ਸਰੀਰ ਦੀ ਨਿਰਾਦਰੀ ਅਤੇ ਰੱਬ ਦੀ ਤੌਹੀਨ ਹੈ। ਚੂੰਕਿ ਇਹ ਸਰੀਰ ਹਰਿਮੰਦਰ ਹੈ ਇਸ ਲਈ ਇਹ ਸਰੀਰ ਗੌਜਿਆ, ਕਜਿਆ ਅਤੇ ਸਜਿਆ ਰਹਿਣਾ ਚਾਹੀਦਾ ਹੈ। ***ਸਾਬਤ ਸੂਰਤਿ ਦਸਤਾਰ ਸਿਰਾ ॥੧੨॥*** (ਮ. ੫, ਅੰਗ 1084) ਇਸ ਲਈ ਨੱਕ ਕੰਨ ਨੂੰ ਛੇਦਣ ਦੀ ਮਨਾਹੀ ਕੀਤੀ ਗਈ ਹੈ।

ਉਪਰੰਤ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਆਸ਼ਾ ਸਪਸ਼ਟ ਕੀਤਾ :

ਜਟਾ ਨ ਸੀਸ ਧਾਰਿਹੌ ॥ ਨ ਮੁੰਦ੍ਰਕਾ ਸੁ ਧਾਰਿਹੌ ॥
ਨ ਕਾਨਿ ਕਾਹੂ ਕੀ ਧਰੋ ॥ ਕਹਿਯੋ ਪ੍ਰਭੂ ਸੁ ਮੈ ਕਰੋ ॥੩੬ ॥...
ਨ ਜਟਾ ਮੁੰਡਿ ਧਾਰੌ ॥ ਨ ਮੁੰਦ੍ਰਕਾ ਸਵਾਰੌ ॥
ਜਪੋ ਤਾਸ ਨਾਮੰ ॥ ਸਰੈ ਸਰਬ ਕਾਮੰ ॥੫੧॥
ਨ ਨੈਨੰ ਮਿਚਾਉ ॥ ਨ ਡਿੰਭੰ ਦਿਖਾਉ ॥
ਨ ਕੁਕਰਮੰ ਕਮਾਉ ॥ ਨ ਭੇਖੀ ਕਹਾਉ ॥੫੨॥

ਨੱਕ ਕੰਨ ਨਾ ਛੇਦਣ ਬਾਰੇ ਰਹਿਤਨਾਮਿਆਂ ਵਿਚ ਵੀ ਸਪਸ਼ਟ ਆਦੇਸ਼ ਹੈ :

ਬੀਧੇ ਕਾਨ ਨਾ ਨਾਕ ਕੋ, ਸਤਿਗੁਰ ਕੀ ਮ੍ਰਿਜਾਦ।
ਪੰਜ ਸ਼ਸਤ੍ਰ ਧਰ ਦੇਹ ਪੈ, ਕ੍ਰਿਪਾਣ ਗਾਤ੍ਰੇ ਰਾਖ।
ਕਰਦ ਭੇਟ ਬਿਨ ਪਾਨ ਨਹਿ, ਅਕਾਲ ਭਾਵ ਸਤ ਭਾਖ।

(ਰਹਿਤਨਾਮਾ ਭਾਈ ਦਯਾ ਸਿੰਘ, ਪੰਨਾ ੭੮)

ਅਤੇ

ਕਾਨ ਨਾਕ ਨ ਕਟਾਨੇ ਦੇਇ। ਜੈਸਾ ਮਨ ਮਹਿ ਹੈ ਤੈਸਾ ਰਹੈ ਅਖੰਡ ਸੁਧ।

(ਰਹਿਤਨਾਮਾ ਭਾਈ ਦਯਾ ਸਿੰਘ, ਪੰਨਾ ੭੧)

ਇਸ ਤਰ੍ਹਾਂ ਗੁਰੂ ਸਾਹਿਬ ਨੇ ਜਿਸ ਖਾਲਸੇ ਦੀ ਸਿਰਜਨਾ ਕੀਤੀ ਉਹ ਸੀ :

ਗੁਰੁ ਬਰ ਅਕਾਲ ਕੇ ਹੁਕਮ ਸੋਂ ਉਪਜਿਓ ਬਿਗਿਆਨਾ।
ਤਬ ਸਹਿਜੇ ਰਚਿਓ ਖਾਲਸਾ ਸਾਬਤ ਮਰਦਾਨਾ।

(ਵਾਰ ੪੧ ਪਉੜੀ੧੬/੨੦)

(ਛ) ਗੁਰੂ ਕਾ ਸਿੱਖ ਕੰਨਿਆ ਨਾ ਮਾਰੇ, ਕੁੜੀ-ਮਾਰ ਨਾਲ ਨਾ ਵਰਤੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੦)

"ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮ੍ਹਾਰੇ ॥" (ਕਬੀਰ ਜੀ, ਅੰਗ 1349) ਇਸਤ੍ਰੀ ਅਤੇ ਮਰਦ ਦੋਨੋਂ ਹੀ ਵਾਹਿਗੁਰੂ ਦੀ ਸਿਰਜਨਾ ਹੈ ਅਤੇ ਦੋਹਾਂ ਵਿਚ ਵਾਹਿਗੁਰੂ ਦੀ

SikhBookClub.com

ਆਪਣੀ ਜੋਤ ਹੈ। ਇਸ ਲਈ ਇਸ ਮੱਦ ਵਿਚ ਸਖ਼ਤ ਹਿਦਾਇਤ ਹੈ ਕਿ ਗੁਰੂ ਕਾ ਸਿੱਖ ਕੰਨਿਆ ਨੂੰ ਨਾ ਮਾਰੇ ਅਤੇ ਨਾ ਹੀ ਕਿਸੇ ਕੰਨਿਆ ਮਾਰਨ ਵਾਲੇ ਨਾਲ ਵਰਤਣ ਹੀ ਰਖੇ।

ਇਹ ਕੈਸੀ ਵਿਡੰਬਨਾ ਹੈ ਕਿ ਇਕ ਪਾਸੇ ਭਾਰਤ ਵਿਚ ਦੇਵੀ ਦੀ ਪੂਜਾ ਕੀਤੀ ਜਾਂਦੀ ਰਹੀ ਹੈ ਪਰ ਦੂਸਰੇ ਪਾਸੇ ਇਸੇ ਹੀ ਦੇਸ਼ ਵਿਚ ਪੁਰਾਤਨ ਸਮੇਂ ਤੋਂ ਹੀ ਧੀਆਂ ਨੂੰ ਇਕ ਬੋਝ ਸਮਝਿਆ ਜਾਂਦਾ ਰਿਹਾ ਹੈ। ਕਾਰਨ ਇਸ ਦਾ ਭਾਵੇਂ ਸਮਾਜਿਕ ਹੋਵੇ, ਧਾਰਮਿਕ ਹੋਵੇ ਤੇ ਭਾਵੇਂ ਰਿਸ਼ਤੇ ਨਾਤੇ ਲੱਭਣ ਵਿਚ ਦਰਪੇਸ਼ ਮੁਸ਼ਕਲਾਂ ਤੇ ਜਾਂ ਫ਼ਿਰ ਹਿੱਕ ਦੇ ਜ਼ੋਰ ਨਾਲ ***"ਜੋਰੀ ਮੰਗੈ ਦਾਨੁ ਵੇ ਲਾਲੋ ॥"*** (ਮ. ੧, ਅੰਗ 723), ਕੁੜੀਆਂ ਨੂੰ ਜੰਮਣ ਹੀ ਨਹੀਂ ਸੀ ਦਿੱਤਾ ਜਾਂਦਾ ਤੇ ਜਾਂ ਫ਼ਿਰ ਜੰਮਦਿਆਂ ਸਾਰ ਹੀ ਉਸਦੇ ਮਾਪੇ ਉਸ ਦਾ ਕਤਲ ਕਰ ਦਿੰਦੇ ਰਹੇ ਹਨ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਦੇ ਦਰਦਨਾਕ ਹਾਲਾਤ ਨੂੰ ਕਿਸੇ ਸ਼ਾਇਰ ਨੇ ਵਰਣਨ ਕੀਤਾ :

ਵਿਲਾਦਤ ਥੀ ਦੁਖ਼ਤਰ ਕੀ ਉਨ ਕੋ ਜ਼ਬੂੰ, ਸਮਝਤੇ ਥੇ ਅਪਨੇ ਲੀਏ ਬਦ ਸ਼ਗੂੰ।
ਕੀਆ ਕਤਲ ਲੜਕੀ ਜੁ ਪੈਦਾ ਹੁਈ, ਜਹਾਲਤ ਕੀ ਬਸ ਇੰਤਹਾ ਹੋ ਗਈ।
ਚੁਨਾਂਚਿ ਥੀ ਜਬ ਹਿੰਦ ਮੇਂ ਤੀਰਗੀ, ਭੰਵਰ ਮੇਂ ਥੀ ਇਨਸਾਂ ਕੀ ਕਿਸ਼ਤੀ ਘਿਰੀ।
ਖਵੱਯੀਆ ਜਹਾਂ ਮੇ ਹਵੈਦਾ ਹੁਏ, ਤੋ ਅੱਲ੍ਹਾ ਸੇ ਨਾਨਕ ਜੀ ਪੈਦਾ ਹੁਏ।
ਨਾਨਕ ਜੀ ਅੱਲਾ ਸੇ ਹੁਏ ਰਸੂਲ, ਹਕੀਕਤ ਮੇਂ ਅੱਲ੍ਹਾ ਕੋ ਥਾ ਯਹ ਕਬੂਲ ॥

(ਹਜ਼ੂਰੀ ਲੈਕਚਰ ੯)

ਐਸੇ ਹਾਲਾਤ ਵਿਚ ਗੁਰੂ ਸਾਹਿਬ ਨੇ ਇਸਤ੍ਰੀ ਨੂੰ ਸਨਮਾਨ ਯੋਗ ਅਤੇ ਬਰਾਬਰੀ ਦਾ ਸਥਾਨ ਦਿਵਾਇਆ। ਇਸ ਵਿਚ ਘੁੰਡ ਪ੍ਰਥਾ ਸਮਾਪਤ ਕਰਨੀ, ਸਤੀ ਹੋਣ ਦੀ ਮਨਾਹੀ ਕਰਨੀ ਅਤੇ ਨਾਲ ਬੀਬੀਆਂ ਨੂੰ ਵੀ ਪ੍ਰਚਾਰਕ ਥਾਪਣਾ ਅਤੇ ਜੰਗਾਂ ਜੁੱਧਾਂ ਵਿਚ ਸ਼ਾਮਲ ਕਰਨਾ। ਪਰ ਇਹ ਇੱਲਤ ਘਟੀ ਤਾਂ ਸਹੀ ਪਰ ਬਦਲਵੇਂ ਰੂਪ ਵਿਚ ਮੁੜ ਮੁੜ ਉਭਰ ਕੇ ਸਾਹਮਣੇ ਆਂਦੀ ਰਹੀ।

ਮੁਗ਼ਲ ਕਾਲ ਵਿਚ ਸਿੱਖੀ ਦਾ ਇਮਤਿਹਾਨ ਕੁਠਾਲੀ ਵਿਚ ਸੀ ਉਸ ਸਮੇਂ ਮਹਾਨ ਸੂਰਮੇ ਭਾਈ ਸੁੱਖਾ ਸਿੰਘ 'ਤੇ ਆਪਣੀ ਧੀ ਦੇ ਕਤਲ ਦਾ ਦੋਸ਼ ਲੱਗਾ। ਉਹਨਾਂ ਨੂੰ ਵੀ ਕੁੱਝ ਸਮਾਂ ਪੰਥ 'ਚੋਂ ਛੇਕਿਆ ਗਿਆ। 'ਪੰਥ ਪ੍ਰਕਾਸ਼' ਵਿਚ ਇਸ ਬਾਰੇ ਹਵਾਲਾ ਹੈ :

ਸਮੇਂ ਪਾਇ ਉਸ ਬੇਟੀ ਭਈ। ਆਪ ਮੁਈ ਕੈ ਨਾਰ ਮਾਰ ਦਈ ॥੩੮॥
ਯਹ ਚਰਚਾ ਖਾਲਸੇ ਮੈਂ ਆਈ। ਬਰਤਨ ਛੂਹਨ ਤੈ ਦਯੋ ਹਟਾਈ।
ਕਹੈ ਖਾਲਸਾ, 'ਕੰਨਯਾ ਮਹੀ। ਰੀਤਿ ਖਾਲਸੇ ਕੀ ਹੈ ਬਿਗਾਰੀ ॥੩੯॥
ਪੰਥ ਖਾਲਸਾ ਮੁਖ ਨ ਲਗਾਵੈ। 'ਕੁੜੀ ਮਾਰ' ਕਹਿ ਦੂਰ ਬਿਠਾਵੈ।
ਬਖਸ਼ੈ ਨ ਖਾਲਸਾ ਬਿਨੈ ਕਰ ਰਹ੍ਯੋ। ਖਾਇ ਅੰਦੇਸੋ ਸਿੰਘ ਕੋ ਗਯੋ ॥੪੦॥
ਜਿਤੀ ਚੜ੍ਹੀ ਥੀ ਸਿੰਘ ਕੀ ਬਾਤ। ਤਿਤੀ ਉਸੈ ਭਈ ਨੀਚੀ ਜਾਤ।
ਮਨ ਅਪਨੇ ਮਹਿੰ ਚਿੰਤਾ ਕਰੇ। ਬਕੇ ਨ ਬੋਲੈ ਚੁਪ ਕਰ ਰਹੇ ॥੪੧॥

(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੩੨੪)

SikhBookClub.com

ਉਪਰੰਤ ਪੰਥ ਨੇ ਸਾਰੇ ਮਾਮਲੇ ਨੂੰ ਵਿਚਾਰ ਕੇ ਭਾਈ ਸੁੱਖਾ ਸਿੰਘ ਨੂੰ ਮੁੜ ਪੰਥ ਵਿਚ ਸ਼ਾਮਲ ਕੀਤਾ।

ਦੋਹਰਾ ॥ ਠਾਢ ਭਯੋ ਕਰ ਜੋਰ ਕਰਿ, ਸਰਬ ਪੰਥ ਕੇ ਪਾਸ।
ਲਯੋ ਖਾਲਸੋ ਮੇਲ ਗਲ, ਕਰ ਦਈ ਖੁਸ਼ੀ ਅਰਦਾਸ ॥੫੫॥

(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੩੩੦)

ਇਤਿਹਾਸ ਵਿਚ ਇਕ ਹੋਰ ਦਾਗ਼ਨੁਮਾ ਅਧਿਆਇ ਮਿਲਦਾ ਹੈ। "he Journal of the Bihar and Orissa Research Society, 1922. ਦੇ ਪੰਨਾ 340 ਵਿਚ ਪਿਛਲੀ ਸਦੀ ਵਿਚ ਪਟਨਾ ਸਾਹਿਬ ਬਾਰੇ ਜ਼ਿਕਰ ਹੈ ਕਿ ਇੱਥੇ ਜਿਹੜੇ ਮਹੰਤ ਸਨ ਉਹਨਾਂ ਦੇ 1400 ਦੇ ਕਰੀਬ ਪੁੱਤਰ ਸਨ ਪਰ ਧੀ ਕੋਈ ਵੀ ਨਹੀਂ ਸੀ। ਲਿਖਾਰੀ ਮੁਤਾਬਕ ਇਹ ਸ਼ਾਇਦ 'ਕੰਨਿਆ ਮਾਰਨ' ਦੀ ਪ੍ਰਥਾ ਦਾ ਸ਼ਿਕਾਰ ਹੋਈਆਂ।

Among the 1,400 Shahzadahs, also called Bedis none it is alleged has produced a daughter. They marry with three other ranks called Sori, Boli and Tihun, whose descent my informat does not know. The daughters, I suspect, are privately murdered.

(The Journal of the Bihar and Orissa Research Society. March, 1922)

ਸਮੇਂ ਦੀ ਤਬਦੀਲੀ ਅਤੇ ਨਵੀਆਂ ਡਾਕਟਰੀ ਈਜਾਦਾਂ ਨਾਲ ਹੁਣ ਤਾਂ ਧੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਖ਼ਤਮ ਕਰ ਦੇਣ ਦੀ ਵਾਦੀ ਸਮਾਜ ਵਿਚ ਪਰਵਿਰਤ ਹੋ ਰਹੀ ਹੈ। ਇਸ ਲਈ ਇਸ 'ਤੇ ਪਹਿਰਾ ਦੇਣ ਦੀ ਪਹਿਲਾਂ ਨਾਲੋਂ ਵੱਧ ਲੋੜ ਹੈ।

(ਜ) ਗੁਰੂ ਕਾ ਸਿੱਖ ਧਰਮ ਦੀ ਕਿਰਤ ਕਰ ਕੇ ਨਿਰਬਾਹ ਕਰੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੦)

ਸਿੱਖ ਲਈ ਇਹ ਤਾਕੀਦ ਹੈ ਕਿ ਉਸਨੇ ਆਪਣੇ ਜੀਵਨ ਦਾ ਨਿਰਬਾਹ ਧਰਮ ਦੀ ਕਿਰਤ ਨਾਲ ਕਰਨਾ ਹੈ। ਨਾਮ ਜਪਣਾ, ਕਿਰਤ ਕਰਨੀ, ਵੰਡ ਛਕਣਾ ਗੁਰਮਤਿ ਦੇ ਮੂਲ ਸਿਧਾਂਤ ਹਨ। ਉਦਰ ਪੂਰਤੀ ਦੇ ਸਾਧਨ ਹਨ—ਮੰਗ ਕੇ, ਖੋਹ ਕੇ ਅਤੇ ਮੇਹਨਤ ਕਰ ਕੇ। ਗੁਰਮਤਿ ਵਿਚ ਪਹਿਲੇ ਦੋ ਤਾਂ ਮੁੱਢੋਂ ਹੀ ਰੱਦ ਕਰ ਦਿੱਤੇ ਹਨ। ਯਥਾ :

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥
ਸੁਤ ਦਾਰਾ ਪਹਿ ਆਨਿ ਲੁਟਾਵੈ॥੧॥
ਮਨ ਮੇਰੇ ਭੂਲੇ ਕਪਟੁ ਨ ਕੀਜੈ ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥੧॥ ਰਹਾਉ ॥

(ਅੰਗ ੬੫੬)

ਅਤੇ

SikhBookClub.com

ਸਲੋਕ ਮ: ੧

ਗਿਆਨ ਵਿਹੂਣਾ ਗਾਵੈ ਗੀਤ ॥
ਭੁਖੇ ਮੁਲਾਂ ਘਰੇ ਮਸੀਤਿ ॥
ਮਖਟੂ ਹੋਇ ਕੈ ਕੰਨ ਪੜਾਏ ॥
ਫਕਰੁ ਕਰੇ ਹੋਰੁ ਜਾਤਿ ਗਵਾਏ ॥
ਗੁਰੁ ਪੀਰੁ ਸਦਾਏ ਮੰਗਣ ਜਾਇ ॥
ਤਾ ਕੈ ਮੂਲਿ ਨ ਲਗੀਐ ਪਾਇ ॥
ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥੧॥

(ਸਾਰੰਗ-ਵਾਰ ਮ: ੪, ਅੰਗ ੧੨੪੫)

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਮਲਕ ਭਾਗੋ ਦੇ ਮਾਲ ਪੂੜੇ 'ਚੋਂ ਲਹੂ ਕੱਢ ਕੇ ਦੱਸ ਦਿੱਤਾ ਕਿ ਗਰੀਬਾਂ ਦਾ ਖ਼ੂਨ ਪੀਣ ਵਾਲਿਆਂ ਲਈ ਗੁਰੂ ਦਾ ਵਤੀਰਾ ਕੀ ਹੈ :

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥

(ਮ. ੧, ਅੰਗ ੧੪੦)

ਇਸ ਲਈ ਹੁਕਮ ਹੋਇਆ :

ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗਿ ਮਿਲੇਹੀ ।
ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣੁ ਕਾਰਿ ਕਰੇਹੀ ।

(ਵਾਰ ੧ ਪਉੜੀ ੩)

ਗੁਰਮਤਿ ਨੇ ਇਸ ਇਲਾਹੀ ਦਾਤ ਨੂੰ ਕਿਤਨੇ ਸੁੰਦਰ ਢੰਗ ਨਾਲ ਪ੍ਰਕਾਸ਼ਿਆ ਹੈ ਕਿ ਪਹਿਲਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਖ਼ੁਦ ਕਿਰਤ ਕੀਤੀ, ਫ਼ਿਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਅਤੇ ਪੰਜ ਪਿਆਰੇ ਅਤੇ ਇਸ ਦੇ ਨਾਲ ਹੀ ਜਿਤਨੇ ਵੀ ਭਗਤ ਜਨਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤੀ ਗਈ ਉਹ ਸਾਰੇ ਦੇ ਸਾਰੇ ਹੀ ਕਿਰਤੀ ਸਨ।

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨ ਲੀਣਾ ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥੧॥ ਰਹਾਉ ॥
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥੧॥
ਰਵਿਦਾਸ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥
ਸੈਨ ਨਾਈ ਬੁਤਕਾਰੀਆ ਓਹ ਘਰਿ ਘਰਿ ਸੁਨਿਆ ॥
ਹਿਰਦੇ ਵਸਿਆ ਪਾਰਬ੍ਰਹਮੁ ਭਕਤਾ ਮਹਿ ਗਨਿਆ ॥੩॥

SikhBookClub.com

ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥੪॥੨॥
(ਮ. ੫, ਅੰਗ ੪੮੮)

(ਝ) ਗੁਰੂ ਕਾ ਸਿੱਖ ਗਰੀਬ ਦੀ ਰਸਨਾ ਨੂੰ ਗੁਰੂ ਦੀ ਗੋਲਕ ਜਾਣੇ।
(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੦)

"ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥" (ਮ. ੧) ਅਮੀਰੀ ਗ਼ਰੀਬੀ ਕਿਸੇ ਦੇ ਆਪਣੇ ਵੱਸ ਨਹੀਂ ਹੈ। ਇਹ ਤਾਂ ਵਾਹਿਗੁਰੂ ਦੇ ਹੱਥ ਹੈ। ਸ਼ੇਖ ਸਾਅਦੀ ਦਾ ਕਹਿਣਾ ਹੈ ਕਿ ਜੇਕਰ ਦੌਲਤ ਦਾ ਤਅੱਲਕ ਰੱਬ ਨੇ ਸਿਆਣਪ ਨਾਲ ਰਖਿਆ ਹੁੰਦਾ ਤਾਂ ਮੂਰਖ ਸਾਰੇ ਹੀ ਭੁੱਖੇ ਮਰ ਜਾਣੇ ਸਨ। ਰੱਬ ਤਾਂ ਕਈ ਮੂਰਖਾਂ ਨੂੰ ਵੀ ਇਤਨਾ ਦਿੰਦਾ ਹੈ ਕਿ ਪੜ੍ਹੇ ਲਿਖੇ ਵੀ ਦੰਦਾਂ ਥੱਲੇ ਉਂਗਲਾਂ ਦਬਾਉਂਦੇ ਹਨ। ਹਜ਼ੂਰ ਦੇ ਬਚਨ ਹਨ :

ਜਉ ਨਿਰਧਨੁ ਸਰਧਨ ਕੈ ਜਾਇ ॥ ਆਗੇ ਬੈਠਾ ਪੀਠਿ ਫਿਰਾਇ ॥੧॥
ਜਉ ਸਰਧਨੁ ਨਿਰਧਨ ਕੈ ਜਾਇ ॥ ਦੀਆ ਆਦਰੁ ਲੀਆ ਬੁਲਾਇ ॥੨॥
ਨਿਰਧਨੁ ਸਰਧਨੁ ਦੋਨਉ ਭਾਈ ॥ ਪ੍ਰਭ ਕੀ ਕਲਾ ਨ ਮੇਟੀ ਜਾਈ ॥੩॥
(ਅੰਗ ੧੧੫੯)

ਇਸ ਲਈ ਹੁਕਮ ਹੈ ਕਿ ਗਰੀਬ ਦੀ ਰਸਨਾ ਨੂੰ ਗੁਰੂ ਕੀ ਗੋਲਕ ਜਾਣ ਕੇ ਆਪਣਾ ਫਰਜ਼ ਪੂਰਾ ਕਰਨਾ ਹੈ। ਭੁੱਲ ਕੇ ਵੀ ਕਿਸੇ ਗ਼ਰੀਬ ਨਾਲ ਨਫ਼ਰਤ ਜਾਂ ਨਿਰਾਦਰ ਨਹੀਂ ਕਰਨਾ ਚਾਹੀਦਾ।

ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ ॥
ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ ॥੩੯॥
(ਭ. ਕਬੀਰ ਜੀ, ਅੰਗ ੧੩੬੬)

ਮੱਕੇ ਮਦੀਨੇ ਦੀ ਗੋਸ਼ਟਿ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਕਾਰੂੰ ਦੇ ਬਾਦਸ਼ਾਹ ਨੂੰ ਨਸੀਹਤ ਨਾਮਾ ਦੇ ਰੂਪ ਵਿਚ ਦਿੱਤਾ ਹੁਕਮ ਦਰਜ ਹੈ,

ਜੋ ਕੀਚੇ ਨੇਕ ਨਾਮੀ ਜੋ ਦੇਵੇ ਖੁਦਾਇ।
ਜੋ ਦੀਸੇ ਜਿਮੀ ਪੁਰ ਸੋ ਹੋਸੀ ਫਨਾਹਿ।
ਦਾਇਮ ਨ ਦੌਲਤ ਕਸੇ ਬੇਸੁਮਾਰ।
ਨ ਰਹੇਗੇ ਕਰੋੜੀ ਨ ਰਹੇਗੇ ਹਜਾਰਿ।
ਦਮੜਾ ਤਿਸੀ ਕਾ ਜੋ ਖਰਚੇ ਅਰ ਖਵਾਇ।
ਦੇਵੇ ਦਿਲਾਵੇ ਬਰਾਏ ਖੁਦਾਇ।
ਹੋਤਾ ਨ ਰਾਖੇ ਇਕੇਲਾ ਨ ਖਾਇ।
ਤਹਕੀਕੀ ਦਿਲਦਾਨੀ ਵਹੀ ਭਿਸ਼ਤ ਜਾਇ।
(ਮੱਕੇ ਮਦੀਨੇ ਦੀ ਗੋਸ਼ਟਿ, ਪੰਨਾ ੧੬੮)

ਹੁਕਮਨਾਮਿਆਂ ਵਿਚ ਵੀ ਇਸ ਬਾਰੇ ਦਰਜ ਹੈ :

SikhBookClub.com

ਗਰੀਬਾਂ ਸਿਖਾਂ ਦਾ ਨਿਰਾਦਰ ਕਰੇ, ਸੋ ਅਹੰਕਾਰੀ ਤਨਖਾਹੀਆ।
ਗੁਰੂ ਕਾ ਸਿਖ ਗਰੀਬ ਦੀ ਰਸਨਾ, ਗੁਰੂ ਕੀ ਗੋਲਕ ਜਾਣੇ।
(ਰਹਿਤਨਾਮਾ ਹਜ਼ੂਰੀ ਭਾਈ ਚਉਪਾ ਸਿੰਘ ਛਿੱਬਰ, ਪੰਨਾ ੮੫)

ਵ) ਚੋਰੀ ਯਾਰੀ ਨਾ ਕਰੇ, ਜੂਆ ਨਾ ਖੇਡੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੦)

ਇਸ ਮੱਦ ਵਿਚ ਚੋਰੀ ਯਾਰੀ ਅਤੇ ਜੂਏ ਤੋਂ ਵਰਜਿਆ ਗਿਆ ਹੈ।

ਯਾਰੀ

"ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ ॥" (ਮ. ੧, ਅੰਗ 471) ਗੁਰਮਤਿ ਦੀ ਜੀਵਨ ਜਾਚ ਦਾ ਮਕਸਦ ਪੂਰਨ ਮਨੁੱਖ ਦੀ ਸਿਰਜਨਾ ਕਰ ਕੇ ਉਸ ਦਾ ਲੋਕ ਪਰਲੋਕ ਸੁਹੇਲਾ ਕਰਨਾ ਹੈ। ਇਸ ਲਈ ਜੀਵਨ ਜਲ ਨੂੰ ਗੰਧਲਾ ਕਰਨ ਵਾਲੀਆਂ ਸਾਰੀਆਂ ਇੱਲਤਾਂ ਤੋਂ ਉਸਨੂੰ ਪਾਕ ਕਰ ਕੇ ਪਵਿੱਤਰਤਾ ਵਾਲਾ ਜੀਵਨ ਬਖਸ਼ਿਆ ਹੈ। ਇਹਨਾਂ ਵਿਚ ਚੋਰੀ ਯਾਰੀ ਅਤੇ ਜੂਏ ਤੋਂ ਬਚਣ ਦੀ ਤਾਕੀਦ ਅਹਿਮ ਹੈ।

ਰਾਮ ਬਿਲਾਸ ਸ਼ਰਮਾ ਨੇ ***'ਭਾਰਤੀਯ ਸੰਸਕ੍ਰਿਤੀ ਔਰ ਹਿੰਦੀ ਪ੍ਰਦੇਸ਼'*** ਵਿਚ ਦੱਸਿਆ ਹੈ ਕਿ ਰਿਗਵੇਦ ਵਿਚ ਜਾਇਜ਼ ਨਾਜਾਇਜ਼ ਭੁਲਾ ਕੇ ਇਸਤ੍ਰੀ ਦੇ ਪ੍ਰੇਮੀ ਨੂੰ ਜਾਰ ਕਿਹਾ ਗਿਆ ਹੈ । ਭਾਈ ਗੁਰਦਾਸ ਜੀ ਬਚਨ ਕਰਦੇ ਹਨ : ***"ਚੋਰੁ ਯਾਰੁ ਜੂਆਰਿ ਹਉ ਪਰ ਘਰਿ ਜੋਹੰਦਾ।"*** ਚੋਰ ਅਤੇ ਯਾਰ (ਵਿਭਚਾਰੀ) ਹਮੇਸ਼ਾਂ ਹੀ ਪਰਾਏ ਘਰ ਤੇ ਵਿਕ੍ਰਤ ਨਜ਼ਰ ਰਖਦੇ ਹਨ। ਯਾਰੀ ਜਾਂ ਜਾਰੀ ਦਾ ਅਰਥ ਮਿਤ੍ਰਤਾ ਨਹੀਂ ਬਲਕਿ ਨਾਜਾਇਜ਼ ਤਅੱਲਕਾਤ ਹੈ। ਇਸਤ੍ਰੀ ਦਾ ਮਰਦ ਅਤੇ ਮਰਦ ਦੇ ਇਸਤ੍ਰੀ ਨਾਲ ਵਿਭਚਾਰਕ ਸੰਬੰਧ ਨੂੰ ਯਾਰ ਜਾਂ ਜਾਰ ਕਿਹਾ ਜਾਂਦਾ ਹੈ। ਚੋਰੀ ਵਿਚ ਪਰ-ਧਨ ਨੂੰ ਹਿਰਨਾ ਅਤੇ ਯਾਰੀ ਵਿਚ ਪਰ-ਤਨ ਨੂੰ । ਪਰ ਯਾਰੀ ਵੀ ਸ਼ਰੇਆਮ ਨਹੀਂ ਬਲਕਿ ਲੁੱਕ ਛਿਪ ਕੇ। ਗੁਰਬਾਣੀ ਅਤੇ ਗੁਰਮਤਿ ਸਾਹਿਤ ਵਿਚ ਵੀ ਇਸਨੂੰ ਇੱਕਠਿਆਂ ਹੀ 'ਚੋਰੀ ਯਾਰੀ' ਲਿਖਿਆ ਗਿਆ ਹੈ, ਯਥਾ :

ਚੋਰੀ ਯਾਰੀ ਨਿੰਦਕ ਠਾਨੈ। ਰੀਤਿ ਹਿੰਦੂਆਂ ਵਾਰੀ ਜੇਤੀ।
(ਪੰਥ ਪ੍ਰਕਾਸ਼, ਗਿ. ਗਿਆਨ ਸਿੰਘ)

ਗੁਰੂ ਕਾ ਸਿਖ ਚੋਰੀ, ਯਾਰੀ ਨ ਕਰੇ, ਤੇ ਜੂਆ ਨ ਖੇਡੇ।
ਸਾਖ: 'ਚੋਰ ਯਾਰ ਜੂਆਰ ਪੀੜੇ ਘਾਣੀਐ।' ੯੨।
(ਰਹਿਤਨਾਮਾ ਭਾਈ ਚਉਪਾ ਸਿੰਘ ਛਿੱਬਰ)

ਦੋਹਰਾ : ਪਰਨਾਰੀ ਜੂਆ ਅਸਤ ਚੋਰੀ ਮਦਰਾ ਜਾਨ।
ਪਾਂਚ ਐਬ ਯੇ ਜਗਤ ਮੋ, ਤਜੈ ਸੁ ਸਿੰਘ ਸੁਜਾਨ।੪੪।
(੧੪੯, ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ)

ਜੂਆ

ਗੁਰਮਤਿ ਅਤੇ ਰਹਿਤਨਾਮਿਆਂ ਵਿਚ ਜੂਆ ਨਾ ਖੇਡਣ ਬਾਰੇ ਬਾਰ-ਬਾਰ ਆਦੇਸ਼ ਹੈ। ਯਥਾ :

SikhBookClub.com

ਭਉਜਲ ਤਾਰਣਹਾਰੁ ਸਬਦਿ ਪਛਾਣੀਐ ॥
ਚੋਰ ਜਾਰ ਜੂਆਰ ਪੀੜੇ ਘਾਣੀਐ ॥

(ਮ. ੧, ਅੰਗ ੧੨੮੮)

ਸਭ ਤੇ ਜਗ ਜੂਆ ਬੁਰੋ ਕੋਊ ਨ ਖੇਲਹੁ ਰਾਇ ॥੩੧॥

(ਚਰਿਤ੍ਰ ੧੫੭)

ਜੂਪ (ਜੂਆ) ਖੇਲਤੇ ਹੋਤ ਹੈ ਸੁਖ ਸੰਪਦ ਕੋ ਨਾਸ।
ਰਾਜ ਕਾਜ ਨਲ ਤੇ ਛੁਟਯੋ ਪੰਡਵ ਕਿਯ ਬਨਬਾਸ।

(ਦਰਬਾਰੀ ਕਵੀ ਵ੍ਰਿੰਦ)

(ਟ) ਪਰ ਬੇਟੀ ਕੋ ਬੇਟੀ ਜਾਨੈ। ਪਰ ਇਸਤ੍ਰੀ ਕੋ ਮਾਤ ਬਖਾਨੈ।
ਅਪਨਿ ਇਸਤ੍ਰੀ ਸੋਂ ਰਤਿ ਹੋਇ। ਰਹਿਤਵੰਤ ਸਿੰਘ ਹੈ ਸੋਈ।
ਇਸੇ ਤਰ੍ਹਾਂ ਸਿੱਖ ਇਸਤ੍ਰੀ ਆਪਣੇ ਪਤੀਬਰਤ ਧਰਮ 'ਚ ਰਹੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੧)

ਤਬਦੀਲੀ

(ਟ) ਪਰ ਬੇਟੀ ਕੋ ਬੇਟੀ ਜਾਨੈ।
ਪਰ ਇਸਤ੍ਰੀ ਕੋ ਮਾਤ ਬਖਾਨੈ।
ਅਪਨਿ ਇਸਤ੍ਰੀ ਸੋਂ ਰਤਿ ਹੋਇ।
ਰਹਿਤਵਾਨ ਗੁਰ ਕਾ ਸਿਖ ਸੋਈ।

(ਸਿੱਖ ਰਹਿਤ ਮਰਯਾਦਾ, ੧੯੩੬, ਪੰਨਾ ੧੦)

1936 ਵਿਚ ਇਸ ਬੰਦ ਵਿਚ 'ਰਹਿਤਵਾਨ ਗੁਰ ਕਾ ਸਿਖ ਸੋਈ' ਸੀ। ਇਸ ਦੀ ਥਾਵੇਂ ਹੁਣ 'ਰਹਿਤਵੰਤ ਸਿੰਘ ਹੈ ਸੋਈ।' ਕੀਤਾ ਗਿਆ ਹੈ।

ਵਿਆਖਿਆ:

"ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥" (ਗਉੜੀ ਸੁਖਮਨੀ, ਅੰਗ 274) ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ। ਗੁਰਮਤਿ ਦੀ ਰਹਿਣੀ ਦੀ ਇਸ ਮੱਦ ਵਿਚ ਗੁਰਮਤੀ ਜੀਵਨ ਜਾਚ ਦੀ ਬੁਨਿਆਦ ਅਚਰਣ ਦੀ ਉੱਚਤਾ ਨੂੰ ਦ੍ਰਿੜ ਕਰਵਾਇਆ ਗਿਆ ਹੈ। ਹਰ ਇਸਤ੍ਰੀ ਅਤੇ ਮਰਦ ਲਈ ਆਚਰਣ ਦੀ ਉੱਚਤਾ ਗੁਰਮਤਿ ਦੇ ਮੁੱਢਲੇ ਅਤੇ ਬੁਨਿਆਦੀ ਅਸੂਲਾਂ ਵਿਚ ਹੈ। ਇਸ 'ਤੇ ਕੋਈ ਵੀ ਛੋਟ ਨਹੀਂ ਦਿੱਤੀ ਗਈ। ਧਰਮ ਤੋਂ ਡਿੱਗੇ ਬੰਦੇ ਨੂੰ ਦਿਲਾਸਾ ਦੇਣ ਦੀ ਲੋੜ ਹੈ ਪਰ ਇਖ਼ਲਾਕ ਤੋਂ ਡਿੱਗੇ ਹੋਏ ਲਈ ਤਾਂ ਧਰਮ ਵਿਚ ਵੀ ਥਾਂ ਨਹੀਂ ਹੈ। ਇਸ ਮਦ ਵਿਚ ਨਸੀਹਤ ਨਾ ਕੇਵਲ ਮਰਦ ਲਈ ਹੈ ਬਲਕਿ ਇਸਤ੍ਰੀ ਲਈ ਵੀ ਹੈ। ਦੋਹਾਂ ਨੂੰ ਹੀ ਆਚਰਣ ਦੀ ਮਰਯਾਦਾ ਵਿਚ ਰਹਿਣ ਦੀ ਹਿਦਾਇਤ ਹੈ। ਇਸ 'ਤੇ ਗੁਰਬਾਣੀ, ਰਹਿਤਨਾਮਿਆਂ ਅਤੇ ਪ੍ਰਵਾਨਤ ਗੁਰਮਤਿ ਸਾਹਿਤ ਵਿਚ ਬਿਅੰਤ ਹਵਾਲੇ ਦਰਜ ਹਨ :

ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥
ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥

SikhBookClub.com

ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥
ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥੨੭॥

(ਗਉੜੀ ਵਾਰ ਮ: ੪, ਅੰਗ ੩੧੫)

ਰੇ ਨਰ ਕਾਇ ਪਰ ਗ੍ਰਿਹਿ ਜਾਇ ॥
ਕੁਚਲ ਕਠੋਰ ਕਾਮਿ ਗਰਧਭ
ਤੁਮ ਨਹੀ ਸੁਨਿਓ ਧਰਮ ਰਾਇ ॥ ਰਹਾਉ ॥

(ਮਾਰੂ ਮ: ੫, ਅੰਗ ੧੦੦੧)

ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ ਕੰਤ ਤੂ ॥
ਨਾਨਕ ਫੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰੁ ਜਿਉ ॥੩॥

(ਮ : ੫, ੧੦੯੫)

ਗੁਪਤੁ ਕਰਤਾ ਸੰਗਿ ਸੋ ਪ੍ਰਭੁ ਡਹਕਾਵਏ ਮਨੁਖਾਇ ॥
ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ ॥੧॥
ਰੇ ਨਰ ਕਾਇ ਪਰ ਗ੍ਰਿਹਿ ਜਾਇ ॥
ਕੁਚਲ ਕਠੋਰ ਕਾਮਿ ਗਰਧਭ
ਤੁਮ ਨਹੀ ਸੁਨਿਓ ਧਰਮ ਰਾਇ ॥੧॥ ਰਹਾਉ ॥
ਬਿਕਾਰ ਪਾਥਰ ਗਲਹਿ ਬਾਧੇ ਨਿੰਦ ਪੋਟ ਸਿਰਾਇ ॥
ਮਹਾ ਸਾਗਰੁ ਸਮੁਦੁ ਲੰਘਨਾ ਪਾਰਿ ਨ ਪਰਨਾ ਜਾਇ ॥੨॥

(ਅੰਗ ੧੦੦੧)

ਭਾਈ ਨੰਦ ਲਾਲ ਜੀ ਦੇ ਬਚਨ ਹਨ :

ਵੱਡੀ ਮਾਂ ਕਰਿ ਦੇਖਣੀ, ਹਾਣ ਦੀ ਭੈਣ ਕਰ ਦੇਖਣੀ। ਪਰਾਈ ਧੀ ਭੈਣ ਨੂੰ ਬੁਰੀ ਦ੍ਰਿਸ਼ਟਿ ਨਹੀਂ ਦੇਖਣਾ। ਪਰਾਈ ਵਸਤੁ ਨਹੀਂ ਚੁਰਾਣੀ। ਪਰਾਈ ਬਖੀਲੀ ਨਹੀਂ ਕਰਨੀ। ਸਭਨਾਂ ਰੋਗਾਂ ਕਾ ਦਾਰੂ ਨਾਮ ਹੈ। ਅਤੇ ਨਿੰਦਕ ਕਾ ਦਾਰੂ ਕੋਈ ਨਹੀਂ।

(ਸਾਖੀ ਰਹਿਤ ਕੀ, ਭਾਈ ਨੰਦ ਲਾਲ, ਪੰਨਾ ੬੨)

ਭਾਈ ਗੁਰਦਾਸ ਜੀ ਦਾ ਕਥਨ ਹੈ :

ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ।
ਉਸੁ ਸੂਅਰੁ ਉਸੁ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ।

(ਵਾਰ ੨੯, ਪਉੜੀ ੧੧)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੇਤਾਵਨੀ ਸਰੂਪ ਹਿੰਦੂ ਮਿਥਿਹਾਸਕ ਪੌਰਾਣਿਕ ਕਥਾਵਾਂ ਦੇ ਹਵਾਲੇ ਦੇ ਕੇ ਇਸ ਕੁਕ੍ਰਿਤ ਦੇ ਅੰਜਾਮ ਬਾਰੇ ਚਿਤਾਵਨੀ ਦਿੱਤੀ ਹੈ :

ਪਰ ਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ ॥
ਪਰ ਨਾਰੀ ਕੇ ਭਜੇ ਚੰਦ੍ਰ ਕਾਲੰਕ ਲਗਾਏ ॥

SikhBookClub.com

ਪਰ ਨਾਰੀ ਕੇ ਹੇਤ ਸੀਸ ਦਸ ਸੀਸ ਗਵਾਯੋ ॥
ਹੋ ਪਰ ਨਾਰੀ ਕੇ ਹੇਤ ਕਟਕ ਕਵਰਨ ਕੌ ਘਾਯੋ ॥੫੨॥
ਪਰ ਨਾਰੀ ਸੌ ਨੇਹੁ ਛੁਰੀ ਪੈਨੀ ਕਰਿ ਜਾਨਹੁ ॥
ਪਰ ਨਾਰੀ ਕੇ ਭਜੇ ਕਾਲ ਬਯਾਪਯੋ ਤਨ ਮਾਨਹੁ ॥
ਅਧਿਕ ਹਰੀਫੀ ਜਾਨਿ ਭੋਗ ਪਰ ਤ੍ਰਿਯ ਜੋ ਕਰਹੀ ॥
ਹੋ ਅੰਤ ਸਾਨ ਕੀ ਮ੍ਰਿਤੁ ਹਾਥ ਲੇਡੀ ਕੇ ਮਰਹੀ ॥੫੩॥

(ਚਰਿਤ੍ਰ ੨੧)

(ਠ) ਗੁਰੂ ਕਾ ਸਿੱਖ ਜਨਮ ਤੋਂ ਲੈ ਕੇ ਦੇਹਾਂਤ ਤਕ ਗੁਰ ਮਰਯਾਦਾ ਕਰੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੧)

ਹਰ ਸਿੱਖ ਦੀ ਨਿਤਾਪ੍ਰਤਿ ਦੀ ਅਰਦਾਸ ਵਿਚ ਉਨ੍ਹਾਂ ਦਾ ਧਿਆਨ ਧਰ ਕੇ ਵਾਹਿਗੁਰੂ ਦੀ ਫਤਹਿ ਗਜਾਈ ਜਾਂਦੀ ਹੈ ਜਿਹਨਾਂ ਨੇ 'ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ'। ਧੰਨ ਹਨ ਐਸੇ ਗੁਰਸਿੱਖ ਜਿਹਨਾਂ ਨੇ ਅਖ਼ੀਰਲੇ ਸੁਆਸ ਤਕ ਜੀਵਨ ਗੁਰ ਮਰਯਾਦਾ ਵਿਚ ਬਤੀਤ ਕੀਤਾ ਹੈ। ਹਿੰਦੂ ਮਤ ਵਿਚ ਜੀਵਨ ਨੂੰ ਵੱਖ ਵੱਖ ਆਸ਼ਰਮਾਂ, ਖਿੱਤਿਆਂ ਵਿਚ ਵੰਡ ਕੇ ਵੱਖਰੇ ਫ਼ਰਜ਼ ਦੱਸੇ ਗਏ ਹਨ। ਪਰ ਗੁਰਮਤਿ ਵਿਚ ਤਾਂ ਸਾਰਾ ਜੀਵਨ ਹੀ ਧਰਮ ਜਾਂ ਮਰਯਾਦਾ ਵਿਚ ਰਹਿਣ ਦਾ ਆਦੇਸ਼ ਹੈ। ਮਰਯਾਦਾ ਦਾ ਅੱਖਰੀਂ ਅਰਥ ਹੀ ਨਦੀ ਦੇ ਕਿਨਾਰੇ ਹਨ। ਨਦੀ ਤਾਂ ਹੀ ਨਦੀ ਕਹਾਂਦੀ ਹੈ ਜਦੋਂ ਉਹ ਆਪਣੇ ਕੰਢਿਆਂ ਦੇ ਅੰਦਰ ਵੱਗਦੀ ਹੈ। ਜੇ ਇਹ ਆਪਣੇ ਕਿਨਾਰੇ ਤੋੜ ਦਵੇ ਤਾਂ ਇਹ ਹੜ੍ਹ ਹੈ, ਬਰਬਾਦੀ ਹੈ, ਤਬਾਹੀ ਹੈ। ਇਕ ਬਜ਼ੁਰਗ ਕਹਿ ਰਹੇ ਸਨ ਕਿ ਰੇਲ ਗੱਡੀ ਜੇ ਤਾਂ ਲਾਈਨ 'ਤੇ ਚਲ ਰਹੀ ਹੈ ਤਾਂ ਰੇਲ ਹੈ। ਜੇ ਜ਼ਰਾ ਜਿੰਨੀ ਵੀ ਲਾਈਨ ਤੋਂ ਅੱਗੇ ਪਿੱਛੇ ਹੋਈ ਤਾਂ ਖੁੱਡੇ ਲੈਨ ਹੈ। ਮਾਸਟਰ ਤਾਰਾ ਸਿੰਘ ਕਿਹਾ ਕਰਦੇ ਸਨ ਕਿ ਕਿਸੇ ਅਸੂਲ 'ਤੇ ਕੁਰਬਾਨੀ ਦਿੱਤੀ ਜਾ ਸਕਦੀ ਹੈ ਪਰ ਉਸੇ ਅਸੂਲ 'ਤੇ ਸਾਰੀ ਜ਼ਿੰਦਗੀ ਚਲਣਾ ਬਹੁਤ ਹੀ ਔਖਾ ਹੈ। ਬਸ ਇੱਕੋ ਇਹੀ ਅਰਦਾਸ ਕਹੀ ਬਣਦੀ ਹੈ :

ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ ॥
ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ ॥੩॥

ਸੂਹੀ ਮ: ੫, ਅੰਗ ੭੬੧)

(ਡ) ਸਿੱਖ, ਸਿੱਖ ਨੂੰ ਮਿਲਣ ਸਮੇਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ' ਬੁਲਾਵੇ। ਮਰਦ ਇਸਤਰੀ ਦੋਹਾਂ ਲਈ ਇਹੋ ਹੁਕਮ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੧)

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ ॥ ਕ੍ਰਾਂਤੀਕਾਰੀ ਬੋਲਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਬਖਸ਼ਿਸ਼ ਹੈ ਜਿਸ ਵਿਚ ਗੁਰਮਤਿ ਦਾ ਮਹਾਨ ਫ਼ਲਸਫ਼ਾ ਨਿਹਿਤ ਹੈ। ਕਲਗੀਧਰ ਪਿਤਾ ਨੇ ਇਸ ਦਾ ਆਗਾਜ਼ ਅੰਮ੍ਰਿਤ ਦੀ ਦਾਤ ਦੇਣ ਸਮੇਂ ਵਾਰ ਵਾਰ ਦੁਹਰਾ ਕੇ ਕੀਤਾ। ਇਸ ਲਫ਼ਜ਼ ਵਿਚ ਵਾਹਿਗੁਰੂ ਹੈ ਅਤੇ ਖਾਲਸਾ ਵੀ ਹੈ। ਪਰ ਗੁਰੂ ਅਲੋਪ ਹੈ।

SikhBookClub.com

ਹਜ਼ਰਤ ਈਸਾ ਨੂੰ ਮੰਨਣ ਵਾਲੇ ਈਸਾਈ, ਹਜ਼ਰਤ ਮੂਸਾ ਦੇ ਪੈਰੋਕਾਰ ਮੂਸਾਈ, ਹਜ਼ਰਤ ਮੁਹੰਮਦ ਦੀ ਉੱਮਤ ਮੁਹੰਮਦਨ, ਬੁਧ ਦੇ ਉਪਾਸ਼ਕ ਬੋਧੀ, ਵਿਸ਼ਨੂੰ ਦੇ ਪੁਜਾਰੀ ਵੈਸ਼ਨਵ, ਸ਼ਿਵ ਦੇ ਆਰਾਧੀ ਸ਼ੈਵ। ਪਰ ਕਮਾਲ ਹੈ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜਾਂ ਗੁਰੂ ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਇਸ਼ਟ ਅਤੇ ਮੁਕਤੀ ਦਾਤਾ ਮੰਨਣ ਵਾਲੇ ਨਾਨਕੀਏ ਜਾਂ ਗੋਬਿੰਦੀਏ ਨਹੀਂ। ਬਲਕਿ ਗੁਰੂ ਸਾਹਿਬ ਨੇ ਇਹਨਾਂ ਨੂੰ ***'ਵਾਹਿਗੁਰੂ ਜੀ ਕਾ ਖਾਲਸਾ॥'*** ਕਹਿ ਕੇ ਸਨਮਾਨਿਆ। ਇਹ ਕਹਿ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਜੁਗਤੀ ਅਤੇ ਹੋਂਦ ਵੀ ਖ਼ਾਲਸੇ ਵਿਚ ਜਜ਼ਬ ਕਰ ਦਿੱਤੀ। ਹੁਣ ਖਾਲਸੇ ਨੂੰ ਆਦੇਸ਼ ਹੋ ਗਿਆ ਕਿ ਸਿੱਖ ਨੂੰ ਮਿਲਣ ਸਮੇਂ ***ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹ***, ਗਜਾਈ ਜਾਵੇ। ਗਿ. ਗਿਆਨ ਸਿੰਘ ਜੀ ਗਵਾਹੀ ਦਿੰਦੇ ਹਨ:

ਰਾਮ ਸਲਾਮ ਨ ਮੁਖੋਂ ਅਲਾਵਤ।
ਵਾਹਿਗੁਰੂ ਕੀ ਫਤਹ ਬੁਲਾਵਤ।
ਔਰ ਕਾਰ ਸਬ ਮਾਨਤ ਫੀਕੇ।
ਜੰਗ ਜਦਲਹੀ ਚਾਹਿਤ ਨੀਕੇ।
ਲਾਲਚ ਡਰ ਦੁਖ ਦੈ ਹਮ ਹਾਰੇ।
ਪਰ ਨਹਿ ਏਹੁ ਸਲਾਮ ਉਚਾਰੇ।

(ਪੰਥ ਪ੍ਰਕਾਸ਼)

ਵਾਹਿਗੁਰੂ ਜੀ ਕਾ ਸੁਤ ਭਯੋ ਖਾਲਸਾ ਸੁ ਨੀਕਾ ਅਤਿ,
ਵਾਹਿਗੁਰੂ ਜੀ ਕੀ ਮਿਲ ਫਤੇਹ ਸੋ ਬੁਲਾਈ ਹੈ।
ਪੀਰ ਪਾਤਿਸਾਹ ਕਰਾਮਾਤੀ ਜੇਪਰ ਪੰਥ
ਹਿਦੂ ਐ ਤੁਰਕ ਹੂੰ ਕੀ ਕਾਣ ਕੋ ਮਿਟਾਈ ਹੈ।
ਤੀਸਰਾ ਮਜ਼ਹਬ ਜਗ ਦੇਖ ਕੇ ਅਜਬ ਮਹਾਂ
ਬੈਰੀ ਕੇ ਗਜਬੁ ਪਰਿਓ ਛੀਨੇ ਠਕਰਾਈ ਹੈ।
ਧਰਮ ਸਤਾਪਬੇ ਕੋ ਪਾਪਨ ਕੇ ਖਾਪਬੇ ਕੋ
ਗੁਰੂ ਜਾਪਬੇ ਕੋ ਨਈ ਰੀਤ ਯੌਂ ਚਲੀ ਹੈ।

(ਸੂਰਜ ਪ੍ਰਕਾਸ਼, ਰੁਤ ੩ ਅੰਕ ੧੯)

ਡਾਕਟਰ ਹਰੀ ਰਾਮ ਗੁਪਤਾ ***'ਹਿਸਟਰੀ ਆੱਫ਼ ਦ ਸਿੱਖਸ'*** ਵਿਚ ਅੰਕਤ ਕਰਦੇ ਹਨ ਕਿ ਜਦ ਸ਼ਾਹ ਆਲਮ ਨੇ ਸਰਦਾਰ ਬਘੇਲ ਸਿੰਘ ਨਾਲ ਮੁਲਾਕਾਤ ਦੀ ਇੱਛਾ ਜ਼ਾਹਿਰ ਕੀਤੀ ਤਾਂ ਸਰਦਾਰ ਬਘੇਲ ਸਿੰਘ ਨੇ ਸ਼ਾਹ ਦੇ ਦੂਤ ਨੂੰ ਸਾਫ਼ ਸਾਫ਼ ਦੱਸ ਦਿੱਤਾ ਕਿ ਉਹ ਕਿਸੇ ਮੁਗ਼ਲ ਦੇ ਅੱਗੇ ਸਿਰ ਨਹੀਂ ਝੁਕਾਉਣਗੇ ਅਤੇ ਨਾ ਹੀ ਉਸ ਨੂੰ ਇਕੱਲਿਆਂ ਹੀ ਮਿਲਣਗੇ। ਉਪਰੰਤ ਸਰਦਾਰ ਬਘੇਲ ਸਿੰਘ ਪੂਰੀ ਤਰ੍ਹਾਂ ਅਸਤ੍ਰ ਸ਼ਸਤ੍ਰਾਂ ਨਾਲ ਲੈਸ ਹਾਥੀ 'ਤੇ ਸਵਾਰ ਸਨ ਅਤੇ ਉਹਨਾਂ ਦੇ ਨਾਲ ਘੋੜਸਵਾਰ ਸਿੰਘ ਸਨ। ਇਹ ਜਲੂਸ ਸਬਜ਼ੀ ਮੰਡੀ

SikhBookClub.com

ਤੋਂ ਸ਼ੁਰੂ ਹੋ ਕੇ ਲਾਲ ਕਿਲ੍ਹੇ ਵਿਚ ਦਾਖ਼ਲ ਹੋਇਆ। ਇਹ ਉਹੀ ਰਸਤਾ ਸੀ ਜਿਥੋਂ ਸਤਾਹਠ ਸਾਲ ਪਹਿਲਾਂ 1716 ਈ: ਵਿਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਸੱਤ ਸੌ ਬੰਦੀ ਸਿੱਖਾਂ ਨੂੰ ਸ਼ਹੀਦ ਕਰਨ ਲਈ ਦਿੱਲੀ ਲਿਆਂਦਾ ਗਿਆ। ***"ਇਤਿਹਾਸ ਵੀ ਸਾਡਾ ਜਾਣ ਦੀ ਹੈ ਕਦੀ ਪੋਤੇ ਦੀ ਕਦੇ ਬਾਬੇ ਦੀ"*** (ਤੇਜਾ ਸਿੰਘ ਸਾਬਰ) ਹੁਣ ਸਰਪਰ ਬਘੇਲ ਸਿੰਘ ਉਹਨਾਂ ਦੀ ਮੁਲਾਕਾਤ ਸ਼ਾਹ ਆਲਮ ਨਾਲ ਲਾਲ ਕਿਲ੍ਹੇ ਦੇ ਦੀਵਾਨ-ਏ-ਆਮ ਵਿਚ ਹੋਈ। ਸ਼ਾਹ ਨੇ ਉਹਨਾਂ ਨੂੰ ਬੈਠਣ ਲਈ ਸੱਦਾ ਦਿੱਤਾ। ਸਰਦਾਰ ਬਘੇਲ ਸਿੰਘ ਅਤੇ ਬਾਕੀ ਚਾਰ ਘੋੜਿਆਂ ਤੋਂ ਥੱਲੇ ਉਤਰੇ । ਬਾਕੀ ਸਾਰੇ ਸਿੰਘ ਘੋੜਿਆਂ 'ਤੇ ਹੀ ਸਵਾਰ ਰਹੇ। ਇੱਥੇ ਉਹਨਾਂ ਨੇ ਬਾਦਸ਼ਾਹ ਅੱਗੇ ਝੁਕ ਕੇ ਸਲਾਮ ਨਹੀਂ ਕੀਤੀ ਬਲਕਿ ਗੱਜ ਕੇ ਜੈਕਾਰਾ ਗਜਾਇਆ।

> ***ਧਾਰਮਿਕ ਸਲਾਹਕਾਰ ਕਮੇਟੀ ਕੋਲ ਇਹ ਮੁੱਦਾ ਪੇਸ਼ ਹੋਇਆ ਕਿ ਜੋ ਲੋਕ ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹਿ। ਦੀ ਬਜਾਇ ਸਤਿ ਸ੍ਰੀ ਅਕਾਲ ਦਾ ਜੈਕਾਰਾ ਬੁਲਾਂਦੇ ਹਨ, ਉਹਨਾਂ ਨੂੰ ਰੋਕਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਸ 'ਤੇ ਧਾਰਮਿਕ ਸਲਾਹਕਾਰ ਕਮੇਟੀ ਨੇ 16 ਅਪ੍ਰੈਲ, 1945 ਨੂੰ ਆਪਣੀ 14ਵੀਂ ਇਕਤ੍ਰਤਾ ਵਿਚ ਮਤਾ ਨੰਬਰ 27 ਰਾਹੀਂ ਪ੍ਰਵਾਨ ਕੀਤਾ ਕਿ ਖਾਲਸੇ ਨੂੰ ਇਕ ਦੂਜੇ ਨੂੰ ਮਿਲਣ ਵਕਤ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਹੀ ਬੁਲਾਉਣੀ ਚਾਹੀਦੀ ਹੈ।***
>
> (ਮਤਾ ਨ: ੨੭. ੧੪ਵੀਂ ਇਕਤ੍ਰਤਾ ਧਾਰਮਿਕ ਸਲਾਹਕਾਰ ਕਮੇਟੀ)

ਵਾਹਿਗੁਰੂ ਜੀ ਕੀ ਫ਼ਤਹਿ ਬੁਲਾਣ ਬਾਰੇ ਪਟਨਾ ਸਾਹਿਬ ਦੇ ਮੈਨੇਜਰ ਰਹਿ ਚੁਕੇ ਗਿਆਨੀ ਗੁਰਬਚਨ ਸਿੰਘ ਜੀ ਕਿਹਾ ਕਰਦੇ ਸਨ ਕਿ ਕਿਸੇ ਨੂੰ ਫਤਹਿ ਬੁਲਾਣ ਸਮੇਂ ਤੁਹਾਡੇ ਹੱਥ ਸੀਨੇ ਤੋਂ ਥੱਲੇ ਨਹੀਂ ਆਣੇ ਚਾਹੀਦੇ।

(ਢ) ਸਿੱਖ ਇਸਤਰੀਆਂ ਲਈ ਪਰਦਾ ਜਾਂ ਘੁੰਡ ਕਰਨਾ ਉਚਿਤ ਨਹੀਂ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੧)

ਪਰਦਾ ਜਾਂ ਘੁੰਡ ਬਾਰੇ ਸਿੱਖ ਰਹਿਤ ਮਰਯਾਦਾ ਵਿਚ ਦੋ ਥਾਵਾਂ 'ਤੇ ਜ਼ਿਕਰ ਕੀਤਾ ਗਿਆ ਹੈ। ਪਹਿਲੀ ਵਾਰ ਸ਼ਖ਼ਸੀ ਰਹਿਣੀ ਦੀ ਮੱਦ ਗੁਰਦੁਆਰੇ ਦੀ ਮੱਦ 1(4)(1)(ਦ) ਹੇਠ ਅੰਕਤ ਹੈ - ***ਸੰਗਤ ਵਿਚ ਸਿੱਖ ਇਸਤਰੀਆਂ ਲਈ ਪਰਦਾ ਕਰਨਾ ਜਾਂ ਘੁੰਡ ਕੱਢਣਾ ਗੁਰਮਤਿ ਵਿਰੁੱਧ ਹੈ।*** ਇਸ ਨੂੰ ਹੋਰ ਦ੍ਰਿੜ੍ਹ ਕਰਾਉਂਦਿਆਂ ਇਕ ਵਾਰ ਫ਼ਿਰ ਮਰਯਾਦਾ ਦੀ ਸ਼ਖ਼ਸੀ ਰਹਿਣੀ ਦੇ ਗੁਰਮਤਿ ਦੀ ਰਹਿਣੀ ਦੇ ਅੰਗ 2(ਢ) ਵਿਚ ਕਿਹਾ ਗਿਆ ਹੈ, ***ਸਿੱਖ ਇਸਤਰੀਆਂ ਲਈ ਪਰਦਾ ਜਾਂ ਘੁੰਡ ਕਰਨਾ ਉਚਿਤ ਨਹੀਂ।***

ਸਮਾਜ ਵਿਚ ਔਰਤ ਲਈ ਇਕ ਪਾਸੇ ਪੂਰੀ ਤਰ੍ਹਾਂ ਅਤੇ ਸਖ਼ਤੀ ਨਾਲ ਪਰਦੇ ਜਾਂ ਘੁੰਡ ਦੀ ਪ੍ਰਥਾ ਲਾਗੂ ਸੀ ਅਤੇ ਉੱਥੇ ਦੂਜੇ ਪਾਸੇ ਬੇ-ਪਰਦ ਹੁੰਦਿਆਂ ਹੋਇਆਂ ਹਵਾ ਵਰਗੇ ਪਾਰਦਰਸ਼ੀ ਕਪੜੇ ਪਾ ਕੇ ਸਮਾਜ ਵਿਚ ਵਿਆਪਕ ਨੰਗੇਜ਼ ਪੁਣਾ ਵੀ ਜਾਰੀ ਸੀ। ਕਿਤਨੀ ਹੈਰਾਨੀ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਇਸ ਬਾਰੇ ਸਦੀਆਂ ਪਹਿਲਾਂ ਚਿਤਾਵਨੀ ਦਿੱਤੀ ਸੀ,

SikhBookClub.com

ਮ : ੫ ॥ ਵਾਊ ਸੰਦੇ ਕਪੜੇ ਪਹਿਰਹਿ ਗਰਬਿ ਗਵਾਰ ॥
ਨਾਨਕ ਨਾਲਿ ਨ ਚਲਨੀ ਜਲਿ ਬਲਿ ਹੋਏ ਛਾਰ ॥੩॥

(ਗਉੜੀ ਵਾਰ ਮ: ੫, ਪੰਨਾ ੩੧੮)

ਪ੍ਰੋ. ਪੂਰਨ ਸਿੰਘ ਦੇ ਬਚਨ ਬਹੁਤ ਹੀ ਭਾਵਪੂਰਤ ਹਨ ਕਿ ***'ਇਸ ਸਰੀਰ ਵਿਚ ਵਾਹਿਗੁਰੂ ਦੀ ਜੋਤਿ ਹੈ ਇਸ ਲਈ ਇਹ ਤੁਰਦਾ ਫ਼ਿਰਦਾ ਹਰਿਮੰਦਰ ਹੈ। ਇਸ ਲਈ ਇਹ ਹਰ ਵੇਲੇ ਸੱਜਿਆ, ਕੱਜਿਆ ਅਤੇ ਗੱਜਿਆ ਰਹਿਣਾ ਚਾਹੀਦਾ ਹੈ।'***

(ਣ) ਸਿੱਖ ਲਈ ਕਛਹਿਰੇ ਤੇ ਦਸਤਾਰ ਤੋਂ ਛੁਟ ਪੁਸ਼ਾਕ ਸੰਬੰਧੀ ਬਾਕੀ ਕੋਈ ਪਾਬੰਦੀ ਨਹੀਂ। ਸਿੱਖ ਇਸਤਰੀ ਦਸਤਾਰ ਸਜਾਏ ਜਾਂ ਨਾ ਸਜਾਏ ਦੋਵੇਂ ਠੀਕ ਹਨ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੧)

ਇਸ ਦੇ ਨਾਲ ਅਗਲੀ ਮੱਦ 2(ਣ) ਵਿਚ ਸਪਸ਼ਟ ਕਰ ਦਿੱਤਾ ਗਿਆ ਕਿ ਸਿੱਖ ਲਈ ਕਛਹਿਰੇ ਤੇ ਦਸਤਾਰ ਤੋਂ ਇਲਾਵਾ ਪੁਸ਼ਾਕ ਸੰਬੰਧੀ ਬਾਕੀ ਕੋਈ ਪਾਬੰਦੀ ਨਹੀਂ ਹੈ। ਇਸ ਦਾ ਅਰਥ ਹੈ ਕਿ ਸਿੱਖ ਲਈ ਦਸਤਾਰ ਅਤੇ ਕਛਹਿਰੇ ਦੀ ਪਾਬੰਦੀ ਹੈ।

ਕਛਹਿਰਾ

ਪੰਜ ਕਕਾਰ ਅਤੇ ਚਾਰ ਕੁਰਹਿਤਾਂ ਸਿੱਖ ਪੰਥ ਦੇ ਬੁਨਿਆਦੀ ਸਿਧਾਂਤ ਹਨ। ਇਹਨਾਂ ਵਿਚ ਨਾ ਤਾਂ ਤਬਦੀਲੀ ਹੋ ਸਕਦੀ ਹੈ ਅਤੇ ਨਾ ਹੀ ਘਾਟਾ ਵਾਧਾ। ਪੰਜਾਂ ਕਕਾਰਾਂ ਵਿਚ ਸ਼ਾਮਲ ਕਛਹਿਰਾ ਕੇਵਲ ਨੰਗੇਜ਼ ਢੱਕਣ ਦਾ ਇਕ ਵਸਤ੍ਰ ਮਾਤਰ ਨਹੀਂ ਹੈ ਬਲਕਿ ਇਸਦੇ ਪਿੱਛੇ ਗੰਭੀਰ ਸਿਧਾਂਤ ਹੈ। ਅੰਮ੍ਰਿਤ ਸੰਸਕਾਰ ਦੀ ਮੱਦ (ਟ) ਵਿਚ ਵੀ ਅੰਕਤ ਹੈ... ***ਪੰਜਾ ਕੱਕਿਆਂ-ਕੇਸ, ਕ੍ਰਿਪਾਨ, ਕਛਹਿਰਾ, ਕੰਘਾ, ਕੜਾ ਨੂੰ ਹਰ ਵੇਲੇ ਅੰਗ-ਸੰਗ ਰੱਖਣਾ।*** ...ਕਛਿਹਰੇ ਅਤੇ ਬਾਕੀ ਕਕਾਰਾਂ ਬਾਰੇ ਵਿਸਥਾਰ ਸਹਿਤ ਉਸ ਅਧਿਆਇ ਵਿਚ ਵਿਚਾਰ ਕੀਤੀ ਗਈ ਹੈ।

ਕਛਹਿਰੇ ਪ੍ਰਤੀ ਰਹਿਤਨਾਮਿਆਂ ਵਿਚ ਸਪਸ਼ਟ ਆਦੇਸ਼ ਹੈ :

ਕਛ ਬਿਹੀਨ ਚਿਰਕਾਲ ਨ ਰਹੈ।
ਇਕ ਤਜਿ ਦੂਤੀ ਤੁਰਤ ਹੀ ਗਹੈ ॥੧੭॥

((ਮੁਕਤਨਾਮਾ) ਗੁ.ਪ੍ਰ.ਸੂ.ਗ੍ਰੰ., ਰਿਤੁ ੩, ਅੰਸੂ ੫੦)

ਦਸਤਾਰ

ਕਛਹਿਰੇ ਤੋਂ ਇਲਾਵਾ ਸਿੱਖ ਪੁਰਸ਼ ਲਈ ਦਸਤਾਰ ਧਾਰਨ ਕਰਨ ਦੀ ਪਾਬੰਦੀ ਹੈ। ਇਸ ਦੇ ਨਾਲ ਹੀ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਸਿੱਖ ਇਸਤਰੀ ਦੀ ਆਪਣੀ ਇੱਛਾ ਹੈ ਕਿ ਉਹ ਦਸਤਾਰ ਸਜਾਏ ਜਾਂ ਨਾ ਸਜਾਏ। ਇਹ ਦੋਵੇਂ ਹੀ ਠੀਕ ਹਨ। ਫਾਰਸੀ ਸ੍ਰੋਤਾਂ ਵਿਚ ਕਿਸੇ ਬੰਦੇ ਦੇ ਕਿਰਦਾਰ ਦੀ ਪਛਾਣ ਦਸਤਾਰ, ਗੁਫਤਾਰ ਅਤੇ ਰਫਤਾਰ ਤੋਂ ਮੰਨੀ ਜਾਂਦੀ ਹੈ।

ਇਹ ਦਸਤਾਰ ਕੇਵਲ ਕਪੜੇ ਦਾ ਟੁਕੜਾ ਮਾਤਰ ਨਹੀਂ ਹੈ, ਇਹ ਗੁਰੂ ਦੀ ਆਪਣੀ ਬਖਸ਼ਿਸ਼ ਅਤੇ ਰਹਿਮਤ ਹੈ। ਇਸ ਨੂੰ ਕਾਇਮ ਰੱਖਣ ਲਈ ਕੌਮ ਨੇ ਬਹੁਤ ਜੱਦੋ ਜਹਿਦ ਕੀਤੀ ਹੈ।

SikhBookClub.com

ਪਹਿਰ ਕਛਹਿਰੇ ਸਿਰ ਬੰਧਯੋ ਪਾਗ।
ਗੁਰ ਗ੍ਰੰਥ ਬਚਨ ਪਰ ਰਹਯੋਂ ਲਾਗ ॥੧੪॥
ਦੋਇ ਵੇਲੇ ਉਠ ਬੰਧਯੋਂ ਦਸਤਾਰੇ।
ਪਹਰ ਆਠ ਰਖੱਯੋ ਸ਼ਸਤ੍ਰ ਸੰਭਾਰੇ।..
ਕੇਸਨ ਕੀ ਕੀਜੈ ਪ੍ਰਤਿਪਾਲ।
ਨਹਿ ਉਸਤ੍ਰਨ ਸੈ ਕਟਯੋ ਬਾਲ ॥੧੮॥

(ਪੰਥ ਪ੍ਰਕਾਸ਼, ਰਤਨ ਸਿੰਘ ਭੰਗੂ)

੧. ਜਨਮ ਤੇ ਨਾਮ-ਸੰਸਕਾਰ

ਸਿੱਖ ਰਹਿਤ ਮਰਯਾਦਾ ਵਿਚ ਸ਼ਖਸੀ ਰਹਿਣੀ ਵਿਚ ਤਿੰਨ ਸੰਸਕਾਰ ਨਿਸਚਿਤ ਕੀਤੇ ਗਏ ਹਨ-ਜਨਮ ਤੇ ਨਾਮ ਸੰਸਕਾਰ, ਅਨੰਦ ਸੰਸਕਾਰ ਅਤੇ ਮਿਰਤਕ ਸੰਸਕਾਰ। ਚੌਥਾ ਅਤੇ ਅੰਤਮ ਸੰਸਕਾਰ ਅੰਮ੍ਰਿਤ ਸੰਸਕਾਰ ਹੈ ਜੋ ਕਿ ਨਿੱਜੀ ਨਹੀਂ ਬਲਕਿ ਪੰਥਕ ਜੀਵਨ ਜਾਚ ਦਾ ਹਿੱਸਾ ਹੈ । ਇਹ ਚਾਰੋਂ ਸੰਸਕਾਰ ਸਿੱਖ ਜੀਵਨ ਜਾਚ ਨੂੰ ਸੁਖੈਲ ਅਤੇ ਮਰਯਾਦਤ ਰੱਖਣ ਲਈ ਜ਼ਰੂਰੀ ਹਨ। ਇਸ ਤਰ੍ਹਾਂ ਇਹ ਉਚੇਚਾ ਧਿਆਨ ਰੱਖਿਆ ਗਿਆ ਹੈ ਕਿ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਨ ਵਾਲੇ ਗੁਰਸਿੱਖ ਇਹਨਾਂ ਚਾਰਾਂ ਸੰਸਕਾਰਾਂ ਨੂੰ ਬਿਨਾ ਕਰਮ ਕਾਂਡ ਅਤੇ 'ਪੁਰੋਹਿਤ-ਜਜਮਾਨ' ਦੇ ਬੰਧਨਾਂ ਦੇ ਅਮਲ ਵਿਚ ਲਿਆ ਸਕਦੇ ਹਨ।

ਜੇਕਰ ਬਿਪਰਨ ਕੀ ਰੀਤ ਜਾਂ ਬ੍ਰਾਹਮਣੀ ਗ੍ਰੰਥ ਵਾਚੇ ਜਾਣ ਤਾਂ ਇਹਨਾਂ ਅਨੁਸਾਰ ਰਿਸ਼ੀ ਵਿਆਸ ਨੇ ਸੋਲਾਂ ਸੰਸਕਾਰ ਦਿੱਤੇ ਅਤੇ ਰਿਸ਼ੀ ਮਨੂ ਨੇ ਬਾਰਾਂ, ਪਰ ਹਿੰਦੂ ਮਤ ਨੇ ਰਿਸ਼ੀ ਵਿਆਸ ਦੇ ਦਿੱਤੇ ਸੋਲਾਂ ਸੰਸਕਾਰਾਂ ਨੂੰ ਅਪਣਾ ਲਿਆ ਹੈ। ਇਹ ਹਨ :- 1. ਗਰਭਾਧਾਨ, 2. ਪੁੰਸਵਨ, 3. ਸੀਮੰਤੋਨਯਾਨ, 4. ਜਾਤਿਕ੍ਰਮ, 5. ਨਾਮਕਰਣ, 6. ਨਿਸ਼ਕ੍ਰਮਣ, 7. ਅੰਨਪ੍ਰਾਸ਼ਨ, 8. ਚੂੜਾਕਰਮ ਜਾਂ ਮੁੰਡਨ ਸੰਸਕਾਰ, 9. ਕਰਣਵੇਧ, 10. ਯਗਯੋਪਵੀਤ, 11.ਵੇਦਾਰੰਭ, 12. ਕੇਸ਼ਾਂਤ, 13. ਸਮਾਵਰਤਨ, 14. ਵਿਵਾਹ, 15. ਆਵਸਸ਼ਯਾਧਾਮ ਅਤੇ 16. ਸ਼ਰੋਤਾਧਾਮ। ਗਰਭ ਧਾਰਨ ਕਰਣ ਤੋਂ ਪ੍ਰਾਰੰਭ ਹੋ ਕੇ ਜ਼ਿੰਦਗੀ ਦੇ ਹਰ ਪੜਾਅ 'ਤੇ ਬ੍ਰਾਹਮਣ ਦੇਵਤਾ ਦੀ ਸ਼ਮੂਲੀਅਤ ਲੰਮੇ ਚੌੜੇ ਕਰਮ ਕਾਂਡ ਅਤੇ ਦਾਨ ਦਕਸ਼ਿਣਾ ਵਿਚ ਜਜਮਾਨ ਨੂੰ ਜੀਵਨ ਭਰ ਨੂੜਿਆ ਹੋਇਆ ਹੈ। ਇੱਥੇ ਇਹਨਾਂ ਦਾ ਵੇਰਵਾ ਦੇਣ ਦੀ ਲੋੜ ਨਹੀਂ।

ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ।
ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ ॥ (੩੨੭)

ਬ੍ਰਾਹਮਣ ਭਗਵਾਨ ਦੀ ਸੇਵਾ ਕਰਨੀ, ਉਸਨੂੰ ਪੈਰ ਪੈਰ 'ਤੇ ਦਾਨ ਦਕਸ਼ਿਣਾ ਦੇਣੀ ਜਜਮਾਨ ਦਾ ਫ਼ਰਜ਼ ਹੈ। ਇਸਦੇ ਵਿਪਰੀਤ ਗੁਰਮਤਿ ਨੇ ਅਪਾਰ ਬਖਸ਼ਿਸ਼ ਕੀਤੀ ਹੈ ਕਿ ਅਸਲੀ ਜਜਮਾਨ ਖ਼ਲਕਤ ਨਹੀਂ ਬਲਕਿ ਪ੍ਰਮਾਤਮਾ ਹੈ। ਇਹ ਐਸਾ ਜਜਮਾਨ ਹੈ ਜੋ ਹਰ ਇਕ ਦੀ ਸੇਵਾ ਜੁਗਾਂ ਜੁਗਾਂਤਰਾਂ ਤੋਂ ਨਿਰੰਤਰ ਕਰੀ ਜਾ ਰਿਹਾ ਹੈ।

SikhBookClub.com

ਕਰਤਾ ਤੂ ਮੇਰਾ ਜਜਮਾਨੁ ॥
ਇਕ ਦਖਿਣਾ ਹਉ ਤੈ ਪਹਿ ਮਾਗਉ
ਦੇਹਿ ਆਪਣਾ ਨਾਮੁ ॥੧॥

(ਪ੍ਰਭਾਤੀ ਮ: ੧, ੧੩੨੯)

ਇਸ ਕੜੀ ਵਿਚ ਹੁਣ ਵਿਚਾਰ ਹੈ ਸਿੱਖ ਰਹਿਤ ਮਰਯਾਦਾ ਦੇ ਅਧਿਆਇ ਜਨਮ ਤੇ ਨਾਮ ਸੰਸਕਾਰ ਦੀ।

(ੳ) 'ਸਿੱਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ?' ਜਦ ਮਾਤਾ ਉਠਣ ਬੈਠਣ ਤੇ ਇਸ਼ਨਾਨ ਕਰਨ ਦੇ ਯੋਗ ਹੋਵੇ ਤਾਂ (ਦਿਨਾਂ ਦੀ ਕੋਈ ਗਿਣਤੀ ਮੁਕੱਰਰ ਨਹੀਂ) ਟੱਬਰ ਤੇ ਸੰਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦਿ ਲੈ ਕੇ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ "ਪਰਮੇਸਰਿ ਦਿੱਤਾ ਬੰਨਾ" (ਸੋਰਠਿ ਮ. 5) "ਸਤਿਗੁਰ ਸਾਚੈ ਦੀਆ ਭੇਜਿ" (ਆਸਾ ਮ. 5) ਆਦਿ ਖੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ, ਉਪ੍ਰੰਤ, ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਹੋਵੇ ਤਾਂ ਪਾਠ ਦਾ ਭੋਗ ਪਾਇਆ ਜਾਵੇ, ਫਿਰ ਵਾਕ ਲਿਆ ਜਾਵੇ। ਵਾਕ ਦੇ ਅਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗ੍ਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਨਾਮ ਪ੍ਰਗਟ ਕਰੇ। ਲੜਕੇ ਦੇ ਨਾਉ ਪਿੱਛੇ 'ਸਿੰਘ' ਸ਼ਬਦ ਅਤੇ ਲੜਕੀ ਦੇ ਨਾਮ ਪਿੱਛੇ 'ਕੌਰ' ਸ਼ਬਦ ਲਗਾਇਆ ਜਾਵੇ। ਉਪ੍ਰੰਤ, ਅਨੰਦ ਸਾਹਿਬ (ਛੇ ਪਉੜੀਆਂ) ਮਗਰੋਂ ਬੱਚੇ ਦਾ ਨਾਮ ਸੰਸਕਾਰ ਦੀ ਖੁਸ਼ੀ ਦਾ ਯੋਗ ਸ਼ਬਦਾਂ ਵਿਚ ਅਰਦਾਸਾ ਕਰ ਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

(ਅ) ਜਨਮ ਦੇ ਸੰਬੰਧ ਵਿਚ ਖਾਣ-ਪੀਣ ਵਿਚ ਕੋਈ ਸੂਤਕ ਦਾ ਭਰਮ ਨਹੀਂ ਕਰਨਾ, ਕਿਉਂਕਿ :
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥

(ਅੰਗ ੪੭੨)

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲ ਤੋਂ ਚੋਲਾ ਬਣਾ ਕੇ ਪਾਉਣਾ ਆਦਿ ਮਨਮੱਤ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ: ੨੧, ੨੨)

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰ੍ਹਾਂ ਦਰਜ ਸੀ:-

(ੳ) ਜਦ ਵਾਹਿਗੁਰੂ ਦੀ ਕਿਰਪਾ ਨਾਲ ਸਿਖ ਦੇ ਘਰ ਬਾਲਕ ਦਾ ਜਨਮ ਹੋਵੇ, ਤਾਂ ਗੁੜ੍ਹਤੀ ਦੀ ਥਾਂ ਜਲ ਵਿਚ ਪਤਾਸੇ ਪਾ ਕੇ ਮੂਲ ਮੰਤ੍ਰ ਉਚਾਰਣ ਕਰਕੇ ਕਿਰਪਾਨ ਦੀ ਨੋਕ ਨਾਲ ਇਕ ਦੋ ਬੂੰਦਾਂ ਬਾਲਕ ਦੇ ਮੂੰਹ ਵਿਚ ਪਾ ਦਿਤੀਆਂ ਜਾਣ। ਬਾਕੀ ਦਾ ਜਲ ਮਾਤਾ ਪੀ ਲਵੇ। ਫੇਰ 'ਧੀਆ ਪੂਤ ਸਭ ਹਰਿ ਕੇ ਕੀਏ' ਗੁਰਵਾਕ ਅਨੁਸਾਰ ਵਾਹਿਗੁਰੂ ਦੇ ਧੰਨਵਾਦ ਅਤੇ ਮਾਤਾ ਦੀ ਅਰੋਗਤਾ ਲਈ ਅਰਦਾਸਾ ਕੀਤਾ ਜਾਵੇ।

(ਅ) ਜਦ ਮਾਤਾ ਉਠਣ ਬੈਠਣ ਤੇ ਇਸ਼ਨਾਨ ਕਰਨ ਦੇ ਜੋਗ ਹੋਵੇ ਤਾਂ (ਦਿਨਾਂ ਦੀ ਕੋਈ ਗਿਣਤੀ ਮੁਕੱਰਰ ਨਹੀਂ) ਟੱਬਰ ਤੇ ਸੰਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦਿ ਲੈ ਕੇ

SikhBookClub.com

ਜਾਣ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ 'ਪਰਮੇਸਰਿ ਦਿਤਾ ਬੰਨਾ' (ਸੋਰਠਿ ਮ: ੫) 'ਸਤਿਗੁਰ ਸਾਚੈ ਦੀਆ ਭੇਜਿ' (ਆਸਾ ਮ. ੫) ਆਦਿ ਖੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ, ਉਪ੍ਰੰਤ, ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਰੱਖਿਆ ਹੋਵੇ, ਤਾਂ ਪਾਠ ਦਾ ਭੋਗ ਪਾਇਆ ਜਾਵੇ। ਫਿਰ ਵਾਕ ਲਿਆ ਜਾਵੇ। ਵਾਕ ਦੇ ਅਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗ੍ਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਨਾਮ ਪਰਗਟ ਕਰੇ। ਲੜਕੇ ਦੇ ਨਾਉਂ ਪਿਛੇ 'ਸਿੰਘ' ਸ਼ਬਦ ਅਤੇ ਲੜਕੀ ਦੇ ਨਾਮ ਪਿਛੇ 'ਕੌਰ' ਸ਼ਬਦ ਲਗਾਇਆ ਜਾਵੇ। ਉਪਰੰਤ, ਅਨੰਦ ਸਾਹਿਬ (ਛੇ ਪੌੜੀਆਂ) ਮਗਰੋਂ ਬੱਚੇ ਦੇ ਨਾਮ ਸੰਸਕਾਰ ਦੀ ਖੁਸ਼ੀ ਦਾ ਯੋਗ ਸ਼ਬਦਾਂ ਵਿਚ ਅਰਦਾਸਾ ਕਰ ਕੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੈ।

(ਏ) ਜਨਮ ਦੇ ਸੰਬੰਧ ਵਿਚ ਖਾਣ ਪੀਣ ਵਿਚ ਕੋਈ ਸੂਤਕ ਦਾ ਭਰਮ ਨਹੀਂ ਕਰਨਾ, ਕਿਉਂਕਿ "ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥ ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲ ਤੋਂ ਚੋਲਾ ਬਣਾ ਕੇ ਪਾਉਣਾ ਆਦਿ ਮਨਮੱਤ ਹੈ।

(ਸਿੱਖ ਰਹਿਤ ਮਰਯਾਦਾ, ਛਾਪ ੧੯੩੬ ਪੰਨਾ ੧੦)

ਤਬਦੀਲੀ

1. ਜਨਮ ਤੇ ਨਾਮ ਸੰਸਕਾਰ ਵਾਲੇ ਇਸ ਅਧਿਆਇ ਵਿਚ 1945 ਵਿਚ ਵੱਡੀ ਤਬਦੀਲੀ ਕਰ ਕੇ ਨਵੀਂ ਤਰਤੀਬ ਦਿੱਤੀ ਗਈ ਹੈ। 1936 ਵਾਲੀ ਮੂਲ ਮਰਯਾਦਾ ਵਿਚ (ੳ) ਤੋਂ (ਸ) ਤਕ ਚਾਰ ਮੱਦਾਂ ਸਨ। ਇਸ ਵਿਚ (ੳ) ਮੱਦ ਗੁੜ੍ਹਤੀ ਬਾਰੇ ਸੀ। 1945 ਵਿਚ ਤਬਦੀਲੀ ਕਰ ਕੇ ਇਹ 'ਗੁੜ੍ਹਤੀ' ਵਾਲੀ ਮੱਦ ਹਟਾ ਕੇ ਹੁਣ (ੳ) ਤੋਂ (ੲ) ਤਕ ਤਿੰਨ ਮੱਦਾਂ ਕਰ ਦਿੱਤੀਆਂ ਗਈਆਂ ਹਨ।
2. ਪਹਿਲੀ ਮੱਦ ਵਿਚ ***'ਵਾਹਿਗੁਰੂ ਦੀ ਕਿਰਪਾ ਨਾਲ ਸਿਖ ਦੇ ਘਰ ਬਾਲਕ ਦਾ ਜਨਮ ਹੋਵੇ' ਦੀ ਥਾਵੇਂ 'ਸਿੱਖ ਦੇ ਘਰ ਬਾਲਕ ਦਾ ਜਨਮ ਹੋਣਾ'*** ਲਿਖਿਆ ਹੈ। ਇੱਥੇ ***'ਵਾਹਿਗੁਰੂ ਦੀ ਕਿਰਪਾ'*** ਲਫ਼ਜ਼ ਕੱਢ ਦਿੱਤੇ ਗਏ ਹਨ।

ਇਹ ਮਹੱਤਵ ਪੂਰਣ ਤਬਦੀਲੀ ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕੱਤਰਤਾ ਮਿਤੀ 7 ਜਨਵਰੀ, 1945 ਦੇ ਮਤਾ ਨੰਬਰ 10 ਰਾਹੀਂ ਕੀਤੀ ਗਈ, ਜੋ ਇਸ ਤਰ੍ਹਾਂ ਸੀ :-

> *"10. ਹੈਡਿੰਗ ਜਨਮ ਤੇ ਨਾਮ ਸੰਸਕਾਰ ਦਾ ਅੰਕ (ੳ) ਸਾਰਾ ਕਟ ਦਿੱਤਾ ਜਾਵੇ ਤੇ ਅੰਕ (ਅ) ਨੂੰ (ੳ), (ੲ) ਨੂੰ (ਅ) ਤੇ (ਸ) ਨੂੰ (੦) ਕਰ ਦਿੱਤਾ ਜਾਵੇ ਤੇ ਨਵੇਂ ਅੰਕ (ੳ) ਦੇ ਸ਼ੁਰੂ ਦੇ ਲਫਜ਼ਾਂ ਤੋਂ ਪਹਿਲੇ ਲਫਜ਼ ਸਿੱਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ ਵਧਾ ਦਿੱਤੇ ਜਾਣ।"*

(ੳ) 'ਸਿੱਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ' ਜਦ ਮਾਤਾ ਉਠਣ ਬੈਠਣ ਤੇ ਇਸ਼ਨਾਨ ਕਰਨ ਦੇ ਯੋਗ ਹੋਵੇ ਤਾਂ (ਦਿਨਾਂ ਦੀ ਕੋਈ ਗਿਣਤੀ ਮੁਕੱਰਰ ਨਹੀਂ) ਟੱਬਰ ਤੇ ਸੰਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦਿ ਲੈ ਕੇ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ 'ਪਰਮੇਸਰਿ

SikhBookClub.com

ਦਿਤਾ ਬੰਨਾ' (ਸੋਰਠਿ ਮ. ੫) 'ਸਤਿਗੁਰ ਸਾਚੈ ਦੀਆ ਭੇਜਿ' (ਆਸਾ ਮ. ੫) ਜਨਮ ਹੋਣਾ ਜਨਮ ਵਾਹਿਗੁਰੂ ਦੀ ਕਿਰਪਾ ਨਾਲ ਹੋਣਾ....

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੧)

ਵਿਆਖਿਆ:

ਮੱਦ (ੳ) ਵਿਚ ਤਬਦੀਲੀ ਤੋਂ ਪਹਿਲਾਂ ਪ੍ਰਮੁਖ ਨੁਕਤਾ ਸੀ, ***'ਵਾਹਿਗੁਰੂ ਦੀ ਕਿਰਪਾ ਨਾਲ ਸਿਖ ਦੇ ਘਰ ਬਾਲਕ ਦਾ ਜਨਮ ਹੋਵੇ'।*** ਇਸ ਦੀ ਥਾਵੇਂ ਕੇਵਲ ***'ਸਿੱਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ'*** ਕਰ ਦਿੱਤਾ ਗਿਆ ਹੈ। ਇਹ ਤਬਦੀਲੀ ਨਿਸਚਤ ਤੌਰ 'ਤੇ ਹੈਰਾਨਕੁਨ ਹੈ। ਵਿਚਾਰ ਯੋਗ ਹੈ ਕਿ 'ਵਾਹਿਗੁਰੂ ਦੀ ਕਿਰਪਾ ਨਾਲ ਸਿੱਖ ਦੇ ਘਰ ਬਾਲਕ ਦਾ ਜਨਮ' ਹੋਣ ਅਤੇ 'ਸਿੱਖ ਦੇ ਘਰ ਬਾਲਕ ਦਾ ਜਨਮ' ਹੋਣ ਵਿਚ ਬਹੁਤ ਅੰਤਰ ਹੈ। ਇਸ ਵਿਚੋਂ 'ਵਾਹਿਗੁਰੂ ਦੀ ਕਿਰਪਾ ਨਾਲ' ਲਫ਼ਜ਼ ਕੱਟ ਦਿੱਤੇ ਜਾਣ ਪਿੱਛੇ ਕੀ ਭਾਵਨਾ ਸੀ ਜਾਂ ਇਸ ਦੀ ਵਜ੍ਹਾ ਕੀ ਸੀ ਇਸ ਦੀ ਕੋਈ ਵਿਆਖਿਆ ਵੀ ਨਹੀਂ ਕੀਤੀ ਗਈ। ਸਿੱਖੀ ਦੇ ਅਕੀਦੇ ਮੁਤਾਬਕ ਜਨਮ ਵਾਹਿਗੁਰੂ ਦੀ ਕਿਰਪਾ ਨਾਲ ਹੀ ਹੋਇਆ ਹੈ, ਕਲਗੀਧਰ ਪਿਤਾ ਹੁਕਮ ਕਰਦੇ ਹਨ ਕਿ ਪ੍ਰਾਨ ਕੇ ***ਬਚਯਾ ਦੂਧ ਪੂਤ ਕੇ ਦਿਵਯਾ, ਰੋਗ ਸੋਗ ਕੇ ਮਿਟਯਾ*** ਕਰਤਾ ਪੁਰਖ ਹੈ। ਭਾਈ ਗੁਰਦਾਸ ਜੀ ਦੇ ਬਚਨ ਹਨ,

ਭੂਤਨ ਪੈ ਪੂਤ ਮਾਂਗੈ ਹੋਤ ਨ ਸਪੂਤੀ ਕੋਊ,
ਜੀਅ ਕੈ ਪਰਤ ਸੰਸੋ ਤਿਆਗੈ ਹੂ ਨ ਤਿਆਗਈ ॥
ਬਿਨ ਗੁਰਦੇਵ ਸੇਵ ਆਨ ਸੇਵ ਦੁਖਦਾਇਕ ਹੈ,
ਲੋਕ ਪ੍ਰਲੋਕ ਸੋਕਿ ਜਾਹਿ ਅਨੁਰਾਗਈ ॥

(ਕਬਿੱਤ ੪੭੬)

ਗੁੜ੍ਹਤੀ

ਇਸ ਮੱਦ ਵਿਚ ਜੋ ਦੂਸਰੀ ਵੱਡੀ ਤਬਦੀਲੀ ਕੀਤੀ ਗਈ ਹੈ, ਉਹ ਹੈ ਗੁੜ੍ਹਤੀ ਦੀ ਥਾਵੇਂ ਜੋ ਰਸਮ ਨਿਯਤ ਸੀ ਉਹ ਹਟਾ ਦਿੱਤੀ ਗਈ ਹੈ। ਤਬਦੀਲੀ ਤੋਂ ਪਹਿਲਾਂ ਇਸ ਵਿਚ ਦੱਸਿਆ ਗਿਆ ਸੀ ਕਿ ਨਵ ਜਨਮੇ ਬੱਚੇ ਨੂੰ ਜਲ ਵਿਚ ਪਤਾਸੇ ਪਾ ਕੇ ਮੂਲ ਮੰਤਰ ਦਾ ਪਾਠ ਕਰਦਿਆਂ ਅਤੇ ***'ਧੀਆ ਪੂਤ ਸਭ ਹਰਿ ਕੇ ਕੀਏ'*** ਅਨੁਸਾਰ ਕਿਰਪਾਨ ਦੀ ਨੋਕ ਨਾਲ ਇਕ ਦੋ ਬੂੰਦਾਂ ਪਿਲਾ ਦਿੱਤੀਆਂ ਜਾਣ ਅਤੇ ਬਾਕੀ ਦਾ ਜਲ ਮਾਤਾ ਪੀ ਲਵੇ।

ਨਵੇਂ ਜਨਮੇ ਬੱਚੇ ਨੂੰ ਸੰਸਾਰ ਵਿਚ ਜੀ ਆਇਆਂ ਕਹਿਣ ਦੀ ਗੁੜ੍ਹਤੀ ਦੀ ਰਸਮ ਤਕਰੀਬਨ ਤਕਰੀਬਨ ਹਰ ਸਮਾਜ ਅਤੇ ਧਰਮ ਵਿਚ ਅਹਿਮ ਮੰਨੀ ਜਾਂਦੀ ਹੈ। ਆਪਣੇ ਇਸ਼ਟ ਦਾ ਨਾਮ ਧਿਆ ਕੇ ਨਵ ਜਨਮੇ ਬੱਚੇ ਦੇ ਮੂੰਹ ਵਿਚ ਪਾਈ ਜਾਣ ਵਾਲੀ ਪਹਿਲੀ ਗਿਜ਼ਾ ਜੋ ਕਿ ਆਮ ਤੌਰ 'ਤੇ ਸ਼ਹਿਦ, ਗੁੜ ਜਾਂ ਸੌਂਫ ਦਾ ਪਾਣੀ ਹੁੰਦਾ ਸੀ, ਇਸ ਨੂੰ ਗੁੜ੍ਹਤੀ ਜਾਂ ਗੁੜ ਘੁੱਟੀ ਕਿਹਾ ਜਾਂਦਾ ਸੀ। ਇਹ ਹਰ ਧਰਮ ਵਿਚ ਵੱਖ ਵੱਖ ਢੰਗ ਨਾਲ ਮੌਜੂਦ ਸੀ। ਹਰ ਧਰਮ ਦੇ ਲੋਕ ਆਪਣੇ ਆਪਣੇ ਢੰਗ ਨਾਲ ਨਵੇਂ ਜਨਮੇ ਬੱਚੇ ਨੂੰ ਕੁੱਝ ਮਿੱਠਾ ਚਟਾ ਕੇ ਉਸਦੇ ਕੰਨ ਵਿਚ

SikhBookClub.com

ਆਪਣੇ ਧਰਮ ਦੇ ਸ਼ਬਦ ਬੋਲਦੇ ਹਨ। ਇਹ ਕਰਮ ਕਾਂਡ ਜਾਂ ਭਰਮ ਕਰਮ ਨਹੀਂ ਬਲਕਿ ਕਰਤੇ ਦਾ ਸ਼ੁਕਰਾਨਾ ਹੈ ਜੋ ਗੁਰਮਤਿ ਦੇ ਕਿਸੇ ਸਿਧਾਂਤ ਦੇ ਵਿਰੋਧ ਵਿਚ ਵੀ ਨਹੀਂ ਹੈ। ਖਾਲਸਾ ਪੰਥ ਵਿਚ ਵੀ ਇਹ ਰੀਤੀ ਸੀਨਾ-ਬਸੀਨਾ ਪ੍ਰਚਲਤ ਸੀ ਅਤੇ ਹੁਣ ਵੀ ਚਲੀ ਆ ਰਹੀ ਹੈ। ਸਿੱਖ ਰਹਿਤ ਮਰਯਾਦਾ ਵਿਚ ਇਸ ਨੂੰ ਮੁੜ ਪਾਉਣ ਬਾਰੇ ਗੁਰੂ ਪੰਥ ਵਿਚਾਰ ਕਰ ਸਕਦਾ ਹੈ।

ਨਵਜਨਮੇ ਬੱਚੇ ਨੂੰ ਗੁਰਦੁਆਰਾ ਸਾਹਿਬ ਲਿਜਾਣਾ - ਨਾਮ ਸੰਸਕਾਰ

ਸਿੱਖ ਰਹਿਤ ਮਰਯਾਦਾ ਦੀ ਜਨਮ ਤੇ ਨਾਮ ਸੰਸਕਾਰ ਅਧਿਆਇ ਦੀ ਇਸ ਪਹਿਲੀ ਮੱਦ ਅਨੁਸਾਰ ਨਵ ਜਨਮੇ ਬਾਲਕ (ਬੱਚਾ/ਬੱਚੀ) ਨੂੰ ਗੁਰਦੁਆਰਾ ਸਾਹਿਬ ਲਿਜਾਣ ਦੀ ਗੱਲ ਕਹੀ ਗਈ ਹੈ। ਇਸ ਵਿਚ ਦਿਨਾਂ ਦੀ ਕੋਈ ਗਿਣਤੀ ਨਿਰਧਾਰਤ ਨਹੀਂ ਹੈ। ਬਲਕਿ ਜਦੋਂ ਵੀ ਮਾਤਾ ਸਿਹਤਯਾਬ ਹੋ ਜਾਵੇ ਤਾਂ ਪਰਿਵਾਰ ਅਤੇ ਸਕੇ ਸੰਬੰਧੀ ਦੇਗ ਲੈ ਕੇ ਗੁਰਦੁਆਰਾ ਸਾਹਿਬ ਜਾਣ। ਉੱਥੇ ਜਾ ਕੇ ਸ਼ੁਕਰਾਨੇ ਦੇ ਸ਼ਬਦ ਪੜ੍ਹੇ ਜਾਣ। ਨਾਲ ਹੀ ਇਹ ਵੀ ਦੱਸਿਆ ਗਿਆ ਹੈ ਕਿ ਜੇਕਰ ਪਰਿਵਾਰ ਵੱਲੋਂ ਪਾਠ ਰਖਿਆ ਗਿਆ ਹੋਵੇ ਤਾਂ ਉਸ ਦਾ ਭੋਗ ਪਾਇਆ ਜਾਵੇ।

ਉਪਰੰਤ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਲਿਆ ਜਾਵੇ। ਗ੍ਰੰਥੀ ਸਿੰਘ ਹੁਕਮਨਾਮੇ ਦੇ ਪਹਿਲੇ ਅੱਖਰ ਤੋਂ ਹੀ ਨਾਮ ਤਜਵੀਜ਼ ਕਰਨ। ਸੁਝਾਏ ਹੋਏ ਨਾਮ ਨੂੰ ਰੱਖਣ ਤੋਂ ਪਹਿਲਾਂ ਇਸ ਨਾਮ ਦੀ ਪ੍ਰਵਾਨਗੀ 'ਗੁਰੂ ਰੂਪ ਸੰਗਤ' ਜਾਣ ਕੇ ਉਸ ਪਾਸੋਂ ਲਵੇ। ਉਪਰੰਤ ਬੱਚੇ ਦੇ ਨਾਮ ਨਾਲ ਸਿੰਘ ਅਤੇ ਬੱਚੀ ਦੇ ਨਾਮ ਨਾਲ ਕੌਰ ਸ਼ਬਦ ਲਗਾਇਆ ਜਾਵੇ। ਇਸ ਨਾਮ ਨੂੰ ਪ੍ਰਵਾਨ ਕਰ ਕੇ ਅਨੰਦ ਸਾਹਿਬ ਦੀਆਂ ਛੇ ਪਉੜੀਆਂ ਦਾ ਪਾਠ ਕਰ ਕੇ ਸ਼ੁਕਰਾਨੇ ਦੀ ਅਰਦਾਸ ਕੀਤੀ ਜਾਏ ਅਤੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਈ ਜਾਏ। ਗੁਰਮਤਿ ਅਨੁਸਾਰ ਇਹੀ ਸਿੱਧਾ ਤੇ ਸੁਖੈਨ ਜਨਮ ਤੇ ਨਾਮ ਸੰਸਕਾਰ ਹੈ। ਇਸ ਤਰ੍ਹਾਂ ਇਸ ਤੋਂ ਇਲਾਵਾ ਹੋਰ ਕਿਸੇ ਸੰਸਕਾਰ ਜਾਂ ਰਸਮ ਦੀ ਲੋੜ ਨਹੀਂ ਹੈ।

ਇਸ ਢੰਗ ਨਾਲ ਰਖਿਆ ਹੋਇਆ ਨਾਮ ਗੁਰੂ ਵੱਲੋਂ ਬਖਸ਼ਿਸ਼ ਹੈ ਅਤੇ ਜੀਵਨ ਵਿਚ ਇਸ ਦਾ ਅਸਰ ਪੈਂਦਾ ਹੈ। ਇਸ ਦਾ ਸਤਿਕਾਰ ਕਰਨਾ ਚਾਹੀਦਾ ਹੈ। ਕਈ ਵਾਰ ਫੈਸ਼ਨ ਦੀ ਹੋੜ ਵਿਚ ਨਾ ਕੇਵਲ ਸਿੰਘ ਅਤੇ ਕੌਰ ਹੀ ਹਟਾ ਦਿੱਤੇ ਜਾਂਦੇ ਹਨ ਬਲਕਿ ਨਾਂ ਵੀ ਵਿਗਾੜ ਦਿੱਤੇ ਜਾਂਦੇ ਹਨ। ਧਿਆਨ ਰਖਿਆ ਜਾਏ ਕਿ ਨਾ ਤਾਂ ਇਸ ਨੂੰ ਵਿਗਾੜਿਆ ਹੀ ਜਾਏ ਤੇ ਨਾ ਹੀ ਸੁੰਗੇੜਿਆ ਜਾਏ।

ਕਈ ਵਿਦੇਸ਼ੀ ਮੁਲਕਾਂ ਵਿਚ ਰਹਿ ਰਹੇ ਸਿੱਖਾਂ ਨੂੰ ਇਸ ਮੱਦ ਬਾਰੇ ਇਕ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਥੇ ਬੱਚੇ ਦੇ ਜਨਮ ਹੁੰਦਿਆਂ ਹੀ ਹਸਪਤਾਲ ਵਿਚ ਹੀ ਬੱਚੇ ਦਾ ਨਾਮ ਦੱਸਣਾ ਪੈਂਦਾ ਹੈ। ਇਸ ਦਾ ਸੁਖੈਨ ਹੱਲ ਹੈ ਕਿ ਜਿਸ ਦਿਨ ਬੱਚੇ ਦਾ ਜਨਮ ਹੋਣਾ ਹੈ ਉਸ ਦਿਨ ਦਾ ਸਚਿਖੰਡ ਸ੍ਰੀ ਹਰਿਮੰਦਰ ਜੀ ਦਾ ਸਵੇਰ ਦਾ ਹੁਕਮਨਾਮਾ ਰੇਡਿਓ, ਟੀ.ਵੀ ਤੇ ਨਸ਼ਰ ਹੋ ਜਾਂਦਾ ਹੈ। ਉਸ ਹੁਕਮਨਾਮੇ ਦੇ ਪਹਿਲੇ ਅੱਖਰ 'ਤੇ ਨਾਮ ਰੱਖਿਆ ਜਾ ਸਕਦਾ ਹੈ ਅਤੇ ਬਾਅਦ ਵਿਚ ਗੁਰਦੁਆਰਾ ਸਾਹਿਬ ਜਾ ਕੇ ਅਰਦਾਸ ਕਰਵਾਈ ਜਾ ਸਕਦੀ ਹੈ।

SikhBookClub.com

ਨਾਮ ਸਿੰਘ ਅਤੇ ਕੌਰ ਹੀ

ਇਸ ਦੇ ਨਾਲ ਹੀ ਇਹ ਵੀ ਹੁਕਮ ਹੈ ਕਿ ਲੜਕੇ ਦੇ ਨਾਮ ਨਾਲ ਸਿੰਘ ਜ਼ਰੂਰ ਲਾਇਆ ਜਾਵੇ। ਇਹ ਗੁਰੂ ਦੀ ਬਖਸ਼ਿਸ਼, ਰਹਿਮਤ ਹੈ।

ਨਾਮ ਸਿੰਘ ਬਨ ਮਜਬ ਖਾਲਸਾ।
ਛੋਡ ਦੇਤ ਸਭ ਜਗਤ ਜਾਲਸਾ।

(ਨਵੀਨ ਪੰਥ ਪ੍ਰਕਾਸ਼)

ਸਿੱਖ ਦੇ ਨਾਮ ਨਾਲ ਸਿੰਘ ਜਾਂ ਕੌਰ ਲਗਾਉਣਾ ਕੋਈ ਕੇਵਲ ਰਸਮ ਜਾਂ ਫੈਸ਼ਨ ਨਹੀਂ ਬਲਕਿ ਇਹ ਗੁਰੂ ਦੀ ਬਖਸ਼ਿਸ਼ ਅਤੇ ਗੁਰੂ ਪ੍ਰਤੀ ਸ਼ਰਧਾ ਦੀ ਪਰਪੱਕਤਾ ਹੈ। ਕਵੀ ਗਵਾਲ ਨੇ ਬਹੁਤ ਸੁੰਦਰ ਲਿਖਿਆ ਹੈ ਕਿ ਗੁਰੂ ਸਾਹਿਬ ਤੁਹਾਡੀ ਬਾਣੀ ਪੜ੍ਹ ਕੇ ਦੋਹਾਂ ਜਹਾਨਾਂ ਵਿਚ ਸੁਰਖ਼ਰੂ ਹੋਈਦਾ ਹੈ। ਤੁਹਾਡੀ ਬਾਣੀ ਨਾਲ ਸਾਧੂ ਬਿਰਤੀ ਵਾਲੇ ਸ਼ੇਰ ਬਿਰਤੀ ਅਤੇ ਸ਼ੇਰ ਬਿਰਤੀ ਵਾਲੇ ਸਾਧੂ ਬਿਰਤੀ ਹੋ ਜਾਂਦੇ ਹਨ। ਇਤਨਾ ਹੀ ਨਹੀਂ ਹੇ ਗੁਰੂ ਗੋਬਿੰਦ ਸਿੰਘ ਸਾਹਿਬ! ਤੁਹਾਡੀ ਬਾਣੀ ਦੀ ਬਖਸ਼ਿਸ਼ ਨਾਲ ਤੁਹਾਡੇ ਸਿੱਖ ਨਾਮ ਕਰਕੇ ਤਾਂ ਸਿੰਘ ਹੋ ਗਏ, ਉਹ ਮੈਦਾਨੇ ਜੰਗ ਵਿਚ ਵੀ ਸਿੰਘ (ਸ਼ੇਰ) ਹੋ ਗਏ ਅਤੇ ਸੰਸਾਰ ਵਿਚ ਵੀ ਸਿੰਘ (ਸਿਰਮੌਰ) ਗਏ।

ਪਢਕੈ ਤਿਹਾਰੀ ਬਾਨੀ ਸ੍ਰੀ ਮਨ ਗੋਬਿੰਦ ਸਿੰਘ,
ਜੀਵਨ ਮੁਕਤ ਜਨ ਹੋਯ ਰਹੈਂ ਅਗ ਮੈ।
ਸਾਧੁਮੇਨ ਸ਼ੇਰਪਨ ਸ਼ੇਰਮੇਨ ਸਾਧੁਮਨ,
ਦੋਊ ਪਨ ਦੇਖਿਯਤ ਆਪ ਹੀ ਕੇ ਮਗ ਮੇ। .. ...
ਸਿਖ ਜੇ ਤਿਹਾਰੇ ਸਭ ਸੰਗਯਾ ਮਾਹਿ ਸਿੰਘ ਭਯੇ,
ਸਮਰ ਮੇ ਸਿੰਘ ਭਯੋ ਸਿੰਘ ਜਗ ਮੇ॥

(ਕਵੀ ਗਵਾਲ, ਗੁਰ ਮਹਿਮਾ ਰਤਨਾਵਲੀ, ਪੰਨਾ ੨੫੩)

(ਅ) ਜਨਮ ਦੇ ਸੰਬੰਧ ਵਿਚ ਖਾਣ-ਪੀਣ ਵਿਚ ਕੋਈ ਸੂਤਕ ਦਾ ਭਰਮ ਨਹੀਂ ਕਰਨਾ, ਕਿਉਂਕਿ :

ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੨)

ਇਸ ਮੱਦ ਮੁਤਾਬਕ ਜਨਮ ਹੋਣ 'ਤੇ ਸੂਤਕ ਦਾ ਕੋਈ ਭਰਮ ਨਹੀਂ ਕਰਨਾ ਕਿਉਂਕਿ ਜਨਮ ਅਤੇ ਮਰਨ ਵਾਹਿਗੁਰੂ ਦੇ ਹੁਕਮ ਵਿਚ ਹੈ। ਇਸ ਲਈ ਖਾਣ ਪੀਣ ਦਾ ਵੀ ਕੋਈ ਭਰਮ ਨਹੀਂ ਕਰਨਾ ਕਿਉਂਕਿ ਇਹ ਰਿਜ਼ਕ ਵੀ ਵਾਹਿਗੁਰੂ ਦੀ ਦਾਤ ਹੈ। ਗੁਰਮਤਿ ਨੇ ਬ੍ਰਾਹਮਣੀ ਕਰਮ ਕਾਂਡ ਅਤੇ ਭਰਮ ਵਹਿਮ ਨੂੰ ਪੂਰੀ ਤਰਾਂ ਰੱਦ ਕਰ ਦਿੱਤਾ। 'ਨਵੀਨ ਪੰਥ ਪ੍ਰਕਾਸ਼' ਵਿਚ ਸਿੱਖ ਜੀਵਨ ਜਾਚ ਨੂੰ ਦਰਸਾਇਆ ਗਿਆ ਹੈ:

ਜਨਮੇ ਖੁਸ਼ੀ ਨ ਸ਼ੋਕ ਮਰੇ ਤੈ। ਲਾਭ ਹਾਂਨਿ ਦੁਖ ਆਨ ਪਰੇਤੈ।
ਇਕ ਰਸ ਖੁਸ਼ੀ ਰਹਿਤ ਹੈ ਭਾਰੇ। ਪ੍ਰਭੁ ਕਾ ਭਾਣਾ ਮਾਨਤ ਸਾਰੇ।

(ਨਵੀਨ ਪੰਥ ਪ੍ਰਕਾਸ਼)

SikhBookClub.com

ਸੂਤਕ ਅਤੇ ਪਾਤਕ ਜਾਂ ਜਨਮ ਅਤੇ ਮਰਨ ਦੇ ਪਏ ਹੋਏ ਭਰਮ ਹਿੰਦੂ ਧਰਮ ਸ਼ਾਸਤ੍ਰ ਦੇ ਕਰਮ ਕਾਂਡ ਦੇ ਅਹਿਮ ਅੰਗ ਹਨ। ਜਨਮ ਹੋਣ 'ਤੇ ਸੂਤਕ ਹੋਣਾ ਮੰਨਿਆ ਜਾਂਦਾ ਹੈ ਅਤੇ ਹਰ ਵਸਤੂ ਅਤੇ ਵਰਤਣ ਵਾਲਾ ਵੀ ਪਲੀਤ ਹੋ ਜਾਂਦਾ ਹੈ। ਇਹ ਸੂਤਕ ਬ੍ਰਾਹਮਣ ਦੇ ਘਰ ਗਿਆਰਾਂ ਦਿਨ, ਖੱਤਰੀ ਦੇ ਤੇਰਾਂ ਦਿਨ, ਵੈਸ਼ ਦੇ ਸਤਾਰਾਂ ਦਿਨ ਅਤੇ ਸ਼ੂਦਰ ਦੇ ਘਰ ਤੀਹ ਦਿਨ ਤਕ ਰਹਿੰਦਾ ਹੈ। ਇਹਨਾਂ ਦਿਨਾਂ ਕੋਈ ਵੀ ਧਾਰਮਿਕ ਕਾਰਜ ਨਹੀਂ ਕੀਤਾ ਜਾਂਦਾ। ਸੂਤਕ ਦੀ ਸਮਾਪਤੀ 'ਤੇ ਪੰਚਗਵਯ (ਗਾਂ ਦਾ ਦੁੱਧ, ਦਹੀ, ਘਿਉ, ਗੌਂ-ਮੂਤਰ ਅਤੇ ਗੋਬਰ ਦੇ ਮਿਸ਼੍ਰਣ) ਦੇ ਸੇਵਨ ਦਾ ਸ਼ਾਸਤ੍ਰਾਂ ਅਨੁਸਾਰ ਵਿਧਾਨ ਹੈ।

"ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥" *(ਮ: ੧, (473)* ਗੁਰਮਤਿ ਨੇ ਐਸੇ ਭਰਮ ਵਹਿਮ ਅਤੇ ਕਰਮ ਕਾਂਡ ਤੋਂ ਪੂਰੀ ਤਰ੍ਹਾਂ ਨਿਜਾਤ ਬਖਸ਼ੀ ਹੈ। ਇਸ ਬਾਰੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਦੀ ਸਾਖੀ ਸਿਖਾਂ ਦੀ ਭਗਤਮਾਲਾ ਵਿਚ ਅੰਕਤ ਹੈ।

> ***ਪਉੜੀ ਅਠਬੀਸਵੀਂ ਚਲੀ ॥2॥ ਸੀਗਾਰੁ ਜੈਤਾ ਭਲਾ ਸੂਰਬੀਰ ਮਨਿ ਪਰਉਪਕਾਰਾ। ਜੈਤਾ ਨੰਦਾ ਜਾਣੀਐ ਪੁਰਖੁ ਪਿਰਾਗਾ ਸਬਦਿ ਆਧਾਰਾ। ਤਾਂ ਬ੍ਰਾਹਮਣਾਂ ਨੇ ਓਨ੍ਹਾਂ ਨੂੰ ਕਹਿਆ ਤੁਸਾਂ ਨਿਤ ਨਮਿਤ ਕਰਮ ਛਡ ਦਿਤੇ ਹੈਨਿ, ਤੁਸੀਂ ਭ੍ਰਿਸ਼ਟ ਹੋਏ ਹੋ। ਤਾਂ ਉਨ੍ਹਾਂ ਸਿਖਾਂ ਨੇ ਕਹਿਆ: ਜੋ ਅਸਾਨੂੰ ਪੰਡਤਾਂ ਨੇ ਕਹਿਆ ਹੈ ਜੋ ਜਿਸ ਘਰ ਸੂਤਕ ਕਿ ਮ੍ਰਿਤਕ ਹੁੰਦਾ ਹੈ ਤਿਸਦੇ ਕਰਮ ਲੇਖੇ ਨਹੀਂ ਪਾਉਂਦੇ ਤੇ ਜਿਸ ਦਿਨ ਦੇ ਅਸੀਂ ਸਤਿਗੁਰਾਂ ਨੋ ਮਿਲੇ ਹਾਂ ਅਗਿਆਨ ਜੇਹਾ ਪਿਤਾ ਅਸਾਡਾ ਮ੍ਰਿਤ ਹੋਇਆ ਹੈ ਤੇ ਗਿਆਨ ਸਾਰਖਾ ਪੁਤ੍ਰ ਅਸਾਡੇ ਘਰ ਜਨਮਿਆ ਹੈ। (ਸਿਖਾਂ ਦੀ ਭਗਤ ਮਾਲਾ)***

ਇਸ ਤਰ੍ਹਾਂ ਸਤਿਗੁਰੂ ਜੀ ਦੀ ਕਿਰਪਾ ਸਦਕਾ :

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥

(ਮਾਰੂ ਮ: ੫, ੧੦੦੨)

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲ ਤੋਂ ਚੋਲਾ ਬਣਾ ਕੇ ਪਾਉਣਾ ਆਦਿ ਮਨਮੱਤ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ: ੨੨)

ਵਿਆਖਿਆ:

ਸ਼ਖਸੀ ਰਹਿਣੀ ਦੇ ਅਧਿਆਇ 2 ਦੀ ਪਹਿਲੀ ਮੱਦ ਜਨਮ ਸੰਸਕਾਰ ਦੀ ਇਹ ਅਖੀਰਲੀ ਮੱਦ ਹੈ। ਇਸ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੁਮਾਲਾ ਸਾਹਿਬ ਤੋਂ ਚੋਲਾ ਬਣਾ ਕੇ ਪਾਉਣ ਨੂੰ ਮਨਮਤ ਕਿਹਾ ਗਿਆ ਹੈ। ਇਹ ਮੱਦ 1936 ਤੋਂ ਹੂਬਹੂ ਇਸੇ ਤਰ੍ਹਾਂ ਹੀ ਹੈ ਅਤੇ ਇਸ ਵਿਚ ਕੋਈ ਵੀ ਤਬਦੀਲੀ ਨਹੀਂ ਕੀਤੀ ਗਈ ਹੈ। ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਹੋਰ ਕਈ ਇਤਿਹਾਸਕ ਗੁਰਦੁਆਰਿਆਂ ਵਿਚ ਸ਼ਰਧਾ-ਭਾਵਨਾ ਤਹਿਤ ਨਵ-ਜਨਮੇ ਬੱਚੇ ਨੂੰ ਰੁਮਾਲਾ ਸਾਹਿਬ ਦਾ ਚੋਲਾ ਬਣਾ ਕੇ ਪਾਉਣ ਦੀ ਸਥਾਨਕ

SikhBookClub.com

ਰੀਤ ਪ੍ਰਚਲਤ ਹੈ। ਇੱਥੇ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਪਾਵਨ ਸ਼ਬਦ ***"ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ ॥"*** (ਮ: ੫, ਅੰਗ 520) ਪੜ੍ਹਿਆ ਜਾਂਦਾ ਸੀ। ਇਸ ਮੌਕੇ 'ਤੇ ਇਹ ਸ਼ਬਦ ਸਹੀ ਹੈ, ਨਾ ਕਿ ਜਦੋਂ ਕੋਈ ਸ਼ਰਧਾਲੂ ਗੁਰੂ ਗ੍ਰੰਥ ਸਾਹਿਬ ਨੂੰ ਰੁਮਾਲਾ ਸਾਹਿਬ ਅਰਪਣ ਕਰੇ ਤਾਂ ਇਸ ਸ਼ਬਦ ਦਾ ਪੜ੍ਹਿਆ ਜਾਣਾ। ਜੇ ਤਾਂ ਕੋਈ ਇਸ ਰੁਮਾਲੇ ਨੂੰ ਸਿਰੋਪੇ ਦੀ ਤਰ੍ਹਾਂ ਸਤਿਕਾਰ ਅਤੇ ਸਨਮਾਨ ਨਾਲ ਪ੍ਰਾਪਤ ਕਰਦਾ ਹੈ ਤਾਂ ਹੋਰ ਗੱਲ ਹੈ ਪਰ ਜਿਵੇਂ ਮਹਾਰਾਜ ਦੀ ਹਜ਼ੂਰੀ 'ਚੋਂ ਬਖਸ਼ਿਸ਼ ਕੀਤੇ ਸਿਰਪਾਉ ਦੀ ਨਿਰਾਦਰੀ ਹੁੰਦੀ ਵੇਖੀ ਗਈ ਹੈ, ਸ਼ਾਇਦ ਇਸੇ ਭਾਵਨਾ ਤਹਿਤ ਹੀ ਇਹ ਪਾਬੰਦੀ ਰੱਖੀ ਗਈ ਜਾਪਦੀ ਹੈ। ਸ਼ਰਧਾ ਅਤੇ ਮਰਯਾਦਾ ਦੇ ਇਸ ਪੱਖ ਨੂੰ ਪੰਥ ਵਿਚਾਰ ਸਕਦਾ ਹੈ।

੨. ਅਨੰਦ ਸੰਸਕਾਰ

ਪਰਿਚੈ

ਸਿੱਖ ਦੀ ਸ਼ਖਸੀਅਤ ਨੂੰ ਸੰਪੂਰਨਤਾ ਬਖਸ਼ਣ ਲਈ ਰਹਿਤ ਮਰਯਾਦਾ ਵਿਚ ਸ਼ਖਸੀ ਰਹਿਣੀ ਦੇ ਤਿੰਨ ਸੰਸਕਾਰਾਂ - ਜਨਮ ਸੰਸਕਾਰ, ਅਨੰਦ ਸੰਸਕਾਰ ਅਤੇ ਅੰਤਿਮ ਸੰਸਕਾਰ ਵਿਚ ਅਨੰਦ ਸੰਸਕਾਰ ਦੂਸਰਾ ਸੰਸਕਾਰ ਹੈ। ਪਹਿਲਾ ਅਤੇ ਅਖ਼ੀਰਲਾ ਜਨਮ ਸੰਸਕਾਰ ਅਤੇ ਮਿਰਤਕ ਸੰਸਕਾਰ ਉਸ ਦੇ ਆਪਣੇ ਵੱਸ ਨਹੀਂ। ਸਿਰਫ਼ ਇਕ ਅਨੰਦ ਸੰਸਕਾਰ ਹੈ ਜਿਸ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਅਤੇ ਅਧਿਕਾਰ ਉਸ ਕੋਲ ਹੈ। ਸਿੱਖੀ ਜੀਵਨ, ਸੁਖੀ ਜੀਵਨ ਇਹ ਤੱਤ ਹੈ ਗੁਰਮਤਿ ਦਾ। ਅਨੰਦ ਸੰਸਕਾਰ ਸਾਦਗੀ ਅਤੇ ਬਿਨਾਂ ਕਰਮਕਾਂਡ ਦੇ ਗੁਰੂ ਦੀ ਅਸੀਸ ਨਾਲ ਗ੍ਰਹਿਸਤ ਵਿਚ ਪ੍ਰਵੇਸ਼ ਦੀ ਧਾਰਮਿਕ ਰਸਮ ਹੈ। ਜੇਕਰ ਇਸ ਸੰਸਕਾਰ ਨੂੰ ਗੁਰਮਤਿ ਮਰਯਾਦਾ ਅਨੁਸਾਰ ਨਿਭਾਹਿਆ ਜਾਏ ਤਾਂ ਨਿਸਚਿਤ ਤੌਰ 'ਤੇ ਸਿੱਖੀ ਜੀਵਨ ਸੁਖੀ ਜੀਵਨ ਹੋ ਸਕਦਾ ਹੈ।

ਸਤਿਗੁਰ ਸਿਖਨ ਕਉ ਰਾਖਤ ਗ੍ਰਸਤਿ ਮੈ ਸਾਵਧਾਨ
ਆਨ ਦੇਵ ਸੇਵ ਭਾਉ ਦੁਬਿਧਾ ਨਿਵਾਰ ॥੪੮੦॥

(ਕਬਿੱਤ ਭਾਈ ਗੁਰਦਾਸ ਜੀ)

ਅਨੰਦ ਸੰਸਕਾਰ ਵਿਚ (ੳ) ਤੋਂ (ਠ) ਤਕ ਸਤਾਰਾਂ ਨੁਕਤੇ ਹਨ। ਇਹਨਾਂ ਵਿਚ 1936 ਵਿਚ ਪ੍ਰਵਾਨ ਹੋਈ ਸਿੱਖ ਰਹਿਤ ਮਰਯਾਦਾ ਦੀ ਧਾਰਾ (ਟ) ਵਿਚ ਤਬਦੀਲੀ ਕੀਤੀ ਗਈ ਹੈ। ਇਸ ਵਿਚ ***'ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।'*** ਦੀ ਥਾਵੇਂ ***'ਆਮ ਹਾਲਤਾਂ ਵਿਚ ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।'*** ਕੀਤਾ ਗਿਆ ਹੈ।

ਸੰਸਾਰ ਦੀ ਗਤੀਸ਼ੀਲਤਾ ਜਾਰੀ ਰੱਖਣ ਲਈ ਹਰ ਧਰਮ ਵਿਚ ਵਿਆਹ ਅਤੇ ਇਸ ਦੀ ਮਰਯਾਦਾ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਹੈ। ਹਿੰਦੂ ਮਤ ਵਿਚ ਇਸ ਲਈ 'ਵਿਆਹ' ਅਤੇ ਇਸਲਾਮ ਵਿਚ 'ਨਿਕਾਹ' ਦੀ ਵਿਧੀ ਹੈ। ਹਿੰਦੂ ਅਤੇ ਇਸਲਾਮ ਦੇ ਵਿਪਰੀਤ ਗੁਰਮਤਿ ਵਿਚ ਇਸ ਗਠਬੰਧਨ ਲਈ ਕੇਵਲ 'ਅਨੰਦ ਕਾਰਜ' ਹੀ ਪ੍ਰਵਾਨ ਹੈ। 'ਨਵੀਨ ਪੰਥ ਪ੍ਰਕਾਸ਼'

SikhBookClub.com

ਵਿਚ ਵੀ ਅੰਕਤ ਹੈ, *'ਬਿਆਹ ਨਿਕਾਹ ਨਾ ਏਹ ਕਰੇ ਹੈਂ। ਭੁਗਤ ਅਨੰਦ ਅਨੰਦ ਪੜੇ ਹੈਂ।'* ਜੇ ਕਿਸੇ ਨੇ ਹਿੰਦੂ ਧਰਮ ਦੇ ਨਿਯਮਾਂ ਦੀ ਪਾਲਣਾ ਕਰਨੀ ਹੈ ਤਾਂ ਧਰਮ ਸ਼ਾਸਤਾਂ ਮੁਤਾਬਕ ਜੀਵਨ ਨੂੰ ਚਾਰ ਆਸ਼ਰਮਾਂ (ਟਿਕਾਣਿਆਂ) ਵਿਚ ਵੰਡਿਆ ਗਿਆ ਹੈ- ਬ੍ਰਹਮਚਰਜ, ਗ੍ਰਹਿਸਤ, ਬਾਨਪ੍ਰਸਥ ਅਤੇ ਸੰਨਿਆਸ। ਜੀਵਨ ਦੇ ਸਫ਼ਰ ਦੇ ਵੱਖ ਵੱਖ ਹਿੱਸੇ ਇਹਨਾਂ ਵਿਚ ਬਤੀਤ ਕਰਨ ਦਾ ਵਿਧਾਨ ਹੈ। ਇਸ ਮੁਤਾਬਕ ਗ੍ਰਹਿਸਤ ਨੂੰ ਇਕ 'ਆਸ਼ਰਮ' ਦੱਸਿਆ ਗਿਆ ਹੈ। ਗ੍ਰਹਿਸਤ ਆਸ਼੍ਰਮ ਵਿਚ ਸਮਾਂ ਬਤੀਤ ਕਰਨ ਉਪਰੰਤ ਪਰਿਵਾਰ ਦਾ ਤਿਆਗ ਕਰ ਕੇ ਬਾਨਪ੍ਰਸਥ (ਜੰਗਲ) ਅਤੇ ਫ਼ਿਰ ਅਗਲੇ ਆਸ਼ਰਮ ਸੰਨਿਆਸ (ਉਪਰਾਮਤਾ) ਆਸ਼ਰਮ ਵਿਚ ਰਹਿਣਾ ਹੈ। ਗੁਰਮਤਿ ਵਿਚ ਜੀਵਨ ਦੀ ਐਸੀ ਕੋਈ ਵੰਡ ਵਿਵਸਥਾ ਨਹੀਂ ਹੈ ਅਤੇ ਨਾਲ ਹੀ ਅਨੰਦ ਕਾਰਜ ਰਾਹੀਂ ਪ੍ਰਾਪਤ ਗ੍ਰਹਿਸਤ ਅਵਸਥਾ ਇਕ ਆਸ਼ਰਮ, ਡੇਰਾ ਜਾਂ ਸਰਾਂ ਨਹੀਂ ਬਲਕਿ ਇਹ 'ਗ੍ਰਹਿਸਤ ਧਰਮ' ਹੈ। ਆਸ਼ਰਮ ਤਾਂ ਕਿਸੇ ਵਿਅਕਤੀ ਦੇ ਇਕ ਤੋਂ ਵੱਧ ਵੀ ਹੋ ਸਕਦੇ ਹਨ ਅਤੇ ਇਹ ਬਦਲੇ ਵੀ ਜਾ ਸਕਦੇ ਹਨ, ਪਰ ਧਰਮ ਨਹੀਂ।

ਜੈਸੇ ਸਰਿ ਸਰਿਤਾ ਸਕਲ ਮੈ ਸਮੁੰਦ੍ਰ ਬਡੋ
ਮੇਰ ਮੈ ਸੁਮੇਰ ਬਡੋ ਗਗਤੁ ਬਖਾਨ ਹੈ।
ਤਰਵਰ ਤਰਵਰ ਬਿਖੈ ਜੈਸੇ ਚੰਦਨ ਬਿਰਖੁ ਬਡੋ
ਧਾਤੁ ਮੈ ਕਨਕ ਅਤਿ ਉਤਮ ਕੈ ਮਾਨ ਹੈ।
ਪੰਛੀਅਨ ਮੈ ਹੰਸ ਮ੍ਰਿਗ ਰਾਜਨ ਮੈ ਸਾਰਦੂਲ
ਰਾਗਨ ਮੈ ਸਿਰੀ ਰਾਗੁ ਪਾਰਸ ਪਖਾਨ ਹੈ।
ਗਿਆਨਨ ਮੈ ਗਿਆਨੁ ਅਰੁ ਧਿਆਨਨ ਮੈ ਧਿਆਨ ਗੁਰ
ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ ॥੩੭੬॥

(ਕਬਿੱਤ ਭਾਈ ਗੁਰਦਾਸ ਜੀ)

ਗ੍ਰਹਿਸਤ ਹੀ ਇਕ ਐਸਾ ਵਿਧਾਨ ਹੈ ਜਿਸਦੀ ਓਟ ਅਤੇ ਆਸਰਾ ਸੰਨਿਆਸੀਆਂ ਅਤੇ ਤਿਆਗੀਆਂ ਨੂੰ ਵੀ ਲੈਣਾ ਪੈਂਦਾ ਹੈ।

ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੁ ਕੇ ਘਰਿ ਮੰਗਣਿ ਜਾਈ।
ਬਿਨੁ ਦਿਤੇ ਕਛੁ ਹਥਿ ਨ ਆਈ ॥੪੦॥

(ਵਾਰ ੧, ਪਉੜੀ ੪੦)

ਅਤੇ

ਜੈਸੇ ਪ੍ਰਾਤ ਸਮੈ ਖਗੇ ਜਾਤ ਉਡਿ ਬਿਰਖ ਸੈ
ਬਹੁਰਿ ਆਇ ਬੈਠਤ ਬਿਰਖ ਹੀ ਮੈ ਆਇ ਕੈ।
ਚੀਟੀ ਟੀਟਾ ਬਿਲ ਸੈ ਨਿਕਸਿ ਧਰ ਗਵਨ ਕੈ
ਬਹੁਰਿਓ ਪੈਸਤ ਜੈਸੇ ਬਿਲ ਹੀ ਮੈ ਜਾਇ ਕੈ।
ਲਰਕੈ ਲਰਿਕਾ ਰੂਠਿ ਜਾਤ ਤਾਤ ਮਾਤ ਸਨ
ਭੂਖ ਲਾਗੈ ਤਿਆਗੈ ਹਠ ਆਵੈ ਪਛੁਤਾਇ ਕੈ।

SikhBookClub.com

ਤੈਸੇ ਗ੍ਰਿਹ ਤਿਆਗਿ ਭਾਗਿ ਜਾਤ ਉਦਾਸ ਬਾਸ
ਆਸਰੋ ਤਕਤ ਪੁਨਿ ਗ੍ਰਿਹਸਤ ਕੋ ਧਾਇ ਕੈ ॥੫੪੮॥ (ਕਬਿੱਤ)

ਦੂਸਰੇ ਪਾਸੇ ਇਸਲਾਮੀ ਸ਼ਰ੍ਹਾ ਮੁਤਾਬਕ ਵਿਆਹ ਲਈ ਨਿਕਾਹ ਲੜਕੇ ਅਤੇ ਲੜਕੀ ਦੇ ਵਿਚਕਾਰ ਇਕ ਕਾਨੂੰਨੀ ਅਹਿਦ ਜਾਂ ਇਕਰਾਰ-ਨਾਮਾ (contract) ਹੈ । ਇਸ ਵਿਚ ਨਿਕਾਹ ਦੀਆਂ ਸ਼ਰਤਾਂ ਤੈਅ ਹੁੰਦੀਆਂ ਹਨ ਅਤੇ ਨਿਕਾਹ ਤੋੜਨ ਦੀ ਹਾਲਤ ਵਿਚ ਸ਼ੌਹਰ ਨੂੰ ਤੈਅ-ਸ਼ੁਦਾ ਰਕਮ (ਮੇਹਰ) ਅਦਾ ਕਰਨੀ ਹੁੰਦੀ ਹੈ।

ਗੁਰਮਤਿ ਵਿਚ ਨਾ ਤਾਂ ਇਹ ਆਸ਼ਰਮ ਹੈ ਅਤੇ ਨਾ ਹੀ ਇਕ ਇਕਰਾਰ-ਨਾਮਾ। ਇਹ ਤਾਂ ਪਤੀ ਪਤਨੀ ਦੇ ਤੌਰ 'ਤੇ ਜੀਵਨ ਬਤੀਤ ਕਰਨ ਲਈ ਸੰਗਤ ਦੀ ਹਾਜ਼ਰੀ ਵਿਚ ਗੁਰੂ ਦੀ ਅਸੀਸ ਪ੍ਰਾਪਤ ਕਰ ਕੇ "ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥3॥" (ਮ.੩, ਅੰਗ 788) ਹੋਣਾ ਹੈ।

ਗੁਰਮਤਿ ਵਿਚ ਵਿਆਹ ਲਈ ਕੇਵਲ ਅਨੰਦ ਕਾਰਜ ਦੀ ਹੀ ਮਰਯਾਦਾ ਹੈ । ਇਸਦੇ ਮੁਕਾਬਲੇ ਹਿੰਦੂ ਸ਼ਾਸਤ੍ਰਾਂ ਵਿਚ ਵਿਆਹ ਦੇ ਅੱਠ ਤਰੀਕੇ ਪ੍ਰਮਾਣਤ ਕੀਤੇ ਗਏ ਹਨ। ਇਹ ਹਨ ਬ੍ਰਹਮ, ਦੈਵ, ਆਰਯਾ, ਪ੍ਰਜਾਪਤ, ਅਸੁਰ, ਗੰਧ੍ਰਵ, ਰਾਕਸ਼ਸ ਅਤੇ ਪਿਸ਼ਾਚ।

ब्राह्मो दैवस्तथैवार्षः प्राजापत्यस्तथाऽऽसुरः।
गान्धर्वो राक्षसश्चैव पैशाचश्चाष्टमोऽधमः।।२१।।

ਬ੍ਰਾਹਮੋ ਦੈਵਸਥੈਵਾਰਸ਼: ਪ੍ਰਾਜਾਪਤਸਯਥਾਸੁਰ:।
ਗਂਧਵੋ ਰਾਕਸ਼ਸਸ਼ਚੈਵ ਪੈਸ਼ਾਚਸ਼ਚਾਸ਼ਟ ਮੋਧਮ:।।੨੧।।

(ਮਨੂ ਸਿਮ੍ਰਤੀ, ਅਧਿਆਇ ੩)

ਸੰਖੇਪ ਵਿਚ ਇਹਨਾਂ ਦਾ ਵਰਣਨ ਇਸ ਤਰ੍ਹਾਂ ਹੈ :

1. ਬ੍ਰਹਮ ਵਿਵਾਹ, ਦੋਨੋਂ ਧਿਰਾਂ ਦੀ ਸਹਿਮਤੀ ਨਾਲ ਸੁਯੋਗ ਵਰ ਵੇਖ ਕੇ ਕੀਤਾ ਵਿਵਾਹ। ਇਸ ਵਿਚ ਕੁੜੀ ਨੂੰ ਬਾਕਾਇਦਾ ਗਹਿਣੇ ਅਤੇ ਧਨ ਆਦਿ ਦੇ ਕੇ ਵਿਦਾ ਕੀਤਾ ਜਾਂਦਾ ਹੈ।
2. ਦੈਵ ਵਿਵਾਹ, ਕਿਸੇ ਧਾਰਮਿਕ ਸੇਵਾ ਦੇ ਫ਼ਲਸਰੂਪ ਕੀਤਾ ਹੋਇਆ ਕੰਨਿਆ ਦਾਨ।
3. ਆਰਯਾ ਵਿਵਾਹ (ਕੁੜੀ ਵਾਲਿਆਂ ਨੂੰ ਪੈਸੇ ਦੇ ਕੇ)।
4. ਪ੍ਰਾਜਾਪਤ (ਕੁੜੀ ਦੀ ਮਰਜ਼ੀ ਦੇ ਖਿਲਾਫ਼ ਉੱਚੀ ਕੁਲ ਵਿਚ ਕੀਤਾ ਵਿਵਾਹ।
5. ਗੰਧ੍ਰਵ ਵਿਵਾਹ (ਦੋਨੋਂ ਧਿਰਾਂ ਦੀ ਸਹਿਮਤੀ ਦੇ ਬਗੈਰ ਅਤੇ ਬਿਨਾਂ ਕਿਸੇ ਰੀਤੀ ਰਿਵਾਜ ਦੇ ਕੀਤਾ ਵਿਵਾਹ, ਦੁਸ਼ਯੰਤ ਅਤੇ ਸ਼ੰਕੁਤਲਾ ਦਾ ਵਿਵਾਹ ਇਸੇ ਰੀਤੀ ਨਾਲ ਹੋਇਆ ਅਤੇ ਜਿਹਨਾਂ ਦੇ ਪੁੱਤਰ ਭਰਤ ਦੇ ਨਾਮ 'ਤੇ ਇਸ ਦੇਸ਼ ਦਾ ਨਾਮ ਭਾਰਤ ਰੱਖਿਆ ਗਿਆ।
6. ਅਸੁਰ ਵਿਵਾਹ, ਕੰਨਿਆ ਨੂੰ ਖਰੀਦ ਕੇ ਕੀਤਾ ਵਿਵਾਹ।
7. ਰਾਕਸ਼ਸ ਵਿਵਾਹ, ਕੁੜੀ ਦੀ ਸਹਿਮਤੀ ਦੇ ਬਿਨਾਂ ਉਸਨੂੰ ਉਧਾਲ ਕੇ ਜ਼ਬਰਦਸਤੀ ਕੀਤਾ ਵਿਵਾਹ। ਅਤੇ ਅਖ਼ੀਰਲਾ
8. ਪੈਸ਼ਾਚ ਵਿਵਾਹ, ਇਸ ਵਿਚ ਕੁੜੀ ਦੀ ਮਦਹੋਸ਼ੀ ਜਾਂ ਡੂੰਘੀ ਨੀਂਦਰ, ਸਰੀਰਕ

SikhBookClub.com

ਕਮਜ਼ੋਰੀ ਆਦਿ ਦਾ ਲਾਭ ਲੈਂਦਿਆਂ ਜ਼ਬਰਦਸਤੀ ਉਸ ਨਾਲ ਸਰੀਰਕ ਸੰਬੰਧ ਜੋੜ ਲੈਣੇ।

ਇੱਥੇ ਬ੍ਰਹਮ, ਦੈਵ ਅਤੇ ਆਰਯਾ ਵਿਆਹ ਉੱਤਮ ਦੱਸੇ ਗਏ ਹਨ ਅਤੇ ਪ੍ਰਾਜਾਪਤ, ਅਸੁਰ, ਗੰਧ੍ਰਵ, ਰਾਕਸ਼ਸ ਅਤੇ ਪਿਸ਼ਾਚ ਵਿਆਹ ਨੂੰ ਅਸ਼ੁਭ ਦੱਸਿਆ ਗਿਆ ਹੈ।

ਸਿੱਖਾਂ ਲਈ ਅਨੰਦ ਮੈਰਜ ਐਕਟ ਦਾ ਆਪਣਾ ਗੌਰਵਮਈ ਇਤਿਹਾਸ ਹੈ, ਜੋ ਅਸੀਂ ਪੂਰੀ ਤਰ੍ਹਾਂ ਭੁਲਾ ਚੁਕੇ ਹਾਂ। ਪਿਛਲੀ ਸਦੀ ਦੇ ਅਰੰਭ ਵਿਚ ਅਨੰਦ ਕਾਰਜ ਰਾਹੀਂ ਹੋਏ ਵਿਆਹਾਂ ਦੀ ਵੈਧਤਾ ਨੂੰ ਹੀ ਅਦਾਲਤੀ ਮੁਕੱਦਮਿਆਂ ਵਿਚ ਉਲਝਾ ਦਿੱਤਾ ਗਿਆ ਸੀ। ਉਪਰੰਤ ਬਹੁਤ ਵੱਡੀ ਕੌਮੀ ਜਦੋ-ਜਹਿਦ ਦੇ ਬਾਅਦ ਹੀ ਅਨੰਦ ਮੈਰਜ ਐਕਟ, 1909 ਹੋਂਦ ਵਿਚ ਆਇਆ। ਪਰ ਇਹ ***ਅਨੰਦ ਮੈਰਜ ਐਕਟ, 1909*** ਮੁਕੰਮਲ ਵਿਆਹ ਕਾਨੂੰਨ ਨਹੀਂ ਸੀ ਬਲਕਿ ਇਸ ਰਾਹੀਂ ਅਨੰਦ ਕਾਰਜ ਰਾਹੀਂ ਹੋਏ ਵਿਆਹ ਨੂੰ ਕੇਵਲ ਕਾਨੂੰਨੀ ਮਾਨਤਾ ਪ੍ਰਾਪਤ ਹੋਈ। ਭਾਰਤ ਵਿਚ ਹਿੰਦੂ, ਮੁਸਲਮਾਨ, ਈਸਾਈ ਅਤੇ ਪਾਰਸੀਆਂ ਦੇ ਵਿਆਹ ਦੇ ਨਿੱਜੀ ਕਾਨੂੰਨ ਹਨ। ਸਿੱਖਾਂ ਬਾਰੇ ਵਿਆਹ ਦਾ ਕੋਈ ਵਖਰਾ ਕਾਨੂੰਨ ਨਹੀਂ ਹੈ ਅਤੇ ਹੁਣ ਤਕ ਇਹਨਾਂ ਤੇ ***ਹਿੰਦੂ ਮੈਰਜ ਐਕਟ, 1955*** ਹੀ ਲਾਗੂ ਹੁੰਦਾ ਹੈ।

2012 ਵਿਚ ਜਦੋਂ ਮੁਕੰਮਲ ਅਨੰਦ ਮੈਰਜ ਐਕਟ ਦੀ ਗੱਲ ਚਲੀ ਸੀ ਉਸ ਸਮੇਂ ਕਾਨੂੰਨ ਵਿਦ ਡਾ. ਦਲਜੀਤ ਸਿੰਘ ਜੀ, ਪ੍ਰਿੰਸੀਪਲ, ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਨੇ ਚੀਫ਼ ਖਾਲਸਾ ਦੇ ਸਹਿਯੋਗ ਨਾਲ ਐਸਾ ਖਰੜਾ ਤਿਆਰ ਕਰਵਾਇਆ। ਇਸ ਦੇ ਨਾਲ ਹੀ ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਜੀ ਗਾਂਧੀ ਨੇ ਵੀ ਇਕ ਨਿਜੀ ਬਿਲ ਪੇਸ਼ ਕੀਤਾ। ਪਰ ਸਰਕਾਰ ਨੇ 1909 ਵਾਲੇ ਕਾਨੂੰਨੀ ਵਿਚ ਤਰਮੀਮ ਤਾਂ ਕੀਤੀ ਪਰ ਇਹ ਕੇਵਲ ਅਨੰਦ ਕਾਰਜ ਰਾਹੀਂ ਹੋਏ ਵਿਆਹ ਨੂੰ ਕਾਨੂੰਨੀ ਵੈਧਤਾ ਪ੍ਰਦਾਨ ਕਰਨ ਅਤੇ ਇਸ ਨੂੰ ਪੰਜੀਕ੍ਰਤ registered ਕਰਨ ਤਕ ਹੀ ਸੀਮਤ ਰਹੀ। ਬਾਕੀ ਹਾਲੇ ਤਕ ਵਿਆਹ ਕਾਨੂੰਨ ਦੀਆਂ ਸਾਰੀਆਂ ਮੱਦਾਂ ਅਤੇ ਸ਼ਰਤਾਂ ***ਹਿੰਦੂ ਮੈਰਜ ਐਕਟ, 1955*** ਵਾਲੀਆਂ ਹੀ ਲਾਗੂ ਹਨ। ਇਸ ਵਿਚ ਵੀ ਅਨੰਦ ਵਿਆਹ ਨੂੰ ਅਨੰਦ ਮੈਰਜ ਐਕਟ, 1909 ਅਧੀਨ ਰਜਿਸਟਰਡ ਕਰਨ ਦੀ ਪੱਕੀ ਪਾਬੰਦੀ ਨਹੀਂ ਹੈ, ਬਲਕਿ ਇਹ ਵੀ ਰਾਜ ਸਰਕਾਰਾਂ 'ਤੇ ਛੱਡ ਦਿੱਤਾ ਗਿਆ ਹੈ ਕਿ ਉਹ ਇਸ ਬਾਰੇ ਨਿਯਮ ਬਣਾ ਸਕਦੇ ਹਨ।

ਕਿਤਨੀ ਤਲਖ਼ ਸਚਾਈ ਹੈ ਕਿ ਪਿਛਲੀ ਸਦੀ ਦੇ ਅਰੰਭ ਤੋਂ ਹੀ ਸਿੱਖਾਂ ਦੇ ਅਨੰਦ ਕਾਰਜ ਕਰਨ ਨੂੰ ਹੀ ਕਾਨੂੰਨੀ ਚੁਣੌਤੀਆਂ ਦਿੱਤੀਆਂ ਗਈਆਂ। ਸੌ ਸਾਲ ਤੋਂ ਵੀ ਵੱਧ ਸਮਾਂ ਹੋ ਗਿਆ ਹੈ ਮੁਕੰਮਲ ਅਤੇ ਆਜ਼ਾਦ ਅਨੰਦ ਮੈਰਜ ਐਕਟ ਦੀ ਮੰਗ ਕਰਦਿਆਂ, ਪਰ ਹਾਲੇ ਤਕ ਇਸ ਬਾਰੇ ਕੁੱਝ ਵੀ ਨਹੀਂ ਹੋ ਸਕਿਆ ਅਤੇ ਨਾ ਹੀ ਕੌਮੀ ਤੌਰ 'ਤੇ ਇਸ ਦੀ ਪ੍ਰਾਪਤੀ ਲਈ ਗੰਭੀਰਤਾ ਨਾਲ ਕੋਈ ਉਪਰਾਲਾ ਹੀ ਕੀਤਾ ਜਾ ਰਿਹਾ ਹੈ।

ਅੱਜ ਅਨੰਦ ਕਾਰਜ ਕਰਵਾਉਣ ਲੱਗਿਆਂ ਚੇਤੇ ਰੱਖਣਾ ਚਾਹੀਦਾ ਹੈ ਕਿ ਅਨੰਦ ਕਾਰਜ ਗੁਰੂ ਦੀ ਬਖਸ਼ਿਸ਼ ਅਤੇ ਰਹਿਮਤ ਹੈ। ਬੜੀ ਜਦੋ-ਜਹਿਦ ਦੇ ਬਾਅਦ ਹੀ ਅਨੰਦ ਕਾਰਜ ਰਾਹੀਂ ਹੋਏ ਵਿਆਹ ਨੂੰ ਕਾਨੂੰਨੀ ਮਾਨਤਾ ਮਿਲ ਸਕੀ ਹੈ। ਅਨੰਦ ਕਾਰਜ ਦੀ

SikhBookClub.com

ਧਾਰਮਿਕ ਪਵਿੱਤਰਤਾ, ਗੰਭੀਰਤਾ ਅਤੇ ਕਾਨੂੰਨੀ ਹੈਸੀਅਤ ਨੂੰ ਕਾਇਮ ਰੱਖਣਾ ਸਾਡਾ ਫ਼ਰਜ਼ ਹੈ। ਇਸ ਵੱਲ ਪਹਿਲਾ ਕਦਮ ਹੋਣਾ ਚਾਹੀਦਾ ਹੈ ਕਿ ਪੰਥ ਵੱਲੋਂ ਹਿੰਦੂ ਮੈਰਜ ਐਕਟ ਦੀ ਥਾਵੇਂ ਮੁਕੰਮਲ ਅਨੰਦ ਮੈਰਜ ਐਕਟ ਦਾ ਮਸੌਦਾ (ਖਰੜਾ) ਤਿਆਰ ਕਰਵਾ ਕੇ ਇਸ ਨੂੰ ਕਾਨੂੰਨੀ ਰੂਪ ਦੇਣ ਦਾ ਉਪਰਾਲਾ ਅਰੰਭ ਕੀਤਾ ਜਾਏ। ਉਤਨੀ ਦੇਰ ਤਕ ਅਨੰਦ ਮੈਰਜ ਐਕਟ ਦੀ ਮੰਗ ਨਿਰੀ ਰਸਮੀ ਚਾਰਾਜੋਈ ਹੀ ਰਹੇਗੀ। ਇੱਥੇ ਇਹ ਯਾਦ ਰੱਖਣ ਦੀ ਲੋੜ ਹੈ ਕਿ ਨਾ ਕੇਵਲ ਆਨੰਦ ਕਾਰਜ ਬਲਕਿ ਜਾਇਦਾਦ ਵਿਰਾਸਤ, ਗੋਦ ਲੈਣ, ਟੈਕਸ ਆਦਿ ਦੇ ਹਰ ਪੱਖ 'ਤੇ ਹਿੰਦੂ ਕਾਨੂੰਨ ਹੀ ਸਿੱਖਾਂ ਤੇ ਲਾਗੂ ਹੈ। ਇਹ ਸਿੱਖੀ ਦੇ ਨਿਆਰੇਪਨ 'ਤੇ ਬਹੁਤ ਵੱਡੀ ਸੱਲ ਹੈ। ਇਸਦੀ ਦਰੁਸਤਗੀ ਤਾਂਹੀ ਹੋ ਸਕੇਗੀ ਜੇਕਰ ਸਿੱਖਾਂ ਦਾ ਆਪਣਾ ਨਿਜੀ ਕਾਨੂੰਨ (personal law) ਹੋਏਗਾ। ਪਰ ਇਹ ਕਹਿਣ ਵਿਚ ਕੋਈ ਗੁਰੇਜ਼ ਨਹੀ ਕਿ ਇਸ ਵੱਲ ਕੋਈ ਕੌਮੀ ਪੇਸ਼ਕਦਮੀ ਨਜ਼ਰ ਨਹੀ ਆ ਰਹੀ।

(ੳ) ਸਿੱਖ ਸਿੱਖਣੀ ਦਾ ਵਿਆਹ, ਬਿਨਾਂ ਜਾਤ-ਪਾਤ, ਗੋਤ ਵਿਚਾਰੇ ਦੇ ਹੋਣਾ ਚਾਹੀਏ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੨)

ਸਿੱਖ ਰਹਿਤ ਮਰਯਾਦਾ ਦੀ ਅਨੰਦ ਸੰਸਕਾਰ ਦੀ ਇਸ ਮੱਦ ਰਾਹੀਂ ਅਨੰਦ ਕਾਰਜ ਲਈ ਵਿਚਾਰ ਕੇਵਲ ਗੁਰਸਿੱਖੀ ਦਾ ਹੀ ਹੋਣਾ ਨਿਸਚਿਤ ਕੀਤਾ ਗਿਆ ਹੈ ਨਾ ਕਿ ਜਾਤ-ਪਾਤ ਅਤੇ ਗੋਤ ਜਾਂ ਗੋਤ੍ਰ ਦਾ। ਹਿੰਦੂ ਵਿਦਵਾਨਾਂ ਮੁਤਾਬਕ ਸ਼ਾਸਤ੍ਰ ਅਧਾਰਤ ਜਾਤ-ਪਾਤ ਹਿੰਦੂ ਸੰਸਕ੍ਰਿਤੀ ਦਾ ਨਾ ਕੇਵਲ ਮੁੱਖ ਅੰਗ ਹੈ ਬਲਕਿ ਉਹਨਾਂ ਦਾ ਤਾਂ ਇੱਥੋਂ ਤਕ ਮੰਨਣਾ ਹੈ ਕਿ ਜਿਸ ਦਿਨ ਜ਼ਾਤ-ਪਾਤ ਸਮਾਪਤ ਹੋ ਗਈ ਉਸ ਵੇਲੇ ਹਿੰਦੂ ਧਰਮ ਹੀ ਸਮਾਪਤ ਹੋ ਜਾਏਗਾ। ਸਮਾਂ ਬਦਲਣ ਦੇ ਨਾਲ ਜਾਤਪਾਤ ਨੂੰ ਸਮਾਪਤ ਕਰਨ ਦੀ ਥਾਵੇਂ ਇਸਨੂੰ ਕਾਨੂੰਨੀ ਢੰਗ ਤਰੀਕੇ ਵਰਤ ਕੇ ਹੋਰ ਜ਼ਿਆਦਾ ਸੁਦ੍ਰਿੜ ਅਤੇ ਪੀਢਾ ਹੀ ਕੀਤਾ ਗਿਆ ਹੈ।

ਹਿੰਦੂ ਸੰਸਕਾਰਾਂ ਮੁਤਾਬਕ ਵਿਆਹ ਲਈ ਜਾਤ-ਪਾਤ ਅਤੇ ਗੋਤ ਨੂੰ ਬਹੁਤ ਹੀ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਸੀ। ਇੱਥੇ ਗੋਤ੍ਰ ਜਾਂ ਉਪ ਜਾਤੀ ਦੀ ਵਿਚਾਰ ਜ਼ਰੂਰੀ ਸੀ। ਆਪਣੀ ਜਾਤ ਬਿਰਾਦਰੀ ਤੋਂ ਬਾਹਰ ਰਿਸ਼ਤੇਨਾਤੇ ਨਹੀਂ ਸੀ ਕੀਤੇ ਜਾਂਦੇ। ਇਸ ਦੇ ਨਾਲ ਹੀ ਗੋਤ ਨੂੰ ਬਹੁਤ ਜ਼ਿਆਦਾ ਵਿਚਾਰਿਆ ਜਾਂਦਾ ਸੀ। ਹਰ ਗੋਤ ਆਪਣੀ ਹੀ ਜਾਤ-ਬਿਰਾਦਰੀ ਦੇ ਅੰਦਰ ਜੋੜ ਜੋੜਦੇ ਸਨ। ਸਿੱਖਾਂ ਵਿਚ ਵੀ ਕਈ ਆਪਣੀ ਪਿਛਲੀ ਗੋਤ ਨੂੰ ਉੱਤਮ ਜਾਣ ਢਾਈ-ਘਰੇ ਗਿਣਦੇ ਹਨ ਅਤੇ ਇਹਨਾਂ ਵਿਚ ਹੀ ਵਿਆਹ ਕਰਦੇ ਹਨ। ਗੁਰਮਤਿ ਨੇ ਇਸ ਨੂੰ ਵੀ ਪ੍ਰਵਾਨ ਨਹੀਂ ਕੀਤਾ ਅਤੇ ਰਹਿਤ ਮਰਯਾਦਾ ਦੀ ਇਸ ਮੱਦ ਵਿਚ ਇਹ ਵੀ ਅੰਕਤ ਕੀਤਾ ਗਿਆ ਹੈ ਕਿ ਅਨੰਦ ਸਮੇਂ ਜਾਤ-ਪਾਤ ਦੇ ਨਾਲ ਨਾਲ 'ਗੋਤ' ਦੀ ਵਿਚਾਰ ਵੀ ਨਹੀਂ ਹੋਣੀ ਚਾਹੀਦੀ।

ਇਸ ਮੱਦ ਮੁਤਾਬਕ ਅਨੰਦ ਕਾਰਜ ਸਿੱਖ ਅਤੇ ਸਿੱਖਣੀ ਦਾ ਹੋਣਾ ਨਿਯਮਤ ਕੀਤਾ ਗਿਆ ਹੈ। ਬਦਲਵੇਂ ਹਾਲਾਤ ਵਿਚ ਇੱਥੇ ਇਕ ਹੋਰ ਨੁਕਤੇ ਦੀ ਵਿਚਾਰ ਲਾਜ਼ਮੀ ਹੈ। ਪੱਛਮੀ ਦੇਸ਼ਾਂ ਵਿਚ ਨਰ ਮਾਦਾ ਦੇ ਭੇਦ ਨੂੰ ਦਰਕਿਨਾਰ ਕਰਕੇ ਮਰਦ ਅਤੇ ਇਸਤ੍ਰੀ ਦੇ

SikhBookClub.com

ਆਪਸ ਵਿਚ ਹੀ ਵਿਆਹ ਨੂੰ ਕਾਨੂੰਨੀ ਮਾਨਤਾ ਦਿੱਤੀ ਜਾ ਚੁੱਕੀ ਹੈ। ਗੁਰਮਤਿ ਇਹਨਾਂ ਦੇਸ਼ਾਂ ਦੇ ਕਾਨੂੰਨ ਜਾਂ ਸਮਾਜਿਕ ਵਿਵਸਥਾ ਵਿਚ ਦਖ਼ਲ ਨਹੀਂ ਦਿੰਦੀ ਪਰ ਸਿੱਖ ਲਈ ਵਿਆਹ ਦਾ ਇੱਕੋ ਇੱਕ ਪ੍ਰਵਾਨਤ ਢੰਗ ਹੈ ਅਨੰਦ ਕਾਰਜ। ਸਿੱਖ ਲਈ ਚਾਰ ਬੱਜਰ ਕੁਰਹਿਤਾਂ ਹਨ, 1. ਕੇਸਾਂ ਦੀ ਬੇਅਦਬੀ, 2. ਕੁੱਠਾ ਖਾਣਾ, 3. ਪਰ-ਇਸਤ੍ਰੀ ਜਾਂ ਪਰ-ਪੁਰਸ਼ ਦਾ ਗਮਨ (ਭੋਗਣਾ) ਅਤੇ 4. ਤਮਾਕੂ ਦਾ ਵਰਤਣਾ। ਹੁਣ ਸਾਰੇ ਸੰਸਾਰ ਵਿਚ ਬਹੁ ਗਿਣਤੀ ਜਾਂ ਦੂਜੇ ਧਰਮਾਂ ਨੂੰ ਮੰਨਣ ਵਾਲਿਆਂ ਨੂੰ ਇਹਨਾਂ ਚਾਰਾਂ ਦੀ ਕੋਈ ਪਾਬੰਦੀ ਨਹੀਂ ਹੈ ਐਪਰ ਸਿੱਖ ਇਹਨਾਂ ਵਿਚੋਂ ਕਿਸੇ ਇਕ ਦੇ ਵੀ ਕਰਨ ਕਰਕੇ ਪਤਿਤ ਹੋ ਜਾਂਦਾ ਹੈ। ਇਸ ਲਈ ਸਿੱਖ ਨਿਸਚਿਤ ਤੌਰ 'ਤੇ ਇਹਨਾਂ ਨੂੰ ਆਪਣੇ 'ਤੇ ਲਾਗੂ ਨਹੀਂ ਕਰ ਸਕਦਾ। ਇਸੇ ਤਰ੍ਹਾਂ ਸਿੱਖ ਸਮ-ਲੈਂਗਿਕ (gay and lesbinans) ਦੇ ਆਪਸੀ ਵਿਆਹ ਜਾਂ ਜਿਨਸੀ ਰਿਸ਼ਤਿਆਂ ਦੇ ਮੁਲਕੀ ਕਾਨੂੰਨ ਵਿਚ ਦਖ਼ਲ ਨਹੀਂ ਦਿੰਦੇ ਪਰ ਆਪਣੀ ਅਨੰਦ ਕਾਰਜ ਦੀ ਮਰਯਾਦਾ ਵਿਚ ਇਸ ਨੂੰ ਥਾਂ ਨਹੀਂ ਦੇ ਸਕਦੇ। ਕਿਉਂਕਿ ਅਨੰਦ ਕਾਰਜ ਰਾਹੀਂ ਹੀ *ਪੁਤ੍ਰੀ ਗੰਢੁ ਪਵੈ ਸੰਸਾਰਿ ॥* (ਮ. 1, 143) ਸੰਭਵ ਹੈ।

(ਅ) ਸਿੱਖ ਦੀ ਪੁੱਤਰੀ ਦਾ ਵਿਆਹ ਸਿੱਖ ਨਾਲ ਹੀ ਹੋਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੨)

ਅਨੰਦ ਕਾਰਜ ਦਾ ਮਕਸਦ ਗੁਰੂ ਦੀ ਬਖਸ਼ਿਸ਼ ਪ੍ਰਾਪਤ ਕਰ ਕੇ ਜੀਵਨ ਦਾ ਪੰਧ ਸਫ਼ਲਤਾ ਸਹਿਤ ਪੂਰਨ ਕਰਨਾ ਹੈ। ਕੇਵਲ ਸੰਜੋਗ ਮਾਤਰ ਹੋ ਜਾਣਾ ਹੀ 'ਅਨੰਦ' ਨਹੀਂ ਹੈ। ਜੇਕਰ ਪਤੀ ਪਤਨੀ ਦੇ ਵਿਚਾਰਾਂ ਅਤੇ ਜੀਵਨ ਦੇ ਢੰਗ ਅਤੇ ਨਿਸ਼ਾਨੇ ਹੀ ਵੱਖ ਵੱਖ ਹੋਣਗੇ ਤਾਂ ਪਰਿਵਾਰ ਅਤੇ ਸੰਤਾਨ ਵਿਚ ਸਹਿਜਤਾ ਕਿਵੇਂ ਆ ਸਕਦੀ ਹੈ।

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥੩॥

(ਮ. ੩, ਅੰਗ ੭੮੮)

ਗੁਰਮਤਿ ਅਨੁਸਾਰ ਚਾਰ ਲਾਵਾਂ ਦੇ ਭਾਵਾਰਥ ***ਪਰਵਿਰਤੀ ਕਰਮ ਦ੍ਰਿੜਾਇਆ, ਨਿਰਮਲੁ ਭਉ ਪਾਇਆ, ਉਪਜੈ ਮਨਿ ਬੈਰਾਗੁ ਜੀਉ*** (ਮ.4, ਅੰਗ 774) ਦਾ ਮਾਰਗ ਤੈਅ ਕਰਦੇ ਹੋਏ ***"ਹਰਿ ਪਾਇਆ ਪ੍ਰਭੁ ਅਵਿਨਾਸੀ ॥"*** ਹੈ। ਇਹ ਤਾਂਹੀ ਪ੍ਰਾਪਤ ਹੋ ਸਕਦਾ ਹੈ ਜਦੋਂ ਪਤੀ ਪਤਨੀ ਦੋਹਾਂ ਦਾ ਆਸ਼ਾ, ਇਸ਼ਟ, ਉਪਾਸ਼ਨਾ ਇਕ ਹੋਏ ਤਾਂ ਫ਼ਿਰ ਆਸ਼ਾ ਵੀ ਫਲੀਭੂਤ ਹੁੰਦੀ ਹੈ। ਇਸ ਬਾਰੇ ਰਹਿਤਨਾਮੇ ਦਾ ਕਥਨ ਹੈ :

ਸਿਖ ਕੋ ਸਿਖ ਪੁਤ੍ਰੀ ਦਈ ਸੁਧਾ ਸੁਧਾ ਮਿਲ ਜਾਇ।
ਦਈ ਭਾਦਨੀ ਕੋ ਸੁਤਾ ਅਹਿ ਮੁਖ ਅਮੀ ਚੁਆਇ ॥੧੫॥

(ਰਹਿਤਨਾਮਾ ਭਾਈ ਦਯਾ ਸਿੰਘ, ਪੰਨਾ ੭੨)

ਇਸ ਬਾਰੇ ਪੰਥ ਦੀ ਦ੍ਰਿੜ੍ਹਤਾ ਦਾ ਇਕ ਹਵਾਲਾ ਦਿੱਤਾ ਜਾ ਸਕਦਾ ਹੈ। 1943 ਵਿਚ ਕਿਸੇ ਬੀਬੀ ਪ੍ਰੀਤਮ ਕੌਰ ਅਤੇ ਅਨਮਤ ਦੇ ਸੇਠ ਰਾਮ ਕ੍ਰਿਸ਼ਨ ਦਾਲਮੀਆਂ ਦਾ ਵਿਆਹ ਹੋਇਆ। ਪੰਥ ਨੇ ਇਸ ਨੂੰ ਸਪਸ਼ਟ ਤੌਰ 'ਤੇ ਮਰਯਾਦਾ ਦੀ ਉਲੰਘਣਾ ਕਰਾਰ

SikhBookClub.com

ਦਿੱਤਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿਚ ਇਸ ਬਾਰੇ ਮਤਾ ਵੀ ਪਾਸ ਹੋਇਆ।

ਗਿਆਨੀ ਕਰਤਾਰ ਸਿੰਘ ਦੀ ਤਜਵੀਜ਼ ਅਤੇ ਸ: ਸੁੱਚਾ ਸਿੰਘ ਦੀ ਤਾਈਦ ਨਾਲ ਹੇਠ ਲਿਖਿਆ ਮਤਾ ਸਰਬਸੰਮਤੀ ਨਾਲ ਪਾਸ ਹੋਇਆ:

> ***ਇਹ ਸਮਾਗਮ (ਸੇਠ) ਦਾਲਮੀਆਂ ਤੇ (ਬੀਬੀ) ਪ੍ਰੀਤਮ ਕੌਰ (ਫੀਰੋਜ਼ਪੁਰ) ਦੀ ਸ਼ਾਦੀ ਤੇ ਫਿਰ ਸ: ਗੁਰਬਖਸ਼ ਸਿੰਘ ਵੱਲੋਂ (ਸੇਠ) ਦਾਲਮੀਆਂ ਨੂੰ ਲੜਕੀਆਂ ਦੇ ਆਸ਼ਰਮ ਦੇ ਇਨਾਮੀ ਜਲਸੇ ਦਾ ਪ੍ਰਧਾਨ ਬਣਾਉਣਾ ਪੰਥ ਦੀ ਅਸਹਿ ਧਾਰਮਿਕ ਹੱਤਕ ਸਮਝਦਾ ਹੈ। ਇਸ ਲਈ ਇਸ ਸਮਾਗਮ ਦੀ ਰਾਇ ਵਿਚ ਉਕਤ ਦੋਹਾਂ ਤੇ ਇਸ ਸ਼ਾਦੀ ਦੀ ਸਹਾਇਕ ਬੀਬੀ ਗੁਰਬਖਸ਼ ਕੌਰ ਨੂੰ ਤੇ ਉਨ੍ਹਾਂ ਦੇ ਪਰਿਵਾਰ ਨੂੰ ਸਿੱਖਕੰਨਿਆ ਮਹਾਂ ਵਿਦਿਆਲਯ ਫੀਰੋਜ਼ਪੁਰ ਤੋਂ ਅਲਹਿਦਾ ਕਰ ਦੇਣਾ ਜ਼ਰੂਰੀ ਹੈ (ਜਨਰਲ ਇਜਲਾਸ 28-11-1943, 211)***

(ੲ) ਸਿੱਖ ਦਾ ਵਿਆਹ 'ਅਨੰਦ' ਰੀਤੀ ਨਾਲ ਕਰਨਾ ਚਾਹੀਏ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫ ਪੰਨਾ ੨੨)

ਸੰਸਾਰ ਨੇ ਵਿਆਹ ਲਈ ਕਈ ਰੀਤਾਂ, ਰਸਮਾਂ, ਢੰਗ ਤਰੀਕੇ ਵਰਤੇ ਹਨ। ਇਹਨਾਂ ਵਿਚ ਵਿਆਹ, ਨਿਕਾਹ, ਜੈ ਮਾਲ, ਸਵਯੰਬਰ, ਰਸਮ ਰਿੰਗ ਆਦਿ। ਇਸ ਤੋਂ ਇਲਾਵਾ ਅਦਾਲਤ ਵਿਚ ਹਲਫ਼ਨਾਮਾ ਦਾਖ਼ਲ ਕਰ ਕੇ ਵੀ ਵਿਆਹ ਕੀਤਾ ਜਾ ਸਕਦਾ ਹੈ। ਹੁਣ ਤਾਂ ਹੋਰ ਹੀ ਨਿਤ ਨਵੇਂ ਢੰਗ ਅਤੇ ਹਾਸੋ ਹੀਣੇ ਸ਼ਗੂਫ਼ੇ ਈਜਾਦ ਕੀਤੇ ਜਾ ਰਹੇ ਹਨ। ਪਰ ਗੁਰਮਤਿ ਵਿਚ ਇਸ ਸੰਜੋਗ ਲਈ ਕੇਵਲ ਅਤੇ ਕੇਵਲ ਅਨੰਦ ਕਾਰਜ ਦੀ ਹੀ ਵਿਧੀ ਪ੍ਰਵਾਨ ਹੈ।

(ਸ) ਲੜਕੀ ਲੜਕੇ ਦਾ ਵਿਆਹ ਬਚਪਨ ਵਿਚ ਕਰਨਾ ਵਿਵਰਜਿਤ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੨)

ਵਿਆਹ ਵਿਚ ਜੀਵਨ ਸਾਥੀ ਦੀ ਚੋਣ ਜੀਵਨ ਭਰ ਲਈ ਹੈ। ਇਹ ਕੋਈ ਗੁੱਡੇ ਗੁੱਡੀਆਂ ਦੀ ਖੇਡ ਨਹੀਂ ਹੈ। ਇਸ ਲਈ ਇਹ ਕੱਚੀ ਉਮਰ ਵਿਚ ਕਰਨਾ ਅਯੋਗ ਹੈ ਅਤੇ ਕੇਵਲ ਉਦੋਂ ਹੀ ਕਰਨਾ ਚਾਹੀਏ ਜਦੋਂ ਲੜਕਾ ਲੜਕੀ ਸਰੀਰਕ ਅਤੇ ਮਨ ਕਰ ਯੋਗ ਹੋਣ। ਵੈਸੇ ਵੀ ਛੋਟੀ ਉਮਰ ਦੇ ਬੱਚਿਆਂ ਦਾ ਵਿਆਹ ਕਾਨੂੰਨੀ ਅਪਰਾਧ ਹੈ।

(ਹ) ਜਦ ਲੜਕੀ ਸਰੀਰ, ਮਨ ਤੇ ਆਚਾਰ ਕਰਕੇ ਵਿਆਹ ਕਰਨ ਦੇ ਯੋਗ ਹੋ ਜਾਵੇ, ਤਾਂ ਕਿਸੇ ਯੋਗ ਸਿੱਖ ਨਾਲ 'ਅਨੰਦ' ਪੜ੍ਹਾਇਆ ਜਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੨)

(ਕ) 'ਅਨੰਦ' ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ, ਪਰ ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਇਕ ਕ੍ਰਿਪਾਨ, ਕੜਾ, ਤੇ ਕੁੱਝ ਮਿੱਠਾ ਲੜਕੇ ਦੇ ਪੱਲੇ ਪਾ ਦੇਣ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੨)

SikhBookClub.com

ਸਾਦਗੀ ਅਤੇ ਗੁਰਮੁਖਤਾਈ ਨਾਲ ਰਚੇ ਅਨੰਦ ਕਾਰਜ ਦਾ ਇਹ ਪਹਿਲਾ ਪੜਾਅ ਕਿਹਾ ਜਾ ਸਕਦਾ ਹੈ। ਇਸ ਲਈ ਸਪਸ਼ਟ ਹੈ ਕਿ ਕੁੜਮਾਈ ਜ਼ਰੂਰੀ ਨਹੀਂ ਹੈ ਪਰ ਜੇਕਰ ਕਰਨੀ ਹੀ ਹੋਵੇ ਤਾਂ ਇਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਅਤੇ ਸੰਗਤ ਦੀ ਹਾਜ਼ਰੀ ਵਿਚ ਹੀ ਕੀਤੀ ਜਾਏ। ਇਸ ਦੇ ਨਾਲ ਹੀ ਬਹੁਤੇ ਅਡੰਬਰ ਰਚਣ ਦੀ ਥਾਂ ਇਕ ਕ੍ਰਿਪਾਨ, ਕੜਾ ਅਤੇ ਕੁੱਝ ਮਿੱਠਾ ਲੜਕੇ ਦੇ ਪੱਲੇ ਪਾਏ ਜਾਣ। ਕੜਾ ਕੇਵਲ ਸਰਬਲੋਹ ਦਾ ਹੀ ਪ੍ਰਵਾਨ ਹੈ, ਸੋਨੇ ਆਦਿ ਦਾ ਨਹੀਂ। ਹਜ਼ੂਰ ਸਤਿਗੁਰ ਸੱਚੇ ਪਾਤਸ਼ਾਹ ਜੀ ਕੁੜਮ ਅਤੇ ਕੁੜਮਾਈ ਦੇ ਲੱਛਣ ਦਸਦੇ ਹਨ,

ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ ॥
ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿ ਰਾਮ ਜੀਉ ॥

(ਸੂਹੀ ਮ: ੪, ਅੰਗ ੭੭੩)

(ਖ) 'ਅਨੰਦ' ਦਾ ਦਿਨ ਮੁਕੱਰਰ ਕਰਨ ਲੱਗਿਆਂ ਕੋਈ ਥਿਤਿ-ਵਾਰ, ਚੰਗੇ-ਮੰਦੇ ਦਿਨ ਦੀ ਖੋਜ ਕਰਨ ਲਈ ਪੱਤ੍ਰੀ ਵਾਚਨਾ ਮਨਮਤ ਹੈ। ਕੋਈ ਦਿਨ ਜੋ ਦੋਹਾਂ ਧਿਰਾਂ ਨੂੰ ਆਪਸ ਵਿਚ ਸਲਾਹ ਕਰ ਕੇ ਚੰਗਾ ਦਿੱਸੇ, ਨਿਯਤ ਕਰ ਲੈਣਾ ਚਾਹੀਏ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੨)

ਇਸ ਤੋਂ ਅਗਲਾ ਫ਼ਰਜ਼ 'ਅਨੰਦ ਕਾਰਜ' ਲਈ ਕਿਸੇ ਪੰਡਤ, ਜੋਤਕੀ, ਟੋਟਕੇ, ਟੇਵੇ ਆਦਿ ਤੋਂ ਮਹੂਰਤ ਕਢਵਾਉਣਾ ਜਾਂ ਚੰਗੇ ਮਾੜੇ ਦਿਨਾਂ ਦੀ ਵਿਚਾਰ ਕਰਨੀ ਗੁਰਮਤਿ ਦਾ ਮਾਰਗ ਛੱਡ ਕੇ ਉਝੜ ਰਾਹੇ ਪੈਣਾ ਹੈ ਅਤੇ ਮਨਮਤ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਹੁਕਮ ਹੈ,

ਸਾਹਾ ਗਣਹਿ ਨ ਕਰਹਿ ਬੀਚਾਰੁ ॥ ਸਾਹੇ ਊਪਰਿ ਏਕੰਕਾਰੁ ॥
ਜਿਸੁ ਗੁਰੁ ਮਿਲੈ ਸੋਈ ਬਿਧਿ ਜਾਣੈ ॥ ਗੁਰਮਤਿ ਹੋਇ ਤ ਹੁਕਮੁ ਪਛਾਣੈ ॥੧॥

(ਅੰਗ ੯੦੪)

ਰਹਿਤਨਾਮੇ ਦੀ ਵੀ ਹਿਦਾਇਤ ਹੈ,

ਜੰਞੂ ਟਿੱਕਾ ਧੋਤੀ ਕ੍ਰਿਆ ਕਰਮ ਕੋਈ ਨ ਕਰੈ। ਸ਼ਬਦ ਪੜ੍ਹੇ, ਕਾਰਜ ਵਿਆਹ ਨੂੰ ਬ੍ਰਾਹਮਣ ਨਾ ਸੱਦੇ । ਅਨੰਦ ਪੜ੍ਹ ਲਏ।

(ਰਹਿਤਨਾਮਾ ਹਜ਼ੂਰੀ, ਭਾਈ ਚਉਪਾ ਸਿੰਘ ਛਿੱਬਰ, ਪੰਨਾ ੮੦)

ਹਿਰਦੈ ਰਾਮ ਭੱਲਾ ਰਚਿਤ ਪੁਰਾਤਨ ਗ੍ਰੰਥ 'ਹਨੂਮਾਨ ਨਾਟਕ' ਵਿਚ ਇਕ ਵਿਚਾਰਯੋਗ ਅਤੇ ਗੰਭੀਰ ਉਕਤੀ ਦਿੱਤੀ ਗਈ ਹੈ ਕਿ ਸ੍ਰੀ ਰਾਮ ਚੰਦ੍ਰ ਦਾ ਗੁਰੂ ਵਿਸ਼ਵਾਮਿੱਤਰ ਸੀ ਅਤੇ ਸਲਾਹਕਾਰ ਵਸ਼ਿਸ਼ਟ ਰਿਸ਼ੀ । ਇਹਨਾਂ ਨੇ ਨੌਂ ਗ੍ਰਹਿਆਂ ਦੀ ਚਾਲ ਅਤੇ ਸ਼ੁਭ ਮਹੂਰਤ ਵੇਖ ਕੇ ਵਿਧੀ ਪੂਰਵਕ ਰਾਮ ਸੀਤਾ ਦੇ ਵਿਆਹ ਦਾ ਸ਼ੁਭ ਲਗਨ ਦੱਸਿਆ। ਪਰ ਉਹ ਕਿਹੜਾ ਦੁਖ ਹੈ ਜੋ ਸੀਤਾ ਨੂੰ ਨਹੀਂ ਝੇਲਣਾ ਪਿਆ।

ਦੋਹਰਾ - ਬਿਸ਼੍ਵਾਮਿਤ੍ਰ ਬਿਸਿਸ਼ਟ ਰਿਖ ਨੌ ਗ੍ਰਹ ਸੁਭ ਨਿਜ ਠਾਇ।

SikhBookClub.com

ਸੀਅ ਜੀਅ ਸੁਖ ਕਬਹੂੰ ਨਾ ਲਹੇ ਪਰੋ ਕਰਮ ਕੇ ਪਾਇ॥੭੨॥

(ਹਨੂਮਾਨ ਨਾਟਕ, ਅੰਕ ੧, ਪੰਨਾ ੧੫)

ਇਸ ਲਈ ਗੁਰਮਤ ਅਨੁਸਾਰ ਸ਼ੁਭ ਅਤੇ ਅਸ਼ੁਭ ਸਮੇਂ ਅਤੇ ਦਿਨ ਦੀ ਵਿਚਾਰ ਕੇਵਲ ਭਰਮ ਵਹਿਮ ਹੈ।

(ਗ) ਸਿਹਰਾ, ਮੁਕਟ ਜਾਂ ਗਾਨਾ ਬੰਨ੍ਹਣਾ, ਪਿੱਤਰ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ ਜਾਂ ਜੰਡੀ ਵੱਢਣੀ, ਘੜੋਲੀ ਭਰਨੀ, ਰੁਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ, ਵੇਦੀ ਗੱਡਣੀ, ਵੇਸਵਾ ਦਾ ਨਾਚ, ਸ਼ਰਾਬ ਆਦਿ ਮਨਮਤ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੨)

ਇਸ ਮੱਦ ਵਿਚ ਉਹਨਾਂ ਨੁਕਤਿਆਂ ਦਾ ਜ਼ਿਕਰ ਮਾਤਰ ਹੈ ਜੋ ਕਿ ਨਾ ਕੇਵਲ ਗੁਰਮਤਿ ਅਨੁਸਾਰ ਵਿਵਰਜਤ ਹਨ ਬਲਕਿ 'ਮਨਮਤ' ਹਨ। ਬਹੁਤ ਹੀ ਸੰਖੇਪ ਵਿਚ ਇਹਨਾਂ ਦੀ ਵਿਚਾਰ ਕਰਨੀ ਬਣਦੀ ਹੈ।

ਸਿਹਰਾ—ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਕਲਗੀ, ਸਿਹਰਾ, ਚਵਰ, ਸਿੰਘਾਸਣ ਆਦਿ ਕੇਵਲ ਗੁਰੂ ਗ੍ਰੰਥ ਸਾਹਿਬ ਲਈ ਹੀ ਨਿਸਚਿਤ ਹੈ।

ਮੁਕਟ—ਮੁਕਟ ਟੋਪੀ ਜਾਂ ਟੋਪ ਦਾ ਬਦਲ ਹੈ ਅਤੇ ਦਸਤਾਰ ਦੇ ਮੁਕਾਬਲੇ ਇਸਨੂੰ ਧਾਰਨ ਕਰਨਾ ਦਸਤਾਰ ਦੀ ਨਿਰਾਦਰੀ ਹੈ।

ਗਾਨਾ—ਬਿਪਰ ਦੀ ਰੀਤ ਵਿਚ ਵਿਆਹ ਵੇਲੇ ਇਕ ਰਸਮ ਸੀ ਗਾਨਾ ਬੰਨ੍ਹਣ ਦੀ। ਇਸ ਵਿਚ ਲਾੜੇ ਦੇ ਹੱਥ 'ਤੇ ਉਸਦੀ ਭੈਣ ਵੱਲੋਂ ਮੌਲੀ ਦਾ ਧਾਗਾ ਬੰਨ੍ਹਿਆ ਜਾਂਦਾ ਸੀ। ਹਿੰਦੂ ਮਤ ਦਾ ਵਿਸ਼ਵਾਸ ਸੀ ਕਿ ਇਸਤ੍ਰੀ ਰੂਪ ਵਿਚ ਚੰਡਿਕਾ ਦੇਵੀ ਉਸ ਦੀ ਰੱਖਿਆ ਕਰੇਗੀ। ਅਰੰਭ ਵਿਚ ਇਹ ਗਾਨਾ ਯੋਧੇ ਦੇ ਰਣ ਭੂਮੀ ਵਿਚ ਜਾਣ ਲੱਗਿਆਂ ਬੰਨ੍ਹਿਆ ਜਾਂਦਾ ਸੀ ਪਰ ਬਾਅਦ ਵਿਚ ਇਸ ਵਿਚ ਵਾਧਾ ਕਰ ਕੇ ਇਸਨੂੰ ਵਿਆਹ ਦੀ ਇਕ ਰਸਮ ਦੇ ਰੂਪ ਵਿਚ ਪ੍ਰਵਾਨ ਕਰ ਲਿਆ ਗਿਆ। ਸਾਹਿਬਾਂ ਨੇ ਭਰਮ ਵਿਨਾਸ਼ਕ ਕੜੇ ਦੇ ਰੂਪ ਵਿਚ ਇਹ ਗਾਨਾ ਹਰ ਸਿੱਖ ਨੂੰ ਪੱਕੇ ਤੌਰ 'ਤੇ ਬਖਸ਼ਿਸ਼ ਕੀਤਾ ਹੈ।

ਪਿੱਤਰ ਪੂਜਣੇ—ਹਿੰਦੂ ਰੀਤੀ ਰਿਵਾਜਾਂ ਵਿਚ ਵਿਆਹ ਵੇਲੇ ਪਿਤਰਾਂ ਦੀ ਪੂਜਾ ਦਾ ਵਿਸ਼ੇਸ਼ ਸਥਾਨ ਹੈ ਤਾਂ ਕਿ ਉਨ੍ਹਾਂ ਦੀ ਅਸੀਸ ਲਈ ਜਾ ਸਕੇ। ਗੁਰਬਾਣੀ ਨੇ ਮਾਤਾ ਪਿਤਾ ਅਤੇ ਬਜ਼ੁਰਗਾਂ ਦੀ ਉਹਨਾਂ ਦੇ ਜੀਵਨ ਕਾਲ ਵਿਚ ਸੇਵਾ ਬਾਰੇ ਬਾਰ-ਬਾਰ ਤਾਕੀਦ ਕੀਤੀ ਹੈ ਪਰ ਪ੍ਰਾਣੀ ਦੇ ਚਲੇ ਜਾਣ ਦੇ ਬਾਅਦ ਪਿਤਰਾਂ ਦੀ ਪੂਜਾ ਨਿਰਾਰਥਕ ਹੈ।

ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ॥
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ॥੧॥

(ਗਉੜੀ ਭ. ਕਬੀਰ ਜੀ, ਅੰਗ ੩੩੨)

ਕੱਚੀ ਲੱਸੀ—ਇਕ ਹੋਰ ਕਰਮ ਕਾਂਡ ਵਿਆਹ ਵੇਲੇ ਕੀਤਾ ਜਾਂਦਾ ਹੈ, ਲਾੜੇ ਦੇ ਪੈਰ ਕੱਚੀ ਲੱਸੀ ਵਿਚ ਪਾਉਣੇ। ਦਰਅਸਲ ਦੁੱਧ ਅਤੇ ਜਲ ਵਾਹਿਗੁਰੂ ਦੀ ਪਵਿੱਤਰ ਦਾਤ ਹੈ। ਇਹਨਾਂ ਦੋਨਾਂ ਦੇ ਸੁਮੇਲ ਨੂੰ ਕੱਚੀ ਲੱਸੀ ਕਿਹਾ ਜਾਂਦਾ ਹੈ ਅਤੇ ਪੀਣ ਲਈ ਲਾਭਕਾਰੀ ਹੈ। ਪਰ ਇਸ ਵਿਚ ਪੈਰ ਪਾਉਣੇ ਨਿਰਾ ਵਹਿਮ ਅਤੇ ਗੁਰਮਤਿ ਵਿਚ ਵਿਵਰਜਤ ਹੈ।

SikhBookClub.com

ਬੇਰੀ ਜਾਂ ਜੰਡੀ—ਹਿੰਦੂ ਮਤ ਦੀ ਇਕ ਹੋਰ ਭਰਮ ਰੂਪੀ ਰਸਮ ਹੈ ਜੰਞ ਚੜ੍ਹਨ ਵੇਲੇ ਲਾੜਾ ਆਪਣੇ ਹੱਥ ਵਿਚ ਫ਼ੜੀ ਤਲਵਾਰ ਨਾਲ ਬੇਰੀ ਜਾਂ ਜੰਡੀ ਵੱਢਦਾ ਹੈ। ਇਸ ਵਿਚ ਮਾਨਤਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਭੈੜੀਆਂ ਰੂਹਾਂ ਨੇੜੇ ਨਹੀਂ ਆਉਂਦੀਆਂ। ਗੁਰਮਤਿ ਨੇ ਇਸ ਨੂੰ ਪ੍ਰਵਾਨ ਨਹੀਂ ਕੀਤਾ।

ਘੜੋਲੀ ਭਰਨੀ—ਘੜੋਲੀ ਭਰਨੀ ਵਿਆਹ ਤੋਂ ਅਗਲੇ ਦਿਨ ਦੀ ਰਸਮ ਹੈ ਜਿਸ ਵਿਚ ਨਵ-ਵਿਆਹੇ ਜੋੜੇ ਨੇ ਖੂਹ ਤੋਂ ਇਕ ਇਕ ਘੜੋਲੀ ਜਾਂ ਛੋਟਾ ਘੜਾ ਭਰਨਾ ਹੁੰਦਾ ਹੈ ਅਤੇ ਇਸ ਨੂੰ ਤਲੀ 'ਤੇ ਚੁੱਕ ਕੇ ਲਿਆਣਾ ਹੁੰਦਾ ਹੈ। ਰਸਮ ਮੁਤਾਬਕ ਜੇਕਰ ਇਹ ਘੜੋਲੀ ਟੁੱਟ ਜਾਏ ਤਾਂ ਇਸ ਨੂੰ ਅਪਸ਼ਗਨ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਇਹ ਵਹਿਮ ਭਰਮ ਵਾਲੀ ਇਕ ਰਸਮ ਮੰਨ ਕੇ ਗੁਰਮਤਿ ਨੇ ਇਸ ਦਾ ਤਿਆਗ ਕੀਤਾ ਹੈ।

ਰੁਸ ਕੇ ਜਾਣਾ—ਵਿਆਹ ਦਾ ਅੱਖਰੀ ਅਰਥ ਸ਼ਾਦੀ ਜਾਂ ਖੁਸ਼ੀ ਹੈ। ਇਹ ਕਾਰਜ ਅਨੰਦ ਦਾ ਹੈ। ਲਾੜੇ ਨੂੰ ਬੰਨ੍ਹ ਕੇ ਤਾਂ ਲਿਆਇਆ ਨਹੀਂ ਜਾਂਦਾ ਸੋ ਇਸ ਸਮੇਂ ਰੁਸਣ ਅਤੇ ਫ਼ਿਰ ਮਾਂ ਪਿਉ ਅਤੇ ਰਿਸ਼ਤੇਦਾਰਾਂ ਵੱਲੋਂ ਮਨਾਉਣ ਦਾ ਡਰਾਮਾ ਹੋਛੀ ਕਿਰਿਆ ਹੈ।

ਛੰਦ ਪੜ੍ਹਨੇ—ਇਸ ਸ਼ੁਭ ਸੰਸਕਾਰ ਸਮੇਂ ਖੁਸ਼ੀ ਦੇ ਗੀਤ ਗੁਰਬਾਣੀ ਵਿਚ ਵਰਣਿਤ ਘੋੜੀਆਂ ਆਦਿ ਦਾ ਗਾਇਨ ਕਰਨਾ ਹੀ ਲਾਭਕਾਰੀ ਹੈ ਨਾ ਕਿ ਦੁਨਿਆਵੀ ਛੰਦਾਂ ਆਦਿ ਦਾ,

ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥
ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥

(ਮ.੫, ੮੨੧)

ਅਲਬੱਤਾ ਜੇ ਪੜ੍ਹਨੇ ਹੀ ਹਨ ਤਾਂ ਕਲਗੀਧਰ ਪਿਤਾ ਰਚਿਤ ਪਾਵਨ ਅਸੀਸ ਦਾ ਗਾਇਨ ਕਰਨਾ ਚਾਹੀਦਾ ਹੈ,

ਢੋਲ ਮ੍ਰਿਦੰਗ ਬਜੇ ਸਭ ਹੀ ਘਰ, ਯੋ ਪੁਰ ਆਜੁ ਕੁਲਾਹਲ ਭਾਰੀ ॥
ਗਾਵਤ ਗੀਤ ਬਜਾਵਤ ਤਾਲ, ਦਿਵਾਵਤ ਆਵਤ ਨਾਗਰ ਗਾਰੀ ॥
ਭੇਰ ਹਜਾਰ ਬਜੀ ਇਕ ਬਾਰ, ਮਹਾ ਛਬਿਯਾਰ ਹਸੈ ਮਿਲਿ ਨਾਰੀ ॥
ਦੇਹਿ ਅਸੀਸ ਕਹੈਂ ਜਗਦੀਸ, ਏ ਜੋਰੀ ਜਿਯੋ ਜੁਗ ਚਾਰ ਤਿਹਾਰੀ ॥੧੧॥

(ਸ੍ਰੀ ਦਸਮ ਗ੍ਰੰਥ)

ਹਵਨ ਕਰਨਾ, ਵੇਦੀ ਗੱਢਣੀ—ਹਿੰਦੂ ਮਤ ਵਿਚ ਵਿਆਹ ਲਈ ਬਾਂਸ ਗੱਡ ਕੇ ਉੱਤੇ ਕਪੜਾ ਪਾ ਕੇ ਛਤਰੀ ਜਿਹੀ ਤਿਆਰ ਕੀਤੀ ਜਾਂਦੀ ਹੈ, ਇਸ ਨੂੰ ਵੇਦੀ ਗੱਡਣਾ ਕਿਹਾ ਜਾਂਦਾ ਹੈ। ਇਸ ਵਿਚ ਲਕੀਰਾਂ ਵਾਹ ਕੇ ਗਣੇਸ਼ ਨੂੰ ਦਰਸਾਉਂਦੇ ਹੋਏ ਸਵਾਸਤਿਕਾ ਦਾ ਚਿੰਨ੍ਹ ਬਣਾਇਆ ਜਾਂਦਾ ਹੈ। ਇਸਦੇ ਨਾਲ ਹੀ ਇੱਥੇ ਹਵਨ ਕੀਤਾ ਜਾਂਦਾ ਹੈ ਅਤੇ ਸੂਰਜ ਦੀ ਪੂਜਾ ਕੀਤੀ ਜਾਂਦੀ ਹੈ।

ਸ਼ਰਾਬ ਅਤੇ ਵੇਸਵਾ ਦਾ ਨਾਚ—ਅਨੰਦ ਕਾਰਜ ਵਰਗੇ ਪਵਿੱਤਰ ਧਾਰਮਿਕ ਸੰਸਕਾਰ ਨੂੰ ਪਲੀਤ ਕਰਨ ਦਾ ਕਾਰਨ ਬਣਦਾ ਹੈ ਇਸ ਮੌਕੇ ਸ਼ਰਾਬ ਅਤੇ ਵੇਸਵਾ ਦਾ ਨਾਚ ਕਰਵਾਉਣਾ। ਇਹ ਕਈ ਇੱਲਤਾਂ ਅਤੇ ਝਗੜਿਆਂ ਦਾ ਕਾਰਨ ਵੀ ਬਣਦਾ ਵੇਖਿਆ ਗਿਆ ਹੈ। ਗੁਰਮਤਿ ਅਨੁਸਾਰ ਇਸ ਦੀ ਸਖ਼ਤ ਮੁਮਾਨੀਅਤ ਹੈ। ਇਕ ਪੁਰਾਤਨ ਕਬਿੱਤ ਹੈ :

SikhBookClub.com

ਸ਼ੁਭ ਕਾਜ ਕੋ ਛਾਡ ਕੁਕਾਜ ਰਚੇ, ਧਨ ਜਾਤ ਵਿਅਰਥ ਸਦਾ ਇਨਕੋ ॥
ਇਕ ਰਾਂਡ ਬੁਲਾਇ ਨਚਾਵਤ ਹੈ, ਨਹੀਂ ਆਵਤ ਲਾਜ ਜਰਾ ਇਨਕੋ!
ਮ੍ਰਿਦੰਗ ਭਨੇ ਧ੍ਰਿਗ ਹੈ ਧ੍ਰਿਗ ਹੈ, ਸੁਰ ਤਾਲ ਪੁਛੇ ਕਿਨਕੋ ਕਿਨਕੋ?
ਤਬ ਹਾਥ ਉਠਾਏ ਬਤਾਵਤ ਰਾਂਡ, ਕਹੇ ਇਨਕੋ! ਇਨਕੋ! ਇਨਕੋ!

ਇਸ ਸਾਰੇ ਮਸਲੇ ਦੀ ਗੰਭੀਰਤਾ ਨੂੰ ਵਾਚਦੇ ਹੋਏ 1 ਅਪ੍ਰੈਲ, 2006 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਕ ਸੰਦੇਸ਼ ਸਿੱਖ ਸੰਗਤਾਂ ਦੇ ਨਾਮ ਜਾਰੀ ਹੋਇਆ।

> *ਅਨੰਦ ਕਾਰਜ ਆਦਿਕ ਦੀਆਂ ਰਸਮਾਂ ਵੀ ਗੁਰਮਤਿ ਅਤੇ ਪੰਥ ਪ੍ਰਵਾਨਤ ਰਹਿਤ ਮਰਯਾਦਾ ਅਨੁਸਾਰ ਹੀ ਗੁਰੂ ਘਰਾਂ ਵਿਚ ਕੀਤੀਆਂ ਜਾਣ। ਨਾਚ ਗਾਣਾ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਦੇ ਉਲਟ ਕਿਸੇ ਵੀ ਕਿਸਮ ਦੀ ਕਾਰਵਾਈ ਕਰਨ ਦੀ ਆਗਿਆ ਨਹੀਂ। ਸਮੂਹ ਸਿੱਖ ਸੰਗਤਾਂ ਇਸ ਦੀ ਸਖਤੀ ਨਾਲ ਪਾਲਣਾ ਕਰਨ।*

(ਘ) ਜਿਤਨੇ ਥੋੜ੍ਹੇ ਆਦਮੀ ਲੜਕੀ ਵਾਲਾ ਮੰਗਾਵੇ, ਉਤਨੇ ਨਾਲ ਲੈ ਕੇ ਲੜਕਾ ਸਹੁਰੇ ਘਰ ਜਾਵੇ, ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਦ ਗਾਏ ਜਾਣ ਤੇ 'ਫਤਹ' ਗਜਾਈ ਜਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੨)

ਅਨੰਦ ਕਾਰਜ ਇਕ ਧਾਰਮਿਕ ਕਾਰਜ ਹੈ ਜਿਸ ਵਿਚ ਸਤਿਗੁਰੂ ਦੀਆਂ ਅਸੀਸਾਂ ਅਤੇ ਖ਼ੁਸ਼ੀਆਂ ਪ੍ਰਾਪਤ ਕਰਨੀਆਂ ਹਨ। ਇਸ ਲਈ ਮਰਯਾਦਾ ਦੀ ਪਾਲਣਾ ਕਰਨੀ ਬਣਦੀ ਹੈ। ਹਜ਼ੂਰ ਨੇ ਇਸ ਦੇ ਸਾਰੇ ਪੱਖਾਂ ਬਾਰੇ ਅਗਵਾਈ ਕੀਤੀ ਹੈ ਕਿ ਜੰਞ ਸ਼ੋਭਨੀਕ ਹੁੰਦੀ ਹੈ, ਗੁਰੂ ਕੇ ਸ਼ਬਦ ਗਾਇਨ ਕਰਣ ਨਾਲ :

ਸੰਤ ਜਨਾ ਮਿਲਿ ਮੰਗਲ ਗਾਏ ਹਰਿ ਜੀਉ ਆਪਿ ਸਵਾਰੀ ॥
ਸੁਰਿ ਨਰ ਗਣ ਗੰਧਰਬ ਮਿਲਿ ਆਏ ਅਪੂਰਬ ਜੰਞ ਬਣਾਈ ॥

(ਮ. ੪, ੭੭੫)

(ਙ) ਵਿਆਹ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੀਵਾਨ ਲਗੇ। ਸੰਗਤ ਜਾਂ ਰਾਗੀ ਕੀਰਤਨ ਕਰਨ। ਫਿਰ ਲੜਕੀ ਤੇ ਲੜਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਬਿਠਾਏ ਜਾਣ। ਲੜਕੀ, ਲੜਕੇ ਦੇ ਖੱਬੇ ਪਾਸੇ ਬੈਠੇ। ਸੰਗਤ ਦੀ ਆਗਿਆ ਲੈ ਕੇ 'ਅਨੰਦ' ਪੜ੍ਹਾਉਣ ਵਾਲਾ ਸਿੱਖ (ਮਰਦ ਜਾਂ ਇਸਤਰੀ) ਲੜਕੇ ਲੜਕੀ ਤੇ ਉਨ੍ਹਾਂ ਦਿਆਂ ਮਾਪਿਆਂ ਜਾਂ ਸਰਬਰਾਹਾਂ ਨੂੰ ਖੜ੍ਹਾ ਕਰ ਕੇ 'ਅਨੰਦ' ਦੇ ਅਰੰਭ ਦਾ ਅਰਦਾਸਾ ਸੋਧੇ। ਫਿਰ ਉਹ ਲੜਕੇ ਲੜਕੀ ਨੂੰ ਗੁਰਮਤਿ ਅਨੁਸਾਰ ਗ੍ਰਹਿਸਤ ਧਰਮ ਦੇ ਫਰਜ਼ਾਂ ਦਾ ਉਪਦੇਸ਼ ਕਰੇ।

ਪਹਿਲੇ ਦੋਹਾਂ ਨੂੰ ਸਾਂਝਾ ਉਪਦੇਸ਼ ਕਰੇ। ਇਸ ਵਿਚ ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਨੁਸਾਰ ਪਤੀ-ਪਤਨੀ ਦੇ ਸਬੰਧ ਨੂੰ ਜੀਵ ਤੇ ਪ੍ਰਮਾਤਮਾ ਦੇ ਪਿਆਰ ਦੇ ਨਮੂਨੇ ਉਤੇ ਢਾਲਣ ਦੀ ਵਿਧੀ ਦੱਸੇ।

ਆਪਸ ਵਿਚ ਪ੍ਰੇਮ ਦੁਆਰਾ "ਏਕ ਜੋਤਿ ਦੁਇ ਮੂਰਤੀ" ਹੋਣਾ ਦੱਸੇ ਤੇ ਇਕੁਰ ਗ੍ਰਹਿਸਤ ਧਰਮ ਹੋਣਾ ਦ੍ਰਿੜ੍ਹਾਵੇ। ਦੋਹਾਂ ਨੇ ਇਸ ਸੰਜੋਗ ਨੂੰ ਮਨੁੱਖਾ ਜਨਮ ਦੀ ਯਾਤਰਾ ਨੂੰ ਸਫਲਤਾ ਨਾਲ

SikhBookClub.com

ਨਿਬਾਹੁਣ ਦਾ ਸਾਧਨ ਬਨਾਉਣਾ ਹੈ। ਦੋਹਾਂ ਨੇ ਇਸ ਸੰਜੋਗ ਦੇ ਰਾਹੀਂ ਪਵਿੱਤਰ ਤੇ ਗੁਰਮੁਖੀ ਜੀਵਨ ਬਿਤਾਉਣਾ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੪)

ਵਿਆਖਿਆ:

ਦੀਵਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ

ਇਹ ਮੱਦ ਵੈਸੇ ਤਾਂ ਕਿਸੇ ਵਿਆਖਿਆ ਦੀ ਮੁਥਾਜ ਨਹੀਂ ਪਰ ਕੁੱਝ ਕੁ ਨੁਕਤੇ ਜ਼ਰੂਰ ਵਿਚਾਰਨ ਯੋਗ ਹਨ। ਅਨੰਦ ਕਾਰਜ ਦੀ ਮਰਯਾਦਾ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਅਤੇ ਹਜ਼ੂਰੀ ਵਿਚ ਦੀਵਾਨ ਵਿਚ ਕਰਨ ਦਾ ਹੁਕਮ ਹੈ। ਦੀਵਾਨ ਸੰਗਤੀ ਹੁੰਦਾ ਹੈ, ਨਿਜੀ ਸਮਾਗਮ ਨਹੀਂ। ***"ਗੁਰੁ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ ॥"*** (ਮ.੧, ਅੰਗ 351) ਅਨੰਦ ਕਾਰਜ ਕੇਵਲ ਗੁਰਦੁਆਰਾ ਸਾਹਿਬ ਵਿਚ ਹੀ ਹੋ ਸਕਦਾ ਹੈ। ਇਸ ਮਾਮਲੇ ਵਿਚ ਈਸਾਈ ਵਿਆਹ ਕੇਵਲ ਕਲੀਸਾ ਜਾਂ ਚਰਚ ਵਿਚ ਹੀ ਕਰਦੇ ਹਨ।

16 ਮਾਰਚ, 1998 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਉਪਰੰਤ ਹੁਕਮਨਾਮਾ ਜਾਰੀ ਕੀਤਾ ਗਿਆ ਸੀ ਕਿ, 'ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਨੂੰ ਮੁੱਖ ਰੱਖਦੇ ਹੋਏ ਕਿਸੇ ਵੀ ਮੈਰਜ ਪੈਲਸ ਜਾਂ ਹੋਟਲ ਵਿਚ ਸਿੱਖ ਸੰਗਤਾਂ ਆਨੰਦ ਕਾਰਜ ਦੀ ਰਸਮ ਨਾ ਕਰਵਾਉਣ ਅਤੇ ਖ਼ਾਸ ਕਰਕੇ ਗ੍ਰੰਥੀ ਸਿੰਘ, ਰਾਗੀ ਸਿੰਘ ਅਤੇ ਸਾਰੇ ਪ੍ਰਬੰਧਕਾਂ ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਸਖ਼ਤ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਕਿਸੇ ਵੀ ਐਸੀ ਰਸਮ ਵਿਚ ਹਿੱਸਾ ਨਾ ਲੈਣ ਜੋ ਮੈਰਜ ਪੈਲਸ ਅਤੇ ਹੋਟਲਾਂ ਵਿਚ ਹੋ ਰਹੀ ਹੋਵੇ।'

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 30 ਮਾਰਚ, 1998 ਨੂੰ ਇਸ ਹੁਕਮਨਾਮੇ ਦਾ ਹਵਾਲਾ ਦੇ ਕੇ ਸਾਰੇ ਅਧੀਨ ਗੁਰਦੁਆਰਾ ਸਾਹਿਬ ਦੇ ਮੈਨੇਜਰ ਸਾਹਿਬਾਨ ਨੂੰ ਹਿਦਾਇਤ ਜਾਰੀ ਕੀਤੀ ਕਿ 'ਹੋਟਲਾਂ ਅਤੇ ਮੈਰਜ ਪੈਲਸਾਂ ਵਿੱਚ ਸ਼ਗਨ, ਅਨੰਦ ਕਾਰਜਾਂ ਆਦਿ ਸਮੇਂ ਕਿਸੇ ਵੀ ਗ੍ਰੰਥੀ ਸਿੰਘ ਅਤੇ ਰਾਗੀ ਜਥੇ ਦੀ ਡਿਊਟੀ ਅੱਗੇ ਤੋਂ ਨਾ ਲਗਾਈ ਜਾਵੇ।'

ਫਿਰ ਲੜਕੇ ਤੇ ਲੜਕੀ ਨੂੰ ਆਪੋ ਆਪਣੇ-ਵੱਖ-ਵੱਖਰੇ, ਗ੍ਰਹਿਸਤ ਧਰਮ ਦੇ ਫਰਜ਼ ਦੱਸੇ ਜਾਣ। ਵਰ ਨੂੰ ਦੱਸਿਆ ਜਾਵੇ ਕਿ ਲੜਕੀ ਵਾਲਿਆਂ ਨੇ ਤੁਹਾਨੂੰ ਹੀ ਸਭ ਤੋਂ ਵਧੀਕ ਯੋਗ ਜਾਣ ਕੇ ਵਰ ਚੁਣਿਆ ਹੈ। ਆਪ ਨੇ ਆਪਣੀ ਪਤਨੀ ਨੂੰ ਅਰਧੰਗੀ ਜਾਣ ਕੇ ਸਾਰੀਆਂ ਅਵਸਥਾਵਾਂ ਵਿਚ ਇਕੋ ਜਿਹਾ ਪਿਆਰ ਕਰਨਾ ਹੈ ਤੇ ਵੰਡ ਛੱਕਣਾ ਹੈ। ਏਸ ਦੇ ਸਰੀਰ ਤੇ ਇੱਜ਼ਤ ਦੇ ਰਾਖੇ ਤੁਸੀਂ ਹੋ। ਇਸਤਰੀ-ਬਰਤ ਧਰਮ ਵਿਚ ਪੱਕੇ ਰਹਿਣਾ। ਇਸ ਦੇ ਮਾਤਾ ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸੰਬੰਧੀਆਂ ਤੁੱਲ ਆਦਰ ਦੇਣਾ।

ਕੰਨਿਆਂ ਨੂੰ ਦੱਸਿਆ ਜਾਵੇ ਕਿ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਗਤ ਦੇ ਹਜ਼ੂਰ ਇਸ ਸੱਜਣ ਦੇ ਲੜ ਲਾਇਆ ਜਾਂਦਾ ਹੈ। ਆਪ ਇਨ੍ਹਾਂ ਦੇ 'ਨਿਰਮਲ ਭਉ' ਵਿਚ ਰਹਿੰਦੇ ਹੋਏ ਇਨ੍ਹਾਂ ਨੂੰ ਹੀ ਆਪਣੇ ਸਾਰੇ ਪ੍ਰੇਮ ਤੇ ਸ਼ਰਧਾ ਦਾ ਮਾਲਕ ਸਮਝਣਾ, ਦੁਖ ਸੁਖ, ਦੇਸ ਪਰਦੇਸ ਵਿਚ ਆਪਣੇ ਪਤੀ-ਬਰਤ ਧਰਮ ਵਿਚ ਪੱਕੇ ਰਹਿਣਾ, ਸੇਵਾ ਕਰਨੀ। ਇਨ੍ਹਾਂ ਦੇ ਮਾਤਾ ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸੰਬੰਧੀਆਂ ਵਾਂਗ ਜਾਣਨਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੪)

SikhBookClub.com

ਪਤੀਬਰਤ ਧਰਮ ਅਤੇ ਪਤਨੀਬਰਤ ਧਰਮ ਦੀ ਸਿਖਿਆ। ਇੱਥੇ ਪਤੀ ਅਤੇ ਪਤਨੀ ਦੋਹਾਂ ਲਈ ਗ੍ਰਹਿਸਤ ਧਰਮ ਦੀ ਪਾਲਣਾ ਦਾ ਉਪਦੇਸ਼ ਹੈ। ਇਸ ਬਾਰੇ ਗਿ. ਸਾਹਿਬ ਸਿੰਘ ਜੀ ਸ਼ਾਹਬਾਦ ਮਾਰਕੰਡਾ ਵਾਲੇ ਇਕ ਬਹੁਤ ਸੁੰਦਰ ਹਵਾਲਾ ਦਿੰਦੇ ਹਨ ਕਿ ਚੰਪਾ ਦੇ ਫ਼ੁਲ ਨੂੰ ਕਿਸੇ ਕਵੀ ਨੇ ਪੁਛਿਆ ਕਿ ਤੇਰੇ ਕੋਲ ਰੂਪ ਵੀ ਹੈ, ਰੰਗ ਵੀ ਹੈ ਅਤੇ ਸੁਗੰਧੀ ਵੀ ਹੈ ਪਰ ਕੀ ਕਾਰਨ ਹੈ ਕਿ ਭੰਵਰਾ ਹਰ ਫ਼ੁਲ 'ਤੇ ਬੈਠਦਾ ਹੈ ਪਰ ਤੇਰੇ ਕੋਲ ਨਹੀਂ ਆਂਦਾ।

ਚੰਪਾ ਤੁਝ ਮਹਿ ਤੀਨ ਗੁਣ, ਰੂਪ ਰੰਗ ਅਰੁ ਬਾਸ।
ਔਗੁਣ ਤੂ ਮਹਿ ਕਉਨ ਹੈ ਭੰਵਰ ਨ ਬੈਠੇ ਪਾਸ।

ਇਸ 'ਤੇ ਚੰਪਾ ਨੇ ਜਵਾਬ ਦਿੱਤਾ ਕਿ ਐ ਮਿੱਤਰ, ਮੇਰੇ ਵਿਚ ਰੂਪ ਵੀ ਹੈ, ਰੰਗ ਵੀ ਅਤੇ ਸੁਗੰਧੀ ਵੀ ਹੈ ਪਰ ਥਾਂ ਥਾਂ ਤੇ ਯਾਰੀਆਂ ਪਾਉਣ ਵਾਲੇ ਇਸ ਭੰਵਰੇ ਨੂੰ ਕੋਈ ਕਿਵੇਂ ਨਾਲ ਬਿਠਾ ਸਕਦਾ ਹੈ? :

ਮਿੱਤਰ ਮੁਝ ਮਹਿ ਤੀਨ ਗੁਣ, ਰੂਪ ਰੰਗ ਅਰੁ ਬਾਸ।
ਜਗ੍ਹਾ ਜਗ੍ਹਾ ਕੇ ਮੀਤ ਕੋ ਕਉਨ ਬਿਠਾਵੇ ਪਾਸ।

ਗ੍ਰਹਿਸਤ ਦਾ ਧੁਰਾ ਪਤਨੀ ਦੇ ਸਿਰ ਅਤੇ ਸਹਾਰੇ ਹੁੰਦਾ ਹੈ। ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਇਸ ਬਾਰੇ ਬਹੁਤ ਹੀ ਸੁੰਦਰ ਕਬਿੱਤ ਰਚਿਆ।

ਵਿਦਯਾ ਮੇ ਸਨੇਹ ਗੇਹ ਕਾਜ ਮੇ ਸੁਜਾਨਤਾਈ,
ਬਨੀ ਰਹੇ ਸ਼ੁੱਧਾ ਚਿਤ ਸਦਾ ਦਸਮੇਸ਼ ਕੀ।
ਸਦਾਚਾਰ ਪ੍ਰਿਯਬਾਨੀ ਸੰਜਮ ਉਦਾਰਭਾਵ,
ਸੁੱਛਤਾ ਉਦਯੋਗ ਔਰ ਪ੍ਰੀਤੀ ਨਿਜ ਦੇਸ਼ ਕੀ।
ਗੁਰੂ ਜਨ ਮਾਨ, ਸਨਮਾਨ ਮਿਹਮਾਨਨ ਕੋ,
ਵਸੇਂ ਸਭ ਗੁਣ ਤੋਮੇਂ ਕ੍ਰਿਪਾ ਜਗਤੇਸ਼ ਕੀ।
ਪਤਿ-ਪ੍ਰੇਮ ਤੇਰੋ ਜਪ ਤਬ ਵ੍ਰਤ ਪੂਜਾ ਦਾਨ,
ਤੀਰਥ ਸਨਾਨ ਹੋਇ, ਆਸ਼ਿਖਾ ਵ੍ਰਿਜੇਸ਼ ਕੀ।

(ਫੁਲਵਾੜੀ, ਸਿਤੰਬਰ ੧੯੩੦ ਪੰਨਾ ੮੯੫)

.....ਉਪਦੇਸ਼ ਦੀਆਂ ਗੱਲਾਂ ਪ੍ਰਵਾਨ ਕਰਦੇ ਹੋਏ ਵਰ ਤੇ ਕੰਨਿਆਂ ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣ। ਫਿਰ ਲੜਕੀ ਦਾ ਪਿਤਾ ਜਾਂ ਮੁਖੀ ਸੰਬੰਧੀ ਲੜਕੇ ਦਾ ਪੱਲਾ ਲੜਕੀ ਦੇ ਹੱਥ ਫੜਾਵੇ ਤੇ ਤਾਬਿਆਂ ਬੈਠਾ ਸੱਜਣ ਸੂਹੀ ਮਹਲਾ ੪ ਵਿਚ ਦਿਤੀਆਂ ਲਾਵਾਂ ਦਾ ਪਾਠ ਸੁਣਾਵੇ। ਹਰੇਕ ਲਾਂਵ ਦਾ ਪਾਠ ਹੋਣ ਮਗਰੋਂ ਅੱਗੇ ਵਰ ਤੇ ਪਿੱਛੇ ਕੰਨਿਆਂ, ਵਰ ਦਾ ਪੱਲਾ ਫੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪ੍ਰਕਰਮਾਂ ਕਰਨ। ਪ੍ਰਕਰਮਾਂ ਕਰਨ ਸਮੇਂ ਰਾਗੀ ਜਾਂ ਸੰਗਤ ਲਾਵਾਂ ਨੂੰ ਕ੍ਰਮ-ਅਨੁਸਾਰ ਸੁਰ ਨਾਲ ਗਾਈ ਜਾਣ ਅਤੇ ਵਰ ਕੰਨਿਆਂ ਹਰ ਇਕ ਲਾਂਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਂਵ ਸੁਣਨ ਲਈ ਖੜ੍ਹੇ ਹੋ ਜਾਣ। ਉਪਰੰਤ ਮੱਥਾ ਟੇਕ ਕੇ ਆਪਣੀ ਥਾਂ 'ਤੇ ਬੈਠ ਜਾਣ ਤੇ ਰਾਗੀ ਸਿੰਘ ਜਾਂ ਅਨੰਦ ਕਰਾਉਣ ਵਾਲਾ ਅਨੰਦ

SikhBookClub.com

ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਪਉੜੀ ਦਾ ਪਾਠ ਕਰੇ। ਫਿਰ 'ਅਨੰਦ' ਦੀ ਸਮਾਪਤੀ ਦਾ ਅਰਦਾਸਾ ਸੋਧਿਆ ਜਾਵੇ ਤੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੪)

ਆਮ ਤੌਰ 'ਤੇ ਇਹ ਕਿਹਾ ਜਾਂਦਾ ਹੈ ਕਿ ਅਨੰਦ ਕਾਰਜ ਦੋਪਹਿਰ ਤੋਂ ਪਹਿਲੇ ਸੰਪੂਰਨ ਹੋ ਜਾਣਾ ਚਾਹੀਦਾ ਹੈ। ਇਸ ਵਿਚ ਕੋਈ ਵਹਿਮ ਨਹੀਂ ਹੈ। ਅਨੰਦ ਕਾਰਜ ਦੀਆਂ ਲਾਵਾਂ ਸਤਿਗੁਰੂ ਗੁਰੂ ਰਾਮਦਾਸ ਜੀ ਨੇ ਸੂਹੀ ਰਾਗ ਵਿਚ ਰਚੀਆਂ ਹਨ ਅਤੇ ਗੁਰਮਤਿ ਅਨੁਸਾਰ ਇਸ ਰਾਗ ਦੇ ਗਾਇਨ ਦਾ ਸਮਾਂ ਦਿਨ ਦੇ ਦੂਸਰੇ ਪਹਿਰ ਦਾ ਹੈ। ਪਹਿਲਾ ਪਹਿਰ ਸੂਰਜ ਚੜ੍ਹਨ ਤੋਂ ਅਰੰਭ ਹੋ ਕੇ ਤਿੰਨ ਘੰਟੇ ਦਾ ਹੁੰਦਾ ਹੈ ਜੋ ਕਿ ਅਮੂਮਨ ਛੇ ਵਜੇ ਤੋਂ ਸੱਤ ਵਜੇ ਅਰੰਭ ਹੁੰਦਾ ਹੈ। ਉਪਰੰਤ ਦੂਸਰਾ ਪਹਿਰ ਨੌਂ ਵਜੇ ਤੋਂ ਦਸ ਵਜੇ ਅਰੰਭ ਹੁੰਦਾ ਹੈ ਅਤੇ ਬਾਰਾਂ ਵਜੇ ਤੋਂ ਇਕ ਵਜੇ ਤਕ ਹੁੰਦਾ ਹੈ। ਪੰਥਕ ਜ਼ਾਬਤਾ ਮੰਗ ਕਰਦਾ ਹੈ ਕਿ ਇਸ ਦੀ ਪਾਲਣਾ ਕੀਤੀ ਜਾਏ।

ਮਨੁੱਖਾ ਜਨਮ ਦੀ ਯਾਤਰਾ

ਗੁਰਮਤਿ ਅਨੁਸਾਰ ਅਨੰਦ ਕਾਰਜ ਦੋ ਪ੍ਰਾਣੀਆਂ ਨੂੰ ਵਿਆਹ ਦੇ ਬੰਧਨ ਵਿਚ ਜੋੜਦਾ ਹੈ ਅਤੇ ਇਹ ਮਨੁੱਖਾ ਜਨਮ ਦੀ ਯਾਤਰਾ ਦੀ ਮਰਯਾਦਾ ਹੈ। ਇਸ ਵਿਚ ਤਲਾਕ ਆਦਿ ਨਾਲ ਵਿਛੇਦ ਜਾਂ ਬੰਧਨ ਸਮਾਪਤ ਕਰਨ ਦੀ ਕੋਈ ਵਿਵਸਥਾ ਨਹੀਂ ਹੈ। ਵੈਸੇ ਵੀ ਤਲਾਕ ਲਫਜ਼ ਅਰਬੀ ਦਾ ਹੈ ਅਤੇ ਇਸਲਾਮਿਕ ਕਾਨੂੰਨ ਵਿਚ ਇਸ ਨੂੰ ਮਾਨਤਾ ਹੈ। ਗੁਰਸੰਗਤ ਦੀ ਹਾਜ਼ਰੀ ਵਿਚ ਗੁਰੂ ਦੇ ਸਨਮੁਖ ਲਏ ਗਏ ਪ੍ਰਣ ਅਤੇ ਅਸੀਸ ਨਾਲ ਇਸ ਦੀ ਦ੍ਰਿੜ੍ਹਤਾ ਕਾਇਮ ਰੱਖਣਾ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨਾ ਹੈ।

ਇਸ ਮੱਦ ਵਿਚ ਹਿਦਾਇਤ ਹੈ ਕਿ "ਵਰ ਕੰਨਿਆਂ ਹਰ ਇਕ ਲਾਂਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਂਵ ਸੁਣਨ ਲਈ ਖੜ੍ਹੇ ਹੋ ਜਾਣ।" ਲਾਂਵ ਦਾ ਪਾਠ ਵਰ ਕੰਨਿਆਂ ਨੂੰ ਗੁਰੂ ਦਾ ਉਪਦੇਸ਼ ਹੈ। ਸਤਿਗੁਰੂ ਸੱਚਾ ਪਾਤਸ਼ਾਹ ਪਾਤਸ਼ਾਹਾਂ ਦਾ ਪਾਤਸ਼ਾਹ ਹੈ। ***ਸਤਿਗੁਰੂ ਸਚਾ ਪਾਤਿਸਾਹੁ ਪਾਤਿਸਾਹਾਂ ਪਾਤਿਸਾਹ ਜੁਹਾਰੀ ॥*** (ਵਾਰ 11 ਪਉੜੀ 1)। ਆਮ ਦੁਨਿਆਵੀ ਅਦਾਲਤ ਵਿਚ ਵੀ ਜਿਸ ਨੂੰ ਹੁਕਮ ਸੁਣਾਇਆ ਜਾ ਰਿਹਾ ਹੁੰਦਾ ਹੈ ਉਸ ਨੂੰ ਖੜੇ ਹੋਣਾ ਪੈਂਦਾ ਹੈ। ਇਸੇ ਤਰ੍ਹਾਂ ਇਹ ਹਿਦਾਇਤ ਹੈ।

ਅਨੰਦ ਕਾਰਜ ਵਿਚ ਲੜਕਾ ਲੜਕੀ ਦੋਹਾਂ ਵੱਲੋਂ ਲਾਵਾਂ ਦੇ ਕੀਰਤਨ ਹੁੰਦਿਆਂ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪਰਿਕ੍ਰਮਾ ਦੀ ਮਰਯਾਦਾ ਮੁੱਖ ਅੰਗ ਹੈ। ਬਲਕਿ ਅਨੰਦ ਕਾਰਜ ਨੂੰ ਆਮ ਬੋਲ ਚਾਲ ਵਿਚ ਲਾਵਾਂ ਵੀ ਕਿਹਾ ਜਾਂਦਾ ਹੈ। ਇਹ ਲਾਵਾਂ, ਪਰਿਕਰਮਾ, ਪਰਦੱਛਣਾ ਜਾਂ ਤਵਾਫ਼ ਕੁਦਰਤ ਦਾ ਐਸਾ ਨਿਯਮ ਹੈ ਜੋ ਕਿਸੇ ਨਾ ਕਿਸੇ ਰੂਪ ਵਿਚ ਹਰ ਧਰਮ ਵਿਚ ਮੌਜੂਦ ਹੈ। ਕਿਸੇ ਵੀ ਪਦਾਰਥ ਦੇ ਸਭ ਤੋਂ ਛੋਟੇ ਕਣ ਨੂੰ ਅਣੂ ਕਿਹਾ ਜਾਂਦਾ ਹੈ ਜੋਂ ਬਿਨਾਂ ਜੰਤਰਾਂ ਦੇ ਆਮ ਅੱਖ ਨਾਲ ਨਹੀਂ ਵੇਖਿਆ ਜਾ ਸਕਦਾ। ਇਹ ਵੀ ਠੋਸ ਨਹੀਂ ਹੁੰਦਾ ਬਲਕਿ ਇਸਦੇ ਵਿਚ ਇਕ ਨਿਯੁਟਰਾਨ ਅਤੇ ਉਸ ਦੇ ਦੁਆਲੇ ਇਲੈਕਟਰਾਨ ਅਤੇ ਪਰੋਟਾਨ ਹੁੰਦੇ ਹਨ ਜੋ ਲਗਾਤਾਰ ਚੱਕਰ ਕੱਟ ਰਹੇ ਹੁੰਦੇ ਹਨ।

SikhBookClub.com

ਇਸੇ ਤਰ੍ਹਾਂ ਦੂਸਰੇ ਪਾਸੇ ਚੰਦਰਮਾਂ ਧਰਤੀ ਦਾ, ਧਰਤੀ ਸੂਰਜ ਦੀ, ਸੂਰਜ ਅੱਗੋ ਹੋਰ ਗ੍ਰਹਿਆਂ ਦਾ । ਇਹ ਸਿਲਸਿਲਾ ਨਿਰੰਤਰ ਜਾਰੀ ਹੈ ਅਤੇ ਸਾਰੇ ਬ੍ਰਾਹਮੰਡ ਦੇ ਗ੍ਰਹਿ ਆਪਣੇ ਤੋਂ ਵੱਡੇ ਗ੍ਰਹਿ ਦੀ ਪਰਿਕਰਮਾ ਕਰੀ ਜਾ ਰਿਹਾ ਹੈ।

ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤ ॥

(ਮ.੧, ੪੬੪)

ਇਸ ਲਈ ਗੁਰੂ ਗ੍ਰੰਥ ਸਾਹਿਬ ਦੀ ਪਰਿਕਰਮਾ ਕਰਦਿਆਂ ਲਾਵਾਂ ਲੈਣੀਆਂ ਆਪਣੇ ਆਪ ਨੂੰ ਗੁਰੂ ਪ੍ਰਤੀ ਸਮਰਪਿਤ ਹੋਣ ਦਾ ਐਲਾਨ ਕਰਨਾ ਹੈ ਕਿ ਤੂੰ ਮੇਰਾ ਧੁਰਾ ਹੈ ਅਤੇ ਮੈਂ ਤੇਰਾ ਮਦਾਰ। ਇਸ ਤਰ੍ਹਾਂ ਗੁਰੂ ਦੀ ਅਸੀਸ ਪ੍ਰਾਪਤ ਕਰਨੀ ਹੈ।

(ਢ) ਅਨਮਤ ਵਾਲਿਆਂ ਦਾ ਵਿਆਹ 'ਅਨੰਦ' ਰੀਤੀ ਨਾਲ ਨਹੀਂ ਹੋ ਸਕਦਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੪)

ਅਨਮਤ ਦਾ ਅਰਥ ਹੈ ਸਿਖ ਮਤ ਦੇ ਵਿਪਰੀਤ ਕਿਸੇ ਹੋਰ ਧਰਮ ਨੂੰ ਮੰਨਣ ਵਾਲੇ। ਗੁਰਮਤਿ ਵਿਚ ਕਿਸੇ ਨਾਲ ਵਿਤਕਰਾ ਨਹੀਂ ਹੈ ਪਰ ਅਨੰਦ ਕਾਰਜ ਆਪਣੇ ਇਸ਼ਟ ਨੂੰ ਹਾਜ਼ਰ ਨਾਜ਼ਰ ਜਾਣ ਕੇ ਉਸ ਅੱਗੇ ਸਮਰਪਿਤ ਹੋਣਾ ਹੈ। ਹੁਣ ਉਹ ਵਿਅਕਤੀ ਜਿਸਦਾ ਅਧਿਆਤਮਕ ਤੌਰ 'ਤੇ ਗੁਰੂ ਨਾਲ ਇਸ਼ਟ ਅਤੇ ਸਿੱਖ ਦਾ ਰਿਸ਼ਤਾ ਹੀ ਨਹੀਂ ਹੈ ਤਾਂ ਫ਼ਿਰ ਇਹ ਅਨੰਦ ਕਾਰਜ, ਲਾਵਾਂ ਅਤੇ ਪਰਿਕਰਮਾ ਕਰਨੀਆਂ ਕੇਵਲ ਵਿਖਾਵਾ ਮਾਤਰ ਹੀ ਹੈ। ਇਸ ਦੇ ਨਾਲ ਹੀ ਅਨੰਦ ਕਾਰਜ ਕਾਨੂੰਨੀ ਤੌਰ 'ਤੇ ਵੀ ਸਿੱਖ ਦੇ ਵਿਆਹ ਦਾ ਕਾਨੂੰਨ ਹੈ ਅਤੇ ਸਿੱਖਾਂ 'ਤੇ ਹੀ ਲਾਗੂ ਹੈ। ਅਨ-ਧਰਮ ਵਾਲਿਆਂ 'ਤੇ ਇਹ ਲਾਗੂ ਨਹੀਂ ਹੈ। ਇਸ ਤਰ੍ਹਾਂ ਇਹ ਕਈ ਕਾਨੂੰਨੀ ਉਲਝਣਾਂ ਵੀ ਖੜੀਆਂ ਕਰ ਸਕਦਾ ਹੈ।

(ਛ) ਲੜਕੇ ਜਾਂ ਲੜਕੀ ਦਾ ਸੰਜੋਗ ਪੈਸਾ ਲੈ ਕੇ ਨਾ ਕਰੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੪)

ਅਨੰਦ ਕਾਰਜ ਇਕ ਰੂਹਾਨੀ ਰਹਿਮਤ ਹੈ। ਇਸਨੂੰ ਵਪਾਰ ਨਹੀਂ ਸਮਝਣਾ ਚਾਹੀਦਾ। ਗੁਰਬਾਣੀ ਨੇ ਪ੍ਰਚਲਤ ਪਰਿਪਾਟੀ ਦਾ ਜ਼ਿਕਰ ਕੀਤਾ ਹੈ ਕਿ ਲੋਕ ਤਾਂ ਬੱਚਿਆਂ ਦੇ ਸੌਦੇ ਕਰੀ ਜਾ ਰਹੇ ਹਨ।

ਕੋ ਹੈ ਲਰਿਕਾ ਬੇਚਈ ਲਰਿਕੀ ਬੇਚੈ ਕੋਇ ॥
ਸਾਝਾ ਕਰੈ ਕਬੀਰ ਸਿਉ ਹਰਿ ਸੰਗਿ ਬਨਜੁ ਕਰੇਇ ॥੪੩॥

(ਸਲੋਕ ਕਬੀਰ ਜੀ, ਅੰਗ ੧੩੬੬)

ਅਸਿੱਧੇ ਤੌਰ 'ਤੇ ਵੀ ਗੁਣ ਔਗੁਣ ਅਤੇ ਸਿੱਖੀ ਦੀ ਵਿਚਾਰ ਦੇ ਬਿਨਾਂ ਕੇਵਲ ਪੈਸੇ ਜਾਂ ਧਨ ਦੀ ਚਕਾਚੌਂਧ ਨਾਲ ਹੀ ਰਿਸ਼ਤਾ ਕਰਨਾ ਇਸੇ ਮੱਦ ਵਿਚ ਆਉਂਦਾ ਹੈ। ਭਾਈ ਚਉਪਾ ਸਿੰਘ ਜੀ ਦੇ ਰਹਿਤਨਾਮੇ ਵਿਚ ਜ਼ਿਕਰ ਹੈ, 'ਨਾਤਾ ਸਿੱਖੀ ਦਾ।'

(ਜ) ਜੇ ਬਾਲਕੀ ਦੇ ਮਾਪੇ ਕਦਾਂਚ ਸਬੱਬ ਪਾਇ ਕੈ ਬਾਲਕੀ ਦੇ ਗ੍ਰਹਿ ਵਿਖੇ ਜਾਣ ਅਤੇ ਉਥੇ ਪ੍ਰਸ਼ਾਦਿ ਤਿਆਰ ਹੋਵੇ, ਤਾਂ ਖਾਣ ਤੋਂ ਸੰਕੋਚਣਾ ਨਹੀਂ। ਅੰਨ ਨਾ ਖਾਣਾ ਸਭ ਭਰਮ ਹੈ।

SikhBookClub.com

ਖ਼ਾਲਸੇ ਨੂੰ, ਖਾਣਾ ਖਲਾਵਣਾ ਸ੍ਰੀ ਗੁਰੂ ਬਾਬੇ ਅਕਾਲ ਪੁਰਖ ਬਖਸ਼ਿਆ ਹੈ। ਬੇਟੀ ਬੇਟੇ ਵਾਲੇ ਆਪਸ ਮੇਂ ਖਾਂਦੇ ਰਹਿਣ, ਇਸੇ ਵਾਸਤੇ, ਜੋ ਗੁਰੂ ਨੇ ਦੋਵੇਂ ਸਾਕ ਇਕ ਕੀਤੇ ਹੈਨ।[11]

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ: ੨੪)

ਪੁਰਾਣੇ ਵਿਚਾਰ ਪ੍ਰਚਲਤ ਸਨ ਕਿ ਧੀ ਦੇ ਘਰ ਦਾ ਪਾਣੀ ਨਹੀਂ ਪੀਣਾ ਆਦਿ। ਧੋਤੇ ਅਤੇ ਪੁਤੇਤੇ ਵਿਚ ਫ਼ਰਕ ਨਹੀਂ ਕੀਤਾ ਜਾ ਸਕਦਾ। ਗੁਰੂ ਦੀ ਕਿਰਪਾ ਨਾਲ ਅਨੰਦ ਕਾਰਜ ਰਾਹੀਂ ਦੋ ਪਰਿਵਾਰਾਂ ਦਾ ਰਿਸ਼ਤਾ ਜੁੜਿਆ ਹੈ। ਇਸ ਲਈ ਭਰਮ ਨਹੀਂ ਕਰਨਾ।

(ਝ) ਜਿਸ ਇਸਤਰੀ ਦਾ ਭਰਤਾ ਕਾਲ-ਵੱਸ ਹੋ ਜਾਵੇ, ਉਹ ਚਾਹੇ ਤਾਂ ਯੋਗ ਵਰ ਦੇਖ ਕੇ ਪੁਨਰ ਸੰਜੋਗ ਕਰ ਲਵੇ। ਸਿੱਖ ਦੀ ਇਸਤਰੀ ਮਰ ਜਾਵੇ ਤਾਂ ਉਸ ਲਈ ਭੀ ਇਹੋ ਹੁਕਮ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੩)

ਪੁਰਾਣੀ ਭਾਰਤੀ ਸੰਸਕ੍ਰਿਤੀ ਵਿਚ ਪਤੀ ਦੀ ਮੌਤ ਦੇ ਬਾਅਦ ਉਸਦੀ ਵਿਧਵਾ ਲਈ ਜ਼ਿੰਦਗੀ ਨਰਕ ਤੋਂ ਵੀ ਬਦਤਰ ਹੋ ਜਾਂਦੀ ਸੀ। ਉਸ ਨੂੰ ਪਰਿਵਾਰ, ਰਿਸ਼ਤੇਦਾਰ ਅਤੇ ਸਮਾਜ ਤੋਂ ਬਾਹਰ ਕਰ ਦਿੱਤਾ ਜਾਂਦਾ ਸੀ। ਐਸੀ ਹਾਲਤ ਵਿਚ ਸਤੀ ਹੋ ਜਾਣਾ ਜਾਂ ਫ਼ਿਰ ਦੇਵ ਦਾਸੀ ਦੀ ਜ਼ਿੰਦਗੀ ਬਤੀਤ ਕਰਨੀ ਉਸਦਾ ਭਾਗ ਬਣ ਜਾਂਦਾ ਸੀ। ਗੁਰੂ ਅਮਰਦਾਸ ਜੀ ਨੇ ਕਿਰਪਾ ਕੀਤੀ ਅਤੇ ਇਸ ਅਮਾਨਵੀ ਪ੍ਰੰਪਰਾ ਤੋਂ ਪੂਰੀ ਤਰ੍ਹਾਂ ਵਰਜਿਤ ਕੀਤਾ।

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ ॥
ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ ॥੧॥

(ਮ. ੩, ੭੮੭)

ਸਨਮਾਨਯੋਗ ਜੀਵਨ ਲਈ ਉਸਦੇ ਪੁਨਰ ਸੰਜੋਗ ਦੀ ਗੁਰਮਤਿ ਨੇ ਆਗਿਆ ਦਿੱਤੀ। ਇਹ ਉਸ ਸਮੇਂ ਦੇ ਪੈਮਾਨੇ ਨਾਲ ਇਕ ਬਹੁਤ ਵੱਡਾ ਕ੍ਰਾਂਤੀਕਾਰੀ ਕਦਮ ਸੀ। ਇਸ ਦੇ ਨਾਲ ਪਤੀ ਅਤੇ ਪਤਨੀ ਦੋਹਾਂ ਲਈ ਇੱਕੋ ਮਰਯਾਦਾ ਸਥਾਪਤ ਕੀਤੀ।

(ਞ) ਪੁਨਰ ਵਿਆਹ ਦੀ ਵੀ ਇਹੋ ਰੀਤ ਹੈ, ਜੋ 'ਆਨੰਦ' ਲਈ ਉਤੇ ਦੱਸੀ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੪)

ਵਿਧਵਾ ਵਿਆਹ ਜਾਂ ਪੁਨਰ ਵਿਆਹ ਲਈ ਧਾਰਮਿਕ ਰਸਮ ਦੀ ਅਣਹੋਂਦ ਸੀ। ਇਸ ਲਈ ਪਤੀ ਜਾਂ ਪਤਨੀ ਦੀ ਮੌਤ ਦੇ ਬਾਅਦ ਵੱਖ ਵੱਖ ਇਲਾਕਿਆਂ ਵਿਚ ਦੂਜੀ ਥਾਵੇਂ ਵਿਆਹ ਲਈ ਸਮਾਜਕ ਤੌਰ 'ਤੇ ਚਾਦਰ ਪਾਉਣੀ, ਨਿਯੋਗ ਪ੍ਰਥਾ ਆਦਿ ਰਸਮਾਂ ਮੌਜੂਦ ਸਨ। ਮਸ਼ਹੂਰ ਲੋਕ ਗੀਤ ਵਿਚ ਪੰਜਾਬ ਦੀ ਇਸ ਰੀਤ ਦਾ ਜ਼ਿਕਰ ਹੈ,

ਕਿੱਕਲੀ ਕਲੀਰ ਦੀ, ਪੱਗ ਮੇਰੇ ਵੀਰ ਦੀ।
ਦੁਪੱਟਾ ਮੇਰੇ ਭਾਈ ਦਾ, ਫਿੱਟੇ ਮੂੰਹ ਜਵਾਈ ਦਾ।
ਗਈ ਸਾਂ ਮੈਂ ਗੰਗਾ, ਚੜ੍ਹਾ ਲਿਆਈ ਵੰਗਾਂ।
ਸਮਾਨੀ ਮੇਰਾ ਘੱਗਰਾ, ਮੈਂ ਕਿਸ ਕਿੱਲੀ ਟੰਗਾਂ।
ਨੀਂ ਮੈਂ ਏਸ ਕਿੱਲੀ ਟੰਗਾਂ, ਨੀਂ ਮੈਂ ਓਸ ਕਿੱਲੀ ਟੰਗਾਂ।

SikhBookClub.com

ਪਰ ਗੁਰਮਤਿ ਨੇ ਪਤੀ ਪਤਨੀ ਦਾ ਰਿਸ਼ਤਾ ਕਾਇਮ ਕਰਣ ਲਈ ਕੇਵਲ ਇਕ ਢੰਗ ਅਨੰਦ ਕਾਰਜ ਦਾ ਹੀ ਪ੍ਰਵਾਨ ਕੀਤਾ ਹੈ।

(ਟ) 'ਆਮ ਹਾਲਤਾਂ ਵਿਚ?' ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੪)

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰ੍ਹਾਂ ਦਰਜ਼ ਸੀ:-

(ਟ) ਸਿੱਖ ਨੂੰ ਇਕ ਇਸਤ੍ਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।

(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੧੨)

1936 ਵਾਲੀ ਸਿੱਖ ਰਹਿਤ ਮਰਯਾਦਾ ਵਿਚ ਇਹ ਤਬਦੀਲੀ ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕੱਤਰਤਾ ਮਿਤੀ 7 ਜਨਵਰੀ, 1945 ਦੇ ਮਤਾ ਨੰਬਰ 11 ਰਾਹੀਂ ਕੀਤੀ ਗਈ।

ਇਹ ਮਤਾ ਇਸ ਤਰ੍ਹਾਂ ਸੀ:-

> ***11. ਹੈਡਿੰਗ ਅਨੰਦ ਸੰਸਕਾਰ ਦਾ ਮੌਜੂਦਾ ਅੰਕ (2) ਹੇਠ ਲਿਖੇ ਅਨੁਸਾਰ ਕਰ ਦਿੱਤਾ ਜਾਵੇ। (2) ਆਮ ਹਾਲਤਾਂ ਵਿੱਚ ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਦਾ।***
>
> ***ਨੋਟ—ਇਸ ਅੰਕ 'ਤੇ ਬਹਿਸ ਦੇ ਦੌਰਾਨ ਪ੍ਰੋ. ਸ਼ੇਰ ਸਿੰਘ ਜੀ ਇਕੱਤਰਤਾ ਵਿੱਚੋਂ ਚਲੇ ਗਏ ਸਨ। ਪ੍ਰੋ. ਤੇਜਾ ਸਿੰਘ ਜੀ ਤੇ ਜਥੇਦਾਰ ਅੱਛਰ ਸਿੰਘ ਜੀ ਨੇ ਇਸ ਤਬਦੀਲੀ ਵਿਰੁੱਧ ਆਪਣੀ ਅਸੰਮਤੀ ਨੋਟ ਕਰਵਾਈ।***

ਤਬਦੀਲੀ

*ਇਸ ਮੱਦ ਵਿਚ ਲਫਜ਼ **'ਆਮ ਹਾਲਤਾਂ ਵਿਚ'** ਵਧਾਏ ਗਏ ਹਨ।*

1936 ਵਿਚ ਪ੍ਰਵਾਨ ਕੀਤੀ ਗਈ ਸਿੱਖ ਰਹਿਤ ਮਰਯਾਦਾ ਵਿਚ ਅੰਕਤ ਸੀ: ***'ਸਿਖ ਨੂੰ ਇਕ ਇਸਤ੍ਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।'*** ਇਸ ਵਿਚ 1945 ਦੇ ਮਤੇ ਰਾਹੀਂ ਸ਼ੁਰੂ ਵਿਚ ਲਫਜ਼ ***'ਆਮ ਹਾਲਤਾਂ ਵਿਚ'*** ਦਾ ਵਾਧਾ ਕਰ ਦਿੱਤਾ ਗਿਆ। ਇਸ ਤਰ੍ਹਾਂ ਨਵੀਂ ਮੱਦ ਹੋ ਗਈ, ***'ਆਮ ਹਾਲਤਾਂ ਵਿਚ ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।'***

ਤਬਦੀਲੀ ਤੋਂ ਪਹਿਲਾਂ ਸਪਸ਼ਟ ਰੂਪ ਵਿਚ ਇਕ ਇਸਤਰੀ ਦੇ ਹੁੰਦਿਆਂ ਦੂਸਰਾ ਵਿਆਹ ਕਰਨ ਦੀ ਮਨਾਹੀ ਦਰਜ ਸੀ। ਪਰ ਉਸ ਸਮੇਂ ਦੀ ਇਕਤ੍ਰਤਾ ਦੀ ਕਾਰਵਾਈ ਤੋਂ ਸਪਸ਼ਟ ਹੁੰਦਾ ਹੈ ਕਿ ਇਸ ਵਿਚ ਲਫ਼ਜ਼ 'ਆਮ ਹਾਲਤਾਂ ਵਿਚ' ਸ਼ਾਮਲ ਕਰਨ ਦੇ ਵਿਰੁੱਧ ਪ੍ਰੋ. ਤੇਜਾ ਸਿੰਘ ਜੀ ਅਤੇ ਜਥੇਦਾਰ ਅੱਛਰ ਸਿੰਘ ਜੀ ਨੇ ਅਸਹਿਮਤੀ ਅੰਕਤ ਕਰਵਾਈ ਅਤੇ ਨਾਲ ਹੀ ਪ੍ਰੋ. ਸ਼ੇਰ ਸਿੰਘ ਜੀ ਵੀ ਇਕੱਤਰਤਾ ਵਿਚੋਂ ਚਲੇ ਗਏ। ਪ੍ਰੋ. ਤੇਜਾ ਸਿੰਘ ਜੀ ਰਹੁ-ਰੀਤ ਕਮੇਟੀ ਦੇ ਕਨਵੀਨਰ ਸਨ ਅਤੇ ਜਥੇਦਾਰ ਅੱਛਰ ਸਿੰਘ ਜੀ ਸ੍ਰੀ ਅਕਾਲ ਤਖ਼ਤ

SikhBookClub.com

ਸਾਹਿਬ ਦੇ ਜਥੇਦਾਰ ਸਨ। ਇਸਦੇ ਨਾਲ ਹੀ ਗਿਆਨੀ ਸ਼ੇਰ ਸਿੰਘ ਜੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੀ ਰਹਿ ਚੁਕੇ ਸਨ।

ਇਕ ਹੋਰ ਅਹਿਮ ਨੁਕਤਾ ਬਹੁਤ ਹੀ ਮਹੱਤਵਪੂਰਨ ਹੈ ਕਿ 'ਆਮ ਹਾਲਤਾਂ' ਕੀ ਹਨ ਅਤੇ 'ਖ਼ਾਸ ਹਾਲਤਾਂ' ਕੀ ਹਨ ਇਸਦੀ ਕੋਈ ਵਿਆਖਿਆ ਨਹੀਂ ਕੀਤੀ ਗਈ ਹੈ ਅਤੇ ਸ਼ਾਇਦ ਕੀਤੀ ਵੀ ਨਹੀਂ ਜਾ ਸਕਦੀ।

ਇਸ ਦੇ ਨਾਲ ਹੀ ਇਕ ਕਾਨੂੰਨੀ ਕੁੰਡਾ ਵੀ ਹੈ। ਉਸ ਸਮੇਂ ਇਸ ਬਾਰੇ ਕੋਈ ਕਾਨੂੰਨੀ ਅੜਚਣ ਨਹੀਂ ਸੀ ਪਰ ਹੁਣ ਕਿਸੇ ਵੀ ਦੇਸ਼ ਵਿਚ ਬਹੁ ਵਿਵਾਹ polygamy ਜਾਂ polyandry (ਇਕ ਤੋਂ ਵੱਧ ਪਤੀ ਜਾਂ ਪਤਨੀ) ਜਾਂ ਸਵਾਮੀ ਦਯਾ ਨੰਦ ਵੱਲੋਂ ਸੁਝਾਈ ਗਈ ਨਿਯੋਗ ਰੀਤੀ ਦੀ ਇਜਾਜ਼ਤ ਨਹੀਂ ਹੈ ਅਤੇ ਇਹ ਇਕ ਕਾਨੂੰਨੀ ਅਪਰਾਧ ਹੈ। ਕੁੱਝ ਕੁ ਦੇਸ਼ਾਂ ਵਿਚ ਇਸਲਾਮ ਦੇ ਪੈਰੋਕਾਰਾਂ ਲਈ ਇਸ ਤੋਂ ਛੋਟ ਹੈ ਕਿ ਇਕ ਮੁਸਲਮਾਨ ਪਤੀ ਇਕ ਤੋਂ ਵੱਧ ਵਿਆਹ ਕਰ ਸਕਦਾ ਹੈ। ਸਿੱਖ ਰਹਿਤ ਮਰਯਾਦਾ ਵਿਚ ਇਹ ਮੱਦ ਅੰਕਤ ਹੋਣ ਦੇ ਬਾਵਜੂਦ ਇਸ ਨੂੰ ਅਮਲ ਵਿਚ ਨਹੀਂ ਲਿਆਇਆ ਜਾ ਸਕਦਾ। ਜੇਕਰ ਕੋਈ ਇਸ ਤਰ੍ਹਾਂ ਕਰਦਾ ਹੈ ਤਾਂ ਇਹ ਦੰਡ ਯੋਗ ਅਪਰਾਧ ਹੈ। ਇਸ ਮੱਦ ਵਿਚ ਇਹ ਛੋਟ ਦੇਣ ਦੀ ਲੋੜ ਕਿਉਂ ਪਈ ਇਹ ਸਪਸ਼ਟ ਨਹੀਂ ਹੋ ਸਕਿਆ। ਜਦੋਂ ਇਹ ਤਰਮੀਮ ਕੀਤੀ ਗਈ ਸੀ ਤਾਂ ਉਸ ਸਮੇਂ ਦੀ ਕਾਰਵਾਈ ਤੋਂ ਵੀ ਸਪਸ਼ਟ ਹੈ ਕਿ ਇਸ ਬਾਰੇ ਸਪਸ਼ਟ ਤੌਰ 'ਤੇ ਅਸਹਿਮਤੀ ਸੀ। ਜੇ ਗੁਰੂ ਪੰਥ ਚਾਹੇ ਤਾਂ ਇਸ ਵਿਚ ਸੋਧ ਬਾਰੇ ਵਿਚਾਰ ਕਰ ਸਕਦਾ ਹੈ।

(ਠ) ਅੰਮ੍ਰਿਤਧਾਰੀ ਸਿੰਘ ਨੂੰ ਚਾਹੀਦਾ ਹੈ ਕਿ ਆਪਣੀ ਸਿੰਘਣੀ ਨੂੰ ਭੀ ਅੰਮ੍ਰਿਤ ਛਕਾ ਲਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੪)

ਅਨੰਦ ਕਾਰਜ ਸਮੇਂ ਕਈ ਵਾਰ ਇਹ ਕਿਹਾ ਜਾਂਦਾ ਹੈ ਕਿ ਬੱਚੇ ਬੱਚੀ ਦੋਹਾਂ ਨੇ ਅੰਮ੍ਰਿਤ ਪਾਨ ਕੀਤਾ ਹੋਵੇ। ਪਰ ਸਿੱਖ ਰਹਿਤ ਮਰਯਾਦਾ ਦੀ ਇਸ ਮੱਦ ਵਿਚ ਅੰਕਤ ਹੈ ਕਿ ਅੰਮ੍ਰਿਤਧਾਰੀ ਸਿੰਘ ਨੂੰ ਚਾਹੀਦਾ ਹੈ ਕਿ ਆਪਣੀ ਸਿੰਘਣੀ ਨੂੰ ਭੀ ਅੰਮ੍ਰਿਤ ਛਕਾ ਲਵੇ। ਇਸ ਦਾ ਅਰਥ ਹੈ ਕਿ ਅਨੰਦ ਕਾਰਜ ਵੇਲੇ ਇਹ ਲਾਜ਼ਮੀ ਨਹੀਂ ਹੈ। ਹਾਂ ਜਦੋਂ ਉਹ ਉਸਦੀ ਸਿੰਘਣੀ ਹੋ ਜਾਏ ਤਾਂ ਉਹ ਆਪਣੀ ਸਿੰਘਣੀ ਨੂੰ ਭੀ ਅੰਮ੍ਰਿਤ ਛਕਾ ਲਵੇ। ਇਸ ਦਾ ਅਰਥ ਹੈ ਕਿ ਅਨੰਦ ਕਾਰਜ ਦੇ ਸਮੇਂ ਦੋਨਾਂ ਦਾ ਅੰਮ੍ਰਿਤਧਾਰੀ ਹੋਣਾ ਲਾਜ਼ਮੀ ਨਹੀ।

੩. ਮਿਰਤਕ ਸੰਸਕਾਰ

(ੳ) ਪ੍ਰਾਣੀ ਨੂੰ ਮਰਨ ਵੇਲੇ- ਜੇ ਮੰਜੇ 'ਤੇ ਹੋਵੇ ਤਾਂ—ਹੇਠ ਨਹੀਂ ਉਤਾਰਨਾ, ਦੀਵਾ-ਵੱਟੀ, ਗਊ ਮਣਸਾਉਣਾ ਜਾਂ ਹੋਰ ਕੋਈ ਮਨਮਤ ਸੰਸਕਾਰ ਨਹੀਂ ਕਰਨਾ। ਕੇਵਲ ਗੁਰਬਾਣੀ ਦਾ ਪਾਠ ਕਰਨਾ ਜਾਂ 'ਵਾਹਿਗੁਰੂ' 'ਵਾਹਿਗੁਰੂ' ਕਰਨਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੫)

ਮੰਜੇ ਤੋਂ ਹੇਠਾਂ ਉਤਾਰਨਾ

ਮਿਰਤਕ ਸੰਸਕਾਰ ਸ਼ਖਸੀ ਰਹਿਣੀ ਦਾ ਤੀਸਰਾ ਅਤੇ ਅਖ਼ੀਰਲਾ ਸੰਸਕਾਰ ਹੈ। ਪੁਰਾਤਨ

SikhBookClub.com

ਪ੍ਰਚਲਤ ਵਿਚਾਰਾਂ ਅਨੁਸਾਰ ਮੰਜੇ ਉੱਤੇ ਹੋਈ ਮੌਤ ਬਾਰੇ ਹਿੰਦੂਆਂ ਅਤੇ ਮੁਸਲਮਾਨਾਂ ਦੇ ਵਿਚਾਰ ਵੱਖ ਸਨ। ਹਿੰਦੂ ਇਸ ਗੱਲ ਲਈ ਯਤਨ ਕਰਦੇ ਸਨ ਕਿ ਬੰਦੇ ਦੀ ਮੌਤ ਜ਼ਮੀਨ 'ਤੇ ਹੋਏ ਕਿਉਂ ਕਿ ਉਹਨਾਂ ਦੀ ਸਮਝ ਮੁਤਾਬਕ ਧਰਤੀ ਅਤੇ ਆਕਾਸ਼ ਦੇ ਵਿਚਕਾਰ ਭੂਤਾਂ ਪ੍ਰੇਤਾਂ ਦਾ ਵਾਸਾ ਹੈ। ਇਸ ਲਈ ਜੇਕਰ ਮੰਜੇ ਉੱਤੇ ਜੀਵ ਪ੍ਰਾਣ ਤਿਆਗਦਾ ਹੈ ਤਾਂ ਉਹ ਭੂਤ ਪ੍ਰੇਤ ਬਣੇਗਾ। ਗੁਰਮਤਿ ਨੇ ਇਸ ਭਰਮ ਨੂੰ ਤੋੜਨ ਲਈ ਇਸ ਨੂੰ ਮਨਮਤ ਕਰਾਰ ਦਿੱਤਾ।

ਦੀਵਾ ਵੱਟੀ

ਬ੍ਰਾਹਮਣ ਦੇ ਕਰਮਕਾਂਡ ਦੀ ਕਿ ਹੋਰ ਰੀਤ ਸੀ, ਮਰੇ ਪ੍ਰਾਣੀ ਦੇ ਹੱਥ 'ਤੇ ਦੀਵਾ ਬਾਲ ਕੇ ਰੱਖਣਾ। ਮਨੌਤ ਇਹ ਸੀ ਇਹ ਉਸ ਨੂੰ ਜਮਪੁਰੀ ਜਾਣ ਲੱਗਿਆਂ ਹਨੇਰੇ ਵਿਚ ਰਾਹ ਵਿਖਾਏਗਾ। ਗੁਰੂ ਸਾਹਿਬ ਨੇ ਬਖਸ਼ਿਸ਼ ਕੀਤੀ ਕਿ ਉਸ ਅੰਧਿਆਰੇ ਮਾਰਗ ਵਿਚ ਕੇਵਲ ਵਾਹਿਗੁਰੂ ਦਾ ਨਾਮ ਹੀ ਸਹਾਈ ਹੋਏਗਾ। ਹੋਰ ਕੁੱਝ ਵੀ ਨਹੀਂ।

ਜਿਹ ਪੈਡੈ ਮਹਾ ਅੰਧ ਗੁਬਾਰਾ ॥
ਹਰਿ ਕਾ ਨਾਮੁ ਸੰਗਿ ਉਜਿਆਰਾ ॥

(ਅੰਗ ੨੬੪)

ਗਊ ਮਣਸਾਉਣਾ

ਬਿਪ੍ਰਵਾਦ ਦੀ ਇਕ ਹੋਰ ਰਸਮ ਸੀ ਗਊ ਮਣਸਾਉਣ ਦੀ। ਇਸ ਵਿਚ ਮਰ ਰਹੇ ਜਜਮਾਨ ਦੇ ਹੱਥਾਂ ਨਾਲ ਗਊ ਦੀ ਪੂਛ ਫੜ ਕੇ ਉਹ ਗਊ ਕਿਸੇ ਬ੍ਰਾਹਮਣ ਨੂੰ ਦਾਨ ਦਿੱਤੀ ਜਾਂਦੀ ਹੈ। ਉਹਨਾਂ ਦੇ ਵਿਸ਼ਵਾਸ ਮੁਤਾਬਕ ਗਊ ਉਸ ਨੂੰ ਭਵਸਾਗਰ ਤੋਂ ਪਾਰ ਉਤਾਰ ਦੇਵੇਗੀ। ਇਤਨਾ ਹੀ ਨਹੀਂ ਹਿੰਦੂ ਮਤ ਵਿਚ ਨਾ ਕੇਵਲ ਗਊ ਬਲਕਿ ਉਸਦੇ ਗੋਬਰ ਅਤੇ ਗਊ-ਮੂਤਰ ਨੂੰ ਵੀ ਪਵਿੱਤਰ ਕਰ ਕੇ ਮੰਨਿਆ ਜਾਂਦਾ ਹੈ। ਸੂਤਕ ਦੇ ਵਹਿਮ ਨੂੰ ਕੱਢਣ ਲਈ ਗਊ ਦੇ ਗੋਬਰ ਦਾ ਪੋਚਾ ਮਾਰਿਆ ਜਾਂਦਾ ਹੈ । ਇਸੇ ਤਰ੍ਹਾਂ ਗੋਬਰ ਅਤੇ ਗਊ-ਮੂਤਰ ਨੂੰ ਹੋਰ ਚੀਜ਼ਾਂ ਵਿਚ ਰਲਾ ਕੇ ਪੰਚ ਗਵਯ ਬਣਾਇਆ ਜਾਂਦਾ ਹੈ। ਸ਼ਾਸਤਰਾਂ ਅਨੁਸਾਰ ਇਸ ਦਾ ਸੇਵਨ ਕਈ ਪਾਪਾਂ ਦਾ ਨਾਸ਼ਕਾਰੀ ਮੰਨਿਆ ਗਿਆ ਹੈ। ਅਲਬੱਤਾ ਸ਼ੂਦਰ ਨੂੰ ਇਸ ਦੇ ਸੇਵਨ ਦਾ ਅਧਿਕਾਰ ਨਹੀਂ ਹੈ। ਸੋ ਬਿਪ੍ਰਵਾਦ ਨੇ ਜਿੱਥੇ ਗੋਬਰ ਨੂੰ ਪਾਰ ਉਤਾਰਣ ਵਾਲਾ ਮੰਨਿਆ ਹੈ ਉੱਥੇ ਗੁਰਮਤਿ ਨੇ ਇਸ ਨੂੰ ਪਖੰਡ ਕਰਮ ਜਾਣ ਕੇ ਪੂਰੀ ਤਰ੍ਹਾਂ ਰੱਦ ਕਰਦਿਆਂ ਹੁਕਮ ਕੀਤਾ, ***"ਮ:੧ ॥ ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥"*** (ਅੰਗ 471) ਵਾਹਿਗੁਰੂ ਦਾ ਨਾਮ ਹੀ ਤਾਰਨਹਾਰ ਹੈ, ਇਹ ਗੋਬਰ ਤੁਹਾਨੂੰ ਤਾਰ ਨਹੀਂ ਸਕਦਾ।

(ਅ) ਪ੍ਰਾਣੀ ਦੇ ਦੇਹ ਤਿਆਗਣ 'ਤੇ ਧਾਹ ਨਹੀਂ ਮਾਰਨੀ, ਪਿੱਟਣਾ, ਜਾਂ ਸਿਆਪਾ ਨਹੀਂ ਕਰਨਾ, ਮਨ ਨੂੰ ਵਾਹਿਗੁਰੂ ਦੀ ਰਜ਼ਾ, ਵਿਚ ਲਿਆਉਣ ਲਈ ਗੁਰਬਾਣੀ ਦਾ ਪਾਠ ਜਾਂ ਵਾਹਿਗੁਰੂ ਦਾ ਜਾਪ ਕਰੀ ਜਾਣਾ ਚੰਗਾ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੫)

ਮਿਰਤਕ ਪ੍ਰਾਣੀ ਦੇ ਵਿਜੋਗ ਵਿਚ ਦੁਖ ਜਾਂ ਵਿਛੋੜਾ ਤਾਂ ਕੁਦਰਤੀ ਹੈ ਪਰ ਪੰਜਾਬ ਦੀ ਇਕ ਹੋਰ ਰਸਮ ਸੀ, ਮਿਰਤਕ ਪ੍ਰਾਣੀ ਦੇ ਨਮਿੱਤ ਪਿੱਟਣਾ ਜਾਂ ਸਿਆਪਾ ਕਰਨਾ। ਇਸ ਲਈ

SikhBookClub.com

ਉਚੇਚੇ ਤੌਰ 'ਤੇ ਵੈਣ ਪਾਉਣ ਅਤੇ ਵਿਰਲਾਪ ਕਰਨ ਲਈ ਔਰਤਾਂ ਹੁੰਦੀਆਂ ਸਨ। ਉਹ ਮਾਹੌਲ ਨੂੰ ਕਰੁਣਾਮਈ ਬਣਾਉਣ ਲਈ ਕਈ ਕਿਸਮ ਨਾਲ ਸੁਰ ਤਾਲ ਵਿਚ ਵੈਣ ਪਾਂਦੀਆਂ ਸਨ ਅਤੇ ਨਾਲ ਹੀ ਸਿਰ, ਮੱਥੇ ਅਤੇ ਛਾਤੀ 'ਤੇ ਦੋਹੱਥੜ ਮਾਰ ਮਾਰ ਕੇ ਧਾਹਾਂ ਮਾਰਦੀਆਂ ਸਨ। ਕਈ ਵਾਰ ਤਾਂ ਉਹਨਾਂ ਦੇ ਸਰੀਰ ਤੇ ਨੀਲ ਤਕ ਵੀ ਪੈ ਜਾਂਦੇ ਸਨ। ਪਰ ਉਹਨਾਂ ਨੂੰ ਇਸ ਕੰਮ ਲਈ ਉਜਰਤ ਮਿਲਦੀ ਸੀ। ਗੁਰਮਤਿ ਤਾਂ ਹੈ ਹੀ ਭਾਣਾ ਮੰਨਣ ਦਾ ਮਾਰਗ।

ਆਵਨ ਜਾਨੁ ਇਕੁ ਖੇਲੁ ਬਨਾਇਆ ॥
ਆਗਿਆਕਾਰੀ ਕੀਨੀ ਮਾਇਆ ॥

(ਗਉੜੀ ਸੁਖਮਨੀ ਮ. ੫, ੨੯੫)

ਇਸ ਲਈ ਬਨਾਵਟੀ ਤੌਰ 'ਤੇ ਰੋਵਣ ਪਿੱਟਣ ਦੇ ਡਰਾਮੇ ਬਾਰੇ ਤਾਂ ਹਜ਼ੂਰ ਨੇ ਫ਼ੁਰਮਾਨ ਦਿੱਤਾ :

ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ ॥
ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ ॥੩॥

(ਮ. ੧, ਅੰਗ ੪੧੮)

ਨਾਦਰ ਦੇ ਹਮਲੇ ਵੇਲੇ ਲਾਹੌਰ ਦੇ ਸੂਬੇਦਾਰ ਨੇ ਉਸ ਨੂੰ ਸਿੱਖਾਂ ਬਾਰੇ ਜੋ ਜੋ ਦੱਸਿਆ ਉਸ ਵਿਚ ਇਕ ਤੱਥ ਬਹੁਤ ਹੀ ਦਿਲਚਸਪ ਢੰਗ ਨਾਲ ਦੱਸਦਾ ਹੈ ਕਿ ਇਹ ਅਜੀਬ ਲੋਕ ਹਨ। ਇਹਨਾਂ ਦਾ ਜੇ ਕੋਈ ਨੇੜਲਾ ਮਰ ਜਾਂਦਾ ਹੈ ਤਾਂ ਇਹ ਰੋਂਦੇ ਪਿੱਟਦੇ ਨਹੀਂ ਬਲਕਿ ਰੱਬ ਦਾ ਭਾਣਾ ਮੰਨ ਕੇ ਸਬਰ ਕਰਦੇ ਅਤੇ ਨਾਲ ਹੀ ਕੜਾਹ ਬਣਾ ਕੇ ਵੰਡਦੇ ਹਨ।

ਪਢਤ ਅਨੰਦ ਮਨਿੰਦਨ ਕਾਹੈ।
ਮਰੈਂ ਤੁ ਹਲੂਆ ਕਰਕੈ ਖਾਹੈਂ।
ਰੋਵਣ ਪੀਟਣ ਕਬੀ ਨ ਜਾਨਤ।
ਇਕ ਅਕਾਲ ਕਾ ਭਾਣਾ ਮਾਨਤ।

(ੲ) ਪ੍ਰਾਣੀ ਭਾਵੇਂ ਛੋਟੀ ਤੋਂ ਛੋਟੀ ਉਮਰ ਦਾ ਹੋਵੇ, ਸੋ ਭੀ ਸਸਕਾਰਨਾ ਚਾਹੀਏ। ਜਿੱਥੇ ਸਸਕਾਰ ਦਾ ਪ੍ਰਬੰਧ ਨਾ ਹੋ ਸਕੇ ਉਥੇ ਜਲ ਪ੍ਰਵਾਹ ਜਾਂ ਹੋਰ ਤਰੀਕਾ ਵਰਤਣ ਤੋਂ ਸ਼ੰਕਾ ਨਹੀਂ ਕਰਨੀ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੫)

"ਬਾਰੇ ਬੂਢੇ ਤਰੁਨੇ ਭਈਆ ਸਭਹੂ ਜਮੁ ਲੈ ਜਈਹੈ ਰੇ ॥" (ਭ. ਕਬੀਰ ਜੀ 855)
ਸੰਸਾਰ ਵਿਚ ਆਏ ਹਰ ਪ੍ਰਾਣੀ ਦੀ ਯਾਤਰਾ ਦਾ ਅੰਤ ਨਿਸਚਿਤ ਹੈ। ਮਰਯਾਦਾ ਮੁਤਾਬਕ ਹਰ ਮਿਰਤਕ ਪ੍ਰਾਣੀ, ਭਾਵੇਂ ਉਹ ਕਿਸੇ ਵੀ ਉਮਰ ਦਾ ਹੋਵੇ ਉਸਦਾ ਸਸਕਾਰ ਹੀ ਕਰਨਾ ਚਾਹੀਦਾ ਹੈ। ਪਰ ਇਸ ਵਿਚ ਵੀ ਭਰਮ ਨਹੀਂ ਹੈ। ਜੇਕਰ ਹਾਲਾਤ ਐਸੇ ਹੋਣ ਜਿੱਥੇ ਸਸਕਾਰ ਨਹੀਂ ਹੋ ਸਕਦਾ ਹੋਵੇ ਤਾਂ ਫ਼ਿਰ ਜਲ ਪ੍ਰਵਾਹ ਜਾਂ ਹੋਰ ਕੋਈ ਵੀ ਤਰੀਕਾ ਵਰਤਣ ਬਾਰੇ ਕੋਈ ਮਨਾਹੀ ਨਹੀਂ ਹੈ। ਭਾਈ ਮਰਦਾਨਾ ਜੀ ਨੂੰ ਵੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪੁੱਛਿਆ ਸੀ ਕਿ ਆਪ ਦਾ ਸਰੀਰ ਦਾ ਕਿਸ ਤਰੀਕੇ ਨਾਲ ਸਸਕਾਰ ਕੀਤਾ ਜਾਏ ਤਾਂ ਮਰਦਾਨਾ ਜੀ ਦਾ ਜਵਾਬ ਸੀ, ਜਦ ਤੱਤ ਹੀ ਨਿਕਲ ਗਿਆ ਤਾਂ ਫ਼ਿਰ ਸਾੜੋ, ਰੋੜ੍ਹੋ, ਸੁੱਟੋ, ਦੱਬੋ ਕੀ ਫ਼ਰਕ ਪੈਂਦਾ ਹੈ।

SikhBookClub.com

(ਸ) ਸਸਕਾਰਨ ਲਈ ਦਿਨ ਜਾਂ ਰਾਤ ਦਾ ਭਰਮ ਨਹੀਂ ਕਰਨਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੫)

ਹਿੰਦੂ ਧਰਮ ਸ਼ਾਸਤ੍ਰਾਂ ਮੁਤਾਬਕ ਰਾਤ ਵੇਲੇ ਅਸੁਰੀ ਸ਼ਕਤੀਆਂ ਪ੍ਰਬਲ ਹੁੰਦੀਆਂ ਹਨ ਅਤੇ ਜੇਕਰ ਪ੍ਰਾਣੀ ਦਾ ਸਸਕਾਰ ਰਾਤ ਨੂੰ ਕੀਤਾ ਜਾਏ ਤਾਂ ਉਸਦੀ ਆਤਮਾ ਨੂੰ ਮੁਕਤੀ ਦੇ ਮਾਰਗ 'ਤੇ ਜਾਣ ਵਿਚ ਰੁਕਾਵਟ ਪੈਦਾ ਹੁੰਦੀ ਹੈ। ਇਸ ਦੇ ਨਾਲ ਹੀ ਐਸਾ ਵਿਅਕਤੀ ਅਗਲੇ ਜਨਮ ਵਿਚ ਅੰਗ ਭੰਗ ਹੁੰਦਾ ਹੈ ਅਤੇ ਕਸ਼ਟ ਭੋਗਦਾ ਹੈ। ਗੁਰਮਤਿ ਨੇ ਇਸ ਭਰਮ ਰੂਪ ਵਹਿਮ ਨੂੰ ਪੂਰੀ ਤਰ੍ਹਾਂ ਰੱਦ ਕੀਤਾ ਹੈ। ***ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥*** (ਅੰਗ 8) ਇਸ ਲਈ ਮਰਯਾਦਾ ਅਨੁਸਾਰ ਸਸਕਾਰ ਕਰਨ ਲਈ ਦਿਨ ਤੇ ਰਾਤ ਦਾ ਭਰਮ ਨਹੀਂ ਕਰਨਾ ਹੈ।

(ਹ) ਮ੍ਰਿਤਕ ਸਰੀਰ ਨੂੰ ਇਸ਼ਨਾਨ ਕਰਾ ਕੇ ਸੁਅੱਛ ਬਸਤ੍ਰ ਪਾਏ ਜਾਣ ਤੇ ਕਕਾਰ ਜੁਦਾ ਨਾ ਕੀਤੇ ਜਾਣ। ਫਿਰ ਤਖ਼ਤੇ ਉਤੇ ਪਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਵੇ। ਫਿਰ ਅਰਥੀ ਨੂੰ ਚੁੱਕ ਕੇ ਸ਼ਮਸ਼ਾਨ ਭੂਮੀ ਵਲ ਲਿਜਾਇਆ ਜਾਵੇ। ਨਾਲ ਵੈਰਾਗਮਈ ਸ਼ਬਦਾਂ ਦਾ ਉਚਾਰਨ ਕੀਤਾ ਜਾਵੇ। ਸਸਕਾਰ ਦੀ ਥਾਂ 'ਤੇ ਪਹੁੰਚ ਕੇ ਚਿਖਾ ਰਚੀ ਜਾਵੇ। ਫਿਰ ਸਰੀਰ ਨੂੰ ਅਗਨੀ ਭੇਟਾ ਕੇ ਪੁੱਤਰ ਜਾਂ ਕੋਈ ਹੋਰ ਸੰਬੰਧੀ ਜਾਂ ਹਿਤੂ ਆਦਿ ਅਗਨੀ ਲਾ ਦੇਵੇ। ਸੰਗਤ ਕੁੱਝ ਵਿਥ 'ਤੇ ਬਹਿ ਕੇ ਕੀਰਤਨ ਕਰੇ ਜਾ ਵੈਰਾਗਮਈ ਸ਼ਬਦ ਪੜ੍ਹੇ। ਜਦ ਅੰਗੀਠਾ ਪੂਰੀ ਤਰਾਂ ਬਲ ਉਠੇ ਤਾਂ (ਕਪਾਲਿ ਕਿਰਿਆ ਆਦਿ ਕਰਨਾ ਮਨਮਤ ਹੈ), ਕੀਰਤਨ ਸੋਹਿਲੇ ਦਾ ਪਾਠ ਕਰ ਕੇ ਅਰਦਾਸਾ ਸੋਧ ਕੇ ਸੰਗਤ ਮੁੜ ਆਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੫)

ਵਿਆਖਿਆ

ਇਸ ਮੱਦ ਦੇ ਦੋ ਪੈਰੇ ਹਨ। ਪਹਿਲਾ ਮ੍ਰਿਤਕ ਪ੍ਰਾਣੀ ਦਾ ਸਸਕਾਰ ਕਰਨ ਦੀ ਵਿਧੀ ਅਤੇ ਦੂਸਰਾ ਸਸਕਾਰ ਤੋਂ ਬਾਅਦ ਦੀ ਰਸਮ। ਇਸ ਮੱਦ ਮੁਤਾਬਕ ਇਸ ਗੱਲ ਦਾ ਧਿਆਨ ਰੱਖਣਾ ਹੈ ਕਿ ਮ੍ਰਿਤਕ ਦੇ ਸਰੀਰ ਤੋਂ ਕਕਾਰ ਜੁਦਾ ਨਹੀਂ ਕਰਨੇ ਹਨ ਅਤੇ ਨਾ ਹੀ ਕਪਾਲ ਕਿਰਿਆ ਹੀ ਕਰਨੀ ਹੈ।

ਕਪਾਲ ਕਿਰਿਆ

ਗਰੁੜ ਪੁਰਾਣ ਮੁਤਾਬਕ ਮਿਰਤਕ ਦੇਹ ਦੇ ਸਸਕਾਰ ਦੇ ਦੌਰਾਨ ਖੋਪਰੀ ਨੂੰ ਤੋੜਨ ਦੀ ਕਿਰਿਆ ਨੂੰ ਕਪਾਲ ਕਿਰਿਆ ਕਿਹਾ ਜਾਂਦਾ ਹੈ। ਇਸ ਵਿਚ ਗ੍ਰਿਹਸਥੀ ਦੇ ਕਪਾਲ ਜਾਂ ਖੋਪਰੀ ਨੂੰ ਸੋਟੇ ਨਾਲ ਅਤੇ ਤਿਆਗੀ ਦੇ ਕਪਾਲ ਨੂੰ ਨਾਰੀਅਲ ਨਾਲ ਤੋੜਨ ਦਾ ਵਿਧਾਨ ਹੈ। ਪੁਰਾਣਾਂ ਮੁਤਾਬਕ ਇਸ ਤਰ੍ਹਾਂ ਕਰਨ ਨਾਲ ਮ੍ਰਿਤਕ ਪ੍ਰਾਣੀ ਨੂੰ ਪਿੱਤਰੀ ਲੋਕ ਪ੍ਰਾਪਤ ਹੁੰਦਾ ਹੈ। ਗੁਰਮਤਿ ਨੇ ਇਸ ਨੂੰ ਨਿਰੋਲ ਭਰਮ ਜਾਣ ਕੇ ਇਸ ਦਾ ਤਿਆਗ ਕੀਤਾ ਹੈ।

ਪਰ ਇਸਦਾ ਇਕ ਦੂਸਰਾ ਵਿਹਾਰਕ ਪੱਖ ਵੀ ਹੈ। ਭਾਰਤ ਦੇ ਪੂਰਬੀ ਇਲਾਕਿਆਂ ਵਿਚ ਸ਼ਮਸ਼ਾਨ ਘਾਟ ਵਿਚੋਂ ਮ੍ਰਿਤਕ ਦੀ ਖੋਪਰੀ ਲੈ ਜਾਂਦੇ ਹਨ ਅਤੇ ਉਸ ਨਾਲ ਤਾਂਤ੍ਰਿਕ ਸਿੱਧੀ ਕਰਦੇ ਹਨ। ਪਰ ਇਹ ਸਾਬਤ ਖੋਪਰੀ ਨਾਲ ਹੀ ਕੀਤਾ ਜਾ ਸਕਦਾ ਹੈ। ਇਸ ਲਈ ਇਸ ਮੱਦ 'ਤੇ ਵਿਚਾਰ ਕੀਤਾ ਜਾ ਸਕਦਾ ਹੈ।

SikhBookClub.com

..ਘਰ ਆ ਕੇ ਜਾਂ ਲਾਗੇ ਦੇ ਗੁਰਦੁਆਰੇ ਵਿਚ ਪ੍ਰਾਣੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਜਾਵੇ ਤੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰ ਕੇ ਅਰਦਾਸਾ ਦਸਵੇਂ ਦਿਨ ਹੋਵੇ। ਜੇ ਦਸਵੇਂ ਦਿਨ ਨਾ ਹੋ ਸਕੇ ਤਾਂ ਹੋਰ ਕੋਈ ਦਿਨ ਸੰਬੰਧੀਆਂ ਦੇ ਸੌਖ ਨੂੰ ਮੁਖ ਰੱਖ ਕੇ ਨਿਯਤ ਕੀਤਾ ਜਾਵੇ। ਇਸ ਪਾਠ ਦੇ ਕਰਨ ਵਿਚ ਘਰ ਵਾਲੇ ਤੇ ਸੰਬੰਧੀ ਰਲ ਕੇ ਹਿੱਸਾ ਲੈਣ। ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਭੀ ਹੋਵੇ। 'ਦੁਸਿਹਰੇ' ਦੇ ਪਿੱਛੋਂ ਚਲਾਣੇ ਦੀ ਕੋਈ ਰਸਮ ਬਾਕੀ ਨਹੀਂ ਰਹਿੰਦੀ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੫)

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰਾਂ ਦਰਜ਼ ਸੀ:-

....ਘਰ ਆ ਕੇ ਜਾਂ ਲਾਗੇ ਦੇ ਗੁਰਦੁਆਰੇ ਵਿਚ ਪ੍ਰਾਣੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਜਾਵੇ ਤੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰ ਕੇ ਅਰਦਾਸਾ ਸੋਧ ਕੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ। ਇਸ ਪਾਠ ਦੀ ਸਮਾਪਤੀ ਦਸਵੇਂ ਦਿਨ ਹੋਵੇ। ਜੇ ਦਸਵੇਂ ਦਿਨ ਨਾ ਹੋ ਸਕੇ, ਤਾਂ ਹੋਰ ਕੋਈ ਦਿਨ ਬਰਾਦਰੀ ਦੇ ਸੌਖ ਨੂੰ ਮੁਖ ਰੱਖ ਕੇ ਨਿਯਤ ਕੀਤਾ ਜਾਵੇ। ਇਸ ਪਾਠ ਦੇ ਕਰਨ ਵਿਚ ਘਰ ਵਾਲੇ ਤੇ ਸੰਬੰਧੀ ਰਲ ਕੇ ਹਿੱਸਾ ਲੈਣ। ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਭੀ ਹੋਵੇ। 'ਦੁਸਿਹਰੇ' ਦੇ ਪਿੱਛੋਂ ਚਲਾਣੇ ਦੀ ਰਸਮ ਬਾਕੀ ਨਹੀਂ ਰਹਿੰਦੀ।

(ਸਿੱਖ ਰਹਿਤ ਮਰਯਾਦਾ, ੧੯੩੬, ਪੰਨਾ ੧੩)

ਤਬਦੀਲੀ

ਇਸ ਮੱਦ ਦੀ ਸ਼ਬਦਾਵਲੀ ਪੂਰੀ ਤਰ੍ਹਾਂ ਤਬਦੀਲ ਕੀਤੀ ਗਈ ਹੈ। ਪਰ ਪ੍ਰਭਾਵੀ ਤੌਰ 'ਤੇ ਇਕ ਨੁਕਤਾ ਹੈ ਕਿ 1936 ਵਿਚ ਸਸਕਾਰ ਤੋਂ ਬਾਅਦ ਗੁਰਦੁਆਰਾ ਸਾਹਿਬ ਜਾਂ ਘਰ ਆ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖ ਕੇ ਕੜਾਹ ਪ੍ਰਸਾਦ ਵਰਤਾਇਆ ਜਾਵੇ। ਤਬਦੀਲੀ ਤੋਂ ਬਾਅਦ ਕੜਾਹ ਪ੍ਰਸਾਦ ਵਰਤਾਇਆ ਜਾਵੇ, ਨਹੀਂ ਹੈ। ਇਹ ਤਬਦੀਲੀ ਕੀਤੇ ਜਾਣ ਦਾ ਕੋਈ ਰਿਕਾਰਡ ਨਹੀਂ ਮਿਲਦਾ।

ਵਿਆਖਿਆ

ਸਸਕਾਰ ਤੋਂ ਲੈ ਕੇ ਮਿਰਤਕ ਪ੍ਰਾਣੀ ਦੇ ਨਮਿੱਤ ਪਾਠ ਦੀ ਸਮਾਪਤੀ ਤਕ ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਕੀਤੇ ਜਾਣ ਦਾ ਜ਼ਿਕਰ ਹੈ। ਗੁਰਬਾਣੀ ਦਾ ਹੁਕਮ ਵੀ ਹੈ, ***ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥*** (ਰਾਮਕਲੀ ਸਦ ਬ. ਸੁੰਦਰ ਜੀ, ਅੰਗ 923)

(ਕ) ਮਿਰਤਕ ਪ੍ਰਾਣੀ ਦਾ 'ਅੰਗੀਠਾ' ਠੰਡਾ ਹੋਣ 'ਤੇ ਸਾਰੀ ਦੇਹ ਦਾ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿੱਤੀ ਜਾਵੇ, ਜਾਂ ਉਥੇ ਹੀ ਦੱਬ ਕੇ ਜ਼ਿਮੀ ਬਰਾਬਰ ਕਰ ਦਿੱਤੀ ਜਾਵੇ। ਸਸਕਾਰ ਅਸਥਾਨ 'ਤੇ ਮ੍ਰਿਤਕ ਪ੍ਰਾਣੀ ਦੀ ਯਾਦਗਾਰ ਬਣਾਉਣੀ ਮਨ੍ਹਾਂ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੬)

SikhBookClub.com

ਸਸਕਾਰ ਉਪ੍ਰੰਤ ਮ੍ਰਿਤਕ ਪ੍ਰਾਣੀ ਦਾ ਅੰਗੀਠਾ ਠੰਢਾ ਹੋਣ 'ਤੇ ਸਾਰੀ ਦੀ ਸਾਰੀ ਭਸਮ ਅਸਥੀਆਂ ਸਮੇਤ ਜਲ ਪ੍ਰਵਾਹ ਜਾਂ ਦੱਬ ਦੇਣ ਦਾ ਹੁਕਮ ਹੈ। ਕਈ ਭਰਮ ਗ੍ਰਸੇ ਲੋਕ ਉਸ ਰਾਖ ਵਿਚੋਂ ਪਿੱਤਲ ਦਾ ਆਤਮਾ ਰਾਮ ਲੱਭਦੇ ਵੇਖੇ ਗਏ ਹਨ। ਜੋ ਨਿਰੀ ਮਨਮਤ ਹੈ। ਉਸ ਤੋਂ ਵੱਧ ਹੈਰਾਨੀ ਹੈ ਕਿ ਪੰਡਿਤ ਨੂੰ ਉਸ ਸਵਾਹ ਵਿਚੋਂ ਪਿੱਤਲ ਦਾ ਗੁੱਡਾ ਜਿਹਾ ਲੱਭ ਕੇ ਘਰ ਦਿਆਂ ਨੂੰ ਦਿੰਦਿਆ ਵੇਖਿਆ ਗਿਆ ਹੈ।

ਇਸ ਦੇ ਨਾਲ ਹੀ ਸਸਕਾਰ ਅਸਥਾਨ 'ਤੇ ਮ੍ਰਿਤਕ ਪ੍ਰਾਣੀ ਦੀ ਯਾਦਗਾਰੀ ਬਣਾਉਣੀ ਮਨ੍ਹਾ ਹੈ। ਹੁਣ ਜਠੇਰਿਆਂ ਦੇ ਸਥਾਨ, ਵਿਸ਼ੇਸ਼ ਵਿਅਕਤੀਆਂ ਦੇ ਸਸਕਾਰ ਸਥਾਨ 'ਤੇ ਉਹਨਾਂ ਦੀ ਯਾਦਗਾਰਾਂ ਸਥਾਪਤ ਕਰਨੀਆਂ ਵਿਅਕਤੀ ਪੂਜਾ ਦਾ ਬਦਲਵਾਂ ਰੂਪ ਹੈ। ਹਜ਼ੂਰ ਦਾ ਫ਼ੁਰਮਾਨ ਹੈ,

ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗੁ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥

(ਦਸਮ ਗ੍ਰੰਥ, ਅਕਾਲ ਉਸਤਤਿ ੩੦)

ਇਸ ਤਰ੍ਹਾਂ ਨਵੇਂ ਨਵੇਂ 'ਇਤਿਹਾਸਕ ਸਥਾਨਾਂ' ਵਿਚ ਵਾਧਾ ਹੋ ਰਿਹਾ ਹੈ ਅਤੇ ਇਹਨ੍ਹਾਂ ਦੇ ਨਾਲ 'ਸਾਹਿਬ' ਲਫ਼ਜ਼ ਵੀ ਜੋੜਿਆ ਜਾ ਰਿਹਾ ਹੈ। ਇਸ ਰੁਝਾਨ ਨੂੰ ਕੌਮੀ ਚੇਤੰਨਤਾ ਅਤੇ ਪੰਥਕ ਜ਼ਾਬਤਾ ਹੀ ਠੱਲ ਪਾ ਸਕਦਾ ਹੈ।

ਪੰਜਾਬੀ ਸੂਬਾ ਮੋਰਚੇ ਦੌਰਾਨ ਸ੍ਰੀ ਅਕਾਲ ਸਾਹਿਬ ਦੇ ਨਾਲ ਦੀ ਇਮਾਰਤ 'ਤੇ ਹਵਨ ਕੁੰਡ ਤਿਆਰ ਕੀਤੇ ਗਏ। ਇਨ੍ਹਾਂ 'ਤੇ ਲਿਖਿਆ ਸੀ ਕਿ ਇਨ੍ਹਾਂ ਹਵਨ ਕੁੰਡਾਂ ਵਿਚ ਸ੍ਰੀ ਮਾਨ ਸੰਤ ਬਾਬਾ ਫ਼ਤਹਿ ਸਿੰਘ ਜੀ ਨੇ ਸੜ ਮਰਨਾ ਹੈ। ਇਹ ਸ਼ਰੇਆਮ ਕੌਮੀ ਗ਼ੈਰਤ ਅਤੇ ਮਰਯਾਦਾ ਨੂੰ ਚੁਣੌਤੀ ਸੀ। ਪਰ ਵਕਤ ਦੀ ਸਰਕਾਰ ਅਤੇ ਅਕਾਲੀ ਦਲ ਇਹਨਾਂ ਹਵਨ ਕੁੰਡਾ ਨੂੰ ਹਟਾਉਣ ਲਈ ਹਰਗਿਜ਼ ਤਿਆਰ ਨਹੀਂ ਸੀ। ਆਖ਼ਿਰ ਪੰਥਕ ਰੋਹ ਨੂੰ ਵੇਖਦਿਆਂ ਇਸ ਨੂੰ ਉੱਥੋਂ ਹਟਾ ਦਿੱਤਾ ਗਿਆ ਅਤੇ ਮਤਾ ਪਾਸ ਕੀਤਾ :

> **ਇਹ ਵੀ ਪ੍ਰਵਾਨ ਕੀਤਾ ਜਾਂਦਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਨਾਲ ਦੀ ਇਮਾਰਤ 'ਤੇ ਬਣਿਆ ਹਵਨ ਕੁੰਡ, ਜੋ ਸੰਤ ਬਾਬਾ ਫਤਹਿ ਸਿੰਘ ਜੀ ਦੀ ਪੰਜਾਬੀ ਸੂਬੇ ਦੀ ਪ੍ਰਾਪਤੀ ਦੀ ਯਾਦਗਾਰ ਹੈ, ਕਾਇਮ ਰੱਖਣਾ ਜ਼ਰੂਰੀ ਹੈ, ਪਰੰਤੂ ਬੁੰਗਾ ਮਹਾਰਾਜਾ ਸ਼ੇਰ ਸਿੰਘ ਜੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਨਾਲ ਲਗਦੀ ਇਮਾਰਤ ਨੂੰ ਪਰਿਕ੍ਰਮਾ ਸਕੀਮ ਅਨੁਸਾਰ ਸ਼ਾਨਦਾਰ ਬਣਾਉਣ ਲਈ ਇਹ ਹਵਨ ਕੁੰਡ ਮੌਜੂਦਾ ਥਾਂ ਤੋਂ ਬਦਲ ਕੇ ਪੰਜਾਬੀ ਸੂਬੇ ਦੀ ਪ੍ਰਾਪਤੀ ਦੀ ਯਾਦ ਵਿਚ ਬਣਨ ਵਾਲੀ ਯਾਦਗਾਰ ਵਿਖੇ ਯਾਦਗਾਰੀ ਤੌਰ 'ਤੇ ਰਖਿਆ ਜਾਵੇ?**

ਹੁਣ ਇਹ ਕੇਵਲ ਇਕ ਕੌੜੀ ਯਾਦ ਦੇ ਤੌਰ ਤੇ ਇਤਿਹਾਸ ਵਿਚ ਸਾਂਭਿਆ ਪਿਆ ਹੈ।

SikhBookClub.com

(ਖ) ਅਧ ਮਾਰਗ, ਸਿਆਪਾ, ਫੂਹੜੀ, ਦੀਵਾ, ਪਿੰਡ, ਕਿਰਿਆ, ਸਰਾਧ, ਬੁਢਾ ਮਰਨਾ ਆਦਿ ਕਰਨਾ ਮਨਮਤ ਹੈ। ਅੰਗੀਠੇ ਵਿਚੋਂ ਫੁੱਲ ਚੁਗ ਕੇ ਗੰਗਾ, ਪਤਾਲਪੁਰੀ, ਕਰਤਾਰਪੁਰ ਸਾਹਿਬ ਆਦਿਕ ਥਾਵਾਂ ਵਿਚ ਜਾ ਕੇ ਪਾਣੇ ਮਨਮਤ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੬)

ਵਿਆਖਿਆ

ਇਸ ਮੱਦ ਵਿਚ ਕੁੱਝ ਮਨਮਤ ਕਰਮ ਦੱਸੇ ਗਏ ਹਨ। ਇਹਨਾਂ ਵਿਚ ਇਕ ਸਸਕਾਰ ਕਰਨ ਜਾਂਦਿਆਂ ਅੱਧੇ ਰਸਤੇ ਤੇ ਇਕ ਘੜਾ ਪਟਕਾ ਕੇ ਭੰਨਿਆ ਜਾਂਦਾ ਹੈ। ਇਹ ਕਰਦਿਆਂ ਜੇਕਰ ਘੜੇ ਦਾ ਮੂੰਹ ਨਾ ਟੁੱਟੇ ਤਾਂ ਅਪਸ਼ਗਨ ਸਮਝਿਆ ਜਾਂਦਾ ਹੈ। ਸਿੱਖ ਰਹਿਤ ਮਰਯਾਦਾ ਵਿਚ ਸਾਫ਼ ਤੌਰ 'ਤੇ ਮ੍ਰਿਤਕ ਪ੍ਰਾਣੀ ਦੇ ਫੁਲ ਕਿਸੇ ਵਿਸ਼ੇਸ਼ ਥਾਂ ਗੰਗਾ, ਪਤਾਲਪੁਰੀ, ਕਰਤਾਰਪੁਰ ਸਾਹਿਬ ਆਦਿਕ ਥਾਵਾਂ 'ਤੇ ਲਿਜਾ ਕੇ ਪਾਉਣੇ ਮਨਮਤ ਹੈ। ਇਹ ਨਹੀਂ ਕਿ ਅਸਥੀਆਂ ਜਾਂ ਫੁਲ ਇਹਨਾਂ ਨਦੀਆਂ ਵਿਚ ਨਹੀਂ ਪਾਉਣੇ। ਜਿੱਥੇ ਵੀ ਨਜ਼ਦੀਕ ਜਲ ਪ੍ਰਵਾਹ ਦਾ ਪ੍ਰਬੰਧ ਹੋਵੇ ਉੱਥੇ ਕਰ ਦਿੱਤਾ ਜਾਣਾ ਚਾਹੀਦਾ ਹੈ।

ਮਿਰਤਕ ਪ੍ਰਾਣੀ ਦੇ ਨਮਿਤ ਗੁਰਬਾਣੀ ਦਾ ਕੀਰਤਨ ਅਤੇ ਸੰਗਤੀ ਅਰਦਾਸ ਦੇ ਬਾਅਦ ਹੋਰ ਕਿਸੇ ਕਿਸਮ ਦੀ ਰਸਮ ਜਾਂ ਭਰਮ ਵਹਿਮ ਦੀ ਕੋਈ ਲੋੜ ਨਹੀਂ ਹੈ।

੪. ਹੋਰ ਰੀਤੀਆਂ

ਇਨ੍ਹਾਂ ਸੰਸਕਾਰਾਂ ਤੋਂ ਛੁੱਟ ਸਮੇਂ ਸਮੇਂ ਜੋ ਭੀ ਖੁਸ਼ੀ ਗਮੀ ਦਾ ਮੌਕਾ ਆ ਬਣੇ (ਜਿਵੇਂ ਨਵੇਂ ਮਕਾਨ ਵਿਚ ਪ੍ਰਵੇਸ਼ ਕਰਨਾ, ਨਵੀਂ ਦੁਕਾਨ ਖੋਲ੍ਹਣਾ, ਬਾਲਕ ਨੂੰ ਮਦਰੱਸੇ ਪਾਉਣਾ ਆਦਿ) ਤਾਂ ਸਿੱਖ ਨੂੰ ਚਾਹੀਏ ਕਿ ਵਾਹਿਗੁਰੂ ਦੀ ਸਹਾਇਤਾ ਲਈ ਅਰਦਾਸਾ ਸੋਧੇ। ਸਿੱਖੀ ਵਿਚ ਸਾਰੇ ਸੰਸਕਾਰਾਂ ਦਾ ਜ਼ਰੂਰੀ ਅੰਗ ਬਾਣੀ ਦਾ ਪਾਠ ਤੇ ਅਰਦਾਸਾ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੬)

ਸ਼ਖਸੀ ਰਹਿਣੀ ਵਿਚ ਗੁਰਮਤਿ ਦੀ ਰਹਿਣੀ ਦਾ ਇਹ ਚੌਥਾ ਅਤੇ ਅਖੀਰਲਾ ਅੰਗ ਹੈ। ਦੁਖ ਸੁਖ, ਖੁਸ਼ੀ ਗਮੀ, ਉਤਾਰ ਚੜ੍ਹਾ ਹਰ ਇਨਸਾਨ ਦੇ ਜੀਵਨ ਦੇ ਅਨਿਖੜਵੇਂ ਅੰਗ ਹਨ। ***ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥*** (ਮ. ੧, ਅੰਗ 149) ਗੁਰਮਤਿ ਸੰਸਕਾਰਾਂ ਦੀ ਸੂਚੀ ਵਿਚ ਹਰ ਇਕ ਸੰਸਕਾਰ ਦਰਜ ਨਹੀਂ ਕੀਤਾ ਜਾ ਸਕਦਾ। ਇਸ ਲਈ ਗੁਰੂ ਪੰਥ ਨੇ ਸਿੱਖ ਦੀ ਜ਼ਿੰਦਗੀ ਦੇ ਹਰ ਇਕ ਪੱਖ ਨੂੰ ਗੁਰਮਤਿ ਦੇ ਢਾਂਚੇ ਵਿਚ ਰੱਖਣ ਲਈ ਇਹ ਮੱਦ ਪਾਈ ਹੈ ਕਿ ਜੀਵਨ ਦਾ ਕੋਈ ਵੀ ਕਾਰਜ ਹੋਵੇ ਤਾਂ ਉਸ ਵਿਚ ਸਹਾਇਤਾ ਲਈ ਕੇਵਲ ਵਾਹਿਗੁਰੂ ਅੱਗੇ ਅਰਦਾਸ ਹੀ ਕੀਤੀ ਜਾਏ,

ਸਜਣੁ ਤੂਹੈ ਸੈਣੁ ਤੂ ਮੈ ਤੁਝ ਉਪਰਿ ਬਹੁ ਮਾਣੀਆ ॥...
ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ ॥

(ਅੰਗ ੭੬੧)

ਗੁਰਮਤਿ ਦਾ ਦ੍ਰਿੜ੍ਹ ਸਿਧਾਂਤ ਹੈ ਕਿ ਜਦੋਂ ਵੀ ਅਤੇ ਕਿਧਰੇ ਵੀ ਸਿੱਖ ਗੁਰੂ ਦੀ

SikhBookClub.com

ਸਹਾਇਤਾ ਲਈ ਜੋਦੜੀ ਕਰਦਾ ਹੈ ਤਾਂ ਗੁਰੂ ਅਵੱਸ਼ ਬਹੁੜੀ ਕਰਦਾ ਹੈ। ਇਸ ਵਿਸ਼ਵਾਸ ਅਤੇ ਸਿਦਕ ਭਰੋਸੇ ਨੂੰ ਸਿੱਖ ਨੇ ਆਪਣੇ ਜੀਵਨ ਦਾ ਹਿੱਸਾ ਬਣਾਉਣਾ ਹੈ। ਇਸ ਲਈ ਨਿਸਚਿਤ ਕੀਤਾ ਗਿਆ ਕਿ ਸਾਰੇ ਸੰਸਕਾਰਾਂ ਦਾ ਜ਼ਰੂਰੀ ਅੰਗ ਬਾਣੀ ਦਾ ਪਾਠ ਤੇ ਅਰਦਾਸਾ ਹੈ।

ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ ॥
ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ ॥

(ਮ. ੫, ਅੰਗ ੫੧੯)

ਪਰ ਨਾਲ ਹੀ ਇਹ ਅਰਦਾਸ ਵੀ ਕਰਨੀ ਬਣਦੀ ਹੈ,

ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ ॥
ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ ॥੩॥

ਨਵੀਨ ਪੰਥ ਪ੍ਰਕਾਸ ਵਿਚ ਵੀ ਇਸ ਦੀ ਪ੍ਰੋੜਤਾ ਕੀਤੀ ਗਈ ਹੈ,

ਕਾਂਮ ਅਰੰਭਤ ਜਬ ਕੋਊ ਏਹੈਂ। ਧੰਨਜ ਵਾਹਿਗੁਰੂ ਇਹੁ ਕਹਿ ਲੇਹੈਂ।
ਬਾਤ ਬਾਤ ਮੈਂ ਇਹੋ ਅਲੈਹੈਂ। ਜੋ ਗੁਰੁ ਕਰਹੈ ਸੋਈ ਥੈਹੈ।
ਨੀਚ ਨਫੇ ਨੁਕਸਾਨੈ। ਭਾਣਾ ਗੁਰੁ ਕਾ ਖੁਸ਼ਿ ਹੋ ਮਾਨੈ।

੩. ਸੇਵਾ

ਸੇਵਾ ਸਿੱਖ ਧਰਮ ਦਾ ਇਕ ਉੱਘਾ ਅੰਗ ਹੈ। ਇਸ ਨੂੰ ਨਮੂਨੇ ਮਾਤ੍ਰ ਸਿਖਾਉਣ ਲਈ ਗੁਰਦੁਆਰਿਆਂ 'ਚ ਹੀ ਪ੍ਰਬੰਧ ਕੀਤਾ ਹੁੰਦਾ ਹੈ। ਸਾਧਾਰਨ ਰੂਪ ਇਸ ਦੇ ਇਹ ਹਨ— ਗੁਰਦੁਆਰੇ ਦਾ ਝਾੜੂ, ਲੇਪਣ, ਸੰਗਤਾਂ ਦੀ ਪਾਣੀ ਪੱਖੇ ਦੀ ਸੇਵਾ, ਲੰਗਰ ਦੀ ਸੇਵਾ, ਜੋੜੇ ਝਾੜਨਾ ਆਦਿ।

(ੳ) ਗੁਰੂ ਕਾ ਲੰਗਰ:- ਇਸ ਦੇ ਦੋ ਭਾਵ ਹਨ — ਇਕ ਸਿੱਖਾਂ ਨੂੰ ਸੇਵਾ ਸਿਖਾਉਣਾ, ਦੂਜਾ, ਊਚ-ਨੀਚ, ਛੂਤ-ਛਾਤ ਦਾ ਭਰਮ ਮਿਟਾਉਣਾ।

(ਅ) ਗੁਰੂ ਕੇ ਲੰਗਰ ਵਿਚ ਬੈਠ ਕੇ ਊਚ-ਨੀਚ, ਕਿਸੇ ਜਾਤ ਜਾਂ ਵਰਣ ਦਾ ਪ੍ਰਾਣੀ ਪ੍ਰਸ਼ਾਦ ਛਕ ਸਕਦਾ ਹੈ। ਪੰਗਤ ਵਿਚ ਬਿਠਾਣ ਲੱਗਿਆਂ ਕਿਸੇ ਦੇਸ਼, ਵਰਣ, ਜਾਤ ਜਾਂ ਮਜ਼ਬ ਦਾ ਵਿਤਕਰਾ ਨਹੀਂ ਕਰਨਾ। ਹਾਂ, ਇਕ ਥਾਲੀ ਵਿਚ ਕੇਵਲ ਅੰਮ੍ਰਿਤਧਾਰੀ ਸਿੱਖ ਹੀ ਛਕ ਸਕਦੇ ਹਨ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੬)

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰਾਂ ਦਰਜ਼ ਸੀ:-

1. ਸੇਵਾ ਸਿਖੀ ਧਰਮ ਦਾ ਇਕ ਉੱਘਾ ਅੰਗ ਹੈ। ਇਸ ਨੂੰ ਨਮੂਨੇ ਮਾਤਰ ਸਿਖਾਣ ਲਈ ਗੁਰਦੁਆਰਿਆਂ ਵਿਚ ਹੀ ਪ੍ਰਬੰਧ ਕੀਤਾ ਹੁੰਦਾ ਹੈ। ਸਧਾਰਣ ਰੂਪ ਇਸ ਦੇ ਇਹ ਹਨ :- ਗੁਰਦੁਆਰੇ ਦਾ ਝਾੜੂ ਲੇਪਣ, ਸੰਗਤਾਂ ਦੀ ਪਾਣੀ ਪੱਖੇ ਦੀ ਸੇਵਾ, ਲੰਗਰ ਦੀ ਸੇਵਾ, ਜੋੜੇ ਝਾੜਨੇ ਆਦਿ।

SikhBookClub.com

(ੳ) ਗੁਰੂ ਕਾ ਲੰਗਰ : ਇਸ ਦੇ ਦੋ ਭਾਵ ਹਨ—ਇਕ ਸਿੱਖਾਂ ਨੂੰ ਸੇਵਾ ਸਿਖਾਉਣਾ, ਦੂਜਾ, ਊਚ-ਨੀਚ, ਛੂਤ-ਛਾਤ ਦਾ ਭਰਮ ਮਿਟਾਉਣਾ।

(ਅ) ਗੁਰੂ ਕੇ ਲੰਗਰ ਦੀ ਸਮੱਗਰੀ ਲਈ ਸਹਾਇਤਾ ਕੋਈ ਆਦਮੀ ਦੇ ਸਕਦਾ ਹੈ, ਪਰ ਲੰਗਰ ਪਕਾਣ ਦੀ ਸੇਵਾ ਕੇਵਲ ਸਿਖ ਹੀ ਕਰ ਸਕਦਾ ਹੈ।

(ੲ) ਗੁਰੂ ਕੇ ਲੰਗਰ ਵਿਚ ਬੈਠ ਕੇ ਊਚ-ਨੀਚ, ਕਿਸੇ ਜਾਤ ਜਾਂ ਵਰਣ ਦਾ ਪ੍ਰਾਣੀ ਪ੍ਰਸ਼ਾਦ ਛਕ ਸਕਦਾ ਹੈ। ਪੰਗਤ ਵਿਚ ਬਿਠਾਣ ਲੱਗਿਆਂ ਕਿਸੇ ਦੇਸ਼, ਵਰਣ, ਜਾਤ ਜਾਂ ਮਜ਼੍ਹਬ ਦਾ ਵਿਤਕਰਾ ਨਹੀਂ ਕਰਨਾ। ਹਾਂ, ਇਕ ਥਾਲੀ ਵਿਚ ਕੇਵਲ ਅੰਮ੍ਰਿਤਧਾਰੀ ਸਿੱਖ ਹੀ ਛਕ ਸਕਦੇ ਹਨ।

(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੧੪)

ਤਬਦੀਲੀ

1936 ਵਾਲੀ ਸਿੱਖ ਰਹਿਤ ਮਰਯਾਦਾ ਵਿਚ ਸੇਵਾ ਦੇ ਸਿਰਲੇਖ ਹੇਠ ਬਹੁਤ ਵੱਡੀ ਤਬਦੀਲੀ ਕੀਤੀ ਗਈ ਹੈ। ਪਹਿਲਾਂ ਇਸ ਵਿਚ ਲੰਗਰ ਬਾਰੇ ਤਿੰਨ ਮੱਦਾਂ ਸਨ—(ੳ) ਲੰਗਰ ਦਾ ਭਾਵ, (ਅ) ਲੰਗਰ ਦੀ ਸੇਵਾ ਦਾ ਅਧਿਕਾਰੀ ਅਤੇ (ੲ) ਲੰਗਰ ਵਿਚ ਵਿਤਕਰਾ।

ਇਹਨਾਂ ਵਿਚੋਂ ਮੱਦ (ਅ) ਗੁਰੂ ਕੇ ਲੰਗਰ ਦੀ ਸੇਵਾ ਕੌਣ ਕਰ ਸਕਦਾ ਹੈ, ਬਾਰੇ ਸੀ। ਇਹ ਮੱਦ 7 ਜਨਵਰੀ, 1945 ਦੇ ਧਾਰਮਿਕ ਸਲਾਹਕਾਰ ਕਮੇਟੀ ਵੱਲੋਂ ਮਤਾ ਪਾਸ ਕਰ ਕੇ ਹਟਾ ਦਿੱਤੀ ਗਈ ਹੈ। ਹਟਾਈ ਗਈ ਮੱਦ ਇਸ ਤਰ੍ਹਾਂ ਅੰਕਤ ਸੀ:-

*(ਅ) **ਗੁਰੂ ਕੇ ਲੰਗਰ ਦੀ ਸਮੱਗਰੀ ਲਈ ਸਹਾਇਤਾ ਕੋਈ ਆਦਮੀ ਦੇ ਸਕਦਾ ਹੈ, ਪਰ ਲੰਗਰ ਪਕਾਣ ਦੀ ਸੇਵਾ ਕੇਵਲ ਸਿਖ ਹੀ ਕਰ ਸਕਦਾ ਹੈ।***

ਵਿਆਖਿਆ

ਸੇਵਾ ਸਿੱਖ ਧਰਮ ਦਾ ਇਕ ਉੱਘਾ ਅੰਗ ਹੈ - ਹੱਥੀਂ ਸੇਵਾ ਕਰਨੀ ਸਿੱਖ ਧਰਮ ਦਾ ਇਕ ਉੱਘਾ ਅੰਗ ਹੈ। ਇਸ ਦਾ ਅਭਿਆਸ ਗੁਰਦੁਆਰੇ ਤੋਂ ਅਰੰਭ ਹੋ ਕੇ ਸਾਰੀ ਮਾਨਵਤਾ ਤਕ ਪਹੁੰਚਦਾ ਹੈ। ਹਜ਼ੂਰ ਦੇ ਬਚਨ ਹਨ :

ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥

(ਮ. ੫, ਅੰਗ ੨੮੮)

ਹਜ਼ੂਰ ਨੇ ਤਾਂ ਇੱਥੋਂ ਤਕ ਬਚਨ ਕੀਤੇ ਹਨ ਕਿ ਬਿਨਾਂ ਸੇਵਾ ਦੇ ਇਹ ਸਰੀਰ ਹੀ ਨਿਸਫ਼ਲ ਹੈ।

ਵਿਣੁ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ।

(ਵਾਰ ੨੭, ਪਉੜੀ ੧੦)

ਗੁਰਦੁਆਰਾ ਸਾਹਿਬ ਵਿਚ ਇਹ ਸੇਵਾ ਲੰਗਰ ਦੇ ਭਾਂਡੇ ਮਾਂਜਣ, ਝਾੜੂ ਲੇਪਣ, ਜੋੜਿਆਂ ਦੀ ਸੇਵਾ ਆਦਿ ਤੋਂ ਸ਼ੁਰੂ ਹੁੰਦੀ ਹੈ। ਕਿਸੇ ਹੋਰ ਧਰਮ ਵਿਚ ਐਸੀ ਵਿਵਸਥਾ ਜਾਂ ਸੰਸਥਾ ਨਹੀਂ ਹੈ। ਇਸ ਦੀ ਮਹੱਤਤਾ ਹੋਰ ਜ਼ਿਆਦਾ ਇਸ ਲਈ ਵੀ ਵੱਧ ਜਾਂਦੀ ਹੈ ਕਿਉਂਕਿ ਚਾਰ ਵਰਣਾਂ ਵਿਚ ਰਚੀ ਭਾਰਤੀ ਸੰਸਕ੍ਰਿਤੀ ਵਿਚ ਅਖੌਤੀ ਨਿਮਨ ਜਾਤ ਦੇ

SikhBookClub.com

ਲੋਕਾਂ ਦਾ ਫਰਜ਼ ਸੀ ਉਤਰਲੀਆਂ ਤਿੰਨ ਜਾਤੀਆਂ ਦੀ ਸੇਵਾ ਕਰਨੀ। ਹੋਰ ਤਾਂ ਹੋਰ ਸਿਮ੍ਰਤੀਆਂ ਨੇ ਤਾਂ ਬ੍ਰਾਹਮਣ ਨੂੰ ਕਿਸੇ ਦੀ ਸੇਵਾ ਕਰਨ ਤੋਂ ਧਾਰਮਿਕ ਤੌਰ 'ਤੇ ਹੀ ਵਰਜ ਦਿੱਤਾ ਸੀ। ਮਨੂ ਸਿਮਰਤੀ ਅਨੁਸਾਰ,

सत्यानृतं तुं वाणिज्यं तेन चंवापि जीव्यते।
सेवा श्वभृत्तिराख्याता तस्मात्तां परिवर्जयेत्।।६।।

ਸਤਯਾਨਰਿਤੰ ਤੁ ਵਾਣਿਜਯੰ ਤੇਨ ਚੰਵਾਪਿ ਜੀਵਯਤੇ।
ਸੇਵਾ ਸ਼ਵਭਰਿਤਰਾਖਯਾਤਾ ਤਸਮਾਤਾਂ ਪਰਿਵਰਜਯੇਤ ॥੬॥

(ਬ੍ਰਾਹਮਣ ਕਿਸੇ ਵੀ ਢੰਗ ਨਾਲ ਆਪਣਾ ਜੀਵਨ ਨਿਰਵਾਹ ਕਰ ਲਵੇ ਪਰ ਕੁੱਤੇ ਦੀ ਵਿਰਤੀ ਕਦੇ ਨਾ ਅਪਣਾਏ। ਕਿਸੇ ਦੀ ਸੇਵਾ ਕਰਨੀ ਹੀ ਕੁੱਤੇ ਦੀ ਵਿਰਤੀ ਹੈ, ਇਸਨੂੰ ਕਦੇ ਵੀ ਨਾ ਅਪਣਾਏ।)

(ਮਨੂ ਸਿਮ੍ਰਤੀ, ਚਤੁਰਥ ਅਧਿਆਇ, ਸ਼ਲੋਕ ੬)

ਦੂਸਰੇ ਪਾਸੇ ਗੁਰਮਤਿ ਵਿਚ ਸੇਵਾ ਦੀ ਇਤਨੀ ਜ਼ਿਆਦਾ ਮਹੱਤਤਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਕ ਸੋਹਲ ਹੱਥਾਂ ਵਾਲੇ ਨੌਜਵਾਨ ਦੇ ਕੋਲੋਂ ਪਾਣੀ ਪ੍ਰਵਾਨ ਨਹੀਂ ਸੀ ਕੀਤਾ ਕਿਉਂਕਿ ਉਸ ਨੇ ਹੱਥੀਂ ਕੋਈ ਕੰਮ ਹੀ ਨਹੀਂ ਸੀ ਕੀਤਾ। ਪਰ ਸੇਵਾ ਗੁਰੂ ਦੀ ਬਖ਼ਸ਼ਿਸ਼ ਨਾਲ ਹੀ ਪ੍ਰਾਪਤ ਹੁੰਦੀ ਹੈ।

"ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥"

(ਸਿਰੀਰਾਗੁ ਮ. ੧ (੩੩)(੨੬)।

(ੳ) ਗੁਰੂ ਕਾ ਲੰਗਰ ਦੇ ਭਾਵ-

ਸਿੱਖ ਰਹਿਤ ਮਰਯਾਦਾ ਮੁਤਾਬਕ ਲੰਗਰ ਦਾ ਮਕਸਦ ਸੇਵਾ ਸਿਖਾਉਣੀ, ਊਚ-ਨੀਚ ਅਤੇ ਛੂਤ-ਛਾਤ ਦਾ ਭਰਮ ਦੂਰ ਕਰਨਾ ਹੈ। ਸਿਮ੍ਰਤੀਆਂ ਮੁਤਾਬਕ ਕਿਸੇ ਅਖੌਤੀ ਨੀਵੀਂ ਜਾਤ ਵਾਲੇ ਦਾ ਉੱਚੀ ਜਾਤ ਵਾਲੇ ਨਾਲ ਬੈਠਣਾ ਹੀ ਬਹੁਤ ਵੱਡਾ ਅਪਰਾਧ ਹੈ ਅਤੇ ਉਹ ਬਹੁਤ ਹੀ ਸਖ਼ਤ ਦੰਡ ਦਾ ਭਾਗੀ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ***"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥"*** (ਅੰਗ 15) ਕਹਿ ਕੇ ਇਸ ਊਚ-ਨੀਚ, ਛੂਤ-ਛਾਤ ਦੇ ਭਰਮ ਵਹਿਮ ਦਾ ਅੰਡਾ ਹੀ ਭੰਨ ਸੁਟਿਆ। ***"ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥"*** (ਅੰਗ 1002)

(ਅ) ਗੁਰੂ ਕੇ ਲੰਗਰ ਵਿਚ ਬੈਠ ਕੇ

ਇਸ ਮੱਦ ਅਨੁਸਾਰ ਲੰਗਰ ਛਕਣ ਅਤੇ ਛਕਾਣ ਵਿਚ ਕਿਸੇ ਵੀ ਕਿਸਮ ਦਾ ਵਿਤਕਰਾ ਕਰਨ ਦੀ ਮਨਾਹੀ ਹੈ। ਇਹ ਵਿਤਕਰਾ ਊਚ-ਨੀਚ, ਜਾਤ-ਪਾਤ, ਵਰਣ, ਦੇਸ਼, ਧਰਮ, ਨਸਲ ਜਾਂ ਰੰਗ ਭੇਦ ਦਾ ਹੋ ਸਕਦਾ ਹੈ। ਲੰਗਰ ਦਾ ਭਾਵ ਬਿਨਾਂ ਵਿਤਕਰੇ ਦੇ ਮਿਲ ਬੈਠ ਕੇ ਪ੍ਰਸ਼ਾਦ ਛਕਣਾ ਹੈ। ਵੰਡ ਕੇ ਛਕਣਾ ਅਤੇ ਵੰਡ ਛਕਣ ਵਿਚ ਇਹੀ ਅੰਤਰ

SikhBookClub.com

ਹੈ। ਪਰ ਗੁਰੂ ਕੇ ਲੰਗਰ ਵਿਚ ਇਕ ਨਾਲ ਬੈਠ ਕੇ ਪ੍ਰਸ਼ਾਦ ਛਕਣ ਨਾਲ ਨਿਮਰਤਾ, ਹਲੀਮੀ ਅਤੇ ਮਨ ਦੀ ਗ਼ਰੀਬੀ ਉਤਪੰਨ ਹੁੰਦੀ ਹੈ। ਇਹ ਇਵੇਂ ਹੀ ਹੈ ਕਿ ਕਿਸੇ ਨੂੰ ਖਾਣ ਲਈ ਭੋਜਨ ਦੇ ਦੇਣਾ ਪਰ ਦੂਸਰੇ ਪਾਸੇ ਉਸ ਨੂੰ ਆਪਣੇ ਨਾਲ ਬਿਠਾ ਕੇ ਆਪਣੇ ਹੀ ਦਸਤਰਖਾਨ ਤੇ ਭੋਜਨ ਛਕਾਉਣਾ। ਇਤਨਾ ਫ਼ਰਕ ਹੈ ਸਾਧਾਰਨ ਭੋਜਨ ਅਤੇ ਗੁਰੂ ਕੇ ਲੰਗਰ ਵਿਚ। ***"ਬਿਸਰ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥"*** (ਅੰਗ 1299) ਮੁਤਾਬਕ ਸਾਰਾ ਸੰਸਾਰ ਇਕ ਪਰਿਵਾਰ ਹੈ। ਅਲਬੱਤਾ ਇਕ ਥਾਲੀ ਵਿਚ ਕੇਵਲ ਅੰਮ੍ਰਿਤਧਾਰੀ ਹੀ ਲੰਗਰ ਛਕ ਸਕਦੇ ਹਨ। ਇਤਿਹਾਸ ਵਿਚ ਵੀ ਅੰਕਤ ਹੈ ਕਿ ਪੰਥ ਵਿਚ ਬਿਖੜੇ ਸਮੇਂ ਵੀ ਸਿੰਘਾਂ ਨੂੰ ਜਦੋਂ ਖਾਣ ਲਈ ਕੁੱਝ ਪ੍ਰਾਪਤ ਹੁੰਦਾ ਸੀ ਤਾਂ ਇਕ ਸਿੰਘ ਦਰਖ਼ਤ 'ਤੇ ਚੜ੍ਹ ਕੇ ਲੰਗਰ ਛਕਣ ਲਈ ਆਵਾਜ਼ ਦਿੰਦਾ ਸੀ। ਦੋਸਤ ਦੁਸ਼ਮਣ ਦਾ ਵਿਤਕਰਾ ਭੁਲਾ ਕੇ ਉਸ ਨੂੰ ਪਹਿਲਾਂ ਲੰਗਰ ਛਕਾਇਆ ਜਾਂਦਾ ਸੀ। ਜੇਕਰ ਇਸ ਦੇ ਬਾਅਦ ਕੁੱਝ ਨਹੀਂ ਵੀ ਬਚਦਾ ਸੀ ਤਾਂ ਸਿੰਘ ਇਹ ਕਹਿੰਦੇ ਸਨ ਕਿ ਲੰਗਰ ਮਸਤ ਹੋ ਗਿਆ ਹੈ। ਇਹ ਰਵਾਇਤ ਹਾਲ ਤਕ ਚਲ ਰਹੀ ਹੈ ਕਿ ਲੰਗਰ ਦੀ ਅਰੰਭਤਾ ਸਮੇਂ ਨਗਾਰਾ ਵਜਾਇਆ ਜਾਂਦਾ ਹੈ।

ਜਬੇ ਕੁਛ ਤਯਾਰ ਕਰਤ ਹਿਤ ਖਾਨੈ। ਦੇਤ ਅਵਾਜਾ ਭੂਖਾ ਕੋਈ।
ਆਓ ਦੇਗ ਤਯਾਰ ਗੁਰੂ ਹੋਈ। ਓਸ ਸਮੇ ਬੈਰੀ ਦਿਣ ਆਵੈ।
ਪਰਮ ਮੀਤ ਸਮ ਤਾਹਿ ਛਕਾਵੈ। ਬੈਰੀ ਮਿੱਤਰ ਕੋ ਸਮ ਦੈਹੈ।
ਬਚੈ ਤੁ ਪੀਛੇ ਖੁਦ ਖਾ ਲੈਹੈ। ਨਹੀ ਤੁ ਲੰਗਰ ਮਸਤ ਬਤੈਹੈਂ।

(ਨਵੀਨ ਪੰਥ ਪ੍ਰਕਾਸ਼)

ਲੰਗਰ ਪੰਗਤ ਵਿਚ ਹੀ ਛਕਣ ਦੇ ਵਿਧਾਨ ਦੇ ਨਾਲ ਇਹ ਵੀ ਸਪਸ਼ਟ ਹੈ ਕਿ ਇਕ ਥਾਲੀ ਵਿਚ ਕੇਵਲ ਅੰਮ੍ਰਿਤਧਾਰੀ ਸਿੱਖ ਹੀ ਛਕ ਸਕਦੇ ਹਨ :

ਚਾਰੋ ਵਰਣਾ ਮੈਂ ਸੇ ਕੋਈ। ਆਵਤ ਹੋਤ ਖਾਲਸਾ ਸੋਈ।
ਆਬ ਹਿਯਾਤ ਪਿਲਾਵਤ ਤਾਹੂੰ। ਇਕ ਹੀ ਬਰਤਨ ਮੇ ਸਭ ਕਾਹੂੰ।
ਖਾਣਾ ਭੀ ਇਕਠੇ ਸਭ ਖੈਹੈਂ। ਸਕੇ ਬੀਰ ਆਪਸ ਮੇ ਥੈਹੈਂ।

(ਨਵੀਨ ਪੰਥ ਪ੍ਰਕਾਸ਼)

ਅਤਿ ਬਿਖੜੇ ਸਮੇਂ ਵਿਚ ਵੀ ਪੰਥ ਨੇ ਲੰਗਰ ਤੇ ਪੰਗਤ ਦੀ ਇਸ ਮਹਾਨ ਪ੍ਰੰਪਰਾ ਨੂੰ ਸਾਂਭ ਕੇ ਰਖਿਆ। ਪਰ ਹੁਣ ਇਸ ਵਿਚ ਪੈ ਰਹੀ ਤ੍ਰੇੜ ਪ੍ਰਤੱਖ ਰੂਪ ਵਿਚ ਉਜਾਗਰ ਹੋ ਰਹੀ ਹੈ, ਇਹ ਹੈ ਲੰਗਰ ਪੰਗਤ ਦੀ ਥਾਵੇਂ ਮੇਜ਼ ਕੁਰਸੀਆਂ 'ਤੇ। ਅਪਾਹਜ ਅਤੇ ਮਾਜ਼ੂਰ ਲੋਕਾਂ ਦੇ ਨਾਮ 'ਤੇ ਸ਼ੁਰੂ ਕੀਤੇ ਇਸ ਪ੍ਰਬੰਧ ਵਿਚ ਪੂਰੀ ਤਰਾਂ ਸੇਹਤਮੰਦ ਵੀ ਇਹਨਾਂ 'ਤੇ ਆਸੀਨ ਆਮ ਵੇਖੇ ਜਾ ਸਕਦੇ ਹਨ। ਇਹ ਗੰਭੀਰ ਨਿਵਾਣ ਅਤੇ ਗੁਰੂ ਤੋਂ ਬੇਮੁਖ ਹੋਣ ਦੀ ਨਿਸ਼ਾਨੀ ਹੈ ਅਤੇ ਇਸ ਤੋਂ ਸਾਵਧਾਨ ਹੋਣ ਦੀ ਜ਼ਰੂਰਤ ਹੈ।

ਇਕ ਹੋਰ ਗ਼ਲਤ ਧਾਰਨਾ ਪ੍ਰਚਲਤ ਕੀਤੀ ਗਈ ਹੈ ਜਾਂ ਹੁੰਦੀ ਜਾ ਰਹੀ ਹੈ ਕਿ ਗੁਰੂ ਕਾ ਲੰਗਰ ਕੇਵਲ ਗਰੀਬਾਂ ਲਈ ਹੈ। ਹਿੰਦੁਸਤਾਨ ਦੇ ਵਕਤੀ ਬਾਦਸ਼ਾਹ ਅਕਬਰ ਨੇ ਵੀ

SikhBookClub.com

'ਪਹਿਲੇ ਪੰਗਤ ਪਾਛੈ ਸੰਗਤ' ਦੇ ਗੁਰੂ ਸਿਧਾਂਤ ਅਨੁਸਾਰ ਜਦੋਂ ਲੰਗਰ ਛਕਿਆ ਸੀ ਤਾਂ ਕੀ ਉਹ ਗ਼ਰੀਬ ਸੀ? ਨਾਲੇ ਉਹ ਕਿਹੜਾ ਸ਼ਖਸ ਹੈ ਜੋ ਗੁਰਦੁਆਰਾ ਸਾਹਿਬ ਵਿਚ ਆ ਕੇ ਆਪਣੇ ਆਪ ਨੂੰ ਅਮੀਰ ਹੋਣ ਦਾ ਭਰਮ ਪਾਲ ਲਵੇ। ਗੁਰੂ ਘਰ 'ਚੋਂ ਜੋ ਪ੍ਰਾਪਤ ਹੋਣਾ ਹੈ ਉਹ ਮਸਕੀਨ, ਗ਼ਰੀਬ, ਨਿਤਾਣਾ ਬਣ ਕੇ ਹੀ ਮਿਲਣਾ ਹੈ। ਇਹ ਲੰਗਰ ਗੁਰੂ ਕਾ ਪ੍ਰਸ਼ਾਦ ਹੈ ਅਤੇ ਬਿਨਾਂ ਵਿਤਕਰੇ ਦੇ ਗੁਰੂ ਘਰ ਵਿਚ ਹਾਜ਼ਰ ਹਰ ਵਿਅਕਤੀ ਲਈ ਹੈ। ਗੁਰੂ ਕੇ ਲੰਗਰ ਵਿਚ ਉੱਤਮ ਅਤੇ ਸਾਦਾ ਭੋਜਨ ਵਰਤਾਉਣ ਦੀ ਮਰਯਾਦਾ ਹੈ। ਗੁਰੂ ਅੰਗਦ ਦੇਵ ਜੀ ਦੇ ਮਹਿਲ ਮਾਤਾ ਖੀਵੀ ਜੇ ਦੇ ਲੰਗਰ ਦਾ ਜ਼ਿਕਰ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਵੀ ਅੰਕਤ ਹੈ, ***"ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤ ਛਾਉ ਪਤ੍ਰਾਲੀ ॥ ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤ ਖੀਰਿ ਘਿਆਲੀ ॥"*** (ਅੰਗ 967) ਗੁਰੂ ਕੇ ਲੰਗਰ ਵਿਚ ਹਰ ਪ੍ਰਾਣੀ ਪ੍ਰਸ਼ਾਦ ਛਕ ਸਕਦਾ ਹੈ। ਇਸ ਲਈ ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮੇ ਵਿਚ ਅੰਕਤ ਹੈ,

ਦੇਗ ਅਸਨ ਕੇ ਹੈਂ ਸਭ ਭਾਗੀ। ਬ੍ਰਾਹਮਨ ਖਤ੍ਰੀ ਸਭ ਅਨੁਰਾਗੀ।
ਤਾਂ ਤੇ ਯਾ ਸਿਛਾ ਸੁਨ ਲੀਜੈ। ਦੇਗ ਮਾਹਿ ਨਹਿ ਮਾਸ ਅਨੀਜੈ ।੧੦੬।

(ਰਹਿਤਨਾਮਾ ਭਾਈ ਦੇਸਾ ਸਿੰਘ, ਪੰਨਾ ੧੫੪)

ਹਿੰਦੂ ਸ਼ਾਸਤ੍ਰਾਂ ਮੁਤਾਬਕ ਭਜਨ ਅਤੇ ਭੋਜਨ ਇਕਾਂਤ ਵਿਚ ਕਰਨ ਦਾ ਵਿਧਾਨ ਸੀ ਐਪਰ ਗੁਰੂ ਸਾਹਿਬ ਨੇ ਭਜਨ ਸੰਗਤੀ ਰੂਪ ਵਿਚ ਅਤੇ ਭੋਜਨ ਪੰਗਤੀ ਰੂਪ ਵਿਚ ਕਰਨ ਦਾ ਆਦੇਸ਼ ਦਿੱਤਾ। ਇਸ ਵਿਚੋਂ ਪਹਿਲੇ ਪੰਗਤ ਪਾਛੈ ਸੰਗਤ ਦੀ ਮਰਯਾਦਾ ਉਜਾਗਰ ਹੋਈ।

ਸਿੱਖ ਰਹਿਤ ਮਰਯਾਦਾ ਦੀ ਇਸ ਮੱਦ ਵਿਚ ਅੰਕਤ ਹੈ ਕਿ ਗੁਰੂ ਕੇ ਲੰਗਰ ਵਿਚ ਮਿਲਿਆ ਭੋਜਨ ਗੁਰੂ ਦਾ ਪ੍ਰਸ਼ਾਦ ਹੈ। ਇਹ ਗੁਰੂ ਦੀ ਬਖਸ਼ਿਸ਼ ਹੈ। ਪਰ ਕਈ ਐਸੇ ਵੀ ਸਿੱਖ ਵੇਖੇ ਹਨ ਜੋ ਗੁਰੂ ਦੇ ਇਸ ਪ੍ਰਸ਼ਾਦ ਨੂੰ ਹੀ ਲੈਣ ਤੋਂ ਇਨਕਾਰੀ ਹਨ। ਇਹ ਆਪ ਸਹੇੜੀ ਮਨਮੁਖਤਾਈ ਹੈ।

1936 ਦੀ ਮੱਦ ਜੋ 1945 ਵਿਚ ਹਟਾ ਦਿੱਤੀ ਗਈ ਹੈ।

(ਅ) ਗੁਰੂ ਕੇ ਲੰਗਰ ਦੀ ਸਮੱਗਰੀ ਲਈ ਸਹਾਇਤਾ ਕੋਈ ਆਦਮੀ ਦੇ ਸਕਦਾ ਹੈ, ਪਰ ਲੰਗਰ ਪਕਾਣ ਦੀ ਸੇਵਾ ਕੇਵਲ ਸਿਖ ਹੀ ਕਰ ਸਕਦਾ ਹੈ।

1936 ਦੀ ਮਦ 1945 ਵਿਚ ਹਟਾ ਦਿੱਤੀ ਗਈ ਹੈ। ਇਸ ਵਿਚ ਸਪਸ਼ਟ ਅੰਕਤ ਸੀ ਕਿ ***ਗੁਰੂ ਕੇ ਲੰਗਰ ਦੀ ਸਮੱਗਰੀ ਲਈ ਸਹਾਇਤਾ ਕੋਈ ਆਦਮੀ ਦੇ ਸਕਦਾ ਹੈ, ਪਰ ਲੰਗਰ ਪਕਾਣ ਦੀ ਸੇਵਾ ਕੇਵਲ ਸਿੱਖ ਹੀ ਕਰ ਸਕਦਾ ਹੈ।*** ਇਹ ਮੱਦ 1945 ਵਿਚ ਸਮਾਪਤ ਕਰ ਦਿੱਤੀ ਗਈ ਹੈ। ਲੰਗਰ ਲਈ ਲਾਂਗਰੀ ਦੇ ਸਿੱਖ ਹੋਣ ਦੀ ਸ਼ਰਤ ਨੂੰ ਕਿਉਂ ਹਟਾਇਆ ਗਿਆ ਹੈ ਇਸਦੀ ਕੋਈ ਵਿਆਖਿਆ ਨਹੀਂ ਦਿੱਤੀ ਗਈ। ਇਹ ਬਹੁਤ ਹੀ ਮਹੱਤਵਪੂਰਨ ਸ਼ਰਤ ਸੀ ਅਤੇ ਰਹਿਤਨਾਮਿਆਂ ਵਿਚ ਇਸਦਾ ਹਵਾਲਾ ਮਿਲਦਾ ਹੈ। ਲੰਗਰ ਤਿਆਰ ਕਰਣ ਸਮੇਂ ਬਾਣੀ ਪੜ੍ਹਨ ਅਤੇ ਮਰਯਾਦਾ ਦਾ ਪਾਲਣ ਜ਼ਰੂਰ ਸੀ। ਇਹ ਸ਼ਰਤ ਨਿਸਚਿਤ ਤੌਰ 'ਤੇ ਤਾਂ ਹੀ ਪੂਰੀ ਹੋ ਸਕਦੀ ਹੈ ਜੇਕਰ ਲਾਂਗਰੀ ਜਾਂ ਰਸੋਈਆ ਸਿੱਖ ਹੋਏ। ਰਹਿਤਨਾਮੇ ਦੇ ਬਚਨ ਹਨ,

SikhBookClub.com

ਗੁਰੂ ਕੇ ਸਿਖ, ਸਰਦਾਰ ਹੋਵੈ, ਸ਼ਾਹੂਕਾਰ ਹੋਵੈ, ਮੁਸਦੀ ਹੋਵੈ, ਆਪਣੇ ਲੰਗਰ ਰਸੋਈ ਵਿਚ ਸਿਖ ਰਖੇ। ਹੁਕਈ, ਟੋਪੀਆ, ਭਾਦਣੀ, ਚੋਰ, ਯਾਰ, ਜੂਏਬਾਜ ਕੁਰਹਿਤੀਆ ਨਾ ਰਖੈ।

(ਰਹਿਤਨਾਮਾ ਹਜ਼ੂਰੀ ਭਾਈ ਚਉਪਾ ਸਿੰਘ ਛਿੱਬਰ, ਪੰਨਾ ੯੪)

ਇਸ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਨੇ 1 ਅਪ੍ਰੈਲ, 2006 ਨੂੰ ਪੰਥ ਦੇ ਨਾਮ ਸੰਦੇਸ਼ ਦਿੱਤਾ,

ਗੁਰੂ ਘਰਾਂ ਦੇ ਹਦੂਦ ਅੰਦਰ ਕਿਸੇ ਵੀ ਕਿਸਮ ਦੇ ਨਸ਼ੇ (ਸ਼ਰਾਬ, ਪੋਸਤ ਆਦਿਕ) ਅਤੇ ਤਾਮਸੀ ਭੋਜਨ ਤਿਆਨ ਕਰਨ ਜਾਂ ਵਰਤਣ ਦੀ ਆਗਿਆ ਨਹੀਂ। ਗੁਰੂ ਘਰਾਂ ਵਿਚ ਲੰਗਰ ਗੁਰ-ਮਰਯਾਦਾ ਅਨੁਸਾਰ ਹੀ ਤਿਆਰ ਕੀਤਾ ਜਾਵੇ।

ਪੰਥਕ ਰਹਿਣੀ

1. ਗੁਰੂ ਪੰਥ
2. ਅੰਮ੍ਰਿਤ ਸੰਸਕਾਰ
3. ਤਨਖਾਹ ਲਾਉਣ ਦੀ ਵਿਧੀ
4. ਗੁਰਮਤਾ ਕਰਨ ਦੀ ਵਿਧੀ
5. ਸਥਾਨਕ ਫੈਸਲਿਆਂ ਦੀ ਅਪੀਲ

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੭)

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰ੍ਹਾਂ ਦਰਜ ਸੀ:-

ਪੰਥਕ ਰਹਿਣੀ

(1) ਗੁਰ ਸੰਗਤ ਤੇ ਗੁਰੂ ਪੰਥ

(2) ਅੰਮ੍ਰਿਤ ਸੰਸਕਾਰ

(3) ਤਨਖਾਹ ਲਾਉਣ ਦੀ ਵਿਧੀ

(4) ਗੁਰਮਤਾ ਕਰਨ ਦੀ ਵਿਧੀ

(5) ਸਥਾਨਕ ਫ਼ੈਸਲਿਆਂ ਦੀ ਅਪੀਲ

(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੧੪)

ਤਬਦੀਲੀ

ਪੰਥਕ ਰਹਿਣੀ ਦੇ ਪੰਜ ਅੰਗ ਹਨ। 1936 ਵਿਚ ਪਹਿਲਾ ਅੰਗ (1) **ਗੁਰ ਸੰਗਤ ਤੇ ਗੁਰੂ ਪੰਥ** ਸੀ। ਇਸ ਵਿਚ ਤਬਦੀਲੀ ਕਰ ਕੇ ਇਸ ਨੂੰ (1) **'ਗੁਰੂ ਪੰਥ'** ਕਰ ਦਿੱਤਾ ਗਿਆ ਹੈ । ਬਾਕੀ ਦੀਆਂ ਚਾਰ ਮੱਦਾਂ ਵਿਚ ਕੋਈ ਤਬਦੀਲੀ ਨਹੀਂ ਹੈ।

SikhBookClub.com

ਵਿਆਖਿਆ

ਸਿੱਖ ਰਹਿਤ ਮਰਯਾਦਾ ਵਿਚ ਸ਼ਖਸੀ ਰਹਿਣੀ ਦੇ ਬਾਅਦ ਇਹ ਦੂਜਾ ਭਾਗ ਪੰਥਕ ਰਹਿਣੀ ਦਾ ਹੈ। ਸਿੱਖ ਨੇ ਆਪਣੇ ਜੀਵਨ ਦੀ ਘਾੜਤ ਘੜਨ ਲਈ ਸ਼ਖਸੀ ਰਹਿਣੀ ਅਤੇ ਪੰਥਕ ਰਹਿਣੀ ਮੁਤਾਬਕ ਆਪਣੇ ਜੀਵਨ ਨੂੰ ਢਾਲਣਾ ਹੈ। ਇਹ ਦੋਨੋਂ ਪੱਖ ਹੀ ਲਾਜ਼ਮੀ ਹਨ। ਸਿੱਖ ਨੇ ਨਿੱਜੀ ਜ਼ਿੰਦਗੀ ਵੀ ਗੁਰ ਆਸ਼ੇ ਅਨੁਸਾਰ ਜੀਣੀ ਹੈ ਅਤੇ ਨਾਲ ਹੀ ਨਾਲ ਆਪਣੇ ਆਪ ਨੂੰ ਗੁਰੂ ਪੰਥ ਦਾ ਇੱਕ ਅੰਗ ਬਣਾ ਕੇ ਵਿਚਰਨਾ ਹੈ। ਇਹਨਾਂ ਦੋਹਾਂ ਦੇ ਸੁਮੇਲ ਨੂੰ ਧਾਰਨ ਕਰਨ ਵਾਲਾ ਹੀ ਖ਼ਾਲਸਾ ਅਖਵਾਉਣ ਦਾ ਹੱਕਦਾਰ ਹੈ।

ਸ਼ਖਸੀ ਰਹਿਣੀ ਸਿੱਖ ਦੇ ਧਾਰਮਿਕ ਜੀਵਨ ਨੂੰ ਸੰਵਾਰਦੀ ਹੈ ਅਤੇ ਪੰਥਕ ਰਹਿਣੀ ਉਸ ਨੂੰ ਗੁਰੂ ਪੰਥ ਦਾ ਅੰਗ ਬਣਾਉਂਦੀ ਹੈ। ਪੰਥਕ ਰਹਿਣੀ ਦੇ ਪੰਜ ਭਾਗ ਹਨ—1. ਗੁਰੂ ਪੰਥ, 2. ਅੰਮ੍ਰਿਤ ਸੰਸਕਾਰ, 3. ਤਨਖਾਹ ਲਾਉਣ ਦੀ ਵਿਧੀ, 4. ਗੁਰਮਤਾ ਕਰਨ ਦੀ ਵਿਧੀ ਅਤੇ 5. ਸਥਾਨਕ ਫੈਸਲਿਆਂ ਦੀ ਅਪੀਲ।

ਪੰਥਕ ਰਹਿਣੀ ਦੀ ਅਰੰਭਤਾ ਵਾਲੀਆਂ ਇਹ ਮੱਦਾਂ ਬਹੁਤ ਹੀ ਜ਼ਿਆਦਾ ਮਹੱਤਵ ਪੂਰਣ ਸਨ ਅਤੇ ਗੁਰਮਤਿ ਅਤੇ ਪੰਥਕ ਸਿਧਾਂਤਾਂ ਦੀ ਵਿਆਖਿਆ ਕਰਦੀਆਂ ਸਨ। ਇਸ ਵਿਚ ਪੰਥ ਅਤੇ ਗੁਰੂ ਪੰਥ ਦੀ ਵਿਆਖਿਆ, ਸੰਗਤ ਅਤੇ ਗੁਰ ਸੰਗਤ ਦੇ ਅੰਤਰ ਨੂੰ ਵਿਸਥਾਰ ਸਹਿਤ ਅੰਕਤ ਕੀਤਾ ਗਿਆ ਸੀ। ਇਕ ਸਿੱਖ ਸੰਗਤ ਦਾ ਹਿੱਸਾ ਕਿਸ ਤਰ੍ਹਾਂ ਬਣਦਾ ਹੈ, ਉਪਰੰਤ ਗੁਰ ਸੰਗਤ ਵਿਚ ਕਿਸ ਤਰ੍ਹਾਂ ਸ਼ਾਮਿਲ ਹੋ ਸਕਦਾ ਹੈ। ਅਕਾਲ ਤਖ਼ਤ ਸਾਹਿਬ 'ਤੇ ਅਪੀਲ ਸੰਗਤ ਦੀ ਬਜਾਇ ਗੁਰ ਸੰਗਤ ਕਰ ਸਕਦੀ ਹੈ। ਇਹ ਸਾਰੇ ਹੀ ਨੁਕਤੇ ਸਪਸ਼ਟ ਕੀਤੇ ਗਏ ਸਨ। ਇਹ ਮੁੱਢਲੇ ਪੰਥਕ ਸਿਧਾਂਤ ਸਨ। ਇਸ ਨੂੰ ਮੁੜ ਵਿਚਾਰਨ ਦੀ ਲੋੜ ਹੈ।

ਗੁਰੂ ਪੰਥ ਬਨਾਮ ਗੁਰ ਸੰਗਤ ਤੇ ਗੁਰੂ ਪੰਥ

ਸਿੱਖ ਰਹਿਤ ਮਰਯਾਦਾ ਦੇ ਪੰਥਕ ਰਹਿਣੀ ਦੇ ਇਸ ਭਾਗ ਦੀ ਪਹਿਲੀ ਮੱਦ '(1) ਗੁਰ ਸੰਗਤ ਤੇ ਗੁਰੂ ਪੰਥ' ਵਿਚ ਤਬਦੀਲੀ ਕਰਦਿਆਂ 'ਗੁਰ ਸੰਗਤ' ਲਫ਼ਜ਼ ਨੂੰ ਕੱਟ ਦਿੱਤਾ ਗਿਆ ਹੈ। ਇਸ ਤਰ੍ਹਾਂ ਇਹ '(1) ਗੁਰ ਸੰਗਤ ਤੇ ਗੁਰੂ ਪੰਥ' ਦੀ ਥਾਵੇਂ '1. ਗੁਰੂ ਪੰਥ' ਕਰ ਦਿੱਤੀ ਗਈ ਹੈ। ਇਹ ਤਬਦੀਲੀ ਧਾਰਮਿਕ ਸਲਾਹਕਾਰ ਕਮੇਟੀ ਦੀ 7 ਜਨਵਰੀ, 1945 ਨੂੰ ਹੋਈ 13ਵੀਂ ਇਕਤ੍ਰਤਾ ਦੇ ਮਤਾ ਨੰਬਰ 17 ਰਾਹੀਂ ਕੀਤੀ ਗਈ ਹੈ।

ਸਿੱਖ ਰਹਿਤ ਮਰਯਾਦਾ ਵਿਚ 'ਸੰਗਤ' ਅਤੇ 'ਗੁਰ ਸੰਗਤ' ਦੋ ਵੱਖ ਵੱਖ ਲਫ਼ਜ਼ ਸਨ ਅਤੇ ਇਹਨਾਂ ਦੇ ਅਰਥ ਵੀ ਅਲਗ ਅਲਗ ਹਨ। ਹਾਲਾਂ ਕਿ ਪਰਿਭਾਸ਼ਾ ਵਾਲੀ ਇਸ ਮੱਦ ਵਿਚੋਂ 'ਗੁਰ ਸੰਗਤ' ਲਫ਼ਜ਼ ਹਟਾ ਦਿੱਤਾ ਗਿਆ ਹੈ ਪਰ ਇਸਦੇ ਬਾਵਜੂਦ ਸਿੱਖ ਰਹਿਤ ਮਰਯਾਦਾ ਵਿਚ ਇਹ ਲਫ਼ਜ਼ 'ਗੁਰ ਸੰਗਤ' ਪ੍ਰਭਾਵੀ ਰੂਪ ਵਿਚ ਮੌਜੂਦ ਹੈ, ਜਿਵੇਂ ਸਿੱਖ ਰਹਿਤ ਮਰਯਾਦਾ ਦੇ ਅੰਤਿਮ ਮੱਦ 'ਸਥਾਨਕ ਫੈਸਲਿਆਂ ਦੀ ਅਪੀਲ' ਵਿਚ ਅੰਕਤ ਹੈ, 'ਸਥਾਨਕ ਗੁਰ ਸੰਗਤ ਦੇ ਫੈਸਲਿਆਂ ਦੀ ਅਪੀਲ ਸ੍ਰੀ ਅਕਾਲ ਤਖ਼ਤ ਸਾਹਿਬ ਪਾਸ ਹੋ ਸਕਦੀ ਹੈ। ਇਸ ਤਰ੍ਹਾਂ ਗੁਰ ਸੰਗਤ ਦੀ ਵਿਆਖਿਆ ਹਟਾ ਦਿੱਤੇ ਜਾਣ ਨਾਲ ਇਸ ਦੀ ਵਿਆਖਿਆ ਬਾਰੇ ਭੁਲੇਖੇ ਪੈ ਸਕਦੇ ਹਨ।

SikhBookClub.com

੧. ਗੁਰੂ ਪੰਥ

ਸੇਵਾ, ਕੇਵਲ ਪੱਖੇ ਲੰਗਰ ਆਦਿ 'ਤੇ ਹੀ ਨਹੀਂ ਮੁਕ ਜਾਂਦੀ, ਸਿੱਖ ਦੀ ਸਾਰੀ ਜ਼ਿੰਦਗੀ ਪਰਉਪਕਾਰ ਵਾਲੀ ਹੈ। ਸੇਵਾ, ਸਫਲ ਉਹ ਹੈ, ਜੋ ਥੋੜ੍ਹੇ ਜਤਨ ਨਾਲ ਵਧੀਕ ਤੋਂ ਵਧੀਕ ਹੋ ਸਕੇ। ਇਹ ਗੱਲ ਜਥੇਬੰਦੀ ਦੇ ਰਾਹੀਂ ਹੋ ਸਕਦੀ ਹੈ। ਸਿੱਖ ਨੇ ਇਸ ਲਈ ਸ਼ਖਸੀ ਧਰਮ ਪੂਰਾ ਕਰਦਿਆਂ ਹੋਇਆਂ ਨਾਲ ਹੀ ਪੰਥਕ ਫਰਜ਼ ਭੀ ਪੂਰੇ ਕਰਨੇ ਹਨ। ਇਸ ਜਥੇਬੰਦੀ ਦਾ ਨਾਂ ਪੰਥ ਹੈ। ਹਰ ਇਕ ਸਿੱਖ ਨੇ 'ਪੰਥ' ਦਾ ਇਕ ਅੰਗ ਹੋ ਕੇ ਭੀ ਆਪਣਾ ਧਰਮ ਨਿਭਾਉਣਾ ਹੈ।

(ੳ) 'ਗੁਰੂ ਪੰਥ'— ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ ਪੰਥ' ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ।

(ਸਿੱਖ ਰਹਿਤ ਮਰਯਾਦਾ, ਛਾਪ ਅਕਤੂਬਰ, ੨੦੧੫ ਪੰਨਾ: ੨੭)

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰਾਂ ਦਰਜ਼ ਸੀ:-

(1) ਗੁਰ ਸੰਗਤ ਤੇ ਗੁਰੂ ਪੰਥ

ਸੇਵਾ ਕੇਵਲ ਪਖੇ ਲੰਗਰ ਆਦਿ 'ਤੇ ਹੀ ਨਹੀਂ ਮੁਕ ਜਾਂਦੀ। ਸਿੱਖ ਦੀ ਸਾਰੀ ਜ਼ਿੰਦਗੀ ਪਰਉਪਕਾਰ ਵਾਲੀ ਹੈ। ਸੇਵਾ ਸਫਲ ਉਹ ਹੈ, ਜੇ ਥੋੜੇ ਜਤਨ ਨਾਲ ਵਧੀਕ ਤੋਂ ਵਧੀਕ ਹੋ ਸਕੇ। ਇਹ ਹਾਲ ਜਥੇਬੰਦੀ ਦੇ ਰਾਹੀਂ ਹੋ ਸਕਦੀ ਹੈ। ਇਕ ਇਕ ਤੇ ਦੋ ਯਾਰਾਂ। ਸਿੱਖ ਨੇ ਇਸ ਲਈ ਸ਼ਖਸੀ ਧਰਮ ਪੂਰਾ ਕਰਦਿਆਂ ਹੋਇਆਂ ਨਾਲ ਹੀ ਪਬਲਿਕ ਫ਼ਰਜ਼ ਭੀ ਪੂਰੇ ਕਰਨੇ ਹਨ। ਇਸ ਜਥੇਬੰਦੀ ਦਾ ਨਾਂ 'ਪੰਥ' ਹੈ। ਹਰ ਇਕ ਸਿੱਖ ਨੇ ਪੰਥ ਦਾ ਇਕ ਅੰਗ ਹੋ ਕੇ ਭੀ ਆਪਣਾ ਧਰਮ ਨਿਬਾਹੁਣਾ ਹੈ।

(ੳ) ਗੁਰੂ ਪੰਥ:- ਤਿਆਰ ਬਰ ਤਿਆਰ ਸਿੰਘਾਂ ਦੇ ਸਮੁੱਚੇ ਸਮੂੰਹ ਨੂੰ ਗੁਰੂ ਪੰਥ ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ।

(ਅ) ਗੁਰ ਸੰਗਤ :- ਜਿੱਥੇ ਥੋੜੇ ਜਿਹੇ ਸਿਖ ਭੀ ਹੋਣਗੇ, ਉਹ ਇਕ ਗੁਰ ਸੰਗਤ ਰਚ ਲੈਣਗੇ, ਵਧੀਕ ਜਿਤਨੇ ਹੋਣ, ਉਤਨਾ ਹੀ ਚੰਗਾ ਹੈ। ਜਿੱਥੇ ਘਟ ਤੋਂ ਘਟ ਪੰਜ ਤਿਆਰ ਬਰ ਤਿਆਰ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਹੋਣ, ਉਹ 'ਗੁਰ ਸੰਗਤ' ਹੈ।

(ੲ) ਸਿੱਖ ਨੂੰ 'ਗੁਰ ਸੰਗਤਿ' ਦਾ ਮੈਂਬਰ ਬਣਨ ਲਈ ਜ਼ਰੂਰੀ ਹੈ ਕਿ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਹੋਵੇ।

(ਸ) 'ਗੁਰ ਸੰਗਤਿ' ਤੋਂ ਇਲਾਵਾ ਸਾਧ ਸੰਗਤ ਜਾਂ ਸਿੱਖਾਂ ਦੇ ਹੋਰ ਜਥਿਆਂ ਵਿਚ ਅੰਮ੍ਰਿਤਧਾਰੀਆਂ ਤੋਂ ਬਿਨਾਂ ਭੀ ਹੋਰ ਸ਼ਾਮਲ ਹੋ ਸਕਣਗੇ।

(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੧੪)

SikhBookClub.com

ਤਬਦੀਲੀ

ਗੁਰੂ ਪੰਥ ਦੀ ਇਸ ਮੱਦ ਵਿਚ ਭੂਮਿਕਾ ਉਪਰੰਤ ਪਹਿਲੀ ਚਾਰ ਮੱਦਾਂ (ੳ) ਤੋਂ (ਸ) ਸਨ। ਮੱਦ (ੳ) ਵਿਚ ਗੁਰ ਸੰਗਤ ਤੇ ਗੁਰੂ ਪੰਥ ਦੀ ਬਜਾਇ ਗੁਰੂ ਪੰਥ ਕੀਤਾ ਗਿਆ ਹੈ। ਇਸਦੇ ਨਾਲ ਹੀ ਮੱਦਾਂ (ਅ), (ੲ) ਅਤੇ (ਸ) ਹਟਾ ਦਿੱਤੀਆਂ ਗਈਆਂ ਹਨ। ਇਸ ਦੇ ਇਲਾਵਾ ਇਸ ਮੱਦ ਦੀ ਭੂਮਿਕਾ ਵਿਚੋਂ ਲਫ਼ਜ਼ ਇਕ ਇਕ ਤੇ ਦੋ ਯਾਰ੍ਹਾਂ ਵੀ ਕੱਢ ਦਿੱਤੇ ਗਏ ਹਨ।

ਇਹ ਤਬਦੀਲੀ ਧਾਰਮਿਕ ਸਲਾਹਕਾਰ ਕਮੇਟੀ ਦੀ 7 ਜਨਵਰੀ, 1945 ਦੀ 13ਵੀਂ ਇਕੱਤ੍ਰਤਾ ਵਿਚ ਮਤਾ ਨੰਬਰ 17 ਰਾਹੀਂ ਕੀਤੀ ਗਈ ਹੈ। ਇਹ ਮਤਾ ਸੀ :

> ***17. ਹੈਡਿੰਗ ਪੰਥਕ ਰਹਿਣੀ ਦੇ ਅੰਕ (1) ਵਿਚ ਲ.ਫ਼ਜ "ਗੁਰ ਸੰਗਤ ਤੇ" ਕਟ ਦਿੱਤੇ ਜਾਣ। ਇਸੇ ਤਰ੍ਹਾਂ ਹੈਡਿੰਗ 'ਗੁਰ ਸੰਗਤ ਤੇ ਗੁਰੂ ਪੰਥ' ਦੀ ਥਾਂ ਕੇਵਲ ਲ.ਫ਼ਜ਼ 'ਗੁਰੂ ਪੰਥ' ਕਰ ਦਿੱਤੇ ਜਾਣ। ਇਸ ਹੈਡਿੰਗ ਦੇ ਅੰਕ (ਅ) (ੲ) ਤੇ (ਸ) ਕਟ ਦਿਤੇ ਜਾਣ।***
>
> (13ਵੀਂ ਇਕਤ੍ਰਤਾ 7 ਜਨਵਰੀ, 1945 ਦੇ ਮਤਾ ਨੰਬਰ 17 (ਪੰਥਕ ਮਤੇ, ਪੰਨਾ 34)

ਵਿਆਖਿਆ

ਸੇਵਾ, ਕੇਵਲ ਪੱਖੇ ਲੰਗਰ ਆਦਿ 'ਤੇ ਹੀ ਨਹੀਂ ਮੁਕ ਜਾਂਦੀ, ਸਿੱਖ ਦੀ ਸਾਰੀ ਜ਼ਿੰਦਗੀ ਪਰਉਪਕਾਰ ਵਾਲੀ ਹੈ...

ਇਸ ਮੱਦ ਵਿਚ ਪੰਥ ਦੀ ਵਿਆਖਿਆ ਕੀਤੀ ਗਈ ਹੈ। ਇਸ ਅਨੁਸਾਰ ਜਿੱਥੇ ਜ਼ਾਤੀ ਤੌਰ ਤੇ ਪਰਉਪਕਾਰੀ ਜੀਵਨ ਬਤੀਤ ਕਰਨਾ ਹੈ ਉਥੇ ਜਮਾਤੀ ਤੌਰ 'ਤੇ ਵੀ ਪਰਉਪਕਾਰ ਦੇ ਕਾਰਜਾਂ ਵਿਚ ਸੇਵਾ ਸਮਝ ਕੇ ਸ਼ਾਮਲ ਹੋਣਾ ਹੈ। ਇਸ ਦੇ ਨਾਲ ਹੀ ਹਰ ਸਮੇਂ ਪੰਥ ਦਾ ਅੰਗ ਬਣੇ ਰਹਿਣਾ ਹੈ। ਪੰਥ ਨਾਲੋਂ ਟੁੱਟ ਕੇ ਸਿੱਖ ਦਾ ਜੀਵਨ ਦਰਖ਼ਤ ਨਾਲੋਂ ਟੁੱਟੇ ਹੋਏ ਟਾਹਣ ਵਰਗਾ ਹੋ ਜਾਏਗਾ। ***"ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ ॥੧੨॥"*** (ਅੰਗ 306)

ਸੇਵਾ ਬਾਰੇ ਇਕ ਗੱਲ ਸਪਸ਼ਟ ਹੈ ਕਿ ਇਹ ਵੀ ਸਤਿਗੁਰੂ ਦੀ ਦਾਤ ਹੈ। ਇਹ ਉਸਨੂੰ ਹੀ ਪ੍ਰਾਪਤ ਹੁੰਦੀ ਹੈ ਜਿਸ 'ਤੇ ਉਹ ਆਪ ਤਰੁੱਠ ਕੇ ਬਖਸ਼ਿਸ਼ ਕਰਦਾ ਹੈ। ਜਿਵੇਂ ਕਿਸੇ ਬਾਦਸ਼ਾਹ, ਹਾਕਮ ਜਾਂ ਵੱਡੇ ਅਫ਼ਸਰ ਦੇ ਕਈ ਚਾਕਰ ਹੋਣ ਪਰ ਉਹ ਜਿਸਨੂੰ ਕੋਈ ਕੰਮ ਕਰਣ ਲਈ ਕਹਿੰਦਾ ਹੈ ਉਹ ਆਪਣੇ ਆਪ ਨੂੰ ਖ਼ੁਸ਼ਕਿਸਮਤ ਮਹਿਸੂਸ ਕਰਦਾ ਹੈ।

"ਸੇਵਕ ਕਉ ਸੇਵਾ ਬਨਿ ਆਈ ॥ ਹੁਕਮੁ ਬੂਝਿ ਪਰਮ ਪਦੁ ਪਾਈ ॥"

(ਅੰਗ ੨੯੨)

ਹਰ ਇਕ ਸਿੱਖ ਨੇ 'ਪੰਥ' ਦਾ ਇਕ ਅੰਗ ਹੋ ਕੇ ਭੀ ਆਪਣਾ ਧਰਮ ਨਿਭਾਉਣਾ ਹੈ :

ਮਰਯਾਦਾ ਦੀ ਇਸ ਮੱਦ ਦਾ ਸੁਨੇਹਾ ਹੈ ਕਿ ਹਰ ਸਿੱਖ ਨੇ ਪੰਥ ਦਾ ਅੰਗ ਬਣੇ ਰਹਿਣਾ ਹੈ। ਜਿਵੇਂ ਕਿਸੇ ਦਰਖ਼ਤ ਦਾ ਮੁੱਢ, ਜੜ੍ਹ, ਪੱਤੇ, ਫੁਲ, ਫਲ, ਟਾਹਣੀਆਂ ਆਦਿ ਦੀ ਆਪਣੀ ਆਪਣੀ ਹੋਂਦ, ਗੁਣ ਅਤੇ ਲੋੜ ਹੁੰਦੀ ਹੈ। ਪਰ ਇਹ ਇਕੱਲੇ ਇਕੱਲੇ ਰੁੱਖ ਜਾਂ ਦਰਖ਼ਤ ਨਹੀਂ ਅਖਵਾ ਸਕਦੇ। ਇਹਨਾਂ ਸਾਰਿਆਂ ਨੂੰ ਮਿਲਾ ਕੇ ਹੀ ਰੁੱਖ ਬਣਦਾ ਹੈ। ਸਰੀਰ

SikhBookClub.com

ਦੇ ਵੱਖ ਵੱਖ ਅੰਗ ਸਰੀਰ ਨਹੀਂ ਹਨ। ਇਸ ਲਈ ਇਹ ਸਪਸ਼ਟ ਕੀਤਾ ਗਿਆ ਹੈ ਕਿ **"ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ ਪੰਥ' ਆਖਦੇ ਹਨ।"** ਸਮੁੱਚੇ ਦਾ ਅਰਥ ਸਮਗਰ ਹੈ, ਸਰਬੱਤ ਹੈ। ਭਾਈ ਕਾਨ੍ਹ ਸਿੰਘ ਜੀ ਨੇ ਪੰਥ ਦੀਆਂ ਸਾਰੀਆਂ ਜਥੇਬੰਦੀਆਂ, ਟਕਸਾਲਾਂ, ਸੰਪ੍ਰਦਾਵਾਂ, ਸਿੰਘ ਸਭਾਵਾਂ, ਦਲ, ਨਿਹੰਗ ਫ਼ੌਜਾਂ, ਨਿਰਮਲੇ, ਉਦਾਸੀ, ਰਿਆਸਤੀ ਸਿੰਘ, ਫੌਜੀ ਸਿੰਘ, ਸਹਿਜਧਾਰੀ ਸਿੱਖ, ਡੇਰੇ, ਬੁੰਗੇ ਆਦਿ ਦਾ ਜ਼ਿਕਰ ਕੀਤਾ ਹੈ ਜੋ ਕਿ ਪੰਥ ਦਾ ਹਿੱਸਾ ਹਨ। ਲਾਜ਼ਮੀ ਸ਼ਰਤ ਇਹ ਹੈ ਕਿ ਇਹ ਸਿੱਖ ਰਹਿਤ ਮਰਯਾਦਾ ਵਿਚ ਵਰਣਤ ਸਿੱਖ ਦੀ ਪਰਿਭਾਸ਼ਾ ਨੂੰ ਮੰਨਦੇ ਹੋਏ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਇਸ਼ਟ ਅਤੇ ਮੁਕਤੀ ਦਾਤਾ ਮੰਨਦੇ ਹੋਣ ਅਤੇ ਕਿਸੇ ਹੋਰ ਧਰਮ ਨੂੰ ਨਾ ਮੰਨਣ ਵਾਲੇ ਹੈ। ਇਹ ਸਾਰੇ ਹੀ ਸਤਿਕਾਰਯੋਗ ਹਨ ਅਤੇ ਇਹਨਾਂ ਦੀ ਸੇਵਾ ਅਤੇ ਦੇਣ ਨੂੰ ਅਣਗੋਲਿਆ ਨਹੀਂ ਕੀਤਾ ਜਾ ਸਕਦਾ । ਪਰ ਇਕੱਲੇ ਇਕੱਲੇ ਇਹ ਪੰਥ ਦਾ ਅੰਗ ਤਾਂ ਹਨ ਪਰ ਪੰਥ ਨਹੀਂ। ਗੁਰੂ ਸਾਹਿਬ ਨੇ ਗੁਰਿਆਈ ਸਮੁੱਚੇ ਪੰਥ ਨੂੰ ਸੌਂਪ ਕੇ ਇਸਨੂੰ ਗੁਰੂ ਪੰਥ ਵਿਚ ਤਬਦੀਲ ਕਰ ਦਿੱਤਾ ਹੈ।

ਰਹਿਤਨਾਮਿਆਂ ਦੇ ਬਚਨ ਵੀ ਹਨ,

ਲੈਣਾ ਦੇਣਾ ਖਾਲਸੇ, ਆਨ ਦੇਵ ਸਭ ਝੂਠ।
ਅਉਰ ਦੇਵ ਇਵ ਮਾਨੀਏ, ਜਿਉਂ ਬਾਰੂ ਕੀ ਮੂਠ ।੨੯।

(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ, ਪੰਨਾ ੬੬)

ਜੋ ਸਰਬਤ ਵਿਚ ਮੈਂ ਹਾਂ ਅਤੇ ਖਾਲਸਾ ਮੇਰਾ ਹੈ ! ਮੇਰਾ ਗੁਰੂ ਖਾਲਸਾ ਹੈ ਅਤੇ ਨਾਲੇ ਬਚਨ ਕੀਤਾ ਹੈ

(ਰਹਿਤਨਾਮਾ ਹਜ਼ੂਰੀ, ਭਾਈ ਚਉਪਾ ਸਿੰਘ ਛਿੱਬਰ, ਪੰਨਾ ੧੦੮)

ਸ੍ਰੀ ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟਿਓ ਪੰਥ ਮਹਾਨ।
ਗ੍ਰੰਥ ਪੰਥ ਗੁਰੂ ਮਾਨੀਏ ਤਾਰੇ ਸਕਲ ਜਹਾਨ॥

(ਰਹਿਤਨਾਮਾ ਭਾਈ ਦਯਾ ਸਿੰਘ)

ਅਤੇ ਸਰਬਤੁ ਹੀ ਖਾਲਸਾ ਹੈ? ਇਕ ਕੋਈ ਨਹੀਂ?

(ਰਹਿਤਨਾਮਾ ਹਜ਼ੂਰੀ, ਭਾਈ ਚਉਪਾ ਸਿੰਘ ਛਿੱਬਰ, ਪੰਨਾ ੧੨੯)

ਗੁਰਿਆਈ ਸਰਬਤ ਖਾਲਸੇ ਦੀ ਅਤੇ ਆਸਰਾ ਗੁਰੂ ਕੇ ਸਬਦ ਦਾ ਅਤੇ ਵਾਲੀ ਪੁਰਖ।

(ਰਹਿਤਨਾਮਾ ਹਜ਼ੂਰੀ, ਭਾਈ ਚਉਪਾ ਸਿੰਘ ਛਿੱਬਰ, ਪੰਨਾ ੧੨੭)

ਇਹ ਗੁਰੂ ਪੰਥ ਦਾ ਅਹਿਦ ਹੈ ਕਿ ਹਰ ਇਕ ਸਿੱਖ ਨੇ ਜ਼ਾਤੀ ਅਤੇ ਜਮਾਤੀ ਰੂਪ ਵਿਚ 'ਪੰਥ' ਦਾ ਇਕ ਅੰਗ ਹੋ ਕੇ ਪੰਥਕ ਫ਼ਰਜ਼ ਨਿਭਾਉਣੇ ਹਨ। ਇਸ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਕਾਇਮੀ ਤੋਂ ਲੈ ਕੇ ਪੰਜਾਬੀ ਸੂਬੇ ਦੀ ਸਥਾਪਨਾ ਕਾਲ ਤਕ ਜਦੋਂ ਵੀ ਪੰਥਕ ਕਾਨਫਰੰਸ ਕਰਨੀ ਹੁੰਦੀ ਸੀ ਤਾਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਹੁੰਦੀ ਸੀ ਅਤੇ ਉਸ ਦੇ ਅਖ਼ੀਰਲੇ ਸੈਸ਼ਨ ਵਿਚ ਅੰਮ੍ਰਿਤ ਸੰਚਾਰ ਹੁੰਦਾ ਸੀ।

SikhBookClub.com

.....(ੳ) 'ਗੁਰੂ ਪੰਥ'- ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ ਪੰਥ' ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ।

ਵਿਆਖਿਆ

ਇਹ ਮੱਦ ਬਹੁਤ ਹੀ ਮਹੱਤਵਪੂਰਨ ਹੈ। ਲੋੜ ਹੈ ਇਸ ਨੂੰ ਚੰਗੀ ਤਰਾਂ ਦ੍ਰਿੜ ਕਰਨ ਦੀ। ਇਸ ਮੱਦ ਰਾਹੀਂ ਗੁਰੂ ਪੰਥ ਦੀ ਵਿਆਖਿਆ ਕੀਤੀ ਗਈ ਹੈ। ਤਿਆਰ-ਬਰ-ਤਿਆਰ ਯਾਨਿ ਕਿ ਅੰਮ੍ਰਿਤਧਾਰੀ ਸਿੰਘਾਂ ਦਾ ਸਮੂਹ ਹੀ ਗੁਰੂ ਪੰਥ ਅਖਵਾ ਸਕਦਾ ਹੈ। ਪੰਥ ਦਾ ਆਗਾਜ਼ ਤਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਕਰ ਦਿੱਤਾ ਸੀ। ***"ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ॥"*** (ਵਾਰ ੧, ਪਉੜੀ 45) ਅਤੇ ਇਸ ਦੀ ਪਰਵਰਿਸ਼ ਦਸਾਂ ਗੁਰੂ ਸਾਹਿਬ ਨੇ ਕੀਤੀ। ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦੋ ਕਾਰਜ ਕੀਤੇ। ਪਹਿਲਾ—ਇਸ ਨਿਰਮਲ ਪੰਥ ਨੂੰ ਅੰਮ੍ਰਿਤ ਦੀ ਦਾਤ ਦੇ ਕੇ ਇਸਦਾ ਅੰਤਮ ਸਰੂਪ ਬੰਨ੍ਹਿਆ ਅਤੇ ਦੂਸਰਾ—ਇਸ ਪੰਥ ਨੂੰ ਗੁਰਿਆਈ ਸੌਂਪ ਕੇ ਇਸ ਨੂੰ ਗੁਰੂ ਪੰਥ ਬਣਾ ਦਿੱਤਾ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਗੁਰੂ ਪੰਥ ਦਾ ਅੰਤਮ ਸਰੂਪ ਬੰਨ੍ਹ ਕੇ ਇਸ ਨੂੰ ਗੁਰਿਆਈ ਸੌਂਪਣੀ ਗੁਰੂ ਗ੍ਰੰਥ ਅਤੇ ਗੁਰੂ ਪੰਥ ਦੇ ਸਿਧਾਂਤਾਂ ਦੇ ਦੋ ਬੁਨਿਆਦੀ ਥੰਮ ਹਨ। ਇਸ 'ਤੇ ਕਿਸੇ ਕਿਸਮ ਦਾ ਸਮਝੌਤਾ ਜਾਂ ਇਸ ਸਿਧਾਂਤ ਤੋਂ ਕੋਈ ਮਾਫ਼ੀ ਨਹੀਂ ਹੈ। ਹਰ ਸਿੱਖ ਭਾਵੇਂ ਉਹ ਆਜ਼ਾਦ ਵਿਚਰਦਾ ਹੈ ਜਾਂ ਕਿਸੇ ਜਥੇਬੰਦੀ, ਟਕਸਾਲ, ਸੰਪਰਦਾ, ਡੇਰੇ ਜਾਂ ਸੰਸਥਾ ਦਾ ਮੈਂਬਰ ਹੈ ਉਸ ਲਈ ***ਗੁਰੂ ਗ੍ਰੰਥ - ਗੁਰੂ ਪੰਥ*** ਇਕ ਰਾਮ ਕਾਰ ਹੈ। ਇਸ ਨੂੰ ਦ੍ਰਿੜਤਾ ਨਾਲ ਲਾਗੂ ਕਰਨ ਦੀ ਲੋੜ ਹੁਣ ਪਹਿਲੇ ਨਾਲੋਂ ਵੀ ਵੱਧ ਹੈ ਕਿਉਂਕਿ ਪੰਥ ਵਿਚ ਵਿਚਰ ਰਹੀਆਂ ਕੁੱਝ ਸ਼ਕਤੀਆਂ ਗੁਰੂ ਪੰਥ ਨੂੰ ਗੁਰਿਆਈ ਸੌਂਪਣ ਵਾਲੇ ਸਿਧਾਂਤ ਤੇ ਬਹੁਤੇ ਮੁਖਰ ਨਹੀਂ ਨਜ਼ਰ ਆ ਰਹੀਆਂ। ਇਹ ਖ਼ਤਰੇ ਦੀ ਘੰਟੀ ਸਮਝੀ ਜਾ ਸਕਦੀ ਹੈ। ਇਸ ਤਰ੍ਹਾਂ ਦੀਆਂ ਲਿਖਤਾਂ ਨਜ਼ਰ ਆ ਰਹੀਆਂ ਹਨ ਜਿਸ ਵਿਚ ***ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ***, ਦੀ ਥਾਵੇਂ ***ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਸੰਪੂਰਨਤਾ ਬਖਸ਼ੀ.. ।*** ਅੰਕਤ ਕੀਤਾ ਗਿਆ ਹੈ। ਕੀ ਇਸ ਦਾ ਕੋਈ ਅਰਥ ਹੈ? ਇਹ ਬਹੁਤ ਹੀ ਗੰਭੀਰ ਟਿੱਪਣੀ ਹੈ। ਸਤਿਗੁਰ ਸੱਚੇ ਪਾਤਸ਼ਾਹ ਜੀ ਨੇ ਖਾਲਸੇ ਨੂੰ ਸੰਪੂਰਨਤਾ ਦੇ ਕੇ ਗੁਰਿਆਈ ਦੀ ਬਖਸ਼ਿਸ਼ ਕੀਤੀ ਹੈ। ਇਸ ਦੀ ਹਿਫ਼ਾਜ਼ਤ ਪੰਥ ਦਾ ਅਵਲੀਨ ਫ਼ਰਜ਼ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਦੋਂ ***'ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹਿ'*** ਕਿਹਾ ਤਾਂ ਇਸ ਵਿਚ ਵਾਹਿਗੁਰੂ ਅਤੇ ਖ਼ਾਲਸੇ ਦਾ ਵਰਣਨ ਸੀ ਪਰ ਗੁਰੂ ਦਾ ਜ਼ਿਕਰ ਨਹੀਂ ਸੀ। ਗੁਰੂ ਸਾਹਿਬ ਜੀ ਨੇ ਆਪਣੀ ਹਸਤੀ ਵੀ ਖ਼ਾਲਸੇ ਵਿਚ ਜਜ਼ਬ ਕਰ ਦਿੱਤੀ ਸੀ। ਤਾਹੀਉਂ ਤਾ ਹਜ਼ੂਰ ਨੇ ਬਚਨ ਕੀਤੇ, ਮੋ ਗ੍ਰਿਹ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਬ ਹੀ ਇਨਹੀ ਕੋ ॥੩॥ ਪਾਤਸ਼ਾਹੀ ੧੦ ॥ (ਖਾਲਸਾ ਮਹਿਮਾ) ਸਤਿਗੁਰ

SikhBookClub.com

ਸੱਚੇ ਪਾਤਸ਼ਾਹ ਨੇ ਖਾਲਸੇ ਨੂੰ ਉਸਤਤਿ, ਉਪਮਾ ਅਤੇ ਅਸੀਸ ਨਾਲ ਸਰਾਬੋਰ ਕੀਤਾ :

ਖ਼ਾਲਸਾ ਮੇਰੋ ਧਰਮ ਰੁ ਕਰਮ ॥ ਖ਼ਾਲਸਾ ਮੇਰੁ ਭੇਦ ਨਿਜ ਮਰਮ ॥
ਖ਼ਾਲਸਾ ਮੇਰੋ ਸਤਿਗੁਰੁ ਪੂਰਾ ॥ ਖ਼ਾਲਸਾ ਮੇਰੋ ਸੂਜਨ ਸੂਰਾ ॥੭॥
ਖ਼ਾਲਸਾ ਮੇਰੋ ਬੁਧਿ ਰੁ ਗਯਾਨ ॥ ਖ਼ਾਲਸਹਿ ਕਾ ਹਉਂ ਧਰਹੁੰ ਧਯਾਨ ॥
ਉਪਮਾ ਖ਼ਾਲਸਹਿ ਜਾਤਿ ਨ ਕਹੀ ॥ ਜਿਹਵਾ ਏਕ ਪਾਰੁ ਨਹਿ ਲਹੀ ॥੮॥
ਸ਼ੇਸ਼ ਰਸਨ ਸਾਰਦ ਸੀ ਬੁਧਿ ॥ ਤਦਜਪਿ ਨ ਉਪਮਾ ਬਰਨਤਿ ਸੁਧਿ ॥
ਯਾ ਮਹਿ ਰੰਚਿ ਨ ਮਿਥਯਾ ਭਾਖੀ ॥ ਪਾਰਬ੍ਰਹਮ ਗੁਰੁ ਨਾਨਕ ਸਾਖੀ ॥੯॥
ਰੋਮ ਰੋਮ ਰਸਨਾ ਜੋ ਪਾਵਹੁੰ ॥ ਤਦਜਪਿ ਨ ਖ਼ਾਲਸ ਜਸਹਿ ਤਰਾਵਹੰ ॥
ਹੌਂ ਖ਼ਾਲਸਹਿ ਕਹੁ, ਖ਼ਾਲਸਾ ਮੇਰੋ ॥ ਓਤਪੋਤ ਸਾਗਰ ਬੂੰਦੇਰੋ ॥੧੦॥
ਖ਼ਾਲਸਾ ਕਾਲਪੁਰਖ ਕੀ ਫੌਜ ॥ ਪ੍ਰਗਟਯੋ ਪਰਮਾਤਮ ਕੌਂ ਮੌਜ ॥੧॥ ਰਹਾਉ ॥

(ਸਰਬਲੋਹ ਗ੍ਰੰਥ ॥੩੩੦੯ ॥

ਇਸ ਕਰਿਸ਼ਮੇ ਦਾ ਜ਼ਿਕਰ ਕੰਕਣ ਕਵੀ ਨੇ ਕੀਤਾ ਹੈ ਕਿ ਵਾਹਿਗੁਰੂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਅੰਮ੍ਰਿਤ ਦੀ ਦਾਤ ਦੇ ਕੇ ਫ਼ਿਰ ਉਸ ਕੋਲੋਂ ਜਦੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਤਾਂ ਸਤਿਗੁਰੂ ਜੀ ਨੇ ਬਚਨ ਕੀਤੇ ਕਿ ਜਗਤ ਵਿਚ ਮੈਂ ਤੁਹਾਡਾ ਗੁਰੂ ਕਰ ਕੇ ਜਾਣਿਆ ਜਾਂਦਾ ਹਾਂ ਪਰ ਮੇਰੇ ਗੁਰੂ ਤੁਸੀਂ ਹੋ। ਖਾਲਸੇ ਦੇ ਦਰਸ਼ਨ ਮੇਰੇ ਦਰਸ਼ਨ ਹੋਣਗੇ। ਪੰਜ ਪਿਆਰੇ ਮਿਲ ਕੇ ਜੋ ਵੀ ਮੰਗਣਗੇ ਉਹ ਮੰਗ ਖਿਨ ਪਲ ਵਿਚ ਹੀ ਪੂਰੀ ਹੋ ਜਾਏਗੀ।

ਸ੍ਵੈਯਾ-ਸਿਖ ਸਭੈ ਹਮਰੇ ਗੁਰ ਹੋ ਤੁਮ, ਮੈਂ ਹੋ ਗੁਰੁ ਜਗ ਮਾਹਿ ਤੁਮਾਰਾ ॥੧੮੬ ॥
ਜੋ ਕਰਿ ਹੈ ਤੁਮਰਾ ਕੋਊ ਦਰਸ਼ਨ ਜਾਨੋ ਕੀਯਾ ਤਿਨ ਦਰਸੁ ਹਮਾਰਾ।
ਜੋ ਤੁਮ ਮਾਂਗ ਲਹੋ ਮਿਲ ਪਾਂਚ ਸੁਈ ਕਛੁ ਹੋਇ ਨ ਲਾਗ ਹੈ ਬਾਰ ॥੧੮੭॥

ਹੁਣ ਕੰਕਣ ਗੁਰੂ ਸਾਹਿਬ ਨੂੰ ਗੁਰੂ ਨਹੀਂ ਬਲਕਿ ਇਹ ਲਿਖਦਾ ਹੈ ਕਿ ਵਾਹਿਗੁਰੂ ਨੇ ਬਚਨ ਕੀਤੇ ਕਿ ਹੁਣ ਤੁਸੀਂ ਕੇਵਲ ਖਾਲਸਾ ਨਹੀਂ ਬਲਕਿ ਗੁਰੂ ਖਾਲਸਾ ਕਰ ਕੇ ਜਾਣੇ ਜਾਉਗੇ। ਮੈਂ ਤੁਹਾਡਾ ਅਤੇ ਤੁਸੀਂ ਮੇਰੇ ਹੋਏ ਹੋ, ਹੁਣ ਮੇਰਾ ਅਤੇ ਤੁਹਾਡਾ ਗੁਰੂ ਕੋਈ ਵਖਰਾ ਨਹੀਂ। ਮੈਂ ਤੁਹਾਡਾ ਅਤੇ ਤੁਸੀਂ ਮੇਰੇ ਹੋ ਗਏ ਹੋ। ਮੇਰਾ ਅਤੇ ਤੁਹਾਡਾ ਦੋਹਾਂ ਦਾ ਗੁਰੂ ਹੁਣ ਅਕਾਲ ਪੁਰਖ ਹੈ। ਸਾਰੀਆਂ ਵਡਿਆਈਆਂ ਸਤਿਗੁਰੂ ਜੀ ਨੇ ਖ਼ਾਲਸੇ ਦੀ ਝੋਲੀ ਵਿਚ ਪਾ ਦਿੱਤੀਆਂ।

ਇਸ ਤੋਂ ਵੀ ਅਹਿਮ ਗੱਲ ਇਹ ਕੀਤੀ ਕਿ ਇਕ ਵਾਰ ਪੰਜ ਸਿੰਘਾਂ ਨੂੰ ਅੰਮ੍ਰਿਤ ਦੀ ਦਾਤ ਦੇਣ ਉਪਰੰਤ ਅੱਗੋਂ ਤੋਂ ਅੰਮ੍ਰਿਤ ਦੀ ਦਾਤ ਦੇਣ ਦਾ ਅਧਿਕਾਰ ਵੀ ਸਤਿਗੁਰ ਸੱਚੇ ਪਾਤਸ਼ਾਹ ਜੀ ਨੇ ਖਾਲਸੇ ਦੀ ਝੋਲੀ ਵਿਚ ਹੀ ਪਾ ਦਿੱਤਾ। ਇਸ ਤਰ੍ਹਾਂ ਖਾਲਸੇ ਨੂੰ ਗੁਰਿਆਈ 'ਤੇ ਮੋਹਰ ਲਗਾ ਦਿੱਤੀ।

ਜਿਹ ਬਿਧਿ ਪਾਹੁਲ ਗੁਰ ਦਈ ਤਿਹ ਬਿਧਿ ਤਿਨਸੋਂ ਲੀਨ।
ਆਪੁ ਸਿਖ ਤਿਨਕਾ ਭਯਾ ਇਹੀ ਕਾਮ ਗੁਰ ਕੀਨ ॥੨੧੭॥

(ਦਸ ਗੁਰੂ ਕਥਾ ਕੰਕਣ)

SikhBookClub.com

'ਗੁਰੂ ਗ੍ਰੰਥ - ਗੁਰੂ ਪੰਥ' ਦੇ ਸੰਕਲਪ ਬਾਰੇ 14 ਅਪ੍ਰੈਲ 1938 ਧਾਰਮਿਕ ਸਲਾਹਕਾਰ ਕਮੇਟੀ ਦੀ ਤੀਜੀ ਇਕਤ੍ਰਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਹੋਈ। ਇਸ ਵਿਚ ਸਿੰਘ ਸਾਹਿਬ ਜਥੇਦਾਰ ਮੋਹਨ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਭਾਈ ਸਾਹਿਬ ਲਾਭ ਸਿੰਘ ਜੀ ਹੈਡ ਗ੍ਰੰਥੀ ਦਰਬਾਰ ਸਾਹਿਬ ਹਾਜ਼ਿਰ ਹੋਏ। ਇਸ ਤੋਂ ਇਲਾਵਾ ਸਿੱਖ ਰਹੁ ਰੀਤ ਕਮੇਟੀ ਦੇ ਕਨਵੀਨਰ ਪ੍ਰੋ. ਤੇਜਾ ਸਿੰਘ ਜੀ , ਪ੍ਰੋ. ਜੋਧ ਸਿੰਘ ਜੀ, ਪ੍ਰੋ. ਗੰਗਾ ਸਿੰਘ ਜੀ ਅਤੇ ਪ੍ਰੋਫੈਸਰ ਸਾਹਿਬ ਸਿੰਘ ਜੀ ਸ਼ਾਮਿਲ ਹੋਏ। ਇਸ ਵਿਚ ਇਹ ਦ੍ਰਿੜ੍ਹ ਕੀਤਾ ਗਿਆ।

...ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮਗਰੋਂ ਗੁਰਿਆਈ ਦੀ ਪਦਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਖਾਲਸਾ ਨੂੰ ਦਿੱਤੀ, "ਗੁਰੂ ਵਿਚ ਆਦਿ ਤੋਂ ਦੋ ਚੀਜ਼ਾਂ ਸਨ, ਗੁਰਬਾਣੀ ਤੇ ਸੰਗਤ ਜਾਂ ਜੋਤ ਤੇ ਜੁਗਤ।" ਗੁਰਬਾਣੀ ਪੂਰਨ ਹੋ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਕਲ ਵਿਚ ਅਸਥਾਪਨ ਹੋਈ ਅਤੇ ਸੰਗਤ ਗੁਰੂ ਖਾਲਸਾ ਦੀ ਸ਼ਕਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਕੀਤੀ।

ਹਜ਼ੂਰ ਦੀ ਅਸੀਸ ਹੈ :

ਪ੍ਰਤਖ ਕਲਾ ਪਾਰਬ੍ਰਹਮ ਪਣੀਛੇ, ਗ੍ਰੰਥ ਪੰਥ ਖਾਲਸ ਵਰਤੰਤਾ॥
'ਦਾਸ ਗੋਬਿੰਦ' ਫਤਿਹ ਸਤਿਗੁਰੁ ਕੀ, ਖਾਸ ਗ੍ਰੰਥ ਗੁਰੁ ਰੂਪ ਬਦੰਤਾ॥
ਭਯੋ ਨਿਸਤਾਰ ਤ੍ਰਾਸ ਅਸੁਰਨ ਤੋ, ਤਾਰ ਲਿਯੋ ਗੁਰੂ ਜਗਤ ਸਬੈ॥
'ਸ਼ਾਹ ਗੋਬਿੰਦ' ਫਤਿਹ ਸਤਿਗੁਰ ਕੀ, ਵਾਹਿਗੁਰੂ ਸੁਚਿ ਮੰਤ੍ਰ ਅਖੈ॥

(ਸਰਬ ਲੋਹ ਗ੍ਰੰਥ)

ਭਾਈ ਦਯਾ ਸਿੰਘ ਜੀ ਆਪਣੇ ਰਹਿਤਨਾਮੇ ਵਿਚ ਜ਼ਿਕਰ ਕਰਦੇ ਹਨ :

ਸ੍ਰੀ ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟਿਓ ਪੰਥ ਮਹਾਨ।
ਗ੍ਰੰਥ ਪੰਥ ਗੁਰੂ ਮਾਨੀਏ ਤਾਰੇ ਸਕਲ ਕੁਲਾਨ।

(ਰਹਿਤਨਾਮਾ ਭਾਈ ਦਯਾ ਸਿੰਘ, ਪੰਨਾ ੭੧)

'ਗੁਰ ਸੰਗਤ ਤੇ ਗੁਰੂ ਪੰਥ' ਵਿਚੋਂ ਹਟਾਈ ਗਈ ਮੱਦ:

(ਅ) ਗੁਰ ਸੰਗਤ :- ਜਿੱਥੇ ਥੋੜੇ ਜਿਹੇ ਸਿੱਖ ਭੀ ਹੋਣਗੇ, ਉਹ ਇਕ ਗੁਰ ਸੰਗਤ ਰਚ ਲੈਣਗੇ, ਵਧੀਕ ਜਿਤਨੇ ਹੋਣ, ਉਤਨਾ ਹੀ ਚੰਗਾ ਹੈ। ਜਿੱਥੇ ਘੱਟ ਤੋਂ ਘੱਟ ਪੰਜ ਤਿਆਰ ਬਰ ਤਿਆਰ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਹੋਣ, ਉਹ 'ਗੁਰ ਸੰਗਤ' ਹੈ।

(ੲ) ਸਿੱਖ ਨੂੰ 'ਗੁਰ ਸੰਗਤਿ' ਦਾ ਮੈਂਬਰ ਬਣਨ ਲਈ ਜ਼ਰੂਰੀ ਹੈ ਕਿ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਹੋਵੇ।

(ਸ) 'ਗੁਰ ਸੰਗਤਿ' ਤੋਂ ਇਲਾਵਾ ਸਾਧ ਸੰਗਤ ਜਾਂ ਸਿੱਖਾਂ ਦੇ ਹੋਰ ਜਥਿਆਂ ਵਿਚ ਅੰਮ੍ਰਿਤਧਾਰੀਆਂ ਤੋਂ ਬਿਨਾਂ ਭੀ ਹੋਰ ਸ਼ਾਮਲ ਹੋ ਸਕਣਗੇ।

SikhBookClub.com

ਵਿਆਖਿਆ

1936 ਤਕ ਮਰਯਾਦਾ ਦੇ ਗੁਰੂ ਪੰਥ ਵਾਲੇ ਅਧਿਆਇ ਵਿਚ ਤਿੰਨ ਨੁਕਤੇ ਸਨ– ਸੰਗਤ, ਗੁਰ ਸੰਗਤ ਅਤੇ ਗੁਰੂ ਪੰਥ ਅਤੇ ਇਹਨਾਂ ਦੀ ਵਿਆਖਿਆ ਵੀ ਕੀਤੀ ਗਈ ਸੀ। ਸੰਗਤ ਅਤੇ ਗੁਰ ਸੰਗਤ ਵਿਚ ਫ਼ਰਕ ਹੈ। ਹੁਣ ਇਹਨਾਂ ਤਿੰਨਾਂ ਹੀ ਲਫ਼ਜ਼ਾਂ ਦੀ ਵਰਤੋਂ ਤਾਂ ਸਿੱਖ ਰਹਿਤ ਮਰਯਾਦਾ ਵਿਚ ਕੀਤੀ ਗਈ ਹੈ ਪਰ 'ਗੁਰ ਸੰਗਤ' ਦੀ ਵਿਆਖਿਆ ਵਾਲੀ ਮੱਦ ਨਹੀਂ ਹੈ। ਇਹਨਾਂ ਹਟਾਈਆਂ ਗਈਆਂ ਮੱਦਾਂ ਵਿਚ ਬਹੁਤ ਹੀ ਮਹੱਤਵਪੂਰਨ ਮਰਯਾਦਾ ਦੇ ਸਿਧਾਂਤ ਅੰਕਤ ਹਨ। ਇਸ ਮੁਤਾਬਕ ਆਮ ਤੌਰ 'ਤੇ ਹਰ ਇਕ ਸਿੱਖ ਸੰਗਤ ਦਾ ਹਿੱਸਾ ਹੈ। ਪਰ ਜਿਸ ਸੰਗਤ ਵਿਚ ਘੱਟ ਘੱਟ ਪੰਜ ਤਿਆਰ ਬਰ ਤਿਆਰ ਅੰਮ੍ਰਿਤਧਾਰੀ ਸਿੰਘ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿਚ ਹੋਣਗੇ ਉਹ ਗੁਰ ਸੰਗਤ ਹੈ। ਇਸ ਦੇ ਨਾਲ ਹੀ ਗੁਰ ਸੰਗਤ ਦਾ ਮੈਂਬਰ ਬਣਨ ਲਈ ਸਿੱਖ ਦਾ ਅੰਮ੍ਰਿਤਧਾਰੀ ਅਤੇ ਤਿਆਰ ਬਰ ਤਿਆਰ ਹੋਣਾ ਲਾਜ਼ਮੀ ਹੈ। ਇਹ ਗੁਰ ਸੰਗਤ ਸਥਾਨਕ ਮਸਲੇ ਸੁਣ ਸਕਦੀ ਹੈ ਅਤੇ ਇਸ 'ਤੇ ਫੈਸਲਾ ਵੀ ਦੇ ਸਕਦੀ ਹੈ। ਉਪਰੰਤ ਇਸ ਗੁਰ ਸੰਗਤ ਦੇ ਫੈਸਲੇ ਦੀ ਅਪੀਲ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋ ਸਕਦੀ ਹੈ।

ਇਹ ਤਬਦੀਲੀਆਂ ਕਾਫ਼ੀ ਗੰਭੀਰ ਹਨ ਅਤੇ ਜੇਕਰ ਇਹਨਾਂ ਨੂੰ ਸਹੀ ਤੌਰ 'ਤੇ ਵਿਚਾਰਿਆ ਅਤੇ ਅਮਲ ਵਿਚ ਲਿਆਂਦਾ ਜਾਏ ਤਾਂ ਕਈ ਪੰਥਕ ਮਸਲਿਆਂ ਅਤੇ ਦਰਪੇਸ਼ ਮੁੱਦਿਆਂ ਦਾ ਹਲ ਨਿਕਲ ਸਕਦਾ ਹੈ।

੨. ਅੰਮ੍ਰਿਤ ਸੰਸਕਾਰ

ਭੂਮਿਕਾ:

ਪੰਥਕ ਰਹਿਣੀ ਵਿਚ ਵਰਣਤ ਅੰਮ੍ਰਿਤ ਸੰਸਕਾਰ ਮਰਯਾਦਾ ਦੇ ਚਾਰ ਸੰਸਕਾਰਾਂ ਵਿਚ ਇਹ ਅਖ਼ੀਰਲਾ ਸੰਸਕਾਰ ਹੈ। ਇਸ ਅਧਿਆਇ ਦੀਆਂ (ੳ) ਤੋਂ ਲੈ ਕੇ (ਣ) ਤਕ 19 ਮੱਦਾਂ ਹਨ। ਅੰਮ੍ਰਿਤ ਸੰਸਕਾਰ ਰਾਹੀਂ ਸਿੱਖ ਨੇ ਖੰਡੇ ਬਾਟੇ ਦੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਗੁਰੂ ਵਾਲਾ ਬਣਨਾ ਹੈ, ਗੁਰੂ ਪੰਥ ਦਾ ਹਿੱਸਾ ਬਣਨਾ ਹੈ, ਉਸ ਦਾ ਦੂਜਾ ਜਨਮ ਹੋਣਾ ਹੈ, ਉਸ ਦਾ ਜਨਮ ਮਰਨ ਦਾ ਗੇੜ ਖ਼ਤਮ ਹੋਣਾ ਹੈ। ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨਾ ਹਰ ਸਿੱਖ ਦਾ ਹੱਕ ਵੀ ਹੈ ਅਤੇ ਫ਼ਰਜ਼ ਵੀ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖ਼ੁਦ ਗੋਡਿਆਂ ਭਾਰ ਹੋ ਕੇ ਆਪਣੇ ਹੀ ਸਾਜੇ ਪੰਜ ਪਿਆਰਿਆਂ ਪਾਸੋਂ ਇਹ ਦਾਤ ਪ੍ਰਾਪਤ ਕੀਤੀ। ਅੰਮ੍ਰਿਤ ਦੀ ਮਹਾਨਤਾ ਬਾਰੇ ਰਹਿਤਨਾਮੇ ਵਿਚ ਅੰਕਤ ਹੈ :

ਧਰਹਿ ਕੇਸ ਪਾਹੁਲ ਬਿਨਾ, ਭੇਖੀ ਮੂੜਾ ਸਿਖ।
ਮੇਰਾ ਦਰਸਨ ਨਾਹਿ ਤਿਸ, ਪਾਪੀ ਤਿਆਗੈ ਭਿਖ।੫।
ਏਕ ਮਜ਼ਬ ਰਹਿਨਾ ਭਲਾ, ਦੋ ਮਹਿ ਰਹੈ ਨ ਕੋਇ।
ਮੇਰਾ ਸਿਖ ਕਹਾਇਕੈ, ਭਰਮਹਿ ਪਾਪੀ ਸੋਇ।੬।

(ਰਹਿਤਨਾਮਾ ਭਾਈ ਸਾਹਿਬ ਸਿੰਘ)

ਇਸਲਾਮਿਕ ਸਾਹਿਤ ਵਿਚ ਆਬੇ-ਹਯਾਤ ਅਤੇ ਪੁਰਾਤਨ ਭਾਰਤੀ ਸੰਸਕ੍ਰਿਤੀ

SikhBookClub.com

ਵਿਚ ਅੰਮ੍ਰਿਤ ਦਾ ਵਰਣਨ ਪੁਰਾਣਾਂ ਵਿਚ ਮਿਲਦਾ ਹੈ। ਇਹ ਉਹ ਪਦਾਰਥ ਹੈ ਜਿਸ ਨੂੰ ਪੀਣ ਨਾਲ ਅਮਰਤਾ ਪ੍ਰਾਪਤ ਹੁੰਦੀ ਹੈ। ਗੁਰੂ ਸਾਹਿਬ ਨੂੰ ਪਰਾ-ਪ੍ਰਾਚੀਨ ਲਫ਼ਜ਼ਾਂ ਕੀਰਤਨ, ਭਗਤੀ, ਇਬਾਦਤ, ਬੰਦਗੀ, ਵਿਆਹ, ਸੰਸਕਾਰ, ਗ੍ਰੰਥ, ਪੂਜਾ, ਪਾਠ, ਪ੍ਰਸ਼ਾਦਿ, ਆਰਤੀ, ਅੰਮ੍ਰਿਤ ਆਦਿ ਤੋਂ ਕੋਈ ਗੁਰੇਜ਼ ਨਹੀਂ ਸੀ। ਹਜ਼ੂਰ ਨੇ ਇਹ ਸਾਰੇ ਦੇ ਸਾਰੇ ਲਫ਼ਜ਼ ਵਰਤੇ ਤਾਂ ਜ਼ਰੂਰ ਪਰ ਇਹਨਾਂ ਦੇ ਅਰਥ ਅਤੇ ਆਯਾਮ (dimensions) ਪੂਰੀ ਤਰ੍ਹਾਂ ਬਦਲ ਦਿੱਤੇ। ਹੁਣ ਇਹਨਾਂ ਦੇ ਅਰਥ ਅਤੇ ਤਾਸੀਰ ਕਰਮਕਾਂਡੀ ਨਾ ਰਹਿ ਕੇ ਗੁਰਮਤਿ ਅਨੁਸਾਰੀ ਹੋ ਗਈ। ਇਹਨਾਂ ਦੀ ਵਿਆਖਿਆ ਹੁਣ ਸਿੱਖ ਨੇ ਕਰਨੀ ਹੈ ਨਾ ਕਿ ਅਨਮਤ ਵਾਲਿਆਂ ਨੇ।

ਪੌਰਾਣਿਕ ਅੰਮ੍ਰਿਤ ਦੀ ਦਿਲਚਸਪ ਅਤੇ ਵਚਿਤ੍ਰ ਵਾਰਤਾ ਸਮੁੰਦ੍ਰ ਮੰਥਨ ਦੀ ਹੈ। ਇਸ ਵਿਚ ਦੇਵਤਿਆਂ ਨੇ ਸੁਮੇਰ ਪਰਬਤ ਨੂੰ ਮਾਧਾਣੀ ਬਣਾ ਕੇ ਸੇਖ ਨਾਗ ਨੂੰ ਰਿੜਕਣ ਵਾਲੀ ਰੱਸੀ ਬਣਾਈ ਅਤੇ ਸਮੁੰਦ੍ਰ ਨੂੰ ਰਿੜਕਿਆ। ਇਸ ਕੰਮ ਨੂੰ ਉਹ ਇਕੱਲੇ ਨਾ ਕਰ ਸਕੇ ਤਾਂ ਉਨ੍ਹਾਂ ਨੇ ਅੱਧੇ ਹਿੱਸੇ ਦਾ ਲਾਲਚ ਦੇ ਕੇ ਦੈਂਤਾਂ ਨੂੰ ਨਾਲ ਰਲਾ ਲਿਆ। ਮੰਥਨ ਦੇ ਬਾਅਦ ਇਸ ਵਿਚੋਂ ਚੌਦਾਂ ਰਤਨ ਨਿਕਲੇ ਜਿਸ ਵਿਚ ਇਕ ਅੰਮ੍ਰਿਤ ਦਾ ਕੁੰਡ ਵੀ ਸੀ। ਦੈਂਤ ਇਸ ਅੰਮ੍ਰਿਤ ਦੇ ਕੁੰਡ ਨੂੰ ਚੁੱਕ ਕੇ ਭੱਜ ਪਏ। ਇਸ 'ਤੇ ਦੇਵਤਿਆਂ ਅਤੇ ਦੈਂਤਾਂ ਦੀ ਲੜਾਈ ਹੋਈ। ਵਿਸ਼ਣੂ ਨੇ ਸੁੰਦਰ ਇਸਤ੍ਰੀ ਮਹਾਮੋਹਨੀ ਦਾ ਰੂਪ ਧਾਰ ਕੇ ਵਿਚੋਲਗੀ ਕੀਤੀ। ਦੇਵਤਿਆਂ ਅਤੇ ਦੈਂਤਾਂ ਨੂੰ ਕਤਾਰ ਵਿਚ ਬਿਠਾ ਕੇ ਮਹਾਮੋਹਨੀ ਨੇ ਅੰਮ੍ਰਿਤ ਦੇਵਤਿਆਂ ਵਾਲੇ ਪਾਸੇ ਤੋਂ ਵੰਡਣਾ ਸ਼ੁਰੂ ਕੀਤਾ। ਰਾਹੂ ਨਾਮ ਦੇ ਦੈਂਤ ਨੇ ਜਦੋਂ ਵੇਖਿਆ ਕਿ ਅੰਮ੍ਰਿਤ ਤਾਂ ਉਨ੍ਹਾਂ ਤਕ ਪਹੁੰਚਣ ਤੋਂ ਪਹਿਲਾਂ ਹੀ ਮੁਕ ਜਾਏਗਾ ਤਾਂ ਉਹ ਭੇਸ ਵਟਾ ਕੇ ਸੂਰਜ ਅਤੇ ਚੰਦ੍ਰਮਾ ਦੇ ਨਾਲ ਜਾ ਬੈਠਾ। ਦੇਵਤਿਆਂ ਨੇ ਰਾਹੂ ਨੂੰ ਪਛਾਣ ਲਿਆ ਅਤੇ ਮਹਾਮੋਹਨੀ ਨੂੰ ਇਸ਼ਾਰਾ ਕੀਤਾ। ਹੁਣ ਵਿਸ਼ਣੂ ਨੇ ਆਪਣੇ ਅਸਲੀ ਰੂਪ ਵਿਚ ਆ ਕੇ ਰਾਹੂ ਦੀ ਧੌਣ ਵੱਢ ਦਿੱਤੀ ਜਿਸ ਨਾਲ ਉਸਦਾ ਸਿਰ ਧੜ ਨਾਲੋਂ ਵੱਖ ਹੋ ਕੇ ਇਸ ਦੇ ਦੋ ਹਿੱਸੇ ਰਾਹੂ ਅਤੇ ਕੇਤੂ ਹੋ ਗਏ। ਪਰ ਇਸ ਸਮੇਂ ਤਕ ਇਕ ਘੁੱਟ ਅੰਮ੍ਰਿਤ ਦਾ ਰਾਹੂ ਦੇ ਹਲਕ ਵਿਚ ਜਾ ਚੁਕਾ ਸੀ। ਸੋ ਹੁਣ ਇਹ ਰਾਹੂ ਅਤੇ ਕੇਤੂ ਦੇ ਰੂਪ ਵਿਚ ਆਕਾਸ਼ ਵਿਚ ਚੱਕਰ ਲਾਉਣ ਲੱਗ ਪਏ ਅਤੇ ਲਗਾਤਾਰ ਚੰਦ੍ਰਮਾ ਅਤੇ ਸੂਰਜ ਦਾ ਪਿੱਛਾ ਕਰ ਰਹੇ ਹਨ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਪੌਰਾਣਿਕ ਗਾਥਾ ਦਾ ਵਰਣਨ ਤਾਂ ਹੈ ਪਰ ਅੰਮ੍ਰਿਤ ਦੇ ਅਰਥ, ਅਤੇ ਮਕਸਦ ਪੂਰੀ ਤਰ੍ਹਾਂ ਹੀ ਬਦਲ ਦਿੱਤੇ। ਇਸ ਅਨੁਸਾਰ ਗੁਰੂ ਨੇ ਪਹਾੜ ਰੂਪੀ ਉੱਚੀ ਸੁਰਤ ਨੂੰ ਮਨ ਰੂਪੀ ਨੇਤ੍ਰੇ ਦੇ ਨਾਲ ਸ਼ਬਦ ਨੂੰ ਰਿੜਕਿਆ (ਘੋਖਿਆ) ਅਤੇ ਇਸ ਤਰ੍ਹਾਂ ਅੰਮ੍ਰਿਤ ਦਾ ਕੁੰਡ ਪ੍ਰਾਪਤ ਹੋਇਆ।

ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ ॥
ਚਉਦਹ ਰਤਨ ਨਿਕਾਲਿਅਨੁ ਕਰਿ ਆਵਾ ਗਉਣੁ ਚਿਲਕਿਓਨੁ ॥

(ਅੰਗ ੯੬੭)

ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਇਸ ਵੰਡ ਦਾ ਜ਼ਿਕਰ ਆਪਣੀ ਪਾਵਨ ਬਾਣੀ ਵਿਚ ਕਰਦੇ ਹਨ,

SikhBookClub.com

ਮਹਾ ਮੋਹਨੀ ਰੂਪ ਧਾਰਿਯੋ ਅਪਾਰੰ ॥
ਰਹੈ ਮੋਹਿ ਕੈ ਦਿਤਿ ਆਦਿਤਿਯ ਕੁਮਾਰੰ ॥
ਛਕੇ ਪ੍ਰੇਮ ਜੋਗੰ ਰਹੇ ਰੀਝ ਸਰਬੰ ॥
ਤਜੈ ਸਸਤ੍ਰ ਅਸਤ੍ਰੰ ਦੀਯੋ ਛੋਰ ਗਰਬੰ ॥

(ਚੌਬੀਸ ਅਵਤਾਰ ਮੋਹਣੀ)

ਇਸ ਗਾਥਾ ਦਾ ਭਾਵ ਸਪਸ਼ਟ ਅਤੇ ਗੰਭੀਰ ਹੈ ਕਿ ਜਪ ਤਪ ਕਰ ਕੇ ਸਿੱਖ ਨੂੰ ਗੁਰੂ ਦੀ ਰਹਿਮਤ ਨਾਲ ਅੰਮ੍ਰਿਤ ਤਾਂ ਪ੍ਰਾਪਤ ਹੋ ਸਕਦਾ ਹੈ ਪਰ ਬੱਜਰ ਕੁਰਹਿਤਾਂ ਰੂਪੀ 'ਮਹਾਮੋਹਨੀ' ਇਸ ਦਾਤ ਨੂੰ ਗਲਤਾਨ ਕਰਨ ਦੀ ਸਮਰੱਥਾ ਰਖਦੀ ਹੈ।

ੳ) ਅੰਮ੍ਰਿਤ ਛਕਾਉਣ ਲਈ ਇਕ ਖਾਸ ਅਸਥਾਨ 'ਤੇ ਪ੍ਰਬੰਧ ਹੋਵੇ। ਉਥੇ ਆਮ ਲੋਕਾਂ ਦਾ ਲਾਂਘਾ ਨਾ ਹੋਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੭)

ਵਿਆਖਿਆ

ਅੰਮ੍ਰਿਤ ਦੀ ਦਾਤ ਰਾਹੀਂ ਸਿੱਖ ਨੂੰ ਨਵਾਂ ਜਨਮ ਪ੍ਰਾਪਤ ਹੋਣਾ ਹੈ। ਇਸ ਵਿਚ ਗੁਰੂ ਵੱਲੋਂ ਅੰਮ੍ਰਿਤ ਦੀ ਬਖਸ਼ਿਸ਼ ਅਤੇ ਦਾਤ ਪ੍ਰਾਪਤ ਲਈ ਗੁਰੂ ਨਾਲ ਪ੍ਰਣ ਅਤੇ ਵਚਨ ਸ਼ਾਮਲ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਇਹ ਅਸਥਾਨ ਆਵਾ ਜਾਵੀ ਤੋਂ ਰਹਿਤ ਅਤੇ ਨਿਵੇਕਲਾ ਹੋਵੇ ਤਾਂ ਕਿ ਇਸ ਵਿਚ ਖਲਲ ਨਾ ਪਵੇ।

(ਅ) ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ। ਘੱਟ ਤੋਂ ਘੱਟ ਛੇ ਤਿਆਰ-ਬਰ-ਤਿਆਰ ਸਿੰਘ ਹਾਜ਼ਰ ਹੋਣ, ਜਿਨ੍ਹਾਂ 'ਚੋਂ ਇਕ ਤਾਬਿਆਂ ਬੈਠੇ ਤੇ ਬਾਕੀ ਪੰਜ ਅੰਮ੍ਰਿਤ ਛਕਾਣ ਲਈ ਹੋਣ। ਇਨ੍ਹਾਂ ਵਿਚ ਸਿੰਘਣੀਆਂ ਭੀ ਹੋ ਸਕਦੀਆਂ ਹਨ। ਇਨ੍ਹਾਂ ਸਾਰਿਆਂ ਨੇ ਕੇਸੀ ਇਸ਼ਨਾਨ ਕੀਤਾ ਹੋਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੭)

ਵਿਆਖਿਆ

ਅੰਮ੍ਰਿਤ ਦੀ ਦਾਤ ਚਵਰ ਛਤਰ ਨਾਲ ਸੁਸ਼ੋਭਤ ਪ੍ਰਕਾਸ਼ਮਾਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਅਤੇ ਹਜ਼ੂਰੀ ਵਿਚ ਹੀ ਦਿੱਤੀ ਅਤੇ ਪ੍ਰਾਪਤ ਕੀਤੀ ਜਾ ਸਕਦੀ ਹੈ। ਅੰਮ੍ਰਿਤ ਛਕਾਣ ਲਈ ਛੇ ਸਿੰਘ (ਜਾਂ ਸਿੰਘਣੀਆਂ) ਚਾਹੀਦੇ ਹਨ। ਪੰਜ ਪਿਆਰੇ ਅੰਮ੍ਰਿਤ ਦੀ ਦਾਤ ਦੇਣ ਵਾਲੇ ਅਤੇ ਇਕ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ। ਸਾਰੇ ਹੀ ਅੰਮ੍ਰਿਤ ਅਭਿਲਾਖੀਆਂ ਨੇ ਕੇਸੀ ਇਸ਼ਨਾਨ ਕੀਤਾ ਹੋਣਾ ਚਾਹੀਦਾ ਹੈ।

(ੲ) ਇਨ੍ਹਾਂ ਪੰਜਾ ਪਿਆਰਿਆਂ ਵਿਚ ਕੋਈ ਅੰਗ-ਹੀਣ (ਅੰਨ੍ਹਾਂ, ਕਾਣਾ, ਲੰਙਾ, ਲੂਲ੍ਹਾ ਜਾਂ ਦੀਰਘ ਰੋਗ ਵਾਲਾ) ਨਾ ਹੋਵੇ। ਕੋਈ ਤਨਖਾਹੀਆ ਨਾ ਹੋਵੇ। ਸਾਰੇ ਤਿਆਰ-ਬਰ-ਤਿਆਰ ਦਰਸ਼ਨੀ ਸਿੰਘ ਹੋਣ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੭-੨੮)

SikhBookClub.com

ਵਿਆਖਿਆ

ਅੰਮ੍ਰਿਤ ਦੀ ਦਾਤ ਪ੍ਰਦਾਨ ਕਰਣ ਵਾਲੇ ਪੰਜ ਪਿਆਰੇ ਤਿਆਰ-ਬਰ-ਤਿਆਰ, ਦੀਦਾਰੀ ਅਤੇ ਸਰੀਰਕ ਤੌਰ 'ਤੇ ਸਵਸੱਥ ਹੋਣੇ ਚਾਹੀਦੇ ਹਨ। ਇਹਨਾਂ ਦੇ ਸਰੀਰ ਕਿਸੇ ਕਿਸਮ ਦੇ ਅੰਗ ਭੰਗ ਤੋਂ ਰਹਿਤ ਹੋਣੇ ਚਾਹੀਦੇ ਹਨ। ਇਹ ਕਿਸੇ ਵਿਤਕਰੇ ਕਾਰਨ ਨਹੀਂ ਬਲਕਿ ਅੰਮ੍ਰਿਤ ਬਖਸ਼ਣ ਦੀ ਮਰਯਾਦਾ ਨਿਭਾਉਣ ਲਈ ਇਹ ਜ਼ਰੂਰੀ ਹੈ। ਇਹਨਾਂ ਪੰਜ ਪਿਆਰਿਆਂ ਨੇ ਬੀਰ ਆਸਨ ਲਗਾਉਣਾ ਹੈ, ਦੋਨੋਂ ਹੱਥ ਅੰਮ੍ਰਿਤ ਦੇ ਬਾਟੇ ਦੇ ਕੰਢਿਆਂ 'ਤੇ ਰੱਖਣੇ ਹਨ, ਦੋਨੋਂ ਨੇਤ੍ਰ ਅੰਮ੍ਰਿਤ 'ਤੇ ਟਿਕਾਣੇ ਹਨ ਅਤੇ ਇੱਕ ਹੱਥ ਬਾਟੇ ਦੇ ਕੰਢੇ ਤੇ ਰੱਖ ਕੇ ਦੂਸਰੇ ਹੱਥ ਨਾਲ ਖੰਡਾ ਫੇਰਨਾ ਹੈ, ਦੋਨੋਂ ਹੱਥਾਂ ਵਿਚ ਬਾਟਾ ਚੁੱਕ ਕੇ ਅੰਮ੍ਰਿਤ ਦੀ ਦਾਤ ਦੇਣੀ ਹੈ। ਇਹ ਸ਼ਰਤ ਅੰਮ੍ਰਿਤ ਅਭਿਲਾਖੀਆਂ ਲਈ ਨਹੀਂ ਹੈ।

(ਸ) ਹਰ ਦੇਸ਼, ਹਰ ਮਜ਼੍ਹਬ ਤੇ ਜਾਤੀ ਦੇ ਹਰ ਇਸਤ੍ਰੀ ਪੁਰਸ਼ ਨੂੰ ਅੰਮ੍ਰਿਤ ਛਕਣ ਦਾ ਅਧਿਕਾਰ ਹੈ, ਜੋ ਸਿੱਖ ਧਰਮ ਗ੍ਰਹਿਣ ਕਰਨ 'ਤੇ ਉਸ ਦੇ ਅਸੂਲਾਂ ਉਪਰ ਚੱਲਣ ਦਾ ਪ੍ਰਣ ਕਰੇ।

ਬਹੁਤ ਛੋਟੀ ਅਵਸਥਾ ਦਾ ਨਾ ਹੋਵੇ, ਹੋਸ਼ ਸੰਭਾਲੀ ਹੋਵੇ, ਅੰਮ੍ਰਿਤ ਛਕਣ ਵਾਲੇ ਹਰੇਕ ਪ੍ਰਾਣੀ ਨੇ ਕੇਸੀਂ ਇਸ਼ਨਾਨ ਕੀਤਾ ਹੋਵੇ ਅਤੇ ਹਰ ਇਕ ਪੰਜ ਕਕਾਰ (ਕੇਸ, ਕ੍ਰਿਪਾਨ ਗਾਤਰੇ ਵਾਲੀ, ਕਛਹਿਰਾ, ਕੰਘਾ, ਕੜਾ) ਦਾ ਧਾਰਨੀ ਹੋਵੇ। ਅਨਮਤ ਦਾ ਕੋਈ ਚਿੰਨ੍ਹ ਨਾ ਹੋਵੇ, ਸਿਰ ਨੰਗਾ ਜਾਂ ਟੋਪੀ ਨਾ ਹੋਵੇ, ਛੇਦਕ ਗਹਿਣੇ ਕੋਈ ਨਾ ਹੋਣ। ਅਦਬ ਨਾਲ ਹੱਥ ਜੋੜ ਕੇ ਸ੍ਰੀ ਗੁਰੂ ਜੀ ਦੇ ਹਜ਼ੂਰ ਖੜ੍ਹੇ ਹੋਣ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੮)

ਸਿੱਖ ਰਹਿਤ ਮਰਯਾਦਾ, 1936 ਵਿਚ ਇਹ ਮੱਦ (ਸ) ਇਸ ਤਰ੍ਹਾਂ ਸੀ:-

(ਸ) ਹਰ ਦੇਸ, ਕੌਮ, ਮਜ਼੍ਹਬ ਤੇ ਜਾਤੀ ਦੇ ਹਰ ਇਕ ਇਸਤ੍ਰੀ ਪੁਰਸ਼ ਨੂੰ ਅੰਮ੍ਰਿਤ ਛਕਣ ਦਾ ਅਧਿਕਾਰ ਹੈ, ਜੋ ਸਿਖੀ ਧਰਮ ਗ੍ਰਹਿਣ ਕਰਨ ਤੇ ਉਸ ਦੇ ਅਸੂਲਾਂ ਉਪਰ ਚਲਣ ਦਾ ਚਾਹਵਾਨ ਹੋਵੇ।

ਬਹੁਤ ਛੋਟੀ ਅਵਸਥਾ ਦਾ ਨਾ ਹੋਵੇ, ਹੋਸ਼ ਸੰਭਾਲੀ ਹੋਵੇ। ਅੰਮ੍ਰਿਤ ਛਕਣ ਵਾਲੇ ਹਰ ਇਕ ਪ੍ਰਾਣੀ ਨੇ ਸਕੇਸੀ ਇਸ਼ਨਾਨ ਕੀਤਾ ਹੋਵੇ ਅਤੇ ਹਰ ਇਕ ਪੰਜ ਕਕਾਰ (ਕੇਸ, ਕ੍ਰਿਪਾਨ ਗਾਤਰੇ ਵਾਲੀ, ਕਛਹਿਰਾ, ਕੰਘਾ, ਕੜਾ) ਦਾ ਧਾਰਨੀ ਹੋਵੇ। ਅਨਮਤ ਦਾ ਕੋਈ ਚਿੰਨ੍ਹ ਨਾ ਹੋਵੇ। ਸਿਰ ਨੰਗਾ ਜਾਂ ਟੋਪੀ ਨਾ ਹੋਵੇ। ਛੇਦਕ ਗਹਿਣੇ ਕੋਈ ਨਾ ਹੋਣ। ਅਦਬ ਨਾਲ ਹਥ ਜੋੜ ਕੇ ਸ੍ਰੀ ਗੁਰੂ ਜੀ ਦੇ ਹਜ਼ੂਰ ਖੜੇ ਹੋਣ।

(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੧੫)

ਤਬਦੀਲੀ

1. 'ਹਰ ਦੇਸ, ਕੌਮ, ਮਜ਼੍ਹਬ ਤੇ ਜਾਤੀ' ਵਿਚੋਂ 'ਕੌਮ' ਲਫ਼ਜ਼ ਕੱਟ ਦਿੱਤਾ ਗਿਆ ਹੈ।
2. 'ਜੋ ਸਿਖੀ ਧਰਮ ਗ੍ਰਹਿਣ ਕਰਨ ਤੇ ਉਸ ਦੇ ਅਸੂਲਾਂ ਉਪਰ ਚਲਣ ਦਾ ਚਾਹਵਾਨ ਹੋਵੇ,' ਦੀ ਥਾਵੇਂ 'ਜੋ ਸਿੱਖ ਧਰਮ ਗ੍ਰਹਿਣ ਕਰਨ 'ਤੇ ਉਸ ਦੇ ਅਸੂਲਾਂ ਉਪਰ ਚੱਲਣ ਦਾ ਪ੍ਰਣ ਕਰੇ।' ਕੀਤਾ ਗਿਆ ਹੈ, ਅਤੇ

SikhBookClub.com

3. 'ਕ੍ਰਿਪਾਨ ਗਾਤਰੇ ਵਾਲੀ' ਦੀ ਥਾਵੇਂ 'ਕ੍ਰਿਪਾਨ ਗਾਤਰੇ' ਕੀਤਾ ਗਿਆ।

1936 ਵਿਚ ਪ੍ਰਵਾਨ ਕੀਤੀ ਗਈ ਸਿੱਖ ਰਹਿਤ ਮਰਯਾਦਾ ਵਿਚ ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕੱਤਰਤਾ ਮਿਤੀ 7 ਜਨਵਰੀ, 1945 ਰਾਹੀਂ ਇਹ ਤਿੰਨ ਤਬਦੀਲੀਆਂ ਕੀਤੀਆਂ ਗਈਆਂ। ਇਹ ਮਤਾ ਇਸ ਤਰ੍ਹਾਂ ਸੀ :

> ***13. ਹੈਡਿੰਗ ਅੰਮ੍ਰਿਤ ਸੰਸਕਾਰ ਦੇ ਅੰਕ (ਸ) ਦੀ ਤੀਜੀ ਲਾਈਨ ਵਿੱਚ ਲਫਜ਼ 'ਜੋ ਸਿੱਖੀ ਧਰਮ ਗ੍ਰਹਿਣ ਕਰਨ ਤੇ ਉਸ ਦੇ ਅਸੂਲਾਂ ਉਪਰ ਚੱਲਣ ਦਾ ਚਾਹਵਾਨ ਹੋਵੇ' ਦੀ ਥਾਂ 'ਜੋ ਸਿੱਖੀ ਧਰਮ ਗ੍ਰਹਿਣ ਕਰਨ ਤੇ ਉਸ ਦੇ ਅਸੂਲਾਂ ਉੱਪਰ ਚੱਲਣ ਦਾ ਪ੍ਰਣ ਕਰੇ' ਕਰ ਦਿੱਤੇ ਜਾਣ। ਇਸ ਅੰਕ ਵਿੱਚ ਲਫਜ਼ 'ਕਿਰਪਾਨ ਗਾਤਰੇ ਵਾਲੀ' ਵਿੱਚੋਂ ਲਫਜ਼ 'ਵਾਲੀ' ਕਟ ਦਿੱਤੇ ਜਾਣ।***

ਵਿਆਖਿਆ

1. ਹਰ ਦੇਸ, ਕੌਮ, ਮਜ਼੍ਹਬ ਤੇ ਜਾਤੀ ਦੇ...

ਅੰਮ੍ਰਿਤ ਦੀ ਦਾਤ ਪ੍ਰਾਣੀ ਮਾਤਰ ਲਈ ਹੈ। ਇਸ ਵਿਚ ਰੰਗ, ਨਸਲ, ਜਾਤ ਪਾਤ, ਕੌਮੀਅਤ, ਦੇਸ਼ ਆਦਿ ਕਿਸੇ ਵੀ ਬਿਨਾਂ 'ਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਕਿਸੇ ਨੂੰ ਇਸ ਤੋਂ ਵਾਂਝਿਆ ਹੀ ਰਖਿਆ ਜਾ ਸਕਦਾ ਹੈ।

ਇਸ ਮੱਦ ਵਿਚੋਂ 'ਕੌਮ' ਲਫ਼ਜ਼ ਹਟਾ ਦਿੱਤਾ ਗਿਆ ਹੈ। 'ਸਿੱਖ ਕੌਮ' ਦੇ ਸੰਘਰਸ਼ਮਈ ਇਤਿਹਾਸ ਵਿਚ ਲਫ਼ਜ਼ 'ਕੌਮ' ਬਹੁਤ ਮਹੱਤਪੂਰਣ ਹੈ। ਸ਼ੁਰੂ ਤੋਂ ਹੀ ਇਸ ਦੇ ਕੌਮੀ ਦਰਜੇ ਨੂੰ ਖੋਰਾ ਲਗਾਉਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਪਰ ਕਦਮ-ਬਾ-ਕਦਮ ਇਹ ਸੰਕਲਪ ਦ੍ਰਿੜ੍ਹ ਹੁੰਦਾ ਗਿਆ। ਇਸ ਵਿਚ ਵੱਡਾ ਮੋੜ ਪਿਛਲੀ ਸਦੀ ਦੇ ਅੱਧ ਵਿਚ ਭਾਰਤ ਦੀ ਵੰਡ ਵੇਲੇ ਆਇਆ ਜਦੋਂ ਬਟਵਾਰੇ ਵਿਚ ਤਿੰਨ ਕੌਮਾਂ—ਹਿੰਦੂ, ਮੁਸਲਮਾਨ ਅਤੇ ਸਿੱਖ ਧਿਰਾਂ ਨੂੰ ਪ੍ਰਵਾਨ ਕੀਤਾ ਗਿਆ। ਬਾਅਦ ਵਿਚ ਆਜ਼ਾਦ ਭਾਰਤ ਵਿਚ ਸਿੱਖਾਂ ਨੂੰ ਆਪਣੀ ਨਿਆਰੀ ਅਤੇ ਵਖਰੀ ਕੌਮੀ ਹੈਸੀਅਤ ਲਈ ਜਦੋ ਜਹਿਦ ਕਰਨੀ ਪਈ। ਇਸ ਲੜੀ ਹੇਠ 29 ਮਾਰਚ, 1981 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਮਾਗਮ ਵਿਚ 'ਸਿੱਖ ਇਕ ਵੱਖਰੀ ਕੌਮ' ਦਾ ਮਤਾ ਵੀ ਪਾਸ ਕੀਤਾ ਗਿਆ।

> ***(67) "ਸ਼੍ਰੋ. ਗੁ. ਪ੍ਰ. ਕਮੇਟੀ ਦਾ ਜਨਰਲ ਸਮਾਗਮ ਇਹ ਸਪੱਸ਼ਟ ਐਲਾਨ ਕਰਦਾ ਹੈ, ਕਿ ਸਿੱਖ ਇਕ ਵੱਖਰੀ ਕੌਮ ਹੈ, ਜਿਸ ਦਾ ਧਾਰਮਿਕ, ਰਾਜਨੀਤਕ, ਇਤਿਹਾਸਕ ਤੇ ਸਭਿਆਚਾਰਕ ਪਿਛੋਕੜ ਇਸ ਗੱਲ ਨੂੰ ਭਲੀ-ਭਾਂਤ ਪਰਗਟ ਕਰ ਰਿਹਾ ਹੈ।"***

ਅਸੂਲਾਂ ਉਪਰ ਚੱਲਣ ਦਾ ਪ੍ਰਣ ਕਰੇ

ਮੂਲ ਸਿੱਖ ਰਹਿਤ ਮਰਯਾਦਾ ਵਿਚ ਅੰਮ੍ਰਿਤ ਅਭਿਲਾਖੀ ਲਈ ਸ਼ਰਤ ਸੀ 'ਜੋ ਸਿਖੀ ਧਰਮ ਗ੍ਰਹਿਣ ਕਰਨ ਤੇ ਉਸ ਦੇ ਅਸੂਲਾਂ ਉਪਰ ਚਲਣ ਦਾ ਚਾਹਵਾਨ ਹੋਵੇ' । ਇਸ ਦੀ ਥਾਵੇਂ ' ਜੋ ਸਿੱਖ ਧਰਮ ਗ੍ਰਹਿਣ ਕਰਨ 'ਤੇ ਉਸ ਦੇ ਅਸੂਲਾਂ ਉਪਰ ਚੱਲਣ ਦਾ ਪ੍ਰਣ ਕਰੇ, ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਪਹਿਲਾਂ ਅੰਮ੍ਰਿਤ ਅਭਿਲਾਖੀ ਦੀ ਚਾਹਨਾ ਹੀ ਕਾਫ਼ੀ

SikhBookClub.com

ਸੀ ਪਰ ਹੁਣ ਉਸ ਨੂੰ ਸਿੱਖ ਧਰਮ ਗ੍ਰਹਿਣ ਕਰਨ ਅਤੇ ਉਸ 'ਤੇ ਚਲਣ ਦਾ ਪ੍ਰਣ ਕਰਨਾ ਲਾਜ਼ਮੀ ਹੈ। ਸਿੱਖੀ ਕੇਵਲ ਚਾਹਨਾ 'ਤੇ ਹੀ ਨਹੀਂ ਬਲਕਿ ਅਹਿਦ ਅਤੇ ਦ੍ਰਿੜ ਨਿਸਚੇ 'ਤੇ ਕਾਇਮ ਹੈ। ਇਸ ਲਈ ਪ੍ਰਣ ਦੀ ਸ਼ਰਤ ਦਰਜ ਕੀਤੀ ਗਈ ਹੈ। ਕੀਤੇ ਕੌਲ ਜਾਂ ਪ੍ਰਣ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਅਤੇ ਸਤਿਗੁਰ ਸੱਚੇ ਪਾਤਸ਼ਾਹ ਦੀ ਸਹਾਇਤਾ ਲਈ ਲਗਾਤਾਰ ਅਰਦਾਸ ਕਰਨੀ ਚਾਹੀਦੀ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਹੁਕਮ ਹੈ :

ਬਚਨ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥
ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ ॥
ਵੈਰੁ ਕਰੇ ਨਿਰਵੈਰ ਨਾਲਿ ਝੂਠੇ ਲਾਲਚਾ ॥
ਮਾਰਿਆ ਸਚੈ ਪਾਤਿਸਾਹਿ ਵੇਖਿ ਧੁਰਿ ਕਰਮਚਾ ॥

(ਮਾਰੂ ਵਾਰ ਮ. ੫, ਅੰਗ ੧੦੯੯)

ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਹੁਕਮ ਕਰਦੇ ਹਨ ਕਿ ਮਰਦ ਉਹ ਹੈ ਜੋ ਆਪਣੇ ਬਚਨ 'ਤੇ ਪੱਕਾ ਰਹਿ ਸਕੇ।

ਹਮੂ ਮਰਦ ਬਾਯਦ ਸ਼ਵਦ ਸੁਖ਼ਨਵਰ ॥
ਨ ਸ਼ਿਕਮੇ ਦਿਗਰ ਦਰ ਦਹਾਨਿ ਦਿਗਰ ॥੫੫॥

(ਜ਼ਫ਼ਰਨਾਮਾ)

ਇਸ ਦੇ ਇਲਾਵਾ ਅੰਮ੍ਰਿਤ ਅਭਿਲਾਖੀ ਨੇ ਸਤਿਗੁਰ ਦੇ ਹਜ਼ੂਰ ਹੱਥ ਜੋੜ ਕੇ ਖੜ੍ਹੇ ਹੋਣਾ ਹੈ ਅਤੇ ਨਾਲ ਹੀ ਜ਼ਰੂਰੀ ਹੈ ਕਿ,

1. ਉਸ ਦੀ ਅਵਸਥਾ ਛੋਟੀ ਨਾ ਹੋਵੇ ਤੇ ਹੋਸ਼ ਸੰਭਾਲੀ ਹੋਵੇ ਕਿਉਂਕਿ ਉਸ ਨੇ ਅੰਮ੍ਰਿਤ ਦੀ ਰਹਿਤ ਦੇ ਫ਼ਰਜ਼ ਨਿਬਾਹੁਣੇ ਹਨ। *"ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥"* (ਅੰਗ 1428) ਵੈਸੇ ਤਾਂ ਕਿਸੇ ਵੀ ਉਮਰ ਵਿਚ ਕੀਤਾ ਅੰਮ੍ਰਿਤਪਾਨ ਸਤਿਗੁਰੂ ਜੀ ਦੀ ਬਖਸ਼ਿਸ਼ ਹੈ ਪਰ ਜਵਾਨੀ ਅਰੰਭ ਹੋਣ ਸਾਰ ਹੀ ਜੇਕਰ ਇਹ ਪ੍ਰਾਪਤ ਕੀਤੀ ਜਾਏ ਤਾਂ ਇਹ ਜ਼ਿਆਦਾ ਯੋਗ ਹੋ ਸਕਦਾ ਹੈ । ਜਵਾਨੀ ਸਮੇਂ ਜ਼ਿੰਦਗੀ ਦੇ ਸਫ਼ਰ ਵਿਚ ਕਈ ਰਾਹ ਨਿਕਲਦੇ ਹਨ। ਇਸ ਲਈ ਹਜ਼ੂਰੀ ਢਾਡੀ ਨੱਥ ਮੱਲ ਦੇ ਪੋਤਰੇ ਦੀ ਲਿਖਤ ਅਮਰਨਾਮਾ ਵਿਚ ਵੀ ਅੰਕਤ ਹੈ ਕਿ ਸਿੱਖ ਨੂੰ ਜਵਾਨੀ ਵੇਲੇ ਅੰਮ੍ਰਿਤ ਦੀ ਭਾਲ ਕਰਨੀ ਚਾਹੀਦੀ ਹੈ ਤਾਂ ਕਿ ਵੈਰੀਆਂ ਹੱਥੋਂ ਖੁਆਰ ਨਾ ਹੋਵੇ।

ਬ ਵਕਤੇ ਜਵਾਨੀ ਜ਼ ਅੰਮ੍ਰਿਤ ਤਲਾਸ਼
ਕਿ ਅਜ਼ ਦਸਤਿ ਦੁਸ਼ਮਨ ਤੂ ਆਜਿਜ਼ ਮਬਾਸ਼।੧੪੩।

ਸ਼ੇਖ ਸਾਅਦੀ ਦਾ ਵੀ ਕਹਿਣਾ ਹੈ ਕਿ ਜਵਾਨੀ ਵਿਚ ਗੁਨਾਹਾਂ ਤੋਂ ਤੌਬਾ ਕਰਨਾ ਪੈਗੰਬਰੀ ਗੁਣ ਹੈ। ਬੁਢਾਪੇ ਵਿਚ ਤਾਂ ਖੂੰਖਾਰ ਬਘਿਆੜ ਵੀ ਪਰਹੇਜ਼ਗਾਰ ਹੋ ਜਾਂਦਾ ਹੈ।

ਦਰ ਜਵਾਨੀ ਤੌਬਾ ਕਰਦਨ ਸ਼ੇਵਾਏ ਪੈਗੰਬਰੀ।
ਵਕਤੇ ਪੀਰੀ ਗੁਰਗੇ ਜ਼ਾਲਮ ਮੀ ਸ਼ਵੱਦ ਪਰਹੇਜ਼ਗਾਰ ॥

SikhBookClub.com

2. ਉਹ ਪੰਜਾ ਕਕਾਰਾਂ (ਕੇਸ, ਕ੍ਰਿਪਾਨ, ਕਛਹਿਰਾ, ਕੰਘਾ, ਕੜਾ) ਦਾ ਧਾਰਨੀ ਹੋਵੇ ਤੇ ਉਸ ਨੇ ਗਾਤਰੇ ਵਿਚ ਕ੍ਰਿਪਾਨ ਧਾਰਨ ਕੀਤੀ ਹੋਵੇ। ਪਹਿਲਾਂ ਕਕਾਰਾਂ ਵਿਚ ਕ੍ਰਿਪਾਨ ਗਾਤਰੇ ਵਾਲੀ ਹੀ ਦਰਜ ਸੀ। ਪੰਜ ਕਕਾਰ ਵੀ ਨਿਸਚਤ ਹਨ ਅਤੇ ਇਹਨਾਂ ਵਿਚ ਕਿਸੇ ਨੂੰ ਵੀ ਤਬਦੀਲੀ ਕਰਨ ਦਾ ਅਧਿਕਾਰ ਨਹੀਂ ਹੈ।
3. ਉਹ ਸਿਰੋਂ ਨੰਗਾ ਜਾਂ ਟੋਪੀ ਧਾਰੀ ਨਹੀਂ ਹੋਣਾ ਚਾਹੀਦਾ। ਸਿੱਖ ਲਈ ਟੋਪੀ ਵਿਵਰਜਤ ਹੈ।
4. ਉਸ ਨੇ ਅਨਮਤ ਦਾ ਕੋਈ ਵੀ ਚਿੰਨ੍ਹ ਧਾਰਨ ਨਹੀ ਕੀਤਾ ਹੋਣਾ ਚਾਹੀਦਾ। ਜਿਵੇਂ ਮੌਲੀ, ਤਿਲਕ, ਸਲੀਬ (cross), ਜੰਞੂ, ਛੇਦਕ ਗਹਿਣੇ (ਕਾਂਟੇ, ਝੁਮਕੇ, ਵਾਲੀਆਂ, ਨੱਥ, ਕੋਕਾ) ਆਦਿ। ਸਾਰੇ ਦੁਨਿਆਵੀ ਬੰਧਨਾਂ ਤੋਂ ਮੁਕਤ ਹੋ ਕੇ ਹੀ ਉਸ ਨੇ ਸਿੱਖੀ ਧਾਰਨ ਕਰਨੀ ਹੈ।

ਛੇਦਕ ਗਹਿਣੇ-

ਕਾਨ ਫਰਾਵਤ, ਭਸਮ ਲਗਾਵਤ, ਸਿਙੀ ਵਾਵਤ ਨਾਥ ਸਦਾ ਹੀ॥
ਪੂਜਤਿ ਸਿਲਾ ਦਿਗੰਬਰ-ਮਉਨੀ, ਨਖ ਅਰੁ ਜਟਾ ਬਢਾਵਤ ਬਾਹੀ॥
ਕੋ ਕੁਚੀਲਿ ਜਲ ਦੇਖੈ ਡਰਪਤਿ, ਅਸੁਰ ਪ੍ਰਕ੍ਰਿਤਿ ਹਾਥ ਕਾਸਾਹੀ॥
ਬੇਦਹੁਂ ਦਈ ਬਿਗੂਤੇ ਦੁਰਜਨ, ਡੂੰਮਣ ਦੰਡ ਉਚਿਸ਼ਟਨ ਖਾਹੀ॥ ੪

(ਸਰਬਲੋਹ ਗ੍ਰੰਥ ੫੩੨)

ਅਲਬੇਲੇ ਸ਼ਾਇਰ ਤੇ ਕਵੀ ਪ੍ਰੋ. ਪੂਰਨ ਸਿੰਘ ਨੇ ਇਨਸਾਨੀ ਸਰੀਰ ਦੀ ਭੰਨ ਤੋੜ ਅਤੇ ਨਿਰਾਦਰੀ ਬਾਰੇ ਕਿਤਨੀ ਸਟੀਕ ਟਿੱਪਣੀ ਕੀਤੀ ਹੈ।

> ***ਓਹ ਜੀਵਨ ਜਿਸ ਨੂੰ ਦੂਰ ਥੀਂ ਦੱਸਣ ਵਾਸਤੇ ਮਨੁੱਖਾ ਜੀਵਨ ਦੀ ਜੜ੍ਹ ਪੁਟ ਦਿਤੀ, ਹਠ ਯੋਗ ਕਰਾ ਕਰਾ ਸਾੜ ਸੁਟੀ, ਬਿੰਦ ਰਖਾ ਰਖਾ ਅਨੰਤ ਨਏ ਪਾਪਾਂ ਦਾ ਆਦਿ ਕੀਤਾ, ਮਰਦਾਂ ਥੀਂ ਅਮਰਦ ਬਣਾ ਘਤੇ, ਰੱਬ ਨੇ ਕੰਨ ਦਿਤੇ ਇਨ੍ਹਾਂ ਫੜਵਾ ਦਿਤੇ , ਰੱਬ ਨੇ ਕੇਸ ਦਿੱਤੇ ਇਨ੍ਹਾਂ ਮੁਨਵਾ ਦਿੱਤੇ, ਰੱਬ ਨੇ ਰਸਨਾਂ ਦਿੱਤੀ ਇਨ੍ਹਾਂ ਮੌਨ ਕਰਾ ਦਿੱਤੀ, ਰਬ ਨੇ ਸਰੀਰ ਦਿੱਤਾ ਇਨ੍ਹਾਂ ਖਾਕ ਰੁਲਾਯਾ, ਰਬ ਨੇ ਸਾਰਾ ਸੰਸਾਰ ਦਿਤਾ, ਇੰਨੇ ਰਸ ਦਿੱਤੇ ਫਲ, ਫੁਲ ਦਿੱਤੇ, ਇਨ੍ਹਾਂ ਨੇ ਕੂੜੇ ਤਿਆਗਾਂ ਨਾਲ ਮਨੁੱਖ ਕੋਲੋਂ ਸਭ ਖੋਹ ਲਏ। ਮੈਨੂੰ ਮੁੜ ਮੁੜ ਹਾਸੀ ਆਂਵਦੀ ਹੈ ਜਦ ਮੈਂ ਦੇਖਦਾ ਹਾਂ ਕਿ ਬੁਧ ਤੇ ਈਸਾ ਤੇ ਸ਼ੰਕਰ ਦੇ ਬਿੰਦਰਖ ਸੰਗਤੀਆਂ ਨੇ ਆਪਣੇ ਪੀਰਾਂ ਕੋਲੋਂ ਖੂਬ ਬਦਲੇ ਲਏ, ਇਨ੍ਹਾਂ ਜਤੀਆਂ ਸੰਗਤ ਨੇ ਓਹ ਪਾਪ ਚਲਾਏ ਜਿਨ੍ਹਾਂ ਦਾ ਨਾਮ ਸੁਣ ਸਾਧਾਰਣ ਆਦਮੀ ਕੰਬ ਉਠੇ। ਯੋਗੀਆਂ ਨੇ ਪਾਪ ਦੀ ਜੜ ਮਨੁੱਖਾ ਦੇਹੀ ਹੀ ਕਾਟ ਕੂਟ ਪਰੇ ਡਾਰੀ, ਸਦੀਆਂ ਦੇ ਸਮਾ ਧੜੇ ਲੱਗ ਗਏ, ਧਿਆਨ ਵਿਚ ਜੁੜੇ ਹੋਏ ਵੇਹਲ (ਸੁੰਨ) ਦਾ ਧਿਆਨ ਕੀਤਾ, ਖੁਲ੍ਹ ਦਾ ਧਿਆਨ ਹੋਯਾ, ਸੰਨਯਾਸੀਆਂ ਨੇ ਕੇਸ ਮੁੰਨੇ ਤੇ ਗੋਰਖੀ ਜੋਗੀਆਂ ਨੇ ਦੇਹੀ ਹੀ ਸਾਰੀ ਮੁੰਨ ਮੰਨ ਸਫਾ ਚੱਟ ਕੀਤੀ। ਭਾਈ! ਸ਼ੁਧ***

SikhBookClub.com

ਪਵਿੱਤ੍ਰ ਬ੍ਰਹਮਜੁ ਬਣਨਾ ਹੋਯਾ, ਏਹ ਤਾਂ ਮਲ ਮੂਤ੍ਰ ਦੀ ਲੋਥ ਹੋਈ। ਰੱਬੀ ਜੀਵਨ ਦੀਆਂ ਉਮੈਦਾਂ ਵਿਚ ਇਨ੍ਹਾਂ ਨੇ ਸਾਧਾਰਣ ਮਨੁਖੀ ਜੀਵਨ ਵੀ ਤਬਾਹ ਕਰ ਦਿਤਾ। ਮੌਤ ਦੇ ਸਿਮਰਨ ਵਿਚ ਲੋਕੀ ਬੰਨ੍ਹ ਦਿਤੇ, ਨਿਰਬਲਤਾ ਦਾ ਨਾਮ ਸਤੋਗੁਣ ਰਖਯਾ, ਇੰਦ੍ਰੀਆਂ ਨੂੰ ਮਾਰ ਮੁਕਾਣ ਦਾ ਨਾਮ ਪੁੰਨ ਰਖਿਆ, ਏਹ ਤਾਂ ਮਨੁਖਾ ਦੇਹੀ ਦਾ ਹਾਲ ਦੀਨ ਵਾਲਿਆਂ ਨੇ ਕੀਤਾ । ਗੰਦੀਆਂ ਲੀਰਾਂ ਵਿਚ ਲਪੇਟਿਆਂ ਗੰਦੇ ਪਾਣੀ ਛਕਾਏ, ਧੂੜੀ ਵਿਚ ਰੁਲਾਇਆ, ਮੈਲੇ ਨਾਲ ਭਰ ਭਰੀਕੇ ਪਵਿਤ੍ਰਤਾ ਦਾ ਸਬੂਤ ਦਿਤਾ। ਦੁਨੀ ਵਾਲੇ ਜਿਹੜੇ ਇਸ ਦਾ ਹਾਲ ਕਰਦੇ ਹਨ ਓਹ ਤਾਂ ਇਥੇ ਦਸਣ ਦੀ ਲੋੜ ਨਹੀਂ, ਹਰ ਕਿਸੇ ਨੂੰ ਪਤਾ ਹੀ ਹੈ। ਵਿਸ਼ੇ ਵਿਕਾਰਾਂ ਵਿਚ ਖਰਾਬ ਕੀਤਾ, ਖਾ ਖਾ ਕੇ ਡਾਕਿਆ, ਕਾਮ, ਕ੍ਰੋਧ, ਲੋਭ, ਮੋਹ, ਦੀਆਂ ਅੱਗਾਂ ਸਾੜ ਸਾੜ ਮਨੂਰ ਕੀਤਾ, ਦੁਨੀ ਵਾਲੇ ਗਏ ਦੀਨ ਵਾਲਿਆਂ ਕੋਲ ਆਪਣੇ ਪਾਪਾਂ ਥੀਂ ਬਚਣ ਵਾਸਤੇ ਤੇ ਦੀਨ ਵਾਲਿਆਂ ਨੇ ਕੜੀ ਵਿਚੋਂ ਕਢ ਵੱਡੇ ਕੜਾਹੇ ਤੱਤੇ ਤੇਲ ਵਾਲੇ ਵਿਚ ਪਾਯਾ।

(ਹ) ਜੇ ਕਿਸੇ ਨੇ ਕੁਰਹਿਤ ਕਰਨ ਕਰਕੇ ਮੁੜ ਅੰਮ੍ਰਿਤ ਛਕਣਾ ਹੋਵੇ ਤਾਂ ਉਸ ਨੂੰ ਅੱਡ ਕਰ ਕੇ ਸੰਗਤ ਵਿਚ ਪੰਜ ਪਿਆਰੇ ਤਨਖਾਹ ਲਾ ਲੈਣ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੮)

ਵਿਆਖਿਆ

ਅੰਮ੍ਰਿਤ ਦੀ ਦਾਤ ਦੀ ਪ੍ਰਾਪਤੀ ਲਈ ਮਰਯਾਦਾ ਵਿਚ ਤਾਕੀਦ ਹੈ ਕਿ ਉਸ ਨੇ ਹੋਸ਼ ਸੰਭਾਲੀ ਹੋਵੇ ਤੇ ਰਹਿਤ ਵਿਚ ਪਰਪੱਕ ਰਹਿਣ ਲਈ ਪ੍ਰਣ ਕਰੇ। ਇਸ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ। ਅਣਭੋਲ ਹੋਈ ਕੁਰਹਿਤ ਜਾਂ ਅਵੱਗਿਆ ਨੂੰ ਛੱਡ ਕੇ ਜੇਕਰ ਕਿਸੇ ਕੋਲੋਂ ਕੋਈ ਕੁਰਹਿਤ ਹੋਈ ਹੈ ਤਾਂ ਉਸ ਨੂੰ ਮੁੜ ਅੰਮ੍ਰਿਤ ਛੱਕਣਾ ਪਵੇਗਾ। ਇਸ ਵਿਅਕਤੀ ਨੂੰ ਸੰਗਤ ਤੋਂ ਅੱਡ ਕਰ ਕੇ ਪਹਿਲਾਂ ਤਨਖ਼ਾਹ/ਸਜ਼ਾ ਲਾਈ ਜਾਏਗੀ। ਮੁੜ ਅੰਮ੍ਰਿਤ ਪਾਨ ਕਰ ਕੇ ਸਿੰਘ ਬਖਸ਼ਿਆ ਤਾਂ ਜਾਏਗਾ ਪਰ ਇਕ ਬਹੁਤ ਵੱਡੀ ਸੱਟ ਅਤੇ ਗੁਰੂ ਨਾਲੋਂ ਟੁੱਟਣ ਦੀ ਨਿਸ਼ਾਨੀ ਹਮੇਸ਼ਾਂ ਨਾਲ ਰਹਿ ਜਾਏਗੀ। ਭਾਈ ਗੁਰਦਾਸ ਜੀ ਇਸ ਬਾਰੇ ਕਈ ਹਵਾਲੇ ਦਿੰਦੇ ਹਨ ਕਿ ਜਿਵੇਂ ਜ਼ਖ਼ਮ ਹੋ ਜਾਣ 'ਤੇ ਇਸ ਨੂੰ ਜਤਨ ਕਰ ਕੇ ਠੀਕ ਕੀਤਾ ਜਾ ਸਕਦਾ ਹੈ । ਇਸ ਨਾਲ ਪੀੜਾ ਤਾਂ ਦੂਰ ਹੋ ਜਾਂਦੀ ਹੈ ਪਰ ਲਕੀਰ ਰਹਿ ਜਾਂਦੀ ਹੈ। ਜਿਵੇਂ ਕਪੜਾ ਫੱਟ ਜਾਏ ਤਾਂ ਸੀਓ ਕੇ ਓਢਿਆ ਜਾ ਸਕਦਾ ਹੈ ਅਤੇ ਨਗਨਤਾ ਦੂਰ ਕੀਤੀ ਜਾ ਸਕਦੀ ਹੈ ਪਰ ਉਸ ਵਿਚ ਗੱਠ ਰਹਿ ਹੀ ਜਾਂਦੀ ਹੈ। ਜਿਵੇਂ ਟੁੱਟੇ ਹੋਏ ਭਾਂਡੇ ਨੂੰ ਠਠੇਰਾ ਜੋੜ ਦਿੰਦਾ ਹੈ ਅਤੇ ਉਸ ਵਿਚੋਂ ਪਾਣੀ ਨਹੀਂ ਰਿਸਦਾ ਪਰ ਉਸ ਵਿਚ ਪਿਆ ਹੋਇਆ ਜੋੜ ਰਹਿ ਜਾਂਦਾ ਹੈ। ਇਸੇ ਤਰ੍ਹਾਂ ਗੁਰ ਚਰਨਾਂ ਤੋਂ ਬੇਮੁੱਖ ਹੋਣ ਦਾ ਦੁਖ ਦੇਖ ਕੇ ਗੁਰੂ ਅੰਗੀਕਾਰ ਤਾਂ ਕਰ ਲੈਂਦਾ ਹੈ ਪਰ ਲੇਖਾਂ ਵਿਚ ਲਿਖਿਆ ਕਲੰਕ ਨਜ਼ਰ ਆਂਦਾ ਰਹਿੰਦਾ ਹੈ।

SikhBookClub.com

ਜੈਸੇ ਘਾਉ ਘਾਇਲ ਕੋ ਜਤਨ ਕੈ ਨੀਕੋ ਹੋਤ
ਪੀਰ ਮਿਟਿ ਜਾਇ ਲੀਕ ਮਿਟਤ ਨ ਪੇਖੀਐ।
ਜੈਸੇ ਫਾਟੇ ਅੰਬਰੋ ਸੀਆਇ ਪੁਨਿ ਓਢੀਅਤ
ਨਾਗੋ ਤਉ ਨ ਹੋਇ ਤਊ ਥੇਗਰੀ ਪਰੇਖੀਐ।
ਜੈਸੇ ਟੂਟੇ ਬਾਸਨੁ ਸਵਾਰ ਦੇਤ ਹੈ ਠਠੇਰੋ
ਗਿਰਤ ਨ ਪਾਨੀ ਪੈ ਗਠੀਲੋ ਭੇਖ ਭੇਖੀਐ।
ਤੈਸੇ ਗੁਰ ਚਰਨਿ ਬਿਮੁਖ ਦੁਖ ਦੇਖਿ ਪੁਨਿ
ਸਰਨ ਗਹੇ ਪੁਨੀਤ ਪੈ ਕਲੰਕੁ ਲੇਖ ਲੇਖੀਐ॥੪੧੯॥

(ਕਬਿੱਤ ਭਾਈ ਗੁਰਦਾਸ ਜੀ)

ਗੁਰੂ ਪਿਆਰ ਨਾਲ ਸਰਾਬੋਰ ਰੂਹ ਪ੍ਰੋ. ਪੂਰਨ ਸਿੰਘ ਵੀ ਕੇਸਾਂ ਨੂੰ ਤਿਲਾਂਜਲੀ ਦੇ ਬੈਠੇ। ਮੁੜ ਜਦੋਂ ਉਹਨਾਂ 'ਤੇ ਕਿਰਪਾ ਹੋਈ ਤਾਂ ਉਹਨਾਂ ਦੀ ਆਤਮਾ ਪੁਕਾਰ ਉਠੀ ਮੈਂ ਗੁਰੂ ਤੋਂ ਬੇਮੁਖ ਹੋ ਕੇ ਵਿਧਵਾ ਹੋਣ ਦਾ ਦੁਖ ਦੇਖ ਚੁਕਾ ਹਾਂ।

ਇਸ ਮੱਦ 'ਤੇ ਗੰਭੀਰਤਾ ਨਾਲ ਅਮਲ ਨਹੀਂ ਕੀਤਾ ਗਿਆ। ਇਸ 'ਤੇ ਵਿਚਾਰ ਕਰਨੀ ਲਾਜ਼ਮੀ ਹੈ। ਖਾਲਸੇ ਦੀ ਸਿਰਜਨਾ ਦੀ ਤੀਸਰੀ ਸ਼ਤਾਬਦੀ ਦੇ ਮੌਕੇ 'ਤੇ ਟਰੱਕ ਭਰ ਭਰ ਕੇ ਰਾਜਨੀਤਕ ਕਾਰਕੁਨਾਂ ਨੂੰ ਕੇਸਗੜ੍ਹ ਸਾਹਿਬ 'ਤੇ ਅੰਮ੍ਰਿਤ ਛਕਾਇਆ ਗਿਆ। ਹਾਲਾਂ ਕਿ ਬਤੌਰ ਅਕਾਲੀ ਉਹਨਾਂ ਨੇ ਪਹਿਲਾਂ ਅੰਮ੍ਰਿਤ ਪਾਨ ਕੀਤਾ ਹੋਣਾ ਚਾਹੀਦਾ ਹੈ। ਉੱਥੇ ਨਾ ਹੀ ਕਿਸੇ ਨੂੰ ਪੁੱਛਿਆ ਗਿਆ ਕਿ ਉਹ ਪਹਿਲੀ ਵਾਰ ਅੰਮ੍ਰਿਤ ਛੱਕ ਰਿਹਾ ਹੈ ਜਾਂ ਮੁੜ ਅੰਮ੍ਰਿਤ ਪਾਨ ਕਰ ਰਿਹਾ ਹੈ ਤੇ ਨਾ ਹੀ ਉਸ ਨੂੰ ਵੱਖ ਕਰ ਕੇ ਤਨਖਾਹ ਹੀ ਲਾਈ ਗਈ।

(ਕ) ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰਿਆਂ 'ਚੋਂ ਕੋਈ ਇਕ ਸੱਜਣ ਅੰਮ੍ਰਿਤ ਛਕਣ ਦੇ ਅਭਿਲਾਖੀਆਂ ਨੂੰ ਸਿੱਖ ਧਰਮ ਦੇ ਅਸੂਲ ਸਮਝਾਵੇ—ਸਿੱਖ ਧਰਮ ਵਿਚ ਕਿਰਤਮ ਦੀ ਪੂਜਾ ਤਿਆਗ ਕੇ ਇਕ ਕਰਤਾਰ ਦੀ ਪ੍ਰੇਮਾ-ਭਗਤੀ ਤੇ ਉਪਾਸ਼ਨਾ ਦੱਸੀ ਹੈ। ਇਸ ਦੀ ਪੂਰਨਤਾ ਲਈ ਗੁਰਬਾਣੀ ਦਾ ਅਭਿਆਸ, ਸਾਧ ਸੰਗਤ ਤੇ ਪੰਥ ਦੀ ਸੇਵਾ, ਉਪਕਾਰ, ਨਾਮ ਦਾ ਪ੍ਰੇਮ ਅਤੇ ਅੰਮ੍ਰਿਤ ਛਕ ਕੇ ਰਹਿਤ-ਬਹਿਤ ਰੱਖਣਾ ਮੁੱਖ ਸਾਧਨ ਹਨ, ਆਦਿ, ਕੀ ਤੁਸੀਂ ਇਸ ਧਰਮ ਨੂੰ ਖੁਸ਼ੀ ਨਾਲ ਕਬੂਲ ਕਰਦੇ ਹੋ?

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੮)

(ਖ) "ਹਾਂ" ਦਾ ਜਵਾਬ ਆਉਣ ਤੋਂ ਪਿਆਰਿਆਂ 'ਚੋਂ ਇਕ ਸੱਜਣ ਅੰਮ੍ਰਿਤ ਦੀ ਤਿਆਰੀ ਦਾ ਅਰਦਾਸਾ ਕਰ ਕੇ ਹੁਕਮ ਲਵੇ। ਪੰਜ ਪਿਆਰੇ ਅੰਮ੍ਰਿਤ ਤਿਆਰ ਕਰਨ ਲਈ ਬਾਟੇ ਪਾਸ ਆ ਬੈਠਣ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੮)

ਵਿਆਖਿਆ

ਅੰਮ੍ਰਿਤ ਦੀ ਦਾਤ ਕਿਸੇ ਲਾਲਚ ਜਾਂ ਦਬਾਅ ਅਧੀਨ ਨਹੀਂ ਬਲਕਿ ਆਪਣੀ ਇੱਛਾ ਅਤੇ ਦ੍ਰਿੜ੍ਹ ਇਰਾਦੇ ਨਾਲ ਹੀ ਪ੍ਰਾਪਤ ਕਰਨੀ ਲੋੜੀਂਦੀ ਹੈ। ਇਸ ਲਈ ਪਹਿਲਾਂ

SikhBookClub.com

ਪੰਜ ਪਿਆਰਿਆਂ ਵੱਲੋਂ ਅੰਮ੍ਰਿਤ ਅਭਿਲਾਖੀ ਨੂੰ ਸਿੱਖ ਧਰਮ ਦੇ ਅਸੂਲ ਸੰਖੇਪ ਵਿਚ ਸਮਝਾਏ ਜਾਂਦੇ ਹਨ :

1. ਉਪਾਸ਼ਨਾ ਅਤੇ ਭਗਤੀ ਕੇਵਲ ਕਰਤਾ ਪੁਰਖ ਦੀ ਹੀ ਕੀਤੀ ਜਾ ਸਕਦੀ ਹੈ ਉਸਦੀ ਕਿਰਤ ਦੀ ਨਹੀਂ।
2. ਇਸ ਲਈ ਗੁਰਬਾਣੀ ਦਾ ਅਭਿਆਸ, ਸਾਧ ਸੰਗਤ ਅਤੇ ਪੰਥ ਦੀ ਸੇਵਾ ਲਈ ਤਤਪਰ ਰਹਿਣਾ।
3. ਨਾਮ ਬਾਣੀ ਦੇ ਪ੍ਰੇਮੀ ਹੋਣਾ ਅਤੇ ਉਪਕਾਰੀ ਜੀਵਨ ਬਤੀਤ ਕਰਨਾ।
4. ਅੰਮ੍ਰਿਤ ਪਾਨ ਕਰ ਕੇ ਰਹਿਤ-ਬਹਿਤ ਵਿਚ ਪਰਪੱਕ ਰਹਿਣਾ।

ਉਪਰੰਤ ਉਸ ਨੂੰ ਪੁੱਛਿਆ ਜਾਂਦਾ ਹੈ ਕਿ ਕੀ ਉਹ ਆਪਣੀ ਖੁਸ਼ੀ ਨਾਲ ਇਹਨਾਂ ਨੂੰ ਪ੍ਰਵਾਨ ਕਰਦਾ ਹੈ? ਇਸ ਤਰ੍ਹਾਂ ਕਿਸੇ ਨੂੰ ਜ਼ੋਰ-ਜ਼ਬਰਦਸਤੀ ਜਾਂ ਲਾਲਚ ਦੇ ਕੇ ਸਿੱਖੀ ਵਿਚ ਸ਼ਾਮਲ ਕਰਨ ਦੀ ਕਦਾਚਿਤ ਆਗਿਆ ਨਹੀਂ ਹੈ। ਉਸ ਦਾ ਜਵਾਬ ਹਾਂ ਵਿਚ ਆਉਣ ਦੇ ਬਾਅਦ ਹੀ ਉਸ ਨੂੰ ਅੰਮ੍ਰਿਤ ਦੀ ਦਾਤ ਦਿੱਤੀ ਜਾਂਦੀ ਹੈ।

ਹਰ ਨਵੇਂ ਅੰਮ੍ਰਿਤਧਾਰੀ ਨੂੰ ਸਿੱਖ ਰਹਿਤ ਮਰਯਾਦਾ ਦੀ ਇਕ ਕਾਪੀ ਦੇਣ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 5 ਜੂਨ, 1997 ਦਾ ਮਤਾ ਵੀ ਹੈ। ਇਹ ਹੈ :

> ***'ਜਿਥੇ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਪਾਨ ਕਰਵਾਉਣ ਲਈ ਸਮੇਂ ਸਮੇਂ ਵੱਡੀ ਪੱਧਰ 'ਤੇ ਪ੍ਰਬੰਧ ਕੀਤੇ ਜਾਂਦੇ ਹਨ, ਉਥੇ ਭਵਿੱਖ ਵਿੱਚ ਅੰਮ੍ਰਿਤਪਾਨ ਕਰਨ ਵਾਲੇ ਹਰੇਕ ਪ੍ਰਾਣੀ ਨੂੰ ਪ੍ਰਵਾਨਿਤ ਰਹਿਤ ਮਰਿਯਾਦਾ ਦੀ ਇੱਕ-ਇੱਕ ਕਾਪੀ ਭੀ ਦਿੱਤੀ ਜਾਇਆ ਕਰੇ ਤਾਂ ਜੋ ਉਹ ਉਸਨੂੰ ਸਮੇਂ ਸਮੇਂ ਗਹੁ ਨਾਲ ਪੜ੍ਹਕੇ ਉਸ ਪੁਰ ਅਮਲ ਭੀ ਕਰ ਸਕਣ।'***

(ਗ) ਬਾਟਾ ਸਰਬ-ਲੋਹ ਦਾ ਹੋਵੇ ਤੇ ਚੌਕੀ, ਸੁਨਹਿਰੇ ਆਦਿ ਕਿਸੇ ਸਵੱਛ ਚੀਜ਼ 'ਪੁਰ ਰਖਿਆ ਹੋਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੮)

ਵਿਆਖਿਆ

ਅੰਮ੍ਰਿਤ ਪਾਨ ਲਈ ਬਾਟਾ ਚਾਹੀਦਾ ਹੈ। ਇਹ ਬਾਟਾ ਕੇਵਲ ਸਰਬਲੋਹ ਦਾ ਹੀ ਹੋ ਸਕਦਾ ਹੈ ਅਤੇ ਕਿਸੇ ਹੋਰ ਧਾਤ ਜਾਂ ਕਿਸਮ ਦਾ ਭਾਂਡਾ ਜਾਂ ਬਰਤਨ ਪ੍ਰਵਾਨ ਨਹੀਂ ਹੈ। ਪੱਥਰ ਯੁੱਗ ਤੋਂ ਬਾਅਦ ਲੋਹ ਯੁੱਗ ਆਇਆ। ਭਾਰਤੀ ਸੰਸਕ੍ਰਿਤੀ ਨੇ ਕਈ ਭਰਮਾਂ ਅਤੇ ਵਹਿਮਾਂ ਨੂੰ ਲੋਹੇ ਦੇ ਨਾਲ ਜੋੜ ਲਿਆ। ਇਸ ਵਿਚ ਲੋਹੇ ਤੋਂ ਨਫ਼ਰਤ ਅਤੇ ਹਿਕਾਰਤ ਦੇ ਨਾਲ ਇਸ ਤੋਂ ਡਰ ਵੀ ਸ਼ਾਮਲ ਸੀ। ਲੋਕ ਮਾਨਤਾਵਾਂ ਮੁਤਾਬਕ ਲੋਹੇ ਦੀ ਬਣੀ ਹੋਈ ਘੋੜੇ ਦੀ ਨਾਲ (horse shoe) ਨੂੰ ਨਵੇਂ ਘਰ ਦੇ ਬੂਹੇ ਦੀ ਚੁਗਾਠ 'ਤੇ ਕਿੱਲਾਂ ਨਾਲ ਠੋਕਿਆ ਜਾਂਦਾ ਸੀ ਤਾਂ ਕਿ ਪ੍ਰੇਤ ਆਤਮਾਵਾਂ ਨੇੜੇ ਨਾ ਆਉਣ। ਇਸ ਦੇ ਨਾਲ ਹੀ ਨਵੇਂ ਜਨਮੇ ਬੱਚੇ ਦੇ ਸਿਰ੍ਹਾਣੇ ਵੀ ਲੋਹੇ ਦੀ ਛੁਰੀ ਰਖੀ ਜਾਂਦੀ ਸੀ ਤਾਂ ਕਿ ਉਸ 'ਤੇ ਭੈੜਾ

SikhBookClub.com

ਸਾਇਆ ਨਾ ਪਵੇ। ਇਕ ਹੋਰ ਮਾਨਤਾ ਮੁਤਾਬਕ ਲੋਹੇ ਦੇ ਭਾਂਡੇ ਖੜਕਾਉਣੇ ਅਸ਼ੁਭ ਮੰਨਿਆ ਜਾਂਦਾ ਸੀ।

ਸ਼ਾਸਤ੍ਰਾਂ ਨੇ ਲੋਹੇ ਦੇ ਭਾਂਡਿਆਂ ਦੀ ਵਰਤੋਂ ਦੀ ਸਖ਼ਤ ਮਨਾਹੀ ਕੀਤੀ ਹੈ। ਬ੍ਰਾਹਮਣ ਦੇ ਗ੍ਰੰਥ 'ਅਤ੍ਰੀ ਸੰਹਿਤਾ' ਦਾ ਸਪਸ਼ਟ ਆਦੇਸ਼ ਕਿ ਜਿਹੜਾ ਅੰਨ ਲੋਹੇ ਦੇ ਬਰਤਨ 'ਚੋਂ ਖਾਧਾ ਜਾਂਦਾ ਹੈ ਉਹ ਵਿਸ਼ਟਾ ਦੇ ਤੁਲ ਅਤੇ ਤਿਆਗਣਯੋਗ ਹੈ। ਇਤਨਾ ਹੀ ਨਹੀਂ ਇਸ ਵਿਚੋਂ ਖਾਧ ਪਧਾਰਥ ਦੇਣ ਵਾਲਾ ਦਾਤਾ ਵੀ ਨਰਕ ਵਿਚ ਜਾਂਦਾ ਹੈ।

आयसेन तु पात्रेण यदन्नमुपदीयते।।
श्वानविष्ठासमं भुंक्ते दांता च नरकं व्रजेत्।।१५०।।

ਆਯਸੇਨ ਤੁ ਪਾਤ੍ਰੇਣ ਯਦੱਨਮੁਪਦੀਯਤੇ ॥
ਸ਼ਵਾਨਵਿਸ਼ਠਾਸਮੰ ਭੁੰਕਤੇ ਦਾਤਾ ਚ ਨਰਕੰ ਵ੍ਰਜੇਤ ॥੧੫੦॥

(ਅਤ੍ਰੀ ਸੰਹਿਤਾ, ਸ਼ਲੋਕ ੧੫੦)

ਇਕ ਪਾਸੇ ਬ੍ਰਾਹਮਣੀ ਗ੍ਰੰਥਾਂ ਨੇ ਲੋਹੇ ਦੇ ਭਾਂਡੇ ਵਿਚੋਂ ਖਾਣ ਵਾਲੇ ਨੂੰ ਵਿਸ਼ਟਾ ਖਾਣ ਦੇ ਤੁਲ ਕਰਾਰ ਦਿੱਤਾ ਅਤੇ ਲੋਹੇ ਦੇ ਬਰਤਨ ਵਿਚੋਂ ਕਿਸੇ ਨੂੰ ਦੇਣ ਵਾਲੇ ਨੂੰ ਨਰਕਭਾਗੀ ਕਿਹਾ। ਉੱਥੇ ਸਤਿਗੁਰ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਕਿਤਨੀ ਦ੍ਰਿੜ੍ਹਤਾ ਨਾਲ ***"ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸ ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥1॥"*** (ਅੰਗ 1002) ਦੇ ਗੁਰਵਾਕ ਅਨੁਸਾਰ ਭਰਮ ਦੇ ਗੜ੍ਹ ਨੂੰ ਚੂਰ ਚੂਰ ਕਰਦਿਆਂ ਸਭ ਤੋਂ ਕੀਮਤੀ ਅਤੇ ਜਨਮ-ਮਰਨ ਦੂਰ ਕਰਨ ਵਾਲੀ ਵਸਤੂ ਅੰਮ੍ਰਿਤ ਦੀ ਦਾਤ ਸਰਬਲੋਹ ਦੇ ਭਾਂਡੇ ਵਿਚ ਸਰਬਲੋਹ ਦੇ ਖੰਡੇ ਨਾਲ ਤਿਆਰ ਕਰ ਕੇ ਬਖਸ਼ਿਸ਼ ਕੀਤੀ। ***"ਸੋ ਸਤਿਗੁਰੁ ਧਨੁ ਧੰਨ ਜਿਨਿ ਭਰਮ ਗੜੁ ਤੋੜਿਆ ॥"*** (ਅੰਗ 522)

ਇਸ ਤਰ੍ਹਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਰਬਲੋਹ ਦਾ ਖੰਡਾ ਖੜਕਾਇਆ, ਸਰਬਲੋਹ ਦੇ ਬਾਟੇ ਵਿਚ ਅੰਮ੍ਰਿਤ ਦੀ ਦਾਤ ਬਖਸ਼ ਕੇ, ਲੋਹੇ ਦੇ ਆਭੂਸ਼ਣ ਪਵਾ ਕੇ ਅਤੇ ਲੋਹੇ ਦੇ ਸ਼ਸਤ੍ਰਾਂ ਨੂੰ ਨਮਸਕਾਰ ਕਰ ਕੇ ਇਸ ਨੂੰ ਅਤਿ ਪਵਿਤ੍ਰਤਾ ਪ੍ਰਦਾਨ ਕਰ ਦਿੱਤੀ ਅਤੇ ਖਾਲਸੇ ਨੂੰ ਨਿਆਰਾਪਨ ਬਖਸ਼ਿਆ ਅਤੇ ਭਰਮ ਗੜ੍ਹ ਤੋੜਿਆ। ਹੋਰ ਤਾਂ ਹੋਰ ਹਜ਼ੂਰ ਨੇ ਵਾਹਿਗੁਰੂ ਨੂੰ ਵੀ ਸਰਬ ਲੋਹ ਸੰਬੋਧਨ ਕਰ ਕੇ ਰਛਿਆ ਦੀ ਜਾਚਨਾ ਕੀਤੀ ਹੈ।

ਪਾਤਿਸ਼ਾਹੀ ॥੧੦॥ ਅਕਾਲ ਪੁਰਖ ਕੀ ਰਛਾ ਹਮਨੈ ॥ ਸਰਬ ਲੋਹ ਦੀ ਰਛਿਆ ਹਮਨੈ ॥
ਸਰਬ ਕਾਲ ਜੀ ਦੀ ਰਛਿਆ ਹਮਨੈ ॥ ਸਰਬ ਲੋਹ ਜੀ ਦੀ ਸਦਾ ਸਦਾ ਰਛਿਆ ਹਮਨੈ ॥

(ਘ) ਬਾਟੇ ਵਿਚ ਸਵੱਛ ਜਲ ਤੇ ਪਤਾਸੇ ਪਾਏ ਜਾਣ ਤੇ ਪੰਜ ਪਿਆਰੇ ਬਾਟੇ ਦੇ ਇਰਦ-ਗਿਰਦ ਬੀਰ ਆਸਨ[12] ਹੋ ਕੇ ਬੈਠ ਜਾਣ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੮)

---

12. ਬੀਰ ਆਸਨ—ਸੱਜਾ ਗੋਡਾ ਜ਼ਿਮੀ 'ਤੇ ਧਰ ਕੇ, ਸੱਜੀ ਲੱਤ ਦਾ ਭਾਰ ਪੈਰ 'ਤੇ ਰੱਖ ਕੇ ਬੈਠਣਾ ਤੇ ਖੱਬਾ ਗੋਡਾ ਉਚਾ ਕਰ ਕੇ ਰੱਖਣਾ।

SikhBookClub.com

ਵਿਆਖਿਆ

ਅੰਮ੍ਰਿਤ ਤਿਆਰ ਕਰਨ ਲਈ ਸਰਬ ਲੋਹ ਦੇ ਬਾਟੇ ਵਿਚ ਸਵੱਛ ਜਲ ਤੇ ਪਤਾਸੇ ਪਾ ਕੇ ਲੋਹੇ ਦੇ ਖੰਡੇ ਨਾਲ ਹਲ ਕਰਨੇ ਪੈਂਦੇ ਹਨ। ਇਸ ਬਾਰੇ ਚੌਂਕ ਬਾਬਾ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਹਕੀਮ ਗਜਿੰਦ੍ਰ ਸਿੰਘ ਨੇ ਧਾਰਮਿਕ ਸਲਾਹਕਾਰ ਕਮੇਟੀ ਤੋਂ ਜਾਣਨਾ ਚਾਹਿਆ ਕਿ ਕੀ ਅੰਮ੍ਰਿਤ ਦੀ ਤਿਆਰੀ ਸਮੇਂ ਇਸ ਵਿਚ ਪਤਾਸਿਆਂ ਦੀ ਥਾਂ ਮਿਸ਼ਰੀ, ਗੁੜ ਜਾਂ ਖੰਡ ਪਾਈ ਜਾ ਸਕਦੀ ਹੈ? ਇਸ ਦੇ ਜਵਾਬ ਵਿਚ ਧਾਰਮਿਕ ਸਲਾਹਕਾਰ ਕਮੇਟੀ ਨੇ 7 ਜਨਵਰੀ, 1945 ਨੂੰ ਮਤਾ ਨੰਬਰ 12 ਰਾਹੀਂ ਨਿਰਣਾ ਦਿੱਤਾ ਕਿ ਪਤਾਸਿਆਂ ਦੀ ਥਾਂ ਹੋਰ ਕੋਈ ਚੀਜ਼ ਨਹੀਂ ਪਾਉਣੀ ਚਾਹੀਦੀ।

ਇਸ ਬਾਟੇ ਦੇ ਇਰਦ-ਗਿਰਦ ਪੰਜ ਪਿਆਰੇ ਬੀਰ-ਆਸਨ ਹੋ ਕੇ ਬੈਠ ਜਾਣ। ਬੀਰ ਆਸਨ ਦੀ ਵਿਆਖਿਆ ਸਿੱਖ ਰਹਿਤ ਮਰਯਾਦਾ ਦੀ ਇਸ ਮੱਦ ਦੇ ਫ਼ੁਟ ਨੋਟ ਵਿਚ ਹੀ ਕਰ ਦਿੱਤੀ ਗਈ ਹੈ। ਇਸ ਵਿਚ ਸੱਜਾ ਗੋਡਾ ਜ਼ਮੀਨ 'ਤੇ ਰਖ ਕੇ, ਸੱਜੀ ਲੱਤ ਦਾ ਭਾਰ ਪੈਰ 'ਤੇ ਰੱਖ ਕੇ ਬੈਠਣਾ ਤੇ ਖੱਬਾ ਗੋਡਾ ਉਚਾ ਕਰ ਕੇ ਰੱਖਣਾ ਹੈ। ਇਹ ਬੰਦੂਕਚੀ ਜਾਂ ਗਦਾਧਾਰੀ ਦੀ ਮੁਦਰਾ ਹੈ।

(ਙ) ਤੇ ਇਹਨਾਂ ਬਾਣੀਆਂ ਦਾ ਪਾਠ ਕਰਨ-

ਜਪੁ, ਜਾਪੁ, 10 ਸਵੱਯੇ ('ਸ੍ਰਾਵਗ ਸੁਧ' ਵਾਲੇ) ਬੇਨਤੀ ਚੌਪਈ (ਹਮਰੀ ਕਰੋ ਹਾਥ ਦੈ ਰੱਛਾ ਤੋਂ ਲੈ ਕੇ 'ਦੁਸ਼ਟ ਦੋਖ ਤੇ ਲੇਹੁ ਬਚਾਈ' ਤਕ), ਅਨੰਦ ਸਾਹਿਬ।

(ਸਿੱਖ ਰਹਿਤ ਮਰਯਾਦਾ, ਅਕਤੂਬਰ, ੨੦੧੫ ਪੰਨਾ: ੨੯)

ਸਿੱਖ ਰਹਿਤ ਮਰਯਾਦਾ, 1936 ਵਿਚ ਇਹ ਮੱਦ ਇਸ ਤਰ੍ਹਾਂ ਸੀ:-

(ਙ) ਇਹਨਾਂ ਬਾਣੀਆਂ ਦਾ ਪਾਠ ਕਰਨ :-

> ***ਜਪੁ, ਜਾਪੁ, 10 ਸਵੱਯੇ ('ਸ੍ਰਾਵਗ ਸੁਧ' ਵਾਲੇ,) ਬੇਨਤੀ ਚੌਪਈ (ਹਮਰੀ ਕਰੋ ਹਾਥ ਦੈ ਰੱਛਾ ਤੋਂ ਲੈ ਕੇ 'ਦੁਸ਼ਟ ਦੋਖ ਤੇ ਲੇਹੁ ਬਚਾਈ' ਤਕ), ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਤੇ ਅੰਤਲੀ ਇਕ ਪਉੜੀ !***

(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੧੬)

ਵਿਆਖਿਆ

ਮੂਲ ਸਿੱਖ ਰਹਿਤ ਮਰਯਾਦਾ ਵਿਚ ਅੰਮ੍ਰਿਤ ਛਕਾਣ ਲਈ ਪੰਜ ਬਾਣੀਆਂ ਵਿਚ 'ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਤੇ ਅੰਤਲੀ ਇਕ ਪਉੜੀ' ਸੀ। ਇਸ ਦੀ ਥਾਵੇਂ 'ਅਨੰਦ ਸਾਹਿਬ' ਕੀਤਾ ਗਿਆ ਹੈ।

ਪੰਜਾਂ ਪਿਆਰਿਆਂ ਨੇ ਵਾਰੀ ਵਾਰੀ ਉਕਤ ਪੰਜ ਬਾਣੀਆਂ ਦਾ ਪਾਠ ਕਰਨਾ ਹੈ। ਅੰਮ੍ਰਿਤ ਸੰਚਾਰ ਦੀਆਂ ਇਹ ਪੰਜ ਬਾਣੀਆਂ ਨਿਸਚਿਤ ਹਨ ਅਤੇ ਸਾਰੇ ਸੰਸਾਰ ਵਿਚ ਜਿੱਥੇ ਕਿਤੇ ਵੀ ਅੰਮ੍ਰਿਤ ਦੀ ਬਖਸ਼ਿਸ਼ ਕੀਤੀ ਜਾਂਦੀ ਹੈ ਜਾਂ ਕੀਤੀ ਜਾਂਦੀ ਰਹੀ ਹੈ ਉਹ ਇਹਨਾਂ ਪੰਜ ਬਾਣੀਆਂ ਦਾ ਪਾਠ ਕਰ ਕੇ ਹੀ ਹੋਈ ਹੈ।

SikhBookClub.com

ਪਰ ਕਈ ਵਾਰ ਕੁਝ ਲੋਕ ਅੰਮ੍ਰਿਤ ਸੰਚਾਰ ਦੀਆਂ ਇਹਨਾਂ ਬਾਣੀਆਂ ਬਾਰੇ ਭਰਮ ਭੁਲੇਖਾ ਖੜਾ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਸ਼ਾਇਦ ਇਹ ਬਾਣੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੀ ਨਿਰਧਾਰਤ ਕੀਤੀਆਂ ਹਨ ਅਤੇ ਇਸ ਤੋਂ ਪਹਿਲਾਂ ਇਹਨਾਂ ਦਾ ਕੋਈ ਹਵਾਲਾ ਨਹੀਂ ਮਿਲਦਾ। ਜੇਕਰ ਐਸਾ ਹੋਵੇ ਤਾਂ ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਕੋਈ ਜਾਦੂ ਦੀ ਛੜੀ ਸੀ ਕਿ 1936 ਵਿਚ ਇਸਦੇ ਮਤਾ ਪਾਸ ਕਰਦੇ ਸਾਰ ਹੀ ਸਾਰੇ ਸੰਸਾਰ ਵਿਚ ਇਕਸਾਰ ਇਹਨਾਂ ਪੰਜ ਬਾਣੀਆਂ ਰਾਹੀਂ ਅੰਮ੍ਰਿਤ ਸੰਚਾਰ ਦੀ ਮਰਯਾਦਾ ਆਰੰਭ ਹੋ ਗਈ?

(ਚ) ਹਰ ਇਕ ਬਾਣੀ ਪੜ੍ਹਨ ਵਾਲਾ ਖੱਬਾ ਹੱਥ ਬਾਟੇ ਦੇ ਕੰਢੇ 'ਤੇ ਧਰੇ ਤੇ ਸੱਜੇ ਹਥ ਨਾਲ ਖੰਡਾ ਜਲ ਵਿਚ ਫੇਰੀ ਜਾਵੇ। ਸੁਰਤ ਇਕਾਗਰ ਹੋਵੇ। ਬਾਕੀ ਦਿਆਂ ਦੇ ਦੋਵੇਂ ਹੱਥ ਬਾਟੇ ਦੇ ਕੰਢੇ 'ਤੇ ਅਤੇ ਧਿਆਨ ਅੰਮ੍ਰਿਤ ਵੱਲ ਟਿਕੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੯)

ਵਿਆਖਿਆ

ਪੰਜ ਪਿਆਰਿਆਂ ਵਿਚੋਂ ਬਾਣੀ ਪੜ੍ਹਨ ਵਾਲੇ ਸਿੰਘ ਦਾ ਇਕ ਹੱਥ ਬਾਟੇ ਦੇ ਕੰਢੇ 'ਤੇ ਹੋਵੇ ਤੇ ਦੂਸਰੇ ਹੱਥ ਨਾਲ ਬਾਟੇ ਵਿਚ ਖੰਡਾ ਫ਼ੇਰੇ। ਬਾਕੀ ਚਾਰਾਂ ਦੇ ਦੋਵੇਂ ਹੱਥ ਬਾਟੇ ਦੇ ਕੰਢੇ 'ਤੇ ਹੋਣੇ ਚਾਹੀਦੇ ਹਨ। ਸਾਰਿਆਂ ਦੀ ਸੁਰਤ ਇਕਾਗਰ ਹੋ ਕੇ ਧਿਆਨ ਅੰਮ੍ਰਿਤ ਵੱਲ ਟਿਕਣਾ ਚਾਹੀਦਾ ਹੈ। ਸਿੱਖ ਦਾ ਜਨਮ ਖੰਡੇ ਦੀ ਧਾਰ 'ਚੋਂ ਹੁੰਦਾ ਹੈ। ਜਿਸ ਪਾਵਨ ਖੰਡੇ ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਕੇਸਗੜ੍ਹ ਸਾਹਿਬ 'ਤੇ ਪਹਿਲੀ ਵਾਰ ਅੰਮ੍ਰਿਤ ਦੀ ਦਾਤ ਬਖਸ਼ੀ ਸੀ ਉਹ ਖੰਡਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਚ ਸੁਭਾਇਮਾਨ ਹੈ।

ਸਾਹਿਬਾਂ ਦੇ ਬਚਨ ਵੀ ਹਨ :

ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੈਸਾਰ ਉਪਾਇਆ ॥
ਬ੍ਰਹਮਾ ਬਿਸਨ ਮਹੇਸ ਸਾਜਿ ਕੁਦਰਤੀ ਦਾ ਖੇਲੁ ਰਚਾਇ ਬਣਾਇਆ ॥

ਇਸ ਬਾਰੇ ਧਾਰਮਿਕ ਸਲਾਹਕਾਰ ਕਮੇਟੀ ਦੀ ਮਿਤੀ 1 ਜਨਵਰੀ 1950 ਦੀ ਸਤਾਰਵੀਂ ਇਕੱਤਰਤਾ ਦੀ ਕਾਰਵਾਈ ਦਾ ਮਤਾ ਨੰਬਰ 6 :

ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਅੰਮ੍ਰਿਤ ਇਕੋ ਖੰਡੇ ਦਾ ਹੀ ਹੈ ਤੇ ਮਾਈਆਂ ਬੀਬੀਆਂ ਲਈ ਵੀ ਅੰਮ੍ਰਿਤ ਛਕਾਉਣ ਸਮੇਂ ਇਸ ਨਾਲ ਹੀ ਅੰਮ੍ਰਿਤ ਤਿਆਰ ਕਰਨਾ ਯੋਗ ਹੈ।

(ਛ) ਪਾਠ ਹੋਣ ਮਗਰੋਂ ਪਿਆਰਿਆਂ ਵਿਚੋਂ ਕੋਈ ਇਕ ਅਰਦਾਸ ਕਰੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੯)

ਵਿਆਖਿਆ

ਪੰਜ ਬਾਣੀਆਂ ਦਾ ਪਾਠ ਸੰਪੂਰਨ ਹੋਣ ਦੇ ਬਾਅਦ ਉਹਨਾਂ ਪੰਜ ਪਿਆਰਿਆਂ ਵਿਚੋਂ ਹੀ ਇਕ ਸਿੰਘ ਅਰਦਾਸ ਕਰੇ। ਅਰਦਾਸ ਵੀ ਨਿਸਚਿਤ ਹੈ। ਇਸ ਤਰ੍ਹਾਂ ਪੰਜ ਬਾਣੀਆਂ ਵਿਚ ਜਪੁ ਜੀ ਸਾਹਿਬ ਅਤੇ ਅਨੰਦ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ

SikhBookClub.com



ਪਾਵਨ ਖੰਡਾ ਜਿਸ ਨਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੀ ਵਾਰ ਅੰਮ੍ਰਿਤ ਤਿਆਰ ਕੀਤਾ ਸੀ।

SikhBookClub.com

ਅਤੇ ਜਾਪੁ ਸਾਹਿਬ, ਸਵੈਯੇ ਅਤੇ ਬੇਨਤੀ ਚਉਪਈ ਸ੍ਰੀ ਦਸਮ ਗ੍ਰੰਥ ਸਾਹਿਬ ਵਿਚੋਂ ਹਨ। 'ਤੇ ਅਰਦਾਸ ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ 10 ਵੀ ਸ੍ਰੀ ਦਸਮ ਗ੍ਰੰਥ ਸਾਹਿਬ ਵਿਚੋਂ ਹੈ। ਖਾਲਸੇ ਦੀ ਸਿਰਜਨਾ ਸ੍ਰੋਤ ਦੋ ਪਾਵਨ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਹਨ।

(ਜ) ਜਿਸ ਅਭਿਲਾਖੀ ਨੇ ਅੰਮ੍ਰਿਤ ਦੀ ਤਿਆਰੀ ਵੇਲੇ ਸਾਰੇ ਸੰਸਕਾਰ 'ਚ ਹਿੱਸਾ ਲਿਆ ਹੈ, ਉਹੀ ਅੰਮ੍ਰਿਤ ਛਕਣ ਵਿਚ ਸ਼ਾਮਲ ਹੋ ਸਕਦਾ ਹੈ। ਅਧਵਾਟੇ ਆਉਣ ਵਾਲਾ ਨਹੀਂ ਹੋ ਸਕਦਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੯)

ਵਿਆਖਿਆ

ਅੰਮ੍ਰਿਤ ਸੰਚਾਰ ਦੀ ਮਰਯਾਦਾ ਇਕ ਸੰਪੂਰਨ ਅਮਲ ਹੈ। ਇਸ ਨੂੰ ਕਿਸ਼ਤਾਂ ਜਾਂ ਟੁਕੜਿਆਂ ਵਿਚ ਗ੍ਰਹਿਣ ਨਹੀਂ ਕੀਤਾ ਜਾ ਸਕਦਾ। ਅੰਮ੍ਰਿਤ ਸੰਚਾਰ ਦੇ ਕਿਸੇ ਵੀ ਹਿੱਸੇ ਨੂੰ ਛੱਡਿਆ ਨਹੀਂ ਜਾ ਸਕਦਾ। ਇਸ ਲਈ ਜ਼ਰੂਰੀ ਹੈ ਕਿ ਜਿਸ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨੀ ਹੈ ਉਹ ਅਰੰਭ ਤੋਂ ਅੰਤ ਤਕ ਇਸ ਵਿਚ ਸ਼ਾਮਲ ਹੋਵੇ।

(ਝ) ਹੁਣ ਸ੍ਰੀ ਕਲਗੀਧਰ ਦਸਮੇਸ਼ ਪਿਤਾ ਦਾ ਧਿਆਨ ਧਰ ਕੇ ਹਰ ਇਕ ਅੰਮ੍ਰਿਤ ਛਕਣ ਵਾਲੇ ਨੂੰ ਬੀਰ-ਆਸਨ ਕਰਾ ਉਸ ਦੇ ਖੱਬੇ ਹੱਥ ਉਪਰ ਸੱਜਾ ਹੱਥ ਰਖਾ ਕੇ ਪੰਜ ਚੁਲੇ ਅੰਮ੍ਰਿਤ ਦੇ ਛਕਾਏ ਜਾਣ ਅਤੇ ਹਰ ਚੁਲੇ ਨਾਲ ਇਹ ਕਿਹਾ ਜਾਵੇ :-

ਬੋਲ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ।' ਛਕਣ ਵਾਲਾ ਛਕ ਕੇ ਕਹੇ: 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ। ਫੇਰ ਪੰਜ ਛੱਟੇ ਅੰਮ੍ਰਿਤ ਦੇ ਨੇਤਰਾਂ 'ਪਰ ਲਾਏ ਜਾਣ। ਫੇਰ ਪੰਜ ਛੱਟੇ ਕੇਸਾਂ ਵਿਚ ਪਾਏ ਜਾਣ। ਹਰ ਇਕ ਛੱਟੇ ਨਾਲ ਛਕਣ ਵਾਲਾ ਛਕਾਉਣ ਵਾਲੇ ਦੇ ਪਿੱਛੇ-ਪਿੱਛੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਕੀ ਫਤਹ' ਗਜਾਈ ਜਾਵੇ। ਜੋ ਅੰਮ੍ਰਿਤ ਬਾਕੀ ਰਹੇ, ਉਸ ਨੂੰ ਸਾਰੇ ਅੰਮ੍ਰਿਤ ਛਕਣ ਵਾਲੇ (ਸਿੱਖ ਤੇ ਸਿਖਣੀਆਂ) ਰਲ ਕੇ ਛਕਣ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੯)

ਸਿੱਖ ਰਹਿਤ ਮਰਯਾਦਾ, 1936 ਵਿਚ ਇਹ ਮੱਦ ਇਸ ਤਰ੍ਹਾਂ ਸੀ:

(ਝ) ਹੁਣ ਸ੍ਰੀ ਕਲਗੀਧਰ ਦਸਮੇਸ਼ ਪਿਤਾ ਦਾ ਧਿਆਨ ਧਰ ਕੇ ਹਰ ਇਕ ਅੰਮ੍ਰਿਤ ਛਕਣ ਵਾਲੇ ਨੂੰ ਬੀਰ-ਆਸਨ ਕਰਾ ਉਸ ਦੇ ਖੱਬੇ ਹੱਥ ਉਪਰ ਸੱਜਾ ਹੱਥ ਰਖਾ ਕੇ ਪੰਜ ਚੁਲੇ ਅੰਮ੍ਰਿਤ ਦੇ ਛਕਾਏ ਜਾਣ ਅਤੇ ਹਰ ਚੁਲੇ ਨਾਲ ਇਹ ਕਿਹਾ ਜਾਵੇ :-

ਬੋਲ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਛਕਣ ਵਾਲਾ ਛਕ ਕੇ ਕਹੇ- 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ।' ਫੇਰ ਪੰਜ ਛੱਟੇ ਅੰਮ੍ਰਿਤ ਦੇ ਨੇਤਰਾਂ 'ਪਰ ਲਾਏ ਜਾਣ। ਫੇਰ ਪੰਜ ਛੱਟੇ ਕੇਸਾਂ ਵਿਚ ਪਾਏ ਜਾਣ। ਹਰ ਇਕ ਛੱਟੇ ਨਾਲ ਛਕਣ ਵਾਲਾ ਛਕਾਉਣ ਵਾਲੇ ਦੇ ਪਿੱਛੇ-ਪਿੱਛੇ 'ਵਾਹਿਗੁਰੂ ਜੀ ਕਾ ਖਾਲਸਾ,

SikhBookClub.com

ਵਾਹਿਗੁਰੂ ਜੀ ਕੀ ਕੀ ਫਤਹ' ਗਜਾਈ ਜਾਵੇ। ਜੋ ਅੰਮ੍ਰਿਤ ਬਾਕੀ ਰਹੇ, ਉਸ ਨੂੰ 'ਉਸੇ ਇਕ ਬਾਟੇ ਵਿਚ' ਸਾਰੇ ਅੰਮ੍ਰਿਤ ਛਕਣ ਵਾਲੇ (ਸਿੱਖ ਤੇ ਸਿਖਣੀਆਂ) ਰਲ ਕੇ ਛਕਣ।

(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੧੬)

ਤਬਦੀਲੀ

ਇਸ ਮੱਦ ਦੇ ਅਖ਼ੀਰ ਦੇ ਲਫ਼ਜ਼ , ***'ਜੋ ਅੰਮ੍ਰਿਤ ਬਾਕੀ ਰਹੇ', ਉਸ ਨੂੰ 'ਉਸੇ ਇਕ ਬਾਟੇ ਵਿਚ ਸਾਰੇ ਅੰਮ੍ਰਿਤ ਛਕਣ ਵਾਲੇ (ਸਿੱਖ ਤੇ ਸਿਖਣੀਆਂ) ਰਲ ਕੇ ਛਕਣ।'*** ਦੀ ਬਜਾਇ ***'ਜੋ ਅੰਮ੍ਰਿਤ ਬਾਕੀ ਰਹੇ, ਉਸ ਨੂੰ ਸਾਰੇ ਅੰਮ੍ਰਿਤ ਛਕਣ ਵਾਲੇ (ਸਿੱਖ ਤੇ ਸਿਖਣੀਆਂ) ਰਲ ਕੇ ਛਕਣ।'*** ਕਰ ਦਿੱਤਾ ਗਿਆ ਹੈ।

ਇਸ ਤਬਦੀਲੀ ਨੂੰ ਧਾਰਮਿਕ ਸਲਾਹਕਾਰ ਕਮੇਟੀ ਨੇ ਆਪਣੀ ਤੇਰ੍ਹਵੀਂ ਇਕੱਤਰਤਾ ਮਿਤੀ 7 ਜਨਵਰੀ, 1945 ਦੇ ਮਤਾ ਨੰਬਰ 15 ਰਾਹੀਂ ਪ੍ਰਵਾਨ ਕੀਤਾ, ਜੋ ਇਸ ਤਰ੍ਹਾਂ ਸੀ :-

15. ਹੈਡਿੰਗ ਅੰਮ੍ਰਿਤ ਸੰਸਕਾਰ ਦੇ ਅੰਕ (2) ਦੇ ਆਖ਼ਰੀ ਫਿਕਰੇ ਵਿੱਚੋਂ ਲਫਜ਼ 'ਉਸੇ ਇਕ ਬਾਟੇ ਵਿੱਚੋਂ' ਕਟ ਦਿੱਤੇ ਜਾਣ।

ਵਿਆਖਿਆ:-

ਇਸ ਮੱਦ ਵਿਚ ਅੰਮ੍ਰਿਤ ਦੀ ਦਾਤ ਦੇਣ ਅਤੇ ਪ੍ਰਾਪਤ ਦੀ ਵਿਧੀ ਦਰਜ ਕੀਤੀ ਗਈ ਹੈ। ਜੋ ਕਿ ਕ੍ਰਮਵਾਰ ਇਸ ਤਰ੍ਹਾਂ ਹੈ :

1. ਅੰਮ੍ਰਿਤ ਅਭਿਲਾਖੀ ਨੇ ਬੀਰ-ਆਸਨ ਹੋ ਕੇ ਧਿਆਨ ਕਲਗੀਧਰ ਦਸਮੇਸ਼ ਪਿਤਾ ਦਾ ਧਰਨਾ ਹੈ। ਇਸ ਦਾ ਅਰਥ ਹੈ ਅੰਮ੍ਰਿਤ ਦੇ ਦਾਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਹਾਜ਼ਰ-ਨਾਜ਼ਰ ਸਮਝਣਾ ਹੈ। ਹਾਜ਼ਰ ਯਾਨਿ ਕਿ ਆਪਣੇ ਆਪ ਨੂੰ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਜਾਣਨਾ ਅਤੇ ਨਾਜ਼ਰ ਯਾਨਿ ਕਿ ਇਹ ਮਹਿਸੂਸ ਕਰਨਾ ਕਿ ਕਲਗੀਧਰ ਪਿਤਾ ਪ੍ਰਤੱਖ ਸਾਹਮਣੇ ਨਜ਼ਰ ਵੀ ਆ ਰਹੇ ਹਨ। ਇਸ ਦੇ ਨਾਲ ਹੀ ਉਹ ਮੰਜ਼ਰ ਜਾਂ ਦ੍ਰਿਸ਼ ਅੱਖਾਂ ਅੱਗੇ ਪ੍ਰਤੱਖ ਮਹਿਸੂਸ ਕਰਨਾ ਹੈ ਕਿ ਕਿਵੇਂ ਸਮਰੱਥ ਗੁਰੂ ਕਲਗੀਧਰ ਪਿਤਾ ਖ਼ੁਦ ਗੋਡਿਆਂ ਭਾਰ ਹੋ ਕੇ ਹੱਥ ਜੋੜ ਕੇ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਦੀ ਯਾਚਨਾ ਕਰ ਰਹੇ ਹਨ ਅਤੇ ਪੰਜ ਪਿਆਰੇ ਉਹਨਾਂ ਨੂੰ ਕਹਿ ਰਹੇ ਹਨ, 'ਬੋਲ, ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹਿ॥'

2. ਹਰ ਇਕ ਅੰਮ੍ਰਿਤ ਛਕਣ ਵਾਲਾ ਆਪਣੇ ਖੱਬੇ ਹੱਥ ਦੀ ਤਲੀ ਦੇ ਉੱਤੇ ਸੱਜਾ ਹੱਥ ਰਖ ਕੇ ਅੰਜੁਲੀ, ਬੁਕ ਜਾਂ ਇਕ ਕੌਲੀ ਜਹੀ ਬਣਾਏ। ਇਸ ਵਿਚ ਹੀ ਅੰਮ੍ਰਿਤ ਦੇ ਪੰਜ ਚੂਲੇ ਲੈ ਕੇ ਛਕੇ ਜਾਣ। ਬ੍ਰਾਹਮਣਵਾਦ ਦੇ ਗ੍ਰੰਥ ਮਨੂ ਸਿਮਰਤੀ ਵਿਚ ਅੰਜੁਲੀ (ਬੁਕ) ਵਿਚ ਜਲ ਪੀਣ ਦੀ ਮਨਾਹੀ ਹੈ।

न कुर्वीत वृथाचेष्टां न वार्यञ्जलिना पिबेत्।
ਨ ਕੁਰਵੀਤ ਵ੍ਰਿਥਾਚੇਸ਼ਟਾਂ ਨ ਵ੍ਰਾਯਾਂਜਲਿਤਾ ਪਿਵੇਨ।

SikhBookClub.com

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਨਿਆਰਾਪਨ ਬਖਸ਼ਦਿਆਂ ਅੰਮ੍ਰਿਤ ਦੀ ਦਾਤ ਅੰਜੁਲੀ (ਅੰਜੁਰੀ) ਵਿਚ ਹੀ ਲੈਣ ਦੀ ਮਰਯਾਦਾ ਨਿਸਚਿਤ ਕੀਤੀ।

ਸਿੱਧਾਂ ਨੇ ਵੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਜਦੋਂ ਉਹਨਾਂ ਦੇ ਭਿਛਿਆ ਪਾਤਰ ਖੱਪਰ, ਕਾਸੇ, ਚਿੱਪੀ ਬਾਰੇ ਪੁਛਿਆ ਸੀ ਕਿ ਉਹ ਕਿੱਥੇ ਹੈ, ਤਾਂ ਹਜ਼ੂਰ ਸੱਚੇ ਪਾਤਸ਼ਾਹ ਨੇ ਹੱਥਾਂ ਦੇ ਇਸ ਕਾਸੇ ਦਾ ਜ਼ਿਕਰ ਕੀਤਾ ਸੀ,

ਕਰ ਕਾਸਾ ਦਰਸਨ ਕੀ ਭੂਖ ॥
ਮੈ ਦਰਿ ਮਾਗਉ ਨੀਤਾ ਨੀਤ ॥੧॥
ਤਉ ਦਰਸਨ ਕੀ ਕਰਉ ਸਮਾਇ ॥
ਮੈ ਦਰਿ ਮਾਗਤੁ ਭੀਖਿਆ ਪਾਇ ॥੧॥ ਰਹਾਉ ॥

(ਅੰਗ ੭੨੧)

3. ਬੋਲ ਵਾਹਿਗੁਰੂ ਜੀ ਕਾ ਖਾਲਸਾ ਹੈ, ਬੋਲੋ ਨਹੀਂ। ਅੰਮ੍ਰਿਤ ਦੇ ਪੰਜ ਚੂਲੇ ਅੰਜੁਲੀ ਵਿਚ ਛਕਾਏ ਜਾਣ। ਅੰਮ੍ਰਿਤ ਦਾ ਚੂਲਾ ਦੇ ਕੇ ਅੰਮ੍ਰਿਤ ਛਕਾਣ ਵਾਲਾ ਕਹੇ, 'ਬੋਲ ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹਿ॥' ਇਸੇ ਤਰ੍ਹਾਂ ਅੰਮ੍ਰਿਤ ਦੇ ਪੰਜ ਛੱਟੇ ਨੇਤਰਾਂ ਵਿਚ ਅਤੇ ਪੰਜ ਚੂਲੇ ਕੇਸਾਂ ਵਿਚ ਪਾਏ ਜਾਣ। ਭਾਈ ਚਉਪਾ ਸਿੰਘ ਜੀ ਛਿੱਬਰ ਦੇ ਰਹਿਤਨਾਮੇ ਵਿਚ ਅੰਕਤ ਹੈ :

ਅੰਮ੍ਰਿਤ ਦੇ ਹਰ ਛੱਟੇ ਦੇ ਬਾਅਦ ਛਕਾਉਣ ਵਾਲਾ ਕਹੇ, ***ਬੋਲ ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹਿ॥*** ਪਿੱਛੇ ਪਿੱਛੇ ਅੰਮ੍ਰਿਤ ਛੱਕਣ ਵਾਲਾ ਛਕ ਕੇ ਬੋਲੇ, ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹਿ॥ ਇੱਥੇ ਲਫ਼ਜ਼ ਹੈ, ਬੋਲ ***ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹਿ॥***

ਕੰਕਣ ਕਵੀ ਨੇ ਵਰਣਨ ਕੀਤਾ ਹੈ,

ਜਿਹ ਬਿਧਿ ਪਾਹੁਲ ਗੁਰ ਦਈ ਤਿਹ ਬਿਧਿ ਤਿਨਸੋਂ ਲੀਨ ॥
ਆਪੁ ਸਿਖ ਤਿਨਕਾ ਭਯਾ ਇਹੀ ਕਾਮ ਗੁਰ ਕੀਨ ॥੨੧੭॥

(ਦਸ ਗੁਰੂ ਕਥਾ-ਕੰਕਣ)

ਸੋ ਉਹ ਕੈਸਾ ਨਜ਼ਾਰਾ ਹੋਏਗਾ ਜਦੋਂ ਗੁਰੂ ਸਾਹਿਬ ਜੀ ਦੇ ਸਾਜੇ ਭਾਈ ਦਯਾ ਸਿੰਘ ਜੀ ਨੇ ਗੁਰੂ ਸਾਹਿਬ ਨੂੰ ਕਿਹਾ ਹੋਏਗਾ, ***ਬੋਲ ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹਿ॥*** ਉਹਨਾਂ ਨੇ ਇਹ ਨਹੀਂ ਕਿਹਾ ਹੋਏਗਾ ਕਿ ਤੁਸੀਂ ਵੀ ਬੋਲੋ।

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ
ਮਾਥੈ ਛਤ੍ਰੁ ਧਰੈ ॥੧॥ ਰਹਾਉ ॥

(ਮਾਰੂ ਭਗਤ ਰਵਿਦਾਸ, ਅੰਗ ੧੧੦੬)

SikhBookClub.com

ਇਸ ਤਰ੍ਹਾਂ 70 ਵਾਰੀ ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹਿ ਉੱਚੀ ਆਵਾਜ਼ ਵਿਚ ਦ੍ਰਿੜ ਕਰਨੀ ਪੈਂਦੀ ਹੈ। ਇਸ ਵਿਚ ਵਾਹਿਗੁਰੂ ਹੈ, ਖਾਲਸਾ ਵੀ ਹੈ ਪਰ ਗੁਰੂ ਨੇ ਆਪਣੇ ਆਪ ਨੂੰ ਖਾਲਸੇ ਵਿਚ ਤਬਦੀਲ ਕਰ ਆਪਣੀ ਹਸਤੀ ਵੀ ਖਾਲਸੇ ਵਿਚ ਵਿਲੀਨ ਕਰ ਦਿੱਤੀ ਹੈ।

4. 1936 ਵਾਲੀ ਮਰਯਾਦਾ ਵਿਚ ਅੰਕਤ ਸੀ ਕਿ ਸਾਰਿਆਂ ਨੂੰ ਅੰਮ੍ਰਿਤ ਛਕਾਣ ਦੇ ਬਾਅਦ ਜੋ ਅੰਮ੍ਰਿਤ ਬਾਕੀ ਰਹੇ, ਉਸ ਨੂੰ ਇਸੇ ਇਕ ਬਾਟੇ ਵਿਚ ਸਾਰੇ ਅੰਮ੍ਰਿਤ ਛਕਣ ਵਾਲੇ (ਸਿੱਖ ਤੇ ਸਿਖਣੀਆਂ) ਰਲ ਕੇ ਛਕਣ। ਇਸ ਵਿਚੋਂ ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕੱਤਰਤਾ ਮਿਤੀ 7 ਜਨਵਰੀ, 1945 ਦੇ ਮਤਾ ਨੰਬਰ 15 ਰਾਹੀਂ 'ਉਸੇ ਇਕ ਬਾਟੇ ਵਿਚ' ਲਫ਼ਜ਼ ਕਟ ਦਿੱਤੇ ਗਏ ਹਨ ਪਰ ਇਸਦਾ ਕਾਰਨ ਜਾਂ ਵਿਆਖਿਆ ਨਹੀਂ ਦਿੱਤੀ ਗਈ। ਇਹ ਮਤਾ ਇਸ ਪ੍ਰਕਾਰ ਹੈ :

> **15. ਹੈਡਿੰਗ ਅੰਮ੍ਰਿਤ ਸੰਸਕਾਰ ਦੇ ਅੰਕ (2) ਦੇ ਆਖ਼ਰੀ ਫਿਕਰੇ ਵਿੱਚੋਂ ਲਫਜ਼ 'ਉਸੇ ਇਕ ਬਾਟੇ ਵਿੱਚੋਂ' ਕਟ ਦਿੱਤੇ ਜਾਣ।**

(ਞ) ਉਪਰੰਤ ਪੰਜੇ ਪਿਆਰੇ ਰਲ ਕੇ ਇਕੋ ਅਵਾਜ਼ ਨਾਲ ਅੰਮ੍ਰਿਤ ਛਕਣ ਵਾਲਿਆਂ ਨੂੰ 'ਵਾਹਿਗੁਰੂ' ਦਾ ਨਾਮ ਦੱਸ ਕੇ ਮੂਲ ਮੰਤ੍ਰ ਸੁਣਾਉਣ ਤੇ ਉਹਨਾਂ ਪਾਸੋਂ ਇਸ ਦਾ ਰਟਨ ਕਰਾਉਣ:-

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੯)

ਸਿੱਖ ਰਹਿਤ ਮਰਯਾਦਾ, 1936 ਵਿਚ ਇਹ ਮੱਦ ਇਸ ਤਰ੍ਹਾਂ ਸੀ:

> ***(ਞ) ਉਪ੍ਰੰਤ ਪੰਜੇ ਪਿਆਰੇ ਰੱਲ ਕੇ ਇਕੋ ਆਵਾਜ਼ ਨਾਲ ਅੰਮ੍ਰਿਤ ਛਕਣ ਵਾਲਿਆਂ ਨੂੰ ਵਾਹਿਗੁਰੂ ਦਾ ਸਰੂਪ ਦੱਸਣ ਲਈ ਮੂਲ ਮੰਤ੍ਰ ਸੁਣਾਣ ਤੇ ਉਨ੍ਹਾਂ ਪਾਸੋਂ ਇਹਦਾ ਰਟਨ ਕਰਾਉਣ:-***
> ***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
> ***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥***

(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੧੬)

ਤਬਦੀਲੀ

ਇੱਥੇ ***'ਵਾਹਿਗੁਰੂ ਦਾ ਸਰੂਪ'*** ਦੀ ਥਾਵੇਂ ***'ਵਾਹਿਗੁਰੂ ਦਾ ਨਾਮ'*** ਕੀਤਾ ਗਿਆ ਹੈ।

ਵਿਆਖਿਆ

1936 ਵਾਲੀ ਸਿੱਖ ਰਹਿਤ ਮਰਯਾਦਾ ਵਿਚ ਅੰਕਤ ਸੀ ***'ਵਾਹਿਗੁਰੂ ਦਾ ਸਰੂਪ ਦੱਸਣ ਲਈ ਮੂਲ ਮੰਤ੍ਰ ਸੁਣਾਣ'।*** ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕੱਤਰਤਾ ਮਿਤੀ 7 ਜਨਵਰੀ, 1945 ਦੇ ਮਤਾ ਨੰਬਰ 14 ਰਾਹੀਂ ਇਸ ਵਿਚ ਤਬਦੀਲੀ ਕਰ ਕੇ 'ਵਾਹਿਗੁਰੂ' ਦਾ ਨਾਮ ਦੱਸ ਕੇ ਮੂਲ ਮੰਤ੍ਰ ਸੁਣਾਉਣ' ਕਰ ਦਿੱਤਾ ਗਿਆ। ਇਹ ਮਤਾ ਸੀ :

SikhBookClub.com

ਮਤਾ ਨੰਬਰ 14 - ਹੈਡਿੰਗ ਅੰਮ੍ਰਿਤ ਸੰਸਕਾਰ ਦੇ ਅੰਕ (2) ਵਿਚ ਲਫ਼ਜ਼ 'ਵਾਹਿਗੁਰੂ ਦਾ ਸਰੂਪ ਦਸਣ ਲਈ' ਦੀ ਥਾਂ ਲਫ਼ਜ਼ "ਵਾਹਿਗੁਰੂ ਦਾ ਨਾਮ ਦੱਸ ਕੇ" ਕਰ ਦਿਤੇ ਜਾਣ।

ਵਾਹਿਗੁਰੂ ਕਹਿਣ ਨਾਲ ਵਾਹਿਗੁਰੂ ਨਾਲ ਬਣ ਆਉਂਦੀ ਹੈ। ਸੰਤ ਅਟਲ ਸਿੰਘ ਨਿਰਮਲੇ ਆਪਣੇ ਗ੍ਰੰਥ 'ਵਿਹਾਰ ਵ੍ਰਿੰਦਾਵਨ' ਦੇ ਪੰਨਾ 7 'ਤੇ ਲਿਖਦੇ ਹਨ,

ਵਾਹਿਗੁਰੂ ਜੋ ਚਿੱਤ ਧਰੈਂ, ਸੋ ਨਰ ਬੜੇ ਕੁਲੀਨ।
ਯਾ ਜਗ ਮੈਂ ਨਿਰਭੈ ਰਹੈਂ, ਪਾਵੈਂ ਮੁਕਤਿ ਪ੍ਰਬੀਨ॥

"ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ॥ (ਮਾਰੂ ਸੋਲਹੇ ਮ: ੧, ਅੰਗ 1040) ਮੂਲ ਮੰਤ੍ਰ ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ ਅਤੇ ਰਹਿਮਤ ਹੈ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੂਲ ਮੰਤ੍ਰ ਦਾ ਸਰੂਪ ਹੈ :
ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਇੱਥੇ ਗੁਰ ਪ੍ਰਸਾਦਿ ਤੋਂ ਬਾਅਦ ਪੂਰਣ ਵਿਰਾਮ ਦੀਆਂ ਦੋ ਡੰਡੀਆਂ ਹਨ। ਇਸ ਵਿਚ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ। ਮੂਲ ਮੰਤ੍ਰ ਦਾ ਇਹ ਸਰੂਪ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 33 ਵਾਰ ਅੰਕ 1, 94, 151, 347, 462, 475, 489, 527, 537, 557, 595, 660, 711, 721, 728, 795, 859, 876, 975, 984, 989, 1125, 1168, 1197, 1254, 1294, 1319, 1327, 1352, 1353, 1385, 1410 'ਤੇ ਸੁਸ਼ੋਭਿਤ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਅਰੰਭਤਾ ਵਿਚ ਮੂਲ ਮੰਤ੍ਰ ਤੋਂ ਬਾਅਦ '॥ ਜਪੁ ॥' ਸਿਰਲੇਖ ਅਤੇ ਫ਼ਿਰ ਜਪੁ ਜੀ ਸਾਹਿਬ ਦੀ ਬਾਣੀ ਹੈ। ਪਰ ਕਈ ਥਾਵੇਂ 'ਗੁਰ ਪ੍ਰਸਾਦਿ ॥ ॥ ਜਪੁ ॥...' ਵਿਚੋਂ ਗੁਰ ਪ੍ਰਸਾਦਿ ਦੇ ਬਾਅਦ ਦੀਆਂ ਦੋ ਡੰਡੀਆਂ ਹਟੀਆਂ ਹੋਈਆਂ ਨਜ਼ਰ ਆ ਜਾਂਦੀਆਂ ਹਨ। ਇਸ ਬਾਰੇ ਧਿਆਨ ਦੇਣ ਦੀ ਲੋੜ ਹੈ।

ਮੂਲ ਮੰਤਰ ਦਾ ਇਹੀ ਸਰੂਪ ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਵਿਚ ਗੁਰੂ ਅਰਜਨ ਦੇਵ ਜੀ ਵੱਲੋਂ ਵੀ ਅੰਕਤ ਕੀਤਾ ਗਿਆ ਹੈ।

ਮੂਲ ਮੰਤ੍ਰ ਬਾਰੇ ਭਾਈ ਸਾਹਿਬ ਸਿੰਘ ਜੀ ਦੀ ਟਿੱਪਣੀ ਇਸ ਤਰ੍ਹਾਂ ਹੈ :

ਮੰਤ੍ਰ ਅਕਸਰ ਕੋਈ ਤੁਕ ਹੋਇਆ ਕਰਦੀ ਹੈ, ਜੋ ਆਪਣੇ ਇਸ਼ਟਦੇਵ ਦੀ ਕੀਰਤੀ ਵਾਲੀ ਹੁੰਦੀ ਹੈ। ਇਸ ਤੋਂ ਭਾਈ ਗੁਰਦਾਸ ਜੀ ਜਪੁ ਜੀ ਦੇ ਪਹਿਲੇ ਸਲੋਕ ਨੂੰ ਮੂਲ ਮੰਤ੍ਰ ਲਿਖਿਆ ਹੈ: "ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥੧॥ਜਪੁ ॥ ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥"

SikhBookClub.com

ਨੋਟ- ਇਹ ਉਪਰੋਕਤ ਗੁਰਸਿੱਖੀ ਦਾ ਮੂਲ-ਮੰਤਰ ਹੈ। ਇਸ ਤੋਂ ਅਗਾਂਹ ਲਿਖੀ ਗਈ ਬਾਣੀ ਦਾ ਨਾਮ ਹੈ 'ਜਪੁ'। ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਇਹ ਮੂਲ-ਮੰਤਰ ਵੱਖਰੀ ਚੀਜ਼ ਹੈ ਤੇ ਬਾਣੀ ਜਪੁ ਵੱਖਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ੁਰੂ ਵਿਚ ਇਹ ਮੂਲ-ਮੰਤਰ ਲਿਖਿਆ ਹੈ, ਜਿਵੇਂ ਹਰੇਕ ਰਾਗ ਦੇ ਸ਼ੁਰੂ ਵਿਚ ਭੀ ਲਿਖਿਆ ਮਿਲਦਾ ਹੈ। ਬਾਣੀ 'ਜਪੁ' ਲਫ਼ਜ਼ 'ਆਦਿ ਸਚੁ' ਤੋਂ ਸ਼ੁਰੂ ਹੁੰਦੀ ਹੈ। ਆਸਾ ਦੀ ਵਾਰ ਦੇ ਸ਼ੁਰੂ ਵਿਚ ਭੀ ਇਹ ਮੂਲ-ਮੰਤਰ ਹੈ, ਪਰ 'ਵਾਰ' ਨਾਲ ਇਸ ਦਾ ਕੋਈ ਸੰਬੰਧ ਨਹੀਂ ਹੈ, ਤਿਵੇਂ ਹੀ ਇੱਥੇ ਹੈ। 'ਜਪੁ' ਦੇ ਅਰੰਭ ਵਿਚ ਮੰਗਲਾਚਰਨ ਦੇ ਤੌਰ 'ਤੇ ਇਕ ਸਲੋਕ ਉਚਾਰਿਆ ਗਿਆ ਹੈ। ਫਿਰ 'ਜਪੁ' ਸਾਹਿਬ ਦੀਆਂ 38 ਪਉੜੀਆਂ ਹਨ।'

(ਦਰਪਣ ਗੁਰੂ ਗ੍ਰੰਥ ਸਾਹਿਬ,ਪ੍ਰੋ. ਸਾਹਿਬ ਸਿੰਘ)

ਡਾਕਟਰ ਹਰਨਾਮ ਸਿੰਘ ਸ਼ਾਨ ਨੇ ਪੁਸਤਕ 'ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ' (ਭਾਸ਼ਾ ਵਿਭਾਗ, ਪੰਜਾਬ) ਵਿਚ ਇਕ ਪੁਰਾਤਨ ਲਿਖਤ ਦੀ 'ਉਥਾਨਕਾ' ਨੰਬਰ ਆਰ.ਐਲ. 522 ਦੇ ਪਹਿਲੇ ਸਫ਼ੇ ਦੀ ਫੋਟੋ ਛਾਪੀ ਹੈ। ਉਹਨਾਂ ਮੁਤਾਬਕ ਇਹ ਪੋਥੀ ਡਾਕਟਰ ਚੰਨਣ ਸਿੰਘ ਚੰਨ ਦੇ ਨਿਵਾਸ, 91- ਮਨਟਿੱਲਾ ਡਰਾਈ, ਕਾਵੈਂਟਰੀ, ਇੰਗਲੈਂਡ ਕੋਲ ਹੈ।

ਇਸ ਵਿਚ ਅੰਕਤ ਹੈ :

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੂਜਾ ਸੰਬੰਧੀ ਇਕ ਅਤਿ ਪੁਰਾਤਨ ਗ੍ਰੰਥ ਵਿਚ ਵਰਣਤ ਲਿਖਤ ਦਾ ਹਵਾਲਾ ਦਿੱਤਾ ਹੈ :

ਭਾਈ ਮਨੀ ਸਿੰਘ ਜੀ ਗੁਰੂ ਗੁਰੂ ਦਸਵੇਂ ਪਾਤਸ਼ਾਹ ਕੇ ਹਜ਼ੂਰ ਅਨੰਦਪੁਰ ਮੈ ਆਇ ਕੇ ਅਰਜ ਕਰੀ, 'ਜੀ ਸਚੈ ਪਾਤਸ਼ਾਹ! ਹੋਰ ਹੋਰ ਸਰਬ ਗ੍ਰੰਥ ਕੇ ਅਰਥ ਜਾਣੀਤੇ ਹੈ ਜੀ, ਇਸ ਆਦਿ ਗਰੰਥ ਸਾਹਿਬ ਜੀ ਕੇ ਅਰਥ ਨਹੀ ਜਾਦੇ ਜਾਤੇ। ਸੋ ਇਸ ਕੇ ਅਰਥਹੁ ਕੀ ਕ੍ਰਿਪਾ ਕਰੀਏ ਜੀ। ਗੁਰੂ ਦਸਵੇ ਪਾਤਸ਼ਾਹ ਜੀ ਹੁਕਮ ਕੀਆ , ਗਰੰਥ ਸਾਹਿਬ ਜੀ ਲੈ ਆਵੋ ਅਸੀ ਤੁਝ ਕੋ ਸ੍ਰਵਣ ਕਰਾਇ ਦੇਵੇ ਹੈ'।

ਸ੍ਰੀ ਗੁਰੂ ਮਹਾਰਾਜ ਕਲਗੀਧਰ ਜੀ ਕਾ ਬਚਨ ਸੁਣ ਕਰ ਸੋ ਸ੍ਰੀ ਗ੍ਰੰਥ ਸਾਹਿਬ ਜੀ ਲੈ ਆਏ। ਪ੍ਰਥਮੇ ਗੁਰੂ ਜੀ ਜਪ ਉਤਥਾਨਕਾ ਕਹੀ: .. ਏਕ ਰੋਜ ਗੁਰੂ ਅੰਗਦ ਜੀ ਪ੍ਰਾਤੇਕਾਲ ਗੁਰੂ ਨਾਨਕ ਜੀ ਕੀ ਹਜੂਰ ਗਏ ਕਹਾ, 'ਸਚੈ ਪਾਤਸ਼ਾਹ! ਏਕ ਮੇਰੀ ਅਰਜ ਹੈ। ਜੈਸੇ ਔਰ ਭੇਖੋ ਕੇ ਮੰਤ੍ਰ ਹੈ ਤੈਸੇ ਗੁਰੂ ਜੀ ਕੇ ਮੁਖਾਰਬਿੰਦ ਕਾ ਨਵੀਨ ਮੰਤ੍ਰ ਨਹੀ ਕੋਈ'। ਗੁਰੂ ਨਾਨਕ ਜੀ ਸੁਣ ਕੇ ਕਹਾ, 'ਹੇ ਪੁਰਖਾ ਤੈਨੇ ਭਲਾ ਪ੍ਰਸਨ ਕੀਆ ਹੈ। ਸੋ ਮੰਤ੍ਰ ਸੁਣ।' ੧ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ। ਇਤੀ ਮੰਤ੍ਰ ਜਪੋ। ਭਾਈ ਮਨੀ ਸਿੰਘ ਪ੍ਰਸਨ ਕੀਆ, 'ਇਸ ਮੰਤ੍ਰ ਕਾ ਅਰਥ ਭੀ

SikhBookClub.com

ਕਹੋ ਜੀ'। ਗੁਰੂ ਜੀ ਕਹਾ, 'ਐਸੇ ਗੁਰੂ ਅੰਗਦ ਜੀ ਨੇ ਭੀ ਅਰਥ ਪੂਛਾ ਥੀ। ਸੋ ਤੁਮ ਭੀ ਸੁਣੋ ਜੋ ਗੁਰੂ ਜੀ ਨੇ ਅੰਗਦ ਕੋ ਸੁਣਾਯਾ ਹੈ''..(ਪੰਨਾ 1)

(ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ, ਡਾਕਟਰ ਹਰਨਾਮ ਸਿੰਘ ਸ਼ਾਨ, ਪੰਨਾ ੨੭)

ਉਪਰੰਤ ਇਹ ਵੀ ਸਹੀ ਹੈ ਕਿ ਗੁਰੂ ਪੰਥ ਦੀਆਂ ਪੁਰਾਤਨ ਸੰਪ੍ਰਦਾਵਾਂ ***'ਨਾਨਕ ਹੋਸੀ ਭੀ ਸਚੁ ॥੧॥'*** ਤਕ ਨੂੰ ਮੂਲ ਮੰਤ੍ਰ ਮੰਨ ਕੇ ਇਸ ਦਾ ਪਾਠ ਕਰਦੀਆਂ ਹਨ। ਪੁਰਾਤਨ ਇਤਿਹਾਸਕ ਇਮਾਰਤਾਂ ਅਤੇ ਸ਼ਸਤ੍ਰਾਂ ਆਦਿ 'ਤੇ ਇਹ ਦੋਨੋਂ ਸਰੂਪ ਮਿਲਦੇ ਹਨ। ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਦਵਾਰ 'ਤੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਜੋ ਸੇਵਾ ਦੀ ਇਬਾਰਤ ਲਿਖੀ ਹੈ ਉਸ ਵਿਚ ਪੂਰੀ ਪਹਿਲੀ ਪਉੜੀ 'ਨਾਨਕ ਹੋਸੀ ਭੀ ਸਚੁ ॥੧॥' ਤਕ ਅੰਕਤ ਹੈ। ਪਰ ਦੂਜੇ ਪਾਸੇ ਘੰਟਾ ਘਰ ਵਾਲੀ ਬਾਹੀ 'ਤੇ ਜੋ ਸੰਗਮਰਮਰ ਦੀ ਪੜੀ ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਖੜਗ ਸਿੰਘ ਅਤੇ ਕੁੰਵਰ ਸ੍ਰੀ ਨੌਨਿਹਾਲ ਸਿੰਘ ਲੱਗੀ ਹੈ ਉਸ 'ਤੇ ਮੂਲ ਮੰਤ੍ਰ ਦਾ ਇਹ ਸਰੂਪ ਅੰਕਤ ਹੈ :

੧ਓਸਤਿਨਾਮਕਰਤਾਪੁਰਖਨਿਰਭਉਨਿਰਵੈਰਅਕਾਲਮੂਰਤਅਜੂਨੀਸੈਭੰਗੁਰਪਰਸਾਦਿ ॥
ਸ੍ਰੀਸਤਗੁਰੂਜੀਖਾਲਸੇਜੀਕਾਸਦਾਬੋਲਬਾਲਾਰਖੇ

ਇਸ ਤਰ੍ਹਾਂ ਇਹ ਪੂਰੀ ਪਉੜੀ ਪੜ੍ਹਨ ਲਿਖਣ ਦੀ ਪਿਰਤ ਵੀ ਪੁਰਾਤਨ ਸਮੇਂ ਤੋਂ ਹੈ। ਭਾਈ ਗੁਰਦਾਸ ਜੀ ਵੀ ਇਸ ਨੂੰ ਇਸ ਤਰ੍ਹਾਂ ਅੰਕਤ ਕਰਦੇ ਹਨ :

ਏਕੰਕਾਰੁ ਇਕਾਂਗ ਲਿਖਿ ਊੜਾ ਓਅੰਕਾਰੁ ਲਿਖਾਇਆ।
ਸਤਿ ਨਾਮੁ ਕਰਤਾ ਪੁਰਖੁ ਨਿਰਭਉ ਹੁਇ ਨਿਰਵੈਰੁ ਸਦਾਇਆ।
ਅਕਾਲ ਮੂਰਤਿ ਪਰਤਖਿ ਸੋਇ ਨਾਉ ਅਜੂਨੀ ਸੈਭੰ ਭਾਇਆ।
ਗੁਰ ਪਰਸਾਦਿ ਸੁ ਆਦਿ ਸਚੁ ਜੁਗਹ ਜੁਗੰਤਰਿ ਹੋਂਦਾ ਆਇਆ।
ਹੈ ਭੀ ਹੋਸੀ ਸਚੁ ਨਾਉ ਸਚੁ ਦਰਸਣੁ ਸਤਿਗੁਰੂ ਦਿਖਾਇਆ।
ਸਬਦੁ ਸੁਰਤਿ ਲਿਵ ਲੀਣੁ ਹੋਇ ਗੁਰੁ ਚੇਲਾ ਪਰਚਾ ਪਰਚਾਇਆ।
ਗੁਰੁ ਚੇਲਾ ਰਹਰਾਸਿ ਕਰਿ ਵੀਹ ਇਕੀਹ ਚੜ੍ਹਾਉ ਚੜ੍ਹਾਇਆ।
ਗੁਰਮੁਖਿ ਸੁਖ ਫਲੁ ਅਲਖੁ ਲਖਾਇਆ ॥੧॥

(ਵਾਰ ੩੯, ਪਉੜੀ ੧)

ਮੂਲ ਮੰਤਰ ਜਾਂ ਜਪੁ ਜੀ ਸਾਹਿਬ ਦੀ ਪਹਿਲੀ ਪਉੜੀ ਦੇ ਪਾਠ ਬਾਰੇ ਸੰਗਤ ਵਿਚ ਕਈ ਵਾਰ ਦੁਬਿਧਾ ਪਸਰਦੀ ਹੈ। ਪੰਥ ਦੀਆਂ ਸਤਿਕਾਰਤ ਹਸਤੀਆਂ ਨੂੰ ਚਾਹੀਦਾ ਹੈ ਕਿ ਪੰਥ ਦੇ ਵਧੇਰੇ ਹਿਤ ਨੂੰ ਧਿਆਨ ਵਿਚ ਰੱਖ ਕੇ ਅਤੇ ਗੁਰੂ ਰੂਪ ਸੰਗਤ ਦੀ ਦੁਬਿਧਾ ਦੂਰ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਗੁਰੂ ਦੀ ਜੁਗਤੀ ਅਨੁਸਾਰ ਜ਼ਰੂਰ ਕਾਰਵਾਈ ਕਰਨ।

(ਟ) ਫਿਰ ਪੰਜਾਂ ਪਿਆਰਿਆਂ 'ਚੋਂ ਕੋਈ ਸੱਜਣ ਰਹਿਤ ਦੱਸੇ—ਅੱਜ ਤੋਂ ਤੁਸੀਂ 'ਸਤਿਗੁਰ ਕੈ ਜਨਮੇ ਗਵਨ ਮਿਟਾਇਆ' ਹੈ ਅਤੇ ਖਾਲਸਾ ਪੰਥ ਵਿਚ ਸ਼ਾਮਲ ਹੋਏ ਹੋ। ਤੁਹਾਡਾ ਧਾਰਮਿਕ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਧਾਰਮਿਕ ਮਾਤਾ ਸਾਹਿਬ ਕੌਰ ਜੀ ਹਨ। ਜਨਮ ਆਪ

SikhBookClub.com



ਪਾਵਨ ਕਰਤਾਰਪੁਰੀ ਬੀੜ ਦਾ ਅਰੰਭ

ਦਾ ਕੇਸਗੜ੍ਹ ਸਾਹਿਬ ਦਾ ਤੇ ਵਾਸੀ ਅਨੰਦਪੁਰ ਸਾਹਿਬ ਦੇ ਹੋ। ਤੁਸੀਂ ਇਕ ਪਿਤਾ ਦੇ ਪੁੱਤਰ ਹੋਣ ਕਰਕੇ ਆਪਸ ਵਿਚ ਤੇ ਹੋਰ ਸਾਰੇ ਅੰਮ੍ਰਿਤ-ਧਾਰੀਆਂ ਦੇ ਧਾਰਮਿਕ ਭਰਾਤਾ ਹੋ। ਤੁਸੀਂ ਪਿਛਲੀ ਕੁਲ, ਕਿਰਤ, ਕਰਮ, ਧਰਮ, ਦਾ ਤਿਆਗ ਕਰ ਕੇ ਅਰਥਾਤ ਪਿਛਲੀ ਜਾਤ-ਪਾਤ, ਜਨਮ, ਦੇਸ਼, ਮਜ਼੍ਹਬ ਦਾ ਖਿਆਲ ਛੱਡ ਕੇ ਨਿਰੋਲ ਖਾਲਸਾ ਬਣ ਗਏ ਹੋ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੩੦)

(ਇਸ ਮੱਦ (ਟ) ਨੂੰ ਛੋਟੇ ਬੰਦਾਂ ਵਿਚ ਵੰਡ ਕੇ ਇਸ ਤੇ ਵਿਚਾਰ ਕੀਤੀ ਜਾ ਰਹੀ ਹੈ।)

ਗੁਰਮਤਿ ਦੀ ਰਹਿਣੀ ਮੱਦ ਦੇ ਬਾਅਦ ਇਹ ਮੱਦ (ਟ) ਵੇਰਵੇ ਸਹਿਤ ਸਿੱਖ ਵੱਲੋਂ ਕੀਤੇ ਜਾਣ ਵਾਲੇ ਅਤੇ ਵਿਵਰਜਤ ਕਰਮਾਂ ਨੂੰ ਵਿਸਥਾਰ ਸਹਿਤ ਅੰਕਤ ਕਰਦੀ ਹੈ। ਇਹ ਰਹਿਤ ਪੰਜਾਂ ਪਿਆਰਿਆਂ 'ਚੋਂ ਕਿਸੇ ਇਕ ਨੇ ਦੱਸਣੀ ਹੈ ਤਾਂ ਕਿ ਇਹ ਦ੍ਰਿੜ੍ਹ ਹੋ ਜਾਏ। ਇਹ ਉਸ ਪ੍ਰਣ ਦਾ ਹਿੱਸਾ ਹੈ ਜੋ ਸਿੱਖ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਸਮੇਂ ਲਿਆ ਹੈ। ਇਸ ਲਈ ਇਹਨਾਂ 'ਤੇ ਉਚੇਚਾ ਧਿਆਨ ਦੇਣ ਦੀ ਲੋੜ ਹੈ।

ਪਹਿਲੇ ਬੰਦ ਵਿਚ ਅੰਮ੍ਰਿਤਪਾਨ ਕਰਨ ਦੇ ਬਾਅਦ ਹਰ ਅੰਮ੍ਰਿਤਧਾਰੀ ਸਿੱਖ ਦਾ ਨਵਾਂ ਜਨਮ ਹੋਣਾ ਦੱਸਿਆ ਗਿਆ ਹੈ। ***ਸਤਿਗੁਰ ਕੈ ਜਨਮੇ ਗਵਨ ਮਿਟਾਇਆ ॥*** (ਮ:੧, ਅੰਗ 940) ਕਰ ਕੇ ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਉਸਦੇ ਧਾਰਮਿਕ ਪਿਤਾ ਅਤੇ ਮਾਤਾ ਸਾਹਿਬ ਕੌਰ ਜੀ ਉਸਦੇ ਮਾਤਾ ਹਨ। ਸਤਿਗੁਰੂ ਜੀ

SikhBookClub.com



ਪੁਰਾਤਨ ਪੋਥੀ ਵਿਚ ਮੂਲ ਮੰਤਰ ਦਾ ਹਵਾਲਾ

ਨੇ ਉਸ ਨੂੰ ਆਪਣੀ ਨਾਦੀ ਸੰਤਾਨ ਹੋਣ ਦਾ ਮਾਣ ਬਖਸ਼ਿਸ਼ ਕੀਤਾ ਹੈ। ਹੁਣ ਉਹ ਬਾਕਾਇਦਾ ਖ਼ਾਲਸਾ ਪੰਥ ਵਿਚ ਸ਼ਾਮਲ ਹੋਇਆ ਹੈ। ਇਸ ਤੋਂ ਜ਼ਾਹਰ ਹੈ ਕਿ ਖਾਲਸਾ ਪੰਥ ਦਾ ਅੰਗ ਬਣਨ ਲਈ ਅੰਮ੍ਰਿਤਪਾਨ ਲਾਜ਼ਮੀ ਹੈ।

ਜਿਵੇਂ ਬੱਚੇ ਦੇ ਜਨਮ ਸਾਰ ਹੀ ਉਸਦੇ ਪਿਛਲੇ ਜਨਮ ਦੇ ਸਾਰੇ ਸੰਬੰਧ ਟੁੱਟ ਜਾਂਦੇ ਹਨ। ਇਸ ਤਰ੍ਹਾਂ ਸਤਿਗੁਰ ਦੇ ਘਰ ਜਨਮੇ ਸਿੱਖ ਨੂੰ ਆਪਣੀ ਪਿਛਲੀ ਕੁਲ, ਕਿਰਤ, ਕਰਮ, ਧਰਮ, ਦਾ ਤਿਆਗ ਕਰ ਕੇ ਅਰਥਾਤ ਪਿਛਲੀ ਜਾਤ-ਪਾਤ, ਜਨਮ, ਦੇਸ਼, ਕੌਮ, ਮਜ਼੍ਹਬ ਦਾ ਖਿਆਲ ਛੱਡ ਕੇ ਨਿਰੋਲ ਖਾਲਸਾ ਬਣਨਾ ਹੈ। ਸਤਿਗੁਰੂ ਜੀ ਨੇ ਉਸਨੂੰ ਨਾਦੀ ਸੰਤਾਨ ਹੋਣ ਦਾ ਮਾਣ ਬਖਸ਼ਿਆ ਹੈ।

ਸਤਿਗੁਰੂ ਸੱਚੇ ਪਾਤਸ਼ਾਹ ਦੀ ਇਲਾਹੀ ਬਖਸ਼ਿਸ਼ ਅੰਮ੍ਰਿਤ ਦੀ ਦਾਤ **ਪਿਛਲੀ ਜਾਤ-ਪਾਤ, ਜਨਮ, ਦੇਸ਼, ਕੌਮ, ਮਜ਼੍ਹਬ** ਦਾ ਖਿਆਲ ਤੱਕ ਸਮਾਪਤ ਕਰਕੇ ਇਕ ਖੰਡੇ, ਇਕ ਬਾਟੇ ਵਿਚੋਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਵਿਚ ਨਾ ਤਾਂ ਕਿਸੇ ਨੂੰ ਕੋਈ ਮਾਫ਼ੀ ਹੈ ਅਤੇ ਨਾ ਹੀ ਤਬਦੀਲੀ ਦਾ ਅਧਿਕਾਰ। ਐਸਾ ਕਰਨ ਵਾਲਾ 'ਭੇਖੀ' ਤਾਂ ਹੋ ਸਕਦਾ ਪਰ 'ਸਿੱਖ' ਨਹੀਂ। ਸਤਿਗੁਰੂ ਜੀ ਦਾ 'ਲਾਡਲਾ ਖਾਲਸਾ' ਹਰ ਕਿਸਮ ਦੀਆਂ ਚੁਣੌਤੀਆਂ ਬਰਦਾਸ਼ਤ ਕਰ ਸਕਦਾ ਹੈ ਪਰ ਇਹ ਹਮਲਾ ਪੰਥ ਲਈ ਘਾਤਕ ਹੈ।

ਚੌਪਈ- ਸਤ ਸਨਾਤਿ ਔ ਬਾਰਹ ਜਾਤ, ਜਾਨ ਨਹਿ ਰਾਜਨੀਤ ਕੀ ਬਾਤ।
ਜੱਟ ਬੂਟ ਕਹਿੰ ਜਿੰਹ ਜਗ ਮਾਂਹੀਂ, ਬਣੀਏ ਬਕਾਲ ਕਿਰਾੜ ਖੱਤ੍ਰੀ ਸਦਾਈਂ।

SikhBookClub.com

ਲੁਹਾਰ ਤ੍ਰਖਾਣ ਹੁਤ ਜਾਤ ਕਮੀਨੀ, ਛੀਪੋਂ ਕਲਾਲ ਨੀਚਨ ਪੈ ਕ੍ਰਿਪਾ ਕੀਨੀ।
ਗੁੱਜਰ ਗੂਾਰ ਹੀਰ ਕਮਜਾਤ, ਕੰਬੋਇ ਸੂਦਨ ਕੋਇ ਪੁਛੇ ਨ ਬਾਤ ॥21॥
ਸ਼ੀਵਰ ਨਾਈ ਰੋੜੇ ਘੁਮਿਆਰ, ਸਾਇਣੀ ਸੁਨਿਆਰੇ ਚੂੜ੍ਹੇ ਚਮਿਆਰ।
ਭੱਟ ਔ ਬਾਹਮਣ ਹੁਤੇ ਮੰਗਵਾਰ, ਬਹੁਰੂਪੀਏ ਲੁਬਾਣੇ ਔ ਘੁਮਿਆਰ ॥22॥
ਹਿਨ ਗ੍ਰੀਬ ਸਿੰਘਨ ਕੌ ਦਯੈ ਪਤਿਸ਼ਾਹੀ, ਏ ਯਾਦ ਰਖੈਂ ਹਮਰੀ ਗੁਰਿਆਈ।
(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੧)

ਇਸ ਬਖਸ਼ਿਸ਼ ਦੇ ਅਸਰ ਬਾਰੇ ਨਵੀਨ ਪੰਥ ਪ੍ਰਕਾਸ਼ ਵਿਚ ਅੰਕਤ ਹੈ।
ਮੁਰਸ਼ਦ ਇਨਕਾ ਵਲੀ ਭਜੋਹੈ ਹੈ। ਇਨਕੋ ਆਬ ਹਿਯਾਤ ਦਯੋ ਹੈ।
ਐਸੀ ਗਯੋ ਕਲਾਮ ਬਤੈਹੈ। ਜਿਸ ਸੈ ਸੁਧਾ ਬਨਾ ਇਹੁ ਲੈਹੈ।
ਸੋ ਪਿਲਾਇ ਲੋਗਨ ਕੇ ਤਾਈ। ਸਜਾਰਨ ਤੈ ਸਿੰਘ ਲੇਤ ਬਨਾਈ।
ਗਜਬ ਅਸਰ ਤਿਸਕਾ ਹਮ ਦੇਖਾ। ਬੁਜ਼ਦਿਲ ਹੋਵਤ ਸ਼ੇਰ ਬਸੇਖਾ।
ਕਾਣ ਨ ਕਹੂੰ ਕੀ ਇਹੁ ਰਾਖਤ। ਸਹਿਨ ਸਾਹਿ ਖੁਦ ਹੀ ਕੋ ਲਾਖਤ।
ਔਰ ਸਬਨ ਕੋ ਜੀਵ ਚੁਰਾਸੀ। ਮਾਨਤ ਆਪ ਤਈਂ ਅਬਨਾਸੀ।
ਤਤ੍ਰ ਖਾਲਸਾ ਗੁਰ ਕਾ ਜਾਹਰ। ਕਹਿਤ ਚੁਰਾਸੀ ਤੈਹੈ ਬਾਹਰ।

ਸਿੱਖ ਦਾ ਜਨਮ ਸਤਿਗੁਰੂ ਜੀ ਦੇ ਗ੍ਰਿਹਿ ਹੋਣ ਕਰਕੇ ਉਸਦਾ ਆਵਾਗਉਣ ਦੀ ਭਟਕਣ ਅਤੇ ਜਨਮ ਮਰਨ ਦਾ ਗੇੜ ਸਮਾਪਤ ਹੋ ਗਿਆ ਹੈ। ਹੁਣ ਸਾਰੇ ਹੀ ਅੰਮ੍ਰਿਤਧਾਰੀ ਧਾਰਮਿਕ ਤੌਰ 'ਤੇ ਉਸਦੇ ਗੁਰ ਭਾਈ ਹਨ ਅਤੇ ਉਹ ਸਤਿਗੁਰੂ ਜੀ ਦੇ ਵੱਡੇ ਪਰਿਵਾਰ ਦਾ ਹਿੱਸਾ ਬਣ ਗਿਆ ਹੈ।

ਇਸ ਦੇ ਨਾਲ ਹੀ ਇਹ ਵੀ ਦ੍ਰਿੜ ਕੀਤਾ ਗਿਆ ਹੈ ਕਿ ਉਸ ਦਾ ਜਨਮ ਕੇਸਗੜ੍ਹ ਸਾਹਿਬ ਦਾ ਅਤੇ ਉਹ ਵਾਸੀ ਅਨੰਦਪੁਰ ਸਾਹਿਬ ਦਾ ਹੈ। ਇਹ ਦ੍ਰਿੜ ਕਰਾਉਣ ਦਾ ਮਕਸਦ ਉਸਨੂੰ ਆਪਣਾ ਜਨਮ ਸਥਾਨ ਤੇ ਪੱਕੇ ਨਿਵਾਸ ਸਥਾਨ ਨੂੰ ਹਮੇਸ਼ਾਂ ਚੇਤੇ ਰੱਖਣ ਦੀ ਲੋੜ ਹੈ। ਜੇ ਵੇਖਿਆ ਜਾਏ ਤਾਂ ਕਿਤਨੇ ਸਿੰਘ ਹਨ ਜਿਹਨਾਂ ਦੇ ਮਨ ਵਿਚ ਆਪਣੀ 'ਵਾਸੀ' ਸ੍ਰੀ ਅਨੰਦਪੁਰ ਸਾਹਿਬ ਅੰਕਤ ਹੈ।

ਅੰਗਰੇਜ਼ਾਂ ਨੇ ਸਾਰੇ ਸੰਸਾਰ 'ਤੇ ਰਾਜ ਕੀਤਾ ਹੈ। ਪਰ ਕਿਤਨੀ ਹੈਰਾਨੀ ਹੈ ਕਿ ਆਪਣੀ ਨੌਕਰੀ ਆਦਿ ਤੋਂ ਫ਼ਾਰਗ ਹੋ ਕੇ ਅਖ਼ੀਰ ਉਹਨਾਂ ਨੇ ਆਪਣੀ ਪੱਕੀ ਰਿਹਾਇਸ਼ ਵਿਲਾਇਤ ਵਿਚ ਹੀ ਰੱਖੀ ਹੈ। ਉਹਨਾਂ ਨੇ ਆਪਣੇ ਵਤਨ ਨੂੰ ਨਹੀਂ ਵਿਸਾਰਿਆ। ਉਰਦੂ ਦੇ ਮਸ਼ਹੂਰ ਸ਼ਾਇਰ ਅਕਬਰ ਅਲਾਹਬਾਦੀ ਜੋ ਕਿ ਇਕ ਜੱਜ ਸੀ, ਉਸਨੇ ਬਹੁਤ ਖ਼ੂਬ ਲਿਖਿਆ ਹੈ ਕਿ ਮੈਂ ਆਪਣੇ ਇਕ ਅੰਗਰੇਜ਼ ਜੱਜ ਮਿੱਤਰ ਨੂੰ ਮਸ਼ਵਰਾ ਦਿੱਤਾ ਕਿ ਨੌਕਰੀ ਤੋਂ ਫ਼ਾਰਗ ਹੋ ਇੱਥੇ ਹੀ ਵੱਸ ਜਾਏ।

ਫ਼ਿਰੰਗੀ ਸੇ ਕਹਾ, ਪੈਂਸ਼ਨ ਭੀ ਲੇ ਕਰ ਬਸ ਯਹਾਂ ਰਹੀਏ।
ਕਹਾ ਜੀਨੇ ਕੋ ਆਏ ਹੈਂ, ਯਹਾਂ ਮਰਨੇ ਨਹੀਂ ਆਏ।
(ਅਕਬਰ ਅਲ੍ਹਾਬਾਦੀ)

SikhBookClub.com

ਗੁਰੂ ਅਤੇ ਸਿੱਖੀ ਨਾਲ ਨਾਤਾ ਜੋੜੀ ਰੱਖਣ ਲਈ ਅਨੰਦਪੁਰ ਸਾਹਿਬ ਅਤੇ ਅਨੰਦਪੁਰੀ ਸੋਚ ਨਾਲ ਨਾਤਾ ਪੀਢਾ ਕਰਨ ਅਤੇ ਬਣਾਈ ਰੱਖਣ ਦੀ ਲੋੜ ਹੈ।

(ਟ) ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ, ਦੇਵਤੇ, ਅਵਤਾਰ, ਪੈਗੰਬਰ ਦੀ ਉਪਾਸ਼ਨਾ ਨਹੀਂ ਕਰਨੀ। ਦਸੋਂ ਗੁਰੂ ਸਾਹਿਬਾਨ ਨੂੰ ਤੇ ਉਨ੍ਹਾਂ ਦੀ ਬਾਣੀ ਤੋਂ ਬਿਨਾਂ ਕਿਸੇ ਹੋਰ ਨੂੰ ਆਪਣਾ ਮੁਕਤੀ ਦਾਤਾ ਨਹੀਂ ਮੰਨਣਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੩੦)

'ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ, ਦੇਵਤੇ, ਅਵਤਾਰ, ਪੈਗੰਬਰ ਦੀ ਉਪਾਸ਼ਨਾ ਨਹੀਂ ਕਰਨੀ।' ਉਸਤਤਿ ਅਤੇ ਉਪਾਸ਼ਨਾ ਵਿਚ ਅੰਤਰ ਹੈ। ਸਿੱਖ ਲਈ ਸਖ਼ਤ ਤਾੜਨਾ ਹੈ ਕਿ ਉਸ ਨੇ ਉਪਾਸ਼ਨਾ, ਪੂਜਾ ਕੇਵਲ ਅਤੇ ਕੇਵਲ ਇਕ ਅਕਾਲ ਪੁਰਖ ਦੀ ਹੀ ਕਰਨੀ ਹੈ। ਬਾਕੀ ਦੇਵੀ, ਦੇਵਤੇ, ਪੀਰ, ਪੈਗੰਬਰ (ਪੈਗਾਮ+ਬਰ ਇਲਾਹੀ ਪੈਗਾਮ ਲਿਆਉਣ ਵਾਲਾ), ਅਵਤਾਰ, ਔਲੀਏ ਸਭ ਰੱਬ ਦੇ ਹੁਕਮ ਵਿਚ ਆਏ ਅਤੇ ਚਲੇ ਗਏ। ਉਹਨਾਂ ਦੀ ਉਸਤਤਿ ਅਤੇ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ ਪਰ ਉਪਾਸ਼ਨਾ, ਪੂਜਾ, ਬੰਦਗੀ ਕੇਵਲ ਇਕ ਅਕਾਲ ਪੁਰਖ ਦੀ ਹੀ ਕੀਤੀ ਜਾ ਸਕਦੀ ਹੈ।

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥੬॥

(ਸੋਰਠਿ ਮ: ੧, ਅੰਗ ੬੩੭)

ਸਾਹਿਬ ਸ੍ਰੀ ਗੁਰੂ ਗ੍ਰੰਥ ਵਿਚ ਇਸ ਦੀ ਵਿਆਖਿਆ ਕੀਤੀ ਗਈ ਹੈ,

ਭੈਰਉ ਭੂਤ ਸੀਤਲਾ ਧਾਵੈ ॥ ਖਰ ਬਾਹਨੁ ਉਹੁ ਛਾਰੁ ਉਡਾਵੈ ॥੧॥
ਹਉ ਤਉ ਏਕੁ ਰਮਈਆ ਲੈਹਉ ॥ ਆਨ ਦੇਵ ਬਦਲਾਵਨਿ ਦੈਹਉ ॥੧॥ ਰਹਾਉ ॥
ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥੨॥
ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥੩॥
ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥੪॥
ਗੁਰਮਤਿ ਰਾਮ ਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ ਇਉ ਕਹੈ ਗੀਤਾ ॥੫॥੨॥੬॥

(ਗੋਂਡ ਭਗਤ ਨਾਮਦੇਵ, ਅੰਗ ੮੭੪)

ਦੇਵਤੇ ਅਤੇ ਦੈਂਤ ਦੋਵੇਂ ਹੀ ਜੂਨਾਂ ਵਿਚ ਹਨ। ਇਹਨਾਂ ਦੋਹਾਂ ਦੇ ਆਪਸੀ ਯੁੱਧਾਂ ਦਾ ਵਰਣਨ ਪੌਰਾਣਿਕ ਗ੍ਰੰਥਾਂ ਵਿਚ ਹੈ ਪਰ ਪੂਜਣਯੋਗ ਵਾਹਿਗੁਰੂ ਇਹਨਾਂ ਦੋਹਾਂ ਦੇ ਉਪਰ ਹੈ।

ਜੈਸੇ ਜੂਨਿ ਇਕ ਦੈਤ ਬਖਨਿਯਤ ॥
ਤਜੋ ਇਕ ਜੂਨਿ ਦੇਵਤਾ ਜਨਿਯਤ ॥
ਜੈਸੇ ਹਿੰਦੂਆ ਨੋ ਤੁਰਕਾਨਾ ॥ ਸਭਹਿਨ ਸੀਸ ਕਾਲ ਜਰਵਾਨਾ ॥੧੦੩॥
ਕਬਹੂੰ ਦੈਤ ਦੇਵਤਨ ਮਾਰੈਂ ॥ ਕਬਹੂੰ ਦੈਤਨ ਦੇਵ ਸੰਘਾਰੈਂ ॥
ਦੇਵ ਦੈਤ ਜਿਨ ਦੋਊ ਸੰਘਾਰਾ ॥ ਵਹੈ ਪੁਰਖ ਪ੍ਰਤਿਪਾਲ ਹਮਾਰਾ ॥੧੦੪॥

ਸਿੱਖ ਰਹਿਤ ਮਰਯਾਦਾ ਦੇ ਅਰੰਭ ਵਿਚ ਸਿੱਖ ਦੀ ਤਾਰੀਫ਼ ਜਾਂ ਪਰਿਭਾਸ਼ਾ ਵਿਚ ਹੀ

SikhBookClub.com

ਨਿਸਚਿਤ ਕੀਤਾ ਗਿਆ ਹੈ ਕਿ ਸਿੱਖ ਨੇ ***'ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਤਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ'*** 'ਤੇ ਨਿਸਚਾ ਰੱਖਣਾ ਹੈ। ਇਸ ਮੱਦ ਨੂੰ ਹੀ ਇੱਥੇ ਦ੍ਰਿੜ ਕੀਤਾ ਗਿਆ ਹੈ ਕਿ ਦਸੋਂ ਗੁਰੂ ਸਾਹਿਬਾਨ ਨੂੰ ਤੇ ਉਨ੍ਹਾਂ ਦੀ ਬਾਣੀ ਤੋਂ ਬਿਨਾਂ ਕਿਸੇ ਹੋਰ ਨੂੰ ਆਪਣਾ ਮੁਕਤੀ ਦਾਤਾ ਨਹੀਂ ਮੰਨਣਾ। ਇਹ ਮੱਦ ਸਿੱਖ ਰਹਿਤ ਮਰਯਾਦਾ ਦੇ ਗੁਰਮਤਿ ਦੀ ਰਹਿਣੀ ਅਧਿਆਇ ਵਿਚ ਵੀ ਦੁਹਰਾਈ ਗਈ ਹੈ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਦਾ ਅਰਥ ਹੈ ਸਿੱਖ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਤੋਂ ਬਿਨਾ ਕਿਸੇ ਹੋਰ ਨੂੰ ਆਪਣਾ ਮੁਕਤੀ ਦਾਤਾ ਅਤੇ ਇਸ਼ਟ ਨਹੀਂ ਮੰਨਣਾ ਹੈ।

ਬੇਦ ਪੁਰਾਨ ਸਭ ਦੇਖੇ ਜੋਇ ॥
ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥੨॥

(ਬਸੰਤ ਭਗਤ ਰਾਮਾਨੰਦ, ਅੰਗ ੧੧੯੫)

(ਟ) ...ਤੁਸੀਂ ਗੁਰਮੁਖੀ ਜਾਣਦੇ ਹੋ (ਜੇ ਨਹੀਂ ਜਾਣਦੇ ਤਾਂ ਸਿੱਖ ਲਓ ਅਤੇ ਹਰ ਰੋਜ਼ ਘੱਟ ਤੋਂ ਘੱਟ ਇਹਨਾਂ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ, ਜਾਂ ਸੁਣਨਾ: ਜਪੁ, ਜਾਪੁ, 10 ਸਵੱਯੇ ('ਸ੍ਰਾਵਗ ਸੁਧ' ਵਾਲੇ), ਸੋ ਦਰੁ ਰਹਿਰਾਸ ਤੇ ਸੋਹਿਲਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਜਾਂ ਸੁਣਨਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੩੦)

ਗੁਰਮੁਖੀ ਦਾ ਵੇਰਵਾ - ਗੁਰਮਤਿ ਦੀ ਰਹਿਣੀ ਦੀ ਮੱਦ (ਖ) ਵਿਚ ਵੀ ਦਿੱਤਾ ਗਿਆ ਹੈ : '***(ਖ) ਸਿੱਖ ਲਈ ਗੁਰਮੁਖੀ ਵਿਦਿਆ ਪੜ੍ਹਨੀ ਜ਼ਰੂਰੀ ਹੈ। ਹੋਰ ਵਿਦਿਆ ਭੀ ਪੜ੍ਹੇ।***' ਇਸ ਲਈ ਸੁਖੈਂ ਢੰਗ ਹੈ ਕਿ ਨਿਤਨੇਮ ਦਾ ਪਾਠ ਗੁਰਮੁਖੀ ਦੇ ਗੁਟਕਿਆਂ ਵਿਚੋਂ ਹੀ ਕੀਤਾ ਜਾਏ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੂਲ ਲਿਪੀ ਗੁਰਮੁਖੀ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਅਭਿਆਸ ਹੋ ਜਾਏਗਾ।

ਇਸ ਦੇ ਨਾਲ ਹੀ ਨਿਤਨੇਮ ਦੀਆਂ ਪੰਜ ਬਾਣੀਆਂ ਦਾ ਵੇਰਵਾ ਦਿੱਤਾ ਗਿਆ ਹੈ। ਇੱਥੇ ਇਹ ਸਪਸ਼ਟ ਅੰਕਤ ਕੀਤਾ ਗਿਆ ਹੈ ਕਿ ***'ਹਰ ਰੋਜ਼ ਘੱਟ ਤੋਂ ਘੱਟ ਇਹਨਾਂ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ, ਜਾਂ ਸੁਣਨਾ।'*** ਇਸ ਤਰ੍ਹਾਂ ਕੇਵਲ ਪੰਜ ਬਾਣੀਆਂ ਤਕ ਹੀ ਰੋਕ ਨਹੀਂ ਲਗਾਈ ਗਈ ਬਲਕਿ ਜਿਤਨੀ ਵੱਧ ਤੋਂ ਵੱਧ ਬਾਣੀ ਦਾ ਪਾਠ ਕੀਤਾ ਜਾ ਸਕੇ ਮੁਬਾਰਕ ਹੈ ਪਰ ਇਹਨਾਂ ਪੰਜ ਬਾਣੀਆਂ ਦਾ ਨਿਤਨੇਮ ਲਾਜ਼ਮੀ ਹੈ। ਇਸ ਦੇ ਨਾਲ ਹੀ ਇਹ ਵੀ ਜ਼ਰੂਰੀ ਹੈ ਕਿ ਨਿਤਨੇਮ ਦਾ ਪਾਠ ਨਿਤ (ਹਰ ਰੋਜ਼) ਕੀਤਾ ਜਾਏ।

ਇੱਥੇ ਇਕ ਗਲ ਵਿਚਾਰਨ ਵਾਲੀ ਹੈ ਕਿ ਨਿਤਨੇਮ ਦੀਆਂ ਵੀ ਅਤੇ ਅੰਮ੍ਰਿਤ ਸੰਚਾਰ ਦੀਆਂ ਪੰਜ ਬਾਣੀਆਂ ਹਨ। ਅੰਮ੍ਰਿਤ ਸੰਚਾਰ ਦੀਆਂ ਪੰਜ ਬਾਣੀਆਂ ਅਤੇ ਨਿਤ ਨੇਮ ਦੀਆਂ ਪੰਜ ਬਾਣੀਆਂ ਇੱਕੋ ਨਹੀਂ ਹਨ। ਅੰਮ੍ਰਿਤ ਸੰਚਾਰ ਵੇਲੇ ਪੰਜ ਬਾਣੀਆਂ ***'ਜਪੁ ਜੀ ਸਾਹਿਬ, ਜਾਪੁ ਸਾਹਿਬ, 10 ਸਵੱਯੇ ('ਸ੍ਰਾਵਗ ਸੁਧ' ਵਾਲੇ), ਬੇਨਤੀ ਚੌਪਈ ('ਹਮਰੀ***

SikhBookClub.com

ਕਰੋ ਹਾਥ ਦੈ ਰੱਛਾ) ਅਤੇ ਅਨੰਦ ਸਾਹਿਬ ਜੀ' ਦਾ ਪਾਠ ਕਰਨਾ ਹੈ ਅਤੇ ਨਿੱਤਨੇਮ ਲਈ ਜਿਹੜੀਆਂ ਪੰਜ ਬਾਣੀਆਂ ਦੀ ਮਰਯਾਦਾ ਹੈ ਉਹ ਹਨ ਜਪੁ ਜੀ ਸਾਹਿਬ, ਜਾਪ ਸਾਹਿਬ, ਸਵੱਯੈ (ਸ੍ਰਾਵਗ ਸੁਧ ਸਵੱਯੈ), ਸੋ ਦਰੁ ਰਹਿਰਾਸ ਤੇ ਸੋਹਿਲਾ।

(ਟ) ਪੰਜਾ ਕੱਕਿਆਂ—ਕੇਸ, ਕ੍ਰਿਪਾਨ[13], ਕਛਹਿਰਾ[14], ਕੰਘਾ, ਕੜਾ[15] ਨੂੰ ਹਰ ਵੇਲੇ ਅੰਗ-ਸੰਗ ਰੱਖਣਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੩੦)

ਇਸ ਮੱਦ ਵਿਚ ਪੰਜ ਕੱਕਿਆਂ ਜਾਂ ਕਕਾਰਾਂ ਦਾ ਵਰਣਨ ਹੈ ਜੋ ਹਰ ਅੰਮ੍ਰਿਤਧਾਰੀ ਨੇ ਹਰ ਵੇਲੇ ਅੰਗ ਸੰਗ ਰੱਖਣੇ ਹਨ। ਪੰਜ ਕਕਾਰ ਅਤੇ ਚਾਰ ਕੁਰਹਿਤਾਂ ਨਿਸਚਤ ਹਨ ਅਤੇ ਕਿਸੇ ਨੂੰ ਵੀ ਇਹਨਾਂ ਨੂੰ ਕਿਸੇ ਵੀ ਰੂਪ ਵਿਚ ਤਬਦੀਲ ਕਰਨ ਜਾਂ ਘੱਟ ਵੱਧ ਕਰਨ ਦਾ ਅਧਿਕਾਰ ਨਹੀਂ। ਇਹਨਾਂ ਪੰਜ ਕਕਾਰਾਂ ਦਾ ਵਰਣਨ ਫਾਰਸੀ ਦੀ ਇਸ ਪੁਰਾਤਨ ਲਿਖਤ ਰਾਹੀਂ ਪੰਥਕ ਮਾਨਸਿਕਤਾ ਵਿਚ ਪੱਕੀ ਤਰ੍ਹਾਂ ਉਕਰਿਆ ਹੋਇਆ ਹੈ।

ਨਿਸ਼ਾਨੇ ਸਿੱਖੀ ਈਂ ਹਰੂਫ਼ ਪੰਜ ਕਾਫ॥
ਹਰਗਿਜ਼ ਨਾ ਬਾਸ਼ਦ ਈਂ ਪੰਜ ਮੁਆਫ਼॥੧॥
ਕੜਾ, ਕਾਰਦੋ, ਕੱਛ, ਕੰਘਾ ਬਿਦਾਂ॥
ਬਿਲਾ ਕੇਸ, ਹੇਚ ਅਸਤ ਜੁਮਲਾ ਨਿਸ਼ਾਂ॥੨॥
ਹਰਫ ਹਾਇਕਾਤ ਅਸਤ ਈਂ ਪੰਜ ਕਾਫ॥
ਬਿ ਦਾਨੰਦ ਬਾਵਰ ਨ ਕੋਯਮ ਖਿਲਾਫ॥੩॥
ਹੁੱਕਾ ਹਜਾਮਤ ਹਲਾਲੋ ਹਰਾਮ॥
ਬਾਚੀਸ਼ੇ ਹਿਨਾਂ ਕਰਦਰੂ ਸਯਾਮ ਫਾਮ॥੪॥

ਕੇਸ,

ਪੰਜ ਕਕਾਰ ਗੁਰੂ ਦੀ ਬਖਸ਼ਿਸ਼ ਹਨ। ਕਿਸੇ ਨਾ ਕਿਸੇ ਰੂਪ ਵਿਚ ਇਹ ਕਕਾਰ ਪਹਿਲਾਂ ਵੀ ਮੌਜੂਦ ਸਨ ਪਰ ਜਦੋਂ ਸਤਿਗੁਰੂ ਜੀ ਦੇ ਪਾਵਨ ਹੱਥਾਂ ਦੀ ਇਹਨਾਂ ਨੂੰ ਛੋਹ ਪ੍ਰਾਪਤ ਹੋਈ ਇਹਨਾਂ ਦਾ ਵਜੂਦ, ਵਕਾਰ ਅਤੇ ਆਯਾਮ ਹੀ ਬਦਲ ਗਿਆ। ਵਾਲ ਤਾਂ ਪਹਿਲਾਂ ਵੀ ਸਨ ਅਤੇ ਵਾਲਾਂ ਵਾਲੇ ਵੀ ਸਨ। ਪਰ ਜਦੋਂ ਗੁਰੂ ਪਾਤਸ਼ਾਹ ਨੇ ਇਹ ਕਕਾਰ ਕਰ ਕੇ ਬਖਸ਼ਿਸ਼ ਕੀਤੇ ਤਾਂ ਇਹ ਪਾਵਨ ਕੇਸ ਹੋ ਗਏ। ਹੁਣ ਇਸ ਨੂੰ ਧਾਰਨ ਕਰਨ ਵਾਲਾ ਕੇਸਾਧਾਰੀ ਹੋ ਗਿਆ। ਇਸੇ ਲਈ ਰਹਿਤਨਾਮਿਆਂ ਵਿਚ ਵੀ ਆਦੇਸ਼ ਅੰਕਤ ਹੋ ਗਿਆ ਕਿ ਕੇਸਾਧਾਰੀ ਸਿੰਘਾਂ ਨੂੰ ਵਾਲਾਂ ਵਾਲੇ ਨਾ ਕਿਹਾ ਜਾਏ।

ਕੇਸਾਂ ਨੂੰ 'ਵਾਲ' ਆਖੇ ਸੋ ਤਨਖਾਹੀਆ

(ਰਹਿਤਨਾਮਾ ਹਜੂਰੀ, ਭਾਈ ਚਉਪਾ ਸਿੰਘ ਛਿੱਬਰ, ਰਹਿਤਨਾਮੇ, ਪੰਨਾ ੧੧੮)

---

13. ਕ੍ਰਿਪਾਨ ਦੀ ਲੰਬਾਈ ਦੀ ਕੋਈ ਹੱਦ ਨਹੀਂ ਹੋ ਸਕਦੀ।
14. ਕਛਹਿਰਾ ਕਿਸੇ ਵੀ ਕਪੜੇ ਦਾ ਹੋ ਸਕਦਾ, ਪਰ ਗੋਡਿਆਂ ਤੋਂ ਨੀਵਾਂ ਨਾ ਹੋਵੇ।
15. ਕੜਾ ਸਰਬ-ਲੋਹ ਦਾ ਹੋਵੇ।

SikhBookClub.com

ਪੰਜ ਕਕਾਰਾਂ ਵਿਚ ਸਿਰਮੌਰ ਕਕਾਰ ਕੇਸ ਹਨ। ਹਜ਼ੂਰ ਨੇ ਇਹਨਾਂ ਨੂੰ ਗੁਰੂ ਕੀ ਮੋਹਰ ਕਰ ਕੇ ਜਣਾਇਆ। ਫ਼ਿਰ ਤਾਂ **ਸਿੱਖੀ ਕੇਸਾਂ ਸੁਆਸਾਂ ਦੇ ਨਾਲ ਨਿਭਣ** ਦੀ ਗਾਥਾ ਦੇ ਨਾਲ ਸਿੱਖ ਇਤਿਹਾਸ ਹੀ ਸਿਰਜਿਆ ਜਾਣ ਲਗ ਪਿਆ। ਜਿਹਨਾਂ ਨੇ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾ ਦਿੱਤੀ ਉਹਨਾਂ ਦੀ ਕਮਾਈ ਦਾ ਜੈਕਾਰ ਨਿਤਾਪ੍ਰਤਿ ਕੀਤਾ ਜਾਂਦਾ ਹੈ।

ਇਕ ਪਾਸੇ ਕੇਸ ਪੰਜ ਕਕਾਰਾਂ ਵਿਚ ਸ਼ਾਮਲ ਹਨ ਅਤੇ ਦੂਸਰੇ ਪਾਸੇ ਕੇਸਾਂ ਦੀ ਬੇ-ਅਦਬੀ ਨੂੰ ਚਾਰ ਬੱਜਰ ਕੁਰਹਿਤਾਂ ਵਿਚ ਵੀ ਸ਼ਾਮਲ ਕੀਤਾ ਗਿਆ ਹੈ। ਸਿੱਖ ਲਈ ਕੇਸਾਧਾਰੀ ਹੋਣਾ ਲਾਜ਼ਮੀ ਹੈ ਅਤੇ ਇਸਦਾ ਤਿਆਗ ਕਰਨ ਵਾਲਾ ਪਤਿਤ ਗਰਦਾਨਿਆ ਗਿਆ। ਦਾਰ ਇਕ ਪਛੇਤਰ ਲੱਫਜ਼ ਹੈ ਜਿਸ ਦਾ ਅਰਥ ਹੁੰਦਾ ਹੈ 'ਕਾਇਮ ਰਹਿਣਾ।' ਦਾਰ ਦਾ ਅਰਥ ਹੁੰਦਾ ਹੈ 'ਹੈ'। ਜਿਵੇਂ ਖ਼ੁਦਦਾਰ- ਜਿਸ ਦੀ ਖ਼ੁਦੀ ਕਾਇਮ ਹੈ। ਵਫ਼ਾਦਾਰ- ਜਿਸ ਦੀ ਵਫ਼ਾ ਕਾਇਮ ਹੈ। ਇੱਜ਼ਤਦਾਰ—ਜਿਸ ਦੀ ਇੱਜ਼ਤ ਮਹਿਫ਼ੂਜ਼ ਹੈ। ਇਸੇ ਤਰ੍ਹਾਂ ਜਿਸ ਦੇ ਸਿਰ 'ਤੇ ਕੇਸ ਹਨ ਉਹ ਸਿਰਦਾਰ ਅਤੇ ਸਿੱਖ ਹੋ ਕੇ ਕੇਸ ਕਟਾ ਦੇਣ ਵਾਲਾ ਸਿਰਗੁੰਮ ਅਖਵਾਉਂਦਾ ਹੈ। ਤਾਹੀਉਂ ਤਾਂ ਸਤਿਗੁਰੂ ਜੀ ਦਾ ਫ਼ੁਰਮਾਨ ਹੈ ***"ਇਹੈ ਮੋਰ ਆਗਿਆ ਸੁਨੋ ਹੇ ਪਿਆਰੇ, ਬਿਨਾ ਤੇਗ ਕੇਸੰ ਦਿਵੋ ਨਾ ਦੀਦਾਰੇ॥"*** ***'ਨਵੀਨ ਪੰਥ ਪ੍ਰਕਾਸ਼',*** ਵਿਚ ਗਿ. ਗਿਆਨ ਸਿੰਘ ਜੀ ਨੇ ਵੀ ਲਿਖਿਆ ਹੈ,

ਜਬ ਕੋਈ ਮਜਬ ਇਨੋ ਕਾ ਗੈਹੈਂ। ਵਾਹਿਗੁਰੂ ਕੀ ਫਤੇ ਗਜੈਹੈਂ।
ਖੁਸ਼ਿ ਹ੍ਵੈ ਹਲੂਆ ਬਟਤ ਬਧਾਈ। ਗਾਵਤ ਗੀਤ ਸਭਾ ਬਲ ਲਾਈ।
ਪਿਛਲਾ ਭੇਸ ਦੇਤ ਉਤਰੈਹੈ। ਕਛ ਕ੍ਰਿਪਾਨ ਕੇਸ ਰਖ ਵੈਹੈ।
ਤਿਸ ਦਿਨ ਤੇ ਨਹਿ ਬਾਲ ਮੁੰਡੈ ਹੈ। ਕਿਸੀ ਠੋਰ ਤਨ ਨਿਜ ਪਰ ਤੈਹੈ।

ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਐਕਟ ਬਣਾਉਣ ਲੱਗਿਆਂ ਭਾਰਤ ਦੀ ਪਾਰਲੀਮੈਂਟ ਨੇ ਵੀ ਜਦੋਂ ਸਿੱਖ ਦੀ ਪਰਿਭਾਸ਼ਾ ਤੈਅ ਕੀਤੀ ਤਾਂ ਉੱਥੇ ਵੀ ਸਪਸ਼ਟ ਕੀਤਾ ਕਿ ਸਿੱਖ ਉਹੀ ਅਖਵਾ ਸਕਦਾ ਹੈ ਜੋ ਕੇਸਾਧਾਰੀ ਹੋਵੇ।

ਕਾਨੂੰਨੀ ਤੌਰ 'ਤੇ ਵੀ ਗੁਰਲੀਨ ਕੌਰ ਬਨਾਮ ਗੁਰਲੀਨ ਸਿੰਘ ਦੇ ਮੁਕੱਦਮੇ (CWP No. 14859 of 2008) ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਵੀ ਨਿਰਣਾ ਦਿੱਤਾ ਕਿ ਸਹਿਜਧਾਰੀ ਸਿੱਖ ਅਖਵਾਣ ਵਾਲੇ ਲਈ ਵੀ ਕੇਸ ਰੱਖਣੇ ਲਾਜ਼ਮੀ ਹਨ।

ਕ੍ਰਿਪਾਨ[16],

ਦੂਸਰਾ ਪਾਵਨ ਕਕਾਰ ਕ੍ਰਿਪਾਨ, ਭਗੌਤੀ ਜਾਂ ਸ੍ਰੀ ਸਾਹਿਬ ਹੈ। ਸਿੱਖ ਰਹਿਤ ਮਰਯਾਦਾ ਦੀ ਇਸ ਇੰਦਰਾਜ਼ ਦੇ ਫ਼ੁਟਨੋਟ ਵਿਚ ਅੰਕਤ ਹੈ ਕਿ ***'ਕ੍ਰਿਪਾਨ ਦੀ ਲੰਬਾਈ ਦੀ ਕੋਈ ਹੱਦ ਨਹੀਂ ਹੋ ਸਕਦੀ।'*** ਇਸ ਦਾ ਸਪਸ਼ਟ ਅਰਥ ਹੈ ਕਿ ਕ੍ਰਿਪਾਨ ਦੀ ਲੰਬਾਈ ਮੁਕੱਰਰ ਨਹੀਂ ਕੀਤੀ ਜਾ ਸਕਦੀ। ਪਰ ਸ਼੍ਰੋਮਣੀ ਕਮੇਟੀ ਵੱਲੋਂ ਜਦੋਂ ਸਿੱਖ ਰਹਿਤ ਮਰਯਾਦਾ ਦਾ ਅੰਗਰੇਜ਼ੀ ਤਰਜਮਾ ਛਾਪਿਆ ਗਿਆ ਤਾਂ ਉਸ ਵਿਚ ਲਿਖ ਦਿੱਤਾ ਗਿਆ "the length of the sword to be worn is not prescribed.

16. ਕ੍ਰਿਪਾਨ ਦੀ ਲੰਬਾਈ ਦੀ ਕੋਈ ਹੱਦ ਨਹੀਂ ਹੋ ਸਕਦੀ।

SikhBookClub.com

ਯਾਨਿ ਕਿ ਕ੍ਰਿਪਾਨ ਦੀ ਲੰਬਾਈ ਤੈਅ ਨਹੀਂ ਹੈ। ***'ਤੈਅ ਨਹੀਂ ਕੀਤੀ ਜਾ ਸਕਦੀ'*** ਅਤੇ ***'ਤੈਅ ਨਹੀਂ ਹੈ'*** ਵਿਚ ਬਹੁਤ ਅੰਤਰ ਹੈ। ਇਸ ਨਾਲ ਵਿਦੇਸ਼ਾਂ ਵਿਚ ਅਦਾਲਤੀ ਮੁਕੱਦਮਿਆਂ ਵਿਚ ਦਿੱਕਤ ਪੇਸ਼ ਆਈ ਕਿ ਜਦ ਕ੍ਰਿਪਾਨ ਦੀ ਲੰਬਾਈ ਤੈਅ ਹੀ ਨਹੀਂ ਹੈ ਤਾਂ ਫ਼ਿਰ ਇਕ ਇੰਚ ਜਾਂ ਦੋ ਇੰਚ ਦੀ ਕ੍ਰਿਪਾਨ ਵਿਚ ਕੀ ਦਿੱਕਤ ਹੈ। ਇਸ ਨੂੰ ਦਰੁਸਤ ਕਰ ਲੈਣ ਦੀ ਲੋੜ ਹੈ।

ਇਹ ਤਲਵਾਰ ਨਹੀਂ ਹੈ। ਤਲਵਾਰ ਤਾਂ ਬਜ਼ਾਰੋਂ ਮਿਲ ਜਾਏਗੀ ਪਰ ਜਦੋਂ ਗੁਰੂ ਦੀ ਬਖਸ਼ਿਸ਼ ਕਰ ਕੇ ਸਿੱਖ ਇਸ ਨੂੰ ਧਾਰਨ ਕਰਦਾ ਹੈ ਤਾਂ ਇਹ ਸ੍ਰੀ ਸਾਹਿਬ ਹੋ ਜਾਂਦੀ ਹੈ। ਇਸੇ ਲਈ ਰੂਹਾਨੀਅਤ ਨਾਲ ਸਰਾਬੋਰ ਅਲਬੇਲੇ ਫ਼ਿਲਾਸਫ਼ਰ ਪ੍ਰੋ. ਪੂਰਨ ਸਿੰਘ ਦਾ ਕਹਿਣਾ ਹੈ ਕਿ ਹਰ ਸਿੱਖ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਪਾਨ ਪਾਉਣੀ ਪੈਂਦੀ ਹੈ।

ਦਸ਼ਮੇਸ਼ ਕੀ ਕ੍ਰਿਪਾਨ ਭਾਸੈ ਬੀਜੁਰੀ ਸਮਾਨ,
ਬਿਜਲੀ ਚਮਕ ਦੇਖੀ ਸ੍ਰੀ ਗੁਰੂ ਕ੍ਰਿਪਾਨ ਸੀ।

(ਗੁਰਸ਼ਬਦਾਲੰਕਾਰ ੧੩)

ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਨਿਸ਼ਾਨ ਸਾਹਿਬ ਵਿਚ ਵੀ ਖੰਡੇ ਦੇ ਨਾਲ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਅੰਕਤ ਹਨ।

ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕ੍ਰਿਪਾਨ ਬਾਰੇ ਹੁਕਮ ਕਰਦੇ ਹਨ ਕਿ ਜਦੋਂ ਕ੍ਰਿਪਾਨ ਦੇ ਦਸਤੇ ਤੋਂ ਹੱਥ ਹੱਟ ਜਾਏ ਤਾਂ ਇਹ ਕ੍ਰਿਪਾਨ ਉਸਦੀ ਗਰਦਨ 'ਤੇ ਹੀ ਵੱਜਦੀ ਹੈ। ***"ਖੜਗ ਹਾਥ ਜਿਨਿ ਤਜਹੁ ਖੜਗਧਾਰਾ ਸਹੌ ॥"*** (ਚ.297)।

ਸਾਰਾ ਹਿੰਦੂ ਜਗਤ ਪ੍ਰਿਥਮ ਗਣੇਸ਼ ਨੂੰ ਸਿਮਰਦਾ ਹੈ ਪਰ ਗੁਰੂ ਗੋਬਿੰਦ ਸਿੰਘ ਜੀ ਨੇ ***"ਮੈ ਨ ਗਨੇਸਹਿ ਪ੍ਰਿਥਮ ਮਨਾਊ ॥ ਕਿਸਨ ਬਿਸਨ ਕਬਹੂੰ ਨ ਧਿਆਊ ॥"*** ਕਹਿ ਕੇ ਆਪਣੀ ਆਰਾਧਨਾ ***"ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ ॥"*** ਨਾਲ ਕੀਤੀ।

ਕਛਹਿਰਾ[17],

ਮਰਯਾਦਾ ਮੁਤਾਬਕ ਤੀਸਰਾ ਅਤੇ ਬਹੁਤ ਹੀ ਮਹੱਤਵਪੂਰਨ ਕਕਾਰ ਕਛਹਿਰਾ ਹੈ। ਫ਼ੁਟਨੋਟ ਵਿਚ ਇਸ ਦੀ ਵਿਆਖਿਆ ਕੀਤੀ ਗਈ ਹੈ ਕਿ ***'ਕਛਹਿਰਾ ਕਿਸੇ ਵੀ ਕਪੜੇ ਦਾ ਹੋ ਸਕਦਾ, ਪਰ ਗੋਡਿਆਂ ਤੋਂ ਨੀਵਾਂ ਨਾ ਹੋਵੇ।'***

ਇਹ ਕਛਹਿਰਾ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਬਖਸ਼ਿਆ। ਇਸ ਦਾ ਜ਼ਿਕਰ ਗਿ. ਗਿਆਨ ਸਿੰਘ ਕਰਦੇ ਹਨ,

ਕਮਰ ਕਛਹਿਰੇ ਸਜੇ ਅਛਹਿਰੇ।
ਜੰਞੂ ਸਮ ਤੇਗੇ ਗਰ ਪਹਿਰੇ।
ਸੂਧੇ ਦਾੜੇ ਅਰ ਦਸਤਾਰੇ।
ਕਿਤਕ ਦੂਰ ਸਨਮੁਖੈ ਖਲਾਰੇ।

(ਨਵੀਨ ਪੰਥ ਪ੍ਰਕਾਸ਼ ੧੯੨੩, ਗਿ. ਗਿਆਨ ਸਿੰਘ, ਪੰਨਾ ੨੦੪)

17. ਕਛਹਿਰਾ ਕਿਸੇ ਵੀ ਕਪੜੇ ਦਾ ਹੋ ਸਕਦਾ, ਪਰ ਗੋਡਿਆਂ ਤੋਂ ਨੀਵਾਂ ਨਾ ਹੋਵੇ।

SikhBookClub.com

ਘੱਲੂਘਾਰਿਆਂ ਦੇ ਸਮੇਂ ਦੇ ਸਿੰਘਾਂ ਦੇ ਬਸਤ੍ਾਂ ਦਾ ਜ਼ਿਕਰ ਗਿ. ਗਿਆਨ ਸਿੰਘ ਜੀ ਨੇ ਕੀਤਾ ਹੈ,

ਖਟ ਰਸ ਕਾ ਵਹਿ ਸ੍ਵਾਦ ਨ ਜਾਨੈ।
ਕਪੜਾ ਔਰ ਨ ਤਨ ਪਰ ਠਾਠੈਂ।
ਕਮਰ ਜਾਂਘੀਆ ਇਕ ਸਿਰ ਪਟਕਾ।
ਭੂਰੇ ਗਿਲਤੀ ਬਾਣਾ ਜਟਕਾ।

(ਨਵੀਨ ਪੰਥ ਪ੍ਰਕਾਸ਼, ਗਿ. ਗਿਆਨ ਸਿੰਘ)

ਵੈਸੇ ਤਾਂ ਨੰਗੇਜ਼ ਢੱਕਣ ਲਈ ਕਛਉਟੀ, ਲੰਗੋਟ, ਲੰਗੋਟੀ, ਤਹਿਮਤ, ਧੋਤੀ, ਕੱਛਾ, ਕੱਛੀ ਜਾਂ ਮੁੰਜ ਦੀ ਰੱਸੀ ਵਰਤੀ ਜਾਂਦੀ ਸੀ। ਕਈ ਤਾਂ ਦਿਗੰਬਰ ਹੀ ਓਦਦੇ ਸਨ। ਪਰ ਗੁਰੂ ਸਾਹਿਬ ਨੇ ਕਛਹਿਰੇ ਦਾ ਵਿਸ਼ੇਸ਼ ਕਟਾਈ ਅਤੇ ਰੂਪ ਕਕਾਰਾਂ ਦੇ ਰੂਪ ਵਿਚ ਦਿੱਤਾ। ਹਿੰਦੂ ਮਤ ਵਿਚ ਯੱਗ ਆਦਿ ਧਾਰਮਿਕ ਕਰਮ ਕਾਂਡਾਂ ਵਿਚ ਅਤੇ ਇਸਲਾਮ ਵਿਚ ਹੱਜ ਕਰਨ ਸਮੇਂ ਇਹਰਾਮ ਅਣਸੀਤੇ ਬਿਨਾਂ ਗੱਠ ਦੇ ਕਪੜੇ ਦੇ ਹੁੰਦੇ ਹਨ। ਇਸ ਵਿਚ ਕੋਈ ਨਾੜਾ ਜਾਂ ਅਜ਼ਾਰਬੰਦ ਨਹੀਂ ਹੁੰਦਾ। ਇਸਦੇ ਵਿਪਰੀਤ ਕਛਹਿਰੇ ਵਿਚ ਅਣਗਿਣਤ ਸੀਣਾਂ ਵਜਦੀਆਂ ਹਨ। ਜਦੋਂ ਰਹਿਤਨਾਮਿਆਂ ਰਾਹੀਂ ਗੁਰੂ ਦਾ ਹੁਕਮ ਹੋਇਆ ਕਿ ਕਿਸੇ ਵੀ ਰੂਪ ਵਿਚ ਕ੍ਰਿਪਾਨ ਅਤੇ ਕਛਹਿਰੇ ਨੂੰ ਵੱਖ ਨਹੀਂ ਕਰਨਾ ਤਾਂ ਸਹਿਜ ਸੁਭਾਅ ਹੀ ਖਾਲਸੇ ਨੇ ਨਿਆਰੇਪਨ ਨੂੰ ਅਮਲ ਵਿਚ ਲੈ ਆਂਦਾ।

ਕਛਹਿਰਾ ਕਪੜੇ ਦਾ ਹੋਵੇ ਅਤੇ ਗੋਡਿਆਂ ਤੋਂ ਥੱਲੇ ਨਹੀਂ ਹੋਣਾ ਚਾਹੀਦਾ। ਇਸ ਬਾਰੇ ਧਾਰਮਿਕ ਸਲਾਹਕਾਰ ਕਮੇਟੀ ਦੀ ਇਕੱਤ੍ਰਤਾ 10 ਮਈ, 1942 ਨੂੰ ਇਸ ਵਿਚ ਕਛਹਿਰੇ ਦੇ ਲੱਛਣ ਬਾਰੇ ਵਿਚਾਰ ਹੋਈ ਅਤੇ ਨਿਰਣਾ ਲਿਆ ਗਿਆ।

> **ਕਛਹਿਰੇ ਦਾ ਲੱਛਣ—ਸ੍ਰ. ਰਘਬੀਰ ਸਿੰਘ ਜੀ ਵਾਸੂ ਦੀ ਪੱਤ੍ਰਿਕਾ ਮਿਤੀ 10-5-42 ਕਿ ਕੀ ਸਿੱਖ ਲਈ ਤੰਗ ਪਹੁੰਚਿਆਂ ਵਾਲਾ, ਨਿੱਕਰ-ਨੁਮਾ ਕਛਹਿਰਾ ਪਾਉਣਾ ਯੋਗ ਹੈ ਜਾਂ ਨਹੀਂ, ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਕਛਹਿਰਾ ਗੋਡਿਆਂ ਤੋਂ ਨੀਵਾਂ ਨਹੀਂ ਹੋਣਾ ਚਾਹੀਦਾ ਤੇ ਜਾਂਘੀਆ ਤੇ ਅੰਗਰੇਜ਼ੀ ਨਿੱਕਰ ਵੀ ਨਾ ਹੋਵੇ। ਕਛਹਿਰੇ ਦੇ ਪਹੁੰਚੇ ਕੁੱਝ ਖੁੱਲ੍ਹੇ ਜਾਂ ਤੰਗ ਹੋਣੇ ਕੋਈ ਇਤਰਾਜ਼ ਵਾਲੀ ਗੱਲ ਨਹੀਂ।**

ਇੱਥੇ ਇਹ ਵਿਚਾਰ ਵੀ ਜ਼ਰੂਰੀ ਹੈ ਕਿ ਸ੍ਰੀ ਮਾਨ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ ਦਾ ਹਵਾਲਾ ਦੇ ਕੇ ਇਹ ਭੁਲੇਖਾ ਪਾਇਆ ਜਾਂਦਾ ਹੈ ਕਿ ਉਹਨਾਂ ਨੇ ਇਹ ਲਿਖਿਆ ਹੈ ਕਿ ਕਛਹਿਰਾ ਹਨੂਮਾਨ ਕੋਲੋਂ ਲਿਆ। ਸੰਤ ਜੀ ਨੇ ਆਪਣੀ ਪੁਸਤਕ 'ਗੁਰਬਾਣੀ ਪਾਠ ਦਰਪਣ ਦੇ ਪੰਨਾ 115 'ਤੇ ਤਾਂ ਇਹ ਲਿਖਿਆ ਹੈ। ***ਜਿਵੇਂ ਹਨੂੰਮਨ ਨੇ ਬਹੁਤ ਹੀ ਸ੍ਰੀ ਰਾਮ ਚੰਦਰ ਜੀ ਦੀ ਸੇਵਾ ਕੀਤੀ-ਪਰ ਰਾਮ ਚੰਦਰ ਜੀ ਪ੍ਰਸੰਨ ਹੋਏ ਤਾਂ ਉਨ੍ਹਾਂ ਨੇ ਆਪਣਾ ਕਛਹਿਰਾ ਹੀ ਦਿੱਤਾ।*** ਪਰ ਸਿੱਖਾਂ ਨੂੰ 'ਕਛਹਿਰਾ ਹਨੂੰਮਾਨ ਕੋਲੋ ਲਿਆ' ਲਿਖਣਾ ਸਪੱਸ਼ਟ ਬੇਈਮਾਨੀ ਤੋਂ ਵੱਧ ਕੁੱਝ ਵੀ ਨਹੀਂ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਬਾਰੇ ਅੰਕਤ ਹੈ ਕਿ ਭਾਵੇਂ ਹਨੂੰਮਾਨ

SikhBookClub.com

ਨੇ ਲੰਕਾ ਦਾ ਕਿਲ੍ਹਾ ਸਾੜ ਦਿੱਤਾ, ਰਾਵਣ ਦਾ ਬਾਗ ਉਜਾੜ ਦਿੱਤਾ, ਜ਼ਖਮ ਦੂਰ ਕਰਨ ਵਾਲੀ ਬੂਟੀ ਵੀ ਲਿਆ ਦਿੱਤੀ ਪਰ ਇਸਦੇ ਬਾਵਜੂਦ ਪੂਰਬਲੇ ਕਰਮਾਂ ਕਰਕੇ ਉਸ ਦੀ ਨਿੱਕੀ ਜਹੀ ਕਛਉਟੀ (ਲੰਗੋਟੀ) ਉਸ ਦੇ ਮਗਰੋਂ ਨਾ ਲੱਥੀ।

ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ
ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ ॥
ਕਰਮ ਕਰਿ ਕਛਉਟੀ ਮਫੀਟਸਿ ਰੀ ॥੫॥
ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ
ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ ॥

(ਗੁ. ਗ੍ਰੰ. ਸਾ. ਅੰਗ ੬੯੫)

ਦੂਸਰੇ ਪਾਸੇ ਗੁਰੂ ਸਾਹਿਬ ਨੇ ਸਦੀਵ ਕਾਲ ਲਈ ਕਛਹਿਰਾਂ ਸਿੱਖ ਦੀ ਰਹਿਤ ਦਾ ਅੰਗ ਬਣਾਇਆ। ਭਾਈ ਗੁਰਦਾਸ ਜੀ ਦੋਇਮ ਇਸ ਬਾਰੇ ਬਿਆਨ ਕਰਦੇ ਹਨ,

ਗੁਰੂ ਗੋਬਿੰਦ ਸਿੰਘ ਪ੍ਰਗਟਿਓ ਦਸਵਾਂ ਅਵਤਾਰਾ।
ਜਿਨ ਅਲਖ ਅਪਾਰ ਨਿਰੰਜਨਾ ਜਪਿਓ ਕਰਤਾਰਾ।
ਨਿਜ ਪੰਥ ਚਲਾਇਓ ਖਾਲਸਾ ਧਰਿ ਤੇਜ ਕਰਾਰਾ।
ਸਿਰ ਕੇਸ ਧਾਰਿ ਕਰ ਖੜਗ ਕੋ ਸਭ ਦੁਸਟ ਪਛਾਰਾ।
ਸੀਲ ਜਤ ਕੀ ਕਛ ਪਹਰਿ ਪਕੜਿਓ ਹਥਿਆਰਾ।
ਸਚ ਫਤੇ ਬੁਲਾਈ ਗੁਰੂ ਕੀ ਜੀਤਿਓ ਰਣ ਭਾਰਾ॥

(ਵਾਰ ੫)

ਅੰਗਰੇਜ਼ੀ ਰਾਜ ਵੇਲੇ ਫੌਜ ਵਿਚ ਅੰਗਰੇਜ਼ ਅਫ਼ਸਰ ਸਿੱਖ ਫੌਜੀਆਂ ਦੀਆਂ ਪਤਲੂਨਾਂ ਉਤਰਵਾ ਕੇ ਵੇਖਦੇ ਸਨ ਕਿ ਉਸਨੇ ਰੇਬ ਕਛਹਿਰਾ ਪਾਇਆ ਹੈ ਕਿ ਨਹੀਂ ਅਤੇ ਨਾਲ ਹੀ ਪੁਛਦੇ ਵੀ ਸਨ, ਜਵਾਨ ਮੀਠਾ ਪਾਨੀ ਪੀਆ ਕਿ ਨਹੀਂ। ਉਹ ਧਰਮ ਵਿਚ ਪੱਕਾ ਕਰ ਕੇ ਵਫਾਦਾਰੀ ਦੀ ਸੌਂਹ ਚੁਕਾਉਦੇ ਸਨ।

ਕੰਘਾ,

ਸਿੱਖ ਨੇ ਸਾਬਤ ਸੂਰਤ ਹੋ ਕੇ ਸਹਿਜ ਰੂਪ ਵਿਚ ਕੇਸਾਧਾਰੀ ਹੋਣਾ ਹੈ। ਨਾ ਤਾਂ ਜਟਾਧਾਰੀ ਅਤੇ ਨਾ ਹੀ ਘਰੜ ਮੁੰਡਾਏ ਸਿਰ ਵਾਲਾ। ਇਸ ਲਈ ਗੁਰੂ ਸਾਹਿਬ ਨੇ ਨਾ ਕੇਵਲ ਕੰਘੇ ਨੂੰ ਹੀ ਕਕਾਰਾਂ ਵਿਚ ਸ਼ਾਮਲ ਕੀਤਾ ਬਲਕਿ ਨਾਲ ਹੀ ਆਦੇਸ਼ ਵੀ ਦਿੱਤਾ,

ਕੰਘਾ ਦੋਨਉਂ ਵਕਤ ਕਰ, ਪਾਗ ਚੁਨਹਿ ਕਰ ਬਾਂਧਈ।
ਦਾਤਨ ਨੀਤ ਕਰੇਇ, ਨ ਦੁਖ ਪਾਵਹਿ ਲਾਲ ਜੀ ॥੧੩॥

(ਤਨਖਾਹਨਾਮਾ ਭਾਈ ਨੰਦ ਲਾਲ ਜੀ)

ਇਸ ਹੁਕਮ ਦੀ ਪਾਲਣਾ ਨਾ ਤਾਂ ਜਟਾਵਾਂ ਵਾਲਾ ਹੀ ਕਰ ਸਕਦਾ ਹੈ ਅਤੇ ਨਾ ਹੀ ਘੋਨ ਮੋਨ। ਭਾਈ ਦਯਾ ਸਿੰਘ ਜੀ ਦੇ ਰਹਿਤਨਾਮੇ ਵਿਚ ਵੀ ਅੰਕਤ ਹੈ—ਔਰ ਪਾਗ ਬਣੀ ਬਾਂਧੇ, ਕੇਸ ਢਾਂਪ ਰਖੇ, ਕੰਘਾ ਦ੍ਵੈ ਕਾਲ ਕਰੇ, ਪਾਗ ਚੁਨਕੇ ਬਾਂਧੇ। ਕਕਾਰਾਂ ਦੀ ਰਹਿਤ ਨੂੰ

SikhBookClub.com



ਡੈਨਮਾਰਕ ਵਿਚ ਪ੍ਰਾਪਤ ਹੋਏ 1800 ਸਾਲ ਪੁਰਾਤਨ ਕੰਘੇ, ਕ੍ਰਿਪਾਨਾ

ਬਾਰ ਬਾਰ ਦ੍ਰਿੜ ਕਰਵਾਇਆ ਗਿਆ :

ਕੱਛ ਕੇਸ ਕ੍ਰਿਪਾਨ ਪ੍ਰਿਯ ਕੰਘਾ ਕੜਾ ਸਦੀਵ।
ਜੋ ਧਾਰਤ ਟਾਰਤ ਨਹੀਂ ਸੋਈ ਖਾਲਸਾ ਦਈਵ।੫।

(ਖਾਲਸਾ ਪੰਚਾਸਿਕਾ, ਬਾਵਾ ਸੁਮੇਰ ਸਿੰਘ)

ਅਤੇ

ਕੱਛ, ਕੇਸ, ਕੰਘਾ, ਕਰਦ, ਕਰੀ ਨਿਸ਼ਾਨੀ ਪੰਥ
ਜਤੀ ਭਰੋਸ ਵਿਚਾਰਨਾ, ਪ੍ਰੀਤਿ ਦਾਨ ਰਿਪੁ ਮੰਥ।੧੮।

ਕੰਘੇ ਬਾਰੇ ਇਕ ਹੋਰ ਦਿਲਚਸਪ ਤੱਥ ਇਹ ਹੈ ਕਿ 8ਵੀਂ ਸਦੀ ਤੋਂ ਲੈ ਕੇ 11ਵੀਂ ਸਦੀ ਦੇ ਵਿਚਕਾਰ ਸਕੈਂਡਨੇਵੀਆ ਦੇ ਇਲਾਕੇ ਜਿਸ ਵਿਚ ਡੈਨਮਾਰਕ, ਨਾਰਵੇ, ਸਵੀਡਨ ਮੁਲਕ ਆਉਂਦੇ ਹਨ ਉੱਥੇ ਵਾਈਕਿੰਗਸ ਰਹਿੰਦੇ ਸਨ। ਇਹ ਵਾਈਕਿੰਗ ਦੂਰ ਦੂਰ ਤਕ ਵਪਾਰ ਅਤੇ ਮਾਰ ਕਰਦੇ ਸਨ। ਇਹ ਇਕ ਲੜਾਕੂ ਕੌਮ ਸੀ ਅਤੇ ਬਹੁਤੇ ਦਾੜ੍ਹੀ ਕੇਸ ਰਖਦੇ ਸਨ। ਹਰ ਵਾਈਕਿੰਗ ਨੇ ਇਕ ਬੈਲਟ ਬੰਨ੍ਹੀ ਹੁੰਦੀ ਸੀ। ਇਸ ਵਿਚ ਇਕ ਚਮੜੇ ਦੀ ਗੁੱਥੀ ਹੁੰਦੀ ਸੀ ਜਿਸ ਵਿਚ ਇਕ ਕਰਦ ਅਤੇ ਇਕ ਕੰਘਾ ਹੁੰਦਾ ਸੀ। ਹੁਣ ਡੈਨਮਾਰ[illegible] ਸ਼ਹਿਰ ਔਹੁਸ (Aarhus) ਦੇ ਇਲਾਕੇ ਵਿਚ ਬਹੁਤ ਵੱਡੀ ਗਿਣਤੀ ਵਿਚ ਇਹ ਲੱਕੜ ਦੇ ਕੰਘੇ ਮਿਲੇ ਹਨ। ਇਹਨਾਂ ਕੰਘਿਆਂ ਦੀ ਬਨਾਵਟ ਬਹੁਤ ਹੀ ਖ਼ੂਬਸੂਰਤ ਹੈ ਅਤੇ ਇਹਨਾਂ ਦਾ ਡਿਜ਼ਾਈਨ ਬਿਲਕੁਲ ਸਾਡੇ ਕੰਘਿਆਂ ਵਰਗਾ ਹੈ। ਇਹ ਕੰਘੇ ਉੱਥੋਂ ਦੇ ਅਜਾਇਬ ਘਰਾਂ ਵਿਚ ਰਖੇ ਗਏ ਹਨ।

ਕੜਾ[18]

ਪੰਜਵਾਂ ਅਤੇ ਅਖ਼ੀਰਲਾ ਕਕਾਰ ਹੈ ਕੜਾ। ਰਹਿਤ ਮਰਯਾਦਾ ਵਿਚ ਇਸ ਬਾਰੇ ਵੀ ਫ਼ੁਟ ਨੋਟ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਕੜਾ ਸਰਬ-ਲੋਹ ਦਾ ਹੋਵੇ । ਸਰਬ-ਲੋਹ ਦੇ ਕੜੇ ਦੀ ਚੋਣ ਦੇ ਪਿੱਛੇ ਬਹੁਤ ਵੱਡਾ ਕਾਰਨ ਸੀ।

18. ਕੜਾ ਸਰਬ-ਲੋਹ ਦਾ ਹੋਵੇ ।

SikhBookClub.com

ਜਾਤ ਵਰਣ ਵੰਡ ਵਿਚ ਅੰਕਤ ਨੀਵੀਂ ਜਾਤ ਵਾਲਿਆਂ ਬਾਰੇ ਧਰਮ ਸ਼ਾਸਤ੍ਰ ਮਨੂ ਸਿਮਰਤੀ ਦੇ ਅਧਿਆਇ 10 ਸ਼ਲੋਕ 52 ਵਿਚ ਅੰਕਤ ਹੈ,

वासांसि मृतचैलानि भिन्नभाण्डेषु भोजनम्।
कार्ष्णायसमलंकारः परिव्रज्या च नित्यतः।।५२।।

ਵਾਸਾਂਸਿ ਮ੍ਰਿਤਚੈਲਾਨਿ ਭਿੰਨਭਾਂਡੇਸ਼ੁ ਭੋਜਨਮ।
ਕਾਰਣਾਯਸਮਲੰਕਾਰ: ਪਰਿਵਜਯਾ ਚ ਨਿਤਯਤ: ॥ ੫੨॥

ਇਹ ਮੁਰਦਿਆਂ ਦੇ ਉਤਰੇ ਕਪੜੇ ਪਾਉਣ। ਇਹ ਮਿੱਟੀ ਦੇ ਪੁਰਾਣੇ ਭਾਂਡਿਆਂ ਵਿਚ ਭੋਜਨ ਕਰਨ। ਇਹ ਲੋਹੇ ਦੇ ਗਹਿਣੇ ਪਾਉਣ। ਅਤੇ ਇਕ ਥਾਂ ਤੋਂ ਦੂਜੀ ਥਾਂ ਭ੍ਰਮਣ ਕਰਦੇ ਰਹਿਣ।

ਸਮਾਜ ਨੇ ਜਿੱਥੇ ਇਹਨਾਂ ਅਖੌਤੀ ਨੀਵੀਆਂ ਜਾਤੀਆਂ ਨੂੰ ਕੇਵਲ ਲੋਹੇ ਦੇ ਆਭੂਸ਼ਣ ਪਾਉਣ ਦੀ ਇਜਾਜ਼ਤ ਦਿੱਤੀ ਸੀ ਉੱਥੇ ਸਾਹਿਬ-ਏ-ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸੇ ਨੂੰ ਲੋਹੇ ਦਾ ਕੜਾ ਬਖਸ਼ ਕੇ ਕਿਤਨਾ ਵੱਡਾ ਇਨਕਲਾਬੀ ਸੰਦੇਸ਼ ਦਿੱਤਾ। ਸਿੱਖ ਦੇ ਗੁੱਟ 'ਤੇ ਪਿਆ ਇਹ ਲੋਹੇ ਦਾ ਕੜਾ ਹਰ ਸਮੇਂ ਉਸ ਚੋਜੀ ਪ੍ਰੀਤਮ ਦੀ ਯਾਦ ਦਿਵਾਉਂਦਾ ਹੈ :

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥

(ਮਾਰੂ ਰਵਿਦਾਸ ਜੀ, ਅੰਗ ੧੧੦੬)

ਮਾਸਟਰ ਤਾਰਾ ਸਿੰਘ ਜੀ ਨੂੰ ਇਕ ਵੇਰ ਕਿਸੇ ਵਿਦਿਆਰਥੀ ਨੇ ਪੁਛਿਆ ਕਿ ਕੜਾ ਪਾਉਣ ਦਾ ਕੀ ਫ਼ਾਇਦਾ ਹੈ? ਮਾਸਟਰ ਜੀ ਨੇ ਜਵਾਬ ਦਿੱਤਾ, ਤੈਨੂੰ ਕੋਈ ਫ਼ਾਇਦਾ ਨਹੀਂ। ਉਸ ਨੇ ਹੈਰਾਨ ਹੋ ਕੇ ਪੁਛਿਆ, ਕੀ ਗੱਲ ਤੁਹਾਨੂੰ ਫ਼ਾਇਦਾ ਹੈ ਮੈਨੂੰ ਨਹੀਂ? ਮਾਸਟਰ ਜੀ ਨੇ ਸਮਝਾਇਆ ਕਿ ਤੂੰ ਸੋਚ ਰਿਹਾ ਹੈਂ ਕਿ ਇਹ ਕੜਾ ਪਾਉਣ ਨਾਲ ਸ਼ਾਇਦ ਇਮਤਿਹਾਨ ਵਿਚ ਪਾਸ ਹੋ ਜਾਏਂ ਯਾ ਤੇਰਾ ਕੋਈ ਹੋਰ ਕੰਮ ਬਣ ਜਾਏ। ਐਸਾ ਨਹੀਂ ਹੋਏਗਾ। ਮੈਂ ਇਹ ਕੜਾ ਇਹ ਸੋਚ ਕੇ ਪਾਇਆ ਹੈ ਕਿ ਇਹ ਨਿਰੰਤਰ ਯਾਦ ਦਿਵਾਉਂਦਾ ਹੈ ਕਿ ਜਿਸਨੇ ਇਹ ਕੜਾ ਪਾਇਆ ਸੀ ਉਸ ਦੇ ਤਾਂ ਬੰਦ ਬੰਦ ਕੱਟੇ ਗਏ ਸਨ, ਉਸਨੂੰ ਚਰਖੜੀ 'ਤੇ ਚਾੜ ਦਿੱਤਾ ਗਿਆ ਸੀ ਆਦਿ ਆਦਿ। ਮੈਨੂੰ ਇਹ ਲਗਦਾ ਹੈ ਕਿ ਇਹ ਕੜਾ ਪਾਉਣ ਕਰਕੇ ਸ਼ਾਇਦ ਮੈਨੂੰ ਵੀ ਇਹ ਸ਼ਹੀਦੀ ਪ੍ਰਾਪਤ ਹੋ ਜਾਏ। ਇਸ ਲਈ ਮੈਨੂੰ ਫਾਇਦਾ ਹੈ ਤੈਨੂੰ ਨਹੀਂ।

ਸੋ ਇਹ ਨਿਸਚਿਤ ਕਰਨ ਦੀ ਲੋੜ ਹੈ ਕਿ ਜੋ ਕੋਈ ਵੀ ਆਪਣੇ ਆਪ ਨੂੰ ਸਿੱਖ ਅਖਵਾਉਂਦਾ ਹੈ ਉਸਨੇ ਇਹ ਸਰਬ-ਲੋਹ ਦਾ ਕੜਾ ਜ਼ਰੂਰ ਵੀਣੀ 'ਤੇ ਪਾਇਆ ਹੋਣਾ ਚਾਹੀਦਾ ਹੈ। ਬਾਕੀ ਸੋਨੇ, ਚਾਂਦੀ, ਤਾਂਬੇ ਜਾਂ ਕਿਸੇ ਹੋਰ ਧਾਂਤ ਦਾ ਕੜਾ ਬਣਾ ਕੇ ਪਾਉਣ ਵਾਲਾ ਕਕਾਰ ਵਿਹੀਣ ਹੀ ਅਖਵਾਏਗਾ।

SikhBookClub.com

(ਟ) ਇਹ ਚਾਰ ਕੁਰਹਿਤਾਂ ਨਹੀਂ ਕਰਨੀਆਂ-

1) ਕੇਸਾਂ ਦੀ ਬੇਅਦਬੀ।

2) ਕੁੱਠਾ[19] ਖਾਣਾ।

3) ਪਰ-ਇਸਤ੍ਰੀ ਜਾਂ ਪਰ-ਪੁਰਸ਼ ਦਾ ਗਮਨ (ਭੋਗਣਾ)।

4) ਤਮਾਕੂ ਦਾ ਵਰਤਣਾ।

ਇਨ੍ਹਾਂ ਵਿਚੋਂ ਕੋਈ ਕੁਰਹਿਤ ਹੋ ਜਾਵੇ ਤਾਂ ਮੁੜ ਕੇ ਅੰਮ੍ਰਿਤ ਛਕਣਾ ਪਏਗਾ। ਆਪਣੀ ਇੱਛਾ ਵਿਰੁੱਧ ਅਨਭੋਲ ਹੀ ਕੋਈ ਕੁਰਹਿਤ ਹੋ ਜਾਵੇ ਤਾਂ ਕੋਈ ਦੰਡ ਨਹੀਂ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੩੦)

ਵਿਆਖਿਆ

ਇਹ ਚਾਰ ਬੱਜਰ ਕੁਰਹਿਤਾਂ ਹਨ। ਸਿੱਖ ਲਈ ਇਸ ਤੋਂ ਵੱਧ ਧਾਰਮਿਕ ਅਪਰਾਧ ਹੋਰ ਕੋਈ ਹੋ ਨਹੀਂ ਸਕਦਾ। ਅੰਮ੍ਰਿਤ ਛੱਕਣਾ ਸਿੱਖ ਲਈ ਗੁਰੂ ਦੇ ਘਰ ਜਨਮ ਲੈ ਕੇ ਦ੍ਵਿਜ ਜਨਮ ਪ੍ਰਾਪਤ ਕਰਨਾ ਹੈ। ਇਹਨਾਂ ਵਿਚੋਂ ਕੋਈ ਕੁਰਹਿਤ ਕਰਨ ਵਾਲਾ ਅੰਮ੍ਰਿਤ ਮੰਡਲ ਤੋਂ ਥੱਲੇ ਡਿੱਗ ਪੈਂਦਾ ਹੈ ਅਤੇ ਉਸਦੀ ਆਤਮਿਕ ਮੌਤ ਹੋ ਜਾਂਦੀ ਹੈ।

ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ॥
ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ॥
ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ॥
ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ॥
ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ॥੨੨॥

(ਮ. ੩, ਅੰਗ ੯੨੦)

ਇਸ ਦੇ ਬਾਅਦ ਸਿੱਖ ਬਣਨ ਲਈ ਤਨਖ਼ਾਹ, ਸਜ਼ਾ ਲਵਾ ਕੇ ਮੁੜ ਅੰਮ੍ਰਿਤ ਛੱਕਣਾ ਪੈਂਦਾ ਹੈ। ਐਸਾ ਵਿਅਕਤੀ ਅੰਮ੍ਰਿਤ ਛੱਕ ਕੇ ਮੁੜ ਪੰਥ ਵਿਚ ਸ਼ਾਮਲ ਤਾਂ ਹੋ ਜਾਏਗਾ ਪਰ ਹਮੇਸ਼ਾਂ ਹਮੇਸ਼ਾਂ ਲਈ ਗੰਢਲ ਸਿੱਖ ਅਖਵਾਏਗਾ। ਭਾਈ ਗੁਰਦਾਸ ਜੀ ਨੇ ਇਸ ਬਾਰੇ ਜ਼ਖਮ, ਪਾਟੇ ਹੋਏ ਕਪੜੇ ਅਤੇ ਟੁੱਟੇ ਭਾਂਡੇ ਦੇ ਤਿੰਨ ਹਵਾਲੇ ਦਿੱਤੇ ਹਨ :

ਪਹਿਲਾ, ਜਿਵੇਂ ਸਰੀਰ 'ਤੇ ਪਏ ਹੋਏ ਜ਼ਖਮ ਯਤਨ ਕਰ ਕੇ ਠੀਕ ਕੀਤੇ ਜਾ ਸਕਦੇ ਹਨ। ਇਸ ਨਾਲ ਪੀੜਾ ਤਾਂ ਮਿਟ ਜਾਏਗੀ ਪਰ ਜ਼ਖਮਾਂ ਦੀ ਲਕੀਰ ਰਹਿ ਜਾਏਗੀ :

ਜੈਸੇ ਘਾਉ ਘਾਇਲ ਕੋ ਜਤਨ ਕੈ ਨੀਕੋ ਹੋਤ
ਪੀਰ ਮਿਟਿ ਜਾਇ ਲੀਕ ਮਿਟਤ ਨ ਪੇਖੀਐ।

ਦੂਸਰਾ, ਜਿਵੇਂ ਪਾਟੇ ਹੋਏ ਕਪੜੇ ਨੂੰ ਸੀਉਂ ਕੇ ਤਨ ਢੱਕਣ ਦੇ ਕੰਮ ਲਿਆ ਜਾ ਸਕਦਾ ਹੈ। ਇਸ ਨਾਲ ਨਗਨਤਾ ਤਾਂ ਮਿਟ ਜਾਏਗੀ ਪਰ ਜੋੜ ਰਹਿ ਜਾਏਗਾ।

ਜੈਸੇ ਫਾਟੇ ਅੰਬਰੋ ਸੀਆਇ ਪੁਨਿ ਓਢੀਅਤ
ਨਾਗੋ ਤਉ ਨ ਹੋਇ ਤਊ ਥੇਗਰੀ ਪਰੇਖੀਐ।

19. ਕੁੱਠਾ ਤੋਂ ਭਾਵ ਉਹ ਮਾਸ ਹੈ, ਜੋ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ ਹੋਵੇ।

SikhBookClub.com

ਤੀਸਰਾ, ਜਿਵੇਂ ਭਾਂਡਾ ਟੁੱਟ ਜਾਏ ਤਾਂ ਠਠੇਰਾ ਇਸਨੂੰ ਸੰਵਾਰ ਤਾਂ ਦਏਗਾ ਅਤੇ ਇਸ ਵਿਚੋਂ ਪਾਣੀ ਵੀ ਨਹੀਂ ਚੋਏਗਾ ਪਰ ਗੱਠ ਰਹਿ ਹੀ ਜਾਏਗੀ।

ਜੈਸੇ ਟੂਟੈ ਬਾਸਨੁ ਸਵਾਰ ਦੇਤ ਹੈ ਠਠੇਰੋ
ਗਿਰਤ ਨ ਪਾਨੀ ਪੈ ਗਠੀਲੋ ਭੇਖ ਭੇਖੀਐ।

ਭਾਈ ਸਾਹਿਬ ਜੀ ਇਹ ਹਵਾਲੇ ਦੇ ਕੇ ਫਰਮਾਉਂਦੇ ਹਨ ਕਿ ਇਸੇ ਤਰ੍ਹਾਂ ਗੁਰ ਚਰਨਾਂ ਤੋਂ ਬੇਮੁਖ ਹੋਣ ਦਾ ਦੁਖ ਦੇਖ ਕੇ ਜੇਕਰ ਮੁੜ ਗੁਰੂ ਦੀ ਸ਼ਰਨ ਵਿਚ ਆ ਜਾਏ, ਸਤਿਗੁਰੂ ਕਿਰਪਾ ਕਰ ਕੇ ਉਸਨੂੰ ਗਲ ਨਾਲ ਲਾ ਤਾਂ ਲਏਗਾ ਪਰ ਬੇਮੁਖ ਹੋਣ ਦਾ ਕਲੰਕ ਰਹਿ ਹੀ ਜਾਏਗਾ :

ਤੈਸੇ ਗੁਰ ਚਰਨਿ ਬਿਮੁਖ ਦੁਖ ਦੇਖਿ ਪੁਨਿ
ਸਰਨ ਗਹੇ ਪੁਨੀਤ ਪੈ ਕਲੰਕੁ ਲੇਖ ਲੇਖੀਐ ॥੪੧੯॥

1) ਕੇਸਾਂ ਦੀ ਬੇਅਦਬੀ

ਇਕ ਪਾਸੇ ਕੇਸ ਕਕਾਰਾਂ ਵਿਚ ਸ਼ਾਮਲ ਹਨ ਅਤੇ ਰੱਖਣੇ ਲਾਜ਼ਮੀ ਹਨ। ਦੂਸਰੇ ਪਾਸੇ ਕੇਸਾਂ ਦੀ ਬੇ-ਅਦਬੀ ਕਿਸੇ ਵੀ ਸਿੱਖ ਲਈ ਸਭ ਤੋਂ ਬੱਜਰ ਪਾਪ ਹੈ । ਕੇਸ ਗੁਰੂ ਕੀ ਮੋਹਰ ਹੈ। 'ਖਾਲਸਾ ਮੇਰੋ ਰੂਪ ਹੈ ਖ਼ਾਸ' ਬਚਨ ਕਰ ਕੇ ਸਾਹਿਬਾਂ ਨੇ ਸਿੱਖ ਦੇ ਚੇਹਰੇ ਨੂੰ ਆਪਣਾ ਰੂਪ ਦੱਸਿਆ ਹੈ। ਕੇਸਾਂ ਦੀ ਬੇ-ਅਦਬੀ ਗੁਰੂ ਸਾਹਿਬ 'ਤੇ ਹਮਲਾ ਹੈ।

ਕੇਸ ਬਿਨਾ ਸਿਰ ਕੱਟੀਐ, ਚਿੰਘਾਵੈ ਕਵਣ ਛੋਡਾਇ ਹੈ ॥
ਹੁਕਮ ਮੰਨੇ ਪ੍ਰਭੁ ਬਖਸ ਲੇ, ਨਿਗੁਰਾਂ ਨੂੰ ਇਹੋ ਸਜਾਇ ਹੈ ॥
ਫਤੇ ਜੰਗ ਗੋਬਿੰਦ ਸਿੰਘ, ਦਲ ਕੋਟਕ ਕੋਟ ਖਪਾਇ ਹੈ ॥

(ਵਾਰ ਸ੍ਰੀ ਭਗਉਤੀ ਜੀ ਕੀ, ਮਹਾਨ ਕੋਸ਼ ਜਿਲਦ ੪ ਪੰਨਾ)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਨਹੀਂ ਬਲਕਿ ਹਜ਼ੂਰ ਦੇ ਕੇਸਾਂ ਦੀ ਇਕ ਤਾਰ ਦੀ ਕੀਮਤ ਭਾਈ ਨੰਦ ਲਾਲ ਜੀ ਬਿਆਨ ਕਰਦੇ ਹਨ ਕਿ ਉਹ ਦੋਨੋਂ ਜਹਾਨ ਇਸ ਤੋਂ ਕੁਰਬਾਨ ਕਰਨ ਲਈ ਤਿਆਰ ਹਨ :

ਦੀਨੋ ਦੁਨੀਆਂ ਦਰ ਕਮੰਦਿ ਆਂ ਪਰੀ ਰੁਖ਼ਸਾਰਿ ਮਾ
ਹਰ ਦੋ ਆਲਮ ਕੀਮਤਿ ਯੱਕ ਤਾਰਿ ਮੂਇ ਯਾਰਿ ਮਾ।

ਸੂਫੀ ਫਕੀਰ ਅਮੀਰ ਖ਼ੁਸਰੋ ਦਾ ਕਹਿਣਾ ਹੈ ਕਿ ਇਹ ਦੋ ਜਹਾਨ ਕੀਮਤ ਹਾਲੇ ਘੱਟ ਦੱਸੀ ਹੈ। ਭਾਅ ਨੂੰ ਹੋਰ ਵਧਾਉ, ਕਿਉਂ ਜੋ ਹਾਲੀ ਸਸਤਾ ਹੈ।

ਦੋ ਆਲਮ ਕੀਮਤੇ-ਖ਼ੁਦ ਗਫਤਾਈ,
ਨਿਰਖ਼ ਬਾਲਾ ਕੁਨ ਕਿ ਅਰਜ਼ਾਨੀ ਹਨੂਜ਼ ॥

ਹਜ਼ੂਰੀ ਭਾਈ ਚਉਪਾ ਸਿੰਘ ਛਿੱਬਰ ਵੀ ਤਾਕੀਦ ਕਰਦੇ ਹਨ :

ਗੁਰੂ ਕਾ ਸਿਖ ਕੇਸ ਦਾੜ੍ਹੀ ਛੰਨਿਆਂ ਨਾਈਆਂ ਦਾ ਪਾਣੀ ਸਿਰ ਨ ਪਵਾਏ।

(ਰਹਿਤਨਾਮਾ ਹਜ਼ੂਰੀ ਭਾਈ ਚਉਪਾ ਸਿੰਘ ਛਿੱਬਰ)

SikhBookClub.com

ਭਾਈ ਨੰਦ ਲਾਲ ਜੀ ਇਸ ਬਾਰੇ ਜ਼ਿਕਰ ਕਰਦੇ ਹਨ :

ਬਚਨ ਹੈ ਗੁਰੂ ਜੀ ਕਾ ਕਿ ਜੇ ਕੋਈ ਸਿਖ ਦਾ ਬੇਟਾ ਹੋਇ ਔਰ ਮੋਨਾ ਹੋਇ ਜਾਵੇ, ਤਿਸ ਕੀ ਜੜ ਸੁਕੀ ਔਰ ਜੋ ਮੋਨਾ, ਸਿਖ ਹੋਇ ਜਾਵੇ ਤਿਸ ਦੀ ਜੜ੍ਹ ਹਰੀ।

(ਤਨਖ਼ਾਹਨਾਮਾ ਭਾਈ ਨੰਦ ਲਾਲ ਜੀ)

ਕਈ ਵਾਰ ਇਹ ਵੀ ਸੁਣਨ ਵਿਚ ਆਉਂਦਾ ਹੈ ਕਿ ਜੇਕਰ ਕੇਸਾਂ ਦੀ ਸ਼ਰਤ ਹਟ ਜਾਏ ਤਾਂ ਸਿੱਖੀ ਬਹੁਤ ਜ਼ਿਆਦਾ ਵੱਧ ਜਾਏਗੀ। ਕੇਸਾਂ ਦੀ ਬੇਅਦਬੀ ਦੇ ਇਲਾਵਾ ਤਿੰਨ ਹੋਰ ਬੱਜਰ ਕੁਰਹਿਤਾਂ ਹਨ—ਕੁੱਠਾ ਖਾਣਾ, ਪਰ-ਤਨ ਗਾਮੀ ਹੋਣਾ ਅਤੇ ਤਮਾਕੂ ਦਾ ਵਰਤਣਾ। ਸਾਰੇ ਸੰਸਾਰ ਵਿਚ ਇਹ ਤਿੰਨੋ ਵਿਆਪਕ ਹਨ। ਤਾਂ ਤੇ ਫ਼ਿਰ ਕੀ ਜੇ ਇਹ ਚਾਰੋਂ ਕੁਰਹਿਤਾਂ ਹਟਾ ਦਿੱਤੀਆਂ ਜਾਣ ਤਾਂ ਤੇ ਗਿਣਤੀ ਪੱਖੋਂ ਸਿੱਖੀ ਸਾਂਭੀ ਨਹੀਂ ਜਾਏਗੀ। ਸਾਰਾ ਸੰਸਾਰ ਹੀ ਸਿੱਖ ਬਣ ਜਾਏਗਾ।

ਕੇਸਾਂ ਦੀ ਕੀਮਤ ਰੰਬੀ ਨਾਲ ਖੋਪਰੀ ਉਤਰਵਾਉਣ ਵਾਲੇ ਭਾਈ ਤਾਰੂ ਸਿੰਘ ਜਾਂ ਆਪਣੇ ਪੁੱਤਰਾਂ ਨੂੰ ਗੁਰੂ ਸਾਹਿਬ ਤੋਂ ਕੁਰਬਾਨ ਕਰ ਦੇਣ ਵਾਲੇ ਪੀਰ ਬੁੱਧੂ ਸ਼ਾਹ ਤੋਂ ਵੱਧ ਕੌਣ ਦੱਸ ਸਕਦਾ ਹੈ?

2) ਕੁੱਠਾ[20] ਖਾਣਾ

ਸਿੱਖ ਲਈ ਦੂਸਰੀ ਬੱਜਰ ਕੁਰਹਿਤ ਹੈ ਕੁੱਠਾ ਖਾਣਾ। ਕੁੱਠਾ ਲਫ਼ਜ਼ ਦੀ ਵਿਆਖਿਆ ਸਿੱਖ ਰਹਿਤ ਮਰਯਾਦਾ ਵਿਚ ਹੀ ਕੀਤੀ ਗਈ ਹੈ, 'ਕੁੱਠਾ ਤੋਂ ਭਾਵ ਉਹ ਮਾਸ ਹੈ, ਜੋ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ ਹੋਵੇ।'

ਇਸਲਾਮੀ ਸ਼ਰੀਅਤ ਦੇ ਮੁਤਾਬਕ ਕਿਸੇ ਜਾਨਵਰ ਜਾਂ ਪੰਛੀ ਦੀ ਕਲਮਾ ਪੜ੍ਹ ਕੇ ਸਾਹ ਰਗ ਵੱਢੀ ਜਾਏ ਤਾਂ ਹੀ ਇਹ ਮਾਸ ਹਲਾਲ ਜਾਂ ਖਾਣ ਲਾਇਕ ਹੈ। ਬਿਨਾਂ ਹਲਾਲ ਦੇ ਬਾਕੀ ਹਰ ਕਿਸਮ ਦਾ ਮਾਸ ਇਸਲਾਮ ਵਿਚ ਵਿਵਰਜਤ ਜਾਂ ਹਰਾਮ ਹੈ। ਉਸ ਨੂੰ ਖਾਣ ਵਾਲਾ ਸਭ ਤੋਂ ਥੱਲਵੇਂ ਸੱਤਵੇਂ ਨਰਕ ਹਾਵੀਏ ਵਿਚ ਡਿਗਦਾ ਹੈ।

ਜਿਹੜੇ ਛੱਡ ਹਲਾਲ ਹਰਾਮ ਤੱਕਣ,
ਵਿਚ ਹਾਵੀਏ ਦੋਜ਼ਖਾਂ ਸੱਟੀਏ ਨੀ। (ਵਾਰਿਸ)

ਇਹ ਅਕੀਦਾ ਕੇਵਲ ਇਸਲਾਮ ਨੂੰ ਮੰਨਣ ਵਾਲਿਆਂ ਲਈ ਸੀ ਪਰ ਵਕਤ ਦੇ ਹਾਕਮਾਂ ਨੇ ਸਿਵਾਏ ਹਲਾਲ (ਕੁੱਠੇ) ਦੇ ਹਰ ਕਿਸਮ ਦੇ ਮਾਸ 'ਤੇ ਪਾਬੰਦੀ ਲਗਾ ਦਿੱਤੀ। ਇਹ ਧਾਰਮਿਕ ਆਜ਼ਾਦੀ 'ਤੇ ਹਮਲਾ ਸੀ ਅਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲੇ ਹੀ ਜਾਮੇ ਵਿਚ ਇਸ ਬਾਰੇ ਆਵਾਜ਼ ਬੁਲੰਦ ਕੀਤੀ,

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥
ਅਭਾਖਿਆ ਕਾ ਕੁਠਾ ਬਕਰਾ ਖਾਣਾ ॥ ਚਉਕੇ ਉਪਰਿ ਕਿਸੈ ਨ ਜਾਣਾ ॥

(ਮ.੧, ਅੰਗ ੪੭੨)

---

20. ਕੁੱਠਾ ਤੋਂ ਭਾਵ ਉਹ ਮਾਸ ਹੈ, ਜੋ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ ਹੋਵੇ।

SikhBookClub.com

ਗੁਰਮਤਿ ਵਿਚ ਨਾ ਤਾਂ ਈਸਾਈਆਂ, ਯਹੂਦੀਆਂ ਜਾਂ ਕਾਲੀ ਉਪਾਸ਼ਕਾਂ ਅਤੇ ਬਲੀ ਦੇਣ ਵਾਲੇ ਹਿੰਦੂਆਂ ਅਤੇ ਮੁਸਲਮਾਨਾਂ ਵਾਂਗਰ ਧਾਰਮਿਕ ਤੌਰ ਤੇ ਮਾਸ ਖਾਣ ਦੀ ਰਸਮ ਸੀ ਅਤੇ ਨਾ ਹੀ ਜੈਨੀਆਂ ਅਤੇ ਹਿੰਦੂਆਂ ਵਾਂਗਰ ਮਾਸ ਦੀ ਮਨਾਹੀ ਸੀ। ਇੱਥੇ ਧਰਮ ਦੀ ਓਟ ਲੈ ਕੇ ਖਾਣਾ ਅਤੇ ਧਰਮ ਦੀ ਓਟ ਲੈ ਕੇ ਤਿਆਗਣਾ ਪ੍ਰਵਾਨ ਨਹੀਂ ਸੀ। ਪਰ ਕਿਸੇ ਵੀ ਰੂਪ ਵਿਚ ਆਪਣਾ ਅਕੀਦਾ ਦੂਜਿਆਂ ਤੇ ਥੋਪਣਾ ਅਣਖ ਤੇ ਹਮਲਾ ਸੀ।

ਇਸਲਾਮ ਵਿਚ ਹਰ ਕਿਸਮ ਦਾ ਮਾਸ ਵਿਵਰਜਤ ਸੀ ਸਿਵਾਏ ਹਲਾਲ ਦੇ। ਗੁਰੂ ਸਾਹਿਬ ਨੇ ਇਹ ਆਦੇਸ਼ ਦਿੱਤਾ ਕਿ ਇਕ ਹਲਾਲ (ਕੁੱਠਾ) ਨਹੀਂ ਖਾਣਾ। ਇਸੇ ਲਈ ਅੰਮ੍ਰਿਤ ਦੀ ਦਾਤ ਦੇਣ ਲੱਗਿਆਂ ਚਾਰ ਬੱਜਰ ਕੁਰਹਿਤਾਂ ਵਿਚ ਇਹ ਦ੍ਰਿੜ੍ਹ ਕਰਵਾਇਆ ਜਾਂਦਾ ਹੈ ਕਿ ਕੁੱਠਾ ਮਾਸ ਨਹੀਂ ਖਾਣਾ। ਆਪਣੇ ਆਪ ਵਿਚ ਇਹ ਆਦੇਸ਼ ਅਤੇ ਲਫ਼ਜ਼ ਇਤਨਾ ਸਪਸ਼ਟ ਹੈ ਕਿ ਫਿਰ ਕਿਸੇ ਵਿਆਖਿਆ ਜਾਂ ਦੁਬਿਧਾ ਦੀ ਲੋੜ ਨਹੀਂ ਰਹਿ ਜਾਂਦੀ। ਇਸ ਤੋਂ ਬਾਅਦ ਇਹ ਤਾਂ ਪੁਛਿਆ ਜਾ ਸਕਦਾ ਹੈ ਕਿ ਕੁੱਠਾ ਤਾਂ ਨਹੀਂ ਖਾਂਦੇ। ਪਰ ਇਹ ਪੁਛਣਾ ਗ਼ਲਤ ਹੈ ਕਿ ਤੁਸੀਂ ਮਾਸ ਤੇ ਨਹੀਂ ਖਾਂਦੇ।

ਮਾਸਾਹਾਰ ਵਿਕਾਰ ਹੈ ਜਾਂ ਅਵਿਕਾਰ, ਬਾਰੇ 'ਖਾਲਸਾ ਧਰਮ ਸ਼ਾਸਤ੍ਰ' ਦੀ ਟਿੱਪਣੀ ਮਹੱਤਵਪੂਰਨ ਹੈ :

> ***ਪਸ਼ੂ ਪੰਖੀ ਜੀਵਾਂ ਦਾ ਘਾਤ ਕਰਨੇ ਅਰ ਮਾਸ ਖਾਣੇ ਪਰ ਵਿਧਿ ਨਿਖੇਧਿ ਦਾ ਬਿਚਾਰ ਐਸਾ ਹੀ ਹੈ ਜੈਸਾ ਕਾਮ ਕ੍ਰੋਧ ਲੋਭ ਮੋਹ ਪਰ ਬਿਚਾਰ ਕਰਨਾ। ਏਹ ਸਾਰੇ ਵਿਕਾਰ ਭੀ ਹਨ ਅਤੇ ਅਵਿਕਾਰ ਭੀ ਹਨ। ਅਰਥਾਤ ਨਾ ਤਾਂ ਸਭਨਾਂ ਵਾਸਤੇ ਅਤੇ ਸਭਨਾਂ ਥਾਵਾਂ ਅਤੇ ਸਭਨਾਂ ਸਮਿਆਂ ਪਰ ਏਹ ਪਾਪ ਰੂਪ ਹਨ ਅਤੇ ਨਾ ਹੀ ਨਿਸਪਾਪ ਹਨ। ਏਨਾਂ ਦਾ ਵਿਧਿ ਨਿਖੇਧਿ ਦਾ ਵਿਚਾਰ ਅਧਿਕਾਰ ਅਤੇ ਦੇਸ਼ ਕਾਲ ਪਰ ਹੈ।***

(ਖਾਲਸਾ ਧਰਮ ਸ਼ਾਸਤ੍ਰ, ਪੰਨਾ ੩੯੩)

ਬਾਕੀ ਗੁਰੂ ਕਾ ਲੰਗਰ ਹਰ ਇਕ ਲਈ ਹੈ। ਇਸ ਲਈ ਲੰਗਰ ਬਾਰੇ ਰਹਿਤਨਾਮਿਆਂ ਵਿਚ ਜ਼ਿਕਰ ਹੈ ਕਿ ਲੰਗਰ ਵਿਚ ਮਾਸ ਨਾ ਵਰਤਾਏ :

ਬਕਰਾ ਝਟਕਾ ਬੀਚ ਨ ਕਰੇ।
ਅਵਰ ਮਾਸ ਨਹਿ ਲੰਗਰ ਧਰੇ।

(ਰਹਿਤਨਾਮਾ ਭਾਈ ਦੇਸਾ ਸਿੰਘ, ਪੰਨਾ ੧੫੧)

ਬਕਰਾ ਝਟਕਾ ਛਕੇ ਤਾਂ ਛਕੇ।
ਔਰ ਮਾਸ ਵਲ ਕਬੀ ਨ ਤਕੈ।੩੨।

(ਰਹਿਤਨਾਮਾ ਭਾਈ ਦੇਸਾ ਸਿੰਘ)

ਕੁੱਠਾ ਸਖ਼ਤ ਵਿਵਰਜਤ ਹੈ। ਇਸ ਬਾਰੇ ਹੁਕਮ ਹੈ :

ਲੈ ਤੁਰਕਨ ਤੇ ਮਾਸ ਜੁ ਖਾਵਹਿ। ਬਿਨ ਗੁਰਸ਼ਬਦ ਬਚਨ ਜੋ ਗਾਵਹਿ।
ਤ੍ਰਿਯਾ ਰਾਗ ਸੁਨਹਿ ਚਿਤ ਲਾਇ। ਸੁਨਹੁ ਲਾਲ! ਸੋ ਜਮਪੁਰਿ ਜਾਇ ॥੧੭॥

(ਤਨਖਾਹਨਾਮਾ ਭਾਈ ਨੰਦ ਲਾਲ)

SikhBookClub.com

ਇਸਲਾਮ ਦੀ ਪਵਿੱਤਰ ਕਿਤਾਬ ਕੁਰਾਨ ਵਿਚ ਸੂਰਾ ਅਲ ਬਕਰ 2:174 ਦੀ ਇਕ ਹਿਦਾਇਤ ਹੈ ਕਿ ਹਲਾਲ ਨੂੰ ਛੱਡ ਹਰਾਮ ਬਿਲਕੁਲ ਮਨ੍ਹਾ ਹੈ। ਪਰ ਜੇ ਕੋਈ ਪ੍ਰਾਣੀ ਕਿਸੇ ਸਮੇਂ ਇਹਨਾਂ ਚੀਜ਼ਾਂ ਨੂੰ ਵਰਤੋਂ ਵਿਚ ਲਿਆਉਣ 'ਤੇ ਮਜਬੂਰ ਹੋ ਜਾਵੇ ਤਾਂ ਉਸ ਦੇ ਸਿਰ ਕੋਈ ਦੋਸ਼ ਨਹੀਂ ਹੋਵੇਗਾ।

ਪਰ ਗੁਰਮਤਿ ਅਨੁਸਾਰ ਚਾਰ ਬੱਜਰ ਕੁਰਹਿਤਾਂ ਵਿਚ ਕਿਸੇ ਵੀ ਹਾਲਤ ਵਿਚ ਛੋਟ ਨਹੀਂ ਦਿੱਤੀ ਜਾ ਸਕਦੀ ਹੈ। ਇਸ ਦੀ ਅਵੱਗਿਆ ਸਿੱਖ ਨੂੰ ਸਿੱਖੀ ਤੋਂ ਪਤਿਤ ਕਰ ਦਿੰਦੀ ਹੈ। ਇਸ ਵਿਚ ਕਿਸੇ ਲਾਲਚ, ਡਰ ਜਾਂ ਦਬਾਅ ਦੀ ਕੋਈ ਥਾਂ ਨਹੀਂ ਹੈ। ਸਿੱਖ ਤਾਂ ਰੋਜ਼ ਅਰਦਾਸ ਕਰ ਕੇ ਉਹਨਾਂ ਦਾ ਜੈਕਾਰ ਕਰਦਾ ਹੈ ਜਿਹਨਾਂ ਨੇ ***ਸਿੱਖੀ ਕੇਸਾਂ ਸੁਆਸਾਂ ਸੰਗ ਨਿਬਾਹੀ।***

ਇਹ ਵੀ ਕਹਿਣਾ ਸਹੀ ਨਹੀਂ ਹੈ ਕਿ ਇਹ ਮਸਲਾ ਕੇਵਲ ਗੁਰੂ ਸਾਹਿਬ ਵੇਲੇ ਸੀ ਹੁਣ ਨਹੀਂ ਹੈ। ਦੇਸ਼ ਦੀ ਵੰਡ ਤੋਂ ਪਹਿਲਾਂ ਵੀ ਪੰਜਾਬ ਸਰਕਾਰ ਨੇ ਝਟਕੇ 'ਤੇ ਪਾਬੰਦੀ ਲਗਾ ਦਿੱਤੀ ਸੀ। ਇਸ ਬਾਰੇ ਕੌਮ ਨੂੰ ਵੱਡੀ ਜੱਦੋ ਜਹਿਦ ਕਰਨੀ ਪਈ ਅਤੇ ਆਖ਼ਿਰ ਸਿਕੰਦਰ-ਬਲਦੇਵ ਸਿੰਘ ਪੈਕਟ ਰਾਹੀਂ ਇਹ ਪਾਬੰਦੀ ਸਮਾਪਤ ਹੋਈ।

ਮੌਜੂਦਾ ਦੌਰ ਵਿਚ ਇਹ ਮਸਲਾ ਪਹਿਲੇ ਨਾਲੋਂ ਵੱਧ ਗੰਭੀਰ ਹੈ। ਹੁਣ ਤਾਂ ਦੇਸ਼ ਅਤੇ ਵਿਦੇਸ਼ ਵਿਚ ਤਕਰੀਬਨ ਤਕਰੀਬਨ ਹਰ ਹੋਟਲ, ਰੇਂਸਤਰਾ ਅਤੇ ਫ਼ਾਸਟ ਫੂਡ ਚੇਨਸ ਵਿਚ ਅਤੇ ਭਾਰਤ ਵਿਚ ਵੀ ਰੇਲਵੇ, ਹਵਾਈ ਸਫਰ, ਫੌਜੀ ਅਦਾਰੇ ਆਦਿ ਸਭ ਥਾਂ ਹਲਾਲ ਹੀ ਦਿੱਤਾ ਜਾਂਦਾ ਹੈ। ਇਸ ਲਈ ਮਾਸ ਖਾਣ ਵਾਲਿਆਂ ਵਿਚ ਕੋਈ ਵਿਰਲਾ ਹੀ ਹੈ ਜੋ ਇਸ ਬਾਰੇ ਚੇਤੰਨ ਹੋਵੇ ਜਾਂ ਆਵਾਜ਼ ਉਠਾਏ। ਅਮਲੀ ਤੌਰ 'ਤੇ ਜਿਹੜੇ ਮਾਸ ਨਹੀਂ ਖਾਂਦੇ ਉਹਨਾਂ ਨੂੰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਅਤੇ ਜੋ ਖਾਂਦੇ ਹਨ ਉਹਨਾਂ ਨੂੰ ਵੀ ਕੋਈ ਫ਼ਰਕ ਨਹੀਂ ਪੈ ਰਿਹਾ। ਉਹ ਵੀ ਅੱਖਾਂ ਬੰਦ ਕਰ ਕੇ ਠੀਕ ਹੀ ਹੋਣਾ ਕਹਿ ਕੇ ਪਤਿਤਪੁਣੇ ਦੇ ਸ਼ਿਕਾਰ ਹੁੰਦੇ ਜਾ ਰਹੇ ਹਨ। ਪੰਥਕ ਤੌਰ 'ਤੇ ਇਸ ਨੂੰ ਗੰਭੀਰਤਾ ਨਾਲ ਲੈ ਕੇ ਕੋਈ ਹੱਲ ਲੱਭਣਾ ਚਾਹੀਦਾ ਹੈ। ਐਸਾ ਨਾ ਹੋਵੇ ਅਗਲੀ ਸਾਰੀ ਪੀੜ੍ਹੀ ਹੀ ਇਸ ਇਕ ਬੱਜਰ ਕੁਰਹਿਤ ਦੀ ਰੋਗੀ ਹੋ ਜਾਏ।

ਨਿਸਚਿਤ ਤੌਰ 'ਤੇ ਸਿੱਖ ਰਹਿਤ ਮਰਯਾਦਾ ਵਿਚ ਮਾਸ ਖਾਣ ਜਾਂ ਨਾ ਖਾਣ ਦੀ ਤਰਫ਼ਦਾਰੀ ਨਹੀਂ ਕੀਤੀ ਗਈ । ਅਲਬੱਤਾ 'ਕੁੱਠਾ' ਚਾਰ ਬੱਜਰ ਕੁਰਹਿਤਾਂ ਵਿਚੋਂ ਇਕ ਬੱਜਰ ਕੁਰਹਿਤ ਹੈ। ਇਸ ਬਾਰੇ ਬਾਬਾ ਇਕਬਾਲ ਸਿੰਘ ਜੀ ਨੇ ਆਪਣੀ ਪੁਸਤਕ 'ਸਿੱਖ ਸਿਧਾਂਤ' ਵਿਚ ਟਿੱਪਣੀ ਦਿੱਤੀ ਹੈ :

> ***"1936 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪ੍ਰਵਾਨਿਤ ਰਹਿਤ ਮਰਿਯਾਦਾ, ਨੂੰ 1945 ਵਿਚ ਸੋਧਣ ਸਮੇਂ ਧਾਰਮਿਕ ਸਲਾਹਕਾਰ ਕਮੇਟੀ ਨੇ ਕੁੱਠਾ ਸ਼ਬਦ ਲਈ ਫੁਟਨੋਟ (footnote) ਦੇ ਦਿੱਤਾ ਜਿਸ ਵਿਚ 'ਕੁੱਠਾ' ਦਾ ਅਰਥ 'ਹਲਾਲ' ਅਥਵਾ ਮੁਸਲਮਾਨੀ ਤਰੀਕੇ ਨਾਲ ਪਸ਼ੂ-ਪੰਛੀ ਦੇ ਮਾਰੇ ਹੋਏ ਮਾਸ ਨੂੰ ਕਿਹਾ ਗਿਆ। ਅਗਸਤ 1936 ਵਿਚ ਲਾਗੂ ਹੋਈ ਸਿੱਖ ਪੰਥ ਦੀ ਰਹਿਤ ਮਰਯਾਦਾ ਜੋ ਕਿ 12 ਅਕਤੂਬਰ 1936 ਈ: ਵਿਚ ਪ੍ਰਵਾਨਿਤ ਹੋਈ ਸੀ, ਦੇ ਖਰੜੇ ਵਿਚ ਕੇਵਲ ਕੁੱਠਾ ਸ਼ਬਦ ਹੀ ਲਿਖਿਆ ਸੀ***

SikhBookClub.com

ਅਤੇ ਇਸਦਾ ਕੋਈ ਸਪੱਸ਼ਟੀਕਰਨ ਨਹੀਂ ਸੀ ਕੀਤਾ ਗਿਆ ਜਿਸਦਾ ਮਤਲਬ ਹੈ ਕਿ ਕੁਠਾ ਮਾਸ ਨੂੰ ਹੀ ਕਿਹਾ ਗਿਆ ਸੀ ...."

(ਸਿੱਖ ਸਿਧਾਂਤ, ਇਕਬਾਲ ਸਿੰਘ, ਬਾਬਾ, ਪੰਨਾ ੨੬੯)

ਉਕਤ ਟਿੱਪਣੀ ਦਰੁਸਤ ਨਹੀਂ ਹੈ। 1936 ਵਿਚ ਪ੍ਰਵਾਨ ਹੋਈ ਸਿੱਖ ਰਹਿਤ ਮਰਯਾਦਾ ਵਿਚੋਂ ਜੋ ਕਿ ਗੁਰਦੁਆਰਾ ਗਜ਼ਟ, ਅਕਤੂਬਰ 1936 ਦੇ ਪੰਨਾ 24 ਤੋਂ 41 'ਤੇ ਛਪੀ ਸੀ। ਇਸ ਵਿਚ ਵੀ ਫ਼ੁਟਨੋਟ ਵਿਚ ਸਪਸ਼ਟ ਤੌਰ 'ਤੇ ਕੁੱਠਾ ਸ਼ਬਦ ਦੀ ਵਿਆਖਿਆ ਕੀਤੀ ਹੋਈ ਹੈ, "ਕੁੱਠਾ ਤੋਂ ਭਾਵ ਉਹ ਮਾਸ ਹੈ, ਜੋ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ ਹੋਵੇ।" ਇਸ ਦੀ ਫੋਟੋ ਹੇਠ ਦਿੱਤੀ ਗਈ ਹੈ,

*ਕ੍ਰਿਪਾਨ ਦੀ ਲੰਮਾਈ ਦੀ ਕੋਈ ਹੱਦ ਨਹੀਂ ਹੋ ਸਕਦੀ।
†ਕਛਹਿਰਾ ਕਿਸੇ ਕਪੜੇ ਦਾ ਹੋ ਸਕਦਾ ਹੈ, ਪਰ ਗੋਡਿਆਂ ਤੋਂ ਨੀਵਾਂ ਨ ਹੋਵੇ।
‡ਕੜਾ ਸਰਬ ਲੋਹ ਦਾ ਹੋਵੇ।
§ਕੁੱਠਾ ਤੋਂ ਭਾਵ ਓਹ ਮਾਸ ਹੈ, ਜੋ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ ਹੋਵੇ।
○ਕੇਸਾ ਧਾਰੀ ਹੋ ਕੇ ਜੋ ਕੇਸ ਕਟਾ ਦੇਵੇ।
'ਏਹਨਾਂ ਵਿਚੋਂ ਜਿਹੜੇ ਅੰਮ੍ਰਿਤ ਛਕ ਕੇ ਪੰਥ ਵਿਚ ਮਿਲ ਜਾਣ, ਓਹਨਾਂ ਨਾਲ ਵਰਤਣਾ ਠੀਕ ਹੈ'

ਦਾਸ ਨੇ ਪਟਨਾ ਸਾਹਿਬ ਵਿਚ ਜਦੋਂ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਪ੍ਰੇਰਨਾ ਸਦਕਾ ਅੰਮ੍ਰਿਤ ਛਕਣਾ ਸੀ ਤਾਂ ਇਸ ਬਾਰੇ ਉਹਨਾਂ ਨੇ ਬਹੁਤ ਹੀ ਕੀਮਤੀ ਵਿਚਾਰ ਦਿੱਤੇ ਕਿ ***ਕੁੱਠਾ ਖਾਣ ਵਾਲਾ ਪਤਿਤ ਹੈ। ਇਹ ਬੱਜਰ ਕੁਰਹਿਤ ਅਤੇ ਬਹੁਤ ਵੱਡਾ ਗੁਨਾਹ ਹੈ। ਸ਼ੁਰੂ ਸ਼ੁਰੂ ਵਿਚ ਤਾਂ ਇਸ ਬਾਰੇ ਬਹੁਤ ਜ਼ਿਆਦਾ ਚੇਤੰਨ ਰਹੇਂਗਾ ਪਰ ਬਾਅਦ ਵਿਚ ਹੌਲੇ ਹੌਲੇ ਇੱਥੇ ਪਹੁੰਚ ਜਾਏਂਗਾ ਕਿ ਇਹ ਠੀਕ ਹੀ ਹੋਏਗਾ। ਝਟਕੇ ਅਤੇ ਕੁਠੇ ਵਿਚ ਲਾਈਨ ਇਤਨੀ ਬਾਰੀਕ ਹੈ ਕਿ ਹਰ ਸਮੇਂ ਥਿੜਕਣ ਦਾ ਡਰ ਹੈ। ਇਸ ਲਈ ਨਾ ਖਾਧਾ ਜਾਏ ਤਾਂ ਚੰਗਾ ਹੈ ਪਰ ਜੇ ਕੁਠਾ ਨਹੀਂ ਖਾਧਾ ਤਾਂ ਨਾ ਤਾਂ ਪਤਿਤ ਹੀ ਹੈ ਅਤੇ ਨਾ ਹੀ ਤਨਖਾਹੀਆ।*** ਨਾਲ ਹੀ ਉਹਨਾਂ ਨੇ ਕਿਹਾ ਕਿ ***'ਇਹ ਨਹੀਂ ਕਿ ਤੂੰ ਜਾ ਕੇ ਕਹਿੰਦਾ ਫਿਰੇਂ ਕਿ ਸੰਤਾਂ ਨੇ ਕਿਹਾ ਹੈ ਕਿ ਮਾਸ ਖਾ ਲਿਆ ਕਰੋ।'***

ਇਸ ਬੱਜਰ ਕੁਰਹਿਤ ਦੀ ਵਿਚਾਰ ਦਾ ਤੱਤ ਸਾਰ ਇਹ ਹੈ ਕਿ ਗੁਰਮਤਿ ਅਤੇ ਸਿੱਖ ਰਹਿਤ ਮਰਯਾਦਾ ਮਾਸ ਖਾਣ ਜਾਂ ਨਾ ਖਾਣ ਦੀ ਵਕਾਲਤ ਨਹੀਂ ਕਰਦੀ ਬਲਕਿ ***ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨ ਧਿਆਨੁ ਨਹੀ ਜਾਣੈ ॥*** ਕਹਿ ਕੇ ਇਸ ਵਿਚ ਉਲਝਣ ਵਾਲਿਆਂ ਨੂੰ ਮੂਰਖ ਦਾ ਲਕਬ ਦਿੰਦੀ ਹੈ। ਇਸ ਹੁਕਮ ਦੀ ਅਵੱਗਿਆ ਕਰਦਿਆਂ ਬੱਜਰ ਕੁਰਹਿਤ ਕੁੱਠਾ ਬਾਰੇ ਸੁਚੇਤ ਕਰਨ ਦੀ ਬਜਾਇ ਮਾਸ ਖਾਣ ਜਾਂ ਨਾ ਖਾਣ ਨੂੰ ਹੀ ਮੁੱਦਾ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਬਹੁਤੇ ਪ੍ਰਚਾਰਕ ਜੋ ਆਪ ਮਾਸ ਨਹੀਂ ਖਾਂਦੇ ਉਹ ਇਸ ਬੱਜਰ ਕੁਰਹਿਤ ਤੋਂ ਸੁਚੇਤ ਕਰਨ ਲਈ ਘੱਟ ਹੀ ਬੋਲਦੇ ਹਨ। ਇਸ ਦਾ ਨਕਾਰਾਤਮਕ ਅਸਰ ਇਹ ਹੋ ਰਿਹਾ ਹੈ ਕਿ ਮਾਸ ਨਾ ਖਾਣ ਵਾਲਿਆਂ ਲਈ ਇਹ ਕੋਈ ਵਿਸ਼ਾ ਹੀ ਨਹੀਂ ਹੈ ਅਤੇ ਜੋ ਮਾਸ ਖਾਂਦੇ ਹਨ ਉਹ ਇਹ ਵਿਚਾਰ ਹੀ ਨਹੀਂ ਕਰਦੇ ਕਿ ਇਹ ਕੁੱਠਾ ਹੈ ਜਾਂ ਨਹੀਂ। ਉਹ ਇਸ ਬਾਰੇ ਆਪਣੀਆਂ ਹੀ ਢੁੱਚਰਾਂ ਡਾਹ ਲੈਂਦੇ ਹਨ। ਇਸ ਤਰ੍ਹਾਂ

SikhBookClub.com

ਜਾਣੇ ਅਣਜਾਣੇ ਵਿਚ ਹੀ ***ਅਭਾਖਿਆ ਕਾ ਕੁਠਾ ਬਕਰਾ ਖਾਣਾ*** ਮੁਤਾਬਕ ਕੌਮ ਦਾ ਇਕ ਹਿੱਸਾ ਇਸ ਬੱਜਰ ਕੁਰਹਿਤ ਦਾ ਭਾਗੀ ਬਣਦਾ ਜਾ ਰਿਹਾ ਹੈ। ਇਸ ਲਈ ਜ਼ਰੂਰੀ ਹੈ ਕਿ ਜਿੱਥੇ ਬਾਕੀ ਤਿੰਨ ਕੁਰਹਿਤਾਂ ਬਾਰੇ ਪ੍ਰਚਾਰ ਕੀਤਾ ਜਾਂਦਾ ਹੈ ਇਸ ਬਾਰੇ ਵੀ ਸੰਗਤ ਨੂੰ ਸੁਚੇਤ ਕੀਤਾ ਜਾਵੇ।

3) **ਪਰ-ਇਸਤ੍ਰੀ ਜਾਂ ਪਰ-ਪੁਰਸ਼ ਦਾ ਗਮਨ (ਭੋਗਣਾ)**

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਦੋਂ **'ਸੀਲ ਜਤ ਕੀ ਕਛ ਪਹਰਿ ਪਕੜਿਓ ਹਥਿਆਰਾ'** ਵਾਲਾ ਖ਼ਾਲਸਾ ਪ੍ਰਗਟ ਕੀਤਾ ਤਾਂ ਉਸਨੂੰ ਤੀਸਰੀ ਬੱਜਰ ਕੁਰਹਿਤ ਪਰ-ਤਨ ਗਾਮੀ ਹੋਣਾ, ਤੋਂ ਵੀ ਮੁਕਤੀ ਪ੍ਰਦਾਨ ਕੀਤੀ। ਪੰਜਾਂ ਵਿਕਾਰਾਂ ਵਿਚ ਇਹ ਸਭ ਵਿਕਾਰਾਂ ਦਾ ਸੋਮਾ ਅਤੇ ਸਭ ਤੋਂ ਵੱਧ ਬਲੀ ਅਤੇ ਖ਼ਤਰਨਾਕ ਹੈ। ਗੁਰਬਾਣੀ ਵਿਚ ਇਸ ਤੋਂ ਬਚਣ ਲਈ ਬਾਰ ਬਾਰ ਵਾਹਿਗੁਰੂ ਦੀ ਪਨਾਹ ਮੰਗੀ ਗਈ ਹੈ।

ਗੁਰਬਾਣੀ ਅਤੇ ਰਹਿਤਨਾਮਿਆਂ ਵਿਚ ਵਿਸਥਾਰ ਸਹਿਤ ਇਸ ਦਾ ਜ਼ਿਕਰ ਕੀਤਾ ਗਿਆ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਹੁਕਮ ਕਰਦੇ ਹਨ ਕਿ ਛਿਨ ਮਾਤਰ ਦੇ ਇਸ ਕਾਮ ਦੇ ਸੁਆਦ ਵਿਚ ਖਚਤ ਹੋਣ ਨਾਲ ਸਾਰਾ ਜੀਵਨ ਪਛਤਾਵਾ ਕਰਦਾ ਹੈ:

ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ ॥
ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥੧॥

(ਆਸਾ ਮ. ੫, ਅੰਗ ੪੦੩)

ਇਸਦੇ ਬਾਅਦ ਸੱਚੇ ਪਾਤਸ਼ਾਹ ਚੇਤਾਵਨੀ ਦਿੰਦੇ ਹਨ ਕਿ ਪਰ-ਤਨ ਗਾਮੀ ਹੋਣਾ ਜ਼ਹਿਰੀਲੇ ਸੱਪਾਂ ਦਾ ਸੰਗ ਕਰਨ ਤੁਲ ਹੈ। ***ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ ॥2॥*** (ਆਸਾ ਮ. ੫, ਅੰਗ 403)

ਭਾਈ ਗੁਰਦਾਸ ਜੀ ਆਪਣੇ ਕਬਿੱਤ ਵਿਚ ਇਸ ਦੀ ਵਿਆਖਿਆ ਕਰਦੇ ਹਨ:

ਜੈਸੇ ਬਿਖ ਤਨਕ ਹੀ ਖਾਤ ਮਰਿ ਜਾਤਿ ਤਾਤ
ਗਾਤਿ ਮੁਰਝਾਤ ਪ੍ਰਤਿਪਾਲੀ ਬਰਖਨ ਕੀ।

ਜਿਵੇਂ ਰੰਚਕ ਮਾਤਰ ਜ਼ਹਿਰ ਹੀ ਵਰ੍ਹਿਆਂ ਬੱਧੀ ਪਾਲੀ ਹੋਈ ਦੇਹ ਨੂੰ ਮਾਰ ਦਿੰਦਾ ਹੈ।

ਜੈਸੇ ਕੋਟਿ ਭਾਰਿ ਤੂਲਿ ਰੰਚਕ ਚਿਨਗ ਪਰੇ
ਹੋਤ ਭਸਮਾਤ ਛਿਨ ਮੈ ਅਕਰਖਨ ਕੀ।

ਜਿਵੇਂ ਰੂੰ ਦੀਆਂ ਕ੍ਰੋੜਾਂ ਪੰਡਾ ਇਕ ਚਿੰਗਾਰੀ ਨਾਲ ਭਸਮ ਹੋ ਜਾਂਦੀਆਂ ਹਨ:

ਮਹਿਖੀ ਦੁਹਾਇ ਦੂਧ ਰਾਖੀਐ ਭਾਂਜਨ ਭਰਿ
ਪਰਤਿ ਕਾਂਜੀ ਕੀ ਬੂੰਦ ਬਾਦਿ ਨ ਰਖਨ ਕੀ।

ਜਿਵੇਂ ਦੁੱਧ ਦਾ ਭਰਿਆ ਬਾਟਾ ਇਸ ਵਿਚ ਪਈ ਕਾਂਜੀ ਦੀ ਇਕ ਬੂੰਦ ਨਾਲ ਹੀ ਕਿਸੇ ਕੰਮ ਜੋਗਾ ਨਹੀਂ ਰਹਿੰਦਾ:

ਤੈਸੇ ਪਰ ਤਨ ਧਨ ਦੂਖਨਾ ਬਿਕਾਰ ਕੀਏ
ਹਰੈ ਨਿਧਿ ਸੁਕ੍ਰਤ ਸਹਜ ਹਰਖਨ ਕੀ ॥੫੦੬॥

SikhBookClub.com

ਅਤੇ ਨਾਲ ਹੀ ਸਪਸ਼ਟ ਤੌਰ 'ਤੇ ਨਸੀਹਤ ਵੀ ਫ਼ਰਮਾਂਦੇ ਹਨ :

ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ ।

(ਵਾਰ ੨੯, ਪਉੜੀ ੧੧)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹੁਕਮ ਕਰਦੇ ਹਨ,

ਰੀਤਿ ਨ ਜਾਨਤ ਪ੍ਰੀਤ ਕੀ ਪੈਸਨ ਕੀ ਪਰਤੀਤ ॥
ਬਿਛੂ ਬਿਸੀਅਰੁ ਬੇਸਯਾ ਕਹੋ ਕਵਨ ਕੇ ਮੀਤ ॥੪੩॥

(ਚਰਿਤ੍ਰ ੧੬, ਦ.ਗ੍ਰੰ.)

ਕਲਗੀਧਰ ਪਾਤਸ਼ਾਹ ਤਾਂ ਇਕ ਸਿੱਖ ਭਾਈ ਜੋਗਾ ਸਿੰਘ ਦੇ ਬਿਰਦ ਬਾਣੇ ਦੀ ਲਾਜ ਰੱਖਣ ਲਈ ਖ਼ੁਦ ਵੇਸਵਾ ਦੇ ਦਰਵਾਜ਼ੇ 'ਤੇ ਸਾਰੀ ਰਾਤ ਪਹਿਰਾ ਦਿੰਦੇ ਹਨ ਅਤੇ ਸਪਸ਼ਟ ਤਾੜਨਾ ਕਰਦੇ ਹਨ :

ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ॥
ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ ॥
ਨਿਜ ਨਾਰੀ ਕੇ ਸੰਗ ਨੇਹੁ ਤੁਮ ਨਿੱਤ ਬਢੈਯਹੁ ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂ ਨ ਜੈਯਹੁ ॥੫੧॥

(ਚਰਿਤ੍ਰ ੨੧, ਦ.ਗ੍ਰੰ.)

ਭਾਈ ਨੰਦ ਲਾਲ ਜੀ ਦੇ ਬਚਨ ਹਨ,

ਅਨੰਦ ਬਿਨਾ ਜੋ ਭੋਗੇ ਨਾਰ ।
ਜਮ ਪੁਰ ਬਧੇ ਹੋਇ ਖੁਆਰ ।
ਬਿਨਾ ਅਨੰਦ ਬਿਭਚਾਰ ਸਮਾਨੇ ।
ਕਰ ਅਨੰਦ ਨਿਜ ਨਾਰ ਪਛਾਨੇ ।

(ਰਹਿਤਨਾਮਾ ਭਾਈ ਨੰਦ ਲਾਲ ਜੀ)

ਇਸੇ ਤਰ੍ਹਾਂ ਮੁਕਤਨਾਮਾ ਵਿਚ ਵੀ ਅੰਕਤ ਹੈ :

ਬਿਨਾ ਬਯਾਹ ਬਿਨ ਪਠੇ ਅਨੰਦ ।
ਪਰ ਤ੍ਰਿਯ ਰਮਹਿ ਨ ਹੇਤੁ ਅਨੰਦ ।

(ਮੁਕਤਨਾਮਾ)

ਪਰ ਜੇ ਗੁਰੂ ਦੀ ਕਿਰਪਾ ਦ੍ਰਿਸ਼ਟੀ ਹੋ ਜਾਏ ਤਾਂ ਹੀ ਇਹਨਾਂ ਵਿਕਾਰਾਂ ਤੋਂ ਛੁਟਕਾਰਾ ਸੰਭਵ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਹੁਕਮ ਹੈ :

ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥
ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥੧੭॥
ਵਾਤ ਵਜਨਿ ਟੰਮਕ ਭੇਰੀਆ ॥ ਮਲ ਲਥੇ ਲੈਦੇ ਫੇਰੀਆ ॥
ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥੧੮॥

(ਮ. ੫, ੭੪)

SikhBookClub.com

4) ਤਮਾਕੂ ਦਾ ਵਰਤਣਾ

ਸਿੱਖ ਰਹਿਤ ਮਰਯਾਦਾ ਮੁਤਾਬਕ ਚੌਥੀ ਅਤੇ ਅੰਤਮ ਬੱਜਰ ਕੁਰਹਿਤ ਹੈ ਤਮਾਕੂ ਦਾ ਵਰਤਣਾ। ਤਮਾਕੂ ਇਕੱਲਾ ਹੀ ਰੋਗ ਦਾ ਕਾਰਨ ਨਹੀਂ ਹੈ ਬਲਕਿ ਇਹ ਕਈ ਭਿਆਨਕ ਬਿਮਾਰੀਆਂ ਦਾ ਜਨਮ ਦਾਤਾ ਵੀ ਹੈ। ਇਹ ਸਤਿਗੁਰੂ ਜੀ ਦੀ ਅਪਾਰ ਰਹਿਮਤ ਸੀ ਕਿ ਇਸ ਨੂੰ ਜਗਤ ਜੂਠ ਕਰਾਰ ਦੇ ਕੇ ਸਿੱਖਾਂ ਨੂੰ ਇਸ ਤੋਂ ਪੂਰੀ ਤਰ੍ਹਾਂ ਬਚਾ ਲਿਆ। ਕਲਗੀਧਰ ਪਿਤਾ ਨੇ ਹੁਕਮ ਕੀਤਾ :

ਤਮਾਕੂ ਦੇ ਰੰਚਕ ਮਾਤਰ ਸੇਵਨ ਨਾਲ ਦੇਵ ਪਿਤ੍ਰ ਸਭ ਸਾਥ ਛੱਡ ਜਾਂਦੇ ਹਨ।
ਐਸੇ ਵਿਅਕਤੀ ਦੇ ਹੱਥ ਦਾ ਪਾਣੀ ਵੀ ਸ਼ਰਾਬ ਵਾਂਗਰ ਪਾਪ ਦਾਇਕ ਹੈ।

ਤਨਕ ਤਮਾਕੂ ਸੇਵੀਏ ਦੇਵ ਪਿੱਤ੍ਰ ਤਜਿ ਜਾਇ।
ਪਾਨੀ ਤਾਂਕੇ ਹਾਥ ਕੋ ਮਦਰਾ ਸਮ ਅਘ ਦਾਇ ॥੨੨॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤਿ ੫ ਅ. ੨੯)

ਹਜ਼ੂਰ ਨੇ ਹੋਰ ਫ਼ਰਮਾਇਆ ਕਿ ਸ਼ਰਾਬ ਸੱਤ ਕੁਲਾਂ ਸਾੜਦੀ ਹੈ ਅਤੇ ਭੰਗ ਇਕ ਦੇਹ ਸਾੜ ਦਿੰਦੀ ਹੈ ਪਰ ਤਮਾਕੂ ਤਾਂ ਸੌ ਕੁਲਾਂ ਸਾੜ ਕੇ ਸਵਾਹ ਕਰ ਦਿੰਦਾ ਹੈ।

ਮਦਰਾ ਦਹਿਤਾ ਸਪਤਿ ਕੁਲ ਭੰਗੁ ਦਹੈ ਤਨ ਏਕ।
ਸ਼ਤ ਕੁਲ ਦਹਿਤਾ ਜਗਤ ਜੂਠ ਨਿੰਦਾ ਦਹੈ ਅਨੇਕ ॥੨੩॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅ. ੨੯)

ਇਸ ਲਈ ਸਤਿਗੁਰੂ ਜੀ ਦੀ ਤਾੜਨਾ ਹੈ ਕਿ ਕਲਿਜੁਗ ਵਿਚ ਜਿਸਨੇ ਤਮਾਕੂ ਦਾ ਪੂਰੀ ਤਰ੍ਹਾਂ ਤਿਆਗ ਕਰ ਦਿੱਤਾ ਹੈ ਉਹ ਪਰਵਾਨ ਹੈ। ਉਸ ਦੀਆਂ ਭਾਵਨਾਵਾਂ ਵੀ ਪੂਰੀਆਂ ਹੋਣਗੀਆਂ ਅਤੇ ਉਸਦੀ ਕਮਾਈ ਵੀ ਸਫ਼ਲ ਹੈ :

ਤਜੈ ਤਮਾਕੂ ਮਨੁਖ ਕਲਿ ਉਧਰਿਆ ਦਰ ਪਰਵਾਨ।
ਪੂਰੀ ਪਰੀ ਤਿਸ ਭਾਵਨਾ ਸਫਲ ਕਮਾਈ ਮਾਨਿ ॥੨੪॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅ. ੨੯)

ਕੁੱਠਾ, ਹੁੱਕਾ, ਚਰਸ, ਤਮਾਕੂ। ਗਾਂਜਾ, ਟੋਪੀ, ਤਾੜੀ, ਖਾਕੂ ।੩੦।
ਇਨ ਕੀ ਓਰ ਨ ਕਬਹੂ ਦੇਖੈ। ਰਹਤਵੰਤ ਜੋ ਸਿੰਘ ਬਿਸੇਖੈ ॥

(ਰਹਿਤਨਾਮਾ ਭਾਈ ਦੇਸਾ ਸਿੰਘ)

ਇੱਥੇ ਟੋਪੀ ਦਾ ਅਰਥ ਤਮਾਕੂ ਪੀਣ ਲਈ ਵਰਤੀ ਜਾਂਦੀ ਚਿਲਮ ਹੈ। ਸਤਿਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਮੇਰੇ ਸਿੱਖੋ ! ਰਹਿਤ ਇਹ ਹੈ ਕਿ ਤਮਾਕੂ ਦਾ ਸਾਥ ਛੱਡ ਦਓ। ਭਾਵੇਂ ਜਾਨ ਵੀ ਚਲੀ ਜਾਏ ਪਰ ਤਮਾਕੂ ਨੂੰ ਛੂਹਣਾ ਤਕ ਨਹੀਂ।

ਸੁਨੋ ਸਿਖ ਮਮ ਰਹਿਤ ਜੋ ਤਜਹੁ ਤਮਾਕੂ ਸੰਗ।
ਮਰਨ ਮਰੇ ਤੋ ਅਤਿ ਭਲੋ ਜਗਤ ਜੂਠ ਨਹਿ ਅੰਗਿ ॥੨੧॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤਿ ੫ ਅ. ੨੯)

SikhBookClub.com

ਹਜ਼ੂਰ ਦੇ ਇਸ ਬਚਨ ਨੂੰ ਬਾਰਨ (ਮੁਗਲਮਾਜਰਾ), ਪਟਿਆਲੇ ਦੇ ਨਿਵਾਸੀ ਭਾਈ ਜੈ ਸਿੰਘ ਖਲਕਟ ਨੇ ਆਪਣੀ ਅਤੇ ਪੂਰੇ ਪਰਿਵਾਰ ਦੀ ਅਦੁੱਤੀ ਕੁਰਬਾਨੀ ਦੇ ਕੇ ਪੂਰਾ ਕੀਤਾ। ਭਾਈ ਸਾਹਿਬ ਜੀ ਖੂਹ 'ਤੇ ਇਸ਼ਨਾਨ ਕਰ ਰਹੇ ਸਨ ਤਾਂ ਨਵਾਬ ਅਬਦੁੱਸ ਸਮੱਦ ਖਾਨ ਉਸ ਪਾਸਿਉਂ ਲੰਘਿਆ। ਉਸਨੇ ਕੋਈ ਸਿੱਖ ਵੇਖਣ ਦੀ ਇੱਛਾ ਜ਼ਾਹਰ ਕੀਤੀ ਤੇ ਸਿਪਾਹੀ ਭਾਈ ਸਾਹਿਬ ਨੂੰ ਨਵਾਬ ਦੇ ਕੋਲ ਲੈ ਗਏ। ਨਵਾਬ ਨੇ ਭਾਈ ਜੈ ਸਿੰਘ ਨੂੰ ਹੁਕਮ ਦਿੱਤਾ ਕਿ ਉਹ ਉਹਨਾਂ ਦੀ ਪੰਡ ਚੁੱਕ ਕੇ ਲੈ ਚਲੇ। ਭਾਈ ਸਾਹਿਬ ਨੇ ਵੇਖਿਆ ਕਿ ਉਸ ਵਿਚ ਹੁੱਕੇ ਸਨ। ਉਹਨਾਂ ਨੇ ਸਾਫ਼ ਇਨਕਾਰ ਕਰ ਦਿੱਤਾ। ਨਤੀਜਾ, ਭਾਈ ਸਾਹਿਬ ਜੀ ਨੂੰ ਪਿੱਪਲ ਦੇ ਰੁਖ ਨਾਲ ਪੁੱਠਾ ਟੰਗ ਕੇ ਸਾਰਾ ਸਰੀਰ ਪੱਛ ਦਿੱਤਾ ਗਿਆ, ਜਿਸਨੂੰ ਪੁੱਠੀ ਖੱਲ ਲੁਹਾਉਣਾ ਕਹਿੰਦੇ ਹਨ। ਇਤਨਾ ਹੀ ਨਹੀਂ ਭਾਈ ਸਾਹਿਬ ਜੀ ਦੀ ਸਿੰਘਣੀ, ਉਹਨਾਂ ਦੇ ਦੋ ਪੁੱਤਰਾਂ ਅਤੇ ਨੂੰਹ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ। ਭਾਈ ਸਾਹਿਬ ਜੀ ਨੇ ਗੁਰੂ ਦੇ ਬਚਨ ਨੂੰ ਕਮਾਉਂਦਿਆਂ ਸ਼ਹਾਦਤ ਤਾਂ ਪ੍ਰਵਾਨ ਕਰ ਲਈ ਪਰ ਤਮਾਕੂ ਵਾਲੀ ਪੰਡ ਚੁਕਣੀ ਮਨਜ਼ੂਰ ਨਾ ਕੀਤੀ। ਕੀ ਇਸ ਤੋਂ ਵੱਧ ਹੈਰਾਨੀ ਨਹੀਂ ਕਿ ਵਿਦੇਸ਼ਾਂ ਵਿਚ ਵਸਦੇ ਗੁਰੂ ਕੇ ਸਿੱਖ ਤਮਾਕੂ ਦਾ ਵਪਾਰ ਕਰਦੇ ਵੇਖੇ ਜਾ ਸਕਦੇ ਹਨ।

ਇਨ੍ਹਾਂ ਵਿਚੋਂ ਕੋਈ ਕੁਰਹਿਤ ਹੋ ਜਾਵੇ ਤਾਂ ਮੁੜ ਕੇ ਅੰਮ੍ਰਿਤ ਛਕਣਾ ਪਏਗਾ। ਆਪਣੀ ਇੱਛਾ ਵਿਰੁੱਧ ਅਨਭੋਲ ਹੀ ਕੋਈ ਕੁਰਹਿਤ ਹੋ ਜਾਵੇ ਤਾਂ ਕੋਈ ਦੰਡ ਨਹੀਂ।.....

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੩੦)

ਉਕਤ ਚਾਰ ਬੱਜਰ ਕੁਰਹਿਤਾਂ ਦਾ ਵਰਣਨ ਕਰਨ ਉਪਰੰਤ ਇਹ ਸਪਸ਼ਟ ਕੀਤਾ ਗਿਆ ਹੈ ਕਿ ਇਹਨਾਂ ਵਿਚੋਂ ਕਿਸੇ ਵੀ ਕੁਰਹਿਤ ਕਰਨ ਵਾਲੇ ਲਈ ਮੁੜ ਅੰਮ੍ਰਿਤਪਾਨ ਲਾਜ਼ਮੀ ਹੈ। ਪਰ ਨਾਲ ਹੀ ਅਣਜਾਣੇ ਵਿਚ ਜਾਂ ਆਪਣੀ ਇੱਛਾ ਦੇ ਵਿਰੁੱਧ ਕੋਈ ਕੁਰਹਿਤ ਹੁੰਦੀ ਹੈ ਤਾਂ ਇਸਦਾ ਕੋਈ ਦੰਡ ਨਹੀਂ ਹੈ। ਦੁਨਿਆਵੀ ਕਾਨੂੰਨ ਵਿਚ ਵੀ ਇਕ ਲਫ਼ਜ਼ ਵਰਤਿਆ ਜਾਂਦਾ ਹੈ ਮੈਨਸਰੀਆ (mens rea) ਅਪਰਾਧਿਕ ਇਰਾਦਾ। ਜੇਕਰ ਕਿਸੇ ਅਪਰਾਧ ਕਰਨ ਵਿਚ ਉਸਦਾ ਇਰਾਦਾ ਨਹੀਂ ਹੈ ਤਾਂ ਉਸ ਨੂੰ ਸਜ਼ਾ ਨਹੀਂ ਦਿੱਤੀ ਜਾ ਸਕਦੀ। ਸਿੱਖ ਰਹਿਤ ਮਰਯਾਦਾ ਦੀ ਇਹ ਮੱਦ ਇਸ ਦੇ ਅਨੁਰੂਪ ਹੈ।

(ਟ) **.....ਸਿਰਗੁੰਮ[21], ਨੜੀ ਮਾਰ (ਜੋ ਸਿੱਖ ਹੋ ਕੇ ਇਹ ਕੰਮ ਕਰਨ) ਦਾ ਸੰਗ ਨਹੀਂ ਕਰਨਾ। ਪੰਥ ਸੇਵਾ ਅਤੇ ਗੁਰਦੁਆਰਿਆਂ ਦੀ ਟਹਿਲ ਵਿਚ ਤਤਪਰ ਰਹਿਣਾ, ਆਪਣੀ ਕਮਾਈ ਵਿਚੋਂ ਗੁਰੂ ਕਾ ਦਸਵੰਧ ਦੇਣਾ ਆਦਿ ਸਾਰੇ ਕੰਮ ਗੁਰਮਤਿ ਅਨੁਸਾਰ ਕਰਨੇ।**

ਖਾਲਸਾ ਧਰਮ ਦੇ ਨਿਯਮਾਂ ਅਨੁਸਾਰ ਜਥੇਬੰਦੀ ਵਿਚ ਇਕ ਸੂਤ ਪਰੋਏ ਰਹਿਣਾ, ਰਹਿਤ, ਵਿਚ ਕੋਈ ਭੁੱਲ ਹੋ ਜਾਵੇ ਤਾਂ ਖਾਲਸੇ ਦੇ ਦੀਵਾਨ ਵਿਚ ਹਾਜ਼ਰ ਹੋ ਕੇ ਬੇਨਤੀ ਕਰ ਕੇ ਤਨਖਾਹ ਬਖਸ਼ਾਉਣੀ। ਅੱਗੇ ਲਈ ਸਾਵਧਾਨ ਰਹਿਣਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੩੦-੩੧)

21. *ਕੇਸਾਧਾਰੀ ਹੋ ਕੇ ਜੋ ਕੇਸ ਕਟਾ ਦੇਵੇ।*

SikhBookClub.com

ਵਿਆਖਿਆ

ਮਰਯਾਦਾ ਦੇ ਇਸ ਹਿੱਸੇ ਵਿਚ ਖ਼ਾਲਸੇ ਨੂੰ ਨਖ਼ਾਲਸ ਬਣਾਏ ਰੱਖਣ ਲਈ ਸੰਗਤ ਅਤੇ ਕੁਸੰਗਤ ਦਾ ਜ਼ਿਕਰ ਕੀਤਾ ਹੈ ਤੇ ਨਾਲ ਹੀ ਕੋਈ ਭੁੱਲ ਹੋ ਜਾਣ ਦੀ ਸੂਰਤ ਵਿਚ ਕਿਵੇਂ ਦੋਸ਼ ਮੁਕਤ ਹੋਣਾ ਹੈ ਇਹ ਦਰਸਾਇਆ ਗਿਆ ਹੈ।

ਸਿਰਗੁੰਮ, ਨੜੀਮਾਰ ਦੀ ਸੰਗਤ ਨਹੀਂ ਕਰਨੀ

ਇਸ ਮੱਦ ਵਿਚ ਸਿਰਗੁੰਮ ਅਤੇ ਨੜੀ ਮਾਰ ਦੀ ਸੰਗਤ ਨਾ ਕਰਨ ਦੀ ਹਿਦਾਇਤ ਹੈ। ਇੱਥੇ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਸਿਰਗੁੰਮ ਉਹ ਹੈ ਜੋ ਕੇਸਾਧਾਰੀ ਹੋ ਕੇ ਕੇਸ ਕਟਾ ਦੇਵੇ ਅਤੇ ਨੜੀਮਾਰ ਉਹ ਹੈ ਜੋ ਸਿੱਖ ਹੋ ਕੇ ਤਮਾਕੂ ਵਰਤਦਾ ਹੋਵੇ।

ਘਰਾਂ ਵਿਚ ਮਾਪੇ ਅਤੇ ਸਕੂਲਾਂ ਵਿਚ ਅਧਿਆਪਕ ਵੀ ਬੱਚਿਆਂ ਨੂੰ ਮਾੜੀ ਸੰਗਤ ਤੋਂ ਬਚਣ ਦੀ ਤਾਕੀਦ ਕਰਦੇ ਹਨ। ਨਰੋਏ ਸਮਾਜ ਦੀ ਸਿਰਜਨਾ ਲਈ ਵੀ ਮਾੜੇ ਅਨਸਰਾਂ ਨੂੰ ਨਿਖੇੜਨਾ ਜ਼ਰੂਰੀ ਹੁੰਦਾ ਹੈ। ਇਸ ਵਿਚ ਕਿਸੇ ਦਾ ਵਿਰੋਧ ਜਾਂ ਦੁਰਭਾਵਨਾ ਨਹੀਂ ਬਲਕਿ ਗ਼ਲਤ ਅਨਸਰ ਨੂੰ ਵੀ ਉਸਦੇ ਵਤੀਰੇ ਪ੍ਰਤੀ ਅਹਿਸਾਸ ਦਿਵਾਉਣਾ ਹੁੰਦਾ ਹੈ ਅਤੇ ਆਪਣੇ ਆਪ ਨੂੰ ਉਸ ਤੋਂ ਬਚਾਉਣਾ ਹੁੰਦਾ ਹੈ। ਇਸੇ ਤਰ੍ਹਾਂ ਧਾਰਮਿਕ ਖੇਤਰ ਵਿਚ ਵੀ ਮਰਯਾਦਾ ਦੀ ਉਲੰਘਣਾ ਕਰਨ ਜਾਂ ਧਾਰਮਿਕ ਅਪਰਾਧੀ ਨਾਲ ਮਿਲਵਰਤਣ ਨਾ ਕਰਨ ਦਾ ਵਿਧਾਨ ਹੈ।

ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥
ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥੮੮॥

(ਭ. ਕਬੀਰ ਜੀ, ਅੰਗ ੧੩੬੯)

ਪੰਥ ਅਤੇ ਗੁਰਦੁਆਰਿਆਂ ਦੀ ਸੇਵਾ ਟਹਿਲ ਅਤੇ ਦਸਵੰਧ ਦੇਣਾ

ਇਸ ਮੱਦ ਦੇ ਅਗਲੇ ਹਿੱਸੇ ਵਿਚ ਆਦੇਸ਼ ਹੈ ਕਿ ਹਰ ਸਿੱਖ ਨੇ ਆਪਣੇ ਸਾਰੇ ਪੰਥਕ ਫ਼ਰਜ਼ ਗੁਰਮਤਿ ਅਨੁਸਾਰ ਕਰਨੇ ਹਨ। ਇਹਨਾਂ ਵਿਚ ਪੰਥ ਸੇਵਾ ਅਤੇ ਗੁਰਦੁਆਰਿਆਂ ਦੀ ਟਹਿਲ ਵਿਚ ਤਤਪਰ ਰਹਿਣਾ, ਅਤੇ ਕਿਰਤ ਕਮਾਈ ਵਿਚੋਂ ਦਸਵੰਧ ਦੇਣਾ ਸ਼ਾਮਲ ਹੈ। ਕਾਰਨ ਗੁਰਦੁਆਰਾ ਸਾਹਿਬ ਸਿੱਖ ਦੀ ਜ਼ਿੰਦਗੀ ਦਾ ਕੇਂਦਰ ਬਿੰਦੂ ਹੈ।

ਪੰਥਕ ਜਥੇਬੰਦੀ ਵਿਚ ਇਕ ਸੁਤ ਰਹਿਣਾ

ਸਿੱਖ ਨੂੰ ਧੁਰੇ ਨਾਲ ਜੋੜੀ ਰੱਖਣ ਲਈ ਗੁਰੂ ਸਾਹਿਬ ਨੇ ਪੰਥ ਦੀ ਸਾਜਨਾ ਕਰਕੇ ਇਸ ਨੂੰ ਗੁਰੂ ਪੰਥ ਦਾ ਰੁਤਬਾ ਪ੍ਰਦਾਨ ਕੀਤਾ ਹੈ । ਪੰਥ ਦਾ ਹੁਕਮ ਗੁਰੂ ਹੁਕਮ ਕਰ ਕੇ ਜਾਣਨਾ ਹੀ ਸਿੱਖੀ ਹੈ। ਸਿੱਖ ਦੀ ਜ਼ਿੰਦਗੀ ਦੇ ਦੋ ਪੱਖ ਹਨ ਨਿਜੀ ਅਤੇ ਪੰਥਕ। ਇਸ ਲਈ ਹਰ ਸਿੱਖ ਦਾ ਫ਼ਰਜ਼ ਹੈ ਕਿ ਉਹ ਜ਼ਾਤੀ ਅਤੇ ਜਮਾਤੀ ਤੌਰ 'ਤੇ ਪੰਥ ਨਾਲ ਇਕਸੂਤ ਹੋ ਕੇ ਵਿਚਰੇ। ਵੱਖ ਵੱਖ ਜਥੇ, ਜਥੇਬੰਦੀਆਂ, ਸੰਪ੍ਰਦਾਵਾਂ, ਟਕਸਾਲਾਂ, ਡੇਰੇ, ਸੰਸਥਾਵਾਂ, ਦਲ, ਪ੍ਰਚਾਰਕ, ਪਾਰਟੀਆਂ ਆਦਿ ਪੰਥ ਦਾ ਹਿੱਸਾ ਹੋ ਕੇ ਗੁਰੂ ਪੰਥ ਦੀ ਸੇਵਾ ਕਰ ਸਕਦੇ ਹਨ । ਹਰ ਇਕ ਦੀ ਬਹੁਤ ਵੱਡੀ ਦੇਣ ਹੈ ਜਿਸ ਨੂੰ ਕਦਾਚਿਤ ਅੱਖੋਂ ਪਰੋਖੇ ਨਹੀਂ ਕੀਤਾ ਜਾ

SikhBookClub.com

ਸਕਦਾ। ਇਕੱਲੇ ਇਕੱਲੇ ਇਹ ਪੰਥ ਦਾ ਹਿੱਸਾ ਤਾਂ ਅਖਵਾ ਸਕਦੇ ਹਨ ਪਰ ਪੰਥ ਨਹੀਂ। ਇਹ ਉਤਨੀ ਦੇਰ ਹੀ ਗੁਰੂ ਪੰਥ ਦਾ ਅੰਗ ਬਣੇ ਰਹਿਣਗੇ ਜਿਤਨੀ ਦੇਰ ਇਹ ਪੰਥਕ ਹਿਤ ਵਿਚ ਪੰਥਕ ਆਦੇਸ਼ ਅਤੇ ਅਨੁਸ਼ਾਸਨ ਵਿਚ ਇਕਸੂਤ ਪਰੋਏ ਰਹਿਣਗੇ। ਇਹਨਾਂ ਸਾਰਿਆਂ ਦੇ ਸੰਗਠਨ ਅਤੇ ਸਮੂਹ ਦਾ ਨਾਮ ਹੀ ਗੁਰੂ ਰੂਪ ਖਾਲਸਾ ਜਾਂ ਗੁਰੂ ਪੰਥ ਹੈ। ਇਤਿਹਾਸ ਗਵਾਹ ਹੈ ਕਿ ਗੁਰੂ ਪੰਥ ਤੋਂ ਬੇਮੁਖ ਹੋ ਕੇ ਭਾਵੇਂ ਕੋਈ ਕਿਤਨਾ ਵੱਡਾ ਪ੍ਰਚਾਰਕ ਹੋਵੇ, ਪੰਥ ਦਾ ਅਹੁਦੇਦਾਰ ਰਿਹਾ ਹੋਵੇ, ਕੋਈ ਜਥੇਦਾਰ ਹੋਵੇ, ਕੋਈ ਜਥੇਬੰਦੀ ਹੋਵੇ ਉਹ ਸਿੱਖ ਅਖਵਾਉਣ ਦਾ ਹੱਕ ਵੀ ਗਵਾ ਲੈਂਦੀ ਹੈ।

ਰਹਿਤ, ਵਿਚ ਕੋਈ ਭੁੱਲ ਹੋ ਜਾਵੇ ਤਾਂ ਖਾਲਸੇ ਦੇ ਦੀਵਾਨ ਵਿਚ ਹਾਜ਼ਰ ਹੋ ਕੇ ਬੇਨਤੀ ਕਰ ਕੇ ਤਨਖਾਹ ਬਖਸ਼ਾਉਣੀ। ਅੱਗੇ ਲਈ ਸਾਵਧਾਨ ਰਹਿਣਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੩੦-੩੧)

"ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥" (ਮ.੧, ਅੰਗ 61) ਗੁਰਮਤਿ ਦੇ ਮਾਰਗ 'ਤੇ ਤੁਰਦਿਆਂ ਜਾਣੇ ਅਣਜਾਣੇ ਵਿਚ ਕਈ ਗ਼ਲਤੀਆਂ ਅਤੇ ਊਣਤਾਈਆਂ ਹੋ ਹੀ ਜਾਂਦੀਆਂ ਹਨ। ਇਨਸਾਨ ਭੁੱਲਣਹਾਰ ਹੈ ਪਰ ਵਾਹਿਗੁਰੂ ਬਖਸ਼ਣਹਾਰ ਹੈ। ਮਾਸਟਰ ਤਾਰਾ ਸਿੰਘ ਜੀ ਕਿਹਾ ਕਰਦੇ ਸਨ ਕਿ ਗ਼ਲਤੀ ਦੀ ਸਮਝ ਆ ਜਾਣ ਨਾਲ ਅੱਧੀ ਠੀਕ ਹੋ ਜਾਂਦੀ ਹੈ ਅਤੇ ਮੰਨ ਲੈਣ ਨਾਲ ਪੂਰੀ ਠੀਕ ਹੋ ਜਾਂਦੀ ਹੈ। ਸਮਾਂ ਰਹਿੰਦਿਆਂ ਜੇਕਰ ਕੀਤੀ ਹੋਈ ਭੁਲ ਨੂੰ ਗਲੋਂ ਲਾਹ ਨਾ ਦਿੱਤਾ ਜਾਏ ਤਾਂ ਇਹ ਲਗਾਤਾਰ ਗੋਡੇ ਗਿੱਟੇ ਭੰਨਦੀ ਰਹਿੰਦੀ ਹੈ। ***ਗੁਰੂ ਵੀਹ ਵਿਸਵੇ ਅਤੇ ਸੰਗਤ ਇਕੀ ਵਿਸਵੇ*** ਗੁਰੂ ਕਾਲ ਤੋਂ ਸਿੱਖ ਪ੍ਰੰਪਰਾ ਰਹੀ ਹੈ। ਇਸ ਲਈ ਮਰਯਾਦਾ ਵਿਚ ਗੁਰਮਤਿ ਅਨੁਸਾਰ ਇਹ ਮੱਦ ਰੱਖੀ ਗਈ ਹੈ ਕਿ ਰਹਿਤ ਦੀ ਭੁੱਲ ਹੋ ਜਾਣ 'ਤੇ ਦੀਵਾਨ ਵਿਚ ਸੰਗਤ ਦੇ ਸਨਮੁਖ ਖੜੇ ਹੋ ਕੇ ਆਪਣੀ ਭੁਲ ਦੀ ਮਾਫ਼ੀ ਮੰਗਣੀ ਅਤੇ ਕੀਤੀ ਹੋਈ ਭੁਲ ਨੂੰ ਬਖਸ਼ਣ ਲਈ ਬੇਨਤੀ ਕਰਨੀ ਹੈ। ਉਪਰੰਤ ਤਨਖਾਹ ਬਖਸ਼ਵਾ ਕੇ ਅੱਗੇ ਲਈ ਸਾਵਧਾਨ ਰਹਿਣਾ ਹੈ। ਇਥੇ ਖਾਲਸੇ ਦੇ ਦੀਵਾਨ ਦਾ ਅਰਥ ਨੇੜੇ ਦੀ ***ਗੁਰ ਸੰਗਤ*** ਹੈ ਨਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ। ਸਥਾਨਕ ***ਗੁਰ ਸੰਗਤ*** ਵੱਲੋਂ ਤਨਖ਼ਾਹ ਲਗਵਾ ਕੇ ਅੱਗੋਂ ਲਈ ਚੇਤੰਨ ਰਹਿਣਾ ਹੈ। ਤਨਖ਼ਾਹ ਧਾਰਮਿਕ ਦੰਡ ਹੈ ਨਾ ਕਿ ਸੇਵਾ। ਜਿਵੇਂ ਕਈ ਵਿਅਕਤੀ ਲਗਾਈ ਹੋਈ ਸਜ਼ਾ ਜਾਂ ਤਨਖ਼ਾਹ ਨੂੰ ਵੀ ਇਸ ਤਰ੍ਹਾਂ ਪ੍ਰਚਾਰਦੇ ਹਨ ਜਿਵੇਂ ਉਹਨਾਂ ਨੂੰ ਕੋਈ ਬਹੁਤ ਵੱਡਾ ਤਮਗ਼ਾ ਜਾਂ ਖਿਤਾਬ ਮਿਲ ਗਿਆ ਹੁੰਦਾ ਹੈ।

(ਠ) ਤਨਖਾਹੀਏ ਇਹ ਹਨ-

1. ਮੀਣੇ[22], ਮਸੰਦ, ਧੀਰਮੱਲੀਏ, ਰਾਮਰਾਈਏ, ਆਦਿਕ ਪੰਥ ਵਿਰੋਧੀਆਂ ਨਾਲ ਜਾਂ ਨੜੀ ਮਾਰ, ਕੁੜੀ ਮਾਰ, ਸਿਰਗੁੰਮ ਨਾਲ ਵਰਤਣ[23] ਵਾਲਾ ਤਨਖਾਹੀਆ ਹੋ ਜਾਂਦਾ ਹੈ।

2. ਬੇ-ਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲਾ।

22. ਇਹਨਾਂ ਵਿਚੋਂ ਜਿਹੜੇ ਅੰਮ੍ਰਿਤ ਛਕ ਕੇ ਪੰਥ ਵਿਚ ਮਿਲ ਜਾਣ, ਉਹਨਾਂ ਨਾਲ ਵਰਤਣਾ ਠੀਕ ਹੈ।

23. ਵਰਤਣ ਤੋਂ ਭਾਵ ਰੋਟੀ-ਬੇਟੀ ਦੀ ਸਾਂਝ ਹੈ, ਜਿਸ ਦਾ ਸਪੱਸ਼ਟ ਅਰਥ ਰਿਸ਼ਤਾ-ਨਾਤਾ ਕਰ ਕੇ ਬਰਾਦਰੀ ਦਾ ਸੰਬੰਧ ਪੈਦਾ ਕਰਨਾ ਹੈ। ਗੁਰੂ ਸਾਹਿਬ ਦਾ ਭਾਵ ਪੰਥ ਨੂੰ ਇਕ ਕਰ ਕੇ ਰੱਖਣ ਦਾ ਸੀ ਤਾਂਕਿ ਵੱਖਰੇ ਵੱਖਰੇ ਗੁਰਿਆਈ ਦੇ ਸੈਂਟਰ ਜਾਂ ਮਿਲ-ਗੋਭਾ ਸਿੱਖੀ ਦੇ ਅੱਡੇ ਨਾ ਬਣਨ।

SikhBookClub.com

3. ਦਾਹੜਾ ਰੰਗਣ ਵਾਲਾ।

4. ਪੁੱਤਰ ਜਾਂ ਧੀ ਦਾ ਸਾਕ ਮੁੱਲ ਲੈ ਕੇ ਜਾਂ ਦੇ ਕੇ ਕਰਨ ਵਾਲਾ।

5. ਕੋਈ ਨਸ਼ਾ (ਭੰਗ, ਅਫੀਮ, ਸ਼ਰਾਬ, ਪੋਸਤ, ਕੁਕੀਨ ਆਦਿ) ਵਰਤਣ ਵਾਲਾ।

6. ਗੁਰਮਤਿ ਤੋਂ ਵਿਰੁੱਧ ਕੋਈ ਸੰਸਕਾਰ ਕਰਨ ਕਰਾਉਣ ਵਾਲਾ।

7. ਰਹਿਤ ਵਿਚ ਕੋਈ ਭੁੱਲ ਕਰਨ ਵਾਲਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੩੧)

ਤਬਦੀਲੀ

(ਠ) 3. ਦਾੜ੍ਹਾ ਰੰਗਣ ਵਾਲਾ, ਚਿੱਟੇ ਚੁਗਣ ਵਾਲਾ ਵਿਚੋਂ 'ਚਿੱਟੇ ਚੁਗਣ ਵਾਲਾ' ਕਟ ਦਿੱਤਾ ਗਿਆ ਹੈ।

(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੧੮)

ਵਿਆਖਿਆ

1. ਮੀਣੇ[24], ਮਸੰਦ, ਧੀਰਮੱਲੀਏ, ਰਾਮਰਾਈਏ, ਆਦਿਕ ਪੰਥ ਵਿਰੋਧੀਆਂ ਨਾਲ ਜਾਂ ਨੜੀ ਮਾਰ, ਕੁੜੀ ਮਾਰ, ਸਿਰਗੁੰਮ ਨਾਲ ਵਰਤਣ[25] ਵਾਲਾ ਤਨਖਾਹੀਆ ਹੋ ਜਾਂਦਾ ਹੈ।

ਸਿੱਖ ਰਹਿਤ ਮਰਯਾਦਾ ਦੇ ਇਸ ਅੰਕ ਵਿਚ ਧਾਰਮਿਕ ਅਵੱਗਿਆ ਜਾਂ ਕੁਰਹਿਤਾਂ ਅੰਕਤ ਹਨ ਜਿਹਨਾਂ ਦੇ ਕਰਨ ਨਾਲ ਸਿੱਖ ਖ਼ੁਦ-ਬ-ਖ਼ੁਦ ਤਨਖ਼ਾਹੀਆ ਹੋ ਜਾਂਦਾ ਹੈ। ਇਸ ਲਈ ਉਹ ਧਾਰਮਿਕ ਸਜ਼ਾ ਦਾ ਭਾਗੀ ਹੁੰਦਾ ਹੈ।

ਇਸ ਮੱਦ ਵਿਚ ਐਸੇ ਸਮੂਹਾਂ ਅਤੇ ਵਿਅਕਤੀਆਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਨਾਲ ਮਿਲਵਰਤਣ ਦੀ ਮਨਾਹੀ ਹੈ। ਇੱਥੇ ਵਰਤਣ ਦੀ ਵੀ ਸਪਸ਼ਟ ਵਿਆਖਿਆ ਕੀਤੀ ਗਈ ਹੈ, 'ਵਰਤਣ ਤੋਂ ਭਾਵ ਰੋਟੀ-ਬੇਟੀ ਦੀ ਸਾਂਝ ਹੈ, ਜਿਸ ਦਾ ਸਪੱਸ਼ਟ ਅਰਥ ਰਿਸ਼ਤਾ-ਨਾਤਾ ਕਰ ਕੇ ਬਰਾਦਰੀ ਦਾ ਸੰਬੰਧ ਪੈਦਾ ਕਰਨਾ ਹੈ।' ਗੁਰੂ ਸਾਹਿਬ ਦਾ ਭਾਵ ਪੰਥ ਨੂੰ ਇਕ ਕਰ ਕੇ ਰੱਖਣ ਦਾ ਸੀ ਤਾਂਕਿ ਵੱਖਰੇ ਵੱਖਰੇ ਗੁਰਿਆਈ ਦੇ ਸੈਂਟਰ ਜਾਂ ਮਿਲ-ਗੋਭਾ ਸਿੱਖੀ ਦੇ ਅੱਡੇ ਨਾ ਬਣਨ। ਹਜ਼ੂਰੀ ਕਵੀ ਕੰਕਣ ਨੇ ਇਸ ਆਦੇਸ਼ ਦਾ ਵਰਣਨ ਕੀਤਾ ਹੈ :

ਕੀਨਾ ਉਦਮ ਪੰਥ ਕਾ, ਪੰਚ ਸਿਖ ਮੰਗਵਾਯ ॥
ਪਾਹੁਲ ਗੁਰ ਤਿਨ ਕੋ ਦਈ, ਸਿਰ ਪਰ ਕੇਸ ਰਖਾਯ ॥੨੧੩॥
'ਪੰਚ ਮੇਲ ਸੋਂ ਨ ਮਿਲਹੁ' ਬਚਨ ਕੀਆ ਗੁਰੁ ਏਹੁ ॥
'ਬੁਰੇ ਕਾਜ ਕੋ ਤਯਾਗਿਕੈ ਭਲਾ ਹੋਇ ਕਰਿ ਲੇਹੁ' ॥੨੧੪॥
ਪੰਚ ਮੇਲ ਯਹ ਕਵਨ ਹੈਂ? ਸੋ ਭੀ ਕਹੌਂ ਸੁਨਾਇ ॥
'ਮੀਣੇ ਅਵਰ ਮਸੰਦੀਏ ਭੱਦਣੀਏ ਨ ਮਿਲਾਇ ॥੨੧੫॥

24. ਇਹਨਾਂ ਵਿਚੋਂ ਜਿਹੜੇ ਅੰਮ੍ਰਿਤ ਛਕ ਕੇ ਪੰਥ ਵਿਚ ਮਿਲ ਜਾਣ, ਉਹਨਾਂ ਨਾਲ ਵਰਤਣਾ ਠੀਕ ਹੈ।

25. ਵਰਤਣ ਤੋਂ ਭਾਵ ਰੋਟੀ-ਬੇਟੀ ਦੀ ਸਾਂਝ ਹੈ, ਜਿਸ ਦਾ ਸਪੱਸ਼ਟ ਅਰਥ ਰਿਸ਼ਤਾ-ਨਾਤਾ ਕਰ ਕੇ ਬਰਾਦਰੀ ਦਾ ਸੰਬੰਧ ਪੈਦਾ ਕਰਨਾ ਹੈ। ਗੁਰੂ ਸਾਹਿਬ ਦਾ ਭਾਵ ਪੰਥ ਨੂੰ ਇਕ ਕਰ ਕੇ ਰੱਖਣ ਦਾ ਸੀ ਤਾਂਕਿ ਵੱਖਰੇ ਵੱਖਰੇ ਗੁਰਿਆਈ ਦੇ ਸੈਂਟਰ ਜਾਂ ਮਿਲ-ਗੋਭਾ ਸਿੱਖੀ ਦੇ ਅੱਡੇ ਨਾ ਬਣਨ।

SikhBookClub.com

'ਧੀਰ-ਮੱਲੀਏ, ਕੁੜੀ-ਮਾਰ ਇਨ ਸੌਂ ਭਲਾ ਨ ਮੇਲ ॥
'ਇਨ ਪਾਂਚੋ ਕਉ ਤਜਾਗਕੈ ਕਰਹੁ ਜਗਤ ਮਹਿਂ ਕੇਲ' ॥੨੧੬॥

(ਦਸ ਗੁਰੂ ਗਾਥਾ, ਹਜ਼ੂਰੀ ਕਵੀ ਕੰਕਣ)

ਮੀਣੇ ਮਸੰਦ...

ਧਾਰਮਿਕ ਨਿਯਮ ਹਰ ਉਸ ਵਿਅਕਤੀ 'ਤੇ ਲਾਗੂ ਹਨ ਜੋ ਆਪਣੇ ਆਪ ਨੂੰ ਸਿੱਖ ਮੰਨਦਾ ਹੈ। ਇਸ ਸੂਚੀ ਵਿਚ ਮੀਣੇ (ਬਾਬਾ ਪ੍ਰਿਥੀ ਚੰਦ ਦੇ ਪੈਰੋਕਾਰ), ਧੀਰਮੱਲੀਏ ਅਤੇ ਰਾਮਰਾਈਏ ਦਾ ਜ਼ਿਕਰ ਹੈ। ਇਹ ਤਿੰਨੋਂ ਹੀ ਗੁਰੂ ਸੰਤਾਨ ਸਨ। ਮਸੰਦ ਗੁਰਮਤਿ ਦੇ ਪ੍ਰਚਾਰ ਲਈ ਗੁਰੂ ਸਾਹਿਬ ਨੇ ਖ਼ੁਦ ਥਾਪੇ ਸਨ। ਇਹਨਾਂ ਦੇ ਗੁਰੂ ਘਰ ਤੋਂ ਬੇਮੁਖ ਹੋਣ ਕਾਰਣ ਇਹਨਾਂ ਅਤੇ ਇਹਨਾਂ ਦੇ ਪੈਰੋਕਾਰਾਂ ਨਾਲ ਰਿਸ਼ਤੇ ਨਾਤੇ ਕਰਨ ਵਾਲੇ ਨੂੰ ਤਨਖ਼ਾਹੀਆ ਕਰਾਰ ਦਿੱਤਾ ਗਿਆ। ਗੁਰਮਤਿ ਦੇ ਅਸੂਲਾਂ ਤੋਂ ਗੁਰੂ ਸਾਹਿਬ ਦੀ ਅੰਸ ਬੰਸ ਅਤੇ ਥਾਪੇ ਮਸੰਦਾਂ ਨੂੰ ਵੀ ਛੋਟ ਨਹੀਂ ਹੈ। ***"ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥"*** (ਮ. ੩, ਅੰਗ 602)

ਇਸਦੇ ਨਾਲ ਹੀ ਨੜੀ ਮਾਰ (ਤਮਾਕੂ ਵਰਤਣ ਵਾਲੇ), ਕੁੜੀ ਮਾਰ (ਧੀਆਂ ਨੂੰ ਮਾਰ ਦੇਣ ਵਾਲੇ) ਅਤੇ ਸਿਰਗੁੰਮ (ਸਿੱਖ ਹੋ ਕੇ ਕੇਸ ਕਟਾ ਦੇਣ ਵਾਲੇ) ਵੀ ਸ਼ਾਮਲ ਹਨ। ਰਹਿਤਨਾਮਿਆਂ ਵਿਚ ਵੀ ਪੰਜਾਂ ਨਾਲ ਮੇਲ (ਰਿਸ਼ਤੇ-ਨਾਤੇ) ਨਾ ਕਰਨ ਦੇ ਜ਼ਿਕਰ ਹਨ :

> ***ਜੋ ਗੁਰੂ ਕਾ ਸਿਖ ਹੋਵੈ ਪੰਜਾਂ ਨਾਲਿ ਨਾਤਾ ਨ ਕਰੈ। ਵਰਤਣ ਵੀ ਨਾ ਕਰੈ ਪਹਿਲੇ ਮੀਣੇ, ਦੂਜੇ ਰਾਮਰਾਈਏ, ਤੀਜੇ ਕੁੜੀਮਾਰ, ਚਉਥੇ ਭਾਦਣੀ, ਪੰਜਵੇਂ ਮਸੰਦ। ਭਾਵੇਂ ਗੁਰੂ ਕੇ ਸਰਬੰਧੀ ਹੈਨਿ ਤਾਂ ਵੀ ਇਹ ਨਿੰਦਾ ਕਰਕੇ ਦੁਸਟ ਹੋਏ ਹੈਨਿ। ਜੈਸੇ ਦਰਖਤ ਵਿਚਹੁੰ ਫਲ ਪਤ੍ਰ ਟਾਸ ਕਿਸਦੇ ਹੈਨਿ ਅਤੇ ਕੰਡੇ ਵੀ ਵਿਚਹੁੰ ਹੀ ਨਿਕਸਦੇ ਹੈਨਿ। ਸੋ ਏਹੁ ਕੰਡੇ ਹੈਨਿ।***

(ਰਹਿਤਨਾਮਾ ਹਜ਼ੂਰੀ, ਭਾਈ ਚਉਪਾ ਸਿੰਘ ਛਿੱਬਰ, ਪੰਨਾ ੮੩)

> ***ਦੋਹਰਾ-ਮੀਣਾ ਔਰ ਮਸੰਦੀਆ, ਮੋਨਾ ਕੁੜੀ ਜੋ ਮਾਰ।***
> ***ਹੋਇ ਸਿਖ ਵਰਤਨ ਕਰਹਿ ਅੰਤ ਕਰੇਗਾ ਖੁਆਰ।੬।***

(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ, ਪੰਨਾ ੬੫)

> **ਰਹਿਤ ਏਹੀ ਹੈ ਜੋ 1. ਮਸੰਦੀਏ, 2. ਧੀਰਮਲੀਏ, 3. ਰਾਮਰਾਈਏ, 4. ਸਿਰ ਮੁੰਡਤ ਇਨ੍ਹਾਂ ਨਾਲ ਵਰਤਣਾ ਨਹੀਂ।**

(ਰਹਿਤਨਾਮਾ ਭਾਈ ਦਯਾ ਸਿੰਘ, ਪੰਨਾ ੭੦)

ਖਾਲਸੇ ਦੀ ਸਿਰਜਨਾ ਤੋਂ ਪਹਿਲਾਂ ਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸੰਗਤਾਂ ਨੂੰ ਹੁਕਮਨਾਮੇ ਜਾਰੀ ਕੀਤੇ ਕਿ ***'ਮਸੰਦਾ ਨੋ ਮੰਨਣਾ ਨਾਹੀਂ।'*** ਐਸਾ ਇਕ ਹੁਕਮਨਾਮਾ ਚੇਤ 14, ਸੰਮਤ 1755 ਮੁਤਾਬਕ 12 ਮਾਰਚ, 1699 ਨੂੰ ਹਜ਼ੂਰ ਨੇ ਮਾਛੀਵਾੜੇ ਦੀ ਸੰਗਤ ਦੇ ਨਾਮ ਜਾਰੀ ਕੀਤਾ। ਇਸ ਵਿਚ ਬਚਨ ਕੀਤੇ, ***'ਮਸੰਦਾ ਨੋ ਮੰਨਣਾ ਨਾਹੀਂ ਗੁਰੂ ਸੰਗਤਿ ਕੀ ਬਾਹੁੜੀ ਕਰੈਗਾ ਮਨੋਰਥ ਪੂਰੇ ਹੋਵਹਿਗੇ ॥ ਸੰਮਤੁ 1755 ॥'*** (ਹੁਕਮਨਾਮੇ - ਸੰਪਾਦਕ ਗੰਡਾ ਸਿੰਘ, ਪੰਨਾ 138)

SikhBookClub.com

ਨੜੀ ਮਾਰ, ਕੁੜੀ ਮਾਰ, ਸਿਰਗੁੰਮ ਨਾਲ ਵਰਤਣ ਵਾਲਾ

ਨੜੀ ਮਾਰ (ਤਮਾਕੂ ਵਰਤਣ ਵਾਲਾ) ਅਤੇ ਕੁੜੀ ਮਾਰ ਬਾਰੇ ਪਿੱਛੇ ਗੁਰਮਤਿ ਦੀ ਰਹਿਣੀ ਦੀ ਮੱਦ (ਙ) ਅਤੇ (ਛ) ਵਿਚ ਵਿਸਥਾਰ ਸਹਿਤ ਕੀਤੀ ਜਾ ਚੁਕੀ ਹੈ। ਇਸ 'ਤੇ ਦ੍ਰਿੜ੍ਹਤਾ ਨਾਲ ਅਮਲ ਕਰਨ ਦੀ ਲੋੜ ਹੈ।

2. ਬੇ-ਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲਾ

ਇਸ ਮੱਦ ਵਿਚ ਬੇ-ਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲੇ ਨੂੰ ਵੀ ਤਨਖ਼ਾਹੀਆ ਕਰਾਰ ਦਿੱਤਾ ਗਿਆ ਹੈ। ਅੰਮ੍ਰਿਤ ਛਕ ਕੇ ਪਿਛੋਕੜ ਭਾਵੇਂ ਕਿਸੇ ਵੀ ਜ਼ਾਤ, ਧਰਮ, ਬਿਰਾਦਰੀ ਨਾਲ ਹੋਏ ਹੁਣ ਉਹ ਗੁਰਭਾਈ ਬਣ ਜਾਂਦੇ ਹਨ। ਸਾਰੇ ਭਰਮ ਵਹਿਮ ਮਿਟਾ ਕੇ ਇਕ ਹੀ ਬਰਤਨ ਵਿਚ ਖਾ ਸਕਦੇ ਹਨ। ਪਰ ਕਿਸੇ ਗ਼ੈਰ ਅੰਮ੍ਰਿਤਧਾਰੀ ਜਾਂ ਪਤਿਤ (ਚਾਰ ਕੁਰਹਿਤਾਂ ਕਰਨ ਵਾਲਾ) ਦਾ ਜੂਠਾ ਖਾਣ ਦੀ ਮਨਾਹੀ ਹੈ। ਗਿ. ਗਿਆਨ ਸਿੰਘ ਨੇ ਨਾਦਰ ਸ਼ਾਹ ਅਤੇ ਲਾਹੌਰ ਦੇ ਸੂਬੇਦਾਰ ਵਿਚਕਾਰ ਹੋਈ ਵਾਰਤਾਲਾਪ ਵਿਚ ਇਸ ਬਾਰੇ ਅੰਕਤ ਕੀਤਾ ਹੈ :

ਚਾਰੋ ਵਰਣਾ ਮੈਂ ਸੇ ਕੋਈ।
ਆਵਤ ਹੋਤ ਖਾਲਸਾ ਸੋਈ।
ਆਬ ਹਿਯਾਤ ਪਿਲਾਵਤ ਤਾਹੂੰ।
ਇਕ ਹੀ ਬਰਤਨ ਮੇ ਸਭ ਕਾਹੂੰ।
ਖਾਣਾ ਭੀ ਇਕਠੇ ਸਭ ਖੈਹੈਂ।
ਸਕੇ ਬੀਰ ਆਪਸ ਮੇ ਬੈਹੈਂ।

3. ਦਾਹੜਾ ਰੰਗਣ ਵਾਲਾ

ਇਸ ਦੀ ਮੱਦ ਅਨੁਸਾਰ ਦਾਹੜਾ ਰੰਗਣ ਵਾਲਾ ਤਨਖ਼ਾਹੀਆ ਹੈ। 1936 ਵਿਚ ਪ੍ਰਵਾਨ ਕੀਤੀ ਗਈ ਸਿੱਖ ਰਹਿਤ ਮਰਯਾਦਾ ਦੀ ਇਸ ਮੱਦ ਵਿਚ ਦਾਹੜਾ ਰੰਗਣ ਵਾਲਾ ਅਤੇ ਚਿੱਟੇ ਚੁਗਣ ਵਾਲਾ ਅੰਕਤ ਸੀ। ਚਿੱਟੇ ਵਾਲਾਂ ਨੂੰ ਗੁਰਮਤਿ ਸ਼ਬਦਾਵਲੀ ਵਿਚ ਹੀਰੇ ਕਿਹਾ ਗਿਆ ਹੈ। 7 ਜਨਵਰੀ, 1945 ਨੂੰ ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕੱਤਰਤਾ ਵਿਚ ਮਤਾ ਨੰਬਰ 16 ਰਾਹੀਂ ਚਿਟੇ ਵਾਲ ਚੁਗਣ ਦੀ ਮਨਾਹੀ ਸਮਾਪਤ ਕਰ ਦਿੱਤੀ ਗਈ। ਇਹ ਮਤਾ ਸੀ,

> *16. ਹੈਡਿੰਗ ਅੰਮ੍ਰਿਤ ਸੰਸਕਾਰ ਦੇ ਅੰਕ (ਡ) ਦੇ ਲਘੁਅੰਕ ਵਿਚੋਂ ਲਫ਼ਜ਼ "ਚਿਟੇ ਚੁਗਣ ਵਾਲਾ" ਕਟ ਦਿਤੇ ਜਾਣ।*

ਚਿੱਟੇ ਵਾਲਾਂ ਨੂੰ ਪੁੱਟਣਾ

ਵੈਸੇ ਜੈਨ ਮਤ ਵਿਚ ਇਕ ਕਸ਼ਟਦਾਇਕ ਧਾਰਮਿਕ ਰਸਮ ਹੁੰਦੀ ਹੈ 'ਕੇਸ਼ ਲੋਚਨ'। ਇਸ ਵਿਚ ਮੂੰਹ, ਸਰੀਰ ਅਤੇ ਸਿਰ ਦੇ ਵਾਲਾਂ ਨੂੰ ਇੱਕ ਇੱਕ ਕਰ ਕੇ ਪੋਟਿਆਂ ਦੇ ਨਾਲ ਪੁੱਟਿਆ ਜਾਂਦਾ ਹੈ। ਇਹਦੇ ਲਈ ਕਿਸੇ ਕਿਸਮ ਦਾ ਉਸਤਰਾ ਜਾਂ ਕੈਂਚੀ ਦੀ ਵਰਤੋਂ ਨਹੀਂ ਕੀਤੀ ਜਾਂਦੀ। ਇਸ ਦਾ ਜ਼ਿਕਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤਾ ਹੈ :

SikhBookClub.com

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ॥
ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ ॥..

(ਮਾਝ ਵਾਰ ਮ.੧, ਅੰਗ ੧੪੯)

ਚਿੱਟੇ ਵਾਲ ਪੁੱਟਣ ਦੀ ਮਨਾਹੀ ਨੂੰ ਬਾਕਾਇਦਾ ਧਾਰਮਿਕ ਸਲਾਹਕਾਰ ਕਮੇਟੀ ਦੀ ਇਕੱਤ੍ਰਤਾ ਵਿਚ ਮਤਾ ਪਾਸ ਕਰ ਕੇ ਹਟਾਇਆ ਗਿਆ ਹੈ। 75 ਸਾਲ ਪਹਿਲਾਂ ਕੀਤੀ ਗਈ ਇਹ ਤਬਦੀਲੀ ਲੋੜੀਂਦੀ ਸੀ । ਕੇਸਾਂ ਅਤੇ ਰੋਮਾਂ ਨੂੰ ਕਟਣਾ, ਪੁਟਣਾ, ਮੁੰਨਣਾ, ਤਰਾਸ਼ਣਾ ਪਤਿਤਪੁਣਾ ਹੈ। ਸ੍ਰੀ ਗੁਰੂ ਸਿੰਘ ਸਭਾ ਪਟਨਾ ਸਾਹਿਬ ਵਿਚ ਇਕ ਬੋਰਡ ਲੱਗਾ ਸੀ ਜਿਸ 'ਤੇ ਲਿਖਿਆ ਹੋਇਆ ਸੀ, *'ਸਿੱਖ ਲਈ ਦਾੜ੍ਹੀ ਕੱਟਣੀ, ਭਰਵੱਟੇ ਤਰਾਸ਼ਣ ਤੋਂ ਘੱਟ ਪਾਪ ਨਹੀਂ।'*

1936 ਵਿਚ ਪ੍ਰਵਾਨ ਕੀਤੀ ਗਈ ਸਿੱਖ ਰਹਿਤ ਮਰਯਾਦਾ ਵਿਚ ਚਿੱਟੇ ਚੁਗਣ (ਚਿੱਟੇ ਵਾਲ ਪੁਟਣ) ਨੂੰ ਤਨਖਾਹੀਆ ਲਿਖਿਆ ਗਿਆ ਸੀ। ਪਰ ਸਪਸ਼ਟ ਤੌਰ 'ਤੇ ਇਹ ਤਨਖਾਹੀਆ ਨਹੀਂ ਬਲਕਿ ਪਤਿਤਪੁਣਾ ਸੀ। ਇਸ ਲਈ ਚਿੱਟੇ ਚੁਗਣ ਨੂੰ ਇਸ ਮੱਦ ਵਿਚੋਂ ਹਟਾ ਦਿੱਤਾ ਗਿਆ ਹੈ। 2008 ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਗੁਰਲੀਨ ਕੌਰ ਦੇ ਕੇਸ ਵਿਚ ਵੀ ਇਹ ਨਿਰਣਾ ਦਿੱਤਾ ਸੀ ਕਿ ਸਿੱਖ ਹੋ ਕੇ ਭਰਵੱਟੇ ਤਰਾਸ਼ਣ ਵਾਲਾ ਪਤਿਤ ਹੈ।

ਵਾਲਾਂ ਨੂੰ ਰੰਗਣ ਜਾਂ ਕਲਫ਼ ਲਾਉਣ ਦੀ ਵਾਦੀ ਬਹੁਤ ਪੁਰਾਣੀ ਹੈ। ਇਹ ਅਤਿਕਥਨੀ ਨਹੀਂ ਹੋਵੇਗੀ ਕਿ ਵਾਲ ਰੰਗਣੇ ਪਤਿਤਪੁਣੇ ਵਲ ਪਹਿਲਾ ਕਦਮ ਹੈ। ਇਸ ਲਈ ਸਾਰੇ ਰਹਿਤਨਾਮਿਆਂ ਵਿਚ ਦ੍ਰਿੜਤਾ ਨਾਲ ਇਸ ਤੋਂ ਹੋੜਿਆ ਗਿਆ ਹੈ। ਗੁਰਮਤਿ ਸ਼ਬਦਾਵਲੀ ਵਿਚ ਚਿਟੇ ਵਾਲਾਂ ਨੂੰ ਹੀਰੇ ਕਿਹਾ ਗਿਆ ਹੈ। ਨਹੀ ਤਾਂ ਵੇਖਣ ਵਿਚ ਆਉਦਾ ਹੈ ਕਿ ਵਡੇਰੀ ਉਮਰ ਦੇ ਸਿੰਘ ਜੀ ਤਾਂ ਇਹਨਾਂ ਹੀਰਿਆਂ ਦੀ ਸਾਂਭ ਗੁਰੂ ਕੀ ਦਾਤ ਸਮਝ ਕੇ ਕਰਦੇ ਹਨ ਪਰ ਉਹਨਾਂ ਦੇ ਨਾਲ ਉਹਨਾਂ ਦੀ ਸਿੰਘਣੀ ਦੇ ਵਾਲ ਪੂਰੀ ਕਾਲਿਮਾ 'ਤੇ ਹੁੰਦੇ ਹਨ।

ਜੋ ਚਿਟੇ ਚੁਣਾਏ, ਸੋ ਤਨਖਾਹੀਆ। ਜੋ ਕੇਸਾਧਾਰੀ ਕਲਫ਼ ਲਾਏ, ਸੋ ਤਨਖਾਹੀਆ।

(ਰਹਿਤਨਾਮਾ ਭਾਈ ਚਉਪਾ ਸਿੰਘ ਛਿੱਬਰ, ਪੰਨਾ ੧੦੮)

ਨਾ ਕੇਵਲ ਦਾਹੜਾ ਰੰਗਣ ਬਲਕਿ ਕਿਸੇ ਵੀ ਢੰਗ ਨਾਲ ਕੇਸਾਂ ਦੀ ਬੇ-ਅਦਬੀ ਕਰਨੀ ਬਹੁਤ ਵੱਡੀ ਕੁਰਹਿਤ ਹੈ।

ਜੋ ਕੇਸਧਾਰੀ ਹੋਇ ਕੇ ਬੇਟੇ ਕਤਰੂ (ਕੇਸ ਕਟਣ ਵਾਲੇ) ਰਖੇ, ਸੋ ਤਨਖਾਹੀਆ। ਜੋ ਕੇਸਾਧਾਰੀ ਦੰਦਾਂ ਨਾਲ ਦਾੜ੍ਹੀ ਟੁਕੇ ਅਥਵਾ ਕੈਂਚੀ ਮੋਚਨਾ ਲਵਾਏ ਸੋ ਤਨਖਾਹੀਆ ॥

(ਰਹਿਤਨਾਮਾ ਭਾਈ ਦਯਾ ਸਿੰਘ, ਪੰਨਾ ੧੧੧)

ਕੇਸਾਂ ਦਾ ਸ਼ਿੰਗਾਰ ਰਹਿਤ ਹੈ, ਨਾ ਕਿ ਕੋਈ ਵਸਮਾ, ਕਲਫ਼ ਜਾ ਰੰਗ। ਨਾਲੇ ਕੇਸਾਂ ਦੇ ਸੰਭਾਲ ਦਾ ਹੁਕਮ ਹੈ ਨਾ ਕਿ ਸ਼ਿੰਗਾਰ ਦਾ। ਭਾਈ ਦੇਸਾ ਸਿੰਘ ਜੀ ਨੇ ਰਹਿਤਨਾਮੇ ਵਿਚ ਅੰਕਤ ਕੀਤਾ ਹੈ ਕਿ ਜਿਵੇਂ ਵੇਦ ਹੀਣ ਬ੍ਰਾਹਮਣ, ਸ਼ੀਲ ਬਿਨਾਂ ਨਾਰੀ ਅਤੇ ਰਫ਼ਤਾਰ ਬਿਨਾਂ ਘੋੜਾ ਹੈ ਇਸੇ ਤਰ੍ਹਾਂ ਰਹਿਤ ਦੇ ਬਿਨਾਂ ਇਹ ਕੇਸ ਮਲੀਨ ਹਨ।

SikhBookClub.com

ਬੇਦ ਰਹਤ ਜਿਮ ਦਿਜ ਨ ਸੁਹਾਵਤ। ਸੀਲ ਰਹਤ ਕੁਲ ਨਾਰਿ ਨਾ ਭਾਵਤ।
ਬੇਗ ਰਹਤ ਜਿਮ ਬਾਜ਼ੀ ਹੀਨ। ਰਹਤ ਬਿਨਾ ਇਹ ਕੇਸ ਮਲੀਨ ॥੮੩॥

(ਰਹਿਤਨਾਮਾ ਭਾਈ ਦੇਸਾ ਸਿੰਘ)

ਭਾਈ ਸਾਹਿਬ ਜੀ ਹਵਾਲਾ ਦਿੰਦੇ ਹਨ ਕਿ ਜੇਕਰ ਕਿਸੇ ਖੋਤੇ ਨੂੰ ਨੁਹਾ ਧਵਾ ਕੇ ਉਸਦੇ ਸਿਰ 'ਤੇ ਫੁਲਾਂ ਦੀ ਮਾਲਾ ਸਜਾ ਦਿੱਤੀ ਜਾਏ ਤਾਂ ਇਸ ਨਾਲ ਉਸਦੀ ਇੱਜ਼ਤ ਨਹੀਂ ਵੱਧ ਜਾਂਦੀ ਬਲਕਿ ਇਹ ਲੋਕਾਂ ਦੇ ਹਾਸੇ ਦਾ ਕਾਰਣ ਬਣਦਾ ਹੈ। ਇਸੇ ਤਰ੍ਹਾਂ ਕੁਰਹਿਤੀਏ ਦੇ ਸਿਰ 'ਤੇ ਕੇਸ ਹਨ। ਕੇਸਾਂ ਦਾ ਸ਼ਿੰਗਾਰ ਰਹਿਤ ਹੈ। ਇਸ ਦੇ ਨਾਲ ਹੀ ਉਹ ਬਹੁਤ ਵੱਡੀ ਗੱਲ ਕਰਦੇ ਹਨ ਕਿ ਜੇਕਰ ਸਿੱਖ ਦੀ ਰਹਿਤ ਨਹੀਂ ਹੈ ਤਾਂ ਉਸ ਨੂੰ ਕੇਸ ਵੀ ਭਾਰੇ ਲੱਗਣਗੇ ਅਤੇ ਸਿਰ ਵੀ ਦੁੱਖੇਗਾ।

ਜਿਉਂ ਕਾਹੂ ਲੇ ਗਧਾ ਨੁਵਾਇਓ। ਫੂਲਮਾਲ ਤਿਹ ਮੂੰਡ ਧਰਾਇਓ।
ਤਿਹ ਕਰ ਤਾਂ ਕੀ ਸ਼ੋਭਾ ਨਾਹੀ। ਹਾਸੀ ਜੋਗ ਹੋਇ ਜਗ ਮਾਹੀ ॥੮੪॥
ਤਿਮ ਕੁਰਹਿਤੀਏ ਕੇਸ ਰਖਾਏ। ਕਹਹੁ ਸੋ ਕੈਸੇ ਸ਼ੋਭਾ ਪਾਏ।
ਰਹਤ ਸੁ ਕੇਸਨ ਕੋ ਅਤਿ ਭੂਖਨ। ਰਹਤ ਬਿਨਾ ਸਿਰ ਕੇਸ ਭੀ ਦੂਖਨ ॥੮੫॥

(ਰਹਿਤਨਾਮਾ ਭਾਈ ਦੇਸਾ ਸਿੰਘ)

ਉਰਦੂ ਦੇ ਨਾਮਵਰ ਸ਼ਾਇਰ ਜ਼ੌਕ ਨੇ ਵੀ ਵਾਲ ਰੰਗਣ ਬਾਰੇ ਚੋਟ ਕੀਤੀ ਹੈ ਕਿ ਜਾਪਦਾ ਹੈ ਸ਼ੇਖ ਸਾਹਿਬ ਦੇ ਮਨ ਵਿਚ ਹਾਲੇ ਵੀ ਗੁਨਾਹ ਦੀ ਕੋਈ ਹਸਰਤ ਬਾਕੀ ਹੈ। ਤਾਹੀਉਂ ਦਾੜ੍ਹੀ ਕਾਲੀ ਕਰਵਾਈ ਹੈ ਕਿਉਂਕਿ ਹੁਣ ਜਾਪਦਾ ਹੈ ਮੂੰਹ ਕਾਲਾ ਕਰਵਾਉਣਾ ਬਾਕੀ ਹੈ।

ਬਾਕੀ ਹੈ ਦਿਲ ਮੇ ਸ਼ੈਖ ਕੇ ਹਸਰਤ ਗੁਨਾਹ ਕੂ
ਕਾਲਾ ਕਰੇਗਾ ਮੂੰਹ ਭੀ ਜੋ ਦਾੜ੍ਹੀ ਸਯਾਹ ਕੀ

4. ਪੁੱਤਰ ਜਾਂ ਧੀ ਦਾ ਸਾਕ ਮੁੱਲ ਲੈ ਕੇ ਜਾਂ ਦੇ ਕੇ ਕਰਨ ਵਾਲਾ

ਸਿੱਖ ਰਹਿਤ ਮਰਯਾਦਾ ਦੇ ਅਨੰਦ ਕਾਰਜ ਵਾਲੇ ਅਧਿਆਇ ਦੀ ਮੱਦ (ਛ) ਵਿਚ ਵੀ ਇਸ ਬਾਰੇ ਅੰਕਤ ਹੈ ਕਿ ***ਲੜਕੇ ਜਾਂ ਲੜਕੀ ਦਾ ਸੰਜੋਗ ਪੈਸਾ ਲੈ ਕੇ ਨਾ ਕਰੇ।*** ਇੱਥੇ ਇਸ ਅੰਕ ਵਿਚ ਐਸਾ ਕਰਨ ਵਾਲਾ ਤਨਖਾਹੀਆ ਕਰਾਰ ਦਿੱਤਾ ਗਿਆ ਹੈ।

5. ਕੋਈ ਨਸ਼ਾ (ਭੰਗ, ਅਫੀਮ, ਸ਼ਰਾਬ, ਪੋਸਤ, ਕੁਕੀਨ ਆਦਿ) ਵਰਤਣ ਵਾਲਾ

ਗੁਰਮਤਿ ਦੀ ਰਹਿਣੀ ਦੀ ਮੱਦ (ਙ) ਵਿਚ ਵੀ ਅੰਕਤ ਹੈ, *'ਸਿੱਖ ਭੰਗ, ਅਫੀਮ, ਸ਼ਰਾਬ, ਤਮਾਕੂ ਆਦਿ ਨਸ਼ੇ ਨਾ ਵਰਤੇ। ਅਮਲ ਪ੍ਰਸ਼ਾਦੇ ਦਾ ਹੀ ਰੱਖੇ।'* ਇਹੀ ਮੱਦ ਇੱਥੇ ਦੁਬਾਰਾ ਦੁਹਰਾਈ ਗਈ ਹੈ ਪਰ ਐਸਾ ਕਰਨ ਵਾਲੇ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਹੈ, ਜੋ ਕਿ ਧਾਰਮਿਕ ਦੰਡ ਦਾ ਅਧਿਕਾਰੀ ਹੈ। ਇੱਥੇ ਨਸ਼ਿਆਂ ਦੀ ਸੂਚੀ ਵਿਚ *'ਆਦਿ'* ਲਫ਼ਜ਼ ਜੋੜਿਆ ਗਿਆ ਹੈ। ਇਸ ਕਾਰਨ ਹੈ ਕਿ ਨਿਤ ਨਵੇਂ ਕਿਸਮ ਦੇ ਨਸ਼ੇ ਈਜਾਦ ਹੋ ਰਹੇ ਹਨ। ਇਸ ਲਈ ਉਹਨਾਂ ਸਾਰਿਆਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਨਸ਼ਾ ਜੇਕਰ ਕਰਨਾ ਹੀ ਹੈ ਤਾਂ ਉਹ ਹੈ ਪ੍ਰਸ਼ਾਦੇ ਦਾ। ਇਸ ਬਾਰੇ ਨਿਹੰਗ ਸਿੰਘ ਗਿਆਨੀ ਸ਼ੇਰ ਸਿੰਘ ਜੀ

SikhBookClub.com

ਨੇ ਸਪਸ਼ਟ ਕੀਤਾ ਕਿ ਆਮ ਧਾਰਣਾ ਦੇ ਵਿਪਰੀਤ ਨਿਹੰਗ ਸਿੰਘ ਕਿਸੇ ਵੀ ਕਿਸਮ ਦਾ ਨਾ ਤਾਂ ਨਸ਼ਾ ਹੀ ਵਰਤਦੇ ਹਨ ਅਤੇ ਨਾ ਹੀ ਇਸ ਦੀ ਆਗਿਆ ਹੀ ਦਿੰਦੇ ਹਨ। ਅਲਬੱਤਾ ਪੁਰਾਤਨ ਇਤਿਹਾਸਕ ਪ੍ਰੰਪਰਾ ਮੁਤਾਬਕ ਸ਼ਹੀਦੀ ਦੇਗ਼ ਜੋ ਬਦਾਮ, ਲਾਚੀਆਂ, ਕਾਲੀ ਮਿਰਚ, ਮਗਜ਼ ਆਦਿ ਨਾਲ ਤਿਆਰ ਹੁੰਦੀ ਹੈ ਉਸ ਵਿਚ ਕੇਵਲ ਪੰਚ ਪੱਤੇ ਸੁੱਖੇ ਦੇ ਪਾਂਦੇ ਹਨ।

ਸਤਿਗੁਰੂ ਜੀ ਸ਼ਰਾਬ ਬਾਰੇ ਸੁਚੇਤ ਕਰਦੇ ਹਨ ਕਿ ਇਨਸਾਨ ਇਸ ਨਾਲ ਦੋਹੀਂ ਜਹਾਨੀ ਧੱਕੇ ਹੀ ਸਹੇੜਦਾ ਹੈ,

ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥

(ਮ. ੪, ੫੫੫)

ਇਹ ਨਸ਼ੇ ਨਾਲ ਇਨਸਾਨ ਦੁਰਲਭ ਜਨਮੁ ਵੀ ਗਵਾ ਲੈਂਦਾ ਹੈ :

ਹੋਛਾ ਮਦੁ ਚਾਖਿ ਹੋਏ ਤੁਮ ਬਾਵਰ ਦੁਲਭ ਜਨਮੁ ਅਕਾਰਥ ॥੧॥
ਰੇ ਨਰ ਐਸੀ ਕਰਹਿ ਇਆਨਥ ॥

(ਮਾਰੂ ਮ. ੫, ਅੰਗ ੧੦੦੧)

ਪਾਂਚ ਕਰਮ ਨ ਕਰੇ, ਜੋ ਜੀਵਨ-ਮੁਕਤ ਹੈ—
ਪਰਧਨ, ਪਰ ਇਸਤ੍ਰੀ, ਪਰਨਿੰਦਾ, ਜੂਆ, ਮਦਰਾ।

(ਰਹਿਤਨਾਮਾ ਭਾਈ ਦਯਾ ਸਿੰਘ ਜੀ, ਪੰਨਾ ੭੧)

ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਇਸ ਨਸ਼ੇ ਦੀ ਅਲਾਮਤ ਬਾਰੇ ਹੁਕਮ ਕਰਦੇ ਹਨ ਕਿ ਇਹ ਪਾਪ ਦੀ ਜੜ੍ਹ ਹੈ।

ਏਕ ਮਦੀ ਦੂਜੈ ਤਰੁਨਿ ਤੀਜੇ ਅਤਿ ਧਨ ਧਾਮ ॥
ਪਾਪ ਕਰੇ ਬਿਨ ਕਜੋਂ ਬਚੈ ਬਚੈ ਬਚਾਵੈਂ ਰਾਮ ॥੧੯ ॥

(ਦ. ਗ੍ਰੰ.)

6. ਗੁਰਮਤਿ ਤੋਂ ਵਿਰੁੱਧ ਕੋਈ ਸੰਸਕਾਰ ਕਰਨ ਕਰਾਉਣ ਵਾਲਾ

ਇਸ ਅੰਕ ਵਿਚ ਕੇਵਲ ਰਹਿਤ ਵਿਚ ਭੁੱਲ ਕਰਨ ਵਾਲਾ ਹੀ ਤਨਖ਼ਾਹੀਆ ਨਹੀਂ ਹੈ ਬਲਕਿ ਜੇਕਰ ਕੋਈ ਵਿਅਕਤੀ ਕਿਸੇ ਕੋਲੋਂ ਰਹਿਤ ਦੀ ਭੁੱਲ ਕਰਵਾਉਂਦਾ ਹੈ ਜਾਂ ਕੀਤੀ ਜਾ ਰਹੀ ਮਨਮਤ ਜਾਂ ਗੁਰਮਤਿ ਵਿਰੁੱਧ ਕਾਰਵਾਈ ਕਰਨ ਵਿਚ ਸਹਾਈ ਹੁੰਦਾ ਹੈ ਤਾਂ ਉਹ ਇਸ ਦਾ ਪ੍ਰੇਰਨਾ ਸ੍ਰੋਤ (abettor) ਹੈ ਅਤੇ ਉਸ ਨੂੰ ਵੀ ਤਨਖ਼ਾਹੀਆ ਕਰਾਰ ਦਿੱਤਾ ਗਿਆ ਹੈ। ਉਸ ਨੂੰ ਵੀ ਤਨਖ਼ਾਹ ਲਵਾਉਣੀ ਪਏਗੀ। ਜਿਵੇਂ ਸਿੱਖ ਹੋ ਕੇ ਹਵਨ, ਯੱਗ, ਮੂਰਤੀ ਪੂਜਾ, ਅਨਮਤ ਦੇ ਸੰਸਕਾਰ ਆਦਿ ਕਰਨ ਵਾਲਾ ਜਾਂ ਉਸ ਵਿਚ ਸਹਾਈ ਹੋਣ ਵਾਲਾ ਵੀ ਤਨਖ਼ਾਹੀਆ ਹੈ।

7. ਰਹਿਤ ਵਿਚ ਕੋਈ ਭੁੱਲ ਕਰਨ ਵਾਲਾ

ਇਸ ਮੱਦ ਰਾਹੀਂ ਗੁਰਮਤਿ ਦੀ ਰਹਿਣੀ ਵਿਚ ਵਰਣਤ ਕੋਈ ਅਵੱਗਿਆ ਜਾਂ ਨਿਜੀ

SikhBookClub.com

ਅਤੇ ਪੰਥਕ ਜੀਵਨ ਵਿਚ ਰਹਿਤ ਦੀ ਕੋਈ ਭੁੱਲ ਕਰਦਾ ਹੈ ਤਾਂ ਉਹ ਤਨਖ਼ਾਹੀਆ ਹੈ ਅਤੇ ਦੰਡ ਦਾ ਭਾਗੀ ਹੈ।

ਉਕਤ ਸੱਤ ਮੱਦਾਂ ਸੰਖੇਪ ਵਿਚ ਮਰਯਾਦਾ ਦੀਆਂ ਉਹਨਾਂ ਮੱਦਾਂ ਬਾਰੇ ਚੇਤਾਵਨੀ ਹੈ ਜਿਸ ਦੀ ਉਲੰਘਣਾ ਕਰਨ ਵਾਲੇ ਨੂੰ ਤਨਖ਼ਾਹੀਆ ਜਾਂ ਧਾਰਮਿਕ ਦੋਸ਼ੀ ਕਿਹਾ ਗਿਆ ਹੈ। ਤਨਖ਼ਾਹ ਦਾ ਮਕਸਦ ਉਸ ਵਿਅਕਤੀ ਨੂੰ ਪਸ਼ਚਾਤਾਪ ਦਾ ਅਹਿਸਾਸ ਕਰਾਉਣਾ ਅਤੇ ਆਤਮਿਕ ਗਿਲਾਨੀ ਤੋਂ ਮੁਕਤ ਕਰਨਾ ਹੁੰਦਾ ਹੈ। ਸਿੱਖ ਰਹਿਤ ਮਰਯਾਦਾ ਵਿਚ ਅੰਕਤ ਹੈ, ***(ਤਖਤਾਂ ਉੱਤੇ ਪਤਿਤ ਤੇ ਤਨਖਾਹੀਏ ਸਿੱਖ ਤੋਂ ਬਿਨਾਂ ਹਰ ਇਕ ਪ੍ਰਾਣੀ ਮਾਤਰ, ਸਿੱਖ ਗੈਰ-ਸਿੱਖ ਦੀ ਅਰਦਾਸ ਹੋ ਸਕਦੀ ਹੈ।)*** ਇਹ ਕਿਤਨੀ ਵੱਡੀ ਸਜ਼ਾ ਹੈ ਕਿ ਤਨਖਾਹੀਆ ਹੋ ਜਾਣ ਦੀ ਸੂਰਤ ਵਿਚ ਉਸ ਦੀ ਅਰਦਾਸ ਵੀ ਤਖ਼ਤ ਸਾਹਿਬ 'ਤੇ ਨਹੀਂ ਹੋ ਸਕਦੀ।

ਡ) ਇਹ ਸਿਖਿਆ ਦੇਣ ਤੋਂ ਉਪ੍ਰੰਤ ਪੰਜਾਂ ਪਿਆਰਿਆਂ ਵਿਚੋਂ ਕੋਈ ਸੱਜਣ ਅਰਦਾਸਾ ਕਰੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ: ੩੧)

ਅੰਮ੍ਰਿਤ ਸੰਸਕਾਰ ਵਿਚ ਸਾਰੀ ਸਿਖਿਆ ਦੇਣ ਉਪਰੰਤ ਪੰਜਾਂ ਪਿਆਰਿਆਂ ਵਿਚੋਂ ਕੋਈ ਇਕ ਸਤਿਗੁਰੂ ਜੀ ਦੀ ਅਸੀਸ, ਸ਼ੁਕਰਾਨਾ ਅਤੇ ਸਹਾਇਤਾ ਲਈ ਅਰਦਾਸ ਕਰੇ।

(ਢ) ਫਿਰ ਤਾਬਿਆ ਬੈਠਾ ਸਿੰਘ 'ਹੁਕਮ' ਲਵੇ, ਜਿਨ੍ਹਾਂ ਨੇ ਅੰਮ੍ਰਿਤ ਛਕਿਆ ਹੈ, ਉਹਨਾਂ ਵਿਚੋਂ ਜੇ ਕਿਸੇ ਦਾ ਨਾਮ ਅੱਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਨਹੀਂ ਰੱਖਿਆ ਹੋਇਆ, ਉਸ ਦਾ ਨਾਮ ਹੁਣ ਬਦਲਾ ਕੇ ਰੱਖਿਆ ਜਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੩੧)

ਇਸ ਨਾਲ ਅੰਮ੍ਰਿਤ ਸੰਚਾਰ ਕਰਨ ਉਪਰੰਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲਿਆ ਜਾਏਗਾ। ਹਰ ਸਿੱਖ ਦਾ ਨਾਮ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਹੀ ਰਖਿਆ ਹੋਣਾ ਚਾਹੀਦਾ ਹੈ। ਜੇਕਰ ਕਿਸੇ ਦਾ ਐਸਾ ਨਹੀਂ ਹੈ ਤਾਂ ਹੁਣ ਆਏ ਹੁਕਮਨਾਮੇ ਤੋਂ ਨਾਮ ਕੌਰ ਅਥਵਾ ਸਿੰਘ ਰਖਿਆ ਜਾਏ।

(ਣ) ਅੰਤ ਵਿਚ ਕੜਾਹ ਪ੍ਰਸ਼ਾਦਿ ਵਰਤੇ। ਜਹਾਜ਼ ਚੜ੍ਹੇ ਸਾਰੇ ਸਿੰਘ ਤੇ ਸਿੰਘਣੀਆਂ ਇਕੋ ਬਾਟੇ ਵਿਚੋਂ ਕੜਾਹ ਪ੍ਰਸ਼ਾਦਿ ਰਲ ਕੇ ਛਕਣ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੩੧)

ਅੰਮ੍ਰਿਤ ਛਕਣ ਵਾਲੇ ਗੁਰਮਤਿ ਦੇ ਜਹਾਜ਼ 'ਤੇ ਸਵਾਰ ਹੋਏ ਹਨ ਅਤੇ ਸੰਸਾਰ ਭਵਜਲ ਤੋਂ ਪਾਰ ਉਤਾਰਣ ਲਈ ਹੁਣ ਗੁਰੂ ਉਹਨਾਂ ਦਾ ਮਲਾਹ ਬਣਿਆ ਹੈ। ***"ਹਰਿ ਬੋਹਿਥਿ ਚੜਿ ਵਡਭਾਗੀ ਲੰਘੈ ਗੁਰੁ ਖੇਵਟੁ ਸਬਦਿ ਤਰਾਏ॥"*** (ਮ.੪, ਅੰਗ 575)। ਉਪਰੰਤ ਸਾਰਿਆਂ ਨੇ ਇਕੋ ਬਾਟੇ ਵਿਚੋਂ ਕੜਾਹ ਪ੍ਰਸ਼ਾਦਿ ਰਲ ਕੇ ਛਕਣਾ ਹੈ। ਇਕੋ ਬਾਟੇ ਦਾ ਅੰਮ੍ਰਿਤਪਾਨ ਕਰਕੇ ਅਤੇ ਇਕੋ ਹੀ ਬਾਟੇ ਵਿਚੋਂ ਕੜਾਹ ਪ੍ਰਸਾਦਿ ਦੇ ਗੱਫੇ ਛਕ ਕੇ ਜੇਕਰ ਹਾਲੇ ਵੀ ਵੱਖਰੀ ਵੱਖਰੀ ਮਰਯਾਦਾ, ਸੋਚ ਅਤੇ ਰਹਿਤਾਂ, ਕੁਰਹਿਤਾਂ ਦੀ ਪੰਡ ਸਿਰ 'ਤੋਂ ਨਹੀ ਲੱਥੀ ਤਾਂ ਹੋਰ ਭਾਗਹੀਣ ਕਿਸ ਨੂੰ ਕਿਹਾ ਜਾ ਸਕਦਾ ਹੈ।

SikhBookClub.com

੩. ਤਨਖਾਹ ਲਾਉਣ ਦੀ ਵਿਧੀ

(ੳ) ਜਿਸ ਕਿਸੇ ਸਿੱਖ ਪਾਸੋਂ ਰਹਿਤ ਦੀ ਕੋਈ ਭੁੱਲ ਹੋ ਜਾਵੇ ਤਾਂ ਉਹ ਨੇੜੇ ਦੀ ਗੁਰ-ਸੰਗਤ ਪਾਸ ਹਾਜ਼ਰ ਹੋਵੇ ਅਤੇ ਸੰਗਤ ਦੇ ਸਨਮੁੱਖ ਖੜ੍ਹੋ ਕੇ ਆਪਣੀ ਭੁੱਲ ਮੰਨੇ।

(ਅ) ਗੁਰ-ਸੰਗਤ 'ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਪਿਆਰੇ ਚੁਣੇ ਜਾਣ, ਜੋ ਪੇਸ਼ ਹੋਏ ਸੱਜਣ ਦੀ ਭੁੱਲ ਨੂੰ ਵਿਚਾਰ ਕੇ ਗੁਰ-ਸੰਗਤ ਪਾਸ ਤਨਖਾਹ (ਦੰਡ) ਤਜਵੀਜ਼ ਕਰਨ।

(ੲ) ਸੰਗਤ ਨੂੰ ਬਖਸ਼ਣ ਵੇਲੇ ਹਠ ਨਹੀਂ ਕਰਨਾ ਚਾਹੀਦਾ। ਨਾ ਹੀ ਤਨਖਾਹ ਲੁਆਉਣ ਵਾਲੇ ਨੂੰ ਦੰਡ ਭਰਨ ਵਿਚ ਅੜੀ ਕਰਨੀ ਚਾਹੀਦੀ ਹੈ। ਤਨਖਾਹ ਕਿਸੇ ਕਿਸਮ ਦੀ ਸੇਵਾ, ਖਾਸ ਕਰਕੇ ਜੋ ਹੱਥਾਂ ਨਾਲ ਕੀਤੀ ਜਾ ਸਕੇ, ਲਾਉਣੀ ਚਾਹੀਏ।

(ਸ) ਅੰਤ ਸੋਧ ਦੀ ਅਰਦਾਸ ਹੋਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੩੨)

ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥
ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥੨॥

(ਮ.੫, ਅੰਗ ੬੨੫)

ਕੋਈ ਵੀ ਸਿੱਖ ਦਾਅਵਾ ਨਹੀਂ ਕਰ ਸਕਦਾ ਕਿ ਜੀਵਨ ਵਿਚ ਉਸਨੇ ਰਹਿਤ ਵਿਚ ਕੋਈ ਭੁੱਲ ਨਹੀਂ ਕੀਤੀ। ਪਰ ਦੂਸਰੇ ਪਾਸੇ ਬਖਸ਼ਿੰਦ ਸਤਿਗੁਰੂ ਬਾਹਵਾਂ ਉਲਾਰ ਕੇ ਉਸ ਨੂੰ ਆਪਣੀ ਹਿੱਕ ਨਾਲ ਲਾਉਣ ਅਤੇ ਬੇਦਾਵਾ ਪਾੜਨ ਨੂੰ ਬੇਤਾਬ ਹਨ।

ਕਿਸੇ ਸਿੱਖ ਪਾਸੋਂ ਰਹਿਤ ਦੀ ਭੁੱਲ ਹੋ ਜਾਣ ਦੀ ਸੂਰਤ ਵਿਚ ਉਸ ਦੇ ਨਿਧਾਨ ਬਾਰੇ ਇਹ ਅਧਿਆਇ ਹੈ। ਇਸ ਵਿਚ ਚਾਰ ਮੱਦਾਂ ਹਨ। ਸੰਖੇਪ ਰੂਪ ਵਿਚ ਸੁਧਾਈ ਲਈ ਉਸ ਸਿੱਖ ਨੇ ਸਥਾਨਕ ਗੁਰ-ਸੰਗਤ ਦੇ ਸਾਹਮਣੇ ਖ਼ੁਦ ਹਾਜ਼ਰ ਹੋਣਾ ਹੈ। ਗੁਰ-ਸੰਗਤ ਵਿਚੋਂ ਪੰਜ ਪਿਆਰੇ ਚੁਣੇ ਜਾਣੇ ਹਨ ਜੋ ਕੀਤੀ ਭੁੱਲ ਵਿਚਾਰ ਕੇ ਸੰਗਤ ਨੂੰ ਦੰਡ (ਤਨਖਾਹ) ਤਜਵੀਜ਼ ਕਰਣਗੇ। ਸੰਗਤ ਨੇ ਵਿਚਾਰ ਕੇ ਤਨਖਾਹ ਲਾਉਣੀ ਹੈ। ਉਪਰੰਤ ਤਨਖਾਹ ਪੂਰੀ ਕਰ ਕੇ ਉਸਦੀ ਸੋਧ ਦੀ ਅਰਦਾਸ ਹੋਏਗੀ। ਸੰਗਤ ਅਤੇ ਗੁਰ-ਸੰਗਤ ਵਿਚ ਅੰਤਰ ਹੈ। ਇਸ ਅੰਕ ਵਿਚ ਬਾਰ ਬਾਰ ਲਫ਼ਜ਼ ਗੁਰ-ਸੰਗਤ ਆਇਆ ਹੈ ਪਰ ਇਸ ਦੀ ਵਿਆਖਿਆ ਇਹ ਮੌਜੂਦਾ ਸਿੱਖ ਰਹਿਤ ਮਰਯਾਦਾ ਵਿਚ ਨਹੀਂ ਹੈ। ਅਲਬੱਤਾ 1936 ਵਿਚ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਦੇ 'ਪੰਥਕ ਰਹਿਣੀ' ਅਧਿਆਇ ਵਿਚ ਲਫ਼ਜ਼ ਗੁਰ-ਸੰਗਤ ਦੀ ਵਿਆਖਿਆ ਕੀਤੀ ਗਈ ਹੈ,

(ਅ) ਗੁਰ ਸੰਗਤ :- ਜਿੱਥੇ ਥੋੜੇ ਜਿਹੇ ਸਿੱਖ ਭੀ ਹੋਣਗੇ, ਉਹ ਇਕ ਗੁਰ ਸੰਗਤ ਰਚ ਲੈਣਗੇ, ਵਧੀਕ ਜਿਤਨੇ ਹੋਣ, ਉਤਨਾ ਹੀ ਚੰਗਾ ਹੈ। ਜਿੱਥੇ ਘਟ ਤੋਂ ਘਟ ਪੰਜ ਤਿਆਰ ਬਰ ਤਿਆਰ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਹੋਣ, ਉਹ 'ਗੁਰ ਸੰਗਤ' ਹੈ।

(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੧੪)

SikhBookClub.com

ਇਸ ਮੱਦ ਦੇ ਪਹਿਲੇ ਅੰਕ ਮੁਤਾਬਕ ਜਿਸ ਸਿੱਖ ਪਾਸੋਂ ਰਹਿਤ ਦੀ ਕੋਈ ਭੁੱਲ ਹੋਈ ਹੈ ਉਸਨੂੰ ਨਿਜੀ ਤੌਰ 'ਤੇ ਨੇੜੇ ਦੀ ਗੁਰ-ਸੰਗਤ ਦੇ ਸਨਮੁਖ ਹਾਜ਼ਰ ਹੋ ਕੇ ਆਪਣੀ ਭੁੱਲ ਮੰਨਣੀ ਹੈ। ਇਸ ਤੋਂ ਸਪਸ਼ਟ ਹੈ ਕਿ ਢਿਲਿਆਈ ਕਰਨ ਵਾਲੇ ਨੇ ਖ਼ੁਦ ਹਾਜ਼ਰ ਹੋਣਾ ਹੈ। ਉਸਦਾ ਵਕੀਲ ਜਾਂ ਨੁਮਾਇੰਦਾ ਉਸ ਦੀ ਤਰਫ਼ੋਂ ਪੇਸ਼ ਨਹੀਂ ਹੋ ਸਕਦਾ। ਜਿਵੇਂ ਮਹਾਰਾਜਾ ਰਣਜੀਤ ਸਿੰਘ ਨੂੰ ਖ਼ੁਦ ਪੇਸ਼ ਹੋਣਾ ਪਿਆ ਸੀ ਅਤੇ ਅਕਾਲੀ ਫੂਲਾ ਸਿੰਘ ਜੀ ਨੇ ਕੋਰੜਿਆਂ ਦੀ ਸਜ਼ਾ ਮਹਾਰਾਜੇ ਨੂੰ ਸੁਣਾਈ ਸੀ। ਜੇ ਉਹਨਾਂ ਦਾ ਵਕੀਲ ਹੁੰਦਾ ਉਸਨੂੰ ਤਾਂ ਇਹ ਸਜ਼ਾ ਨਹੀਂ ਸੀ ਦਿੱਤੀ ਜਾ ਸਕਦੀ। ਹੁਣੇ ਪਿੱਛੇ ਜਹੇ ਵੀ ਜਦੋਂ ਸੌਦਾ ਸਾਧ ਦੀ ਕਥਿਤ ਚਿੱਠੀ 'ਤੇ ਹੀ ਫੈਸਲਾ ਲੈ ਲਿਆ ਗਿਆ ਸੀ। ਜੇਕਰ ਮਰਯਾਦਾ ਦੀ ਇਸ ਮੱਦ 'ਤੇ ਅਮਲ ਕੀਤਾ ਹੁੰਦਾ ਤਾਂ ਇਤਨੀ ਵੱਡੀ ਨਮੋਸ਼ੀ ਤੋਂ ਬਚਿਆ ਜਾ ਸਕਦਾ ਸੀ।

ਕੀ ਰਹਿਤ ਵਿਚ ਭੁੱਲ ਕਰਨ ਵਾਲਾ ਆਪਣੇ ਵਕੀਲ ਜਾਂ ਨੁਮਾਇੰਦੇ ਰਾਹੀਂ ਗੁਰ-ਸੰਗਤ ਦੇ ਸਨਮੁਖ ਪੇਸ਼ ਹੋ ਸਕਦਾ ਹੈ? ਇਸ ਬਾਰੇ 7 ਜਨਵਰੀ, 1945 ਨੂੰ ਧਾਰਮਿਕ ਸਲਾਹਕਾਰ ਕਮੇਟੀ ਨੇ ਮਤਾ ਨੰਬਰ 9 ਰਾਹੀਂ ਇਹ ਨਿਰਣਾ ਲਿਆ ਗਿਆ :

> ***9. ਤਨਖਾਹ ਤੇ ਤਨਖਾਹੀਆ: ਇਸ ਸੰਬੰਧੀ ਕਿ ਕੀ ਕਿਸੇ ਸੱਜਣ ਦੀ ਗੈਰ ਹਾਜ਼ਰੀ ਵਿਚ ਉਸਦੀ ਲਿਖਤੀ ਦਰਖਾਸਤ ਵੇਖ ਕੇ ਉਸਨੂੰ ਰਹਿਤ ਦੀ ਢਿਲਿਆਈ ਸੰਬੰਧੀ ਤਨਖ਼ਾਹ ਲਗਾਈ ਜਾ ਸਕਦੀ ਹੈ ਜਾਂ ਨਹੀਂ, ਵਿਚਾਰ ਹੋ ਕੇ ਪਰਵਾਨ ਹੋਇਆ ਕਿ ਅਜਿਹਾ ਨਹੀਂ ਕੀਤਾ ਜਾਣਾ ਚਾਹੀਦਾ; ਢਿਲਿਆਈ ਕਰਨ ਵਾਲੇ ਸੱਜਣ ਦੇ ਖ਼ੁਦ ਹਾਜ਼ਰ ਹੋਣ ਤੋਂ ਹੀ ਉਸਨੂੰ ਤਨਖਾਹ ਲਗਾਈ ਜਾ ਸਕਦੀ ਹੈ।***
>
> (ਮਤਾ ਨੰਬਰ ੯, ਪੰਥਕ ਮਤੇ, ਪੰਨਾ ੩੫)

ਇਸ ਲਈ ਰਹਿਤ ਦੀ ਭੁੱਲ ਕਰਨ ਵਾਲੇ ਨੇ ਖ਼ੁਦ ਪੇਸ਼ ਹੋ ਕੇ ਤਨਖਾਹ ਲਵਾਉਣੀ ਹੈ। ਆਪਣੇ ਆਪ ਹੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਪੇਸ਼ ਹੋ ਕੇ, ਆਪੇ ਹੀ ਆਪਣੀ ਸਜ਼ਾ ਮਿੱਥ ਕੇ, ਆਪਣੇ ਆਪ ਨੂੰ ਬਰੀ ਕਰ ਕੇ ਇਹ ਭੁੱਲ ਦੀ ਤਲਾਫ਼ੀ ਨਹੀਂ ਹੈ।

ਦੂਸਰੇ ਅੰਕ ਮੁਤਾਬਕ ਗੁਰ-ਸੰਗਤ ਵਿਚੋਂ ਪੰਜ ਪਿਆਰੇ ਚੁਣੇ ਜਾਣੇ ਹਨ। ਜੋ ਅਵੱਗਿਆ ਨੂੰ ਵਿਚਾਰ ਕੇ ਦੰਡ ਗੁਰ-ਸੰਗਤ ਨੂੰ ਤਜਵੀਜ਼ ਕਰਨਗੇ।

ਤੀਸਰੇ ਅੰਕ ਮੁਤਾਬਕ ਦੰਡ ਜਾਂ ਤਨਖਾਹ ਲਗਾਉਣ ਦਾ ਅਧਿਕਾਰ ਸੰਗਤ ਨੂੰ ਹੈ। ਆਮ ਤੌਰ 'ਤੇ ਇਹ ਤਨਖਾਹ ਹੱਥੀਂ ਸੇਵਾ ਕਰਨ ਦੀ ਹੁੰਦੀ ਹੈ। ਪਰ ਇਹ ਸੇਵਾ ਨਹੀ ਬਲਕਿ ਦੰਡ ਹੈ।

ਚੌਥੇ ਅੰਕ ਮੁਤਾਬਕ ਇਹ ਸਜ਼ਾ ਪੂਰੀ ਕਰ ਉਸ ਸਿੱਖ ਨੇ ਮੁੜ ਸੰਗਤ ਵਿਚ ਹਾਜ਼ਰ ਹੋਣਾ ਅਤੇ ਸੁਧਾਈ ਦੀ ਅਰਦਾਸ ਕੀਤੀ ਜਾਣੀ ਹੈ। ਇਹ ਮਰਯਾਦਾ ਪੰਥ ਦੀ ਮਹਾਨ ਪ੍ਰੰਪਰਾ ਹੈ। ਰਹਿਤ ਦੀ ਢਿਲ ਕਰਨ ਵਾਲਾ ਇਸ ਰਸਤੇ ਨੂੰ ਅਪਣਾਉਣ ਤੋਂ ਕੰਨੀ ਕਤਰਾ ਰਹੇ ਹਨ। ਲੋੜ ਹੈ ਇਸ ਮਰਯਾਦਾ ਨੂੰ ਸੁਦ੍ਰਿੜ ਕਰਨ ਦੀ।

ਜੇਕਰ ਸਿੱਖ ਰਹਿਤ ਮਰਯਾਦਾ ਦੇ ਇਸ ਅਧਿਆਇ ਨੂੰ ਲਾਗੂ ਕਰ ਦਿੱਤਾ ਜਾਏ ਤਾਂ ਇਸ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੋਰ ਜ਼ਰੂਰੀ ਪੰਥਕ ਮੁੱਦਿਆਂ 'ਤੇ ਵੱਧ ਧਿਆਨ ਦਿੱਤਾ ਜਾ ਸਕਦਾ ਹੈ।

SikhBookClub.com

੪. ਗੁਰਮਤਾ ਕਰਨ ਦੀ ਵਿਧੀ

(ੳ) ਗੁਰਮਤਾ ਕੇਵਲ ਉਹਨਾਂ ਸਵਾਲਾਂ 'ਤੇ ਹੀ ਹੋ ਸਕਦਾ ਹੈ, ਜੋ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਦੀ ਪੁਸ਼ਟੀ ਲਈ ਹੋਣ, ਅਰਥਾਤ ਗੁਰੂ ਸਾਹਿਬਾਨ ਜਾਂ ਗੁਰੂ ਗ੍ਰੰਥ ਸਾਹਿਬ ਦੀ ਪਦਵੀ, ਬੀੜ ਦੀ ਨਿਰੋਲਤਾ, ਅੰਮ੍ਰਿਤ, ਰਹਿਤ-ਬਹਿਤ, ਪੰਥ ਦੀ ਬਨਾਵਟ ਆਦਿ ਨੂੰ ਕਾਇਮ ਰੱਖਣ ਬਾਬਤ। ਹੋਰ ਕਿਸੇ ਕਿਸਮ ਦੇ ਸਾਧਾਰਨ (ਧਾਰਮਿਕ, ਵਿਦਿਅਕ, ਸਮਾਜਕ, ਪੁਲੀਟੀਕਲ) ਸਵਾਲ ਉਤੇ ਕੇਵਲ ਮਤਾ ਹੋ ਸਕਦਾ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੩੨)

(ਅ) ਇਹ ਗੁਰਮਤਾ ਗੁਰੂ ਪੰਥ ਦਾ ਚੁਣਿਆ ਹੋਇਆ ਕੇਵਲ ਸ਼੍ਰੋਮਣੀ ਜਥਾ ਜਾਂ ਗੁਰੂ-ਪੰਥ ਦਾ ਪ੍ਰਤੀਨਿਧ ਇਕੱਠ ਹੀ ਕਰ ਸਕਦਾ ਹੈ। *(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੩੨)*

ਸਿੱਖ ਰਹਿਤ ਮਰਯਾਦਾ ਵਿਚ ਗੁਰਮਤਾ ਕਰਨ ਦੀ ਵਿਧੀ ਦੇ ਸਿਰਲੇਖ ਹੇਠ ਦੋ ਬੰਦ ਹਨ। ਪਹਿਲੇ ਬੰਦ (ੳ) ਵਿਚ ਮਤੇ ਅਤੇ ਗੁਰਮਤੇ ਦੇ ਅੰਤਰ ਨੂੰ ਸਪਸ਼ਟ ਕੀਤਾ ਗਿਆ ਹੈ ਅਤੇ ਦੂਸਰੇ ਬੰਦ (ਅ) ਵਿਚ ਗੁਰਮਤਾ ਅਤੇ ਮਤਾ ਕਰਨ ਦਾ ਅਧਿਕਾਰੀ ਕੌਣ ਹੈ? ਇਸਦੀ ਵਿਆਖਿਆ ਕੀਤੀ ਗਈ ਹੈ।

ਮੱਦ (ੳ) ਮੁਤਾਬਕ ਸਿੱਖ ਧਰਮ ਦੇ ਮੁੱਢਲੇ ਅਸੂਲਾਂ ਦੀ ਪੁਸ਼ਟੀ ਜਿਨ੍ਹਾਂ ਵਿਚ ਗੁਰੂ ਸਾਹਿਬਾਨ ਜਾਂ ਗੁਰੂ ਗ੍ਰੰਥ ਸਾਹਿਬ ਦੀ ਪਦਵੀ, ਬੀੜ ਦੀ ਨਿਰੋਲਤਾ, ਅੰਮ੍ਰਿਤ, ਰਹਿਤ-ਬਹਿਤ, ਪੰਥ ਦੀ ਬਨਾਵਟ ਆਦਿ ਨੂੰ ਕਾਇਮ ਰੱਖਣ ਬਾਬਤ ਸਵਾਲਾਂ 'ਤੇ ਗੁਰਮਤਾ ਹੋ ਸਕਦਾ ਹੈ। ਇਸਦੇ ਇਲਾਵਾ ਆਮ ਸਾਧਾਰਨ ਕਿਸਮ ਦੇ ਮਸਲਿਆਂ ਜਿਵੇਂ ਧਾਰਮਿਕ, ਵਿਦਿਅਕ, ਸਮਾਜਕ, ਪੁਲੀਟੀਕਲ ਸਵਾਲਾਂ ਬਾਰੇ ਮਤਾ ਕੀਤਾ ਜਾ ਸਕਦਾ ਹੈ। ਮਤੇ ਅਤੇ ਗੁਰਮਤੇ ਵਿਚ ਅੰਤਰ ਹੈ। ਮਤਾ ਹਰ ਥਾਂ ਹੋ ਸਕਦਾ ਹੈ ਪਰ ਗੁਰਮਤਾ ਨਹੀਂ।

ਈਸਵੀ 1817 ਵਿਚ ਅੰਗਰੇਜ਼ ਲਿਖਾਰੀ ਕਰਾਫ਼ਰਡ ਦੀ ਲਿਖੀ ਕਿਤਾਬ ਐਨਸ਼ਿਅੰਟ ਐਂਡ ਮਾੱਡਰਨ ਇੰਡਿਆ ਵਿਚ ਗੁਰਮਤੇ ਬਾਰੇ ਲਿਖਿਆ ਹੈ ਕਿ ਇਹ ਗੁਰੂ ਪੰਥ ਵਲੋਂ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਸੋਧਿਆ ਜਾਂਦਾ ਹੈ।

The Guru-Mata is summoned only when the nation is threatened with war, or when something may occur to require the combined efforts of the different chiefs. When the assembly has met and chiefs are seated, the Adi-Granth and other sacred writings are placed before them, to which they all bend their heads, taking God to witness their intention to observe what is ordained by them.

Q. Craufurd, Ancient and Moder India. 1817, p. 346, 355-356.

ਇਸਦੇ ਨਾਲ ਹੀ ਲਿਖਾਰੀ ਨੇ ਇਹ ਵੀ ਅੰਕਤ ਕੀਤਾ ਹੈ ਕਿ ਅੰਮ੍ਰਿਤ ਛਕਾਣ ਲੱਗਿਆਂ ਅਭਿਲਾਖੀ ਨੂੰ ਗੁਰੂ ਗ੍ਰੰਥ ਸਾਹਿਬ ਅਤੇ ਦਸਮਾ ਪਾਤਸ਼ਾਹ ਕਾ ਗ੍ਰੰਥ ਦਾ ਪਾਠ ਹਰ ਦਿਨ ਸਵੇਰ ਸ਼ਾਮ ਕਰਨ ਦਾ ਆਦੇਸ਼ ਦਿੱਤਾ ਜਾਂਦਾ ਹੈ।

SikhBookClub.com

And he is commanded to read the Adi-Granth and Dasama Padshah ka Granth, every monring and evening.

ਕਈ ਵਾਰ ਕਈ ਲਿਖਾਰੀ ਜਾਂ ਸੰਸਥਾਵਾਂ ਗੁਰਬਾਣੀ ਬਾਰੇ ਲਿਖੀਆਂ ਪੁਸਤਕਾਂ ਦਾ ਸਿਰਲੇਖ 'ਨਿਰਣਾ' ਦੇ ਕੇ ਗੁਰਬਾਣੀ ਦੀ ਹੋਂਦ ਬਾਰੇ ਫੈਸਲੇ ਲਿਖ ਦਿੰਦੇ ਹਨ। ਭਾਈ ਭਾਗ ਸਿੰਘ ਅੰਬਾਲਾ ਨੂੰ ਇਸੇ ਅਵੱਗਿਆ ਕਰ ਕੇ ਵੀ ਤਨਖ਼ਾਹੀਆ ਕਰਾਰ ਦਿੱਤਾ ਗਿਆ ਸੀ ਕਿ ਉਹਨਾਂ ਨੇ ਆਪਣੀ ਪੁਸਤਕ ਦਾ ਨਾਮ 'ਨਿਰਣਾ' ਲਿਖ ਕੇ ਕਿਉਂ ਛਾਪੀ। ਗੁਰਬਾਣੀ ਹੈ ਕਿ ਨਹੀਂ ਇਸ ਬਾਰੇ ਨਿਰਣਾ ਦੇਣ ਦਾ ਅਧਿਕਾਰ ਕਿਸੇ ਵਿਅਕਤੀ ਜਾਂ ਜਥੇਬੰਦੀ ਨੂੰ ਨਹੀਂ ਹੈ। ਇਹ ਜ਼ਿੰਮੇਵਾਰੀ ਅਤੇ ਫ਼ਰਜ਼ ਕੇਵਲ ਗੁਰੂ ਪੰਥ ਦਾ ਹੈ।

ਆਮ ਤੌਰ 'ਤੇ ਵੇਖਣ ਵਿਚ ਆਇਆ ਹੈ ਕਿ ਆਮ ਸਥਾਨਕ ਜਾਂ ਫ਼ਿਰ ਕਿਸੇ ਜਥੇਬੰਦੀ ਜਾਂ ਧੜਿਆਂ ਵੱਲੋਂ ਕੀਤੇ ਇਕੱਠ ਵਿਚ ਪਾਸ ਕੀਤੇ ਮਤਿਆਂ ਨੂੰ ਵੀ ਗੁਰਮਤਾ ਕਹਿ ਦਿੱਤਾ ਜਾਂਦਾ ਹੈ। ਇਹ ਸਹੀ ਨਹੀਂ ਹੈ, ਕਿਉਂਕਿ ਗੁਰਮਤਾ ਆਪਣੇ ਆਪ ਵਿਚ ਬਹੁਤ ਮਹੱਤਵਪੂਰਨ ਸੰਸਥਾ ਹੈ। ਗੁਰਮਤਾ ਗੁਰੂ ਦੀ ਆਗਿਆ ਤੁਲ ਹੋ ਜਾਂਦਾ ਹੈ।

ਈਸਵੀ 1817 ਵਿਚ ਅੰਗਰੇਜ਼ ਲਿਖਾਰੀ ਕਰਾਫ਼ਰਡ ਦੀ ਲਿਖੀ ਕਿਤਾਬ ਐਨਸ਼ਿਅੰਟ ਐਂਡ ਮਾੱਡਰਨ ਇੰਡਿਆ ਵਿਚ ਗੁਰਮਤੇ ਬਾਰੇ ਲਿਖਿਆ ਹੈ ਕਿ ਇਹ ਗੁਰੂ ਪੰਥ ਵਲੋਂ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਸੋਧਿਆ ਜਾਂਦਾ ਹੈ।

[The Guru-Mata is summoned only when the nation is threatened with war, or when something may occur to require the combined efforts of the different chiefs. When the assembly has met and chiefs are seated, the Adi-Granth and other sacred writings are placed before them, to which they all bend their heads, taking God to witness their intention to observe what is ordained by them.

Q. Craufurd, Ancient and Moder India. 1817, Vol. I p. 346, 355-356.

ਇਸਦੇ ਨਾਲ ਹੀ ਲਿਖਾਰੀ ਨੇ ਇਹ ਵੀ ਅੰਕਤ ਕੀਤਾ ਹੈ ਕਿ ਅੰਮ੍ਰਿਤ ਛਕਾਣ ਲੱਗਿਆਂ ਅਭਿਲਾਖੀ ਨੂੰ ਗੁਰੂ ਗ੍ਰੰਥ ਸਾਹਿਬ ਅਤੇ ਦਸਮਾ ਪਾਤਸ਼ਾਹ ਕਾ ਗ੍ਰੰਥ ਦਾ ਪਾਠ ਹਰ ਦਿਨ ਸਵੇਰ ਸ਼ਾਮ ਕਰਨ ਦਾ ਆਦੇਸ਼ ਦਿੱਤਾ ਜਾਂਦਾ ਹੈ।

And he is commanded to read the Adi-Granth and Dasama Padshah ka Granth, every morning and evening.

ਦੂਸਰੀ ਮੱਦ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਗੁਰਮਤਾ ਕੇਵਲ ਗੁਰੂ ਪੰਥ ਦਾ ਚੁਣਿਆ ਹੋਇਆ ਕੇਵਲ ਸ਼੍ਰੋਮਣੀ ਜਥਾ ਜਾਂ ਗੁਰੂ-ਪੰਥ ਦਾ ਪ੍ਰਤੀਨਿਧ ਇਕੱਠ ਹੀ ਕਰ ਸਕਦਾ ਹੈ। ਮੌਜੂਦਾ ਕਾਲ ਵਿਚ ਕੇਵਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਹੈ ਜੋ ਕਿ ਇਸ ਪਰਿਭਾਸ਼ਾ ਦੇ ਨੇੜੇ-ਤੇੜੇ ਕਹੀ ਜਾ ਸਕਦੀ ਹੈ। ਇਸ ਦਾ ਕਾਰਨ ਹੈ ਕਿ ਸ਼੍ਰੋਮਣੀ

SikhBookClub.com

ਕਮੇਟੀ ਦੀ ਕਾਇਮੀ ਸਮੁੱਚੀ ਸਿੱਖ ਕੌਮ ਦੀ ਸਾਂਝੀ ਜਦੋ-ਜਹਿਦ ਅਤੇ ਅਥਾਹ ਕੁਰਬਾਨੀਆਂ ਸਦਕਾ ਹੋਈ ਹੈ। ਇਹ ਕਿਸੇ ਧੜੇ, ਜਥੇ, ਡੇਰੇ ਜਾਂ ਕਿਸੇ ਦੀ ਵਿਅਕਤੀਗਤ ਵਿਰਾਸਤ ਨਹੀਂ ਹੈ। ਇਹ ਨਹੀਂ ਕਿ ਇਸ ਦੇ ਪ੍ਰਬੰਧ ਵਿਚ ਸਭ ਕੁੱਝ ਗੁਰੂ ਪੰਥ ਦੀਆਂ ਆਸਾਂ ਅਤੇ ਉਦੇਸ਼ਾਂ ਦੇ ਅਨੁਰੂਪ ਹੀ ਹੁੰਦਾ ਹੈ ਪਰ ਫ਼ਿਰ ਵੀ ਕਈ ਉਣਤਾਈਆਂ ਦੇ ਬਾਵਜੂਦ ਕੇਵਲ ਇਹੋ ਹੀ ਇਕੋ ਇਕ ਸੰਸਥਾ ਹੈ ਜਿਸ ਨੂੰ ਪੰਥ ਦੀ ਨੁਮਾਇੰਦਾ ਜਮਾਤ ਕਿਹਾ ਜਾ ਸਕਦਾ ਹੈ। ਆਪਣੇ ਤਕਰੀਬਨ ਇਕ ਸਦੀ ਦੇ ਇਤਿਹਾਸ ਵਿਚ ਇਸ ਸੰਸਥਾ ਨੇ ਕਈ ਉਤਾਰ-ਚੜ੍ਹਾਅ ਦੇ ਬਾਵਜੂਦ ਮੁੱਢਲਾ ਸਰੂਪ ਕਾਇਮ ਰਖਿਆ ਹੈ। ਇਸ ਦੇ ਪ੍ਰਬੰਧ ਅਤੇ ਪ੍ਰਬੰਧਕਾਂ ਵਿਚ ਜਿਹੜੀਆਂ ਕਮੀਆਂ, ਖ਼ਾਮੀਆਂ ਜਾਂ ਊਣਤਾਈਆਂ ਹਨ, ਉਸ ਵਿਚ ਸਮੁੱਚਾ ਗੁਰੂ ਪੰਥ ਆਪਣਾ ਅਖਤਿਆਰ ਵਰਤ ਕੇ ਸੁਧਾਰ ਲਿਆ ਸਕਦਾ ਹੈ। ਮਾਸਟਰ ਤਾਰਾ ਸਿੰਘ ਜੀ ਕਿਹਾ ਕਰਦੇ ਸਨ ਕਿ ਜੇਕਰ ਕਿਸੇ ਗੁਰਦੁਆਰੇ ਦਾ ਗ੍ਰੰਥੀ ਮਾੜਾ ਹੈ ਤਾਂ ਉਸ ਨੂੰ ਬਦਲਣਾ ਚਾਹੀਦਾ ਹੈ, ਨਾ ਕਿ ਗੁਰਦੁਆਰਾ ਹੀ ਢਾਹ ਦਿੱਤਾ ਜਾਏ।

ਸੈਂਕੜੇ ਨਿਜੀ ਡੇਰਿਆਂ, ਮਸੰਦਾਂ ਅਤੇ ਮਹੰਤਾਂ ਆਦਿ ਤੋਂ ਗੁਰਦੁਆਰਿਆਂ ਨੂੰ ਆਜ਼ਾਦ ਕਰਵਾ ਕਰੇ ਕੇ ਗੁਰੂ ਪੰਥ ਨੇ ਇਹ ਸੰਸਥਾ ਕਾਇਮ ਕੀਤੀ ਹੈ। ਅੱਜ ਜੇਕਰ ਇਹ ਸਮਾਪਤ ਹੋ ਜਾਂਦੀ ਹੈ ਤਾਂ ਫ਼ਿਰ ਹਰ ਗੁਰਦੁਆਰਾ ਨਿਜੀ ਅਦਾਰਿਆਂ ਵਿਚ ਤਬਦੀਲ ਹੋ ਜਾਏਗਾ। ਫ਼ਿਰ ਨਾ ਕੋਈ ਮਰਯਾਦਾ ਕਾਇਮ ਰਹਿ ਸਕੇਗੀ ਅਤੇ ਨਾ ਹੀ ਕੋਈ ਪੰਥ ਦਾ ਇਕ ਧੁਰਾ।

ਇਸ ਤਰੀਕੇ ਤੋਂ ਵੇਖਿਆਂ ਇਸ ਸਮੇਂ ਕੇਵਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੀ ਪੰਥ ਦਾ ਸ਼੍ਰੋਮਣੀ ਜਥਾ ਕਿਹਾ ਜਾ ਸਕਦਾ ਹੈ। ਆਪਣੀ ਕਾਇਮੀ ਤੋਂ ਲੈ ਕੇ ਹੁਣ ਤਕ ਇਹ ਸੰਸਥਾ ਗੁਰਮਤੇ ਕਰਦੀ ਆ ਰਹੀ ਹੈ। ਇਸ ਪ੍ਰੰਪਰਾ ਵਿਚ ਸੁਧਾਰ ਅਤੇ ਨਰੋਇਆ-ਪਨ ਲਿਆਇਆ ਜਾ ਸਕਦਾ ਹੈ। ਅਲਬੱਤਾ ਆਮ ਸੰਗਤ ਜਾਂ ਇਕਤ੍ਰਤਾ ਵਿਚ ਲਏ ਗਏ ਨਿਰਣਿਆਂ ਨੂੰ ਮਤਾ ਤਾਂ ਕਿਹਾ ਜਾ ਸਕਦਾ ਹੈ, ਗੁਰਮਤਾ ਨਹੀਂ।

੫. ਸਥਾਨਕ ਫ਼ੈਸਲਿਆਂ ਦੀ ਅਪੀਲ

ਸਥਾਨਕ ਗੁਰ-ਸੰਗਤਾਂ ਦੇ ਫੈਸਲਿਆਂ ਦੀ ਅਪੀਲ ਸ੍ਰੀ ਅਕਾਲ ਤਖ਼ਤ ਸਾਹਿਬ ਪਾਸ ਹੋ ਸਕਦੀ ਹੈ।

(ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੩੨)

'ਸਥਾਨਕ ਗੁਰ-ਸੰਗਤਾਂ ਦੇ ਫੈਸਲਿਆਂ ਦੀ ਅਪੀਲ ਸ੍ਰੀ ਅਕਾਲ ਤਖ਼ਤ ਸਾਹਿਬ ਪਾਸ ਹੋ ਸਕਦੀ ਹੈ। 'ਸਿੱਖ ਰਹਿਤ ਮਰਯਾਦਾ ਦੀ ਇਹ ਅੰਤਿਮ ਅਤੇ ਸਭ ਤੋਂ ਛੋਟੀ ਮੱਦ ਹੈ। ਪਰ ਅਸਰ ਕਰਨ ਪੱਖੋਂ ਇਹ ਬਹੁਤ ਮਹੱਤਵਪੂਰਨ ਹੈ। ***'ਦੇਖਨ ਮਹਿ ਛੋਟਨ ਲਗੇ ਘਾਵ ਕਰੇ ਗੰਭੀਰ।'*** ਇਹ 1936 ਦੀ ਸਿੱਖ ਰਹਿਤ ਮਰਯਾਦਾ ਵਿਚ ਵੀ ਇੰਨ ਬਿੰਨ ਇਸੇ ਤਰ੍ਹਾਂ ਹੀ ਸੀ। ਇਸ ਗੰਭੀਰ ਮੱਦ ਨੂੰ ਨਾ ਤਾਂ ਵਿਚਾਰਿਆ ਹੀ ਗਿਆ ਹੈ ਅਤੇ ਨਾ ਹੀ ਇਸ ਨੂੰ ਅਮਲ ਵਿਚ ਹੀ ਲਿਆਂਦਾ ਗਿਆ ਹੈ। ਇਕ ਗੱਲ ਨਿਸਚਿਤ ਹੈ ਕਿ ਜੇਕਰ ਗੰਭੀਰਤਾ

SikhBookClub.com

ਨਾਲ ਇਸ ਮੱਦ ਨੂੰ ਇਸਦੀ ਮੂਲ ਭਾਵਨਾ ਅਨੁਸਾਰ ਵਿਚਾਰ ਲਿਆ ਜਾਏ ਤਾਂ ਨਾ ਕੇਵਲ ਸ੍ਰੀ ਅਕਾਲ ਤਖਤ ਸਾਹਿਬ 'ਤੇ ਹਰ ਮਸਲਾ ਲਿਜਾਣ ਦੀ ਬਿਰਤੀ ਨੂੰ ਠੱਲ੍ਹ ਪਵੇਗੀ ਬਲਕਿ ਇਸ ਨਾਲ ਪੰਥ ਦੀ ਇਕ ਅਹਿਮ ਅਤੇ ਗਵਾਚੀ ਹੋਈ ਸੰਸਥਾ **'ਗੁਰ ਸੰਗਤ'** ਮੁੜ ਸੁਰਜੀਤ ਹੋ ਸਕੇਗੀ।

ਉਕਤ ਮੱਦ ਵਿਚ ਇਹ ਲਿਖਿਆ ਹੈ ਕਿ ਸਥਾਨਕ **'ਗੁਰ-ਸੰਗਤਾਂ'** ਦੇ ਫੈਸਲਿਆਂ ਦੀ ਅਪੀਲ ਸ੍ਰੀ ਅਕਾਲ ਤਖ਼ਤ ਸਾਹਿਬ ਪਾਸ ਹੋ ਸਕਦੀ ਹੈ। ਅਕਾਲ ਤਖ਼ਤ ਸਾਹਿਬ ਕੋਲ ਅਪੀਲ ਦਾ ਅਧਿਕਾਰ ਕਿਸ ਨੂੰ ਹੈ ਅਤੇ ਕਿਸ ਵਿਧੀ ਨਾਲ ਇਹ ਮਸਲੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵਿਚਾਰ ਹਿਤ ਭੇਜੇ ਜਾ ਸਕਦੇ ਹਨ, ਇਹ ਬਹੁਤ ਹੀ ਅਹਿਮ ਨੁਕਤਾ ਹੈ। ਸੰਗਤ ਅਤੇ **'ਗੁਰ-ਸੰਗਤ'** ਵਿਚ ਅੰਤਰ ਹੈ। ਗੁਰ-ਸੰਗਤ ਕਿਸ ਨੂੰ ਕਹਿੰਦੇ ਹਨ ਇਸ ਬਾਰੇ ਵਿਸਥਾਰ ਸਹਿਤ ਵਿਚਾਰ ਪੰਥਕ ਰਹਿਣੀ ਦੇ **ਅੰਕ 1. ਗੁਰੂ ਪੰਥ** ਵਿਚ ਵਿਚਾਰ ਕੀਤੀ ਜਾ ਚੁਕੀ ਹੈ।

ਕੇਵਲ ਉਹੀ ਸੰਗਤ **'ਗੁਰ ਸੰਗਤ'** ਅਖਵਾ ਸਕਦੀ ਹੈ ਜਿਸ ਵਿਚ ਘੱਟੋ ਘੱਟ ਪੰਜ ਤਿਆਰ ਬਰ ਤਿਆਰ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਹੋਣਗੇ। ਇਸ ਦੇ ਨਾਲ ਹੀ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਸਿੱਖ ਨੂੰ **'ਗੁਰ ਸੰਗਤਿ'** ਦਾ ਮੈਂਬਰ ਬਣਨ ਲਈ ਜ਼ਰੂਰੀ ਹੈ ਕਿ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋਵੇ। ਇਸ ਤਰ੍ਹਾਂ ਹਰ ਸੰਗਤ ਕਿਸੇ ਧਾਰਮਿਕ ਮਾਮਲੇ ਵਿਚ ਨਿਰਣਾ ਲੈਣ ਦਾ ਹੱਕ ਨਹੀਂ ਰਖਦੀ ਬਲਕਿ ਇਹ ਅਧਿਕਾਰ ਅਤੇ ਫ਼ਰਜ਼ ਕੇਵਲ **'ਗੁਰ ਸੰਗਤ'** ਨੂੰ ਹੈ। ਇਸ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਰੁਤਬਾ ਇਕ ਅਪੀਲ ਵਾਲੀ ਅਦਾਲਤ ਦਾ ਹੈ।

ਹਰ ਕਿਸੇ ਮਸਲੇ ਜਾਂ ਮੁੱਦੇ ਨੂੰ ਸਿੱਧੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਨਹੀਂ ਲਿਜਾਇਆ ਜਾ ਸਕਦਾ। ਹਰ ਸਿੱਖ ਨੂੰ ਸਥਾਨਕ ਸੰਗਤ ਨਾਲ ਜੋੜਨ ਲਈ ਸਥਾਨਕ **ਗੁਰ ਸੰਗਤ** ਨੂੰ ਮੁੱਢਲਾ ਫੈਸਲਾ ਕਰਨ ਦਾ ਅਧਿਕਾਰ ਦਿੱਤਾ ਗਿਆ ਸੀ। ਜੇਕਰ ਕੋਈ ਮਸਲਾ ਉਭਰਦਾ ਹੈ ਤਾਂ ਕਿਸੇ ਵੀ ਸਿੱਖ ਲਈ ਜ਼ਰੂਰੀ ਹੈ ਕਿ ਉਹ ਦਰਪੇਸ਼ ਮਸਲੇ ਨੂੰ ਪਹਿਲਾਂ ਸਥਾਨਕ 'ਗੁਰ ਸੰਗਤ' ਦੇ ਸਾਹਮਣੇ ਪੇਸ਼ ਕਰੇ। ਸਥਾਨਕ ਗੁਰ ਸੰਗਤ ਪਹਿਲਾਂ ਉਸ 'ਤੇ ਕੋਈ ਨਿਰਣਾ ਲਵੇ। ਇਸ ਫੈਸਲੇ ਉੱਤੇ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਫ਼ਿਰ ਉਸਦੀ ਅਪੀਲ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋ ਸਕਦੀ ਹੈ।

ਹੁਣ ਜੇਕਰ ਇਸ ਮੱਦ ਨੂੰ ਅਮਲ ਵਿਚ ਲਿਆਇਆ ਜਾਂਦਾ ਹੈ ਤਾਂ ਪੰਥ ਦੀ ਸਰਵੁੱਚ ਪੰਥਕ ਸੰਸਥਾ ਦੀ ਕਾਰਜ ਪ੍ਰਣਾਲੀ ਨੂੰ ਮੁੜ ਸੁਰਜੀਤ ਕੀਤਾ ਜਾ ਸਕੇਗਾ।

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥

(ਮ. ੪, ਅੰਗ ੧੬੭)

ਜੋਦੜੀ

ਸਤਿਗੁਰੂ ਸੱਚੇ ਪਾਤਿਸ਼ਾਹ ਵੱਲੋਂ ਬਖਸ਼ੀ ਬੁੱਧ ਮੂਜਬ ਪੰਥਕ ਦਸਤਾਵੇਜ **ਸਿੱਖ ਰਹਿਤ**

SikhBookClub.com

ਮਰਯਾਦਾ ਦੀ ਇਹ ਵਿਆਖਿਆ ਇਕ ਨਿਮਾਣਾ ਜਿਹਾ ਉਪਰਾਲਾ ਹੈ। 239 ਸਾਲ ਦੇ ਲੰਮੇ ਜੀਵਨ ਕਾਲ ਵਿਚ ਅਕਾਲ ਪੁਰਖ ਦੇ ਨਿਜ ਸਰਗੁਣ ਸਰੂਪ ਗੁਰੂ ਸਾਹਿਬਾਨ ਨੇ ਆਪਣਾ ਸਾਰਾ ਕੁਝ ਵਾਰ ਕੇ ਜੁਗੋ ਜੁਗ ਅਟੱਲ ਗੁਰੂ ਗ੍ਰੰਥ ਸਾਹਿਬ ਅਤੇ ਇਸ ਦੀ ਤਾਬਿਆ ਗੁਰੂ ਪੰਥ ਪ੍ਰਗਟ ਕੀਤਾ। ਇਸ ਪੰਥ ਨੂੰ ਨਿਰਜੁਰ ਨਿਰੂਪ ਅਤੇ ਸੁੰਦਰ ਸਰੂਪ ਬਣਾਈ ਰੱਖਣ ਲਈ ਅੰਮ੍ਰਿਤ ਦੀ ਦਾਤ ਦੇ ਕੇ ਇਸ ਨੂੰ ਰਹਿਤ ਦੀ ਮਰਯਾਦਾ ਦੀ ਰਾਮ ਕਾਰ ਬਖਸ਼ੀ।

ਇਕ ਬਾਟੇ ਦਾ ਅੰਮ੍ਰਿਤ ਛੱਕ ਕੇ ਇਕ ਬਾਟੇ ਵਿਚੋਂ ਕੜਾਹ ਪ੍ਰਸ਼ਾਦਿ ਛੱਕ ਜੇਕਰ ਸਿੱਖ ਦੀ ਜੀਵਨਜਾਚ ਅਤੇ ਰਹਿਤ ਦੇ ਵੱਖਰੇ-ਵੱਖਰੇ ਟਾਪੂ ਬਣਦੇ ਜਾਣ ਤਾਂ ਇਹ ਪੰਥ ਲਈ ਚਿੰਤਾ ਦਾ ਵਿਸ਼ਾ ਹੈ। ਇਸ ਲਈ ਗੁਰੂ ਪੰਥ ਨੇ ਸਿਰ ਜੋੜ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਸਿੱਖ ਰਹਿਤ ਮਰਯਾਦਾ ਤਿਆਰ ਕੀਤੀ। ਇਹ ਦਸਤਾਵੇਜ਼ ਸਾਰੇ ਜਗਤ ਦੇ ਪੰਥ ਖਾਲਸਾ ਦਾ ਹੈ। ਜਿਤਨੀ ਗੰਭੀਰਤਾ ਅਤੇ ਵਿਦਵਤਾ ਨਾਲ ਇਹ ਮਰਯਾਦਾ ਤਿਆਰ ਕੀਤੀ ਗਈ ਉਸ ਦੀ ਵਿਆਖਿਆ ਉਤਨੀ ਹੀ ਤੱਤਪਰਤਾ ਅਤੇ ਦ੍ਰਿੜਤਾ ਨਾਲ ਕਰਨ ਦੀ ਲੋੜ ਹੁਣ ਪਹਿਲੇ ਨਾਲੋਂ ਵੀ ਵੱਧ ਹੈ।

ਇਸ ਆਸ਼ੇ ਨਾਲ ਇਹ ਉਪਰਾਲਾ ਕੀਤਾ ਗਿਆ ਹੈ। ਮਕਸਦ ਅਤੇ ਚਾਹਨਾ ਇੱਕੋ ਹੀ ਹੈ ਕਿ **ਗੁਰੂ ਗ੍ਰੰਥ-ਗੁਰੂ ਪੰਥ** ਦੀ ਤਾਬਿਆ ਖਾਲਸਾ ਜੀ ਦਾ ਝੰਡਾ ਤ੍ਰਿਲੋਕੀ 'ਤੇ ਝੂਲੇ।

ਇਸ ਵੱਡੇ ਕਾਰਜ ਵਿਚ ਤਰੁਟੀਆਂ ਅਤੇ ਉਕਾਈਆਂ ਵੀ ਹੋਣਗੀਆਂ। ਉਸ ਲਈ ਦਾਸ ਗੁਰੂ ਪੰਥ ਪਾਸੋਂ ਰਛਿਆ ਰਿਆਇਤ ਦੀ ਮੰਗ ਕਰਦਾ ਹੋਇਆ ਨਿਮਰਤਾ ਸਹਿਤ ਬੇਨਤੀ ਕਰਦਾ ਹੈ ਕਿ ਹੋਈਆਂ ਭੁੱਲਾਂ ਨੂੰ ਨਜ਼ਰ ਅੰਦਾਜ਼ ਨਾ ਕਰਕੇ ਇਹ ਦਾਸ ਦੇ ਧਿਆਨ ਗੋਚਰੇ ਲਿਆਉਣ ਦੀ ਕਿਰਪਾ ਕਰਨੀ ਅਤੇ ਅਗਵਾਈ ਦੀ ਬਖਸ਼ਿਸ਼ ਕਰਨੀ ਜੀ।

ਦਾਸ

ਗੁਰਚਰਨਜੀਤ ਸਿੰਘ ਲਾਂਬਾ



SikhBookClub.com

ਅੰਤਿਕਾ ਇਤਿਆਦ

SikhBookClub.com

Appendix - I

ਮਹੱਤਵਪੂਰਨ ਤਾਰੀਖਾਂ ਅਤੇ ਸੰਖੇਪ ਵੇਰਵਾ :

30 ਅਕਤੂਬਰ, 1910	ਚੀਫ਼ ਖਾਲਸਾ ਦੀਵਾਨ ਵੱਲੋਂ ਸਿੱਖ ਰਹਿਤ ਮਰਯਾਦਾ ਦਾ ਖਰੜਾ ਤਿਆਰ ਕੀਤਾ ਗਿਆ। ਇਸ ਤਰਾਂ ਸਿੱਖ ਰਹਿਤ ਮਰਯਾਦਾ ਦਾ ਮੁੱਢ ਬੰਨਿਆ ਗਿਆ ।
13-15 ਮਾਰਚ, 1927	ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਇਕੱਤ੍ਰਤਾ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਮਾਸਟਰ ਤਾਰਾ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇਜਾ ਸਿੰਘ ਜੀ ਦੀ ਤਜਵੀਜ਼ 'ਤੇ 28 ਵਿਦਵਾਨਾਂ ਦੀ ਰਹੁ-ਰੀਤ ਸਬ ਕਮੇਟੀ ਦਾ ਗਠਨ ਕੀਤਾ ਗਿਆ ਤਾਂ ਕਿ ਇਹ ਸਬ ਕਮੇਟੀ ਰਹਿਤਨਾਮਿਆਂ ਤੇ ਹੋਰ ਗੁਰਮਤ ਗ੍ਰੰਥਾਂ ਤੇ ਮੁਖੀਆਂ ਦੀ ਰਾਇ ਨਾਲ ਗੁਰਮਤਿ ਦੀ ਰਹੁ-ਰੀਤੀ ਦਾ ਖਰੜਾ ਤਿਆਰ ਕਰਕੇ ਛੇਤੀ ਹੀ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਿਚ ਵਿਚਾਰ ਲਈ ਪੇਸ਼ ਕਰੇ। (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ, ਪੰਨਾ 35-41)
28 ਫਰਵਰੀ, 1931	ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਜਨਰਲ ਇਕੱਤ੍ਰਤਾ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਈ। ਇਸ ਵਿਚ ਭਾਈ ਰਣਧੀਰ ਸਿੰਘ ਜੀ ਨੂੰ ਵੀ ਰਹੁ-ਰੀਤੀ ਸਬ-ਕਮੇਟੀ ਦਾ ਮੈਂਬਰ ਲਿਆ ਗਿਆ। (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ, ਪੰਨਾ 82)
ਅਪ੍ਰੈਲ, 1931	ਸਿੱਖ ਰਹਿਤ ਮਰਯਾਦਾ ਦਾ ਪਹਿਲਾ ਖਰੜਾ ਗੁਰਦੁਆਰਾ ਗਜ਼ਟ 1ਅਪ੍ਰੈਲ, 1931 ਜਿਲਦ 3, ਨੰਬਰ 3 ਵਿਚ ਛਾਪ ਕੇ ਸੰਗਤਾਂ ਦੀਆਂ ਰਾਵਾਂ ਲੈਣ ਲਈ ਵੰਡਿਆ ਗਿਆ।
4-5 ਅਕਤੂਬਰ, 1931	ਜਥੇਦਾਰ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਕੇਸਗੜ ਸਾਹਿਬ, ਭਾਈ ਲਾਭ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਦੀ ਹਾਜ਼ਰੀ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਰਹੁ-ਰੀਤੀ ਸਬ ਕਮੇਟੀ (ਸ਼੍ਰੋਮਣੀ ਕਮੇਟੀ) ਦਾ ਸਮਾਗਮ ਹੋਇਆ। ਇਸ ਵਿਚ ਸਿੱਖ ਰਹਿਤ ਮਰਯਾਦਾ ਦਾ ਖਰੜਾ ਬਾਹਰੋਂ ਆਈਆਂ ਰਾਵਾਂ ਦੇ ਆਧਾਰ 'ਤੇ ਤਰਮੀਮ ਕਰਕੇ ਪੇਸ਼ ਕੀਤਾ ਗਿਆ। ਇਸ ਇਕਤ੍ਰਤਾ ਵਿਚ ਇਹ ਵੀ ਪ੍ਰਵਾਨ ਕੀਤਾ ਗਿਆ ਕਿ ਅਗਲੀ ਇਕਤ੍ਰਤਾ ਵਿਚ ਖਰੜੇ 'ਤੇ ਵਿਚਾਰ ਕਰਕੇ ਪਾਸ ਕੀਏ ਅਤੇ ਇਹ ਤਰਮੀਮ ਕੀਤਾ ਖਰੜਾ ਅਖਬਾਰਾਂ ਵਿਚ ਛਾਪ ਕੇ ਸੰਗਤਾਂ ਦੀਆਂ ਰਾਵਾਂ ਮੰਗੀਆਂ ਜਾਣ। (ਗੁਰਦੁਆਰਾ ਗਜ਼ਟ, ਨਵੰਬਰ, 1931)
3 ਜਨਵਰੀ, 1932	ਸਿੱਖ ਰਹਿਤ ਮਰਯਾਦਾ ਦੇ ਖਰੜੇ 'ਤੇ ਵਿਚਾਰ ਲਈ ਰਹੁ-ਰੀਤ ਸਬ-ਕਮੇਟੀ ਦੀ ਇਕਤ੍ਰਤਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਈ।
31 ਜਨਵਰੀ, 1932	ਸਿੱਖ ਰਹਿਤ ਮਰਯਾਦਾ ਦੇ ਖਰੜੇ ਤੇ ਵਿਚਾਰ ਲਈ ਰਹੁ-ਰੀਤ ਸਬ-ਕਮੇਟੀ ਦੀ ਇਕ ਹੋਰ ਇਕਤ੍ਰਤਾ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਈ।

SikhBookClub.com

6 ਮਾਰਚ, 1932	ਸ਼੍ਰੋਮਣੀ ਕਮੇਟੀ ਦੀ ਦੂਜੀ ਜਨਰਲ ਇਕਤ੍ਰਤਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਥੇਦਾਰ ਤੇਜਾ ਸਿੰਘ ਜੀ ਪ੍ਰਧਾਨਗੀ ਹੇਠ ਹੋਈ। ਇਸ ਵਿਚ ਰਹੁ-ਰੀਤੀ ਸਬ-ਕਮੇਟੀ ਦੀ ਸੂਚੀ ਵਿਚੋਂ ਗਿ. ਸੁੰਦਰ ਸਿੰਘ ਜੀ ਭਿੰਡਰਾਂ (ਗੁਰਪੁਰੀ 15 ਫ਼ਰਵਰੀ, 1930), ਬਾਬੂ ਤੇਜਾ ਸਿੰਘ, ਭਸੌੜ (ਪੰਥ ਵਿਚੋਂ ਛੇਕ ਦਿੱਤੇ ਗਏ), ਭਾਈ ਲਾਲ ਸਿੰਘ ਜੀ ਐਡੀਟਰ ਕੱਕਾਰ ਬਹਾਦੁਰ, ਅੰਮ੍ਰਿਤਸਰ ਅਤੇ ਭਾਈ ਮਯਾ ਸਿੰਘ ਜੀ ਲਾਹੌਰ ਦੇ ਨਾ ਕੱਟ ਦਿੱਤੇ ਗਏ। ਇਸ ਦੇ ਨਾਲ ਹੀ ਅੱਠ ਹੋਰ ਨਾਮ ਵਧਾਏ ਗਏ ਜਿਹਨਾਂ ਵਿਚ ਹੈਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਜੀ, ਪ੍ਰਿੰਸੀਪਲ ਸ਼ਹੀਦ ਸਿੱਖ ਸ਼ਹੀਦ ਮਿਸ਼ਨਰੀ ਕਾਲਜ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਬਾਬਾ ਪ੍ਰੇਮ ਸਿੰਘ ਜੀ ਹੋਤੀ ਆਦਿ ਸ਼ਾਮਲ ਕੀਤੇ ਗਏ। (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ, ਪੰਨਾ 90)
26 ਸਿਤੰਬਰ, 1932	ਰਹਿਤ ਮਰਯਾਦਾ ਦੇ ਖਰੜੇ ਤੇ ਮੁੜ ਵਿਚਾਰ ਕਰਨ ਲਈ ਰਹੁ-ਰੀਤ ਸਬ-ਕਮੇਟੀ ਦਾ ਇਕ ਹੋਰ ਸਮਾਗਮ ਕੀਤਾ ਗਿਆ।
1 ਅਕਤੂਬਰ, 1932	ਪ੍ਰੋ. ਤੇਜਾ ਸਿੰਘ ਜੀ, ਕਨਵੀਨਰ, ਰਹੁ-ਰੀਤ ਕਮੇਟੀ ਨੇ ਖਰੜੇ ਤੇ ਪ੍ਰਾਪਤ ਹੋਏ ਸੁਝਾਵਾਂ ਦੇ ਅਨਰੂਪ ਆਪਣੀ ਰਿਪੋਰਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪੀ।
30 ਦਿਸੰਬਰ, 1933	ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਰਹੁ-ਰੀਤ ਵਿਚਾਰਨ ਲਈ ਆਲ ਪਾਰਟੀਜ਼ ਕਾਨਫਰੰਸ ਹੋਈ। ਇਸ ਵਿਚ ਇਹ ਪ੍ਰਵਾਨ ਕੀਤਾ ਗਿਆ ਕਿ ਜਿਹੜੀਆਂ ਗਲਾਂ ਸੰਬੰਧੀ ਕੋਈ ਮਤਭੇਦ ਨਾ ਹੋਵੇ, ਉਹ ਪਾਸ ਸਮਝੀਆਂ ਜਾਣਗੀਆਂ। ਇਸ ਇਕਤ੍ਰਤਾ ਵਿਚ ਕਈ ਨੁਕਤਿਆਂ 'ਤੇ ਵਿਸਥਾਰ ਸਹਿਤ ਵਿਚਾਰ ਕੀਤੀ ਗਈ। ਇਸ ਵਿਚ ਪ੍ਰਵਾਨ ਹੋਇਆ ਕਿ ਸਮਾਗਮ ਮੁਲਤਵੀ ਨਹੀਂ ਕੀਤਾ ਜਾਏਗਾ ਅਤੇ ਸਿੱਖ ਦੀ ਤਾਰੀਫ਼ 'ਤੇ ਵਿਚਾਰ ਕੀਤੀ ਜਾਏ। ਇਸ ਵਿਚ ਇਹ ਪਾਸ ਹੋਇਆ ਕਿ ਸਿੱਖ ਦੀ ਤਾਰੀਫ਼ ਬਾਰੇ ਸਹਿਮਤੀ ਨਹੀਂ ਹੈ ਇਸ ਲਈ ਇਹ ਮਾਮਲਾ ਰਹੁਰੀਤੀ ਕਮੇਟੀ ਦੇ ਸਪੁਰਦ ਕੀਤਾ ਗਿਆ। ਇਸ ਵਿਚ ਇਹ ਵੀ ਰੂਲਿੰਗ ਦਿੱਤੀ ਗਈ ਕਿ ਰਹ-ਰੀਤੀ ਕਮੇਟੀ ਦੇ ਸਮਾਗਮ ਵਿਚ ਕੋਈ ਨਵੀਂ ਤਰੀਮ ਪੇਸ਼ ਨਹੀਂ ਕੀਤੀ ਜਾਏ। ਉਪਰੰਤ ਇਕਤ੍ਰਤਾ ਅਗਲੇ ਦਿਨ 31 ਦਿਸੰਬਰ, 1933 ਲਈ ਮੁਲਤਵੀ ਕਰ ਦਿੱਤੀ ਗਈ। (ਗੁਰਦੁਆਰਾ ਗਜ਼ਟ, ਜਨਵਰੀ, 1934)
31 ਦਿਸੰਬਰ, 1933	30 ਦਿਸੰਬਰ ਨੂੰ ਮੁਲਤਵੀ ਹੋਈ ਇਕਤ੍ਰਤਾ ਮੁੜ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਈ। ਇਸ ਵਿਚ ਵੱਡੀ ਗਿਣਤੀ ਵਿਚ ਰਹੁ-ਰੀਤ ਕਮੇਟੀ ਦੇ ਮੈਂਬਰ, ਸ਼੍ਰੋਮਣੀ ਕਮੇਟੀ ਦੇ ਮੈਂਬਰ, ਅਕਾਲੀ ਦਲ ਦੇ ਮੈਂਬਰ, ਗੁਰਦੁਆਰਾ ਕਮੇਟੀਆਂ, ਅਖ਼ਬਾਰਾਂ ਦੇ ਨੁਮਾਇੰਦੇ ਸ਼ਾਮਲ ਹੋਏ ਜਿਹਨਾਂ ਦੀ ਗਿਣਤੀ 122 ਸੀ। ਇਸ ਵਿਚ ਨਾਮ ਬਾਣੀ ਦੇ ਅਭਿਆਸ ਬਾਰੇ ਤਰਮੀਮਾਂ ਪੇਸ਼ ਹੋਈਆਂ। ਪਰ ਰਹੁ-ਰੀਤੀ ਕਮੇਟੀ ਦੀ ਰਾਏ 'ਤੇ ਇਕ ਤਰਮੀਮ ਵਾਪਸ ਲੈ ਲਈ ਗਈ ਅਤੇ ਦੂਸਰੀ ਪ੍ਰਵਾਨ ਕਰ ਲਈ ਗਈ। ਉਪਰੰਤ ਅਨੰਦ ਸਾਹਿਬ ਬਾਰੇ ਮੁੱਦੇ ਨੂੰ ਰਹੁ-ਰੀਤੀ ਸਬ-ਕਮੇਟੀ ਦੇ ਸਪੁਰਦ ਕੀਤਾ ਗਿਆ। ਇਸ ਵਿਚ ਬਹਿਸ ਉਪਰੰਤ ਇਹ ਪ੍ਰਵਾਨ ਕੀਤਾ ਗਿਆ ਕਿ ਸਮਾਗਮ ਵਿਚ ਉਹ ਗੱਲ ਪਾਸ ਹੋਈ ਸਮਝੀ ਜਾਵੇਗੀ ਜੋ 90 ਫ਼ੀ ਸਦੀ ਰਾਵਾਂ ਨਾਲ

SikhBookClub.com

	ਪਾਸ ਹੋਵੇ। ਉਪਰੰਤ ਬਹੁਸੰਮਤੀ ਦੀ ਰਾਇ ਮੁਤਾਬਕ ਪ੍ਰਧਾਨ ਜੀ ਨੇ ਸਮਾਗਮ ਅਨਿਸਚਤ ਸਮੇਂ ਲਈ ਮੁਲਤਵੀ ਕਰ ਦਿੱਤਾ ਅਤੇ ਹੁਕਮ ਲਿਆ ਗਿਆ। (ਗੁਰਦੁਆਰਾ ਗਜ਼ਟ, ਜਨਵਰੀ, 1934)
1 ਅਗਸਤ, 1936	ਸਰਬ ਹਿੰਦ ਸਿੱਖ ਮਿਸ਼ਨ ਬੋਰਡ ਵੱਲੋਂ ਰਹਿਤ ਮਰਯਾਦਾ ਦਾ ਖਰੜਾ ਪ੍ਰਵਾਨ।
12 ਅਕਤੂਬਰ, 1936	ਸਿੱਖ ਰਹਿਤ ਮਰਯਾਦਾ ਸਰਬ ਹਿੰਦ ਸਿੱਖ ਮਿਸ਼ਨ ਬੋਰਡ ਦੇ ਮਤਾ ਨੰਬਰ 1 ਮਿਤੀ 1 ਅਗਸਤ, 1936 ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮਤਾ ਨੰਬਰ 149 ਅਨੁਸਾਰ ਪ੍ਰਵਾਨ ਕਰਕੇ ਜਾਰੀ ਕੀਤੀ ਗਈ ਅਤੇ ਨਿਰਣਾ ਕੀਤਾ ਗਿਆ ਕਿ ਜਦ ਤਕ ਕਮੇਟੀ ਕੋਈ ਹੋਰ ਫ਼ੈਸਲਾ ਨਾ ਕਰੇ ਤਦ ਤਕ ਸਮੂੰਹ ਗੁਰਦੁਆਰਿਆਂ ਵਿਚ ਰਹੁਰੀਤੀ ਅਤੇ ਰਹਿਤ ਮਰਯਾਦਾ ਇਸ ਅਨੁਸਾਰ ਕੀਤੀ ਜਾਇਆ ਕਰੇ। ਸਿੱਖ ਰਹਿਤ ਮਰਯਾਦਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਮੋਹਨ ਸਿੰਘ ਜੀ ਵੱਲੋਂ ਪੰਥ ਦੇ ਨਾਮ ਜਾਰੀ ਕੀਤੀ ਗਈ।
12 ਅਕਤੂਬਰ, 1936	ਮਤਾ ਨੰਬਰ 149, ਸੰਪੂਰਨ ਸਿੱਖ ਰਹਿਤ ਮਰਯਾਦਾ ਗੁਰਦੁਆਰਾ ਗਜ਼ਟ, ਅਕਤੂਬਰ, 1936 ਵਿਚ ਛਾਪੀ ਗਈ। ਇਸ ਤਰਾਂ ਹੁਣ ਇਹ ਖਰੜਾ ਨਾ ਹੋ ਕੇ ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਹੋ ਗਈ। (ਗੁਰਦੁਆਰਾ ਗਜ਼ਟ, ਅਕਤੂਬਰ, 1936) ਵਿਚ ਛਾਪੀ ਗਈ।
ਨਵੰਬਰ, 1936	ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਸਕੱਤਰ ਸ੍ਰ. ਲਾਲ ਸਿੰਘ ਜੀ ਵੱਲੋਂ ਸਿੱਖ ਰਹਿਤ ਮਰਯਾਦਾ ਦੀ ਪਹਿਲੀ ਐਡੀਸ਼ਨ ਪ੍ਰਕਾਸ਼ਤ ਕੀਤੀ ਗਈ।
28 ਜੁਲਾਈ, 1944	ਧਾਰਮਕ ਸਲਾਹਕਾਰ ਕਮੇਟੀ ਦੀ ਬਾਰਵੀਂ ਇਕਤ੍ਰਤਾ ਵਿਚ ਸਿੱਖ ਰਹਿਤ ਮਰਯਾਦਾ ਵਿਚ ਬਾਰਾਂ ਤਬਦੀਲੀਆਂ ਪ੍ਰਵਾਨ ਕੀਤੀਆਂ ਗਈਆਂ।
7 ਜਨਵਰੀ, 1945	ਧਾਰਮਕ ਸਲਾਹਕਾਰ ਕਮੇਟੀ ਦੀ ਤੇਰਵੀਂ ਇਕਤ੍ਰਤਾ ਵਿਚ 28 ਜੁਲਾਈ, 1944 ਦੁਆਰਾ ਪ੍ਰਵਾਨ ਕੀਤਾ ਮਤਾ ਦੁਬਾਰਾ ਪੇਸ਼ ਹੋ ਕੇ ਸਿੱਖ ਰਹਿਤ ਮਰਯਾਦਾ ਵਿਚ ਵਿਚ ਵਾਧੇ ਘਾਟੇ ਕਰਣ ਦੀ ਸਿਫ਼ਾਰਸ਼ ਕੀਤੀ ਗਈ। ਇਸ ਵਿਚ ਸਿੰਘ ਸਾਹਿਬ ਜਥੇਦਾਰ ਮੋਹਨ ਸਿੰਘ ਜੀ, ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ , ਭਾਈ ਸਾਹਿਬ ਭਾਈ ਅੱਛਰ ਸਿੰਘ ਜੀ, ਹੈੱਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਪ੍ਰੋ. ਤੇਜਾ ਸਿੰਘ ਜੀ, ਪ੍ਰੋ. ਗੰਗਾ ਸਿੰਘ ਜੀ, ਗਿਆਨੀ ਲਾਲ ਸਿੰਘ ਜੀ, ਪ੍ਰੋ. ਸ਼ੇਰ ਸਿੰਘ ਜੀ, ਬਾਬਾ ਪ੍ਰੇਮ ਸਿੰਘ ਹੋਤੀ ਅਤੇ ਗਿਆਨੀ ਬਾਦਲ ਸਿੰਘ ਜੀ ਸ਼ਾਮਲ ਸਨ।
3 ਫਰਵਰੀ, 1945	ਸ਼੍ਰੋਮਣੀ ਕਮੇਟੀ ਦੀ ਜਨਰਲ ਇਕੱਤਰਤਾ ਨੇ ਮਤਾ ਨੰਬਰ 97 ਰਾਹੀਂ ਵੱਲੋਂ ਸਿੱਖ ਰਹਿਤ ਮਰਯਾਦਾ ਵਿਚ ਅਹਿਮ ਸੋਧਾਂ ਦੀ ਪ੍ਰਵਾਨਗੀ ਦਿੱਤੀ ਗਈ।

SikhBookClub.com

"ਗੁਰਦੁਆਰਾ ਗਜ਼ਟ" ਲਾਹੌਰ (੧੧) ਅਪ੍ਰੈਲ ੧੯੩੧

੨੨੯ ਸ਼੍ਰੋਮਣੀ ਕਮੇਟੀ ਦੇ ਜਨਰਲ ਮੈਂਬਰ ਜੋ ਪਿਛਲੀਆਂ ਤਿੰਨ ਜਨਰਲ
੨੨-੩-੩੧ ਮੀਟਿੰਗਾਂ ਵਿਚ ਲਗਾਤਾਰ ਗ਼ੈਰ ਹਾਜ਼ਰ ਰਹੇ ਹਨ ਉਨ੍ਹਾਂ ਦੀ ਫਹਿਰਿਸਤ ਨੋਟਿਸ ਵਿਚ ਲਿਆਂਦੀ ਗਈ ਅਤੇ ਪਾਸ ਹੋਇਆ ਕਿ ਇਨ੍ਹਾਂ ਮੈਂਬਰਾਂ ਸੰਬੰਧੀ ਦਫਾ ੫੨ ਹੇਠ ਕਾਰਵਾਈ ਨਾ ਕੀਤੀ ਜਾਵੇ।

ਰਹਿਤ ਮਿਰਯਾਦਾ ਦਾ ਖਰੜਾ

ਸਿਖ ਮਰਯਾਦਾ ਸੰਬੰਧੀ ਦਿਨ ਦਿਨ ਤੇ ਹੋ ਰਹੇ ਮਤਿ ਭੇਦਾਂ ਨੂੰ ਵੇਖਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪਿਛੇ ਜਿਹੇ ਪੰਥ ਦੇ ਪ੍ਰਸਿਧ ਵਿਦਵਾਨਾਂ ਦੀ ਇਕ "ਰਹੁ ਰੀਤਿ ਸਬ ਕਮੇਟੀ" ਬਨਾਕੇ ਉਸ ਦੇ ਜ਼ਿੰਮੇ ਇਹ ਸੇਵਾ ਲਾਈ ਗਈ ਸੀ ਕਿ ਇਹ ਕਮੇਟੀ ਗੁਰਧਾਮਾਂ ਵਿਚ ਗੁਰਮਤਿ ਮਰਯਾਦਾ ਨੂੰ ਠੀਕ ਤਰਾਂ ਨੀਯਤ ਕਰਨ ਲਈ ਰਹਿਤ ਨਾਮਿਆਂ ਅਤੇ ਹੋਰ ਗੁਰਮਤ ਗ੍ਰੰਥਾਂ ਤੇ ਪੰਥ ਦੇ ਹੋਰ ਵਿਦਵਾਨ ਮੁਖੀਆਂ ਦੀ ਸਹਾਇਤਾ ਨਾਲ ਗੁਰਮਤ ਰਹੁ ਰੀਤੀ ਦਾ ਖਰੜਾ ਤਿਆਰ ਕਰਕੇ ਸ਼੍ਰੋ: ਗੁ: ਪ੍ਰ: ਕਮੇਟੀ ਵਿਚ ਵਿਚਾਰ ਲਈ ਪੇਸ਼ ਕਰੇ। ਕਈ ਕਾਰਨਾਂ ਕਰਕੇ ਇਹ ਕਮੇਟੀ ਹੁਣ ਤਕ ਆਪਣਾ ਕਾਰਜ ਸ਼ੁਰੂ ਨਹੀਂ ਸੀ ਕਰ ਸਕੀ ਤੇ ਅਖੀਰ ਖਰੜਾ ਬਣਾਕੇ ਇਸ ਸਬ ਕਮੇਟੀ ਵਿਚ ਪੇਸ਼ ਕਰਨ ਦੀ ਸੇਵਾ ਪ੍ਰੋਫੈਸਰ ਤੇਜਾ ਸਿੰਘ ਜੀ ਐਮ. ਏ. ਖਾਲਸਾ ਕਾਲਜ ਜੀ ਦੇ ਜ਼ਿੰਮੇ ਲਗੀ, ਸੋ ਇਨ੍ਹਾਂ ਵੱਲੋਂ ਰਹੁ ਰੀਤੀ ਦਾ ਖਰੜਾ ਪੁਜ ਗਿਆ ਹੈ ਜੋ ਹੇਠ ਦਰਜ ਕੀਤਾ ਜਾਂਦਾ ਹੈ। ਪੰਥਕ ਅਖਬਾਰਾਂ ਦੇ ਐਡੀਟਰ ਸਾਹਿਬਾਨ ਤੇ ਹੋਰ ਵਿਦਵਾਨ ਸਜਨਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਉਹ ਇਸ ਨੂੰ ਪੜ੍ਹਕੇ ਵਿਚਾਰਨ ਤੇ ਇਸ ਸੰਬੰਧੀ ਆਪਣੀ ਆਪਣੀ ਰਾਇ ਤੋਂ ਸ਼੍ਰੋ: ਕਮੇਟੀ ਨੂੰ ਜਾਣੂ ਕਰਨ ਦੀ ਕ੍ਰਿਪਾਲਤਾ ਕਰਨ ਤਾਂ ਕਿ ਇਸ ਤੇ ਪੂਰੇ ਤੌਰ ਤੇ ਵਿਚਾਰ ਹੋ ਸਕੇ।

ਨੋਟ—ਸੰਗਤਾਂ ਦੀ ਸੇਵਾ ਵਿਚ ਇਹ ਪ੍ਰਾਰਥਨਾ ਹੈ ਕਿ ਉਹ ਇਸ ਖਰੜੇ ਨੂੰ ਕੇਵਲ ਤਜਵੀਜ਼ਾਂ ਹੀ ਸਮਝ ਕੇ ਬੜੇ ਗਹੁ ਅਤੇ ਠੰਡੇ ਦਿਲ ਨਾਲ ਵਿਚਾਰਨ ਤੇ ਇਸ ਸੰਬੰਧੀ ਅੰਤਮ ਫੈਸਲੇ ਦੀ ਉਡੀਕ ਰਖਣ ਇਸੇ ਨੂੰ ਹੀ ਫੈਸਲਾ ਨਾ ਸਮਝ ਲੈਣ।

SikhBookClub.com

ੴ ਸਤਿਗੁਰਪ੍ਰਸਾਦਿ ॥

—:o:—

ਰਹਿਤ ਮਿਰਜਾਦਾ ਦਾ ਖਰੜਾ

ਸਿਖ ਦੀ ਰਹਿਣੀ ਦੋ ਤਰ੍ਹਾਂ ਦੀ ਹੈ, ਸ਼ਖਸ਼ੀ ਤੇ ਪੰਥਕ

ਸ਼ਖਸ਼ੀ ਰਹਿਣੀ

੧. ਨਾਮ ਬਾਣੀ ਦਾ ਅਭਿਆਸ

੧. ਸਿਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗਕੇ ਇਸ਼ਨਾਨ ਕਰੇ।

੨. ਨਿਤਨੇਮ ਦਾ ਪਾਠ ਕਰੇ। ਨਿਤਨੇਮ ਦੀਆਂ ਬਾਣੀਆਂ ਇਹ ਹਨ:—

ਜਪੁ, ਜਾਪ, ਦਸ ਸਵਯੇ (ਸਰਾਵਗ ਸੁਧ) ਇਹ ਅੰਮ੍ਰਿਤ ਵੇਲੇ ਪੜ੍ਹਨੀਆਂ।

ਰਹਿਰਾਸ--ਸ਼ਾਮ ਵੇਲੇ ਸੂਰਜ ਡੁਬੇ ਪੜ੍ਹਨੀ। ਇਸ ਵਿਚ ਇਹ ਬਾਣੀਆਂ ਸ਼ਾਮਿਲ ਹਨ:– ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਿ ਵਿਚ ਦਿਤੇ ਸ਼ਬਦਾਂ ("ਸੋਦਰੁ" ਤੋਂ ਲੈਕੇ "ਸਰਣਿ ਪਰੇ ਕੀ ਰਾਖਹੁ ਸਰਮਾ" ਤਕ) ਬੇਨਤੀ ਚੌਪਈ ਪਾਤਸ਼ਾਹੀ੧੦ ("ਹਮਰੀ ਕਰੋ ਹਾਥ ਦੈ ਰੱਛਾ" ਤੋਂ ਲੈਕੇ ਦੁਸ਼ਟ ਦੋਖ ਤੇ ਲੇਹੁ ਬਚਾਈ" ਤਕ), ਅਨੰਦ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ।

ਇਸ ਮੌਕੇ ਤੇ ਜਾਂ ਦੀਵਾਨ ਦੀ ਸ਼ਮਾਪਤੀ ਤੇ ਜੋ ਅਨੰਦ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ, ਉਹਦਾ ਭਾਵ ਕੇਵਲ ਗੁਰੂ ਦੇ ਮਿਲਾਪ ਲਈ ਖ਼ੁਸ਼ੀ ਤੇ ਧੰਨਵਾਦ ਕਰਨਾ ਹੁੰਦਾ ਹੈ। ਇਹ ਭਾਵ ਕੇਵਲ ਇਨ੍ਹਾਂ ਹੀ ਛੇ ਪਉੜੀਆਂ ਵਿਚ ਹੈ ਬਾਕੀ ਵਿਚ ਹੋਰ ਵਿਚਾਰ ਹਨ।

SikhBookClub.com

ਸੋਹਿਲਾ—ਇਹ ਬਾਣੀ ਰਾਤ ਨੂੰ ਸਉਣ ਵੇਲੇ ਪੜ੍ਹਨੀ। ਨਿਤਨੇਮ ਤੋਂ ਉਪ੍ਰੰਤ ਅਰਦਾਸ ਕਰਨੀ ਉਚਿਤ ਹੈ।

ਥ. (ੳ) ਅਰਦਾਸ ਇਹ ਹੈ:-

ੴ ਵਾਹਿਗੁਰੂ ਜੀ ਕੀ ਫਤਹ ॥

ਵਾਰ ਸ੍ਰੀ ਭਗੌਤੀ ਜੀ ਕੀ ॥ ਪਾਤਸ਼ਾਹੀ ੧੦

ਪ੍ਰਿਥਮ ਭਗੌਤੀ ਸਿਮਰ ਕੈ ਗੁਰ ਨਾਨਕ ਲਈਂ ਧਿਆਇ। ਫਿਰ ਅੰਗਦ ਗੁਰ ਤੇ ਅਮਰ ਦਾਸੁ ਰਾਮਦਾਸੈ ਹੋਈ ਸਹਾਇ। ਅਰਜਨ ਹਰਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ। ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੇ ਸਭਿ ਦੁਖ ਜਾਇ। ਤੇਗ ਬਹਾਦਰ ਸਿਮਰੀਐ ਘਰ ਨਉ ਨਿਧਿ ਆਵੈ ਧਾਇ। ਸਭ ਥਾਈਂ ਹੋਇ ਸਹਾਇ। ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ। ਸਭ ਥਾਈਂ ਹੋਇ ਸਹਾਇ। ਦਸਾਂ ਪਾਤਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰਕੇ ਬੋਲੋ ਜੀ ਵਾਹਿਗੁਰੂ ਜੀ। ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ ਜਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿਠ ਕੀਤਾ, ਤਿਨਾਂ ਪਿਆਰਿਆਂ ਸਚਿਆਰਿਆਂ ਦੀ ਕਮਾਈ ਦਾ

SikhBookClub.com

ਧਿਆਨ ਧਰਕੇ ਖਾਲਸਾ ਜੀ! ਬੋਲੋ ਜੀ ਵਾਹਿਗੁਰੂ ਚ॥

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਬੰਦ ਬੰਦ ਕਟਾਏ ਗਏ ਖੋਪਰੀਆਂ ਲੁਹਾਈਆਂ, ਚਰਖੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੇ ਸੁਧਾਰ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿਖੀ ਕੇਸਾਂ ਸੁਆਸਾਂ ਨਾਲ ਨਿਭਾਈ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰਕੇ, ਖਾਲਸਾ ਜੀ। ਬੋਲੋ , ਜੀ ਵਾਹਿਗੁਰੂ ਚ॥

ਚੋਹਾਂ, ਤਖਤਾਂ, ਸਰਬੱਤ ਗੁਰ ਦੁਆਰਿਆਂ ਗੁਰਧਾਮਾਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ ੨।

ਪ੍ਰਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖਾਲਸਾ ਜੀਕੋ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਚਿਤ ਆਵੇ ਚਿਤ ਆਵਨ ਕਾ ਸਦਕਾ ਸਰਬ ਸੁਖ ਹੋਵੇ। ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰੱਛਿਆ ਰਿਆਇਤ, ਦੇਗ ਤੇਗ ਫਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ। ਖਾਲਸੇ ਜੀ ਕੇ ਬੋਲ ਬਾਲੇ, ਬੋਲੋ ਜੀ ਵਾਹਿਗੁਰੂ ਚ॥

ਸਿਖਾਂ ਨੂੰ ਸਿਖੀ, ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ ਭਰੋਸਾ ਦਾਨ ਦਾਨਾਂ ਸਿਰ, ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੋਕੀਆਂ, ਝੰਡੇ, ਬੂੰਗੇ, ਜੁਗੋ ਜੁਗ ਅਟੱਲ, ਧਰਮਦਾ ਰਾਜ, ਬੋਲੋ ਜੀ ਵਾਹਿਗੁਰੂ ਚ॥ ਸਿਖਾਂ ਦਾ ਮਨ ਨੀਵਾਂ, ਮਤ ਉਚੀ,

SikhBookClub.com

ਮਤ ਦਾ ਰਾਖਾ ਆਪ ਵਾਹਿਗੁਰੂ ।
ਹੇ ਨਿਮਾਣਿਆਂ ਦੇ ਮਾਣ, ਨਿਤਾ-
ਣਿਆਂ ਦੇ ਤਾਣ, ਨਿਓਟਿਆਂ
ਦੀ ਓਟ, ਸਚੇ ਪਿਤਾ, ਵਾਹਿਗੁਰੂ।
ਆਪ ਦੇ ਹਜ਼ੂਰ ਸੋਦਰ ਰਹਿਰਾਸ,
ਚੌਪਈ ਆਨੰਦ ਸਾਹਿਬ ਦੀ
ਅਰਦਾਸ ਹੈ ਜੀ।
ਅਖਰ ਵਾਧਾ ਘਾਟਾ ਭੁਲ ਚੁਕ ਮਾਫ
ਕਰਨੀ।
ਸਰਬਤ ਦੇ ਕਾਰਜ ਰਾਸ ਕਰਨੇ।
ਸੇਈ ਪਿਆਰੇ ਮੇਲ, ਜਿਨ੍ਹਾਂ
ਮਿਲਿਆ ਤੇਰਾ ਨਾਮ ਚਿਤ ਆਵੇ।
ਨਾਨਕ ਨਾਮ ਚੜ੍ਹਦੀ ਕਲਾ।
ਤੇਰੇ ਭਾਣੇ ਸਰਬਤ ਦਾ ਭਲਾ।
ਵਾਹਿਗੁਰੂ ਜੀ ਕਾ ਖਾਲਸਾ,
ਸ੍ਰੀ ਵਾਹਿਗੁਰੂ ਜੀ ਕੀ ਫਤਹ।

(ਅ) ਅਰਦਾਸ ਹੋਣ ਸਮੇਂ ਸੰਗਤ ਵਿਚ ਹਾਜ਼ਰ ਸਾਰੇ ਇਸਤ੍ਰੀ ਪੁਰਸ਼ਾਂ ਨੂੰ ਖੜਾ ਹੋਣਾ ਚਾਹੀਦਾ ਹੈ। ਜੋ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਾਬਿਆ ਬੈਠਾ ਹੋਵੇ। ਉਹ ਭੀ ਉਠਕੇ ਚੌਰ ਕਰੇ।

(ਬ) ਅਰਦਾਸ ਕਰਨ ਵਾਲਾ ਗੁਰੂ ਸਾਹਿਬ ਦੇ ਸਨਮੁਖ ਖੜੋਕੇ ਅਰਦਾਸ ਕਰੇ। ਜੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਾਂ ਹੋਵੇ ਤਾਂ ਕਿਸੇ ਪਾਸੇ ਮੂੰਹ ਕਰਕੇ ਅਰਦਾਸ ਕਰੈ, ਪਰਵਾਨ ਹੈ।

(ਸ) ਜਦੋਂ ਕੋਈ ਖਾਸ ਅਰਦਾਸਾ ਕਿਸੇ ਇਕ ਜਾਂ ਵਧੀਕ ਆਦਮੀਆਂ ਵਲੋਂ ਹੋਵੇ ਤਾਂ ਉਨ੍ਹਾਂ ਤੋਂ ਬਿਨਾਂ ਸੰਗਤ ਵਿਚ ਬੈਠੇ ਹੋਰਨਾਂ ਦਾ ਉਠਣਾ ਜ਼ਰੂਰੀ ਨਹੀਂ।

੪. ਸਾਧ ਸੰਗਤ ਵਿਚ ਜੁੜਕੇ ਗੁਰਬਾਣੀ ਦਾ ਅਭਿਆਸ।

SikhBookClub.com

ਤੇਲ ਘੀ ਜਾਂ ਮੋਮ ਬਤੀ ਬਿਜਲੀ ਲੈਂਪ ਆਦਿ ਜਗਾ ਲੈਣੇ ਚਾਹੀਦੇ ਹਨ।

(ਹ) ਗੁਰੂ ਗ੍ਰੰਥ ਸਾਹਿਬ ਦੇ ਤੁਲ ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ ਗੁਰਦਵਾਰੇ ਵਿਚ ਕੋਈ ਮੂਰਤੀ ਪੂਜਾ, ਜਾਂ ਹੋਰ ਗੁਰਮਤੇ ਦੇ ਵਿਰੁਧ ਕੋਈ ਰੀਤੀ ਨਾ ਹੋਵੇ। ਨਾ ਹੀਂ ਕੋਈ ਅਨਮਤ ਦਾ ਤਿਉਹਾਰ ਮਨਾਇਆ ਜਾਵੇ।

(ਕ) ਇਕ ਤੋਂ ਦੂਜੀ ਥਾਂ ਸਵਾਰੀ ਲੈ ਜਾਣ ਵੇਲੇ ਅਰਦਾਸ ਕਰਨੀ ਚਾਹੀਏ। ਜਿਸ ਨੇ ਸਿਰ ਤੇ ਸਵਾਰੀ ਚੁਕਿਆ ਹੋਵੇ, ਉਹ ਨੰਗੀ ਪੈਰੀ ਚਲੇ ਜਾਂ ਖੜਾਵਾਂ ਪਾ ਲਵੇ

(ਖ) ਪ੍ਰਕਾਸ਼ ਕਰਨ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਇਕ ਸ਼ਬਦ ਦਾ ਵਾਕ ਲਿਆ ਜਾਵੇ।

(ਗ) ਜਦ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਆਵੇ ਤਾਂ ਭਾਵੇਂ ਅਗੇ ਪਰਕਾਸ਼ ਹੋਇਆ ਹੋਵੇ ਜਾਂ ਨਾ ਹਰ ਇਕ ਸਿਖ ਨੂੰ ਸਨਮਾਨ ਲਈ ਉਠ ਖੜੋਨਾ ਚਾਹੀਏ।

(ਘ) ਗੁਰਦਵਾਰੇ ਅੰਦਰ ਜਾਣ ਲਗਿਆਂ ਸੁਥਰਾ ਹੋਕੇ ਜਾਣਾ ਚਾਹੀਏ। ਜੇ ਪੈਰ ਮੈਲੇ ਜਾਂ ਗੰਦੇ ਹੋਣ ਤਾਂ ਜਲ ਨਾਲ ਧੋ ਲੈਣੇ ਚਾਹੀਏ। ਸਾਫ਼ ਜਰਾਬਾਂ ਪਈਆਂ ਹੋਣ ਤਾਂ ਕੋਈ ਹਰਜ ਨਹੀਂ।

ਪ੍ਰਕਰਮਾਂ ਇਕੋ ਪਾਸੇ ਤੋਂ ਕਰਨੀ ਚਾਹੀਦੇ ਖਬੇ ਜਾਂ ਸਜੇ ਦਾ ਭਰਮ ਨਹੀਂ ਪਰ ਖਬੇ ਹਥ ਜਾਣਾ ਨੀਯਤ ਕਰ ਲੈਣਾ ਚੰਗਾ ਹੈ ਤਾਂ ਕਿ ਭੀੜ ਭਾੜ ਵੇਲੇ ਤਕਲੀਫ ਨਾ ਹੋਵੇ, ਅਤੇ ਮਾਈਆਂ ਬੀਬੀਆਂ ਵਲੋਂ ਭੀ ਅਖਾਂ ਬਚਾਕੇ ਲੰਘਣਾ ਸੌਖਾ ਹੋਵੇ।

(ਙ) ਗੁਰਦਵਾਰੇ ਅੰਦਰ ਜਾਣ ਲਈ ਕਿਸੇ ਦੇਸ਼ ਮਜ਼੍ਹਬ ਜਾਤ ਵਾਲੇ ਨੂੰ ਮਨਾਹੀ

SikhBookClub.com

ਗੁਰਦਵਾਰੇ

(ੳ) ਗੁਰਬਾਣੀ ਦਾ ਅਸਰ ਸਾਧ ਸੰਗਤ ਵਿਚ ਬੈਠਿਆਂ ਵਧੇਰੇ ਹੁੰਦਾ ਹੈ। ਇਸ ਲਈ ਉਚਿਤ ਹੈ ਕਿ ਸਿਖ ਸੰਗਤਾਂ ਦੇ ਜੋੜ ਮੇਲ ਦੇ ਅਸਥਾਨ ਗੁਰਦੁਆਰਿਆਂ ਦੇ ਦਰਸ਼ਨ ਕਰੇ ਅਤੇ ਸਾਧ ਸੰਗਤ ਵਿਚ ਬੈਠਕੇ ਗੁਰਬਾਣੀ ਤੋਂ ਲਾਭ ਉਠਾਵੇ।

(ਅ) ਗੁਰਦਵਾਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਿਤਾਪ੍ਰਤਿ ਹੋਵੇ। ਬਿਨਾਂ ਖਾਸ ਕਾਰਨ ਦੇ (ਜਦ ਕਿ ਪਰਕਾਸ਼ ਦੀ ਲੋੜ ਹੋਵੇ) ਰਾਤ ਨੂੰ ਪ੍ਰਕਾਸ਼ ਨਾ ਰਹੇ। ਆਮ ਤੌਰ ਤੇ ਰਹਿਰਾਸ ਦੇ ਪਾਠ ਮਗਰੋਂ ਸੁਖ ਆਸਨ ਕੀਤਾ ਜਾਵੇ।

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਨਮਾਨ ਨਾਲ ਪ੍ਰਕਾਸ਼ਿਆਂ, ਪੜ੍ਹਿਆ ਅਤੇ ਸੰਤੋਖਿਆ ਜਾਵੇ। ਗੁਰੂ ਗ੍ਰੰਥ ਸਾਹਿਬ ਦਾ ਸਨਮਾਨ ਪੂਜਾ ਨਹੀਂ। ਪਰਕਾਸ਼ ਲਈ ਜ਼ਰੂਰੀ ਹੈ ਕਿ ਸਥਾਨ ਸਾਫ ਸੁਥਰਾ ਹੋਵੇ। ਉਪਰ ਚਾਂਦਨੀ ਹੋਵੇ ਪ੍ਰਕਾਸ਼ ਮੰਜੀ ਸਾਹਿਬ ਤੇ ਸਾਫ ਸੁਥਰੇ ਬਸਤ੍ਰ ਵਿਛਾਕੇ ਕੀਤਾ ਜਾਵੇ। ਗੁਰੂ ਗ੍ਰੰਥ ਸਾਹਿਬ ਦੀ ਦੇਹ ਨੂੰ ਸੰਭਾਲ ਕੇ ਪ੍ਰਕਾਸ਼ਨ ਲਈ ਗਦੇਲੇ ਆਦਿ ਸਮਿਆਨ ਵਰਤੇ ਜਾਣ ਅਤੇ ਉਪਰ ਲਈ ਰੁਮਾਲ ਹੋਵੇ। ਜਦ ਪਾਠ ਨਾ ਹੁੰਦਾ ਹੋਵੇ ਤਾਂ ਉਤੇ ਰੁਮਾਲ ਪਿਆ ਰਹੇ ਚੌਰ ਭੀ ਚਾਹੀਏ।

(ਸ) ਉਪਰ ਦਸੇ ਸਾਮਾਨ ਤੋਂ ਬਿਨਾ ਧੂਪ ਜਾਂ ਦੀਵੇ ਮਚਾਕੇ ਆਰਤੀ ਕਰਨੀ ਭੋਗ ਲਾਉਣਾ, ਜੋਤਾਂ ਜਗਾਉਣੀਆਂ ਆਦਿ ਮਨਮਤ ਹੈ। ਹਾਂ ਸਥਾਨ ਨੂੰ ਸੁਗੰਧਤ ਕਰਨ ਲਈ ਫੁਲ, ਧੂਪ ਆਦਿ ਸੁਗੰਧੀਆਂ ਵਰਤੀਆਂ ਵਿਵਰਜਤ ਨਹੀਂ ਕਮਰੇ ਅੰਦਰ ਰੋਸ਼ਨੀ ਕਾਫੀ

SikhBookClub.com

ਨਹੀਂ'।

(ਹ) ਸੰਗਤ ਵਿਚ ਬੈਠਣ ਲਈ ਭੀ ਸਿਖ ਅਸਿਖ, ਛੂਤ ਛਾਤ, ਜਾਤ ਪਾਤ, ਊਚ ਨੀਚ ਦਾ ਭਰਮ ਜਾਂ ਵਿਤਕਰਾ ਨਹੀਂ।

(ਕ) ਪਰ ਤਖ਼ਤਾਂ ਦੇ ਖਾਸ ਅਸਥਾਨ ਉਤੇ ਕੇਵਲ ਅੰਮ੍ਰਿਤਧਾਰੀ (ਪੁਰਸ਼ ਜਾਂ ਇਸਤ੍ਰੀ) ਹੀ ਚੜ੍ਹ ਸਕਦੇ ਹਨ ਜੋ ਰਹਿਤ ਵਿਚ ਪੱਕੇ ਹੋਣ।

(ਖ) ਤਖ਼ਤ ਉਤੇ ਚੜ੍ਹਨ ਲਗਿਆਂ ਕੇਵਲ ਕੇਸਾਧਾਰੀ ਸਿਖਾਂ ਪਾਸੋਂ ਹੀ ਰਹਿਤ ਬਹਿਤ ਬਾਬਤ ਪੁਛ ਗਿਛ ਹੋਣੀ ਚਾਹੀਏ। ਜੇ ਰਹਿਤ ਵਿਚ ਕੋਈ ਉਣਤਾਈ ਹੋਵੇ ਤਾਂ ਉਸਦੀ ਸੋਧ ਕਰਾਕੇ ਅਤੇ ਜੇ ਕੋਈ ਤਨਖਾਹ ਲਗਾਣੀ ਹੋਵੇ ਤਾਂ ਤਨਖਾਹ ਲਗਾਕੇ ਤਖਤ ਉਤੇ ਚੜ੍ਹਨ ਦਾ ਹਕ ਮਿਲ ਜਾਣਾ ਚਾਹੀਏ ਨਿਰਮਲੇ ਜਾਂ ਕਿਸੇ ਹੋਰ ਸ਼੍ਰੇਣੀ ਦੇ ਸਿਖਾਂ ਨਾਲ ਕੋਈ ਖਾਸ ਵਿਤਕਰਾ ਨਹੀਂ ਕਰਨਾ ਚਾਹੀਏ।

(ਗ) ਹਰ ਇਕ ਗੁਰਦੁਆਰੇ ਅਤੇ ਤਖਤਾਂ ਉਤੇ ਪਤਿਤ ਸਿਖ ਨੂੰ ਵਿਨਾਂ ਹਰ ਇਕ ਪ੍ਰਾਣੀ ਮਾਤ੍ਰ, ਸਿਖ, ਅਣਸਿਖ, ਦੀ ਅਰਦਾਸ ਹੋ ਸਕਦੀ ਹੈ।

ਕੀਰਤਨ

(ੳ) ਸੰਗਤ ਵਿਚ ਕੀਰਤਨ ਸਿਖ ਰਾਗੀ ਹੀ ਕਰਨ।

(ਅ) ਸੰਗਤ ਵਿਚ ਕੀਰਤਨ ਕੇਵਲ ਗੁਰਬਾਣੀ, ਜਾਂ ਇਸਦੀ ਵਿਆਖਿਆ ਸਰੂਪ ਰਚਨਾ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਹੋ ਸਕਦਾ ਹੈ।

(ੲ) ਆਸਾ ਦੀ ਵਾਰ ਦਾ ਕੀਰਤਨ ਕਰਦਿਆਂ ਵਾਰ ਅਤੇ ਛਕਿਆਂ ਤੋਂ ਇਲਾਵਾ

SikhBookClub.com

ਵਜੋਂ ਅਵਾਜ਼ਾ ਲਿਆ ਜਾਵੇ, ਤਾਂ ਅਰਦਾਸ੍ ਮਗਰੋਂ ਕੀਤਾ ਜਾਵੇ ਤਾਕਿ ਗੁਰੂ ਸਾਹਿਬ ਦੇ ਹੁਕਮ ਦਾ ਜੋ ਅਸਰ ਦਿਲ ਤੇ ਹੋਣਾ ਹੈ ਉਸਦਾ ਜਿਕਰ ਅਰਦਾਸੇ ਵਿਚ ਕੀਤਾ ਜਾਵੇ।

ਸਧਾਰਣ ਪਾਠ

(ੳ) ਹਰ ਇਕ ਸਿਖ ਨੂੰ ਵੱਸ ਲਗੇ ਆਪਣੇ ਘਰ ਵਿਚ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਨ ਦਾ ਵਖਰਾ ਤੇ ਨਵੇਕਲਾ ਅਸਥਾਨ ਨੀਯਤ ਕਰਨਾ ਚਾਹੀਏ।

(ਅ) ਹਰ ਇਕ ਸਿਖ ਸਿਖਣੀ, ਬਚੇ ਬਚੀ ਨੂੰ ਗੁਰਮੁਖੀ ਪੜ੍ਹਕੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਸਿਖਣਾ ਚਾਹੀਏ।

(ੲ) ਹਰ ਇਕ ਸਿਖ ਅੰਮ੍ਰਿਤ ਵੇਲੇ ਪਰਸ਼ਾਦ ਛਕਣ ਤੋਂ ਪਹਿਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਵਾਜ਼ਾ ਲਵੇ। ਜੇ ਇਸ ਵਿਚ ਉਕਾਈ ਹੋ ਜਾਵੇ, ਤਾਂ ਦਿਨ ਵਿਚ ਕਿਸੇ ਨਾ ਕਿਸੇ ਵੇਲੇ ਜ਼ਰੂਰ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰੇ।

(ਸ) ਚੰਗਾ ਤਾਂ ਇਹ ਹੈ ਕਿ ਹਰ ਇਕ ਸਿਖ ਆਪਣਾ ਸਧਾਰਣ ਪਾਠ ਰਖੀ ਰਖੇ ਅਤੇ ਮਹੀਨੇ ਦੋ ਮਹੀਨੇ ਮਗਰੋਂ (ਜਾਂ ਜਿਤਨੇ ਮੁਦੇ ਵਿਚ ਹੋ ਸਕੇ) ਭੋਗ ਪਾਵੇ।

ਅਖੰਡ ਪਾਠ

(ੳ) ਅਖੰਡ ਪਾਠ ਕਿਸੇ ਭੀੜ ਜਾਂ ਉਤ-ਸ਼ਾਹ ਵੇਲੇ ਕੀਤਾ ਜਾਂਦਾ ਹੈ। ਇਹ ਕਰੀਬਨ ੪੮ ਘੰਟੇ ਵਿਚ ਸੰਪੂਰਣ ਕੀਤਾ ਜਾਂਦਾ ਹੈ। ਇਸ ਵਿਚ ਪਾਠ ਲਗਾਤਾਰ ਬਿਨਾਂ ਰੋਕ ਦੇ ਕੀਤਾ ਜਾਂਦਾ ਹੈ। ਪਾਠ ਸਾਫ਼ ਤੇ ਸ਼ੁਧ ਹੋਵੇ। ਬਹੁਤ ਤੇਜ਼ ਪੜ੍ਹਨਾ ਜਿਸਤੋਂ ਸੁਣਨ ਵਾਲਾ ਕੁਝ ਸੁਣ ਨਾ ਸਕੇ ਗੁਰਬਾਣੀ ਦੀ ਨਿਰਾਦਰੀ ਹੈ। ਪਾਠ ਸ਼ੁਧ ਤੇ ਸਾਫ਼ ਕਰਨਾ

SikhBookClub.com

ਚਾਹੀਏ ਭਾਵੇਂ ਕਿਨਾ ਸਮਾਂ ਲਗ ਜਾਵੇ।

(ਅ) ਅਖੰਡ ਪਾਠ ਜਿਸ ਪਰਵਾਰ ਜਾਂ ਸੰਗਤ ਨੇ ਕਰਨਾ ਹੈ ਉਹ ਆਪ ਕਰੇ, ਟੱਬਰ ਦੇ ਆਦਮੀ, ਸਾਕ ਸਬੰਧੀ, ਮਿਤਰ ਆਦਿ ਕਰਨ।

ਪੈਸੇ ਦੇਕੇ ਪਾਠ ਕਰਾਣਾ ਠੀਕ ਨਹੀਂ। ਹਾਂ ਜੇ ਕੋਈ ਆਦਮੀ ਆਪ ਪਾਠ ਨਹੀਂ ਕਰ ਸਕਦਾ, ਤਾਂ ਕਿਸੇ ਚੰਗੇ ਪਾਠੀ ਕੋਲੋਂ ਸੁਣ ਲਵੇ, ਪਰ ਇਹ ਨਾ ਹੋਵੇ ਕਿ ਪਾਠੀ ਆਪੇ ਇਕਲਾ ਬਹਿਕੇ ਪਾਠ ਕਰਦਾ ਰਹੇ ਤੇ ਸੰਗਤ ਜਾਂ ਟਬਰ ਦਾ ਕੋਈ ਆਦਮੀ ਨਾ ਸੁਣਦਾ ਹੋਵੇ। ਪਾਠੀ ਦੀ ਜਥਾ ਸ਼ਕਤ ਭੋਜਨ ਬਸਤਰ ਆਦਿ ਦੀ ਯੋਗ ਸੇਵਾ ਕੀਤੀ ਜਾਵੇ।

ਸਪਤਾਹਕ ਪਾਠ

(ੲ) ਇਹ ਪਾਠ ਸੱਤਾਂ ਦਿਨਾਂ ਵਿਚ ਕੀਤਾ ਜਾਂਦਾ ਹੈ। ਇਹ ਰਾਤ ਦਿਨ ਲਗਾ-ਤਾਰ ਨਹੀਂ ਕੀਤਾ ਜਾਂਦਾ। ਇਹ ਪਾਠ ਭੀ ਸਾਫ਼ ਤੇ ਸ਼ੁਧ ਕਰਨਾ ਉਚਿਤ ਹੈ।

ਭੋਗ

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਧਾਰਣ, ਅਖੰਡ ਜਾਂ ਸਪਤਾਹਕ) ਦਾ ਭੋਗ ਮੁੰਦਾਵਣੀ ਉਤੇ ਪਾਇਆ ਜਾਵੇ। ਇਸਤੋਂ ਉਪ੍ਰੰਤ ਅਨੰਦ ਸਾਹਿਬ ਦਾ ਪਾਠ ਕਰਕੇ ਭੋਗ ਦਾ ਅਰਦਾਸਾ ਕੀਤਾ ਜਾਵੇ, ਤੇ ਕੜ੍ਹਾਹ ਪਰਸ਼ਾਦ ਵਰਤਾਇਆ ਜਾਵੇ। ਸਾਧਾਰਣ ਤੇ ਸਪਤਾਹਕ ਪਾਠ ਦੇ ਅਰੰਭ ਵੇਲੇ ਕੜ੍ਹਾਹ ਪਰਸ਼ਾਦ ਕਰਨਾ ਜ਼ਰੂਰੀ ਨਹੀਂ, ਹੋਵੇ ਤਾਂ ਚੰਗਾ ਹੈ ਪਰ ਭੋਗ ਵੇਲੇ ਜ਼ਰੂਰੀ ਹੈ। ਅਖੰਡ ਪਾਠ ਦੇ ਅਰੰਭ ਅਤੇ ਭੋਗ ਵੇਲੇ ਕੜ੍ਹਾਹ ਪਰਸ਼ਾਦ ਕਰਾਣਾ ਚਾਹੀਏ। ਜੇ ਪਾਠ ਕਰਨ ਕਰਾਣ ਵਾਲਾ ਗ਼ਰੀਬ ਹੋਵੇ, ਤਾਂ

SikhBookClub.com

ਅਰਦਾਸ ਹੀ ਕਾਫ਼ੀ ਹੈ। ਨਸ਼ਬ ਮਾਇਆ ਅਰਦਾਸ ਕਰਾਣੀ ਜ਼ਰੂਰੀ ਨਹੀਂ, ਪਰ ਜੇ ਪੰਥਕ ਕਾਰਜਾਂ ਲਈ ਯਥਾ ਸ਼ਕਤ ਅਰਦਾਸ ਕਰਾਈ ਜਾਵੇ ਤਾਂ ਚੰਗੀ ਹੈ।

ਕੜਾਹ ਪ੍ਰਸ਼ਾਦ

(ੳ) ਕੜਾਹ ਪਰਸ਼ਾਦ ਜੋ ਭੀ ਪ੍ਰਾਣੀ ਮਾਤ੍ਰ ਸ਼ਰਧਾ ਕਰਕੇ ਅਤੇ ਵਿਧੀ ਅਨੁਸਾਰ ਤਿਆਰ ਕਰਕੇ ਜਾਂ ਕਰਾਕੇ ਲਿਆਵੇ, ਸੰਗਤ ਵਿਚ ਪਰਵਾਨ ਹੋਵੇਗਾ।

(ਅ) ਕੜਾਹ ਪਰਸ਼ਾਦ ਤਿਆਰ ਕਰਨ ਦੀ ਵਿਧੀ ਇਹ ਹੈ:-

ਸੁਅਛ ਭਾਂਡੇ ਵਿਚ ਮੈਦਾ, ਮਿਠਾ ਤੇ ਘੀ ਇਕੋ ਜਹੇ ਪਾ ਕੇ ਤਿਆਰ ਕੀਤਾ ਜਾਵੇ, ਫਿਰ ਸੁਅੱਛ ਬਸਤਰ ਨਾਲ ਢਕ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸੁਅਛ ਚੌਂਕੀ ਉਪਰ ਰਖਿਆ ਜਾਵੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸੰਗਤ ਨੂੰ ਉਚੀ ਅਵਾਜ਼ ਵਿਚ ਸੁਣਾਕੇ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ ਦਾ ਪਾਠ ਕੀਤਾ ਜਾਵੇ, ਅਤੇ ਕ੍ਰਿਪਾਨ ਭੇਟ ਕਰਕੇ ਪਰਵਾਨਗੀ ਲਈ ਅਰਦਾਸਾ ਸੋਧਿਆ ਜਾਵੇ।

(ੲ) ਇਸਦੇ ਉਪ੍ਰੰਤ ਸੰਗਤ ਨੂੰ ਵਰਤਾਉਣ ਤੋਂ ਪਹਿਲਾਂ ਕੜਾਹ ਪਰਸ਼ਾਦ ਵਿਚੋਂ ਪੰਜਾਂ ਪਿਆਰਿਆਂ ਦਾ ਗਫਾ ਕਢਿਆ ਜਾਵੇ। ਵਰਤਾਉਣ ਵਾਲਾ ਸਿੰਘ ਤਿਆਰ ਬਰ ਤਿਆਰ ਹੋਵੇ। ਉਹ ਕਿਸੇ ਕੋਲੋਂ ਪੁਛੇ ਨਾ ਕਿ ਕੀ ਤੂੰ ਤਿਆਰ ਬਰਤਿਆਰ ਹੈਂ ਕਿ ਨਹੀਂ, ਕੇਵਲ ਆਪ ਹੀ ਸੰਗਤ ਵਿਚ ਨਜ਼ਰ ਮਾਰਕੇ ਵੇਖ ਲਵੇ ਕਿ ਕਿਹੜਾ ੨ ਰਹਿਤ ਵਿਚ ਪਕਾ ਦਿਸਦਾ ਹੈ। ਜੇ ਸੰਗਤ ਵਿਚ ਪੰਜਾਂ ਤੋਂ ਘਟ ਤਿਆਰ ਬਰ ਤਿਆਰ ਸਿੰਘ

SikhBookClub.com

ਮਿਲਣ ਤਾਂ ਜਿਤਨੇ ਹੋਣ ਉਨ੍ਹਾਂ ਨੂੰ ਵਰਤਾਵੇ ਬਾਕੀ ਦਾ ਛਾਂਦਾ ਕੜਾਹ ਪਰਸ਼ਾਦ ਦੀ ਦੇਗ ਵਿਚ ਰਲਾਕੇ ਸਾਰੀ ਸੰਗਤ ਵਿਚ ਵਰਤਾ ਦੇਵੇ। ਸੰਗਤ ਵਿਚ ਵਰਤਾਉਣ ਲਗਿਆਂ ਪਹਿਲਾਂ ਤਾਬੇ ਬੈਠੇ ਸਿਖ ਨੂੰ ਤੇ ਫਿਰ ਬਾਕੀ ਸੰਗਤ ਨੂੰ ਵਰਤਾਵੇ। ਕਿਸੇ ਦਾ ਲਿਹਾਜ਼ ਜਾ ਘ੍ਰਿਣਾ ਕਰਕੇ ਵਿਤਕਰਾ ਨਾ ਕਰੇ, ਸਭ ਸਿਖ ਅਣਸਿਖ, ਨੀਚ ਊਚ ਜਾਤ ਵਾਲੇ ਨੂੰ ਇਕੋ ਜਿਹਾ ਵਰਤਾਵੇ। ਕੜਾਹ ਪ੍ਰਸ਼ਾਦ ਲੈਣ ਵੇਲੇ ਕਿਸੇ ਨੂੰ ਬਹੁਤ ਲੈਣ ਦਾ ਲਾਲਚ ਨਹੀਂ ਕਰਨਾ ਚਾਹੀਦਾ, ਨਾਹੀਂ ਸੰਗਤ ਵਿਚ ਬੈਠੇ ਕਿਸੇ ਮਨੁਖ ਤੋਂ ਜਾਤ ਪਾਤ ਜਾਂ ਛੂਤ ਛਾਤ ਦਾ ਖਿਆਲ ਕਰਕੇ ਗਿਲਾਨੀ ਕਰਨੀ ਚਾਹੀਦੀ ਹੈ।

(ਸ) ਕੜਾਹ ਪ੍ਰਸ਼ਾਦ ਭੇਟਾ ਕਰਨ ਵੇਲੇ ਜ਼ਰੂਰੀ ਨਹੀਂ ਕਿ ਨਕਦ ਅਰਦਾਸ ਭੀ ਹੋਵੇ, ਪਰ ਜੇ ਕੋਈ ਯਥਾ ਸ਼ਕਤ ਪੰਥਕ ਕਾਰਜਾਂ ਲਈ ਦੇਵੇ ਤਾਂ ਕਮਾਈ ਸਫਲ ਹੁੰਦੀ ਹੈ।

੫. ਗੁਰਬਾਣੀ ਦੀ ਕਥਾ:-

(ੳ) ਸੰਗਤ ਵਿਚ ਗੁਰਬਾਣੀ ਦੀ ਕਥਾ ਸਿਖ ਹੀ ਕਰੇ।

(ਅ) ਕਥਾ ਦਾ ਮਨੋਰਥ ਗੁਰਮਤ ਦਾ ਦ੍ਰਿੜਾਉਨਾ ਹੀ ਹੋਵੇ।

(ੲ) ਕਥਾ ਦਸ ਗੁਰੂ ਸਾਹਿਬਾਨ ਦੀ ਬਾਣੀ, ਜਾਂ ਭਾਈ ਗੁਰਦਾਸ, ਭਾਈ ਨੰਦ ਲਾਲ ਜਾਂ ਕਿਸੇ ਹੋਰ ਪ੍ਰਮਾਣੀਕ ਪੰਥਕ ਪੁਸਤਕ ਜਾਂ ਇਤਿਹਾਸ ਦੀਆਂ ਪੁਸਤਕਾਂ ਦੀ ਹੋਸਕਦੀ ਹੈ, ਪਰ ਅਨਮਤ ਦੇ ਕਿਸੇ ਪੁਸਤਕ ਦੀ ਨਹੀਂ ਹੋ ਸਕਦੀ। ਹਾਂ ਪਰਮਾਣ ਕਿਸੇ ਭਲੇ ਪੁਰਸ਼ ਦੀ ਉਤਮ ਸਿਖਿਆ ਦਾ ਲਿਆ ਜਾ ਸਕਦਾ ਹੈ।

੬. ਵਖਿਆਨ:-ਗੁਰਦੁਆਰੇ ਵਿਚ ਗੁਰਮਤ

SikhBookClub.com

ਤੋਂ ਵਿਰੁਧ ਕੋਈ ਵਖਿਆਨ ਨਹੀਂ ਹੋ ਸਕਦਾ।

੭. ਗੁਰਦੁਆਰੇ ਵਿਚ ਸੰਗਤ ਦਾ ਪ੍ਰੋਗ੍ਰਾਮ ਆਮ ਤੌਰ ਤੇ ਇਉਂ ਹੋਇਆ ਹੈ:-

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਕੀਰਤਨ, ਕਥਾ, ਵਖਿਆਨ, ਅਨੰਦ ਸਾਹਿਬ ਅਰਦਾਸ, ਸਤਿ ਸ੍ਰੀ ਅਕਾਲ ਦਾ ਜੈਕਾਰਾ ਤੇ ਅਵਾਜ਼ਾ।

੨. ਆਮ ਰਹਿਣੀ

੧. ਸਿਖ ਦੀ ਆਮ ਰਹਿਣੀ, ਕਿਰਤ ਵਿਰਤ ਗੁਰਮਤ ਅਨੁਸਾਰ ਹੋਵੇ।

ਗੁਰਮਤ ਇਹ ਹੈ:-

(ੳ) ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ ਦੇਵਤੇ ਦੀ ਉਪਾਸ਼ਨਾ ਨਹੀਂ ਕਰਨੀ।

(ਅ) ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ ਤੇ ਉਨ੍ਹਾਂ ਦੀ ਬਾਣੀ ਨੂੰ ਮੰਨਣਾ।

(ੲ) ਦਸ ਗੁਰੂ ਸਾਹਿਬਾਨ ਨੂੰ ਇਕੋ ਜੋਤ ਦਾ ਪਰਕਾਸ਼ ਤੇ ਇਕੋ ਰੂਪ ਕਰਕੇ ਮੰਨਣਾ, ਤੇ ਉਨਾਂ ਦੀ "ਬਾਣੀ" ਤੋਂ ਬਿਨਾਂ ਕਿਸੇ ਹੋਰ ਬਾਣੀ ਦੀ ਪੁਸਤਕ ਨੂੰ ਆਪਣੇ ਧਰਮ ਦਾ ਗ੍ਰੰਥ ਨਹੀਂ ਜਾਣਨਾ।

(ਸ) ਜਾਤ ਪਾਤ, ਛੂਤ ਛਾਤ, ਜੰਤ੍ਰ ਮੰਤ੍ਰ ਤੰਤ੍ਰ, ਸ਼ਗਨ ਮਹੂਰਤ, ਗ੍ਰਹਿ ਰਾਸ਼ਾਂ, ਸ਼੍ਰਾਧ, ਪਿਤਰ, ਖਿਆਹ, ਪਿੰਡ ਪਤਲ, ਦੀਵਾ, ਕਿਰਿਆ ਕਰਮ, ਹੋਮ, ਜਗ, ਤਰਪਣ, ਸਿਖਾ ਸੂਤ, ਭਦਣ, ਇਕਾਦਸ਼ੀ. ਪੂਰਨਮਾਸ਼ੀ ਆਦਿ ਦੇ ਵਰਤ, ਤਿਲਕ, ਜੰਞੂ ਤੁਲਸੀ ਮਾਲਾ, ਗੋਰ, ਮਟ, ਮੜ੍ਹੀ, ਮੂਰਤ ਦੀ ਪੂਜਾ ਆਦਿ ਭਰਮ-ਰੂਪ ਕਰਮਾਂ ਉਤੇ ਨਿਸਚਾ ਨਹੀਂ ਕਰਨਾ। ਗੁਰ ਅਸਥਾਨ ਤੋਂ ਬਿਨਾ ਕਿਸੇ ਅਨ-ਧਰਮ ਦੇ ਤੀਰਥਾਂ ਜਾਂ ਧਾਮਾਂ ਨੂੰ

SikhBookClub.com

ਆਪਣਾ ਧਰਮ ਅਸਥਾਨ ਨਹੀਂ ਮੰਨਣਾ। ਪੀਰ, ਬ੍ਰਾਹਮਣ, ਪੁਛਣਾ, ਸੁਖਣਾ, ਸ਼ੀਰਨੀ ਗਾਇਤ੍ਰੀ ਗੀਤਾ ਆਦਿ ਦੇ ਪਾਠ ਆਦਿ ਉਤੇ ਨਿਸਚਾ ਨਹੀਂ ਕਰਨਾ।

(ਹ) ਖਾਲਸਾ ਹਿੰਦੂ ਤੁਰਕ ਤੇ ਨਿਆਰਾ ਰਹੇ।

ਪਰ (ਕ) ਜਗਤ ਮਾਹਿ ਹੈਂ ਪੰਥ ਸੁ ਜੇਤੇ!
ਕਰੇ ਨਿੰਦ ਨਹਿੰ ਕਬਹੂੰ ਤੇਤੇ।

(ਖ) ਹਰ ਇਕ ਕੰਮ ਕਰਨ ਤੋਂ ਪਹਿਲਾਂ ਵਾਹਿਗੁਰੂ ਅਗੇ ਅਰਦਾਸ ਕਰੇ।

(ਗ) "ਗੁਰਮੁਖੀ ਵਿਦਿਆ ਦਾ ਪ੍ਰਕਾਸ਼ ਅਰ ਹੋਰ ਵਿਦਿਆ ਦੀ ਤਾਕੀਦ ਕਰੈ ਸੋ ਖਾਲਸੇ ਸ੍ਰੀ ਅਕਾਲ ਪੁਰਖ ਕੇ ਸਿਖ ਲੜਕੇ ਲੜਕੀਆਂ ਪੜ੍ਹਨ"।

(ਘ) ਸੰਤਾਨ ਨੂੰ ਗੁਰਸਿਖੀ ਦੀ ਵਿਦਿਆ ਦੁਆਉਣੀ ਸਿਖ ਦਾ ਫਰਜ਼ ਹੈ।

(ਙ) "ਕੇਸ ਲੜਕੇ ਕੇਜੇ ਹੋਇ ਸੋ ਉਨ੍ਹਾਂ ਦਾ ਖੁਰਾਨਾ ਮੰਨੈ ਕੇਸਉਹੀ ਰਖੇ, ਨਾਮਸਿੰਘਰਖੇ"।

(ਚ) ਸਿਖ ਭੰਗ, ਅਫੀਮ, ਸ਼ਰਾਬ ਆਦਿ ਨਸ਼ੇ ਨਾ ਵਰਤੇ। ਅਮਲ ਪ੍ਰਸ਼ਾਦੇ ਦਾ ਹੀ ਰਖੇ।

(ਛ) ਸਿਖ ਮਰਦ ਅਥਵਾ ਇਸਤ੍ਰੀ ਨੂੰ ਨੱਕ ਕੰਨ ਛੇਦਨਾ ਮਨਾ ਹੈ।

(ਜ) ਗੁਰੂ ਕਾ ਸਿਖ ਕੰਨਿਆਂ ਨਾ ਮਾਰੇ ਕੁੜੀਮਾਰ ਨਾਲ ਨਾ ਵਰਤੇ।

(ਝ) ਗੁਰੂ ਕਾ ਸਿਖ ਧਰਮ ਦੀ ਕਿਰਤ ਕਰਕੇ ਨਿਰਬਾਹ ਕਰੇ।

(ਞ) ਗੁਰੂ ਕਾ ਸਿਖ ਗਰੀਬ ਦੀ ਰਸਨਾ ਨੂੰ ਗੁਰੂ ਕੀ ਗੋਲਕ ਜਾਣੇ।

(ਟ) ਚੋਰੀ ਜਾਰੀ ਨਾ ਕਰੇ, ਜੂਆ ਨਾ ਖੇਡੇ।

(ਠ) ਪਰ ਬੇਟੀ ਕੋ ਬੇਟੀ ਜਾਨੇ। ਪਰ ਇਸਤ੍ਰੀ ਕੋ ਮਾਤ ਬਖਾਨੇ। ਅਪਨੀ ਇਸਤ੍ਰੀ

SikhBookClub.com

ਸੌਂ ਰਣ ਹੋਣੀ। ਨਿਵਿਤਵਾਨ ਗੁਰ ਕਾ ਸਿੱਖ ਸੋਈ।

(ਤ) ਗੁਰੂ ਦਾ ਸਿਖ ਜਨਮ ਤੋਂ ਲੈਕੇ ਦੇਹਾਂਤ ਤਕ ਗੁਰਮਰਯਾਦਾ ਵਰਤੇ।

ੜ. ਜਨਮ ਤੇ ਨਾਮ ਸੰਸਕਾਰ

(ੳ) ਜਦ ਵਾਹਿਗੁਰੂ ਦੀ ਕਿਰਪਾ ਨਾਲ ਸਿਖ ਦੇ ਘਰ ਬਾਲਕ ਦਾ ਜਨਮ ਹੋਵੇ, ਤਾਂ ਵਾਹਿਗੁਰੂ ਦੇ ਧਨਵਾਦ ਅਤੇ ਮਾਤਾ ਦੀ ਅਰੋਗਤਾ ਲਈ ਅਰਦਾਸਾ ਕੀਤਾ ਜਾਵੇ।

(ਅ) ਜਦ ਮਾਤਾ ਉਠਣ ਬੈਠਣ ਤੇ ਇਸ਼ਨਾਨ ਕਰਨ ਦੇ ਜੋਗ ਹੋਵੇ, ਤਾਂ (ਦਿਨਾਂ ਦੀ ਕੋਈ ਗਿਣਤੀ ਮੁਕਰਰ ਨਹੀਂ) ਟੱਬਰ ਤੇ ਸਰਬੰਧੀ ਗੁਰਦਵਾਰੇ ਕੜਾਹਪ੍ਰਸ਼ਾਦ ਲੈਕੇ ਜਾਣ ਅਤੇ ਗੁਰੂ ਜੀ ਦੇ ਹਜ਼ੂਰ "ਪਰਮੇਸ਼ਰਿ ਦਿਤਾ ਬੰਨਾ" (ਸੋਰਠਿ ਮ: ੫) ਸਤਿਗੁਰਿ ਸਾਚੈ ਦੀਆ ਭੇਜਿ' (ਆਸਾ ਮ:੫) ਆਦਿ ਖੁਸ਼ੀ ਤੇ ਧਨਵਾਦ ਵਾਲੇ ਸ਼ਬਦ ਪੜ੍ਹਨ। ਉਪ੍ਰੰਤ ਜੇਕਰ ਗੁਰੂ ਗ੍ਰੰਥ ਸਾਹਿਬ ਦਾ ਪਾਠ ਰਖਿਆ ਹੋਵੇ ਤਾਂ ਪਾਠ ਦਾ ਭੋਗਪਾਇਆ ਜਾਵੇ। ਫਿਰ ਵਾਕ ਲਿਆ ਜਾਵੇ। ਵਾਕ ਦੇ ਅੰਤ ਦੇ ਸ਼ਬਦ ਦਾ ਜੋ ਪਹਿਲਾ ਅਖਰ ਹੋਵੇ ਉਸਤੋਂ ਗ੍ਰੰਥੀ ਸਿੰਘ ਬਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪਰਵਾਨਗੀ ਲੈਕੇ ਨਾਮ ਪਰਗਟ ਕਰੇ। ਉਪ੍ਰੰਤ ਸਰਬਲੋਹ ਦੇ ਬਾਟੇ ਵਿਚ ਜਲ ਤੇ ਮਿਠਾ ਪਾਕੇ ਖੰਡਾ ਹਿਲਾਵੇ ਅਤੇ ਜਪੁਜੀ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਦਾ ਪਾਠ ਕਰੇ। ਇਸ ਜਲ ਦੇ ਚੁਲੇ ਬਚੇ ਦੇ ਮੂੰਹ ਵਿਚ ਪਾਏ ਜਾਣ ਤੇ ਹਰ ਚੁਲੇ ਨਾਲ 'ਸਤਿਨਾਮ ਸ੍ਰੀ ਵਾਹਿਗੁਰੂ' ਦਾ ਉਚਾਰਨ ਕੀਤਾ ਜਾਵੇ। ਉਪ੍ਰੰਤ ਅਨੰਦ ਸਾਹਿਬ ਮਗਰੋਂ ਬਚੇ ਦੇ ਨਾਮ ਸੰਸਕਾਰ ਦੀ

SikhBookClub.com

ਖੁਸ਼ੀ ਦਾ ਜੋਗ ਸ਼ਬਦਾਂ ਵਿਚ ਅਰਦਾਸਾ ਕਰਕੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ।

(ਫ) ਜਨਮ ਦੇ ਸੰਬੰਧ ਵਿਚ ਖਾਣ ਪੀਣ ਵਿਚ ਕੋਈ ਸੂਤਕ ਦਾ ਭਰਮ ਨਹੀਂ ਕਰਨਾ, ਕਿਉਂਕਿ 'ਜੰਮਣੁ ਮਰਨਾ ਹੁਕਮੁ ਹੈ ਭਾਣੈ ਆਵੈ ਜਾਇ। ਖਾਣਾ ਪੀਣਾ ਪਵਿਤ੍ਰ ਹੈ ਦਿਤੋਨੁ ਰਿਜਕੁ ਸੰਬਾਹਿ।'

ਙ, ਅਨੰਦ ਸੰਸਕਾਰ।

(ੳ) ਸਿਖ ਦਾ ਵਿਆਹ 'ਅਨੰਦ' ਰੀਤੀ ਨਾਲ ਕਰਨਾ ਚਾਹੀਏ।

(ਅ) ਲੜਕੀ ਲੜਕੇ ਦਾ ਵਿਆਹ ਬਚ-ਪਨ ਵਿਚ ਕਰਨਾ ਵਿਵਰਜਤ ਹੈ।

(ੲ) ਜਦ ਲੜਕੀ ਸਰੀਰ, ਮਨ ਤੇ ਆਚਾਰ ਕਰਕੇ ਵਿਆਹ ਕਰਨ ਦੇ ਜੋਗ ਹੋ ਜਾਵੇ ਤਾਂ ਕਿਸੇ ਜੋਗ ਸਿਖ ਨਾਲ 'ਅਨੰਦ' ਪੜ੍ਹਾਇਆ ਜਾਵੇ।

(ਸ) ਅਨੰਦ ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ। ਪਰ ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜਕੇ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਅਰਦਾਸਾ ਸੋਧਕੇ ਇਕ ਕਿਰਪਾਨ ਤੇ ਕੁਝ ਮਿਠਾ ਲੜਕੇ ਵਾਲਿਆਂ ਦੇ ਪਲੇ ਪਾ ਦੇਣ।

(ਹ) ਅਨੰਦ ਦਾ ਦਿਨ ਮੁਕਰਰ ਕਰਨ ਲਗਿਆਂ, ਕੋਈ ਥਿਤ ਵਾਰ ਚੰਗੇ ਮੰਦੇ ਦਿਨ ਦੀ ਖੋਜ ਕਰਨ ਲਈ ਪਤਰੀ ਵਾਚਨਾ ਮਨਮਤ ਹੈ। ਕੋਈ ਦਿਨ ਜੋ ਦੋਹਾਂ ਧਿਰਾਂ ਨੂੰ ਆਪਸ ਵਿਚ ਸਲਾਹ ਕਰਕੇ ਚੰਗਾ ਦਿਸੇ ਨੀਅਤ ਕਰ ਲੈਣਾ ਚਾਹੀਏ। ਗੁਰਪੁਰਬ ਹੋਵੇ ਤਾਂ ਚੰਗਾ ਹੈ, ਪਰ ਜੇ ਨਾ ਹੋਵੇ ਤਾਂ ਭਰਮ ਨਹੀਂ ਕਰਨਾ।

(ਕ) ਗਾਨਾ ਬੰਨ੍ਹਣਾ, ਪਿੱਤਰ ਪੂਜਣੇ,

SikhBookClub.com

ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ ਛੰਗਣੀ, ਘੜੋਲੀ ਭਰਨੀ, ਰੁਸਣੇ ਜਾਣਾ, ਹਵਨ ਕਰਨਾ, ਵੇਦੀ ਗਡਣੀ, ਵੇਸਵਾ ਦਾ ਨਾਚ ਆਦਿ ਮਨਮਤ ਹੈ।

(ਖ) ਜਿਤਨੇ ਥੋੜੇ ਆਦਮੀ ਲੜਕੀ ਵਾਲਾ ਮੰਗਾਵੇ, ਉਤਨੇ ਨਾਲ ਲੈਕੇ ਲੜਕਾ ਸਹੁਰੇ ਘਰ ਜਾਵੇ। ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਦ ਗਾਏ ਜਾਣ ਤੇ ਮਿਲਣੀ ਦੀ ਅਰਦਾਸ ਹੋਵੇ।

(ਗ) ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਦੀਵਾਨ ਲਗੇ, ਰਾਗੀ ਜਾਂ ਸੰਗਤ ਕੀਰਤਨ ਕਰੇ। ਫਿਰ ਲੜਕੀ ਤੇ ਲੜਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਬਿਠਾਏ ਜਾਣ। ਲੜਕੀ ਲੜਕੇ ਦੇ ਖਬੇ ਪਾਸੇ ਬੈਠੇ। ਦੀਵਾਨ ਦੀ ਆਗਿਆ ਲੈਕੇ ਅਨੰਦ ਪੜ੍ਹਾਉਣ ਵਾਲਾ ਸਿੰਘ (ਜਾਂ ਸਿੰਘਣੀ) ਲੜਕੇ ਲੜਕੀ ਤੇ ਉਨ੍ਹਾਂ ਦਿਆਂ ਮਾਪਿਆਂ ਜਾਂ ਸਰਬ੍ਰਾਹਾਂ ਨੂੰ ਖੜਾ ਕਰਕੇ ਅਨੰਦ ਦੇ ਅਰੰਭ ਦਾ ਅਰਦਾਸਾ ਸੋਧੇ।

ਫਿਰ ਉਹ ਲੜਕੇ ਲੜਕੀ ਨੂੰ ਗੁਰਮਤ ਅਨੁਸਾਰ ਗ੍ਰਿਹਸਤ ਧਰਮ ਦੇ ਫਰਜ਼ਾਂ ਦਾ ਉਪਦੇਸ਼ ਕਰੇ:-

ਪਹਿਲੇ ਦੋਹਾਂ ਨੂੰ ਸਾਂਝਾ ਉਪਦੇਸ਼ ਕਰੇ। ਜਿਸ ਵਿਚ ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਨੁਸਾਰ ਪਤੀ ਪਤਨੀ ਦੇ ਸੰਬੰਧ ਨੂੰ ਜੀਵ ਤੇ ਪ੍ਰਮਾਤਮਾ ਦੇ ਪਿਆਰ ਦੇ ਨਮੂਨੇ ਉੱਤੇ ਢਾਲਣ ਦੀ ਵਿਧੀ ਦਸੇ।

ਆਪਸ ਵਿਚ ਪ੍ਰੇਮ ਦੁਆਰਾ "ਏਕ ਜੋਤਿ ਦੁਇ ਮੂਰਤੀ" ਹੋਣਾ ਦਸੇ, ਅਤੇ ਇਕੱਤ੍ਰ ਗ੍ਰਿਹਸਤ ਧਰਮ ਨਿਭਾਉਂਦੇ ਹੋਏ ਆਪਣੇ ਸਾਂਝੇ ਕਰਤਾ ਅਕਾਲ ਪੁਰਖ ਨਾਲ ਇਕ ਮਿਕ ਹੋਣਾ ਸਿਖਾਵੇ। ਦੋਹਾਂ ਨੇ ਇਸ ਸਿੱਖਿਆ ਨੂੰ

SikhBookClub.com

ਮਨੁਖਾਜਨਮ ਦੀ ਯਾਤ੍ਰਾ ਨੂੰ ਸਫਲਤਾ ਨਾਲ ਨਿਭਾਉਣ ਦਾ ਸਾਧਨ ਬਣਾਉਣਾ ਹੈ। ਦੋਹਾਂ ਨੇ ਇਸ ਸੰਜੋਗ ਦੇ ਰਾਹੀਂ ਪਵਿਤਰ ਤੇ ਗੁਰਮੁਖੀ ਜੀਵਣ ਬਸਰ ਕਰਨਾ ਹੈ।

ਫਿਰ ਲੜਕੇ ਤੇ ਲੜਕੀ ਨੂੰ ਆਪੋ ਆਪਣੇ ਵਖੋ ਵਖਰੇ ਗ੍ਰਹਸਤ ਧਰਮ ਦੇ ਫਰਜ਼ ਦਸੇ ਜਾਣ।

ਵਰ ਨੂੰ ਦਸਿਆ ਜਾਵੇ ਕਿ ਲੜਕੀ ਵਾਲਿਆਂ ਨੇ ਸਾਰੇ ਸੰਸਾਰ ਦੇ ਮਨੁਖਾਂ ਵਿਚੋਂ ਤੁਹਾਨੂੰ ਹੀ ਸਭ ਤੋਂ ਵਧੀਕ ਜੋਗ ਜਾਣ ਕੇ ਵਰ ਚੁਣਿਆ ਹੈ। ਆਪ ਨੇ ਆਪਣੀ ਪਤਨੀ ਨੂੰ ਅਰਧੰਗੀ ਜਾਣ ਕੇ ਸਾਰੀਆਂ ਅਵਸਥਾਂ ਵਿਚ ਇਕੋ ਜਿਹਾ ਪਿਆਰ ਕਰਨਾ ਹੈ ਤੇ ਵੰਡ ਛਕਣਾ ਹੈ। ਇਸ ਦੇ ਸਰੀਰ ਤੇ ਇਜ਼ਤ ਦੇ ਰਾਖੇ ਤੁਸੀ ਹੋ। ਇਸਤ੍ਰੀ ਬ੍ਰਤ ਧਰਮ ਵਿਚ ਪਕੇ ਰਹਿਣਾ। ਇਸਦੇ ਮਾਤਾ ਪਿਤਾ ਤੇ ਸਰਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸਰਬੰਧੀਆਂ ਵਤਾ ਆਦਰ ਦੇਣਾ!

ਕੰਨਿਆਂ ਨੂੰ ਦਸਿਆ ਜਾਵੇ ਕਿ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਗਤ ਦੇ ਹਜ਼ੂਰ ਇਸ ਸੱਜਣ ਜੀ ਦੇ ਲੜ ਲਾਇਆ ਜਾਂਦਾ ਹੈ। ਆਪ ਇਨ੍ਹਾਂ ਦੇ "ਨਿਰਮਲ ਭਉ" ਵਿਚ ਰਹਿੰਦੇ ਹੋਏ ਇਨ੍ਹਾਂ ਨੂੰ ਹੀ ਆਪਣੇ ਸਾਰੇ ਪ੍ਰੇਮ ਤੇ ਸ਼ਰਧਾ ਦਾ ਮਾਲਕ ਸਮਝਣਾ, ਦੁਖ ਸੁਖ, ਦੇਸ ਪ੍ਰਦੇਸ, ਵਿਚ ਆਪਣੇ ਪਤੀ ਬ੍ਰਤ ਧਰਮ ਵਿਚ ਪਕੇ ਰਹਿਣਾ, ਸੇਵਾ ਕਰਨੀ। ਇਹਦੇ ਮਾਤਾ ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸੰਬੰਧੀਆਂ ਵਾਂਗ ਜਾਣਨਾ।

ਉਪਦੇਸ਼ ਦੀਆਂ ਗਲਾਂ ਪਰਵਾਨ ਕਰਦੇ ਹੋਏ ਵਰ ਤੇ ਕੰਨਿਆਂ ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਗੇ ਮਥਾ ਟੇਕਣਾ ਫਿਰ ਲੜਕੀ ਦਾ

SikhBookClub.com

ਪਿਤਾ ਜਾਂ ਮੁਖੀ ਸਰਬੰਧੀ ਲੜਕੇ ਦਾ ਪਲਾ ਲੜਕੀ ਦੇ ਹਥ ਫੜਾਵੇ ਤੇ ਤਾਬਿਆ ਬੈਠਾ ਸਜਣ ਸੂਹੀ ਮਹਲਾ ੪ ਵਿਚ ਦਿਤੀਆਂ ਲਾਵਾਂ ਦਾ ਪਾਠ ਸੁਣਾਵੇ। ਇਕ ਇਕ ਲਾਵ ਦਾ ਪਾਠ ਹੋਣ ਮਗਰੋਂ ਅਗੇ ਵਰ ਤੇ ਪਿਛੇ ਕੰਨਿਆਂ ਵਰ ਦਾ ਪਲਾ ਫੜਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਚਾਰ ਪ੍ਰਕਰਮਾਂ ਕਰਨ। ਪ੍ਰਕਰਮਾਂ ਕਰਨ ਸਮੇਂ ਰਾਗੀ ਜਾਂ ਸੰਗਤ ਲਾਵਾਂ ਨੂੰ ਕ੍ਰਮ ਅਨੁਸਾਰ ਸੁਰ ਨਾਲ ਗਾਈ ਜਾਣ। ਉਪ੍ਰੰਤ ਵਰ ਕੰਨਿਆਂ ਆਪਣੀ ਥਾਂ ਤੇ ਬੈਠ ਜਾਣ, ਤੇ ਰਾਗੀ ਸਿੰਘ ਜਾਂ ਅਨੰਦ ਕਰਾਉਣ ਵਾਲਾ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ ਦਾ ਪਾਠ ਕਰੇ। ਫਿਰ ਅਨੰਦ ਦੀ ਸਮਾਪਤੀ ਦਾ ਅਰਦਾਸਾ ਸੋਧਿਆ ਜਾਵੇ।

(ਘ) ਕੰਨਿਆ ਦਾ ਸੰਜੋਗ ਪੈਸਾ ਲੈਕੇ ਨਾ ਕਰੇ।

(ਙ) 'ਜੇ ਬਾਲਕੀ ਕੇ ਮਾਪੇ ਕਦਾਂਚ ਸਬਬ ਪਾਇ ਕੇ ਬਾਲਕੀ ਦੇ ਗ੍ਰਹ ਵਿਖੇ ਜਾਣ ਅਤੇ ਉਥੇ ਪ੍ਰਸ਼ਾਦ ਤਿਆਰ ਹੋਵੇ ਤਾਂ ਖਾਣ, ਸੁਕਚਣ ਨਾਹੀ। ਅੰਨ ਨਾ ਖਾਣਾ ਸਭ ਭਰਮ ਹੈ। ਖਾਲਸੇ ਨੂੰ ਖਾਣਾ ਖੁਵਾਲਣਾ ਸ੍ਰੀ ਗੁਰੂ ਬਾਬੇ ਅਕਾਲ ਪੁਰਖ ਬਖਸ਼ਿਆ ਹੈ। ਬੇਟੀ ਬੇਟੇ ਵਾਲੇ ਆਪਸ ਮੇਂ ਖਾਂਦੇ ਪੀਂਦੇ ਰਹਿਣ, ਕਿਸ ਵਾਸਤੇ ਜੋ ਗੁਰੂ ਨੇ ਦੋਵੇਂ ਸਾਕ ਇੱਕ ਕੀਤੇ ਹੈਨ।"*

(ਚ) "ਜਿਸ ਇਸਤ੍ਰੀ ਦਾ ਭਰਤਾ ਕਾਲ ਵਸ ਹੋਇਆਂ ਹੋਏ, ਚਾਹੀਏ ਉਸਦੇ ਪਿਛੇ ਜਤ ਸਤ ਸੀਲ ਪਾਲੈ, ਕਿਤੇ ਵਲ ਚਿਤ ਡੁਲਾਵੇ ਨਾਹੀਂ", ਅਰੁ ਸ੍ਰੀ ਗੁਰੂ ਅਕਾਲ ਪੁਰਖ

*ਪ੍ਰੇਮ ਸੁਮਾਰਗ।

SikhBookClub.com

ਦ ਧਿਆਨ ਵਿਖੇ ਰਹੇ, ਸੁਭਾਵੈ ਮੇਂ ਜੀਉ ਨਾ ਦੇਇ। ਸੁਭਾਉ ਇਸ ਕਾਮ ਕੇ ਪਰ ਹੈਂ, ਜਿਉਂ ਅਗਨ ਮੇ ਘ੍ਰਿਤ ਪਾਵੈਂ ਤਾਂ ਪ੍ਰਚੰਡ ਹੋਤੀ ਹੈ। ਇਸ ਪ੍ਰਾਣੀ ਕਾ ਭਲਾ ਜਤ ਸਤ ਮੇਂ ਹੈ। ਅਰ ਬੋਲ ਤੋਲ ਮੇਂ ਰਹੈ, ਕਿਆ ਮਰਦ ਕਿਆ ਇਸਤ੍ਰੀ। ਜੇ ਜਾਨੇ ਕਿਸੀ ਉਪਾਉ ਰਹਿਤ ਕਰ ਰਹਿ ਨਹੀਂ ਸਕਤੀ, ਤਬ ਜਾਰੀ ਚੋਰੀ ਨਾ ਕਰੇ, ਆਪਣੇ ਲਾਇਕ ਦੇਖਕੇ ਅਪਰ ਸੰਜੋਗ ਕਰੈ।"*

(ਛ) ਪੁਨਰ-ਵਿਵਾਹ ਦੀ ਭੀ ਉਹੋ ਰੀਤੀ, ਹੈ ਜੋ 'ਅਨੰਦ' ਲਈ ਉਤੇ ਦਸੀ ਹੈ।

(ਜ) ਸਿਖ ਨੂੰ ਇਕੋ ਇਸਤ੍ਰੀ ਪਰ ਸੰਤੋਖ ਕਰਨਾ ਚਾਹੀਏ।

(ਝ) ਅੰਮ੍ਰਿਤਧਾਰੀ ਸਿੰਘ ਨੂੰ ਚਾਹੀਦਾ ਹੈ ਕਿ ਆਪਣੀ ਸਿੰਘਣੀ ਨੂੰ ਭੀ ਅੰਮ੍ਰਿਤ ਛਕਾ ਲਵੇ।

੪. ਮ੍ਰਿਤਕ ਸੰਸਕਾਰ

(ੳ) ਪ੍ਰਾਣੀ ਨੂੰ ਮਰਨ ਵੇਲੇ ਮੰਜੀ ਤੋਂ ਨਹੀਂ ਉਤਾਰਨਾ, ਦੀਵਾ ਵਟੀ, ਗਊ ਮਣਸਾਉਣਾ ਜਾਂ ਹੋਰ ਕੋਈ ਮਨਮਤ ਸੰਸਕਾਰ ਨਹੀਂ ਕਰਨਾ। ਕੇਵਲ ਗੁਰ ਬਾਣੀ ਦਾ ਪਾਠ ਕਰਨਾ ਜਾਂ ਵਾਹਿਗੁਰੂ ਵਾਹਿਗੁਰੂ ਕਰਨਾ।

(ਅ) ਪ੍ਰਾਣੀ ਦੇ ਦੇਹ ਤਿਆਗਣ ਤੇ ਧਾਹ ਨਹੀਂ ਮਾਰਨੀ, ਪਿਟਣਾ ਜਾਂ ਸਿਆਪਾ ਨਹੀਂ ਕਰਨਾ। ਹਾਂ ਕੁਦਰਤੀ ਤੌਰ ਤੇ ਜੋ ਅੱਥਰੂ ਵਹਿ ਤੁਰਨ, ਉਨ੍ਹਾਂ ਨੂੰ ਰੋਕਣਾ ਮਾੜਾ ਹੈ। ਮਨ ਨੂੰ ਵਾਹਿਗੁਰੂ ਦੀ ਰਜ਼ਾ ਵਿਚ ਲਿਆਉਣ ਲਈ ਗੁਰ ਬਾਣੀ ਦਾ ਪਾਠ ਜਾਂ 'ਵਾਹਿਗੁਰੂ' ਦਾ ਜਾਪ ਕਰੀ ਜਾਣਾ ਚੰਗਾ ਹੈ।

---

*ਪ੍ਰੇਮ ਸੁਮਾਰਗ।

SikhBookClub.com

(ਦ) ਪ੍ਰਾਣੀ ਭਾਵੇਂ ਛੋਟੀ ਤੋਂ ਛੋਟੀ ਉਮਰ ਦਾ ਹੋਵੇ ਉਹ ਭੀ ਸਸਕਾਰਣਾ ਚਾਹੀਏ।

(ਸ) ਸਸਕਾਰਨ ਲਈ ਦਿਨ ਜਾਂ ਰਾਤ ਦਾ ਭਰਮ ਨਹੀਂ ਕਰਨਾ।

(ਹ) ਮ੍ਰਿਤਕ ਸਰੀਰ ਨੂੰ ਅਸ਼ਨਾਨ ਕਰਾਕੇ ਸੁਅੱਛ ਬਸਤਰ ਤੇ ਕਕਾਰ ਪਵਾ ਕੇ ਤਖਤੇ ਉਤੇ ਪਾਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਵੇ। ਫਿਰ ਅਰਥੀ ਨੂੰ ਚੁਕ ਕੇ ਸ਼ਮਸ਼ਾਨ ਭੂਮੀ ਵਲ ਲਿਆਂਦਿਆ ਜਾਵੇ। ਨਾਲ ਵਡਹੰਸ ਤੇ ਮਾਰੂ ਆਦਿ ਰਾਗਾਂ ਦੇ ਵੈਰਾਗ ਮਈ ਸ਼ਬਦਾਂ ਦਾ ਉਚਾਰਣ ਕੀਤਾ ਜਾਵੇ। ਸਸਕਾਰ ਦੀ ਥਾਂ ਤੇ ਪਹੁੰਚ ਕੇ ਚਿਖਾ ਰਚੀ ਜਾਵੇ ਅਤੇ ਪ੍ਰਾਣੀ ਨੂੰ ਅਗਨ ਭੇਟਾ ਕਰਨ ਲਈ ਅਰਦਾਸਾ ਸੋਧਿਆ ਜਾਵੇ। ਫਿਰ ਸਰੀਰ ਨੂੰ ਅੰਗੀਠੇ ਉਤੇ ਰਖਕੇ ਪੁਤ੍ਰ ਜਾਂ ਕੋਈ ਹੋਰ ਸਰਬੰਧੀ ਜਾਂ ਹਿਤੂ ਅਗਨੀ ਲਾ ਦੇਵੇ। ਸੰਗਤ ਕੁਝ ਵਿਥ ਤੇ ਬਹਿ ਕੇ ਕੀਰਤਨ ਕਰਨ ਜਾਂ ਸੋਗ ਮਈ ਸ਼ਬਦ ਪੜ੍ਹਨ। ਜਦ ਅੰਗੀਠਾ ਪੂਰੀ ਤਰ੍ਹਾਂ ਬਲ ਉਠੇ ਤਾਂ (ਕਿਰਪਾਲ ਕਿਰਿਆ ਆਦਿ ਕਰਨਾ ਮਨਮਤ ਹੈ) ਕੀਰਤਨ ਸੋਹਿਲੇ ਦਾ ਪਾਠ ਕਰਕੇ ਅਰਦਾਸਾ ਸੋਧਕੇ ਸੰਗਤ ਮੁੜ ਆਵੇ।

ਘਰ ਆਕੇ ਪ੍ਰਾਣੀ ਨਮਿਤ ਗੁਰੂ ਗ੍ਰੰਥ ਸਾਹਿਬ ਦਾ ਪਾਠ ਰਖਿਆ ਜਾਵੇ ਜਿਸਦੀ ਸਮਾਪਤੀ ਦਸਵੇਂ ਦਿਨ ਹੋਵੇ। ਇਸ ਪਾਠ ਵਿਚ ਘਰ ਵਾਲੇ ਤੇ ਸੰਬੰਧੀ ਰਲਕੇ ਹਿਸਾ ਲੈਣ। ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਭੀ ਹੋਵੇ। 'ਦਸਹਿਰੇ' ਦੇ ਪਿਛੋਂ ਚਲਾਣੇ ਦੀ ਰਸਮ ਕੋਈ ਬਾਕੀ ਨਹੀਂ ਰਹਿੰਦੀ।

(ਕ) ਮ੍ਰਿਤਕ ਪ੍ਰਾਣੀ ਦਾ ਅੰਗੀਠਾ ਠੰਢਾ ਹੋਣ ਤੇ ਸਾਰੀ ਦੇਹ ਦੀ ਭਸਮ,ਅਸਥੀਆਂ

SikhBookClub.com

ਸਮੇਤ, ਉਠਾਕੇ ਜਾਂ ਉਥੇ ਹੀ ਦਬਕੇ ਜ਼ਿਮੀ ਬਰਾਬਰ ਕਰ ਦਿਤੀ ਜਾਵੇ।

(ਖ) ਅਧ ਮਾਰਗ, ਸਿਆਪਾ, ਫੂਹੜੀ, ਦੀਵਾ, ਪਿੰਡ, ਕਿਰਿਆ, ਸਰਾਧ ਆਦਿ ਕਰਨੇ ਮਨਮਤ ਹੈ।

੫. ਹੋਰ ਰੀਤੀਆਂ

(ੳ) ਇਨ੍ਹਾਂ ਸੰਸਕਾਰਾਂ ਤੋਂ ਛੁਟ ਸਭੋ ਸਮੇਂ ਜੋ ਭੀ ਖੁਸ਼ੀ ਗਮੀ ਦਾ ਮੌਕਾ ਆ ਬਣੇ (ਜਿਵੇਂ ਨਵੇਂ ਮਕਾਨ ਵਿਚ ਪ੍ਰਵੇਸ਼ ਕਰਨਾ, ਨਵੀਂ ਦੁਕਾਨ ਖੋਲ੍ਹਣਾ, ਬਾਲਕ ਨੂੰ ਮਦਰਸੇ ਪਾਉਣਾ, ਆਦਿ) ਤਾਂ ਸਿਖ ਨੂੰ ਚਾਹੀਏ ਕਿ ਵਾਹਿਗੁਰੂ ਦੀ ਸਹਾਇਤਾ ਮੰਗਣ ਲਈ ਅਰਦਾਸਾ ਸੋਧੇ। ਸਿਖੀ ਵਿਚ ਸਾਰੇ ਸੰਸਕਾਰਾਂ ਦਾ ਜ਼ਰੂਰੀ ਅੰਗ ਬਾਣੀ ਦਾ ਪਾਠ ਤੇ ਅਰਦਾਸਾ ਹੈ।

੩. ਸੇਵਾ

੧. ਸੇਵਾ ਸਿਖੀ ਧਰਮ ਦਾ ਇਕ ਉਘਾ ਅੰਗ ਹੈ। ਇਸਨੂੰ ਨਮੂਨੇ ਮਾਤਰ ਸਿਖਾਣ ਲਈ ਗੁਰਦੁਆਰਿਆਂ ਵਿਚ ਹੀ ਪ੍ਰਬੰਧ ਕੀਤਾ ਹੋਂਦਾ ਹੈ। ਸਾਧਾਰਣ ਰੂਪ ਇਸਦੇ ਇਹ ਹਨ:-ਸੰਗਤਾਂ ਦੀ ਪਾਣੀ ਪਖੇ ਦੀ ਸੇਵਾ, ਲੰਗਰ ਦੀ ਸੇਵਾ, ਆਦਿ।

(ੳ) ਗੁਰੂ ਕਾ ਲੰਗਰ-ਇਸਦੇ ਦੋ ਭਾਵ ਹਨ-ਇਕ ਸਿਖਾਂ ਨੂੰ ਸੇਵਾ ਸਿਖਾਣਾ, ਦੂਜਾ ਉਚ ਨੀਚ,ਛੂਤ ਛਾਤ ਦਾ ਭਰਮ ਮਿਟਾਉਣਾ।

(ਅ) ਗੁਰੂ ਕੇ ਲੰਗਰ ਦੀ ਸਮਿਗਰੀ ਲਈ ਸਹਾਇਤਾ ਕੋਈ ਆਦਮੀ ਦੇ ਸਕਦਾ ਹੈ। ਪਰ ਲੰਗਰ ਪਕਾਣੇ ਦੀ ਸੇਵਾ ਕੇਵਲ ਸਿਖ ਹੀ ਕਰ ਸਕਦਾ ਹੈ।

(ੲ) ਗੁਰੂ ਕੇ ਲੰਗਰ ਵਿਚ ਬੈਠਕੇ ਊਚ

SikhBookClub.com

ਨੀਚ, ਕਿਸੇ ਜਾਤ ਜਾਂ ਵਰਨ ਦਾ ਪ੍ਰਾਣੀ ਪ੍ਰਸ਼ਾਦ ਛਕ ਸਕਦਾ ਹੈ। ਪੰਗਤ ਵਿਚ ਬਿਠਾਣ ਲੱਗਿਆਂ ਕਿਸੇ ਦੇਸ਼, ਧਰਮ, ਜਾਤ ਮਜ਼ਹਬ ਦਾ ਵਿਤਕਰਾ ਨਹੀਂ ਕਰਨਾ। ਹਾਂ ਇਕੋ ਥਾਲੀ ਵਿਚ ਕੇਵਲ ਅੰਮ੍ਰਿਤਧਾਰੀ ਸਿਖ ਹੀ ਛਕ ਸਕਦੇ ਹਨ।

ਪੰਥਕ ਰਹਿਣੀ

੧. ਸੇਵਾ ਕੇਵਲ ਧਰਮ ਲੰਗਰ ਆਦਿ ਤੇ ਹੀ ਨਹੀਂ ਮੁਕ ਜਾਂਦੀ। ਸਿਖ ਦੀ ਸਾਰੀ ਜ਼ਿੰਦਗੀ ਪਰਉਪਕਾਰ ਵਾਲੀ ਹੈ। ਸੇਵਾ ਸਫਲ ਉਹੀ ਹੈ ਜੋ ਥੋੜੇ ਜਤਨ ਨਾਲ ਵਧੀਕ ਤੋਂ ਵਧੀਕ ਹੋ ਸਕੇ। ਇਹ ਗਲ ਜਥੇਬੰਦੀ ਦੇ ਰਾਹੀਂ ਹੋ ਸਕਦੀ ਹੈ। ਇਕ ਇਕ ਤੇ ਦੋ ਗਿਆਰਾਂ। ਸਿਖ ਨੇ ਇਸ ਲਈ ਸ਼ਖਸੀ ਧਰਮ ਪੂਰਾ ਕਰਦਿਆਂ ਹੋਇਆਂ ਨਾਲ ਹੀ ਪਬਲਕ ਫ਼ਰਜ਼ ਭੀ ਪੂਰੇ ਕਰਨੇ ਹਨ,। ਇਸ ਜਥੇਬੰਦੀ ਦਾ ਨਾਂ "ਪੰਥ" ਹੈ। ਹਰ ਇਕ ਸਿਖ ਨੇ ਪੰਥ ਦਾ ਇਕ ਅੰਗ ਹੋਕੇ ਭੀ ਆਪਣਾ ਧਰਮ ਨਿਭਾਉਣਾ ਹੈ।

(ੳ) ਗੁਰੂ ਪੰਥ: ਤਿਆਰ ਬਰ ਤਿਆਰ ਸਿੰਘਾਂ ਦੇ ਸਮੂਚੇ ਸਮੂਹ ਨੂੰ ਗੁਰੂ ਪੰਥ ਆਖਦੇ ਹਨ। ਇਸਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ।

(ਅ) ਗੁਰ ਸੰਗਤ: ਜਿਥੇ ਥੋੜੇ ਜਿਹੇ ਸਿਖ ਭੀ ਹੋਣਗੇ, ਉਹ ਇਕ ਸੰਗਤ ਰਚ ਲੈਣਗੇ, ਵਧੀਕ ਜਿਤਨੇ ਹੋਣ, ਉਤਨਾ ਹੀ ਚੰਗਾ ਹੈ। ਜਿਥੇ ਤਿਆਰ ਬਰ ਤਿਆਰ ਸਿੰਘ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਹਾਜ਼ਰ ਹੋਣ, ਉਹ 'ਗੁਰ ਸੰਗਤ' ਹੈ।

SikhBookClub.com

(ਦ) ਸਿਖ ਨੂੰ 'ਗੁਰ ਸੰਗਤਾਂ' ਦਾ ਮਿੰਬਰ ਬਣਨ ਲਈ ਜ਼ਰੂਰੀ ਹੈ ਕਿ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋਵੇ।

੨. ਅੰਮ੍ਰਿਤ ਸੰਸਕਾਰ

(ੳ) ਅੰਮ੍ਰਿਤ ਛਕਾਉਣ ਲਈ ਇਕ ਖਾਸ ਅਸਥਾਨ ਤੇ ਪ੍ਰਬੰਧ ਹੋਵੇ। ਉਥੇ ਆਮ ਲੋਕਾਂ ਦਾ ਲਾਂਘਾ ਨਾ ਹੋਵੇ।

(ਅ) ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ। ਘਟ ਤੋਂ ਘਟ ਛੇ ਤਿਆਰ ਬਰਤਿਆਰ ਸਿਦਕੀ ਸਿੰਘ ਹਾਜ਼ਰ ਹੋਣ, ਜਿਨ੍ਹਾਂ ਵਿਚੋਂ ਇਕ ਤਾਬੇ ਬੈਠੇ, ਤੇ ਬਾਕੀ ਦੇ ਪੰਜ ਅੰਮ੍ਰਿਤ ਛਕਾਣ ਲਈ ਹੋਣ। ਇਨ੍ਹਾਂ ਵਿਚ ਸਿੰਘਣੀਆਂ ਭੀ ਹੋ ਸਕਦੀਆਂ ਸਨ।

(ੲ) ਇਨ੍ਹਾਂ ਪੰਜਾਂ ਪਿਆਰਿਆਂ ਵਿਚ ਕੋਈ ਅੰਗਹੀਣ (ਅੰਨ੍ਹਾ, ਕਾਣਾ, ਲੰਙਾ, ਲੂੰਜਾ, ਲੂਲ੍ਹਾ) ਨਾ ਹੋਵੇ। ਕੋਈ ਤਨਖਾਹੀਆ ਨਾ ਹੋਵੇ।

(ਸ) ਅੰਮ੍ਰਿਤ ਛਕਣ ਦੇ ਅਭਿਲਾਖੀ (ਮਰਦ ਤੇ ਇਸਤ੍ਰੀਆਂ) ਸਿਖੀ ਧਾਰਨ ਕਰਨ ਦੇ ਚਾਹਵਾਨ ਹੋਣ। ਬਹੁਤ ਛੋਟੀ ਅਵਸਥਾ ਦੇ ਨਾ ਹੋਣ, ਹੋਸ਼ ਸੰਭਾਲੀ ਹੋਵੇ। ਅੰਮ੍ਰਿਤ ਛਕਣ ਵੇਲੇ ਹਰ ਇਕ ਪੰਜ ਕਕਾਰ (ਕੇਸ, ਕੰਘਾ, ਕੜਾ, ਕਛਹਿਰਾ, ਕਿਰਪਾਨ ਗਾਤਰੇ ਵਾਲੀ) ਦਾ ਧਾਰਨੀ ਹੋਵੇ। ਅਨਮਤ ਦਾ ਕੋਈ ਚਿੰਨ੍ਹ ਨਾ ਹੋਵੇ। ਸਿਰ ਨੰਗਾ ਜਾਂ ਟੋਪੀ ਨਾ ਹੋਵੇ। ਗਹਿਣੇ ਕੋਈ ਨਾ ਹੋਣ। ਅਦਬ ਨਾਲ ਹਥ ਜੋੜ ਕੇ ਸ੍ਰੀ ਗੁਰੂ ਜੀ ਦੇ ਹਜ਼ੂਰ ਖੜੇ ਹੋਣ।

(ਹ) ਜੇ ਕਿਸੇ ਨੇ ਕੁਰਹਿਤ ਕਰਨ ਕਰਕੇ ਮੁੜ ਅੰਮ੍ਰਿਤ ਛਕਣਾ ਹੋਵੇ, ਤਾਂ ਉਸਨੂੰ

SikhBookClub.com

ਭੁਖਣਾ ਕਰਕੇ ਪੰਜ ਪਿਆਰੇ ਤਨਖਾਹ ਲਾ ਲੈਣ।

(ਕ) ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰਿਆਂ ਵਿਚੋਂ ਕੋਈ ਇਕ ਸਜਣ ਅੰਮ੍ਰਿਤ ਛਕਣ ਦੇ ਅਭਿਲਾਖੀਆਂ ਨੂੰ ਸਿਖ ਧਰਮ ਦੇ ਮੋਟੇ ੨ ਅਸੂਲ ਸਮਝਾਵੇ:- ਸਿਖ ਧਰਮ ਵਿਚ ਕਿਰਤਮ ਪੂਜਾ ਨੂੰ ਤਿਆਗਕੇ ਇਕ ਅਕਾਲ ਪੁਰਖ ਦੀ ਪ੍ਰੇਮਾ ਭਗਤੀ ਕਰਨੀ ਦਸੀ ਹੈ। ਇਸਦੀ ਪੂਰਣਤਾ ਲਈ ਗੁਰਬਾਣੀ ਦਾ ਅਭਿਆਸ, ਸਾਧ ਸੰਗਤ ਤੇ ਪੰਥ ਦੀ ਸੇਵਾ, ਉਪਕਾਰ ਤੇ ਨਾਮ ਦਾ ਪ੍ਰੇਮ ਮੁਖ ਸਾਧਨ ਹਨ, ਆਦਿ। ਕੀ ਤੁਸੀ ਇਸ ਧਰਮ ਨੂੰ ਖੁਸ਼ੀ ਨਾਲ ਕਬੂਲ ਕਰਦੇ ਹੋ?

(ਖ) ਹਾਂ ਦਾ ਜਵਾਬ ਆਉਣ ਤੇ ਪਿਆਰਿਆਂ ਵਿਚੋਂ ਇਕ ਸਜਣ ਅੰਮ੍ਰਿਤ ਦੀ ਤਿਆਰੀ ਦੀ ਅਰਦਾਸ ਕਰੇ। ਪੰਜ ਪਿਆਰੇ ਸੰਗਤ ਵਲੋਂ ਆਗਿਆ ਲੈਕੇ ਅੰਮ੍ਰਿਤ ਤਿਆਰ ਕਰਨ ਲਈ ਬਾਟੇ ਪਾਸ ਆ ਬੈਠਣ।

(ਗ) ਬਾਟਾ ਸਰਬ ਲੋਹ ਦਾ ਹੋਵੇ ਤੇ ਚੌਕੀ ਆਦਿ ਕਿਸੇ ਸ਼ੁਧ ਚੀਜ਼ ਪੁਰ ਰਖਿਆ ਹੋਵੇ।

(ਘ) ਬਾਟੇ ਵਿਚ ਸ਼ੁਧ ਜਲ ਤੇ ਪਤਾਸੇ ਪਾਏ ਜਾਣ, ਤੇ ਪੰਜ ਪਿਆਰੇ ਬਾਟੇ ਦੇ ਇਰਦ ਗਿਰਦ ਬੀਰ ਆਸਨ ਹੋਕੇ ਬੈਠ ਜਾਣ ਤੇ

(ਙ) ਇਕ ਇਕ ਕਰਕੇ ਇਨ੍ਹਾਂ ਬਾਣੀਆ ਦਾ ਪਾਠ ਕਰਨ:-

ਜਪੁ, ਜਾਪੁ, ੧੦ ਸਵੱਯੇ ("ਸ੍ਰਾਵਗ ਸੁਧ" ਵਾਲੇ), ਬੇਨਤੀ ਚੌਪਈ ("ਹਮਰੀ ਕਰੋ ਹਾਥ ਦੈ ਰੱਛਾ" ਤੋਂ ਲੈਕੇ "ਦੁਸਟ ਦੋਖ

SikhBookClub.com

ਜੈ ਲੋਹੁ ਖਰਾਬੀ ਤਕ), ਅਨੰਦ।

(ਚ) ਇਹ ਬਾਣੀਆਂ ਇਕ ਇਕ ਕਰਕੇ ਪ੍ਰਕਰਮਾ ਦੇ ਕ੍ਰਮ ਅਨੁਸਾਰ ਪੰਜ ਪਿਆਰੇ ਊਂਚੀ ਅਵਾਜ਼ ਨਾਲ ਪੜ੍ਹਨਾ।

(ਛ) ਹਰ ਇਕ ਪੜ੍ਹਨ ਵਾਲਾ ਖਬਾ ਹਥ ਬਾਟੇ ਦੇ ਕੰਢੇ ਤੇ ਧਰੇ ਤੇ ਦੂਜੇ ਹਥ ਨਾਲ ਖੰਡਾ ਜਲ ਵਿਚ ਫੇਰੀ ਜਾਵੇ। ਸੁਰਤ ਇਕਾਗਰ ਹੋਵੇ ਤੇ ਨੇਤ੍ਰਾਂ ਦਾ ਧਿਆਨ ਅੰਮ੍ਰਿਤ ਵਿਚ ਟਿਕੇ।

(ਜ) ਪਾਠ ਹੋਣ ਮਗਰੋਂ, ਪਿਆਰਿਆਂ ਵਿਚੋਂ ਕੋਈ ਇਕ ਅਰਦਾਸ ਕਰੇ।

(ਝ) ਉਪ੍ਰੰਤ ਇਕ ਇਕ ਕਰਕੇ ਪੰਜੇ ਪਿਆਰੇ ਅੰਮ੍ਰਿਤ ਛਕਣ ਵਾਲਿਆਂ ਨੂੰ ਮੂਲ ਮੰਤ੍ਰ ਸੁਣਾਵਣ ਤੇ ਉਨ੍ਹਾਂ ਪਾਸੋਂ ਇਹਦਾ ਰਟਨ ਕਰਾਵਣ:-੧ੳ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤ ਅਜੂਨੀ ਸੈਭੰ ਗੁਰਪ੍ਰਸਾਦਿ।

(ਞ) ਜਿਸ ਅਭਿਲਾਖੀ ਨੇ ਅੰਮ੍ਰਿਤ ਦੀ ਤਿਆਰੀ ਵੇਲੇ ਸਾਰੇ ਸੰਸਕਾਰ ਵਿਚ ਹਿਸਾ ਲਿਆ ਹੈ ਉਹੀ ਅੰਮ੍ਰਿਤ ਛਕਣ ਵਿਚ ਸ਼ਾਮਲ ਹੋ ਸਕਦਾ ਹੈ। ਅਧਵਾਟੇ ਆਉਣ ਵਾਲਾ ਨਹੀਂ ਹੋ ਸਕਦਾ।

(ਟ) ਹੁਣ ਸ੍ਰੀ ਕਲਗੀਧਰ ਦਸਮੇਸ਼ ਪਿਤਾ ਦਾ ਧਿਆਨ ਧਰਕੇ ਹਰ ਇਕ ਅੰਮ੍ਰਿਤ ਛਕਣ ਵਾਲੇ ਨੂੰ ਬੀਰ ਆਸਨ ਕਰਾਕੇ ਉਸਦੇ ਖਬੇ ਹਥ ਉਪਰ ਸਜਾ [illegible] ਰਖਾਕੇ ਪੰਜ ਚੁਲੇ ਅੰਮ੍ਰਿਤ ਦੇ ਛਕਾਏ [illegible] ਅਤੇ ਹਰ ਚੁਲੇ ਨਾਲ ਇਹ ਕਿਹਾ ਜਾਵੇ-

ਬੋਲ [illegible]ਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ [illegible] ਤਹ। ਛਕਣ ਵਾਲਾ ਛਕਕੇ ਕਹੇ, 'ਵਾਹਿਗੁ[illegible] ਖਾਲਸਾ,

SikhBookClub.com

ਵਾਹਿਗੁਰੂ ਜੀ ਕੀ ਫ਼ਤਹ' ; ਫੇਰ ਪੰਜ ਛੱਟੇ ਅੰਮ੍ਰਿਤ ਦੇ ਨੇਤ੍ਰਾਂ ਪਰ ਲਾਏ ਜਾਣ, ਫਿਰ ਪੰਜ ਛੱਟੇ ਕੇਸਾਂ ਵਿਚ ਪਾਏ ਜਾਣ। ਹਰ ਛਟ ਲਾਣ ਛੱਡਣ ਵਾਲਾ ਛਕਾਉਣ ਵਾਲੇ ਦੇ ਪਿਛੇ ਪਿਛੇ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ' ਗਜਾਈ ਜਾਵੇ। ਜੋ ਅੰਮ੍ਰਿਤ ਬਾਕੀ ਰਹੇ, ਉਸ ਨੂੰ ਉਸੇ ਇਕੋ ਬਾਟੇ ਵਿਚ ਸਾਰੇ ਅੰਮ੍ਰਿਤ ਛਕਣ ਵਾਲੇ (ਸਿਖ ਤੇ ਸਿਖਣੀਆਂ) ਰਲ ਕੇ ਛਕਣ।

(ਠ) ਫਿਰ ਪੰਜਾਂ ਪਿਆਰਿਆਂ ਵਿਚੋਂ ਕੋਈ ਸੱਜਣ ਰਹਿਤ ਦਸੇ:-

ਅਜ ਤੋਂ ਤੁਸੀ "ਸਤਿਗੁਰ ਕੈ ਜਨਮੇ ਗਵਨੁ ਮਿਟਾਇਆ" ਹੈ ਅਤੇ ਖਾਲਸਾ ਪੰਥ ਵਿਚ ਸ਼ਾਮਲ ਹੋਏ ਹੋ। ਤੁਹਾਡਾ ਧਾਰਮਕ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਧਾਰਮਕ ਮਾਤਾ ਸਾਹਿਬ ਕੌਰ ਜੀ ਹਨ, ਜਨਮ ਆਪਣਾ ਕੇਸ ਗੜ੍ਹ ਸਾਹਿਬ ਦਾ ਤੇ ਵਾਸੀ ਅਨੰਦਪੁਰ ਸਾਹਿਬ ਦੀ ਹੈ। ਤੁਸੀ ਇਕ ਪਿਤਾ ਦੇ ਪੁਤਰ ਹੋਣ ਕਰਕੇ ਆਪਸ ਵਿਚ ਤੇ ਹੋਰ ਸਾਰੇ ਅੰਮ੍ਰਿਤਧਾਰੀਆਂ ਦੇ ਧਾਰਮਕ ਭਰਾਤਾ ਹੋ। ਤੁਸੀ ਪਿਛਲੀ ਕੁਲ ਕ੍ਰਿਤ ਕਰਮ ਧਰਮ ਦਾ ਅਭਾਵ ਕਰਕੇ ਅਰਥਾਤ ਪਿਛਲੀ ਜਾਤ ਪਾਤ, ਜਨਮ, ਦੇਸ, ਮਜ਼ਹਬ ਦਾ ਖਿਆਲ ਤਕ ਛਡਕੇ ਨਿਰੋਲ ਖਾਲਸਾ ਬਣ ਗਏ ਹੋ। ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ ਦੇਵਤੇ ਅਵਤਾਰ ਪੈਗੰਬਰ ਦੀ ਉਪਾਸਨਾ ਨਹੀਂ ਕਰਨੀ। ਦਸੋਂ ਗੁਰੂ ਸਾਹਿਬਾਨ ਤੇ ਉਨ੍ਹਾਂ ਦੀ ਬਾਣੀ ਤੋਂ ਬਿਨਾ ਕਿਸੇ ਹੋਰ ਨੂੰ ਆਪਣਾ ਮੁਕਤੀ ਦਾਤਾ ਨਹੀਂ ਮੰਨਣਾ। ਤੁਸੀ ਗੁਰਮੁਖੀ ਜਾਣਦੇ ਹੋ (ਜੇ ਨਹੀਂ ਜਾਣਦੇ ਤਾਂ ਸਿਖਣੀ

SikhBookClub.com

ਅਤੇ ਹੋਰ ਰੋਜ਼ ਘਟ ਤੋਂ ਘਟ ਇਨ੍ਹਾਂ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ:-ਜਪੁ, ਜਾਪੁ, ੧੦ ਸਵਯੇ, ਰਹਰਾਸ, ਸੋਹਿਲਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਜਾਂ ਸੁਣਨਾ, ਪੰਜਾਂ ਕਕਿਆਂ-ਕੇਸ, ਕੰਘਾ, ਕੜਾ, ਕਛ, ਕ੍ਰਿਪਾਣ-ਨੂੰ ਹਰ ਵੇਲੇ ਅੰਗ ਸੰਗ ਰਖਣਾ।

ਇਹ ਚਾਰ ਕੁਰਹਿਤਾਂ ਨਹੀਂ ਕਰਨੀਆਂ:- (੧) ਕੇਸਾਂ ਦੀ ਬੇਅਦਬੀ (੨) ਕੁਠਾ ਖਾਣਾ, (੩) ਪਰ ਇਸਤ੍ਰੀ ਦਾ ਭੋਗਣਾ (੪) ਤਮਾਕੂ ਦਾ ਵਰਤਣਾ। ਇਨ੍ਹਾਂ ਵਿਚੋਂ ਕੋਈ ਕੁਰਹਿਤ ਹੋਜਾਵੇ ਤਾਂ ਮੁੜਕੇ ਅੰਮ੍ਰਿਤ ਛਕਣਾ ਪਏਗਾ। ਮੀਣੇ, ਮਸੰਦ, ਧੀਰਮਲੀਏ, ਰਾਮ ਰਾਈਏ ਜਾਂ ਹੋਰ ਪੰਥ ਵਿਰੋਧੀਆਂ ਨਾਲ ਨਹੀਂ ਵਰਤਣਾ। ਸਿਰਗੁਮ ਨੜੀਮਾਰ ਕੁੜੀਮਾਰ (ਜੋ ਸਿਖ ਹੋਕੇ ਇਹ ਕੰਮ ਕਰਨ) ਦਾ ਸੰਗ ਨਹੀਂ ਕਰਨਾ। ਪੰਥ ਸੇਵਾ ਤੇ ਗੁਰਦੁਆਰਿਆਂ ਦੀ ਟਹਿਲ ਵਿਚ ਤਤਪਰ ਰਹਿਣਾ। ਆਪਣੀ ਕਮਾਈ ਵਿਚੋਂ ਗੁਰੂ ਕਾ ਦਸਵੰਧ ਦੇਣਾ; ਸਾਰੇ ਕੰਮ ਗੁਰਮਤ ਅਨੁਸਾਰ ਕਰਨੇ।

ਖਾਲਸਾ ਧਰਮ ਦੇ ਨਿਯਮਾਂ ਅਨੁਸਾਰ ਜਥੇਬੰਦੀ ਵਿਚ ਇਕ ਸੂਤ ਪਰੋਏ ਰਹਿਣਾ। ਕੋਈ ਰਹਿਤ ਵਿਚ ਭੁਲ ਹੋ ਜਾਵੇ ਤਾਂ ਖਾਲਸੇ ਦੇ ਦੀਵਾਨ ਵਿਚ ਹਾਜ਼ਰ ਹੋਕੇ ਬੇਨਤੀ ਕਰਕੇ ਤਨਖਾਹ ਬਖਸ਼ਾਉਣੀ। ਅਗੋ ਲਈ ਸਾਵਧਾਨ ਰਹਿਣਾ।

(ਙ) ਤਨਖਾਹੀਏ ਇਹ ਹਨ:-

੧. ਮੀਣੇ, ਮਸੰਦ ਧੀਰਮਲੀਏ, ਰਾਮ ਰਾਈਏ ਆਦਕ ਪੰਥ ਵਿਰੋਧੀਆਂ ਨਾਲ ਜਾਂ ਨੜੀ ਮਾਰ, ਕੁੜੀਮਾਰ, ਸਿਰ ਗੁਮ ਨਾਲ

SikhBookClub.com

ਵਰਤਣ ਵਾਲਾ ਨਸ਼ਈਆਂ ਦਾ ਸਾਥੀ ਹੈ।*

੨. ਸਿਰ-ਮੁੰਡੀਏ ਜਾਂ ਪਤਿਤ ਦਾ ਜੂਠਾ ਖਾਣ ਵਾਲਾ।

੩. ਦਾਹੜਾ ਰੰਗਣ ਵਾਲਾ, ਸਿਰੋਂ ਕੁਤਰਣ ਵਾਲਾ।

੪. ਕੁੜੀ ਵੇਚ, ਮੁੰਡੇ ਵੇਚ।

੫. ਕੋਈ ਨਸ਼ਾ (ਭੰਗ, ਅਫੀਮ, ਸ਼ਰਾਬ, ਪੋਸਤ, ਕੁਕੀਨ, ਆਦਿਕ) ਵਰਤਣ ਵਾਲਾ।

੬. ਗੁਰਮਤ ਤੋਂ ਵਿਰੁਧ ਕੋਈ ਸੰਸਕਾਰ ਕਰਨ ਕਰਾਣ ਵਾਲਾ।

੭. ਸਰਵਰ ਆਦਿ ਦੀ ਸ਼ੀਰਣੀ, ਦੇਵੀ ਦੇਵਤੇ ਦਾ ਪਰਸ਼ਾਦ ਖਾਣ ਵਾਲਾ।

੮. ਝੂਠ ਬੋਲਣ ਵਾਲਾ, ਠਗ, ਜਵਾਰੀਆ, ਚੋਰ ਆਦਿ ਕੁਕਰਮੀ।

੯. ਰਹਿਤ ਵਿਚ ਕੋਈ ਭੁਲ ਕਰਨ ਵਾਲਾ

(ਢ) ਇਹ ਸਿਖਿਆ ਦੇਣ ਤੋਂ ਉਪ੍ਰੰਤ ਪੰਜਾਂ ਪਿਆਰਿਆਂ ਵਿਚੋਂ ਕੋਈ ਸਜਣ ਅਰਦਾਸਾ ਕਰੇ।

(ਣ) ਫਿਰ ਤਾਬੇ ਬੈਠਾ ਸਿੰਘ ਅਵਾਜ਼ਾ ਲਵੇ। ਜਿਨ੍ਹਾਂ ਨੇ ਅੰਮ੍ਰਿਤ ਛਕਿਆ ਹੈ, ਉਨ੍ਹਾਂ ਵਿਚੋਂ ਜੇ ਕਿਸੇ ਦਾ ਨਾਮ ਅਗੇ ਗੁਰੂ ਸਾਹਿਬ ਜੀ ਤੋਂ ਨਹੀਂ ਸੀ ਰਖਿਆ ਹੋਇਆ, ਉਸਦਾ ਨਾਮ ਹੁਣ ਬਦਲਾ ਕੇ ਰਖਿਆ ਜਾਵੇ।

(ਤ) ਅੰਤ ਕੜਾਹ ਪ੍ਰਸ਼ਾਦ ਵਰਤੇ। ਅੰਮ੍ਰਿਤ ਛਕੇ ਸਾਰੇ ਸਿੰਘ ਤੇ ਸਿੰਘਣੀਆਂ ਇਕੋ ਬਾਟੇ ਵਿਚੋਂ ਕੜਾਹ ਪ੍ਰਸ਼ਾਦ ਰਲ ਕੇ ਛਕਣ।

---

*ਗੁਰੂ ਸਾਹਿਬ ਦਾ ਭਾਵ ਪੰਥ ਨੂੰ ਇਕ ਨਰੋਆ ਰਖਣ ਦਾ ਸੀ। ਤਾਕਿ ਵਖਰੇ ਵਖਰੇ ਦੁਨਿਆਵੀ ਦੇ ਅੰਦਰ ਜਾਂ ਮਿਲ ਰਹਿਣਾ ਸਿਖੀ ਦੇ ਅੰਗ ਨਾ ਬਣਨ।

SikhBookClub.com

੩.-ਤਨਖਾਹ ਲਾਉਣ ਦੀ ਵਿਧੀ

(ੳ) ਜਿਸ ਕਿਸੇ ਸਿਖ ਪਾਸੋਂ ਕੋਈ ਤਨਖਾਹ ਹੋ ਜਾਵੇ, ਤਾਂ ਉਹ ਨੇੜੇ ਦੀ ਗੁਰ ਸੰਗਤ ਪਾਸ ਹਾਜ਼ਰ ਹੋਵੇ ਅਤੇ ਜੋੜਿਆਂ ਵਿਚ ਖੜੋ ਕੇ ਆਪਣੀ ਭੁਲ ਮੰਨੇ।

(ਅ) ਗੁਰਸੰਗਤ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜ ਪਿਆਰੇ ਚੁਣੇ ਜਾਣ, ਜੋ ਪੇਸ਼ ਹੋਏ ਸਜਣ ਦੀ ਭੁਲ ਨੂੰ ਵਿਚਾਰ ਕੇ ਗੁਰਸੰਗਤ ਪਾਸ ਤਨਖਾਹ (ਡੰਡ) ਤਜਵੀਜ਼ ਕਰਨ।

(ੲ) ਸੰਗਤ ਨੂੰ ਬਖਸ਼ਨ ਵੇਲੇ ਹਠ ਨਹੀਂ ਕਰਨਾ ਚਾਹੀਦਾ। ਨਾਹੀਂ ਤਨਖਾਹ ਲੁਆਣ ਵਾਲੇ ਨੂੰ ਡੰਡ ਭਰਨ ਵਿਚ ਅੜੀ ਕਰਨੀ ਚਾਹੀਦੀ ਹੈ।

(ਸ) ਅੰਤ ਸੋਧ ਦੀ ਅਰਦਾਸ ਹੋਵੇ।

੪.-ਗੁਰਮਤਾ ਕਰਨ ਦੀ ਵਿਧੀ

(ੳ) ਗੁਰਮਤਾ ਕੇਵਲ ਉਨ੍ਹਾਂ ਸਵਾਲਾਂ ਉਤੇ ਹੀ ਹੋ ਸਕਦਾ ਹੈ, ਜੋ ਸਿਖ ਧਰਮ ਦੇ ਮੁਢਲੇ ਅਸੂਲਾਂ ਬਾਬਤ ਹੋਣ, ਅਰਥਾਤ ਗੁਰੂ ਸਾਹਿਬਾਨ ਜਾਂ ਗੁਰੂ ਗ੍ਰੰਥ ਸਾਹਿਬ ਦੀ ਪਦਵੀ, ਬੀੜਦੀ ਨਿਰੋਲਤਾ, ਅੰਮ੍ਰਿਤ, ਰਹਿਤ, ਕੁਰਹਿਤ, ਪੰਥ ਦੀ ਬਣਾਵਟ, ਆਦਿ, ਬਾਬਤ। ਹੋਰ ਕਿਸੇ ਕਿਸਮ ਦੇ ਸਧਾਰਣ (ਧਾਰਮਕ, ਵਿਦਿਅਕ, ਸਮਾਜਕ, ਪਲੀਟੀਕਲ) ਸਵਾਲ ਉਤੇ ਕੇਵਲ ਮਤਾ ਹੋ ਸਕਦਾ ਹੈ।

(ਅ) ਇਹ ਗੁਰਮਤਾ ਪੰਥ ਦਾ ਕੇਵਲ ਇਕ ਸੰਪੂਰਨ ਜਥਾ ਜੋ ਤਿਆਰ ਬਰਤਿਆਰ ਅੰਮ੍ਰਿਤਧਾਰੀਆਂ ਦਾ ਹੋਵੇ ਕਰ ਸਕਦਾ ਹੈ।

(ੲ) ਜਦ ਗੁਰਮਤਾ ਕਰਨਾ ਹੋਵੇ ਤਾਂ "ਸ੍ਰੀ ਅਕਾਲ ਤਖਤ" ਤੇ ਸ੍ਰੀ ਗੁਰੂ ਗ੍ਰੰਥ

SikhBookClub.com

ਸਾਹਿਬ ਦੇ ਦਸਤੂਰ ਉਤੇ ਦਸ ਸੈਂਟ੍ਰਲ ਪੰਥਕ ਜਥੇ ਦਾ ਇਕਠ ਹੋਵੇ। ਉਸ ਵਿਚ ਪੰਜ ਪਿਆਰੇ ਚੁਣੇ ਜਾਣ। ਹਰ ਇਕ ਗੁਰਮਤਾ ਪੰਜ ਪਿਆਰਿਆਂ ਵਲੋਂ ਪੇਸ਼ ਹੋਵੇ। ਪੇਸ਼ ਹੋਣ ਉਤੇ ਵਿਚਾਰ ਹੋਵੇ। ਫਿਰ ਰਾਵਾਂ ਲਈਆਂ ਜਾਣ। ਪਾਸ ਹੋਣ ਤੇ ਸਾਰੇ ਪੰਥ ਵਲ ਹੁਕਮਨਾਮੇ ਦੇ ਤੌਰ ਤੇ ਭੇਜਿਆ ਜਾਵੇ।

੫–ਸਥਾਨਕ ਫੈਸਲਿਆਂ ਦੀ ਅਪੀਲ

(ੳ) ਸਥਾਨਕ ਗੁਰ ਸੰਗਤ ਦੇ ਫੈਸਲਿਆਂ ਦੀ ਅਪੀਲ ਅਕਾਲ ਤਖਤ ਪਾਸ ਹੋ ਸਕਦੀ ਹੈ ਇਸ ਕੰਮ ਲਈ ਅਕਾਲ ਤਖਤ ਦੇ ਪੰਜ ਪਿਆਰੇ ਇਹ ਹੋਣ:-ਜਥੇਦਾਰ ਸ੍ਰੀ ਅਕਾਲ ਤਖਤ ਤੇ ਚਾਰ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਦੇ।

(ਅ) ਇਨ੍ਹਾਂ ਦੀ ਚੋਣ ਇਸ ਤ੍ਰਾਂ ਹੋਵੇ:- ਸਥਾਨਕ ਗੁਰ ਸੰਗਤਾਂ ਇਨ੍ਹਾਂ ਪਦਵੀਆਂ ਲਈ ਨਾਮ ਪੇਸ਼ ਕਰਨ। ਫਿਰ ਉਹੋ ਗੁਰ ਸੰਗਤਾਂ ਵੋਟਾਂ ਦੇ ਕੇ ਚੁਣਨ। ਜੇ ਇਨ੍ਹਾਂ ਵਿਚੋਂ ਕਿਸੇ ਨੂੰ ਹਟਾਣਾ ਹੋਵੇ। ਤਾਂ ਗੁਰ ਸੰਗਤਾਂ ਦੀ ਬਹੁਸੰਮਤੀ ਵਲੋਂ ਮੰਗ ਆਵੇ ਕਿ ਫਲਾਣੇ ਨੂੰ ਹਟਾਇਆ ਜਾਵੇ। ਫਿਰ ਇਸ ਉਤੇ ਸੈਂਟ੍ਰਲ ਜਥੇ ਦੀ ਵਿਚਾਰ ਹੋਵੇ।

ਭੇਜਾ ਸਿੰਘ

SikhBookClub.com

ਕਾਰਰਵਾਈ ਜਨਰਲ ਸਮਾਗਮ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ !

ਸ਼੍ਰੋਮਣੀ ਗੁ: ਪ੍ਰ: ਕਮੇਟੀ ਦਾ ਉਚੇਚਾ ਜਨਰਲ ਸਮਾਗਮ ੩੦ ਦਸੰਬਰ ੧੯੩੩ ਮੁਤਾਬਿਕ ੧੬ ਪੋਹ ੪੬੫ ਨਾ: ਸ਼ਨਿਚਰਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸਰਦਾਰ ਪ੍ਰਤਾਪ ਸਿੰਘ ਜੀ ਸ਼ੰਕਰ ਦੀ ਪ੍ਰਧਾਨਗੀ ਹੇਠ ਦਿਨ ਦੇ ਤਕਰੀਬਨ ੧ ਬਜੇ ਆਰੰਭ ਹੋਇਆ। ਹੇਠ ਲਿਖੇ ਸਜਣਾਂ ਨੇ ਦਰਸ਼ਨ ਦਿਤੇ:-

(ੳ) ਮੈਂਬਰ ਸ਼੍ਰੋ: ਗੁ: ਪ੍ਰ: ਕਮੇਟੀ

ਜ਼ਿਲਾ ਹਿਸਾਰ

੧. ਸ: ਮੇਹਰ ਸਿੰਘ ਜੀ।
੨. ,, ਕਿਸ਼ਨ ਸਿੰਘ ਜੀ।

ਜ਼ਿਲਾ ਅੰਬਾਲਾ

੩. ਸ: ਬਚਨ ਸਿੰਘ ਜੀ।
੪. ,, ਅਜੀਤ ਸਿੰਘ ਜੀ।

ਜ਼ਿਲਾ ਕਾਂਗੜਾ ਤੇ ਹੁਸ਼ਿਆਰ ਪੁਰ

੫. ਸ: ਵਲੀ ਸਿੰਘ ਜੀ।
੬. ,, ਠੇਹਲਾ ਸਿੰਘ ਜੀ।
੭. ,, ਦਲੀਪ ਸਿੰਘ ਜੀ।
੮. ,, ਬਤਨ ਸਿੰਘ ਜੀ।
੯. ,, ਮਾਲਾ ਸਿੰਘ ਜੀ।

ਜ਼ਿਲਾ ਜਲੰਧਰ

੧੦. ਸ: ਝੇਲਾ ਸਿੰਘ ਜੀ।
੧੧. ,, ਨਰਿੰਦਰ ਸਿੰਘ ਜੀ
੧੨. ,, ਲਾਭ ਸਿੰਘ ਜੀ।
੧੩. ,, ਚੰਮਣ ਸਿੰਘ ਜੀ।
੧੪. ,, ਰਛਪਾਲ ਸਿੰਘ ਜੀ।
੧੫. ,, ਬਖਸ਼ੀਸ਼ ਸਿੰਘ ਜੀ।
੧੬. ਸ: ਬਲਵੰਤ ਸਿੰਘ ਜੀ।

ਜ਼ਿਲਾ ਲੁਧਿਆਣਾ

੧੭. ਸ: ਰਾਮ ਸਿੰਘ ਜੀ।
੧੮. ,, ਹਰਦਿਤ ਸਿੰਘ ਜੀ।
੧੯. ,, ਸੁੰਦਰ ਸਿੰਘ ਜੀ।
੨੦. ,, ਲਾਲ ਸਿੰਘ ਜੀ।
੨੧. ,, ਗੁਰਨਾਮ ਸਿੰਘ ਜੀ।
੨੨. ,, ਅਲਬੇਲ ਸਿੰਘ ਜੀ।
੨੩. ,, ਮੰਗਲ ਸਿੰਘ ਜੀ।
੨੪. ,, ਸੁਖਦੇਵ ਸਿੰਘ ਜੀ।

ਜ਼ਿਲਾ ਫ਼ੀਰੋਜ਼ਪੁਰ

੨੫. ਸ: ਨਰਿੰਜਨ ਸਿੰਘ ਜੀ।
੨੬. ਗਿ: ਸ਼ੇਰ ਸਿੰਘ ਜੀ।
੨੭. ਸ: ਦੇਵ ਸਿੰਘ ਜੀ।
੨੮. ,, ਟਹਿਲ ਸਿੰਘ ਜੀ।
੨੯. ,, ਹੀਰਾ ਸਿੰਘ ਜੀ।
੩੦. ,, ਈਸ਼ਰ ਸਿੰਘ ਜੀ।
੩੧. ,, ਕੂੜਾ ਸਿੰਘ ਜੀ।
੩੨. ,, ਦਰਬਾਰਾ ਸਿੰਘ ਜੀ।
੩੩. ,, ਈਸ਼ਰ ਸਿੰਘ ਜੀ।

SikhBookClub.com

ਜ਼ਿਲਾ ਲਾਹੌਰ

੩੪. ਸ: ਹਰਨਾਮ ਸਿੰਘ ਜੀ।
੩੫. ,, ਆਸਾ ਸਿੰਘ ਜੀ।
੩੬. ,, ਵਰਿਆਮ ਸਿੰਘ ਜੀ 'ਬੁਤ'।
੩੭. ,, ਜਗਤ ਸਿੰਘ ਜੀ।
੩੮. ,, ਤੇਜਾ ਸਿੰਘ ਜੀ।
੩੯. ,, ਲਛਮਣ ਸਿੰਘ ਜੀ।
੪੦. ,, ਓਨਣ ਸਿੰਘ ਜੀ।

ਜ਼ਿਲਾ ਅੰਮ੍ਰਿਤਸਰ

੪੧. ਸ: ਮੱਘਰ ਸਿੰਘ ਜੀ।
੪੨. ,, ਰੂੜ ਸਿੰਘ ਜੀ।
੪੩. ,, ਜਗਤ ਸਿੰਘ ਜੀ।
੪੪. ,, ਸਰਮੁਖ ਸਿੰਘ ਜੀ 'ਚਮਕ'।
੪੫. ,, ਸੁੰਦਰ ਸਿੰਘ ਜੀ।
੪੬. ,, ਗੁਰਬਖ਼ਸ਼ ਸਿੰਘ ਜੀ।
੪੭. ,, ਕਰਤਾਰ ਸਿੰਘ ਜੀ।
੪੮. ਭਾਈ ਮੋਹਨ ਸਿੰਘ ਜੀ ਵੈਦ।
੪੯. ,, ਜਸਵੰਤ ਸਿੰਘ ਜੀ ਵਕੀਲ।
੫੦. ਸ: ਪ੍ਰਤਾਪ ਸਿੰਘ ਜੀ।

ਜ਼ਿਲਾ ਗੁਰਦਾਸ ਪੁਰ

੫੧. ਸ: ਭਾਗ ਸਿੰਘ ਜੀ ਵਕੀਲ।
੫੨. ,, ਸ਼ਿਵ ਸਿੰਘ ਜੀ।
੫੩. ,, ਗੁਰਦਿਤ ਸਿੰਘ ਜੀ।
੫੪. ,, ਤੇਜਾ ਸਿੰਘ ਜੀ ਅੱਕਰਪੁਰੀ।
੫੫. ,, ਮੋਹਰ ਸਿੰਘ ਜੀ।

ਜ਼ਿਲਾ ਸਿਆਲਕੋਟ

੫੬. ਸ: ਸੁੰਦਰ ਸਿੰਘ ਜੀ ਰਸਾਲਦਾਰ।
੫੭. ,, ਬਲਵੰਤ ਸਿੰਘ ਜੀ।
੫੮. ਸ: ਗੁਰਬਖ਼ਸ਼ ਸਿੰਘ ਜੀ।
੫੯. ,, ਗੁਰਚਰਨ ਸਿੰਘ ਜੀ ਵਕੀਲ।

ਜ਼ਿਲਾ ਗੁਜਰਾਂਵਾਲਾ

੬੦. ਸ: ਅਵਤਾਰ ਸਿੰਘ ਜੀ ਬੈਰਿਸਟਰ।
੬੧. ,, ਸ: ਤਾਰਾ ਸਿੰਘ ਜੀ।

ਜ਼ਿਲਾ ਸ਼ੇਖ਼ੂਪੁਰਾ

੬੨. ਭਾਈ ਕਰਤਾਰ ਸਿੰਘ ਜੀ ਝੱਬਰ।
੬੩. ਸ: ਰਾਮ ਸਿੰਘ ਜੀ।
੬੪. ,, ਗਹਿਣਾ ਸਿੰਘ ਜੀ।

ਜ਼ਿਲਾ ਗੁਜਰਾਤ

੬੫. ਸ: ਜਗਤ ਸਿੰਘ ਜੀ ਵਾਸੂ।

ਜ਼ਿਲਾ ਸ਼ਾਹ ਪੁਰ

੬੬. ਸ: ਲਾਭ ਸਿੰਘ ਜੀ।
੬੭. ,, ਬਲਬੀਰ ਸਿੰਘ ਜੀ ਵਕੀਲ।

ਜ਼ਿਲਾ ਰਾਵਲਪਿੰਡੀ

੬੮. ਸ: ਬਲਵੰਤ ਸਿੰਘ ਜੀ।
੬੯. ,, ਗੁਪਾਲ ਸਿੰਘ ਜੀ।

ਜ਼ਿਲਾ ਮਿੰਟਗੁਮਰੀ

੭੦. ਸ: ਸਤਵੰਤ ਸਿੰਘ ਜੀ।
੭੧. ,, ਮੱਲ ਸਿੰਘ ਜੀ।
੭੨. ,, ਸ਼ੇਰ ਸਿੰਘ ਜੀ।

ਜ਼ਿਲਾ ਲਾਇਲਪੁਰ

੭੩. ਸ: ਪਸ਼ੌਰਾ ਸਿੰਘ ਜੀ।
੭੪. ,, ਗੁਪਾਲ ਸਿੰਘ ਜੀ।
੭੫. ,, ਦੀਦਾਰ ਸਿੰਘ ਜੀ।
੭੬. ,, ਉਜਾਗਰ ਸਿੰਘ ਜੀ।
੭੭. ,, ਜਵਾਲਾ ਸਿੰਘ ਜੀ।

SikhBookClub.com

੭੮. ਸ: ਤਾਰਾ ਸਿੰਘ ਜੀ।
੭੯. ,, ਦਲਜੀਤ ਸਿੰਘ ਜੀ।

ਜ਼ਿਲਾ ਮੁਜ਼ੱਫ਼ਰ ਗੜ੍ਹ ਤੇ ਡੇਰਾ ਇਸਮਾਈਲ ਖਾਂ

੮੦. ਸ: ਅਜਾਇਬ ਸਿੰਘ ਜੀ।

ਹੈਡ ਮਨਿਸਟਰਜ਼

੮੧. ਭਾਈ ਸਾਹਿਬ ਕਰਤਾਰ ਸਿੰਘ ਜੀ ਸ੍ਰੀ ਦਰਬਾਰ ਸਾਹਿਬ।
੮੨. ਭਾਈ ਮੋਹਣ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ।
੮੩. ਜਥੇਦਾਰ ਪ੍ਰਤਾਪ ਸਿੰਘ ਜੀ ਤਖ਼ਤ ਸ੍ਰੀ ਕੇਸ ਗੜ੍ਹ ਜੀ।

ਰਿਆਸਤ ਪਟਿਆਲਾ

੮੪. ਸ: ਆਤਮਾ ਸਿੰਘ ਜੀ।

ਨਾਮਜ਼ਦ ਮੈਂਬਰ

੮੫. ਸ: ਅਮਰ ਸਿੰਘ ਜੀ।
੮੬. ,, ਤਾਰਾ ਸਿੰਘ ਜੀ।
੮੭. ,, ਪ੍ਰਤਾਪ ਸਿੰਘ ਜੀ।
੮੮. ਪ੍ਰੋ: ਗੰਗਾ ਸਿੰਘ ਜੀ।
੮੯. ਸ: ਨਰੈਣ ਸਿੰਘ ਜੀ।
੯੦. ਭਾਈ ਪਿਆਰਾ ਸਿੰਘ ਜੀ
੯੧. ਸ: ਅਮਰ ਸਿੰਘ ਜੀ।

(ਅ) ਹੋਰ ਜਥਿਆਂ ਵਲੋਂ ਸ਼ਾਮਲ ਹੋਏ ਪ੍ਰਤੀਨਿਧ!

ਖਾਲਸਾ ਦੀਵਾਨ ਬਾਰ

੯੨. ਭਾ: ਰਣਜੀਤ ਸਿੰਘ ਜੀ।
੯੩. ,, ਇੰਦਰ ਸਿੰਘ ਜੀ।
੯੪. ਸ: ਸਰਦੂਲ ਸਿੰਘ ਜੀ।

ਗੜ੍ਹਗੱਜ ਅਕਾਲੀ ਦੀਵਾਨ

੯੫. ਭਾਈ ਤੇਜਾ ਸਿੰਘ ਜੀ।
੯੬. ,, ਲਾਭ ਸਿੰਘ ਜੀ।
੯੭. ,, ਲਛਮਣ ਸਿੰਘ ਜੀ।
੯੮. ,, ਮੋਹਰ ਸਿੰਘ ਜੀ।

ਸੈਂਟਰਲ ਮਾਝਾ ਦੀਵਾਨ

੯੯. ਸ: ਤ੍ਰਲੋਚਨ ਸਿੰਘ ਜੀ।
੧੦੦. ਸ: ਕ੍ਰਿਪਾਲ ਸਿੰਘ ਜੀ।

ਗੁਰੂ ਨਾਨਕ ਖ਼ਾਲਸਾ ਕਾਲਜ ਗੁਜਰਾਂਵਾਲਾ

੧੦੧. ਸ: ਨਰੈਣ ਸਿੰਘ ਜੀ।

ਖ਼ਾਲਸਾ ਕਾਲਜ ਅੰਮ੍ਰਿਤਸਰ

੧੦੨. ਸ: ਗੰਗਾ ਸਿੰਘ ਜੀ ਕੰਵਲ।
੧੦੩. ਪ੍ਰੋ: ਤੇਜਾ ਸਿੰਘ ਜੀ।

ਉਦਾਸੀਨ ਮਹਾਂ ਮੰਡਲ

੧੦੪. ਸਵਾਮੀ ਰਾਜ ਕੁਮਾਰ ਤੀਰਥ ਐਡੀਟਰ 'ਮਹਾਤਮਾ ਸਮਾਚਾਰ' ਅੰਮ੍ਰਿਤਸਰ।

ਖ਼ਾਲਸਾ ਬਰਾਦਰੀ ਅੰਮ੍ਰਿਤਸਰ

੧੦੫. ਸ: ਲਖਾ ਸਿੰਘ ਜੀ।

ਸ਼੍ਰੋਮਣੀ ਖ਼ਾਲਸਾ ਮਾਲਵਾ ਦੀਵਾਨ

੧੦੬. ਭਾਈ ਮਹਿੰਦਰ ਸਿੰਘ ਜੀ।
੧੦੭. ਭਾਈ ਜਗਜੀਤ ਸਿੰਘ ਜੀ।
੧੦੮. ,, ਬਚਿਤ੍ਰ ਸਿੰਘ ਜੀ।

ਖ਼ਾਲਸਾ ਯੂਥ ਲੀਗ

੧੦੯. ਸ: ਜਗਜੀਤ ਸਿੰਘ ਜੀ ਫ਼ੀਰੋਜ਼ਪੁਰ

SikhBookClub.com

ਸ਼੍ਰੋਮਣੀ ਰਾਧਾ ਸਵਾਮੀ ਮਤ ਵਿਚਾਰਨੀ ਸਭਾ

੧੧੦. ਗਿ: ਹਰਭਜਨ ਸਿੰਘ ਜੀ।
੧੧੧. ,, ਭਗਤ ਸਿੰਘ ਜੀ।

(ੲ) ਹੋਰ ਪ੍ਰਤਿਸ਼ਠਤ ਸਜਣ

੧੧੨. ਗਿ: ਸਾਹਿਬ ਸਿੰਘ ਜੀ ਧਮਧਾਨ।
੧੧੩. ਸ: ਉਜਾਗਰ ਸਿੰਘ ਜੀ।
੧੧੪. ,, ਜਗਤ ਸਿੰਘ ਜੀ ਮੋਗਾ।
੧੧੫. ਭਾਈ ਅਮਰੀਕ ਸਿੰਘ ਜੀ ਚੂਨੇ ਵਾਲਾ, ਗੁਜਰਾਂਵਾਲਾ।
੧੧੬. ਭਾਈ ਅਮਰ ਸਿੰਘ ਜੀ 'ਖ਼ਾਲਸਾ'।
੧੧੭. ਸ: ਸਾਹਿਬ ਸਿੰਘ ਜੀ ਖਾ: ਕਾਲਜ।
੧੧੮. ਪ੍ਰੋ: ਸ਼ੇਰ ਸਿੰਘ ਜੀ ਪਸਰੂਰ।

(ਸ) ਰਹੁ ਰੀਤੀ ਕਮੇਟੀ ਦੇ ਮੈਂਬਰ

੧੧੯. ਗਿ: ਠਾਕਰ ਸਿੰਘ ਜੀ ਅੰਮ੍ਰਿਤਸਰ।
੧੨੦. ਭਾਈ ਕਾਹਨ ਸਿੰਘ ਜੀ ਨਾਭਾ।
੧੨੧. ਭਾਈ ਸਾਹਿਬ ਲਾਭ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ।
੧੨੨. ਬਾਵਾ ਹਰਕਿਸ਼ਨ ਸਿੰਘ ਜੀ ਪ੍ਰਿੰਸੀਪਲ, ਗੁ: ਨਾ: ਖਾ: ਕਾ: ਗੁਜਰਾਂਵਾਲਾ
੧੨੩. ਪ੍ਰੋ: ਜੋਧ ਸਿੰਘ ਜੀ ਐਮ. ਏ.।
੧੨੪. ਸ: ਵਸਾਵਾ ਸਿੰਘ ਜੀ ਜ਼ਿਲਾ ਗੁਰਦਾਸ ਪੁਰ।
੧੨੫. ਗਿ: ਨਾਹਰ ਸਿੰਘ ਜੀ ਐਡੀਟਰ, 'ਸਿਖ ਸੇਵਕ'।
੧੨੬. ਸੰਤ ਤੇਜਾ ਸਿੰਘ ਜੀ ਹੈਡ ਗ੍ਰੰਥੀ ਸ੍ਰੀ ਨਨਕਾਣਾ ਸਾਹਿਬ।
੧੨੭. ਸ: ਧਰਮਾਨੰਤ ਸਿੰਘ ਜੀ ਪ੍ਰਿੰਸੀਪਲ ਸ਼ਹੀਦ ਸਿ: ਮਿਸ਼ਨਰੀ ਕਾਲਜ ਅੰਮ੍ਰਿਤਸਰ।
੧੨੮. ਮਾਸਟਰ ਮਹਿਤਾਬ ਸਿੰਘ ਜੀ।

(ਹ) ਸ਼੍ਰੋਮਣੀ ਅਕਾਲੀ ਦਲ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ!

੧੨੯. ਜਥੇਦਾਰ ਊਧਮ ਸਿੰਘ ਜੀ।
੧੩੦. ਸ: ਸਾਧੂ ਸਿੰਘ ਜੀ ਚਕ ੩੦ ਲਾਇਲ ਪੁਰ।
੧੩੧. ਗਿਆਨੀ ਕਰਤਾਰ ਸਿੰਘ ਜੀ ਲਾਇਲਪੁਰੀ।
੧੩੨. ਗਿ: ਗੁਰਮੁਖ ਸਿੰਘ ਜੀ 'ਮੁਸਾਫ਼ਰ'।
੧੩੩. ਸ: ਮੋਤਾ ਸਿੰਘ ਜੀ।
੧੩੪. ,, ਸੋਹਣ ਸਿੰਘ ਜੀ ਜਲਾਲ ਉਸਮਾਂ।
੧੩੫. ਸ: ਭਗਵਾਨ ਸਿੰਘ ਜੀ ਦੋਸਾਂਝ ਕਲਾਂ।
੧੩੬. ,, ਸਰਦੂਲ ਸਿੰਘ ਜੀ।
੧੩੭. ,, ਜਾਤਾ ਸਿੰਘ ਜੀ ਅੰਬਾਲਾ।
੧੩੮. ,, ਸੁੰਦਰ ਸਿੰਘ ਜੀ ਮੁਰੀਦ ਕੇ (ਗੁਰਦਾਸ ਪੁਰ)।
੧੩੯. ਸ: ਗੁਲਬਦਨ ਸਿੰਘ ਜੀ ਲੁਧਿਆਣਾ।
੧੪੦. ਸ: ਲਛਮਨ ਸਿੰਘ ਜੀ ਕਪੂਰਥਲਾ।
੧੪੧. ,, ਗਰਜਾ ਸਿੰਘ ਜੀ ਸਿਆਲ ਕੋਟ।
੧੪੨. ,, ਭਗਤ ਸਿੰਘ ਜੀ ਜਾਮਕੇ।
੧੪੩. ,, ਦਰਸ਼ਨ ਸਿੰਘ ਜੀ ਫੇਰੂਮਾਨ।
੧੪੪. ,, ਪ੍ਰੀਤਮ ਸਿੰਘ ਜੀ ਸਰਗੋਧਾ।

SikhBookClub.com

(ਕ) ਅਖ਼ਬਾਰਾਂ

੧੪੫. ਸ: ਅਮਰ ਸਿੰਘ ਜੀ 'ਸ਼ੇਰਿ ਪੰਜਾਬ' ਲਾਹੌਰ।

੧੪੬. ਭਾਈ ਸੇਵਾ ਸਿੰਘ ਜੀ 'ਖਾਲਸਾ ਸਮਾਚਾਰ'।

੧੪੭. ਭਾਈ ਗਜਿੰਦਰ ਸਿੰਘ ਜੀ 'ਖਾਲਸਾ ਐਡਵੋਕੇਟ'।

੧੪੮. ਵੈਦ ਨੌਰੰਗ ਸਿੰਘ ਜੀ 'ਤਾਂਘੀ' ਐਡੀਟਰ 'ਸੁਤੰਤ੍ਰ'।

੧੪੯. ਡਾ: ਹਰੀ ਸਿੰਘ ਜੀ ਐਡੀਟਰ 'ਡਾਕਟਰ'।

੧੫੦. ਸ: ਗੁਰਬਖਸ਼ ਸਿੰਘ ਜੀ ਐਡੀਟਰ 'ਪੰਜਾਬੀ ਪੰਥ'।

੧੫੧. ਸ: ਬੀਰ ਸਿੰਘ ਜੀ ਐਡੀਟਰ 'ਪੰਜਾਬੀ ਭੈਣ'।

੧੫੨. ਸ: ਰਾਮ ਸਿੰਘ ਜੀ ਧਾਰੋਵਾਲੀਆ 'ਰਾਮਗੜ੍ਹੀਆ ਪਤ੍ਰਕਾ'।

(ਖ) ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਚਾਰਕ ਤੇ ਪੁਰਾਣੇ ਵਿਦਿਆਰਥੀ।

੧੫੩. ਗਿ: ਪ੍ਰਤਾਪ ਸਿੰਘ ਜੀ।

੧੫੪. ਭਾ: ਸ਼ੰਕਰ ਸਿੰਘ ਜੀ।

੧੫੫. ,, ਤੀਰਥ ਸਿੰਘ ਜੀ।

੧੫੬. ,, ਨਰਿੰਜਨ ਸਿੰਘ ਜੀ 'ਸਰਲ'।

੧੫੭. ,, ਵਸਣ ਸਿੰਘ ਜੀ।

੧੫੮. ,, ਨਿਹਾਲ ਸਿੰਘ ਜੀ।

੧੫੯. ,, ਗੁਰਦਾਸ ਸਿੰਘ ਜੀ।

(ਗ) ਅਕਾਲੀ ਜਥੇ!

੧੬੦. ਭਾਈ ਸਿੰਘ ਗਿਆਨੀ ਗੜ੍ਹਵਾਲੀਆ।

੧੬੧. ਜਥੇਦਾਰ ਜੀਤ ਸਿੰਘ ਜੀ ਹਿਸਾਰ

(ਘ) ਸਿੰਘ ਸਭਾਵਾਂ!

੧੬੨. ਭਾਈ ਕਰਤਾਰ ਸਿੰਘ ਜੀ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ।

੧੬੩. ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਬਟਾਲਾ (ਅੰਮ੍ਰਿਤਸਰ) ਨਾਮ ਪੜ੍ਹਿਆ ਨਹੀਂ ਗਿਆ।

੧੬੪. ਸਕਤ੍ਰ ਸ੍ਰੀ ਗੁਰੂ ਸਿੰਘ ਸਭਾ ਫ਼ੀਰੋਜ਼ ਪੁਰ ਸ਼ਹਿਰ ਨਾਮ ਪੜ੍ਹਿਆ ਨਹੀਂ ਗਿਆ।

੧੬੫. ਭਾਈ ਖੁਸ਼ਹਾਲ ਸਿੰਘ ਜੀ ਸ੍ਰੀ ਗੁਰੂ ਸਿੰਘ ਸਭਾ ਵਜ਼ੀਰਾਬਾਦ।

੧੬੬. ਭਾਈ ਮੋਹਨ ਸਿੰਘ ਜੀ ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਪਸਰੂਰ (ਸਿਆਲਕੋਟ)।

੧੬੭. ਭਾਈ ਰਾਜ ਸਿੰਘ ਜੀ ਨਾਨਕਸਰ ਸਿੰਘ ਸਭਾ ਟੋਬਾ ਟੇਕ ਸਿੰਘ।

੧੬੮. ਡਾਕਟਰ ਹਰਭਜਨ ਸਿੰਘ ਜੀ ਸਿੰਘ ਸਭਾ ਆਗਰਾ।

੧੬੯. ਭਾਈ ਭਗਵਾਨ ਸਿੰਘ ਜੀ ਸਿੰਘ ਸਭਾ ਬਿਲਗਾ (ਜਾਲੰਧਰ)।

੧੭੦. ਭਾਈ ਸਰਧਾ ਸਿੰਘ ਜੀ ਸਿੰਘ ਸਭਾ ਰਾਵਲਪਿੰਡੀ।

SikhBookClub.com

ਸੰਤ ਤੇਜਾ ਸਿੰਘ ਜੀ ਹੈਡ ਗ੍ਰੰਥੀ ਸ੍ਰੀ ਨਨਕਾਣਾ ਸਾਹਿਬ ਨੇ ਆਰੰਭ ਸਮੇਂ ਅਰਦਾਸਾ ਸੋਧਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲਿਆ ਗਿਆ, ਜਿਸ ਦੀ ਪਹਿਲੀ ਤੁਕ ਇਉਂ ਹੈ:-

ਧਨਾਸਰੀ ਮਹਲਾ ੧ ਛੰਤ

ੴ ਸਤਿਗੁਰ ਪ੍ਰਸਾਦਿ ॥

"ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥

ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥ [ਪੰਨਾ ੬੮੭]

ਕਾਰਵਾਈ ਸ਼ੁਰੂ ਹੋਣ ਤੋਂ ਪਹਿਲੇ ਪ੍ਰਧਾਨ ਸਾਹਿਬ ਨੇ ਸਮਾਗਮ ਨੂੰ ਸੰਬੋਧਨ ਕੀਤਾ ਕਿ ਬੋਲਣ ਵਾਲੇ ਸਜਣ ਸਮੇਂ ਦਾ ਖਿਆਲ ਰਖਣ ਅਤੇ ਗਿਆਨੀ ਸ਼ੇਰ ਸਿੰਘ ਜੀ ਅਤੇ ਸਰਦਾਰ ਮਹਿੰਦਰ ਸਿੰਘ ਜੀ ਸਿਧਵਾਂ ਦੇ ਪੁਛਣ ਤੇ ਪ੍ਰੋਫੈਸਰ ਤੇਜਾ ਸਿੰਘ ਜੀ (ਕਨਵੀਨਰ ਰਹੁਰੀਤ ਸਬ-ਕਮੇਟੀ) ਨੇ ਉਹ ਫਹਿਰਿਸਤ ਸੁਣਾਈ ਜਿਸ ਅਨੁਸਾਰ ਇਸ ਸਮਾਗਮ ਵਿਚ ਸ਼ਾਮਲ ਹੋਣ ਵਾਲੇ ਸਜਨਾਂ ਨੂੰ ਸੱਦਾ ਪਤ੍ਰ ਭੇਜੇ ਗਏ ਸਨ।

ਇਸ ਉਪਰੰਤ ਪ੍ਰੋਫੈਸਰ ਤੇਜਾ ਸਿੰਘ ਜੀ ਨੇ ਰਹੁਰੀਤ ਸਬ-ਕਮੇਟੀ ਦੀ ਰਪੋਰਟ ਸੁਣਾਈ ਅਤੇ ਫੇਰ ਨਿਰਮਲ ਪੰਚਾਇਤੀ ਮੰਡਲ ਅਤੇ ਚੀਫ ਖਾਲਸਾ ਦੀਵਾਨ ਵਲੋਂ ਆਈਆਂ ਪਤ੍ਰਕਾਵਾਂ ਸੁਣਾਈਆਂ, ਜਿਨ੍ਹਾਂ ਵਿਚ ਉਪਰੋਕਤ ਜਥਿਆਂ ਨੇ ਇਸ ਸਮਾਗਮ ਵਿਚ ਆਪਣੇ ਸ਼ਾਮਲ ਨਾ ਹੋਣ ਦੀ ਵਜਹ ਦਸੀ ਹੋਈ ਸੀ।

ਗਿਆਨੀ ਸ਼ੇਰ ਸਿੰਘ ਜੀ ਨੇ ਕਿਹਾ ਕਿ ਰਹਿਤ ਮਰਯਾਦਾ ਦੀ ਵਿਚਾਰ ਸਮੇਂ ਪਾਰਟੀਬਾਜ਼ੀ ਦਾ ਕੋਈ ਖਿਆਲ ਨਹੀਂ ਹੋਣਾ ਚਾਹੀਦਾ ਅਤੇ ਅਸੀਂ ਵਿਚਾਰ ਵਿਚ ਹਿਸਾ ਲਵਾਂਗੇ, ਪਰ ਸੱਦੇ-ਪੱਤ੍ਰ ਭੀ ਪਾਰਟੀ ਲਾਈਨ ਤੇ ਨਹੀਂ ਸਨ ਭੇਜਣੇ ਚਾਹੀਦੇ, ਪਰੰਤੂ ਐਸਾ ਨਹੀਂ ਕੀਤਾ ਗਿਆ, ਕਿਉਂਕਿ ਖ਼ਾਲਸਾ ਅਕਾਲੀ ਦਲ ਨੂੰ ਸੱਦਾ-ਪੱਤ੍ਰ ਨਹੀਂ ਭੇਜਿਆ ਗਿਆ। (ਇਸ ਸਮੇਂ ਸ੍ਰੋਮਣੀ ਅਕਾਲੀ ਦਲ ਅਤੇ ਖਾਲਸਾ ਅਕਾਲੀ ਦਲ ਦੀਆਂ ਪਾਰਟੀਆਂ ਸੰਬੰਧੀ ਮਾਸਟਰ ਤਾਰਾ ਸਿੰਘ ਜੀ ਅਤੇ ਗਿਆਨੀ ਸ਼ੇਰ ਸਿੰਘ ਜੀ ਦੇ ਵਿਚਕਾਰ ਕੁਝ ਬੋਲ-ਕੁਬੋਲ ਹੋ ਪਏ। ਪ੍ਰਧਾਨ ਸਾਹਿਬ ਅਤੇ ਗਿਆਨੀ ਠਾਕਰ ਸਿੰਘ ਜੀ ਨੇ ਫੁਰਮਾਇਆ ਕਿ ਅੱਜ ਦੇ ਸਮਾਗਮ ਵਿਚ ਪਾਰਟੀਆਂ ਦੇ ਸਵਾਲ ਨੂੰ ਲਾਂਭੇ ਰਖ ਕੇ ਅਸਲੀ ਮਾਮਲੇ ਉਤੇ ਵਿਚਾਰ ਹੋਣੀ ਚਾਹੀਦੀ ਹੈ।

ਪ੍ਰੋਫੈਸਰ ਤੇਜਾ ਸਿੰਘ ਜੀ ਨੇ ਸਮਾਗਮ ਨੂੰ ਸੰਬੋਧਨ ਕੀਤਾ ਕਿ ਕਈ ਸਜਣ ਅਤੇ ਜਥੇ ਭਾਵੇਂ ਰਹਿਤ ਮਰਯਾਦਾ ਨਿਸ਼ਚਤ ਕਰਨ ਦੇ ਮਾਮਲੇ ਨੂੰ ਲਮਕਾਣਾ ਚਾਹੁੰਦੇ ਹਨ, ਪਰ ਇਸ ਦੇ ਪਾਸ ਕਰਨ ਦੀ ਸਖਤ ਜ਼ਰੂਰਤ ਹੈ, ਨਹੀਂ ਤਾਂ ਸਾਡੀ ਰਹਿਤ ਮਰਯਾਦਾ ਇਕ ਨਾ ਹੋਣ ਕਰਕੇ ਅਸੀਂ ਬਹੁਤ ਹਾਸੋਹੀਣੇ ਹੋ ਰਹੇ ਹਾਂ। ਸਾਡਾ ਯਤਨ ਇਹ ਹੋਣਾ ਚਾਹੀਦਾ ਹੈ ਕਿ ਅਸੀਂ ਜੋ ਕੁਝ ਪਾਸ ਕਰੀਏ, ਚੰਗੀ ਤੋਂ ਚੰਗੀ ਸ਼ਕਲ ਵਿਚ ਪਾਸ ਕਰੀਏ।

SikhBookClub.com

ਗਿਆਨੀ ਸ਼ੇਰ ਸਿੰਘ ਜੀ ਨੇ ਕਿਹਾ ਕਿ ਚੀਫ਼ ਖ਼ਾਲਸਾ ਦੀਵਾਨ ਅਤੇ ਨਿਰਮਲੇ ਸਜਨਾਂ ਦੇ ਸ਼ਾਮਲ ਹੋਏ ਬਿਨਾਂ ਵੀ ਖਰੜਾ ਪਾਸ ਜ਼ਰੂਰ ਕਰਨਾ ਹੀ ਹੈ ? ਸਰਦਾਰ ਅਮਰ ਸਿੰਘ ਜੀ ਲਾਹੌਰ ਨੇ ਕਿਹਾ ਕਿ ਮੁਖਾਲਫ਼ਤ ਤਾਂ ਕਿਸੇ ਨਾ ਕਿਸੇ ਵਲੋਂ ਹੁੰਦੀ ਹੀ ਰਹਿਣੀ ਹੈ, ਪਰ ਰਹਿਤ ਮਰਯਾਦਾ ਪਾਸ ਜ਼ਰੂਰ ਕਰਨੀ ਚਾਹੀਦੀ ਹੈ। ਸਰਦਾਰ ਰਣਜੀਤ ਸਿੰਘ ਜੀ ਲਾਇਲਪੁਰ ਨੇ ਕਿਹਾ ਕਿ ਖ਼ਰੜੇ ਦੀ ਪਬਲਿਸਿਟੀ ਕਾਫ਼ੀ ਨਹੀਂ ਹੋਈ ਅਤੇ ਚੀਫ਼ ਖਾਲਸਾ ਦੀਵਾਨ ਭੀ ਸ਼ਾਮਲ ਨਹੀਂ ਹੋ ਰਿਹਾ, ਇਸ ਲਈ ਅੱਜ ਹੀ ਫ਼ੈਸਲਾ ਨਹੀਂ ਹੋਣਾ ਚਾਹੀਦਾ।

ਪ੍ਰੋਫ਼ੈਸਰ ਜੋਧ ਸਿੰਘ ਜੀ ਨੇ ਦਰਿਆਫ਼ਤ ਕੀਤਾ ਕਿ (੧) ਅੱਜ ਦੀ ਕਾਰਰਵਾਈ ਕਰਨ ਲਈ ਕੀ ਤਰੀਕਾ (Procedure) ਹੋਵੇਗਾ, (੨) ਸ਼੍ਰੋਮਣੀ ਕਮੇਟੀ ਦਾ ਉਹ ਗੁਰਮਤਾ ਸੁਣਾਇਆ ਜਾਵੇ, ਜਿਸ ਅਨੁਸਾਰ ਇਹ ਖਰੜਾ ਤਿਆਰ ਹੋ ਰਿਹਾ ਹੈ। (੩) ਕੀ ਪਿਛਲੀ ਪ੍ਰਚਲਤ ਮਰਯਾਦਾ ਨੂੰ ਬਦਲਿਆ ਜਾਣਾ ਹੈ ਕਿ ਜਿਥੇ ਕਿਤੇ ਨੁਕਸ ਹੋਵੇ ਕੇਵਲ ਉਸਨੂੰ ਸੋਧਿਆ ਜਾਵੇਗਾ।

ਜਨਰਲ ਕਮੇਟੀ ਦਾ ਉਹ ਗੁਰਮਤਾ ਪੜ੍ਹਕੇ ਸੁਣਾਇਆ ਗਿਆ, ਜਿਸ ਅਨੁਸਾਰ ਰਹੁਰੀਤੀ ਸਬ-ਕਮੇਟੀ ਬਣਾਈ ਗਈ ਸੀ। ਪ੍ਰੋਫ਼ੈਸਰ ਜੋਧ ਸਿੰਘ ਜੀ ਨੇ ਆਪਣੀ ਰਾਏ ਦਿਤੀ ਕਿ ਹਵਾਲੇ ਵਾਲੇ ਗੁਰਮਤੇ ਅਨੁਸਾਰ ਅਜ ਦਾ ਸਮਾਗਮ ਸਿਰਫ਼ ਗੁਰਦੁਆਰਿਆਂ ਦੀ ਮਰਯਾਦਾ ਦਾ ਫ਼ੈਸਲਾ ਕਰ ਸਕਦਾ ਹੈ। ਪ੍ਰੋਫ਼ੈਸਰ ਤੇਜਾ ਸਿੰਘ ਜੀ ਨੇ ਦਸਿਆ ਕਿ ਸਿਖਾਂ ਦੀ ਕੋਈ ਅਜੇਹੀ ਮਰਯਾਦਾ ਨਹੀਂ ਜੋ ਕਿ ਗੁਰਦੁਆਰਿਆਂ ਵਿਚ ਨਾ ਹੁੰਦੀ ਹੋਵੇ ਅਤੇ ਵੈਸੇ ਭੀ ਗੁਰਦੁਆਰਿਆਂ ਦੇ ਅੰਦਰ ਅਤੇ ਬਾਹਰ ਇਕੋ ਮਰਯਾਦਾ ਹੋਣੀ ਚਾਹੀਦੀ ਹੈ। ਕੁਝ ਬਹਿਸ ਉਪਰੰਤ ਪ੍ਰਧਾਨ ਜੀ ਨੇ ਰੂਲਿੰਗ ਦਿਤਾ ਕਿ ਇਸ ਖਰੜੇ ਉਤੇ ਵਿਚਾਰ ਕਰਨੀ ਹਵਾਲੇ ਵਾਲੇ ਗੁਰਮਤੇ ਦੇ ਭਾਵ ਨੂੰ ਉਲੰਘਣ ਨਹੀਂ ਕਰਦੀ, ਸੋ ਖਰੜੇ ਉਤੇ ਵਿਚਾਰ ਹੋਵੇ।

ਪ੍ਰੋਸੀਜਰ ਮੁਤੱਲਕ ਬਹੁਤ ਬਹਿਸ ਉਪ੍ਰੰਤ ਪ੍ਰਧਾਨ ਜੀ ਨੇ ਰੂਲਿੰਗ ਦਿਤਾ ਕਿ ਜਿਹੜੀਆਂ ਗਲਾਂ ਸੰਬੰਧੀ ਕੋਈ ਮਤਿਭੇਦ ਨਾ ਹੋਵੇ, ਉਹ ਪਾਸ ਸਮਝੀਆਂ ਜਾਣਗੀਆਂ ਅਤੇ ਜਿਥੇ ਮਤਿਭੇਦ ਹੋਵੇ, ਉਹ ਮਾਮਲਾ ਇਸ ਸਮਾਗਮ ਦੀਆਂ ਤਰਮੀਮਾਂ ਸਮੇਤ ਰਹੁਰੀਤੀ ਸਬ-ਕਮੇਟੀ ਦੇ ਹਵਾਲੇ ਮੁੜ ਵਿਚਾਰ ਲਈ ਪੇਸ਼ ਹੋਵੇਗਾ। ਰਹੁਰੀਤੀ

SikhBookClub.com

ਕਮੇਟੀ ਦਾ ਫ਼ੈਸਲਾ ਦੁਬਾਰਾ ਸਾਰੇ ਸਮਾਗਮ ਵਿਚ ਪੇਸ਼ ਹੋਵੇਗਾ, ਪਰ ਉਸ ਸਮੇਂ ਨਵੀਂ ਤਰਮੀਮ ਕੋਈ ਪੇਸ਼ ਨਹੀਂ ਹੋਵੇਗੀ। ਇਸ ਤਰ੍ਹਾਂ ਦੂਜੀ ਵਾਰੀ ਸਮਾਗਮ ਵਿਚ ਪਾਸ ਹੋਇਆ ਮਾਮਲਾ ਪਾਸ ਸਮਝਿਆ ਜਾਵੇਗਾ ਅਤੇ ਫ਼ੇਹਲ ਹੋਇਆ ਮਾਮਲਾ ਛਡ ਦਿਤਾ ਜਾਵੇਗਾ।

ਪ੍ਰੋ: ਜੋਧ ਸਿੰਘ ਜੀ ਦੇ ਤੀਸਰੇ ਸਵਾਲ ਸੰਬੰਧੀ ਦਸਿਆ ਗਿਆ ਕਿ ਪ੍ਰਚਲਤ ਮਰਯਾਦਾ ਨੂੰ ਬਿਲਕੁਲ ਨਹੀਂ ਬਦਲਿਆ ਜਾਵੇਗਾ। ਕੇਵਲ ਉਨ੍ਹਾਂ ਗਲਾਂ ਸੰਬੰਧੀ ਬਹਿਸ ਹੋਵੇਗੀ, ਜਿਥੇ ਮਰਯਾਦਾ ਇਕ ਹੈ ਹੀ ਨਹੀਂ, ਅਤੇ ਅਜਿਹੇ ਮਾਮਲਿਆਂ ਸੰਬੰਧੀ ਵੀ ਗੁਰਬਾਣੀ, ਇਤਿਹਾਸ, ਰਹਿਤਨਾਮਿਆਂ, ਹੁਕਮ-ਨਾਮਿਆਂ, ਪ੍ਰਸਿਧ ਗੁਰ-ਦਵਾਰਿਆਂ ਅਤੇ ਤਖ਼ਤ ਸਾਹਿਬਾਨ ਦੇ ਪੁਰਾਣੇ ਰਿਵਾਜ ਦੀ ਰੌਸ਼ਨੀ ਵਿਚ ਫ਼ੈਸਲਾ ਕੀਤਾ ਜਾਵੇਗਾ।

ਸਿੱਖ ਦੀ ਤਾਰੀਫ਼

ਪ੍ਰੋ: ਤੇਜਾ ਸਿੰਘ ਜੀ ਨੇ ਖਰੜੇ ਵਿਚ ਦਿਤੀ ਸਿਖ ਦੀ ਹੇਠ ਲਿਖੀ ਤਾਰੀਫ਼ ਪੜ੍ਹਕੇ ਸੁਣਾਈ:-

"ਜੋ ਇਸਤ੍ਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ),ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿਖਿਆ ਅਤੇ ਦਸ਼ਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸਚਾ ਰਖਦਾ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।" ਇਸ ਸੰਬੰਧੀ ਕਈ ਤਰਮੀਮਾਂ ਬੇ-ਤਰਤੀਬੀਆਂ ਹੀ ਪੇਸ਼ ਹੋਣ ਲਗ ਪਈਆਂ, ਜਿਹਾ ਕਿ:-

(੧) 'ਜੋ' ਦੇ ਬਾਦ 'ਕੇਸਾਧਾਰੀ' ਸ਼ਬਦ ਵਧਾਇਆ ਜਾਵੇ। (ਸ: ਆਮ੍ਰੀਕ ਸਿੰਘ ਜੀ)

(੨) ਅੰਮ੍ਰਿਤਧਾਰੀ ਸਿਖ ਅਤੇ ਸਹਿਜਧਾਰੀ ਸਿਖ ਦੀ ਤਾਰੀਫ਼ ਹੀ ਅੱਡ ੨ ਕੀਤੀ ਜਾਵੇ। (ਰਿਸਾਲਦਾਰ ਸੁੰਦਰ ਸਿੰਘ ਜੀ, ਪ੍ਰੋ: ਜੋਧ ਸਿੰਘ ਜੀ)

(੩) ਇਹ ਖਰੜਾ ਹੈ ਹੀ ਅਮ੍ਰਿਤਧਾਰੀ ਸਿਖਾਂ ਲਈ, ਸੋ ਏਸੇ ਅਨੁਸਾਰ ਖਰੜੇ ਦੇ ਹੈਡਿੰਗ ਵਿਚ ਤਬਦੀਲੀ ਕਰ ਲਈ ਜਾਵੇ। (ਪ੍ਰਿੰਸੀਪਲ ਧਰਮਾਨੰਤ ਸਿੰਘ ਜੀ)

ਸ੍ਵਾਮੀ ਰਾਜ ਕੁਮਾਰ ਤੀਰਥ ਉਦਾਸੀ ਨੇ ਕਿਹਾ ਕਿ ਸਾਨੂੰ ਇਸ ਖਰੜੇ ਤੇ ਵਿਚਾਰ ਕਰਨ ਦਾ ਸਮਾਂ ਨਹੀਂ ਮਿਲਿਆ, ਸੋ ਜਾਂ ਤਾਂ ਇਸ ਦਾ ਨਾਮ ਖ਼ਾਲਸਾ ਰਹਿਤ ਮਰਯਾਦਾ ਰਖਿਆ ਜਾਵੇ ਜਾਂ ਸਾਨੂੰ ਵਿਚਾਰ ਦਾ ਸਮਾਂ ਦਿਤਾ ਜਾਵੇ। ਇਸ ਸੰਬੰਧੀ ਖਿਆਲਾਤ ਪ੍ਰਗਟ ਕਰਦਿਆਂ ਹੋਇਆਂ ਗਿਆਨੀ ਸ਼ੇਰ ਸਿੰਘ ਜੀ, ਸ: ਗੁਪਾਲ ਸਿੰਘ ਜੀ ਸਾਗਰੀ, ਸ: ਭਾਗ ਸਿੰਘ ਜੀ,

SikhBookClub.com

ਸ: ਮਹਿੰਦਰ ਸਿੰਘ ਜੀ ਸਿਧਵਾਂ, ਭਾਈ ਸਰਧਾ ਸਿੰਘ ਜੀ ਅਤੇ ਗਿਆਨੀ ਨਾਹਰ ਸਿੰਘ ਜੀ ਨੇ ਫ਼ੁਰਮਾਇਆ ਕਿ ਉਦਾਸੀ ਸੰਤਾਂ ਨੂੰ ਵਿਚਾਰ ਵਿਚ ਹਿੱਸਾ ਲੈਣ ਲਈ ਸਮਾ ਮਿਲਣਾ ਚਾਹੀਦਾ ਹੈ, ਸੋ ਸਮਾਗਮ ਮੁਲਤਵੀ ਹੋਣਾ ਚਾਹੀਦਾ ਹੈ, ਖਰੜਾ ਪਾਸ ਕਰਨ ਵਿਚ ਕਾਹਲੀ ਨਹੀਂ ਕਰਨੀ ਚਾਹੀਦੀ; ਪ੍ਰੰਤੂ ਭਾਈ ਕਰਤਾਰ ਸਿੰਘ ਜੀ ਬਬਰ, ਪ੍ਰੋ: ਗੰਗਾ ਸਿੰਘ ਜੀ, ਗਿਆਨੀ ਸੁੰਦਰ ਸਿੰਘ ਜੀ 'ਰੰਗ', ਗਿਆਨੀ ਕਰਤਾਰ ਸਿੰਘ ਜੀ ਲਾਇਲਪੁਰੀ ਆਦਿ ਸਜਣਾਂ ਨੇ ਫ਼ੁਰਮਾਇਆ ਕਿ ਸਮਾਗਮ ਮੁਲਤਵੀ ਨਹੀਂ ਹੋਣਾ ਚਾਹੀਦਾ, ਸਾਰੀਆਂ ਸੰਪ੍ਰਦਾਵਾਂ ਦੀ ਇਕ ਰਹਿਤ ਮਰਯਾਦਾ ਹੋ ਹੀ ਨਹੀਂ ਸਕਦੀ, ਇਹ ਖਰੜਾ ਤਾਂ ਪਾਸ ਹੋਣਾ ਚਾਹੀਦਾ ਹੈ, ਸੰਪ੍ਰਦਾਵਾਂ ਨੂੰ ਇਕਠਿਆਂ ਕਰਨ ਲਈ ਵਖਰਾ ਜਤਨ ਹੋਣਾ ਚਾਹੀਦਾ ਹੈ। ਇਸ ਤੇ ਪ੍ਰਧਾਨ ਜੀ ਨੇ ਰੂਲਿੰਗ ਦਿਤਾ ਕਿ ਏਸ ਕੰਮ ਲਈ ਸਮਾਗਮ ਮੁਲਤਵੀ ਨਹੀਂ ਹੋ ਸਕਦਾ, ਸਿਖ ਦੀ ਤਾਰੀਫ਼ ਉਤੇ ਵਿਚਾਰ ਹੋਵੇ।

(੪) ਤਾਰੀਫ਼ ਇਉਂ ਹੋਵੇ:–'ਜੋ ਇਸਤ੍ਰੀ ਜਾਂ ਪੁਰਸ਼ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਗੁਰੂ ਤੇ ਉਨ੍ਹਾਂ ਦੇ ਚਲਾਏ ਹੋਏ ਧਰਮ ਨੂੰ ਆਪਣਾ ਧਰਮ ਮੰਨਦਾ ਹੋਵੇ ਤੇ ਹੋਰ ਕਿਸੇ ਧਰਮ ਨੂੰ ਨਾ ਮੰਨਦਾ ਹੋਵੇ, ਉਹ ਸਿਖ ਹੈ।' (ਸ: ਮੰਗਲ ਸਿੰਘ ਜੀ)

ਗਿ: ਸ਼ੇਰ ਸਿੰਘ ਜੀ ਨੇ ਇਸਦੀ ਵਿਰੋਧਤਾ ਕੀਤੀ, ਉਨ੍ਹਾਂ ਦਸਿਆ ਕਿ ਜੇੜ੍ਹੀਆਂ ਸੰਪ੍ਰਦਾਵਾਂ ਸਾਰੇ ਗੁਰੂ ਸਾਹਿਬਾਨ ਨੂੰ ਇਕ ਜੋਤ ਨਹੀਂ ਮੰਨਦੀਆਂ, ਉਹ ਸਿਖ ਪੰਥ ਵਿਚੋਂ ਅਲਹਿਦਾ ਕੀਤੀਆਂ ਜਾਂਦੀਆਂ ਰਹੀਆਂ ਹਨ, ਜਿਹਾ ਕਿ ਰਾਮ ਰਾਈਏ, ਧੀਰਮਲੀਏ!

ਗਿਆਨੀ ਤ੍ਰਲੋਚਨ ਸਿੰਘ ਜੀ ਨੇ ਫ਼ੁਰਮਾਇਆ ਕਿ ਸਿਖ ਦਾ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ, ਇਹ ਤਾਰੀਫ਼ ਕਾਫ਼ੀ ਨਹੀਂ:–

(੫) ਤਾਰੀਫ਼ ਕੀਤੀ ਹੀ ਨ ਜਾਵੇ, ਸਾਰਾ ਖਰੜਾ ਸਿਖ ਦੀ ਤਾਰੀਫ਼ ਹੀ ਕਰ ਰਿਹਾ ਹੈ। (ਸ: ਹੀਰਾ ਸਿੰਘ ਜੀ ਕੋਚਲ, ਗਿ: ਨਾਹਰ ਸਿੰਘ ਜੀ)

(੬) ਤਾਰੀਫ਼ ਅਖ਼ੀਰ ਤੇ ਕਰ ਲਈ ਜਾਵੇ:–

(ਸ: ਹੀਰਾ ਸਿੰਘ ਜੀ, ਸ: ਗੁਰਚਰਨ ਸਿੰਘ ਜੀ)

ਭਾਈ ਸਾਹਿਬ ਕਾਹਨ ਸਿੰਘ ਜੀ, ਗਿਆਨੀ ਸ਼ੇਰ ਸਿੰਘ ਜੀ, ਸੰਤ ਤੇਜਾ ਸਿੰਘ ਜੀ, ਪ੍ਰੋਫ਼ੈਸਰ ਤੇਜਾ ਸਿੰਘ ਜੀ, ਪ੍ਰੋ: ਤੇਜਾ ਸਿੰਘ ਜੀ ਆਦਿ ਨੇ ਫ਼ੁਰਮਾਇਆ ਕਿ ਖਰੜੇ ਵਾਲੀ ਤਾਰੀਫ਼ ਮੁਕੰਮਲ ਹੈ ਅਤੇ ਇਹ ਸ਼ੁਰੂ ਵਿਚ ਜ਼ਰੂਰ ਦਰਜ ਹੋਣੀ ਚਾਹੀਦੀ ਹੈ।

ਪ੍ਰਧਾਨ ਸਾਹਿਬ ਨੇ ਸਮਾਗਮ ਦੇ ਖਿਆਲਾਤ ਜਾਚ ਕੇ ਰੂਲਿੰਗ ਦਿਤਾ ਕਿ ਸਮਾਗਮ ਤਾਰੀਫ਼ ਸੰਬੰਧੀ ਸਹਿਮਤ ਨਹੀਂ ਹੈ, ਇਸ ਲਈ **ਇਹ ਮਾਮਲਾ ਰਹੁਰੀਤੀ ਕਮੇਟੀ ਦੇ ਸਪੁਰਦ ਕੀਤਾ ਜਾਂਦਾ ਹੈ।** ਰਹੁਰੀਤੀ ਸਬ-ਕਮੇਟੀ ਦੀ ਵਿਚਾਰ ਮੁੜ ਭਰੇ ਸਮਾਗਮ ਵਿਚ ਪੇਸ਼ ਹੋਵੇਗੀ ਪਰ ਉਸ ਸਮੇਂ ਨਵੀਆਂ ਤਰਮੀਮਾਂ ਪੇਸ਼ ਨਹੀਂ ਹੋ ਸਕਣਗੀਆਂ।

SikhBookClub.com

ਜੇ ਸਭ ਤਜਵੀਜ਼ਾਂ ਰੱਦ ਹੋ ਜਾਣ ਤਾਂ ਫੇਰ ਨਵੀਂ ਤਜਵੀਜ਼ ਹੋ ਸਕਦੀ ਹੈ। ਇਸ ਸੰਬੰਧੀ ਜੇ ਕਿਸੇ ਸਜਣ ਨੂੰ ਕੋਈ ਹੋਰ ਤਜਵੀਜ਼ ਸੁਝੇ ਤਾਂ ਉਹ ਭੀ ਰਹੁਰੀਤ। ਕਮੇਟੀ ਦੀ ਵਿਚਾਰ ਲਈ ਭੇਜ ਦੇਵੇ।

ਇਸ ਉਪਰੰਤ ਇਕਤ੍ਰਤਾ ਅਗਲੇ ਦਿਨ ਸਵੇਰੇ ੧੦ ਬਜੇ ਹੋਣ ਲਈ ਮੁਲਤਵੀ ਕੀਤੀ ਗਈ।

ਮੁਲਤਵੀ ਹੋਈ ੨ ਇਕਤ੍ਰਤਾ ੩੧-੧੨-੩੩ ਨੂੰ ੧੨-੩੦ ਬਜੇ ਆਰੰਭ ਹੋਈ। ਹਾਜ਼ਰੀ ਵਿਚ ਪਿਛਲੇ ਦਿਨ ਨਾਲੋਂ ਹੇਠ ਲਿਖੇ ਅਨੁਸਾਰ ਫ਼ਰਕ ਸੀ:-

(ੳ) ਜਿਹੜੇ ਸਜਣ ੩੦-੧੨-੩੩ ਨੂੰ ਨਹੀਂ ਸਨ ਆਏ; ਪਰ ੩੧-੧੨-੩੩ ਨੂੰ ਹਾਜ਼ਰ ਹੋ ਗਏ.-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ

੧. ਸ: ਹੀਰਾ ਸਿੰਘ ਜੀ ਜ਼ਿਲਾ ਅੰਮ੍ਰਿਤਸਰ।
੨. ,, ਧਾਲਾ ਸਿੰਘ ਜੀ ,,

ਗੁਰੂ ਨਾਨਕ ਵਿਦਿਆ ਭੰਡਾਰ

੩. ਸ: ਅਮਰ ਸਿੰਘ ਜੀ।
੪. ,, ਕਿਸ਼ੰਕਰ ਸਿੰਘ ਜੀ।

ਸੈਂ: ਗੁ: ਪ੍ਰ: ਸ: ਲਾਹੌਰ

੫. ਸ: ਗੁਰਬਖ਼ਸ਼ ਸਿੰਘ ਜੀ ਧਾਤਨੀ।

ਅਖ਼ਬਾਰਾਂ ਦੇ ਐਡੀਟਰ

੬. ਗਿਆਨੀ ਹੀਰਾ ਸਿੰਘ ਜੀ 'ਦਰਦ' ਫੁਲਵਾੜੀ।

ਗੁ: ਕਮੇਟੀਆਂ

੭. ਸ: ਜੈ ਸਿੰਘ ਜੀ ਮੈਂਬਰ ਲੋ: ਗੁ: ਕਮੇਟੀ ਅੰਮ੍ਰਿਤਸਰ।

ਹੋਰ ਸਜਣ

੮. ਸ: ਗੁਰਪਾਲ ਸਿੰਘ ਜੀ ਆਡਿਟਰ।

ਅਕਾਲੀ ਜਥੇ

੯. ਸ: ਹਰਨਾਮ ਸਿੰਘ ਜੀ ਜਥੇਦਾਰ ਅ: ਜਥਾ ਫ਼ੀਰੋਜ਼ ਪੁਰ।
੧੦. ਸ: ਛੱਜਾ ਸਿੰਘ ਜੀ ਜਥੇਦਾਰ ਅ: ਜਥਾ ਹੁਸ਼ਿਆਰ ਪੁਰ।

ਸਿੰਘ ਸਭਾਵਾਂ

੧੧. ਸ: ਹਰਦਿਆਲ ਸਿੰਘ ਜੀ ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਡੇਰਾ ਇਸਮਾਈਲ ਖਾਂ।
੧੨. ਸ: ਹਰਨਾਮ ਸਿੰਘ ਜੀ ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਮਸੂਰੀ।
੧੩. ਸ: ਮਹਿੰਦਰ ਸਿੰਘ ਜੀ ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਸ਼ੰਕਰ, ਜਾਲੰਧਰ।
੧੪. ਬਾਬੂ ਗੁਰਬਚਨ ਸਿੰਘ ਜੀ ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਬੁੰਡਾਲਾ (ਜਾਲੰਧਰ)
੧੫. ਸ: ਸੰਤੋਖ ਸਿੰਘ ਜੀ ਬੀ. ਏ. ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਬਾਗ਼ਬਾਨਪੁਰਾ

ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਮੈਂਬਰ

੧. ਸ: ਮੋਹਰ ਸਿੰਘ ਜੀ ਜ਼ਿਲਾ ਹਿਸਾਰ।
੨. ,, ਹਰਚਿਤ ਸਿੰਘ ਜੀ ,, ਲੁਧਿਆਣਾ।
੩. ,, ਸੁੰਦਰ ਸਿੰਘ ਜੀ ,, ,,

SikhBookClub.com

੪. ਸ: ਲਾਲ ਸਿੰਘ ਜੀ ਜ਼ਿ: ਲੁਧਿਆਣਾ।
੫. ,, ਸੁਖਦੇਵ ਸਿੰਘ ਜੀ ,, ,,
੬. ਗਿ: ਸ਼ੇਰ ਸਿੰਘ ਜੀ ਜ਼ਿ: ਫ਼ੀਰੋਜ਼ਪੁਰ।
੭. ਸ: ਈਸ਼ਰ ਸਿੰਘ ਜੀ ਪਿੰਡ ਮਾਣੂਕੇ ਜ਼ਿਲਾ ਫ਼ੀਰੋਜ਼ਪੁਰ।
੮. ,, ਈਸ਼ਰ ਸਿੰਘ ਜੀ ਪਿੰਡ ਗਦੋਂਡੋਬ ਜ਼ਿਲਾ ਫ਼ੀਰੋਜ਼ਪੁਰ।
੯. ,, ਹਰਨਾਮ ਸਿੰਘ ਜੀ ਲਾਹੌਰ।
੧੦. ,, ਵਰਿਆਮ ਸਿੰਘ ਜੀ ਬੁਤ ਜ਼ਿਲਾ ਲਾਹੌਰ।
੧੧. ,, ਤੇਜਾ ਸਿੰਘ ਜੀ ਜ਼ਿ: ਲਾਹੌਰ।
੧੨. ,, ਚੰਨਣ ਸਿੰਘ ਜੀ ਜ਼ਿ: ਲਾਹੌਰ।
੧੩. ,, ਅਰੂੜ ਸਿੰਘ ਜੀ ,, ਅੰਮ੍ਰਿਤਸਰ।
੧੪. ,, ਮੋਹਨ ਸਿੰਘ ਜੀ ਵੈਦ ਜ਼ਿਲਾ ਅੰਮ੍ਰਿਤਸਰ।
੧੫. ,, ਪ੍ਰਤਾਪ ਸਿੰਘ ਜੀ ਜ਼ਿ: ਅੰਮ੍ਰਿਤਸਰ।
੧੬. ,, ਭਾਗ ਸਿੰਘ ਜੀ ਵਕੀਲ ਗੁਰਦਾਸਪੁਰ।
੧੭. ਜਥੇਦਾਰ ਤੇਜਾ ਸਿੰਘ ਜੀ ਜ਼ਿਲਾ ਗੁਰਦਾਸਪੁਰ।
੧੮. ਸ: ਮਿਹਰ ਸਿੰਘ ਜੀ ਜ਼ਿ: ਗੁਰਦਾਸਪੁਰ।
੧੯. ,, ਸੁੰਦਰ ਸਿੰਘ ਜੀ ,, ਸਿਆਲਕੋਟ।
੨੦. ,, ਗੁਰਬਖ਼ਸ਼ ਸਿੰਘ ਜੀ ,, ,,
੨੧. ,, ਅਵਤਾਰ ਸਿੰਘ ਜੀ ,, ਗੁਜਰਾਂਵਾਲਾ
੨੨. ,, ਤਾਰਾ ਸਿੰਘ ਜੀ ,, ,,
੨੩. ,, ਕਰਤਾਰ ਸਿੰਘ ਜੀ ਬਬਰ ਜ਼ਿਲਾ ਸ਼ੇਖੂਪੁਰਾ।
੨੪. ,, ਬਲਬੀਰ ਸਿੰਘ ਜੀ ਜ਼ਿ: ਸਰਗੋਧਾ
੨੫. ,, ਬਲਵੰਤ ਸਿੰਘ ਜੀ ,, ਰਾਵਲਪਿੰਡੀ
੨੬. ,, ਗੋਪਾਲ ਸਿੰਘ ਜੀ ,, ,,
੨੭. ,, ਸ਼ੇਰ ਸਿੰਘ ਜੀ ਜ਼ਿ: ਮਿੰਟਗੁਮਰੀ।
੨੮. ਸ: ਅਜੈਬ ਸਿੰਘ ਜੀ ,, ਮੁਜ਼ਫ਼ਰਗੜ੍ਹ।
੨੯. ,, ਆਤਮਾ ਸਿੰਘ ਜੀ ਰਿਆਸਤ ਪਟਿਆਲਾ।
੩੦. ,, ਅਮਰ ਸਿੰਘ ਜੀ ਨਾਮਜ਼ਦ ਮੈਂਬਰ ਲਾਹੌਰ।
੩੧. ,, ਤਾਰਾ ਸਿੰਘ ਜੀ ਨਾਮਜ਼ਦ ਮੈਂਬਰ ਠੇਠਰ।

ਕੇਂਦਰੀ ਅਕਾਲੀ ਦੀਵਾਨ

੩੨. ਭਾਈ ਲਾਭ ਸਿੰਘ ਜੀ।

ਸੈਂਟਰਲ ਮਾਝਾ ਦੀਵਾਨ

੩੩. ਭਾਈ ਤਰਲੋਚਨ ਸਿੰਘ ਜੀ।
੩੪. ,, ਕ੍ਰਿਪਾਲ ਸਿੰਘ ਜੀ।

ਗੁ: ਨਾਨਕ ਖਾਲਸਾ ਕਾਲਜ ਗੁਜਰਾਂਵਾਲਾ

੩੫. ਸ: ਨਰੈਣ ਸਿੰਘ ਜੀ।

ਖਾਲਸਾ ਕਾਲਜ ਅੰਮ੍ਰਿਤਸਰ

੩੬. ਸ: ਹੀਰਾ ਸਿੰਘ ਜੀ।

ਖਾਲਸਾ ਬਰਾਦਰੀ ਅੰਮ੍ਰਿਤਸਰ

੩੭. ਸ: ਲਖਾ ਸਿੰਘ ਜੀ।

ਸ਼੍ਰੋਮਣੀ ਮਾਲਵਾ ਖਾਲਸਾ ਦੀਵਾਨ

੩੮. ਸ: ਮਹਿੰਦਰ ਸਿੰਘ ਜੀ।
੩੯. ,, ਜਗਜੀਤ ਸਿੰਘ ਜੀ।
੪੦. ,, ਬਚਿਤਰ ਸਿੰਘ ਜੀ।

ਸ਼੍ਰੋ: ਰਾਧਾ ਸਵਾਮੀ ਮਤਿ ਵਿ: ਸਭਾ

੪੧. ਗਿ: ਹਰਚਰਨ ਸਿੰਘ ਜੀ।

ਸ਼੍ਰੋ: ਮਾ: ਪ੍ਰ: ਦੀਵਾਨ

੪੨. ਸ: ਉਜਾਗਰ ਸਿੰਘ ਜੀ।

SikhBookClub.com

੪੩. ਸ: ਜਗਤ ਸਿੰਘ ਜੀ।

ਰਹੁਰੀਤੀ ਸਬ-ਕਮੇਟੀ ਦੇ ਮੈਂਬਰ

੪੪. ਗਿ: ਠਾਕਰ ਸਿੰਘ ਜੀ ਅੰਮ੍ਰਿਤਸਰ।
੪੫. ਭਾਈ ਲਾਭ ਸਿੰਘ ਜੀ ਗ੍ਰੰਥੀ।
੪੬. ਬਾਵਾ ਹਰਕਿਸ਼ਨ ਸਿੰਘ ਗੁਜਰਾਂਵਾਲਾ।
੪੭. ਪ੍ਰੋ: ਜੋਧ ਸਿੰਘ ਜੀ ਖਾਲਸਾ ਕਾਲਜ
੪੮. ਮਾਸਟਰ ਮਹਿਤਾਬ ਸਿੰਘ ਜੀ ਤਰਨ ਤਾਰਨ।

(ਅ) ਹੇਠ ਲਿਖੇ ਸਜਣ ਜੋ ੩੦-੧੨-੩੩ ਨੂੰ ਹਾਜ਼ਰ ਸਨ, ੩੧-੧੨-੩੩ ਨੂੰ ਗੈਰ-ਹਾਜ਼ਰ ਰਹੇ:-

ਅੰਤ੍ਰਿੰਗ ਮੈਂਬਰ ਸ਼੍ਰੋਮਣੀ ਅਕਾਲੀ ਦਲ

੪੯. ਜਥੇਦਾਰ ਊਧਮ ਸਿੰਘ ਜੀ।
੫੦. ,, ਮੋਹਣ ਸਿੰਘ ਜੀ ਜਲਾਲ ਉਸਮਾਂ।
੫੧. ਸ: ਜਾਤਾ ਸਿੰਘ ਜੀ ਜ਼ਿਲਾ ਅੰਬਾਲਾ।
੫੨. ,, ਸੁੰਦਰ ਸਿੰਘ ਜੀ ,, ਗੁਰਦਾਸਪੁਰ।
੫੩. ,, ਕਰਤਾ ਸਿੰਘ ਜੀ ਸਿਆਲਕੋਟ।
੫੪. ,, ਭਗਤ ਸਿੰਘ ਜੀ ਜਾਮਕੇ।

ਅਖ਼ਬਾਰਾਂ

੫੫. ਸ: ਰਾਜਿੰਦਰ ਸਿੰਘ ਜੀ ਐ: ਖਾ: ਐਡਵੋਕੇਟ।
੫੬. ਸ: ਗੁਰਬਖਸ਼ ਸਿੰਘ ਜੀ ਐਡੀਟਰ ਪੰਜਾਬੀ ਪੰਚ।
੫੭. ਸ: ਬੀਰ ਸਿੰਘ ਜੀ ਐ: ਪੰਜਾਬੀ ਡੈਣ।

ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕ ਤੇ ਪੁਰਾਣੇ ਵਿਦਿਆਰਥੀ ਮਿ: ਕਾਲਜ

੫੮. ਗਿ: ਪ੍ਰਤਾਪ ਸਿੰਘ ਜੀ।
੫੯. ਭਾ: ਨਿਰੰਜਨ ਸਿੰਘ ਜੀ।
੬੦. ,, ਵੱਸਣ ਸਿੰਘ ਜੀ।

ਹੋਰ ਸਜਣ

੬੧. ਸ: ਸਾਹਿਬ ਸਿੰਘ ਜੀ ਖਾ: ਕਾਲਜ।

ਸਿੰਘ ਸਭਾਵਾਂ

੬੨. ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਬੁਤਾਲਾ (ਅੰਮ੍ਰਿਤਸਰ) ਨਾਮ ਪੜ੍ਹਿਆ ਨਹੀਂ ਗਿਆ।
੬੩. ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਫ਼ੀਰੋਜ਼ਪੁਰ ਸ਼ਹਿਰ, ਨਾਮ ਪੜ੍ਹਿਆ ਨ ਗਿਆ।

ਇਸ ਤਰ੍ਹਾਂ ੩੧-੧੨-੩੩ ਦੀ ਕੁਲ ਹਾਜ਼ਰੀ ੧੭੦ + ੧੫ - ੬੩ ਅਰਥਾਤ ੧੨੨ ਸੀ।

ਪ੍ਰਧਾਨ ਜੀ ਅਤੇ ਕਨਵੀਨਰ ਸਾਹਿਬ ਨੇ ਕਾਰਰਵਾਈ ਦਾ ਤਰੀਕਾ ਫੇਰ ਸਮਝਾਇਆ ਅਤੇ ਸਮਾਗਮ ਪਾਸ ਅਪੀਲ ਕੀਤੀ ਕਿ ਕੇਵਲ ਲੈਕਚਰ ਦੇਣ ਦੀ ਖਾਹਸ਼ ਨਹੀਂ ਹੋਣੀ ਚਾਹੀਦੀ, ਥੋੜੇ ਸਜਣ ਬੋਲਣ ਅਤੇ ਓਹ ਵੀ ਥੋੜੇ ਲਫ਼ਜ਼ ਕਹਿਣ ਤਾਕਿ ਕੋਈ ਕੰਮ ਹੋ ਸਕੇ।

ਪ੍ਰੋ: ਤੇਜਾ ਸਿੰਘ ਜੀ ਨੇ **ਸ਼ਖਸੀ ਰਹਿਣੀ** ਦਾ ਪਹਿਲਾ ਹਿਸਾ '**ਨਾਮ ਬਾਣੀ**

SikhBookClub.com

ਦਾ ਅਭਿਆਸ ਪੇਸ਼ ਕਰਨਾ ਆਰੰਭ ਕੀਤਾ । ਇਸ ਦਾ ਪਹਿਲਾ ਅੰਕ ਹੇਠ ਲਿਖੇ ਅਨੁਸਾਰ ਪੜ੍ਹਕੇ ਸੁਣਾਇਆ:-

'ਸਿਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗ ਕੇ ਇਸ਼ਨਾਨ ਕਰੇ ਅਤੇ ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ ਨਾਮ ਜਪੇ ।'

ਇਸ ਸੰਬੰਧੀ ਦੋ ਤਰਮੀਮਾਂ ਪੇਸ਼ ਹੋਈਆਂ:-

(੧) 'ਪਹਿਰ ਰਾਤ ਰਹਿੰਦੀ' ਵਾਲੇ ਲਫ਼ਜ਼ ਕਟ ਦਿਤੇ ਜਾਣ ।

[ਸ: ਗੁਰਬਖਸ਼ ਸਿੰਘ ਜੀ ਧਾਤਨੀ, ਸ: ਅਮ੍ਰੀਕ ਸਿੰਘ ਜੀ, ਸ: ਗੁਰਬਚਨ ਸਿੰਘ ਜੀ]

(੨) 'ਨਾਮ ਜਪੇ' ਦੇ ਥਾਂ 'ਵਾਹਿਗੁਰੂ ਨਾਮ ਦਾ ਜਾਪ ਕਰੇ' ਕੀਤਾ ਜਾਵੇ ।

[ਸ: ਗੁਰਬਖਸ਼ ਸਿੰਘ ਜੀ, ਭਾਈ ਅਮ੍ਰੀਕ ਸਿੰਘ ਜੀ, ਸ: ਸਰਮੁਖ ਸਿੰਘ ਜੀ 'ਚਮਕ']

ਇਨ੍ਹਾਂ ਤਰਮੀਮਾਂ ਦੀ ਵਿਰੋਧਤਾ ਭੀ ਹੋਈ, ਪਰ ਰਹੁਰੀਤੀ ਸਬ-ਕਮੇਟੀ ਦੀ ਰਾਏ ਨੂੰ ਮੁਖ ਰਖਕੇ ਪਹਿਲੀ ਤਰਮੀਮ ਵਾਪਸ ਲੈ ਲਈ ਗਈ ਅਤੇ ਦੂਸਰੀ ਤਰਮੀਮ ਸਰਬ ਸੰਮਤੀ ਨਾਲ ਪਾਸ ਹੋ ਗਈ ।

ਫਿਰ ਦੂਸਰਾ ਅੰਕ ਪੇਸ਼ ਕੀਤਾ ਗਿਆ ਅਰਥਾਤ:-

"ਨਿਤ ਨੇਮ ਦਾ ਪਾਠ ਕਰੇ । ਨਿਤਨੇਮ ਦੀਆਂ ਬਾਣੀਆਂ ਇਹ ਹਨ:-ਜਪੁ, ਜਾਪੁ ਅਤੇ ੧੦ ਸਵੱਯੇ (ਸ੍ਰਾਵਗ ਸੁਧ ਵਾਲੇ) । ਇਹ ਬਾਣੀਆਂ ਅੰਮ੍ਰਿਤ ਵੇਲੇ ਪੜ੍ਹਨੀਆਂ ।

ਸੋਦਰੁ ਰਹਿਰਾਸ-ਸ਼ਾਮ ਵੇਲੇ ਸੂਰਜ ਡੁਬੇ ਪੜ੍ਹਨੀ, ਇਸ ਵਿਚ ਇਹ ਬਾਣੀਆਂ ਸ਼ਾਮਲ ਹਨ:- ਆਦਿ "

ਏਥੇ ਗਿਆਨੀ ਬਤਨ ਸਿੰਘ ਜੀ, ਸ: ਨਿਰੰਜਨ ਸਿੰਘ ਜੀ ਮਹਿਰਾਜ, ਸ: ਸਰਮੁਖ ਸਿੰਘ ਜੀ 'ਚਮਕ', ਸ: ਅਮ੍ਰੀਕ ਸਿੰਘ ਜੀ ਆਦਿ ਸਜਣਾਂ ਨੇ ਪੇਸ਼ ਕੀਤਾ ਕਿ ਅੰਮ੍ਰਿਤ ਵੇਲੇ ਪੰਜ ਬਾਣੀਆਂ ਪੜ੍ਹਨੀਆਂ ਜ਼ਰੂਰੀ ਹਨ । ਤਿੰਨ ਬਾਣੀਆਂ ਜੋ ਖਰੜੇ ਵਿਚ ਦਿਤੀਆਂ ਹਨ ਅਤੇ 'ਚੌਥੀ ਚੌਪਈ' ('ਹਮਰੀ ਕਰਹੁ ਹਾਥ ਦੇ ਰਛਾ' ਤੋਂ ਲੈ ਕੇ 'ਦੁਸ਼ਟ ਦੋਖ ਤੇ ਲੇਹੁ ਬਚਾਈ' ਤਕ) ਅਤੇ 'ਪੰਜਵੀਂ' ਅਨੰਦ ਸਾਹਿਬ ਸਾਰਾ ਚਾਲੀ ਪਉੜੀਆਂ ।"

SikhBookClub.com

ਪ੍ਰੋਫ਼ੈਸਰ ਗੰਗਾ ਸਿੰਘ ਜੀ, ਪ੍ਰੋ: ਤੇਜਾ ਸਿੰਘ ਜੀ, ਸੰਤ ਤੇਜਾ ਸਿੰਘ ਜੀ, ਭਾਈ ਸਾਹਿਬ ਕਾਹਨ ਸਿੰਘ ਜੀ, ਗਿਆਨੀ ਨਾਹਰ ਸਿੰਘ ਜੀ, ਸਿੰਘ ਸਾਹਿਬ ਗਿਆਨੀ ਕਰਤਾਰ ਸਿੰਘ ਜੀ, ਸ: ਗੁਰਪਾਲ ਸਿੰਘ ਜੀ ਆਦਿ ਸਜਣਾਂ ਨੇ ਦਸਿਆ ਕਿ ਪੁਰਾਤਨ ਮਰਯਾਦਾ ਅਨੁਸਾਰ ਜੋ ਪੁਰਾਣੇ ਗੁਟਕਿਆਂ, ਪੰਜ ਗ੍ਰੰਥੀਆਂ, ਸੂਰਜ ਪ੍ਰਕਾਸ਼, ਮਹਿਮਾ ਪ੍ਰਕਾਸ਼ ਆਦਿ ਵਿਚ ਦਰਜ ਹੈ। ਤਿੰਨ ਬਾਣੀਆਂ ਅੰਮ੍ਰਿਤ ਵੇਲੇ ਪੜ੍ਹੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਚਉਪਈ ਤੇ ਛੇ ਪਉੜੀਆਂ ਦਾ ਅਨੰਦ ਸਾਹਿਬ ਸੋਦਰ ਨਾਲ ਸ਼ਾਮ ਨੂੰ ਪੜ੍ਹੇ ਜਾਣੇ ਚਾਹੀਦੇ ਹਨ।

ਸ: ਨਰਿੰਦਰ ਸਿੰਘ ਜੀ ਕੰਦੋਲਾ ਨੇ ੪੦ ਪਉੜੀਆਂ ਵਾਲੇ ਅਨੰਦ ਸਾਹਿਬ ਤੇ ਬਹੁਤ ਜ਼ੋਰ ਦਿਤਾ।

ਪ੍ਰਧਾਨ ਸਾਹਿਬ ਨੇ ਰਾਵਾਂ ਲਈਆਂ ਕਿ ਅਨੰਦ ਸਾਹਿਬ ਸਵੇਰੇ ਪੜ੍ਹਨਾ ਚਾਹੀਦਾ ਹੈ ਕਿ ਸ਼ਾਮ ਨੂੰ। ੭੦ ਰਾਵਾਂ ਸਵੇਰੇ ਪੜ੍ਹਨ ਦੇ ਹੱਕ ਵਿਚ ਅਤੇ ੩੦ ਸ਼ਾਮ ਨੂੰ ਪੜ੍ਹਨ ਦੇ ਹੱਕ ਵਿਚ ਨਿਕਲੀਆਂ । ਪ੍ਰਧਾਨ ਜੀ ਨੇ ਰੂਲਿੰਗ ਦਿਤਾ ਕਿ ਇਹ ਮਾਮਲਾ ਰਹਰੀਤੀ ਸਬ-ਕਮੇਟੀ ਦੇ ਸਪੁਰਦ ਕੀਤਾ ਜਾਂਦਾ ਹੈ।

ਬਹਿਸ ਛਿੜਨ ਤੇ ਇਹ ਭੀ ਪਾਸ ਹੋਇਆ ਕਿ ਸਮਾਗਮ ਵਿਚ ਓਹ ਗੱਲ ਪਾਸ ਹੋਈ ਸਮਝੀ ਜਾਵੇਗੀ ਜੋ ੯੦ ਫ਼ੀ ਸਦੀ ਰਾਵਾਂ ਨਾਲ ਪਾਸ ਹੋਵੇ।

ਇਸ ਉਪਰੰਤ ਸ: ਸਰਮੁਖ ਸਿੰਘ ਜੀ ਚਮਕ ਦੀ ਤਜਵੀਜ਼ ਅਤੇ ਸ: ਰਛਪਾਲ ਸਿੰਘ ਜੀ ਦਰਦੀ ਦੀ ਤਾਈਦ ਤੇ ਬਹੁ-ਸੰਮਤੀ ਨੂੰ ਮੁਖ ਰਖਕੇ ਤਕਰੀਬਨ ਪੌਣੇ ਚਾਰ ਬਜੇ ਪ੍ਰਧਾਨ ਜੀ ਨੇ ਸਮਾਗਮ ਅਨਿਸਚਤ ਸਮੇਂ ਲਈ ਮੁਲਤਵੀ ਕਰ ਦਿਤਾ।

ਸਮਾਪਤੀ ਸਮੇਂ ਹੁਕਮ ਦੀ ਪਹਿਲੀ ਤੁਕ ਇਸ ਪ੍ਰਕਾਰ ਹੈ।

ਸੂਹੀ ਮਹਲਾ ੧ ਕਾਫੀ ਘਰੁ ੧੦

ੴ ਸਤਿਗੁਰ ਪ੍ਰਸਾਦਿ॥

ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ ॥

ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ ॥ ੧ ॥ [ਪੰਨਾ ੭੫੧

ਲਾਲ ਸਿੰਘ ਮੀਤ ਸਕੱਤ੍ਰ,

੧-੧-੩੪] ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

—o—

SikhBookClub.com

ਵਿਚ ਹੋਈ ਲਿਖਾ ਪੜ੍ਹੀ ਸਮੇਤ ਪੇਸ਼ ਹੋਇਆ ਅਤੇ ਪ੍ਰਵਾਨ ਕੀਤਾ ਗਿਆ।

੧੩੭. ਪ੍ਰਵਾਨ ਹੋਇਆ ਕਿ ਗੁ: ਛੇਵੀਂ ਪਾਤਸ਼ਾਹੀ ਪਿੰਡ ਅਜਾਲੀ ਕਲਾਂ ਤਹਿਸੀਲ ਅਤੇ ਜ਼ਿਲਾ ਲੁਧਿਆਨਾ ਲਈ ਸੂਬੇਦਾਰ ਦਲ ਸਿੰਘ ਜੀ ਸਪੁਤ੍ਰ ਸ: ਨਿਹਾਲ ਸਿੰਘ ਜੀ ਪਿੰਡ ਤੇ ਡਾਕ ਘਰ ਅਜਾਲੀ ਕਲਾਂ ਜ਼ਿਲਾ ਲੁਧਿਆਨਾ ਨੂੰ ਗੁ: ਐਕਟ ਦੀ ਦਫ਼ਾ ੮੭ ਅਨੁਸਾਰ ਪੰਜਵਾਂ ਮੈਂਬਰ ਨਾਮਜ਼ਦ ਕੀਤਾ ਜਾਂਦਾ ਹੈ।

੧੩੯. ਸ: ਵਸਾਖਾ ਸਿੰਘ ਜੀ ਸਕੱਤ੍ਰ ਗੁ: ਕਮੇਟੀ ਲਾਹੌਰ ਦੀ ਗੁ: ਐਕਟ ਦੀ ਦਫ਼ਾ ੧੩੫ (੪) ਹੇਠ ਅਪੀਲ ਪੇਸ਼ ਹੋਕੇ ਪ੍ਰਵਾਨ ਹੋਇਆ ਕਿ ਗੁ:ਕਮੇਟੀ ਲਾਹੌਰ ਵਲੋਂ ਇਸ ਕੰਮ ਲਈ ਬਾਕਾਇਦਾ ਨੀਯਤ ਹੋਏ ਪ੍ਰਤੀਨਿਧ ਅਤੇ ਸਰਦਾਰ ਵਸਾਖਾ ਸਿੰਘ ਨੂੰ ਸਦ ਕੇ ਇਸ ਮਾਮਲੇ ਸੰਬੰਧੀ ਉਨ੍ਹਾਂ ਦੇ ਬਿਆਨ ਲਏ ਜਾਣ ਅਤੇ ਫਿਰ ਬਿਆਨਾਂ ਸੰਬੰਧੀ ਵਧੇਰੇ ਪੜਗਿਛ ਕਰਨ ਲਈ ਉਨ੍ਹਾਂ ਨੂੰ ਅੰਤ੍ਰਿੰਗ ਕਮੇਟੀ ਦੀ ਇਕੱਤ੍ਰਤਾ ਵਿਚ ਸਦਿਆ ਜਾਵੇ। ਬਿਆਨ ਲੈਣ ਅਤੇ ਇਸ ਸੰਬੰਧੀ ਤਾਰੀਖ਼ ਨੀਅਤ ਕਰਨ ਦੇ ਅਧਿਕਾਰ ਸ: ਲਾਲ ਸਿੰਘ ਜੀ ਮੀਤ ਸਕੱਤ੍ਰ ਸ਼੍ਰੋ: ਗੁ: ਪ੍ਰ: ਕਮੇਟੀ ਨੂੰ ਦਿਤੇ ਜਾਂਦੇ ਹਨ।

੧੪੪. ਪ੍ਰਵਾਨ ਹੋਇਆ ਕਿ ਸ: ਗੋਪਾਲ ਸਿੰਘ ਜੀ ਜਿਨ੍ਹਾਂ ਉਤੇ ਗੁ: ਸ਼ਹੀਦ ਗੰਜ ਦੇ ਸੰਬੰਧ ਵਿਚ ਇਕ ਫ਼ੌਜਦਾਰੀ ਮੁਕੱਦਮਾ ਲਾਹੌਰ ਚਲ ਰਿਹਾ ਹੈ, ਦੇ ਮੁਕੱਦਮੇ ਦਾ ਪ੍ਰਬੰਧ ਕੀਤਾ ਜਾਵੇ। ਇਸ ਸੰਬੰਧੀ ਲੋੜੀਂਦਾ ਖ਼ਰਚ ਗੁ: ਸ਼ਹੀਦ ਗੰਜ ਫ਼ੰਡ ਵਿਚੋਂ ਕੀਤਾ ਜਾਵੇ।

੧੪੫. ਪ੍ਰਵਾਨ ਹੋਇਆ ਕਿ ਗੁ: ਕਮੇਟੀਆਂ ਦੇ ਨਾਮ ਇਕ ਸਰਕੂਲਰ ਜਾਰੀ ਕੀਤਾ ਜਾਵੇ ਕਿ ਉਹ ਆਪਣੇ ਪੂਰੇ ਵਕਤ ਦੇ ਮੁਲਾਜ਼ਮਾਂ ਨੂੰ ਹਦਾਇਤ ਕਰ ਦੇਣ ਕਿ ਉਹ ਮੁਲਾਜ਼ਮਤ ਵਿਚ ਹੁੰਦਿਆਂ ਹੋਇਆਂ ਛੁਟੀ ਤੇ ਜਾ ਕੇ ਭੀ ਨਿਜ ਲਈ ਉਗਰਾਹੀ ਜਾਂ ਕੋਈ ਭੇਟਾ ਵਸੂਲ ਨਹੀਂ ਕਰ ਸਕਦੇ ਅਤੇ ਨਾ ਹੀ ਕੋਈ ਹੋਰ ਨੌਕਰੀ ਜਾਂ ਕਾਰੋਬਾਰ (ਜਿਸ ਨਾਲ ਕੋਈ ਮਾਇਕ ਲਾਭ ਪੁਜੇ) ਕਰ ਸਕਦੇ ਹਨ।

੧੪੯. ਸਰਬ ਹਿੰਦ ਸਿਖ ਮਿਸ਼ਨ ਬੋਰਡ ਦਾ ਮਤਾ ਨੰ: ੧ ਮਿਤੀ ੧. ੮. ੩੬ ਪੇਸ਼ ਹੋਕੇ ਪ੍ਰਵਾਨ ਹੋਇਆ ਕਿ ਜਦ ਤਕ ਜਨਰਲ ਕਮੇਟੀ ਕੋਈ ਹੋਰ ਫ਼ੈਸਲਾ ਨਾ ਕਰੇ ਤਦ ਤਕ ਸਮੂਹ ਗੁਰਦੁਆਰਿਆਂ ਵਿਚ ਰਹੁਰੀਤੀ ਅਤੇ ਰਹਿਤ ਮਰਯਾਦਾ ਹੇਠ ਲਿਖੇ ਅਨੁਸਾਰ ਕੀਤੀ ਜਾਇਆ ਕਰੇ।

SikhBookClub.com

Appendix - IV

ੴ ਸਤਿਗੁਰ ਪ੍ਰਸਾਦਿ ॥

ਸਿੱਖ ਰਹਿਤ ਮਰਯਾਦਾ

ਸਿੱਖ ਦੀ ਤਾਰੀਫ਼

ਜੋ ਇਸਤ੍ਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ) ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਾਂ ਗੁਰੂ ਸਾਹਿਬਾਨ ਦੀ ਬਾਣੀ ਤੇ ਸਿਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸਚਾ ਰਖਦਾ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।

ਸਿੱਖ ਦੀ ਰਹਿਣੀ ਦੋ ਤਰ੍ਹਾਂ ਦੀ ਹੈ, ਸ਼ਖ਼ਸੀ ਤੇ ਪੰਥਕ

ਸ਼ਖ਼ਸੀ ਰਹਿਣੀ

(੧) ਨਾਮ ਬਾਣੀ ਦਾ ਅਭਿਆਸ, (੨) ਗੁਰਮਤ ਦੀ ਰਹਿਣੀ, (੩) ਸੇਵਾ।

(੧) ਨਾਮ ਬਾਣੀ ਦਾ ਅਭਿਆਸ

੧. ਸਿਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗ ਕੇ ਇਸ਼ਨਾਨ ਕਰੇ ਅਤੇ ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ ਨਾਮ ਜਪੇ।

੨. ਨਿਤਨੇਮ ਦਾ ਪਾਠ ਕਰੇ। ਨਿਤਨੇਮ ਦੀਆਂ ਬਾਣੀਆਂ ਇਹ ਹਨ:-

ਜਪੁ, ਜਾਪੁ ਅਤੇ ੧੦ ਸਵੱਯੇ ('ਸ੍ਰਾਵਗ ਸੁੱਧ' ਵਾਲੇ) ਇਹ ਬਾਣੀਆਂ ਅੰਮ੍ਰਿਤ ਵੇਲੇ ਪੜ੍ਹਨੀਆਂ।

ਸੋਦਰੁ ਰਹਿਰਾਸ—ਸ਼ਾਮ ਵੇਲੇ ਸੂਰਜ ਡੁੱਬੇ ਪੜ੍ਹਨੀ। ਇਸ ਵਿਚ ਇਹ ਬਾਣੀਆਂ ਸ਼ਾਮਲ ਹਨ:-

ਸ੍ਰੀ ਗੁਰ ਗ੍ਰੰਥ ਸਾਹਿਬ ਜੀ ਦੇ ਵਿਚ ਲਿਖੇ ਹੋਏ ਨੌਂ ਸ਼ਬਦ ('ਸੋਦਰੁ' ਤੋਂ ਲੈ ਕੇ 'ਸਰਣਿ ਪਰੇ ਕੀ ਰਾਖਹੁ ਸਰਮਾ' ਤੱਕ), ਬੇਨਤੀ ਚੌਪਈ ਪਾਤਸ਼ਾਹੀ ੧੦ ('ਹਮਰੀ ਕਰੋ ਹਾਥ ਦੈ ਰਛਾ' ਤੋਂ ਲੈ ਕੇ 'ਦੁਸ਼ਟ ਦੋਖ ਤੇ ਲੇਹੁ ਬਚਾਈ' ਤਕ), ਅਨੰਦ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ*।

ਸੋਹਿਲਾ—ਇਹ ਬਾਣੀ ਰਾਤ ਨੂੰ ਸਉਣ

---

* ਇਸ ਮੌਕੇ ਤੇ ਜਾਂ ਦੀਵਾਨ ਦੀ ਸਮਾਪਤੀ ਤੇ ਜੋ ਅਨੰਦ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ, ਉਹਦਾ ਭਾਵ ਕੇਵਲ ਗੁਰੂ ਦੇ ਮਿਲਾਪ ਲਈ ਖ਼ੁਸ਼ੀ ਤੇ ਧੰਨਵਾਦ ਕਰਨਾ ਹੁੰਦਾ ਹੈ

SikhBookClub.com

ਵੇਲੇ ਪੜ੍ਹਨੀ। ਅੰਮ੍ਰਿਤ ਵੇਲੇ ਅਤੇ ਸੋਦਰੁ ਵੇਲੇ ਦੇ ਨਿਤਨੇਮ ਤੋਂ ਉਪਰੰਤ ਅਰਦਾਸ ਕਰਨੀ ਜ਼ਰੂਰੀ ਹੈ।

੩. (ੳ) ਅਰਦਾਸ† ਇਹ ਹੈ:–

ੴ ਵਾਹਿਗੁਰੂ ਜੀ ਕੀ ਫ਼ਤਹ॥
ਸ੍ਰੀ ਭਗੌਤੀ ਜੀ ਸਹਾਇ।
ਵਾਰ ਸ੍ਰੀ ਭਗੌਤੀ ਜੀ ਕੀ। ਪਾਤਸ਼ਾਹੀ ੧੦।
ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ।
ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈਂ ਸਹਾਇ।
ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ।
ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੇ ਸਭਿ ਦੁਖ ਜਾਇ।
ਤੇਗ ਬਹਾਦਰ ਸਿਮਰੀਐ ਘਰ ਨਉ ਨਿਧਿ ਆਵੈ ਧਾਇ।
ਸਭ ਥਾਈਂ ਹੋਇ ਸਹਾਇ।
ਦਸਵਾਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ! ਸਭ ਥਾਈਂ ਹੋਇ ਸਹਾਇ।
ਦਸਾਂ ਪਾਤਿਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ!

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ, ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ, ਖਾਲਸਾ ਜੀ! ਬੋਲੋ ਜੀ ਵਾਹਿਗੁਰੂ!

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ, ਖਾਲਸਾ ਜੀ! ਬੋਲੋ ਜੀ ਵਾਹਿਗੁਰੂ!!

ਪੰਜਾਂ ਤਖ਼ਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ!!

ਪ੍ਰਿਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖਾਲਸਾ ਜੀ ਕੋ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਚਿਤ ਆਵੇ, ਚਿਤ ਆਵਨ ਕਾ ਸਦਕਾ ਸਰਬ ਸੁਖ ਹੋਵੇ। ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ, ਦੇਗ ਤੇਗ ਫ਼ਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ,

† ਇਹ ਅਰਦਾਸ ਦਾ ਨਮੂਨਾ ਹੈ। 'ਪ੍ਰਿਥਮ ਭਗੌਤੀ' ਵਾਲੇ ਸ਼ਬਦ ਅਤੇ 'ਨਾਨਕ ਨਾਮ' ਵਾਲੀਆਂ ਅੰਤਲੀਆਂ ਦੋ ਤੁਕਾਂ ਵਿਚ ਕੋਈ ਤਬਦੀਲੀ ਨਹੀਂ ਹੋ ਸਕਦੀ।

SikhBookClub.com

ਖਾਲਸੇ ਜੀ ਕੇ ਬੋਲ ਬਾਲੇ, ਬੋਲੋ ਜੀ ਵਾਹਿਗੁਰੂ !!

ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਂਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ !!!

ਸਿੱਖਾਂ ਦਾ ਮਨ ਨੀਵਾਂ ਮਤ ਉਚੀ, ਮਤ ਦਾ ਰਾਖਾ ਆਪਿ ਵਾਹਿਗੁਰੂ। ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸਚੇ ਪਿਤਾ, ਵਾਹਿਗੁਰੂ। ਆਪ ਦੇ ਹਜ਼ੂਰ......*ਦੀ ਅਰਦਾਸ ਹੈ ਜੀ।

ਅਖਰ ਵਾਧਾ ਘਾਟਾ ਭੁਲ ਚੁਕ ਮਾਫ਼ ਕਰਨੀ।

ਸਰਬੱਤ ਦੇ ਕਾਰਜ ਰਾਸ ਕਰਨੇ।

ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ।
ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬੱਤ ਕਾ ਭਲਾ।

ਇਸਤੋਂ ਉਪਰੰਤ ਅਰਦਾਸ ਵਿਚ ਸ਼ਾਮਲ ਹੋਣ ਵਾਲੀ ਸਾਰੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਅਦਬ ਨਾਲ ਮੱਥਾ ਟੇਕੇ ਅਤੇ ਫਿਰ ਖੜੇ ਹੋਕੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਬੁਲਾਵੇ। ਉਪਰੰਤ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ ਜਾਵੇ।

(ਅ) ਅਰਦਾਸ ਹੋਣ ਸਮੇਂ ਸੰਗਤ ਵਿਚ ਹਾਜ਼ਰ ਸਾਰੇ ਇਸਤ੍ਰੀ ਪੁਰਸ਼ਾਂ ਨੂੰ ਹਥ ਜੋੜ ਕੇ ਖੜਾ ਹੋਣਾ ਚਾਹੀਦਾ ਹੈ। ਜੋ ਸੱਜਣ ਸ੍ਰੀ ਗੁਰੂ ਗਰੰਥ ਸਾਹਿਬ ਦੀ ਤਾਬਿਆ ਬੈਠਾ ਹੋਵੇ, ਉਹ ਭੀ ਉਠ ਕੇ ਚੌਰ ਕਰੇ।

(ੲ) ਅਰਦਾਸ ਕਰਨ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਖੜੇ ਹੋ ਕੇ ਹੱਥ ਜੋੜ ਕੇ ਅਰਦਾਸ ਕਰੇ। ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੌਜੂਦ ਨਾ ਹੋਣ ਤਾਂ ਕਿਸੇ ਪਾਸੇ ਮੂੰਹ ਕਰਕੇ ਅਰਦਾਸ ਕਰੇ, ਪ੍ਰਵਾਨ ਹੈ।

(ਸ) ਜਦੋਂ ਕੋਈ ਖਾਸ ਅਰਦਾਸ ਕਿਸੇ ਇਕ ਜਾਂ ਵਧੀਕ ਆਦਮੀਆਂ ਵਲੋਂ ਹੋਵੇ, ਤਾਂ ਉਨ੍ਹਾਂ ਤੋਂ ਬਿਨਾਂ ਸੰਗਤਿ ਵਿਚ ਬੈਠੇ ਹੋਰਨਾਂ ਦਾ ਉਠਣਾ ਜ਼ਰੂਰੀ ਨਹੀਂ।

੪. ਸਾਧ ਸੰਗਤਿ ਵਿਚ ਜੁੜ ਕੇ ਗੁਰਬਾਣੀ ਦਾ ਅਭਿਆਸ:—

ਗੁਰਦੁਆਰੇ

(ੳ) ਗੁਰਬਾਣੀ ਦਾ ਅਸਰ ਸਾਧ ਸੰਗਤ ਵਿਚ ਬੈਠਿਆਂ ਵਧੇਰੇ ਹੁੰਦਾ ਹੈ। ਇਸ ਲਈ ਸਿਖ ਲਈ ਉਚਿਤ ਹੈ ਕਿ ਸਿਖ ਸੰਗਤਾਂ ਦੇ ਜੋੜ ਮੇਲ ਦੇ ਅਸਥਾਨਾਂ ਗੁਰਦਵਾਰਿਆਂ ਦੇ ਦਰਸ਼ਨ ਕਰੇ ਅਤੇ ਸਾਧ ਸੰਗਤ ਵਿਚ ਬੈਠਕੇ ਗੁਰਬਾਣੀ ਤੋਂ ਲਾਭ ਉਠਾਵੇ।

(ਅ) ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਿਤਾ-ਪ੍ਰਤਿ ਹੋਵੇ। ਬਿਨਾਂ ਖਾਸ ਕਾਰਨ ਦੇ (ਜਦ ਕਿ ਪ੍ਰਕਾਸ਼

*ਇਥੇ ਉਸ ਬਾਣੀ ਦਾ ਨਾਮ ਲਵੋ, ਜੋ ਪੜ੍ਹੀ ਹੈ, ਜਾਂ ਜਿਸ ਕਾਰਜ ਲਈ ਇਕੱਤ੍ਰਤਾ ਜਾਂ ਸੰਗਤ ਜੁੜੀ ਹੋਵੇ, ਉਸਦਾ ਜ਼ਿਕਰ ਯੋਗ ਸ਼ਬਦਾਂ ਵਿਚ ਕਰੋ।

SikhBookClub.com

ਜਾਗੀ ਰੱਖਣ ਦੀ ਲੋੜ ਹੋਵੇ) ਰਾਤ ਨੂੰ ਪ੍ਰਕਾਸ਼ ਨਾ ਰਹੇ। ਆਮ ਤੌਰ ਤੇ ਰਹਿਰਾਸ ਦੇ ਪਾਠ ਮਗਰੋਂ ਸੁਖ ਆਸਨ ਕੀਤਾ ਜਾਵੇ। ਜਦ ਤਕ ਗ੍ਰੰਥੀ ਜਾਂ ਸੇਵਾਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਲਈ ਹਾਜ਼ਰ ਰਹਿ ਸਕੇ, ਜਾਂ ਪਾਠੀਆਂ ਦਰਸ਼ਨੀਕਾਂ ਦੀ ਆਵਾਜਾਈ ਰਹੇ, ਜਾਂ ਬੇਅਦਬੀ ਦਾ ਖਤਰਾ ਨਾ ਹੋਵੇ, ਤਦ ਤਕ ਪ੍ਰਕਾਸ਼ ਰਹੇ, ਉਪਰੰਤ ਸੁਖ ਆਸਨ ਕਰ ਦੇਣਾ ਉਚਿਤ ਹੈ, ਤਾਂ ਜੋ ਬੇਅਦਬੀ ਨਾ ਹੋਵੇ।

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਨਮਾਨ ਨਾਲ ਪ੍ਰਕਾਸ਼ਿਆ, ਪੜ੍ਹਿਆ ਅਤੇ ਸੰਤੋਖਿਆ ਜਾਵੇ। ਪ੍ਰਕਾਸ਼ ਲਈ ਜ਼ਰੂਰੀ ਹੈ ਕਿ ਅਸਥਾਨ ਸਾਫ਼ ਸੁਥਰਾ ਹੋਵੇ। ਉੱਪਰ ਚਾਂਦਨੀ ਹੋਵੇ। ਪ੍ਰਕਾਸ਼ ਮੰਜੀ ਸਾਹਿਬ ਤੇ ਸਾਫ਼ ਸੁਥਰੇ ਬਸਤਰ ਵਿਛਾ ਕੇ ਕੀਤਾ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਨੂੰ ਸੰਭਾਲ ਕੇ ਪ੍ਰਕਾਸ਼ਣ ਲਈ ਗਦੇਲੇ ਆਦਿ ਸਮਿਆਨ ਵਰਤੇ ਜਾਣ ਅਤੇ ਉਪਰ ਲਈ ਰੁਮਾਲ ਹੋਵੇ। ਜਦ ਪਾਠ ਨਾ ਹੁੰਦਾ ਹੋਵੇ, ਤਾਂ ਉੱਤੋਂ ਰੁਮਾਲ ਪਿਆ ਰਹੇ। ਪ੍ਰਕਾਸ਼ ਵੇਲੇ ਚੌਰ ਭੀ ਚਾਹੀਏ।

(ਸ) ਉਪਰ ਦਸੇ ਸਮਿਆਨ ਤੋਂ ਇਲਾਵਾ ਧੂਪ ਜਾਂ ਦੀਵੇ ਮਚਾ ਕੇ ਆਰਤੀ ਕਰਨੀ, ਭੋਗ ਲਾਉਣਾ, ਜੋਤਾਂ ਜਗਾਉਣੀਆਂ, ਟੱਲ ਖੜਕਾਉਣੇ ਆਦਿ ਕਰਮ ਗੁਰਮਤ ਅਨੁਸਾਰ ਨਹੀਂ। ਹਾਂ, ਸਥਾਨ ਨੂੰ ਸੁਗੰਧਿਤ ਕਰਨ ਲਈ ਫੁਲ, ਧੂਪ ਆਦਿ ਸੁਗੰਧੀਆਂ ਵਰਤਣੀਆਂ ਵਿਵਰਜਤ ਨਹੀਂ। ਕਮਰੇ ਅੰਦਰ ਰੌਸ਼ਨੀ ਲਈ ਤੇਲ, ਘੀ ਜਾਂ ਮੋਮਬਤੀ, ਬਿਜਲੀ, ਲੈਂਪ ਆਦਿ ਜਗਾ ਲੈਣੇ ਚਾਹੀਏ ਹਨ।

(ਹ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਤੇ ਤੁਲ ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ। ਗੁਰਦੁਆਰੇ ਵਿਚ ਕੋਈ ਮੂਰਤੀ ਪੂਜਾ ਜਾਂ ਹੋਰ ਗੁਰਮਤ ਦੇ ਵਿਰੁਧ ਕੋਈ ਰੀਤੀ ਜਾਂ ਸੰਸਕਾਰ ਨਾ ਹੋਵੇ, ਨਾ ਹੀ ਕੋਈ ਅਨਮਤ ਦਾ ਤਿਉਹਾਰ ਮਨਾਇਆ ਜਾਵੇ। ਹਾਂ, ਕਿਸੇ ਮੌਕੇ ਜਾਂ ਇਕੱਤ੍ਰਤਾ ਨੂੰ ਗੁਰਮਤ ਦੇ ਪ੍ਰਚਾਰ ਲਈ ਵਰਤਣਾ ਅਜੋਗ ਨਹੀਂ।

(ਕ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੀੜ੍ਹੇ ਦੇ ਪਾਵਿਆਂ ਨੂੰ ਮੁਠੀਆਂ ਭਰਨੀਆਂ, ਕੰਧਾਂ ਜਾਂ ਥੜ੍ਹਿਆਂ ਤੇ ਨੱਕ ਰਗੜਨਾ ਜਾਂ ਮੁਠੀਆਂ ਭਰਨੀਆਂ, ਮੰਜੀ ਸਾਹਿਬ ਹੇਠ ਪਾਣੀ ਰਖਣਾ, ਗੁਰਦੁਆਰਿਆਂ ਵਿਚ ਮੂਰਤੀਆਂ (ਬੁਤ) ਬਣਾਉਣੀਆਂ ਜਾਂ ਰਖਣੀਆਂ—ਇਹੋ ਜਿਹੇ ਕਰਮ ਮਨਮਤ ਹਨ।

(ਖ) ਇਕ ਤੋਂ ਦੂਜੀ ਥਾਂ ਅਸਵਾਰਾ ਸਾਹਿਬ ਲੈ ਜਾਣ ਵੇਲੇ ਅਰਦਾਸ ਕਰਨੀ ਚਾਹੀਏ। ਜਿਸ ਨੇ ਸਿਰ ਤੇ ਅਸਵਾਰਾ ਸਾਹਿਬ ਚੁਕਿਆ ਹੋਵੇ, ਉਹ ਨੰਗੇ ਪੈਰੀਂ ਚਲੇ, ਪਰ ਜੇਕਰ ਕਿਸੇ ਮੌਕੇ ਜੋੜਾ ਪਾਣ ਦੀ ਅੜੀ ਲੋੜ ਪੈ ਜਾਵੇ, ਤਾਂ ਭਰਮ ਨਹੀਂ ਕਰਨਾ।

(ਗ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਰਦਾਸਾ ਸੋਧ ਕੇ ਪ੍ਰਕਾਸ਼ ਕੀਤਾ ਜਾਵੇ। ਪ੍ਰਕਾਸ਼ ਕਰਨ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਇਕ ਸ਼ਬਦ ਦਾ ਵਾਕ ਲਿਆ ਜਾਵੇ।

(ਘ) ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਆਵੇ, ਤਾਂ ਭਾਵੇਂ ਅਗੇ ਪ੍ਰਕਾਸ਼ ਹੋਇਆ ਹੋਵੇ ਜਾਂ ਨਾ, ਹਰ ਇਕ ਸਿਖ ਨੂੰ ਸਨਮਾਨ ਲਈ ਉਠ ਖੜੋਣਾ ਚਾਹੀਏ।

(ਙ) ਗੁਰਦੁਆਰੇ ਅੰਦਰ ਜਾਣ ਲਗਿਆਂ ਜੋੜੇ ਬਾਹਰ ਲਾਹ ਕੇ ਸੁਥਰਾ ਹੋ ਕੇ ਜਾਣਾ

SikhBookClub.com

ਚਾਹੀਏ। ਜੇ ਪੈਰ ਮੈਲੇ ਜਾਂ ਗੰਦੇ ਹੋਣ, ਤਾਂ ਜਲ ਨਾਲ ਧੋ ਲੈਣੇ ਚਾਹੀਏ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਥਵਾ ਗੁਰਦੁਆਰੇ ਨੂੰ ਆਪਣੇ ਸਜੇ ਪਾਸੇ ਰਖ ਕੇ ਪ੍ਰਕਰਮਾਂ ਕਰਨੀ ਚਾਹੀਏ।

(ੲ) ਗੁਰਦੁਆਰੇ ਅੰਦਰ ਦਰਸ਼ਨਾਂ ਲਈ ਜਾਣ ਲਈ ਕਿਸੇ ਦੇਸ਼ ਮਜ਼ਹਬ ਜ਼ਾਤ ਵਾਲੇ ਨੂੰ ਮਨਾਹੀ ਨਹੀਂ, ਪਰ ਉਸ ਦੇ ਪਾਸ ਸਿਖ ਧਰਮ ਤੋਂ ਵਿਵਰਜਤ (ਤਮਾਕੂ ਆਦਿ) ਕੋਈ ਚੀਜ਼ ਨਹੀਂ ਹੋਣੀ ਚਾਹੀਦੀ।

(ਸ) ਗੁਰਦੁਆਰੇ ਅੰਦਰ ਜਾ ਕੇ ਸਿਖ ਦਾ ਪਹਿਲਾ ਕਰਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਸਿਰ ਨਿਵਾ ਕੇ ਮੱਥਾ ਟੇਕਣਾ ਹੈ। ਉਪਰੰਤ ਗੁਰੂ ਰੂਪ ਸੰਗਤ ਦੇ ਦਰਸ਼ਨ ਕਰਕੇ ਸਹਿਜ ਨਾਲ ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹ ਬੁਲਾਈ ਜਾਵੇ।

(ਹ) ਸੰਗਤ ਵਿਚ ਬੈਠਣ ਲਈ ਭੀ ਸਿੱਖ ਅਸਿੱਖ, ਛੂਤ ਛਾਤ, ਜ਼ਾਤ ਪਾਤ, ਊਚ ਨੀਚ ਦਾ ਭਰਮ ਜਾਂ ਵਿਤਕਰਾ ਨਹੀਂ ਕਰਨਾ।

(ਕ) ਕਿਸੇ ਮਨੁਖ ਦਾ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਜਾਂ ਸੰਗਤ ਵਿਚ ਗਦੇਲਾ, ਆਸਣ, ਕੁਰਸੀ, ਚੌਕੀ, ਮੰਜਾ ਆਦਿ ਲਾ ਕੇ ਬੈਠਣਾ ਜਾਂ ਕਿਸੇ ਹੋਰ ਵਿਤਕਰੇ ਨਾਲ ਬੈਠਣਾ ਮਨਮਤ ਹੈ।

(ਖ) ਸੰਗਤ ਵਿਚ ਜਾਂ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਕਿਸੇ ਸਿਖ ਨੂੰ ਨੰਗੇ ਸਿਰ ਨਹੀਂ ਬੈਠਣਾ ਚਾਹੀਦਾ। ਸੰਗਤ ਵਿਚ ਸਿਖ ਇਸਤ੍ਰੀਆਂ ਲਈ ਪਰਦਾ ਕਰਨਾ ਜਾਂ ਘੁੰਡ ਕਢਣਾ ਗੁਰਮਤ ਵਿਰੁਧ ਹੈ।

(ਗ) ਤਖ਼ਤ ਚਾਰ ਹਨ:—(੧) ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ, (੨) ਤਖ਼ਤ ਪਟਨਾ ਸਾਹਿਬ, (੩) ਸ੍ਰੀ ਕੇਸ ਗੜ੍ਹ ਸਾਹਿਬ, ਅਨੰਦ ਪੁਰ, (੪) ਸ੍ਰੀ ਹਜ਼ੂਰ ਸਾਹਿਬ, ਨਾਂਦੇੜ।

(ਘ) ਤਖ਼ਤਾਂ ਦੇ ਖ਼ਾਸ ਅਸਥਾਨ ਉਤੇ ਕੇਵਲ ਰਹਿਤਵਾਨ ਅੰਮ੍ਰਿਤਧਾਰੀ (ਸਿੰਘ ਜਾਂ ਸਿੰਘਣੀ) ਹੀ ਚੜ੍ਹ ਸਕਦੇ ਹਨ।

(ਙ) ਤਖ਼ਤਾਂ ਉਤੇ ਪਤਿਤ ਤੇ ਤਨਖਾਹੀਏ ਸਿਖ ਤੋਂ ਬਿਨਾਂ ਹਰ ਇਕ ਪ੍ਰਾਣੀ ਮਾਤ੍ਰ, ਸਿਖ ਗੁਰ ਸਿਖ ਦੀ ਅਰਦਾਸ ਹੋ ਸਕਦੀ ਹੈ।

(ਚ) ਹਰ ਇਕ ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਕਿਸੇ ਉਚੇਰੀ ਥਾਂ ਤੇ ਲਗਾ ਹੋਵੇ। ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਵੇ ਅਤੇ ਨਿਸ਼ਾਨ ਸਾਹਿਬ ਦੇ ਸਿਰ ਤੇ ਸਰਬ ਲੋਹ ਦਾ ਖੰਡਾ ਹੋਵੇ।

ਕੀਰਤਨ

(ੳ) ਸੰਗਤ ਵਿਚ ਕੀਰਤਨ ਕੇਵਲ ਸਿਖ ਹੀ ਕਰ ਸਕਦਾ ਹੈ।

(ਅ) ਕੀਰਤਨ ਗੁਰਬਾਣੀ ਨੂੰ ਰਾਗ ਵਿਚ ਉਚਾਰਣ ਕਰਨ ਨੂੰ ਕਹਿੰਦੇ ਹਨ।

(ੲ) ਸੰਗਤ ਵਿਚ ਕੀਰਤਨ ਕੇਵਲ ਗੁਰਬਾਣੀ ਜਾਂ ਇਸ ਦੀ ਵਿਆਖਿਆ ਸਰੂਪ ਰਚਨਾ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਹੋ ਸਕਦਾ ਹੈ।

(ਸ) ਸ਼ਬਦਾਂ ਨੂੰ ਸੋਟੀਆਂ ਦੀ ਧਾਰਨਾ ਜਾਂ ਰਾਗ ਨਾਲ ਪੜ੍ਹਦਿਆਂ ਬਾਹਰ ਦੀਆਂ ਮਨਘੜਤ ਬੇ ਵਾਧੂ ਤੁਕਾਂ ਲਾ ਕੇ ਧਾਰਨਾ ਲਾਉਣੀ ਜਾਂ ਗਾਉਣਾ ਅਯੋਗ ਹੈ। ਸ਼ਬਦ ਦੀ ਤੁਕ ਹੀ ਧਾਰਨਾ ਬਣਾਈ ਜਾਵੇ।

SikhBookClub.com

'ਹੁਕਮ' ਲੈਣਾ

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਮੱਥਾ ਟੇਕਣਾ ਗੁਰੂ ਰੂਪ ਸੰਗਤ ਦੇ ਅਦਬ ਨਾਲ ਦਰਸ਼ਨ ਕਰਨੇ ਤੇ ਆਵਾਜ਼ ਲੈਣਾ ਜਾਂ ਸੁਣਨਾ ਸਤਿਗੁਰੂ ਦੇ ਦਰਸ਼ਨ ਹਨ। ਵਾਕ ਲੈਣ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਮਾਲ ਚੁਕ ਚੁਕ ਕੇ 'ਦਰਸ਼ਨ' ਕਰਨਾ ਜਾਂ ਕਰਾਉਣਾ ਮਨਮਤ ਹੈ।

(ਅ) ਸੰਗਤ ਵਿਚ ਇਕ ਵਕਤ ਇਕੋ ਗਲ ਹੋਣੀ ਚਾਹੀਏ,—ਜਾਂ ਕੀਰਤਨ ਜਾਂ ਕਥਾ, ਵਖਿਆਨ ਜਾਂ ਪਾਠ।

(ੲ) ਦੀਵਾਨ ਸਮੇਂ ਸੰਗਤਿ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਕੇਵਲ ਸਿਖ (ਮਰਦ ਜਾਂ ਤੀਵੀਂ) ਹੀ ਬੈਠਣ ਦਾ ਅਧਿਕਾਰੀ ਹੈ।

(ਸ) ਸੰਗਤ ਨੂੰ ਪਾਠ ਕੇਵਲ ਸਿਖ ਹੀ ਕਰਕੇ ਸੁਣਾਵੇ। ਆਪਣੇ ਆਪ ਲਈ ਪਾਠ ਕੋਈ ਗ਼ੈਰ-ਸਿਖ ਭੀ ਕਰ ਸਕਦਾ ਹੈ।

(ਹ) 'ਹੁਕਮ' ਲੈਣ ਲਗਿਆਂ ਖਬੇ ਪੰਨੇ ਦੇ ਉਤਲੇ ਪਾਸਿਓਂ ਪਹਿਲਾ ਸ਼ਬਦ, ਜੋ ਜਾਰੀ ਹੈ, ਮੁਢ ਤੋਂ ਪੜ੍ਹਨਾ ਚਾਹੀਏ। ਜੇ ਉਸ ਸ਼ਬਦ ਦਾ ਮੁਢ ਪਿਛਲੇ ਪੰਨੇ ਤੋਂ ਸ਼ੁਰੂ ਹੁੰਦਾ ਹੈ, ਤਾਂ ਪਤਰਾ ਪਰਤ ਕੇ ਪੜ੍ਹਨਾ ਸ਼ੁਰੂ ਕਰੇ ਅਤੇ ਸ਼ਬਦ ਸਾਰਾ ਪੜ੍ਹੇ। ਜੇ 'ਵਾ੦' ਹੋਵੇ, ਤਾਂ ਪਉੜੀ ਦੇ ਸਾਰੇ ਸਲੋਕ ਅਤੇ ਪਉੜੀ ਪੜ੍ਹਨੀ ਚਾਹੀਏ। ਸ਼ਬਦ ਦੇ ਅੰਤ ਵਿਚ ਜਿਥੇ 'ਨਾਨਕ' ਨਾਮ ਆ ਜਾਵੇ, ਉਸ ਤੁਕ ਉਤੇ ਭੋਗ ਪਾਇਆ ਜਾਵੇ।

(ਕ) ਦੀਵਾਨ ਦੀ ਸਮਾਪਤੀ ਜਾਂ ਭੋਗ ਦਾ ਅਰਦਾਸਾ ਹੋਕੇ ਅੰਤਿਮ 'ਹੁਕਮ' ਲਿਆ ਜਾਵੇ।

ਸਧਾਰਨ ਪਾਠ

(ੳ) ਹਰ ਇਕ ਸਿਖ ਨੂੰ ਵੱਸ ਲਗੇ ਆਪਣੇ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਨ ਦਾ ਵੱਖਰਾ ਤੇ ਨਵੇਕਲਾ ਅਸਥਾਨ ਨੀਯਤ ਕਰਨਾ ਚਾਹੀਏ।

(ਅ) ਹਰ ਇਕ ਸਿਖ ਸਿਖਣੀ, ਬਚੇ ਬੱਚੀ ਨੂੰ ਗੁਰਮੁਖੀ ਪੜ੍ਹਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਣਾ ਸਿਖਣਾ ਚਾਹੀਏ।

(ੲ) ਹਰ ਇਕ ਸਿਖ ਅੰਮ੍ਰਿਤ ਵੇਲੇ ਪਰਸ਼ਾਦ ਛਕਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 'ਹੁਕਮ' ਲਵੇ। ਜੇ ਇਸ ਵਿਚ ਉਕਾਈ ਹੋ ਜਾਵੇ, ਤਾਂ ਦਿਨ ਵਿਚ ਕਿਸੇ ਨਾ ਕਿਸੇ ਵੇਲੇ ਜ਼ਰੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰੇ ਜਾਂ ਸੁਣੇ। ਸਫ਼ਰ ਆਦਿ ਔਕੜ ਵੇਲੇ ਦਰਸ਼ਨ ਕਰਨ ਤੋਂ ਅਸਮਰਥ ਹੋਵੇ, ਤਾਂ ਸ਼ੰਕਾ ਨਹੀਂ ਕਰਨੀ।

(ਸ) ਚੰਗਾ ਤਾਂ ਇਹ ਹੈ ਕਿ ਹਰ ਇਕ ਸਿਖ ਆਪਣਾ ਸਧਾਰਣ ਪਾਠ ਜਾਰੀ ਰਖੇ ਅਤੇ ਮਹੀਨੇ ਦੋ ਮਹੀਨੇ ਮਗਰੋਂ (ਜਾਂ ਜਿਤਨੇ ਸਮੇਂ ਵਿਚ ਹੋ ਸਕੇ) ਭੋਗ ਪਾਵੇ।

(ਹ) ਪਾਠ ਅਰੰਭ ਕਰਨ ਸਮੇਂ ਅਨੰਦ ਸਾਹਿਬ (ਪਹਿਲੀਆਂ ਪੰਜ ਪਉੜੀਆਂ ਤੇ ਇਕ ਅੰਤਲੀ ਪਉੜੀ) ਦੇ ਪਾਠ ਮਗਰੋਂ ਅਰਦਾਸਾ ਕਰਕੇ ਹੁਕਮ ਲੈਣਾ ਚਾਹੀਏ, ਫੇਰ ਜਪੁ ਸਾਹਿਬ ਦਾ ਪਾਠ ਕਰਨਾ ਚਾਹੀਏ।

ਅਖੰਡ ਪਾਠ

(ੳ) ਅਖੰਡ ਪਾਠ ਕਿਸੇ ਭੀੜ ਜਾਂ ਉਤਸ਼ਾਹ ਵੇਲੇ ਕੀਤਾ ਜਾਂਦਾ ਹੈ। ਇਹ ਕਰੀਬਨ ੪੮ ਘੰਟੇ ਵਿਚ ਸੰਪੂਰਨ ਕੀਤਾ ਜਾਂਦਾ ਹੈ।

SikhBookClub.com

ਇਸ ਵਿਚ ਪਾਠ ਲਗਾਤਾਰ ਬਿਨਾਂ ਤੋੜ ਦੇ ਕੀਤਾ ਜਾਂਦਾ ਹੈ। ਪਾਠ ਸਾਫ਼ ਤੇ ਸ਼ੁਧ ਹੋਵੇ। ਬਹੁਤ ਤੇਜ਼ ਪੜ੍ਹਨਾ, ਜਿਸ ਤੋਂ ਸੁਣਨ ਵਾਲਾ ਕੁਝ ਸਮਝ ਨਾ ਸਕੇ, ਗੁਰਬਾਣੀ ਦੀ ਨਿਰਾਦਰੀ ਹੈ। ਅੱਖਰ ਮਾਤ੍ਰਾ ਦਾ ਧਿਆਨ ਰੱਖ ਕੇ ਪਾਠ ਸ਼ੁਧ ਤੇ ਸਾਫ਼ ਕਰਨਾ ਚਾਹੀਏ, ਭਾਵੇਂ ਸਮਾਂ ਕੁਝ ਵਧੀਕ ਲਗ ਜਾਵੇ।

(ਅ) ਅਖੰਡ ਪਾਠ ਜਿਸ ਪਰਵਾਰ ਜਾਂ ਸੰਗਤ ਨੇ ਕਰਨਾ ਹੈ, ਉਹ ਆਪ ਕਰੇ, ਟੱਬਰ ਦੇ ਆਦਮੀ, ਸਾਕ ਸੰਬੰਧੀ ਮਿਤਰ ਆਦਿ ਮਿਲ ਕੇ ਕਰਨ। ਪਾਠੀਆਂ ਦੀ ਗਿਣਤੀ ਮੁਕੱਰਰ ਨਹੀਂ।

ਜੇ ਕੋਈ ਆਦਮੀ ਆਪ ਪਾਠ ਨਹੀਂ ਕਰ ਸਕਦਾ, ਤਾਂ ਕਿਸੇ ਚੰਗੇ ਪਾਠੀ ਕੋਲੋਂ ਸੁਣ ਲਵੇ, ਪਰ ਇਹ ਨਾ ਹੋਵੇ ਕਿ ਪਾਠੀ ਆਪੇ ਇਕੱਲਾ ਬਹਿ ਕੇ ਪਾਠ ਕਰਦਾ ਰਹੇ ਤੇ ਸੰਗਤ ਜਾਂ ਟੱਬਰ ਦਾ ਕੋਈ ਆਦਮੀ ਨਾ ਸੁਣਦਾ ਹੋਵੇ। ਪਾਠੀ ਦੀ ਯਥਾ ਸ਼ਕਤ ਭੋਜਨ, ਬਸਤਰ ਆਦਿ ਨਾਲ ਯੋਗ ਸੇਵਾ ਕੀਤੀ ਜਾਵੇ।

(ੲ) ਅਖੰਡ ਪਾਠ ਜਾਂ ਹੋਰ ਕਿਸੇ ਤਰਾਂ ਦੇ ਪਾਠ ਵੇਲੇ ਕੁੰਭ, ਜੋਤ ਆਦਿ ਰਖਣਾ, ਜਾਂ ਨਾਲ ਨਾਲ ਜਾਂ ਵਿਚ ਵਿਚ ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰਖਣਾ, ਮਨਮਤ ਹੈ।

ਪਾਠ ਦਾ ਆਰੰਭ

ਸਾਧਾਰਨ ਪਾਠ ਦੇ ਆਰੰਭ ਵੇਲੇ ਪ੍ਰਸ਼ਾਦ ਲਿਆ ਕੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰਕੇ ਅਰਦਾਸ ਮਗਰੋਂ 'ਹੁਕਮ' ਲਿਆ ਜਾਵੇ।

ਅਖੰਡ ਪਾਠ ਵੇਲੇ ਕੜਾਹ ਪ੍ਰਸ਼ਾਦ ਹੋਵੇ, ਫੇਰ ਅਨੰਦ ਸਾਹਿਬ (ਛੇ ਪਉੜੀਆਂ) ਦੇ ਪਾਠ ਮਗਰੋਂ ਅਰਦਾਸ ਕਰਕੇ ਅਤੇ 'ਹੁਕਮ' ਲੈ ਕੇ ਪਾਠ ਦਾ ਆਰੰਭ ਕੀਤਾ ਜਾਵੇ।

ਭੋਗ

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਣ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉਤੇ ਪਾਇਆ ਜਾਵੇ। (ਇਸ ਗਲ ਬਾਬਤ ਪੰਥ ਵਿਚ ਅਜੇ ਤਕ ਮਤ ਭੇਦ ਹੈ, ਇਸ ਲਈ ਰਾਗ ਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ)। ਇਸ ਤੋਂ ਉਪਰੰਤ ਅਨੰਦ ਸਾਹਿਬ ਦਾ ਪਾਠ ਕਰਕੇ ਭੋਗ ਦਾ ਅਰਦਾਸਾ ਕੀਤਾ ਜਾਵੇ ਤੇ ਕੜਾਹ ਪਰਸ਼ਾਦ ਵਰਤਾਇਆ ਜਾਵੇ।

(ਅ) ਭੋਗ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲੋੜ ਅਨੁਸਾਰ ਰੁਮਾਲ, ਚੌਰ, ਚਾਨਣੀ, ਆਦਿ ਦੇ ਭੇਟਾ, ਅਤੇ ਪੰਥਕ ਕਾਰਜਾਂ ਲਈ ਯਥਾ-ਸ਼ਕਤ 'ਅਰਦਾਸ' ਕਰਾਈ ਜਾਵੇ।

ਕੜਾਹ ਪ੍ਰਸ਼ਾਦ

(ੳ ਕੜਾਹ ਪ੍ਰਸ਼ਾਦ ਜੋ ਵਿਧੀ ਅਨੁਸਾਰ ਤਿਆਰ ਕਰਕੇ ਜਾਂ ਕਰਾਕੇ ਲਿਆਂਦਾ ਜਾਵੇ, ਸੰਗਤ ਵਿਚ ਪ੍ਰਵਾਨ ਹੋਵੇਗਾ।

(ਅ) ਕੜਾਹ ਪ੍ਰਸ਼ਾਦ ਤਿਆਰ ਕਰਨ ਦੀ ਵਿਧੀ ਇਹ ਹੈ:–

ਸੁਅੱਛ ਭਾਂਡੇ ਵਿਚ ਤ੍ਰਿਭਾਵਲੀ (ਆਟਾ, ਉਤਮ ਮਿਠਾ ਤੇ ਘੀ ਇਕੋ ਜਿਹੇ ਪਾ ਕੇ) ਗੁਰਬਾਣੀ ਦਾ ਪਾਠ ਕਰਦੇ ਹੋਏ ਤਿਆਰ ਕੀਤਾ ਜਾਵੇ, ਫਿਰ ਸੁਅੱਛ ਬਸਤ੍ਰ ਨਾਲ ਢਕ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸੁਅੱਛ ਚੌਂਕੀ ਉਪਰ ਰਖਿਆ ਜਾਵੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸਿਖਾਂ ਨੇ

SikhBookClub.com

ਉੱਚੀ ਆਵਾਜ਼ ਵਿਚ ਸੁਣਾ ਕੇ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ ਦਾ ਪਾਠ* ਕੀਤਾ ਜਾਵੇ ਅਤੇ ਅਰਦਾਸਾ ਸੋਧਿਆ ਜਾ ਕੇ ਪ੍ਰਵਾਨਗੀ ਲਈ ਕਿਰਪਾਨ ਭੇਟ ਹੋਵੇ।

(ਏ) ਇਸ ਦੇ ਉਪਰੰਤ ਸੰਗਤ ਨੂੰ ਵਰਤਾਉਣ ਤੋਂ ਪਹਿਲਾਂ ਕੜਾਹ ਪਰਸ਼ਾਦ ਵਿਚੋਂ ਪੰਜਾਂ ਪਿਆਰਿਆਂ ਦਾ ਗੱਫਾ ਕਢਿਆ ਜਾਵੇ। ਵਰਤਾਉਣ ਵਾਲਾ ਸਿੰਘ ਤਿਆਰ ਬਰ ਤਿਆਰ ਹੋਵੇ। ਉਹ ਕਿਸੇ ਕੋਲੋਂ ਪੁਛੇ ਨਾ ਕਿ ਕੀ ਤੂੰ ਤਿਆਰ ਬਰਤਿਆਰ ਹੈਂ ਜਾਂ ਨਹੀਂ, ਕੇਵਲ ਆਪ ਹੀ ਸੰਗਤਿ ਵਿਚ ਨਜ਼ਰ ਮਾਰ ਕੇ ਵੇਖ ਲਵੇ ਕਿ ਕਿਹੜਾ ੨ ਰਹਿਤ ਵਿਚ ਪੱਕਾ ਦਿਸਦਾ ਹੈ। ਜੇ ਸੰਗਤਿ (ਜਿਸ ਵਿਚ ਤਾਬੇ ਬੈਠਾ ਸਿੰਘ ਭੀ ਸ਼ਾਮਲ ਹੈ) ਵਿਚ ਪੰਜਾਂ ਤੋਂ ਘੱਟ ਤਿਆਰ ਬਰ ਤਿਆਰ ਸਿੰਘ ਮਿਲਣ, ਤਾਂ ਜਿਤਨੇ ਹੋਣ ਉਨ੍ਹਾਂ ਨੂੰ ਵਰਤਾ ਕੇ ਬਾਕੀ ਦਾ ਛਾਂਦਾ ਕੜਾਹ ਪ੍ਰਸ਼ਾਦ ਦੀ ਦੇਗ ਵਿਚ ਰਲਾ ਕੇ ਸਾਰੀ ਸੰਗਤ ਵਿਚ ਵਰਤਾ ਦੇਵੇ। ਸੰਗਤ ਵਿਚ ਵਰਤਾਉਣ ਲਗਿਆਂ ਪਹਿਲਾਂ ਤਾਬੇ ਬੈਠੇ ਸਿੰਘ *ਨੂੰ ਕਟੋਰੇ ਜਾਂ ਕੌਲ ਵਿਚ ਪਾਕੇ ਦੇਵੇ ਤੇ ਫਿਰ ਬਾਕੀ ਸੰਗਤ ਨੂੰ ਵਰਤਾਵੇ। ਕਿਸੇ ਦਾ ਲਿਹਾਜ਼ ਜਾਂ ਘ੍ਰਿਣਾ ਕਰਕੇ ਵਿਤਕਰਾ ਨਾ ਕਰੇ, ਸਭ ਸਿਖ ਅਣਸਿੱਖ, ਨੀਚ ਊਚ ਜ਼ਾਤ ਵਾਲੇ ਨੂੰ ਇਕੋ ਜਿਹਾ ਵਰਤਾਵੇ। ਕੜਾਹ ਪ੍ਰਸ਼ਾਦ ਵਰਤਾਣ ਵੇਲੇ ਸੰਗਤ ਵਿਚ ਬੈਠੇ ਕਿਸੇ ਮਨੁਖ ਤੋਂ ਜ਼ਾਤ ਪਾਤ ਜਾਂ ਛੂਤ ਛਾਤ ਦਾ ਖਿਆਲ ਕਰਕੇ ਗਿਲਾਨੀ ਨਹੀਂ ਕਰਨੀ ਚਾਹੀਦੀ।

(ਸ) ਕੜਾਹ ਪ੍ਰਸ਼ਾਦ ਭੇਟਾ ਕਰਨ ਵੇਲੇ ਘਟ ਤੋਂ ਘਟ ਇਕ ਟਕਾ ਨਕਦ ਅਰਦਾਸ ਭੀ ਹੋਵੇ।

੫. ਗੁਰਬਾਣੀ ਦੀ ਕਥਾ:-

(ੳ) ਸੰਗਤ ਵਿਚ ਗੁਰਬਾਣੀ ਦੀ ਕਥਾ ਸਿਖ ਹੀ ਕਰੇ।

(ਅ) ਕਥਾ ਦਾ ਮਨੋਰਥ ਗੁਰਮਤ ਦਾ ਦ੍ਰਿੜਾਉਣਾ ਹੀ ਹੋਵੇ।

(ੲ) ਕਥਾ ਦਸ ਗੁਰੂ ਸਾਹਿਬਾਨ ਦੀ ਬਾਣੀ, ਜਾਂ ਭਾਈ ਗੁਰਦਾਸ, ਭਾਈ ਨੰਦ ਲਾਲ ਜਾਂ ਕਿਸੇ ਹੋਰ ਪ੍ਰਮਾਣੀਕ ਪੰਥਕ ਪੁਸਤਕ ਜਾਂ ਇਤਿਹਾਸ ਦੀਆਂ ਪੁਸਤਕਾਂ (ਜੋ ਗੁਰਮਤ ਅਨਕੂਲ ਹੋਣ) ਦੀ ਹੋ ਸਕਦੀ ਹੈ; ਪਰ ਅਨਮਤ ਦੇ ਕਿਸੇ ਪੁਸਤਕ ਦੀ ਨਹੀਂ ਹੋ ਸਕਦੀ। ਹਾਂ, ਪਰਮਾਣ ਕਿਸੇ ਮਹਾਤਮਾ ਜਾਂ ਪੁਸਤਕ ਦੀ ਉਤਮ ਸਿਖਿਆ ਦਾ ਲਿਆ ਜਾ ਸਕਦਾ ਹੈ।

੬- ਵਖਿਆਨ:-ਗੁਰਦਵਾਰੇ ਵਿਚ ਗੁਰਮੱਤ ਤੋਂ ਵਿਰੁਧ ਕੋਈ ਵਖਿਆਨ ਨਹੀਂ ਹੋ ਸਕਦਾ।

੭. ਗੁਰਦਵਾਰੇ ਵਿੱਚ ਸੰਗਤਿ ਦਾ ਪ੍ਰੋਗਰਾਮ ਆਮ ਤੌਰ ਤੇ ਇਉਂ ਹੁੰਦਾ ਹੈ:-

ਸ੍ਰੀ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼, ਕੀਰਤਨ, ਕਥਾ, ਵਖਿਆਨ, ਅਨੰਦ ਸਾਹਿਬ, ਅਰਦਾਸ, ਫ਼ਤਹ, ਸਤਿ ਸ੍ਰੀ

*ਇਕ ਵਾਰੀ ਅਨੰਦ ਸਾਹਿਬ ਦਾ ਪਾਠ ਹੋ ਚੁਕਣ ਮਗਰੋਂ ਜੇ ਫਿਰ ਕੜਾਹ ਪ੍ਰਸ਼ਾਦ ਦੀ ਦੇਗ ਆ ਜਾਵੇ, ਤਾਂ ਅਨੰਦ ਸਾਹਿਬ ਦਾ ਪਾਠ ਮੁੜ ਮੁੜ ਨਹੀਂ ਕਰਨਾ, ਕ੍ਰਿਪਾਨ ਭੇਟ ਕਰਨਾ ਹੀ ਕਾਫ਼ੀ ਹੈ।

†ਤਾਬੇ ਬੈਠੇ ਸਿੰਘ ਨੂੰ ਦੂਹਰਾ ਗੱਫਾ ਦੇਣਾ ਅਯੋਗ ਵਿਤਕਰਾ ਹੈ।

SikhBookClub.com

ਅਕਾਲ ਦਾ ਜੈਕਾਰਾ ਤੇ 'ਹੁਕਮ'।

(੨) ਗੁਰਮਤ ਦੀ ਰਹਿਣੀ

੧. ਸਿਖ ਦੀ ਆਮ ਰਹਿਣੀ, ਕਿਰਤ ਵਿਰਤ ਗੁਰਮਤ ਅਨੁਸਾਰ ਹੋਵੇ।

ਗੁਰਮਤ ਇਹ ਹੈ:-

(ੳ) ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ ਦੇਵਤੇ ਦੀ ਉਪਾਸ਼ਨਾ ਨਹੀਂ ਕਰਨੀ।

(ਅ) ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ।

(ੲ) ਦਸ ਗੁਰੂ ਸਾਹਿਬਾਨ ਨੂੰ ਇਕੋ ਜੋਤਿ ਦਾ ਪ੍ਰਕਾਸ਼ ਇਕੋ ਰੂਪ ਕਰਕੇ ਮੰਨਣਾ।

(ਸ) ਜਾਤ ਪਾਤ, ਛੂਤ ਛਾਤ, ਜੰਤ੍ਰ ਮੰਤ੍ਰ, ਤੰਤ੍ਰ, ਸ਼ਗਨ, ਤਿਥ, ਮਹੂਰਤ, ਗ੍ਰਹਿ, ਰਾਸ਼ਾਂ, ਸ਼ਰਾਧ, ਪਿਤਰ, ਖਿਆਹ, ਪਿੰਡ ਪੱਤਲ, ਦੀਵਾ, ਕਿਰਿਆ ਕਰਮ, ਹੋਮ, ਜੱਗ, ਤਰਪਣ, ਸਿਖਾ ਸੂਤ, ਭਦਣ, ਇਕਾਦਸ਼ੀ ਪੂਰਨਮਾਸ਼ੀ ਆਦਿ ਦੇ ਵਰਤ, ਤਿਲਕ, ਜੰਞੂ, ਤੁਲਸੀ ਮਾਲਾ, ਗੋਰ, ਮਟ, ਮੜ੍ਹੀ, ਮੂਰਤੀ ਪੂਜਾ ਆਦਿ ਭਰਮ-ਰੂਪ ਕਰਮਾਂ ਉਤੇ ਨਿਸਚਾ ਨਹੀਂ ਕਰਨਾ।

ਗੁਰ ਅਸਥਾਨ ਤੋਂ ਬਿਨਾਂ ਕਿਸੇ ਅਨ-ਧਰਮ ਦੇ ਤੀਰਥ ਜਾਂ ਧਾਮ ਨੂੰ ਆਪਣਾ ਅਸਥਾਨ ਨਹੀਂ ਮੰਨਣਾ।

ਪੀਰ, ਬ੍ਰਾਹਮਣ, ਪੁਛਣਾ, ਸੁਖਣਾ, ਸ਼ੀਰਨੀ, ਵੇਦ, ਸ਼ਾਸਤ੍ਰ, ਗਾਇਤ੍ਰੀ, ਗੀਤਾ, ਕੁਰਾਨ, ਅੰਜੀਲ ਆਦਿ ਉਤੇ ਨਿਸਚਾ ਨਹੀਂ ਕਰਨਾ। ਹਾਂ, ਆਮ ਵਾਕਫ਼ੀ ਲਈ ਅਨਮਤਾਂ ਦੇ ਗ੍ਰੰਥਾਂ ਦਾ ਪੜ੍ਹਨਾ ਯੋਗ ਹੈ।

(ਹ) ਖਾਲਸਾ ਸਾਰੇ ਮਤਾਂ ਤੋਂ ਨਿਆਰਾ ਰਹੇ; ਪਰ ਕਿਸੇ ਅਨ-ਧਰਮੀ ਦਾ ਦਿਲ ਨਾ ਦੁਖਾਵੇ।

(ਕ) ਹਰ ਇਕ ਕੰਮ ਕਰਨ ਤੋਂ ਪਹਿਲਾਂ ਵਾਹਿਗੁਰੂ ਅਗੇ ਅਰਦਾਸ ਕਰੇ।

(ਖ) ਸਿਖ ਲਈ ਗੁਰਮੁਖੀ ਵਿਦਿਆ ਪੜ੍ਹਨੀ ਜ਼ਰੂਰੀ ਹੈ। ਹੋਰ ਵਿਦਿਆ ਭੀ ਪੜ੍ਹੇ।

(ਗ) ਸੰਤਾਨ ਨੂੰ ਗੁਰਸਿਖੀ ਦੀ ਵਿਦਿਆ ਦੁਆਉਣੀ ਸਿਖ ਦਾ ਫ਼ਰਜ਼ ਹੈ।

(ਘ) 'ਕੇਸ ਲੜਕੇ ਕੇ ਜੋ ਹੋਇ ਸੋ ਉਨ੍ਹਾਂ ਦਾ ਬੁਰਾ ਨਾ ਮੰਗੇ। ਕੇਸ ਉਹੀ* ਰਖੇ, ਨਾਮ ਸਿੰਘ ਰਖੇ'। ਸਿਖ ਆਪਣੇ ਲੜਕੇ ਲੜਕੀਆਂ ਦੇ ਕੇਸ ਸਾਬਤ ਰਖੇ।

(ਙ) ਸਿਖ ਭੰਗ, ਅਫੀਮ, ਸ਼ਰਾਬ, ਤਮਾਕੂ ਆਦਿ ਨਸ਼ੇ ਨਾ ਵਰਤੇ। ਅਮਲ ਪ੍ਰਸ਼ਾਦੇ ਦਾ ਹੀ ਰਖੇ।

(ਚ) ਸਿਖ ਮਰਦ ਅਥਵਾ ਇਸਤ੍ਰੀ ਨੂੰ ਨਕ ਕੰਨ ਛੇਦਨਾ ਮਨ੍ਹਾਂ ਹੈ।

(ਛ) ਗੁਰੂ ਕਾ ਸਿੱਖ ਕੰਨਿਆਂ ਨਾ ਮਾਰੇ, ਕੁੜੀ-ਮਾਰ ਨਾਲ ਨਾ ਵਰਤੇ।

(ਜ) ਗੁਰੂ ਕਾ ਸਿਖ ਧਰਮ ਦੀ ਕਿਰਤ ਕਰਕੇ ਨਿਰਬਾਹ ਕਰੇ।

(ਝ) ਗੁਰੂ ਕਾ ਸਿਖ ਗਰੀਬ ਦੀ ਰਸਨਾ ਨੂੰ ਗੁਰੂ ਕੀ ਗੋਲਕ ਜਾਣੇ।

(ਞ) ਚੋਰੀ ਯਾਰੀ ਨਾ ਕਰੇ, ਜੂਆ ਨਾ ਖੇਡੇ।

(ਟ) 'ਪਰ-ਬੇਟੀ ਕੋ ਬੇਟੀ ਜਾਨੈ।
ਪਰ-ਇਸਤ੍ਰੀ ਕੋ ਮਾਤ ਬਖਾਨੈ।
ਅਪਨੀ ਇਸਤ੍ਰੀ ਸੋਂ ਰਤ ਹੋਈ।

*ਜਮਾਂਦਰੂ।

SikhBookClub.com

ਰਹਿਤਵਾਨ ਗੁਰ ਕਾ ਸਿਖ ਸੋਈ।' ਇਸੇ ਤਰ੍ਹਾਂ ਸਿਖ ਇਸਤ੍ਰੀ ਆਪਣੇ ਪਤੀਬ੍ਰਤ ਧਰਮ ਵਿਚ ਰਹੇ।

(ਠ) ਗੁਰੂ ਦਾ ਸਿਖ ਜਨਮ ਤੋਂ ਲੈਕੇ ਦੇਹਾਂਤ ਤਕ ਗੁਰ ਮਰਯਾਦਾ ਕਰੇ।

(ਡ) ਸਿਖ ਸਿਖ ਨੂੰ ਮਿਲਣ ਸਮੇਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਬੁਲਾਵੇ। ਮਰਦ ਇਸਤ੍ਰੀ ਦੋਹਾਂ ਲਈ ਇਹੋ ਹੁਕਮ ਹੈ।

(ਢ) ਸਿਖ ਇਸਤ੍ਰੀਆਂ ਲਈ ਪਰਦਾ ਜਾਂ ਘੁੰਡ ਕਰਨਾ ਉਚਿਤ ਨਹੀਂ।

(ਣ) ਸਿਖ ਲਈ ਕਛਹਿਰੇ ਤੇ ਦਸਤਾਰ ਤੋਂ ਛੁਟ ਪੁਸ਼ਾਕ ਸੰਬੰਧੀ ਬਾਕੀ ਕੋਈ ਪਾਬੰਦੀ ਨਹੀਂ। ਸਿਖ ਇਸਤ੍ਰੀ ਦਸਤਾਰ ਸਜਾਵੇ ਜਾਂ ਨਾ ਸਜਾਵੇ ਦੋਵੇਂ ਠੀਕ ਹਨ।

੨. ਜਨਮ ਤੇ ਨਾਮ-ਸੰਸਕਾਰ

(ੳ) ਜਦ ਵਾਹਿਗੁਰੂ ਦੀ ਕਿਰਪਾ ਨਾਲ ਸਿਖ ਦੇ ਘਰ ਬਾਲਕ ਦਾ ਜਨਮ ਹੋਵੇ, ਤਾਂ ਗੁੜ੍ਹਤੀ ਦੀ ਥਾਂ ਜਲ ਵਿਚ ਪਤਾਸੇ ਪਾ ਕੇ ਮੂਲ ਮੰਤ੍ਰ ਉਚਾਰਣ ਕਰਕੇ ਕਿਰਪਾਨ ਦੀ ਨੋਕ ਨਾਲ ਇਕ ਦੋ ਬੂੰਦਾਂ ਬਾਲਕ ਦੇ ਮੂੰਹ ਵਿਚ ਪਾ ਦਿਤੀਆਂ ਜਾਣ। ਬਾਕੀ ਦਾ ਜਲ ਮਾਤਾ ਪੀ ਲਵੇ। ਫੇਰ 'ਦੀਆ ਪੂਤ ਸਭ ਹਰਿ ਕੇ ਕੀਏ' ਗੁਰਵਾਕ ਅਨੁਸਾਰ ਵਾਹਿਗੁਰੂ ਦੇ ਧੰਨਵਾਦ ਅਤੇ ਮਾਤਾ ਦੀ ਅਰੋਗਤਾ ਲਈ ਅਰਦਾਸਾ ਕੀਤਾ ਜਾਵੇ।

(ਅ) ਜਦ ਮਾਤਾ ਉਠਣ ਬੈਠਣ ਤੇ ਇਸ਼ਨਾਨ ਕਰਨ ਦੇ ਜੋਗ ਹੋਵੇ, ਤਾਂ (ਦਿਨਾਂ ਦੀ ਕੋਈ ਗਿਣਤੀ ਮੁਕੱਰਰ ਨਹੀਂ) ਟੱਬਰ ਤੇ ਸੰਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦ ਲੈ ਕੇ ਜਾਣ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ 'ਪਰਮੇਸਰਿ ਦਿਤਾ ਬੰਨਾ' (ਸੋਰਠਿ ਮ: ੫) 'ਸਤਿਗੁਰਿ ਸਾਚੈ ਦੀਆ ਭੇਜਿ' (ਆਸਾ ਮ: ੫) ਆਦਿ ਖੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ। ਉਪਰੰਤ ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਰਖਿਆ ਹੋਵੇ, ਤਾਂ ਪਾਠ ਦਾ ਭੋਗ ਪਾਇਆ ਜਾਵੇ। ਫਿਰ ਵਾਕ ਲਿਆ ਜਾਵੇ। ਵਾਕ ਦੇ ਆਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗ੍ਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪਰਵਾਨਗੀ ਲੈ ਕੇ ਨਾਮ ਪਰਗਟ ਕਰੇ। ਲੜਕੇ ਦੇ ਨਾਉਂ ਪਿਛੇ 'ਸਿੰਘ' ਸ਼ਬਦ ਅਤੇ ਲੜਕੀ ਦੇ ਨਾਉਂ ਪਿਛੇ 'ਕੌਰ' ਸ਼ਬਦ ਲਗਾਇਆ ਜਾਵੇ।

ਉਪਰੰਤ ਅਨੰਦ ਸਾਹਿਬ (ਛੇ ਪੌੜੀਆਂ) ਮਗਰੋਂ ਬੱਚੇ ਦੇ ਨਾਮ ਸੰਸਕਾਰ ਦੀ ਖੁਸ਼ੀ ਦਾ ਜੋੜ ਸ਼ਬਦਾਂ ਵਿਚ ਅਰਦਾਸਾ ਕਰਕੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ।

(ੲ) ਜਨਮ ਦੇ ਸੰਬੰਧ ਵਿਚ ਖਾਣ ਪੀਣ ਵਿਚ ਕੋਈ ਸੂਤਕ ਦਾ ਭਰਮ ਨਹੀਂ ਕਰਨਾ, ਕਿਉਂਕਿ 'ਜੰਮਣੁ ਮਰਨਾ ਹੁਕਮੁ ਹੈ ਭਾਣੈ ਆਵੈ ਜਾਇ। ਖਾਣਾ ਪੀਣਾ ਪਵਿਤ੍ਰ ਹੈ ਦਿਤੋਨੁ ਰਿਜਕੁ ਸੰਬਾਹਿ।'

(ਸ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲ ਤੋਂ ਚੋਲਾ ਬਣਾ ਕੇ ਪਾਉਣਾ ਆਦਿ ਮਨ-ਮੱਤ ਹੈ।

੩. ਅਨੰਦ ਸੰਸਕਾਰ

(ੳ) ਸਿਖ ਸਿਖਣੀ ਦਾ ਵਿਆਹ ਬਿਨਾਂ ਜ਼ਾਤ ਪਾਤ ਗੋਤ ਵਿਚਾਰੇ ਦੇ ਹੋਣਾ ਚਾਹੀਏ।

(ਅ) ਸਿਖ ਦੀ ਪੁਤ੍ਰੀ ਦਾ ਵਿਆਹ ਸਿਖ ਨਾਲ ਹੀ ਹੋਵੇ।

SikhBookClub.com

(ੲ) ਸਿਖ ਦਾ ਵਿਆਹ 'ਅਨੰਦ' ਰੀਤੀ ਨਾਲ ਕਰਨਾ ਚਾਹੀਏ।

(ਸ) ਲੜਕੀ ਲੜਕੇ ਦਾ ਵਿਆਹ ਬਚਪਨ ਵਿਚ ਕਰਨਾ ਵਿਵਰਜਿਤ ਹੈ।

(ਹ) ਜਦ ਲੜਕੀ ਸਰੀਰ, ਮਨ ਤੇ ਆਚਾਰ ਕਰਕੇ ਵਿਆਹ ਕਰਨ ਦੇ ਯੋਗ ਹੋ ਜਾਵੇ, ਤਾਂ ਕਿਸੇ ਯੋਗ ਸਿਖ ਨਾਲ 'ਅਨੰਦ' ਪੜ੍ਹਾਇਆ ਜਾਵੇ।

(ਕ) ਅਨੰਦ ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ; ਪਰ ਜੇ ਕਰਨੀ ਹੋਵੇ, ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧਕੇ ਇਕ ਕ੍ਰਿਪਾਨ, ਕੜਾ ਤੇ ਕੁਝ ਮਿਠਾ ਲੜਕੇ ਦੇ ਪਲੇ ਪਾ ਦੇਣ।

(ਖ) ਅਨੰਦ ਦਾ ਦਿਨ ਮੁਕੱਰਰ ਕਰਨ ਲਗਿਆਂ ਕੋਈ ਥਿਤਿ ਵਾਰ ਚੰਗੇ ਮੰਦੇ ਦਿਨ ਦੀ ਖੋਜ ਕਰਨ ਲਈ ਪਤਰੀ ਵਾਚਣਾ ਮਨਮਤ ਹੈ। ਕੋਈ ਦਿਨ, ਜੋ ਦੋਹਾਂ ਧਿਰਾਂ ਨੂੰ ਆਪਸ ਵਿਚ ਸਲਾਹ ਕਰਕੇ ਚੰਗਾ ਦਿਸੇ, ਨੀਅਤ ਕਰ ਲੈਣਾ ਚਾਹੀਏ।

(ਗ) ਸਿਹਰਾ, ਮੁਕਟ ਜਾਂ ਗਾਨਾ ਬੰਨ੍ਹਣਾ, ਪਿੱਤਰ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ ਜਾਂ ਜੰਡੀ ਵੱਢਣੀ, ਘੜੋਲੀ ਭਰਨੀ, ਰੁਸ ਕੇ ਜਾਣਾ, 'ਛੰਦ' ਪੜ੍ਹਨੇ, ਹਵਨ ਕਰਨਾ, ਵੇਦੀ ਗੱਡਣੀ, ਵੇਸਵਾ ਦਾ ਨਾਚ, ਸ਼ਰਾਬ ਆਦਿ ਮਨਮਤ ਹੈ।

(ਘ) ਜਿਤਨੇ ਥੋੜੇ ਆਦਮੀ ਲੜਕੀ ਵਾਲਾ ਮੰਗਾਵੇ, ਉਤਨੇ ਨਾਲ ਲੈ ਕੇ ਲੜਕਾ ਸਹੁਰੇ ਘਰ ਜਾਵੇ। ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਦ ਗਾਏ ਜਾਣ ਤੇ ਫ਼ਤਹ ਗਜਾਈ ਜਾਵੇ।

(ਙ) ਵਿਆਹ ਵੇਲੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੀਵਾਨ ਲਗੇ, ਰਾਗੀ ਜਾਂ ਸੰਗਤਿ ਕੀਰਤਨ ਕਰੇ। ਫਿਰ ਲੜਕੀ ਤੇ ਲੜਕਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਬਿਠਾਏ ਜਾਣ। ਲੜਕੀ ਲੜਕੇ ਦੇ ਖਬੇ ਪਾਸੇ ਬੈਠੇ। ਸੰਗਤ ਦੀ ਆਗਿਆ ਲੈਕੇ ਅਨੰਦ ਪੜ੍ਹਾਉਣ ਵਾਲਾ ਸਿਖ (ਮਰਦ ਜਾਂ ਇਸਤ੍ਰੀ) ਲੜਕੇ ਲੜਕੀ ਤੇ ਉਨ੍ਹਾਂ ਦਿਆਂ ਮਾਪਿਆਂ ਜਾਂ ਸਰਬਰਾਹਾਂ ਨੂੰ ਖੜਾ ਕਰਕੇ ਅਨੰਦ ਦੇ ਆਰੰਭ ਦਾ ਅਰਦਾਸਾ ਸੋਧੇ।

ਫਿਰ ਉਹ ਲੜਕੇ ਲੜਕੀ ਨੂੰ ਗੁਰਮਤ ਅਨੁਸਾਰ ਗ੍ਰਿਹਸਤ ਧਰਮ ਦੇ ਫ਼ਰਜ਼ਾਂ ਦਾ ਉਪਦੇਸ਼ ਕਰੇ:—

ਪਹਿਲੇ ਦੋਹਾਂ ਨੂੰ ਸਾਂਝਾ ਉਪਦੇਸ਼ ਕਰੇ। ਇਸ ਵਿਚ ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਨੁਸਾਰ ਪਤੀ ਪਤਨੀ ਦੇ ਸੰਬੰਧ ਨੂੰ ਜੀਵ ਤੇ ਪਰਮਾਤਮਾ ਦੇ ਪਿਆਰ ਦੇ ਨਮੂਨੇ ਉਤੇ ਢਾਲਣ ਦੀ ਵਿਧੀ ਦਸੇ।

ਆਪਸ ਵਿਚ ਪ੍ਰੇਮ ਦੁਆਰਾ 'ਏਕ ਜੋਤਿ ਦੁਇ ਮੂਰਤੀ' ਹੋਣਾ ਦਸੇ ਅਤੇ ਇਕਤ੍ਰ ਗ੍ਰਿਹਸਤ ਧਰਮ ਨਿਬਾਹੁੰਦੇ ਹੋਏ ਆਪਣੇ ਸਾਂਝੇ ਭਰਤਾ ਅਕਾਲ ਪੁਰਖ ਨਾਲ ਇਕ ਮਿਕ ਹੋਣਾ ਦ੍ਰਿੜਾਵੇ। ਦੋਹਾਂ ਨੇ ਇਸ ਸੰਜੋਗ ਨੂੰ ਮਨੁਖਾ ਜਨਮ ਦੀ ਯਾਤ੍ਰਾ ਨੂੰ ਸਫਲਤਾ ਨਾਲ ਨਿਬਾਹੁਣ ਦਾ ਸਾਧਨ ਬਣਾਉਣਾ ਹੈ। ਦੋਹਾਂ ਨੇ ਇਸ ਸੰਜੋਗ ਦੇ ਰਾਹੀਂ ਪਵਿਤਰ ਤੇ ਗੁਰਮੁਖੀ ਜੀਵਨ ਬਿਤਾਉਣਾ ਹੈ।

ਫਿਰ ਲੜਕੇ ਤੇ ਲੜਕੀ ਨੂੰ ਆਪੋ ਆਪਣੇ ਵੱਖੋ ਵਖਰੇ ਗ੍ਰਿਹਸਤ ਧਰਮ ਦੇ ਫ਼ਰਜ਼ ਦਸੇ ਜਾਣ।

ਵਰ ਨੂੰ ਦਸਿਆ ਜਾਵੇ ਕਿ ਲੜਕੀ ਵਾਲਿਆਂ ਨੇ ਤੁਹਾਨੂੰ ਹੀ ਸਭ ਤੋਂ ਵਧੀਕ ਯੋਗ ਜਾਣ ਕੇ ਵਰ ਚੁਣਿਆ ਹੈ। ਆਪ ਨੇ ਆਪਣੀ ਪਤਨੀ ਨੂੰ ਅਰਧੰਗੀ ਜਾਣ ਕੇ

SikhBookClub.com

ਸਾਰੀਆਂ ਅਵਸਥਾਂ ਵਿਚ ਇਕੋ ਜਿਹਾ ਪਿਆਰ ਕਰਨਾ ਹੈ ਤੇ ਵੰਡ ਛਕਣਾ ਹੈ। ਇਸ ਦੇ ਸਰੀਰ ਤੇ ਇੱਜ਼ਤ ਦੇ ਰਾਖੇ ਤੁਸੀਂ ਹੋ। ਇਸਤ੍ਰੀ-ਬ੍ਰਤ ਧਰਮ ਵਿਚ ਪੱਕੇ ਰਹਿਣਾ। ਇਸ ਦੇ ਮਾਤਾ ਪਿਤਾ ਤੇ ਸਰ-ਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸਰ-ਬੰਧੀਆਂ ਤੁੱਲ ਆਦਰ ਦੇਣਾ।

ਕੰਨਿਆਂ ਨੂੰ ਦਸਿਆ ਜਾਵੇ ਕਿ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਗਤ ਦੇ ਹਜ਼ੂਰ ਇਸ ਸੱਜਣ ਦੇ ਲੜ ਲਾਇਆ ਜਾਂਦਾ ਹੈ। ਆਪ ਇਨ੍ਹਾਂ ਦੇ "ਨਿਰਮਲ ਭਉ" ਵਿਚ ਰਹਿੰਦੇ ਹੋਏ ਇਨ੍ਹਾਂ ਨੂੰ ਹੀ ਆਪਣੇ ਸਾਰੇ ਪ੍ਰੇਮ ਤੇ ਸ਼ਰਧਾ ਦਾ ਮਾਲਕ ਸਮਝਣਾ, ਦੁਖ ਸੁਖ, ਦੇਸ ਪ੍ਰਦੇਸ ਵਿਚ ਆਪਣੇ ਪਤੀ-ਬ੍ਰਤ ਧਰਮ ਵਿਚ ਪੱਕੇ ਰਹਿਣਾ, ਸੇਵਾ ਕਰਨੀ। ਇਹਦੇ ਮਾਤਾ ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸੰਬੰਧੀਆਂ ਵਾਂਗ ਜਾਣਨਾ।

ਉਪਦੇਸ਼ ਦੀਆਂ ਗਲਾਂ ਪਰਵਾਨ ਕਰਦੇ ਹੋਏ ਵਰ ਤੇ ਕੰਨਿਆਂ ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮਥਾ ਟੇਕਣ। ਫਿਰ ਲੜਕੀ ਦਾ ਪਿਤਾ ਜਾਂ ਮੁਖੀ ਸਰਬੰਧੀ ਲੜਕੇ ਦਾ ਪੱਲਾ ਲੜਕੀ ਦੇ ਹਥ ਫੜਾਵੇ ਤੇ ਤਾਬਿਆ ਬੈਠਾ ਸੱਜਣ ਸੂਹੀ ਮਹਲਾ ੪ ਵਿਚ ਦਿਤੀਆਂ ਲਾਵਾਂ ਦਾ ਪਾਠ ਸੁਣਾਵੇ। ਇਕ ਇਕ ਲਾਂਵ ਦਾ ਪਾਠ ਹੋਣ ਮਗਰੋਂ ਅੱਗੇ ਵਰ ਤੇ ਪਿਛੇ ਕੰਨਿਆਂ ਵਰ ਦਾ ਪੱਲਾ ਫੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪਰਿਕ੍ਰਮਾ ਕਰਨ। ਪਰਿਕ੍ਰਮਾ ਕਰਨ ਸਮੇਂ ਰਾਗੀ ਜਾਂ ਸੰਗਤ ਲਾਵਾਂ ਨੂੰ ਕ੍ਰਮ ਅਨੁਸਾਰ ਸੁਰ ਨਾਲ ਗਾਈ ਜਾਣ, ਅਤੇ ਵਰ ਕੰਨਿਆਂ ਹਰ ਇਕ ਲਾਂਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਂਵ ਸੁਣਨ ਲਈ ਖੜੇ ਹੋ ਜਾਣ। ਉਪਰੰਤ ਓਹ ਮੱਥਾ ਟੇਕ ਕੇ ਆਪਣੀ ਥਾਂ ਤੇ ਬਹਿ ਜਾਣ, ਤੇ ਰਾਗੀ ਸਿੰਘ ਜਾਂ ਅਨੰਦ ਕਰਾਉਣ ਵਾਲਾ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ ਦਾ ਪਾਠ ਕਰੇ। ਫਿਰ ਅਨੰਦ ਦੀ ਸਮਾਪਤੀ ਦਾ ਅਰਦਾਸਾ ਸੋਧਿਆ ਜਾ ਕੇ ਕੜਾਹ ਪਰਸ਼ਾਦ ਵਰਤਾਇਆ ਜਾਵੇ।

(ਚ) ਅਨ-ਮਤ ਵਾਲਿਆਂ ਦਾ ਵਿਆਹ ਅਨੰਦ ਰੀਤੀ ਨਾਲ ਨਹੀਂ ਹੋ ਸਕਦਾ।

(ਛ) ਲੜਕੇ ਜਾਂ ਲੜਕੀ ਦਾ ਸੰਜੋਗ ਪੈਸਾ ਲੈ ਕੇ ਨਾ ਕਰੇ।

(ਜ) 'ਜੈ ਬਾਲਕੀ ਕੇ ਮਾਪੇ ਕਦਾਚ ਸਬਬ ਪਾਇ ਕੈ ਬਾਲਕੀ ਦੇ ਗ੍ਰਿਹਿ ਵਿਖੇ ਜਾਣ ਅਤੇ ਉਥੇ ਪ੍ਰਸ਼ਾਦ ਤਿਆਰ ਹੋਵੈ, ਤਾਂ ਖਾਣ, ਸੁਕਚਣ ਨਾਹੀਂ। ਅੰਨ ਨਾ ਖਾਣਾ ਸਭ ਭਰਮ ਹੈ। ਖਾਲਸੇ ਨੂੰ ਖਾਣਾ ਖੁਵਾਲਣਾ ਸ੍ਰੀ ਗੁਰੂ ਬਾਬੇ ਅਕਾਲ ਪੁਰਖ ਬਖਸ਼ਿਆ ਹੈ। ਬੇਟੀ ਬੇਟੇ ਵਾਲੇ ਆਪਸ ਮੈਂ ਖਾਂਦੇ ਪੀਂਦੇ ਰਹਿਣ ਕਿਸ ਵਾਸਤੇ ਜੋ ਗੁਰੂ ਨੇ ਦੋਵੇਂ ਸਾਕ ਇਕ ਕੀਤੇ ਹੈਨ।'*

(ਝ) ਜਿਸ ਇਸਤ੍ਰੀ ਦਾ ਭਰਤਾ ਕਾਲਵਸ ਹੋ ਜਾਵੇ, ਉਹ ਚਾਹੇ ਤਾਂ ਯੋਗ ਵਰ ਦੇਖ ਕੇ ਪੁਨਰ ਸੰਜੋਗ ਕਰ ਲਵੇ। ਸਿਖ ਦੀ ਇਸਤ੍ਰੀ ਮਰ ਜਾਵੇ ਤਾਂ ਉਸ ਲਈ ਭੀ ਇਹੋ ਹੁਕਮ ਹੈ।

(ਞ) ਪੁਨਰ-ਵਿਆਹ ਦੀ ਭੀ ਉਹੋ ਰੀਤ ਹੈ, ਜੋ 'ਅਨੰਦ' ਲਈ ਉਤੇ ਦਸੀ ਹੈ।

(ਟ) ਸਿਖ ਨੂੰ ਇਕ ਇਸਤ੍ਰੀ ਦੇ ਹੁੰਦਿਆ

SikhBookClub.com

ਦੂਜਾ ਵਿਆਹ ਨਹੀਂ ਕਰਨਾ ਚਾਹੀਏ।

(ਠ) ਅੰਮ੍ਰਿਤਧਾਰੀ ਸਿੰਘ ਨੂੰ ਚਾਹੀਦਾ ਹੈ ਕਿ ਆਪਣੀ ਸਿੰਘਣੀ ਨੂੰ ਭੀ ਅੰਮ੍ਰਿਤ ਛਕਾ ਲਵੇ।

੪. ਮਿਰਤਕ ਸੰਸਕਾਰ

(ੳ) ਪ੍ਰਾਣੀ ਨੂੰ ਮਰਨ ਵੇਲੇ—ਜੇ ਮੰਜੇ ਤੇ ਹੋਵੇ, ਤਾਂ ਮੰਜੇ ਤੋਂ ਹੇਠ ਨਹੀਂ ਉਤਾਰਨਾ, ਦੀਵਾ ਵੱਟੀ, ਗਊ ਮਣਸਾਉਣਾ ਜਾਂ ਹੋਰ ਕੋਈ ਮਨਮੱਤ ਸੰਸਕਾਰ ਨਹੀਂ ਕਰਨਾ। ਕੇਵਲ ਗੁਰਬਾਣੀ ਦਾ ਪਾਠ ਕਰਨਾ ਜਾਂ ਵਾਹਿਗੁਰੂ ਵਾਹਿਗੁਰੂ ਕਰਨਾ।

(ਅ) ਪ੍ਰਾਣੀ ਦੇ ਦੇਹ ਤਿਆਗਣ ਤੇ ਧਾਹ ਨਹੀਂ ਮਾਰਨੀ, ਪਿਟਣਾ ਜਾਂ ਸਿਆਪਾ ਨਹੀਂ ਕਰਨਾ। ਮਨ ਨੂੰ ਵਾਹਿਗੁਰੂ ਦੀ ਰਜ਼ਾ ਵਿਚ ਲਿਆਉਣ ਲਈ ਗੁਰਬਾਣੀ ਦਾ ਪਾਠ ਜਾਂ 'ਵਾਹਿਗੁਰੂ' ਦਾ ਜਾਪ ਕਰੀ ਜਾਣਾ ਚੰਗਾ ਹੈ।

(ੲ) ਪ੍ਰਾਣੀ ਭਾਵੇਂ ਛੋਟੀ ਤੋਂ ਛੋਟੀ ਉਮਰ ਦਾ ਹੋਵੇ, ਸੋ ਭੀ ਸਸਕਾਰਨਾ ਚਾਹੀਏ, ਜਿਥੇ ਸਸਕਾਰ ਦਾ ਪ੍ਰਬੰਧ ਨ ਹੋ ਸਕੇ ਉਥੇ ਜਲ-ਪਰਵਾਹ ਜਾਂ ਹੋਰ ਤਰੀਕਾ ਵਰਤਣ ਤੋਂ ਸ਼ੰਕਾ ਨਹੀਂ ਕਰਨੀ।

(ਸ) ਸਸਕਾਰਨ ਲਈ ਦਿਨ ਜਾਂ ਰਾਤ ਦਾ ਭਰਮ ਨਹੀਂ ਕਰਨਾ।

(ਹ) ਮ੍ਰਿਤਕ ਸਰੀਰ ਨੂੰ ਅਸ਼ਨਾਨ ਕਰਾ ਕੇ ਸੁਅੱਛ ਬਸਤਰ ਪਾਏ ਜਾਣ ਤੇ ਕਕਾਰ ਜੁਦਾ ਨ ਕੀਤੇ ਜਾਣ। ਫਿਰ ਤਖਤੇ ਉਤੇ ਪਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਵੇ। ਫਿਰ ਅਰਥੀ ਨੂੰ ਚੁਕ ਕੇ ਸਮਸ਼ਾਨ ਭੂਮੀ ਵਲ ਲਿਜਾਇਆ ਜਾਵੇ। ਨਾਲ ਵੈਰਾਗ-ਮਈ ਸ਼ਬਦਾਂ ਦਾ ਉਚਾਰਣ ਕੀਤਾ ਜਾਵੇ। ਸਮਸ਼ਾਨ ਵਿਚ ਪਹੁੰਚ ਕੇ ਚਿਖਾ ਰਚੀ ਜਾਵੇ ਅਤੇ ਪ੍ਰਾਣੀ ਨੂੰ ਅਗਨਿ ਭੇਟਾ ਕਰਨ ਲਈ ਅਰਦਾਸਾ ਸੋਧਿਆ ਜਾਵੇ। ਫਿਰ ਸਰੀਰ ਨੂੰ ਅੰਗੀਠੇ ਉਤੇ ਰਖਕੇ ਪੁਤਰ ਜਾਂ ਕੋਈ ਹੋਰ ਸਨਬੰਧੀ ਜਾਂ ਹਿਤੂ ਆਦਿ ਅਗਨੀ ਲਾ ਦੇਵੇ। ਸੰਗਤ ਕੁਝ ਵਿਥ ਤੇ ਬਹਿ ਕੇ ਕੀਰਤਨ ਕਰੇ ਜਾਂ ਵੈਰਾਗ-ਮਈ ਸ਼ਬਦ ਪੜ੍ਹੇ। ਜਦ ਅੰਗੀਠਾ ਪੂਰੀ ਤਰ੍ਹਾਂ ਬਲ ਉਠੇ, ਤਾਂ (ਕਪਾਲ ਕਿਰਿਆ ਆਦਿ ਕਰਨਾ ਮਨਮੱਤ ਹੈ) ਕੀਰਤਨ ਸੋਹਿਲੇ ਦਾ ਪਾਠ ਕਰਕੇ ਅਰਦਾਸਾ ਸੋਧ ਕੇ ਸੰਗਤ ਮੁੜ ਆਵੇ।

ਘਰ ਆ ਕੇ ਜਾਂ ਲਾਗੇ ਦੇ ਕਿਸੇ ਗੁਰਦਵਾਰੇ ਵਿਚ ਪ੍ਰਾਣੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰਖਿਆ ਜਾਵੇ ਤੇ ਅਨੰਦ (ਛੇ ਪਉੜੀਆਂ) ਦਾ ਪਾਠ ਕਰ ਕੇ ਅਰਦਾਸਾ ਸੋਧ ਕੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ। ਇਸ ਪਾਠ ਦੀ ਸਮਾਪਤੀ ਦਸਵੇਂ ਦਿਨ ਹੋਵੇ। ਜੇ ਦਸਵੇਂ ਦਿਨ ਨਾ ਹੋ ਸਕੇ, ਤਾਂ ਹੋਰ ਕੋਈ ਦਿਨ ਬਰਾਦਰੀ ਦੇ ਸੌਖ ਨੂੰ ਮੁਖ ਰਖਕੇ ਨੀਯਤ ਕੀਤਾ ਜਾਵੇ। ਇਸ ਪਾਠ ਦੇ ਕਰਨ ਵਿਚ ਘਰ ਵਾਲੇ ਤੇ ਸੰਬੰਧੀ ਰਲ ਕੇ ਹਿੱਸਾ ਲੈਣ। ਜੇ ਹੋ ਸਕੇ, ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਭੀ ਹੋਵੇ। 'ਦਸਹਿਰੇ' ਦੇ ਪਿਛੋਂ ਚਲਾਣੇ ਦੀ ਰਸਮ ਕੋਈ ਬਾਕੀ ਨਹੀਂ ਰਹਿੰਦੀ।

(ਕ) ਮ੍ਰਿਤਕ ਪ੍ਰਾਣੀ ਦਾ ਅੰਗੀਠਾ ਠੰਢਾ ਹੋਣ ਤੇ ਸਾਰੀ ਦੇਹ ਦੀ ਭਸਮ, ਅਸਥੀਆਂ ਸਮੇਤ, ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿਤੀ ਜਾਵੇ, ਜਾਂ ਉਥੇ ਹੀ ਦਬ ਕੇ ਜ਼ਮੀਂ ਬਰਾਬਰ ਕਰ ਦਿਤੀ ਜਾਵੇ। ਸਸਕਾਰ ਅਸਥਾਨ ਤੇ ਮ੍ਰਿਤਕ ਪ੍ਰਾਣੀ ਦੀ ਯਾਦਗਾਰ ਬਣਾਉਣੀ ਮਨ੍ਹਾਂ ਹੈ।

SikhBookClub.com

(ਘ) ਅੱਧ-ਮਾਰਗ, ਸਿਆਪਾ ਫੂਹੜੀ, ਦੀਵਾ, ਪਿੰਡ, ਕਿਰਿਆ, ਸਰਾਧ, ਬੁਢ-ਮਰਨਾ ਆਦਿ ਕਰਨਾ ਮਨਮੱਤ ਹੈ। ਅੰਗੀਠੇ ਵਿਚੋਂ ਫੁਲ ਚੁਗ ਕੇ ਗੰਗਾ, ਪਤਾਲ ਪੁਰੀ, ਕਰਤਾਰ ਪੁਰ ਸਾਹਿਬ ਆਦਿਕ ਥਾਵਾਂ ਵਿਚ ਜਾਕੇ ਪਾਣੇ ਮਨਮਤ ਹੈ।

੫· ਹੋਰ ਰੀਤੀਆਂ

(ੳ) ਇਨ੍ਹਾਂ ਸੰਸਕਾਰਾਂ ਤੋਂ ਛੁਟ ਸਮੇਂ ਸਮੇਂ ਜੋ ਭੀ ਖੁਸ਼ੀ ਗਮੀ ਦਾ ਮੌਕਾ ਆ ਬਣੇ, (ਜਿਵੇਂ ਨਵੇਂ ਮਕਾਨ ਵਿਚ ਪ੍ਰਵੇਸ਼ ਕਰਨਾ, ਨਵੀਂ ਦੁਕਾਨ ਖੋਲ੍ਹਣਾ, ਬਾਲਕ ਨੂੰ ਮਦਰਸੇ ਪਾਉਣਾ, ਆਦਿ) ਤਾਂ ਸਿਖ ਨੂੰ ਚਾਹੀਏ ਕਿ ਵਾਹਿਗੁਰੂ ਦੀ ਸਹਾਇਤਾ ਮੰਗਣ ਲਈ ਅਰਦਾਸਾ ਸੋਧੇ। ਸਿਖੀ ਵਿਚ ਸਾਰੇ ਸੰਸਕਾਰਾਂ ਦਾ ਜ਼ਰੂਰੀ ਅੰਗ ਬਾਣੀ ਦਾ ਪਾਠ ਤੇ ਅਰਦਾਸਾ ਹੈ।

(੩) ਸੇਵਾ

੧. ਸੇਵਾ ਸਿਖੀ ਧਰਮ ਦਾ ਇਕ ਉੱਘਾ ਅੰਗ ਹੈ। ਇਸ ਨੂੰ ਨਮੂਨੇ ਮਾਤਰ ਸਿਖਾਣ ਲਈ ਗੁਰਦੁਆਰਿਆਂ ਵਿਚ ਹੀ ਪ੍ਰਬੰਧ ਕੀਤਾ ਹੁੰਦਾ ਹੈ। ਸਧਾਰਣ ਰੂਪ ਇਸ ਦੇ ਇਹ ਹਨ:-ਗੁਰਦੁਆਰੇ ਦਾ ਝਾੜੂ ਲੇਪਣ, ਸੰਗਤਾਂ ਦੀ ਪਾਣੀ ਪੱਖੇ ਦੀ ਸੇਵਾ, ਲੰਗਰ ਦੀ ਸੇਵਾ, ਜੋੜੇ ਝਾੜਨੇ ਆਦਿ।

(ੳ) ਗੁਰੂ ਕਾ ਲੰਗਰ-ਇਸ ਦੇ ਦੋ ਭਾਵ ਹਨ:-ਇਕ ਸਿਖਾਂ ਨੂੰ ਸੇਵਾ ਸਿਖਾਣਾ, ਦੂਜਾ ਊਚ ਨੀਚ, ਛੂਤ ਛਾਤ ਦਾ ਭਰਮ ਮਿਟਾਉਣਾ।

(ਅ) ਗੁਰੂ ਕੇ ਲੰਗਰ ਦੀ ਸਮੱਗਰੀ ਲਈ ਸਹਾਇਤਾ ਕੋਈ ਆਦਮੀ ਦੇ ਸਕਦਾ ਹੈ, ਪਰ ਲੰਗਰ ਪਕਾਣ ਦੀ ਸੇਵਾ ਕੇਵਲ ਸਿਖ ਹੀ ਕਰ ਸਕਦਾ ਹੈ।

(ੲ) ਗੁਰੂ ਕੇ ਲੰਗਰ ਵਿਚ ਬੈਠ ਕੇ ਊਚ ਨੀਚ, ਕਿਸੇ ਜਾਤ ਜਾਂ ਵਰਨ ਦਾ ਪ੍ਰਾਣੀ ਪ੍ਰਸ਼ਾਦ ਛਕ ਸਕਦਾ ਹੈ। ਪੰਗਤਿ ਵਿਚ ਬਿਠਾਣ ਲਗਿਆਂ ਕਿਸੇ ਦੇਸ਼ ਵਰਣ ਜ਼ਾਤ ਮਜ਼੍ਹਬ ਦਾ ਵਿਤਕਰਾ ਨਹੀਂ ਕਰਨਾ। ਹਾਂ, ਇਕੋ ਥਾਲੀ ਵਿਚ ਕੇਵਲ ਅੰਮ੍ਰਤਧਾਰੀ ਸਿਖ ਹੀ ਛੱਕ ਸਕਦੇ ਹਨ।

ਪੰਥਕ ਰਹਿਣੀ

(੧) ਗੁਰ ਸੰਗਤ ਤੇ ਗੁਰੂ ਪੰਥ, (੨) ਅੰਮ੍ਰਿਤ ਸੰਸਕਾਰ, (੩) ਤਨਖਾਹ ਲਾਉਣ ਦੀ ਵਿਧੀ, (੪) ਗੁਰਮਤ ਕਰਨ ਦੀ ਵਿਧੀ, (੫) ਸਥਾਨਕ ਫ਼ੈਸਲਿਆਂ ਦੀ ਅਪੀਲ।

(੧) ਗੁਰ ਸੰਗਤ ਤੇ ਗੁਰੂ ਪੰਥ

ਸੇਵਾ ਕੇਵਲ ਪਖੇ ਲੰਗਰ ਆਦਿ ਤੇ ਹੀ ਨਹੀਂ ਮੁਕ ਜਾਂਦੀ। ਸਿਖ ਦੀ ਸਾਰੀ ਜ਼ਿੰਦਗੀ ਪਰਉਪਕਾਰ ਵਾਲੀ ਹੈ। ਸੇਵਾ ਸਫਲ ਉਹ ਹੈ, ਜੋ ਥੋੜੇ ਜਤਨ ਨਾਲ ਵਧੀਕ ਤੋਂ ਵਧੀਕ ਹੋ ਸਕੇ। ਇਹ ਗਲ ਜਥੇਬੰਦੀ ਦੇ ਰਾਹੀਂ ਹੋ ਸਕਦੀ ਹੈ। ਇਕ ਇਕ ਤੇ ਦੋ ਯਾਰ੍ਹਾਂ। ਸਿਖ ਨੇ ਇਸ ਲਈ ਸ਼ਖਸੀ ਧਰਮ ਪੂਰਾ ਕਰਦਿਆਂ ਹੋਇਆਂ ਨਾਲ ਹੀ ਪਬਲਕ ਫ਼ਰਜ਼ ਭੀ ਪੂਰੇ ਕਰਨੇ ਹਨ। ਇਸ ਜਥੇਬੰਦੀ ਦਾ ਨਾਂ 'ਪੰਥ' ਹੈ। ਹਰ ਇਕ ਸਿਖ ਨੇ ਪੰਥ ਦਾ ਇਕ ਅੰਗ ਹੋਕੇ ਭੀ ਆਪਣਾ ਧਰਮ ਨਿਬਾਹੁਣਾ ਹੈ।

(ੳ) ਗੁਰੂ ਪੰਥ:-ਤਿਆਰ ਬਰ ਤਿਆਰ ਸਿੰਘਾਂ ਦੇ ਸਮੂਚੇ ਸਮੂਹ ਨੂੰ ਗੁਰੂ ਪੰਥ ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ

SikhBookClub.com

ਨੇ ਇਸ ਦਾ ਅੰਤਮ ਸਰੂਪ ਦੇਣ ਦੀ ਜ਼ਿੰਮੇਵਾਰੀ ਸੌਂਪੀ।

(ਅ) ਗੁਰ ਸੰਗਤ:–ਜਿਥੇ ਥੋੜੇ ਜਿਹੇ ਸਿਖ ਭੀ ਹੋਣਗੇ, ਉਹ ਇਕ ਗੁਰ ਸੰਗਤ ਰਚ ਲੈਣਗੇ, ਵਧੀਕ ਜਿਤਨੇ ਹੋਣ, ਉਤਨਾ ਹੀ ਚੰਗਾ ਹੈ। ਜਿਥੇ ਘਟ ਤੋਂ ਘਟ ਪੰਜ ਤਿਆਰ ਬਰ ਤਿਆਰ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਹਾਜ਼ਰ ਹੋਣ, ਉਹ 'ਗੁਰ ਸੰਗਤ' ਹੈ।

(ੲ) ਸਿਖ ਨੂੰ 'ਗੁਰ ਸੰਗਤਿ' ਦਾ ਮੈਂਬਰ ਬਣਨ ਲਈ ਜ਼ਰੂਰੀ ਹੈ ਕਿ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਹੋਵੇ।

(ਸ) 'ਗੁਰ ਸੰਗਤਿ' ਤੋਂ ਇਲਾਵਾ ਸਾਧ ਸੰਗਤ ਜਾਂ ਸਿਖਾਂ ਦੇ ਹੋਰ ਜਥਿਆਂ ਵਿਚ ਅੰਮ੍ਰਿਤਧਾਰੀਆਂ ਤੋਂ ਬਿਨਾਂ ਭੀ ਹੋਰ ਸ਼ਾਮਲ ਹੋ ਸਕਣਗੇ।

(੨) ਅੰਮ੍ਰਿਤ ਸੰਸਕਾਰ

(ੳ) ਅੰਮ੍ਰਿਤ ਛਕਾਉਣ ਲਈ ਇਕ ਖਾਸ ਅਸਥਾਨ ਤੇ ਪ੍ਰਬੰਧ ਹੋਵੇ। ਉਥੇ ਆਮ ਲੋਕਾਂ ਦਾ ਲਾਂਘਾ ਨਾ ਹੋਵੇ।

(ਅ) ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ। ਘਟ ਤੋਂ ਘਟ ਛੇ ਤਿਆਰ ਬਰ ਤਿਆਰ ਸਿੰਘ ਹਾਜ਼ਰ ਹੋਣ, ਜਿਨ੍ਹਾਂ ਵਿਚੋਂ ਇਕ ਤਾਬੇ ਬੈਠੇ ਤੇ ਬਾਕੀ ਦੇ ਪੰਜ ਅੰਮ੍ਰਿਤ ਛਕਾਣ ਲਈ ਹੋਣ। ਇਨ੍ਹਾਂ ਵਿਚ ਸਿੰਘਣੀਆਂ ਭੀ ਹੋ ਸਕਦੀਆਂ ਹਨ। ਇਨ੍ਹਾਂ ਸਾਰਿਆਂ ਨੇ ਕੇਸੀਂ ਇਸ਼ਨਾਨ ਕੀਤਾ ਹੋਵੇ।

(ੲ) ਇਨ੍ਹਾਂ ਪੰਜਾਂ ਪਿਆਰਿਆਂ ਵਿਚ ਕੋਈ ਅੰਗ-ਹੀਣ (ਅੰਨ੍ਹਾ, ਕਾਣਾ, ਲੰਙਾ, ਲੂਲ੍ਹਾ) ਜਾਂ ਦੀਰਘ ਰੋਗ ਵਾਲਾ ਨ ਹੋਵੇ। ਕੋਈ ਤਨਖਾਹੀਆ ਨ ਹੋਵੇ; ਸਾਰੇ ਤਿਆਰ ਬਰ ਤਿਆਰ ਦਰਸ਼ਨੀ ਸਿੰਘ ਹੋਣ।

(ਸ) ਹਰ ਦੇਸ, ਕੌਮ, ਮਜ਼੍ਹਬ ਤੇ ਜਾਤੀ ਦੇ ਹਰ ਇਕ ਇਸਤ੍ਰੀ ਪੁਰਸ਼ ਨੂੰ ਅੰਮ੍ਰਿਤ ਛਕਣ ਦਾ ਅਧਿਕਾਰ ਹੈ, ਜੋ ਸਿਖੀ ਧਰਮ ਗ੍ਰਹਿਣ ਕਰਨ ਤੇ ਉਸ ਦੇ ਅਸੂਲਾਂ ਉਪਰ ਚਲਣ ਦਾ ਚਾਹਵਾਨ ਹੋਵੇ।

ਬਹੁਤ ਛੋਟੀ ਅਵਸਥਾ ਦਾ ਨਾ ਹੋਵੇ, ਹੋਸ਼ ਸੰਭਾਲੀ ਹੋਵੇ। ਅੰਮ੍ਰਿਤ ਛਕਣ ਵਾਲੇ ਹਰ ਇਕ ਪ੍ਰਾਣੀ ਨੇ ਸਕੇਸੀ ਇਸ਼ਨਾਨ ਕੀਤਾ ਹੋਵੇ ਅਤੇ ਹਰ ਇਕ ਪੰਜ ਕਕਾਰ (ਕੇਸ, ਕ੍ਰਿਪਾਨ ਗਾਤਰੇ ਵਾਲੀ, ਕਛਹਿਰਾ, ਕੰਘਾ ਕੜਾ,) ਦਾ ਧਾਰਨੀ ਹੋਵੇ। ਅਨਮਤ ਦਾ ਕੋਈ ਚਿੰਨ੍ਹ ਨਾ ਹੋਵੇ। ਸਿਰ ਨੰਗਾ ਜਾਂ ਟੋਪੀ ਨਾ ਹੋਵੇ। ਛੇਦਕ ਗਹਿਣੇ ਕੋਈ ਨਾ ਹੋਣ। ਅਦਬ ਨਾਲ ਜੋੜ ਕੇ ਸ੍ਰੀ ਗੁਰੂ ਜੀ ਦੇ ਹਜ਼ੂਰ ਖੜੇ ਹੋਣ।

(ਹ) ਜੇ ਕਿਸੇ ਨੇ ਕੁਰਹਿਤ ਕਰਨ ਕਰਕੇ ਮੁੜ ਅੰਮ੍ਰਿਤ ਛਕਣਾ ਹੋਵੇ, ਤਾਂ ਉਸ ਨੂੰ ਅੱਡ ਕਰਕੇ ਸੰਗਤ ਵਿਚ ਪੰਜ ਪਿਆਰੇ ਤਨਖਾਹ ਲਾ ਲੈਣ।

(ਕ) ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰਿਆਂ ਵਿਚੋਂ ਕੋਈ ਇਕ ਸਜਣ ਅੰਮ੍ਰਿਤ ਛਕਣ ਦੇ ਅਭਿਲਾਖੀਆਂ ਨੂੰ ਸਿਖ ਧਰਮ ਦੇ ਅਸੂਲ ਸਮਝਾਵੇ:–

ਸਿਖ ਧਰਮ ਵਿਚ ਕਿਰਤਮ ਦੀ ਪੂਜਾ ਨੂੰ ਤਿਆਗ ਕੇ ਇਕ ਕਰਤਾਰ ਦੀ ਪ੍ਰੇਮਾ ਭਗਤੀ ਤੇ ਉਪਾਸ਼ਨਾ ਕਰਨੀ ਦਸਾਂ ਹੈ। ਇਸ ਦੀ ਪੂਰਣਤਾ ਲਈ ਗੁਰਬਾਣੀ ਦਾ ਅਭਿਆਸ, ਸਾਧ ਸੰਗਤ ਤੇ ਪੰਥ ਦੀ ਸੇਵਾ, ਉਪਕਾਰ, ਨਾਮ ਦਾ ਪ੍ਰੇਮ ਅਤੇ ਅੰਮ੍ਰਿਤ ਛਕ ਕੇ ਰਹਿਤ ਬਹਿਤ ਰਖਣਾ ਮੁਖ ਸਾਧਨ ਹਨ, ਆਦਿ। ਕੀ ਤੁਸੀਂ ਇਸ ਧਰਮ ਨੂੰ ਖੁਸ਼ੀ ਨਾਲ ਕਬੂਲ

SikhBookClub.com

ਕਰਦੇ ਹੋ ?

(ਖ) 'ਹਾਂ' ਦਾ ਜਵਾਬ ਆਉਣ ਤੇ ਪਿਆਰਿਆਂ ਵਿਚੋਂ ਇਕ ਸਜਣ ਅੰਮ੍ਰਿਤ ਦੀ ਤਿਆਰੀ ਦਾ ਅਰਦਾਸਾ ਕਰਕੇ 'ਹੁਕਮ' ਲਵੇ ॥ ਪੰਜ ਪਿਆਰੇ ਅੰਮ੍ਰਿਤ ਤਿਆਰ ਕਰਨ ਲਈ ਬਾਟੇ ਪਾਸ ਆ ਬੈਠਣ ।

(ਗ) ਬਾਟਾ ਸਰਬ ਲੋਹ ਦਾ ਹੋਵੇ ਤੇ ਚੌਂਕੀ ਸੁਨਿਹਰੇ ਆਦਿ ਕਿਸੇ ਸੁੱਚ ਚੀਜ਼ ਪੁਰ ਰਖਿਆ ਹੋਵੇ ।

(ਘ) ਬਾਟੇ ਵਿਚ ਸੁੱਛ ਜਲ ਤੇ ਪਤਾਸੇ ਪਾਏ ਜਾਣ ਤੇ ਪੰਜ ਪਿਆਰੇ ਬਾਟੇ ਦੇ ਇਰਦ ਗਿਰਦ ਬੀਰ ਆਸਨ* ਹੋ ਕੇ ਬੈਠ ਜਾਣ ਤੇ

(ਙ) ਇਨ੍ਹਾਂ ਬਾਣੀਆਂ ਦਾ ਪਾਠ ਕਰਨ:-

ਜਪੁ, ਜਾਪੁ, ੧੦ ਸਵੱਯੇ ('ਸ੍ਰਾਵਗ ਸੁਧ' ਵਾਲੇ), ਬੇਨਤੀ ਚੌਪਈ ('ਹਮਰੀ ਕਰਉ ਹਾਥ ਦੇ ਰੱਛਾ' ਤੋਂ ਲੇ ਕੇ 'ਦੁਸਟ ਦੋਖ ਤੇ ਲੇਹੁ ਬਚਾਈ' ਤਕ), ਅਨੰਦ ਸਾਹਿਬ ਦੀਆਂ ਪੰਜ ਪਹਿਲੀਆਂ ਤੇ ਇਕ ਅੰਤਲੀ ਪਉੜੀ ।

(ਚ) ਹਰ ਇਕ ਪੜ੍ਹਨ ਵਾਲਾ ਖੱਬਾ ਹਥ ਬਾਟੇ ਦੇ ਕੰਢੇ ਤੇ ਧਰੇ ਤੇ ਸਜੇ ਹਥ ਨਾਲ ਖੰਡਾ ਜਲ ਵਿਚ ਫੇਰੀ ਜਾਵੇ । ਸੁਰਤ ਇਕਾਗਰ ਹੋਵੇ। ਬਾਕੀ ਦਿਆਂ ਦੇ ਦੋਵੇਂ ਹਥ ਬਾਟੇ ਦੇ ਕੰਢੇ ਤੇ, ਅਤੇ ਧਿਆਨ ਅੰਮ੍ਰਿਤ ਵਲ ਟਿਕੇ ।

(ਛ) ਪਾਠ ਹੋਣ ਮਗਰੋਂ ਪਿਆਰਿਆਂ ਵਿਚੋਂ ਕੋਈ ਇਕ ਅਰਦਾਸ ਕਰ ।

(ਜ) ਜਿਸ ਅਭਿਲਾਖੀ ਨੇ ਅੰਮ੍ਰਿਤ ਦੀ ਤਿਆਰੀ ਵੇਲੇ ਸਾਰੇ ਸੰਸਕਾਰ ਵਿਚ ਹਿਸਾ ਲਿਆ ਹੈ, ਉਹੀ ਅੰਮ੍ਰਿਤ ਛਕਣ ਵਿਚ ਸ਼ਾਮਲ ਹੋ ਸਕਦਾ ਹੈ। ਅਧ-ਵਾਟੇ ਆਉਣ ਵਾਲਾ ਨਹੀਂ ਹੋ ਸਕਦਾ।

(ਝ) ਹੁਣ ਸ੍ਰੀ ਕਲਗੀਧਰ ਦਸਮੇਸ਼ ਪਿਤਾ ਦਾ ਧਿਆਨ ਧਰ ਕੇ ਹਰ ਇਕ ਅੰਮ੍ਰਿਤ ਛਕਣ ਵਾਲੇ ਨੂੰ ਬੀਰ ਆਸਨ ਕਰਾਕੇ ਉਸ ਦੇ ਖੱਬੇ ਹਥ ਉਪਰ ਸੱਜਾ ਹਥ ਰਖਾਕੇ ਪੰਜ ਚੁਲੇ ਅੰਮ੍ਰਿਤ ਦੇ ਛਕਾਏ ਜਾਣ ਅਤੇ ਹਰ ਚੁਲੇ ਨਾਲ ਇਹ ਕਿਹਾ ਜਾਵੇ:-

ਬੋਲ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ'। ਛਕਣ ਵਾਲਾ ਛਕ ਕੇ ਕਹੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ।' ਫੇਰ ਪੰਜ ਛਟੇ ਅੰਮ੍ਰਿਤ ਦ ਨੇਤਰਾਂ ਪਰ ਲਾਏ ਜਾਣ। ਹਰ ਇਕ ਛਟੇ ਨਾਲ ਛਕਣ ਵਾਲਾ ਛਕਾਉਣ ਵਾਲੇ ਦੇ ਪਿਛੇ ਪਿਛੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਗਜਾਵੀ ਜਾਵੇ। ਜੋ ਅੰਮ੍ਰਿਤ ਬਾਕੀ ਰਹੇ, ਉਸ ਨੂੰ ਉਸੇ ਇਕ ਬਾਟੇ ਵਿਚ ਸਾਰੇ ਅੰਮ੍ਰਿਤ ਛਕਣ ਵਾਲੇ (ਸਿਖ ਤੇ ਸਿਖਣੀਆਂ) ਰਲ ਕੇ ਛਕਣ ।

(ਞ) ਉਪਰੰਤ ਪੰਜੇ ਪਿਆਰੇ ਰਲ ਕੇ ਇਕੋ ਆਵਾਜ਼ ਨਾਲ ਅੰਮ੍ਰਿਤ ਛਕਣ ਵਾਲਿਆਂ ਨੂੰ ਵਾਹਿਗੁਰੂ ਦਾ ਸਰੂਪ ਦੱਸਣ ਲਈ ਮੂਲ ਮੰਤ੍ਰ ਸੁਣਾਣ ਤੇ ਉਨ੍ਹਾਂ ਪਾਸੋਂ ਇਹਦਾ ਰਟਨ ਕਰਾਉਣ:-ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

(ਟ) ਫਿਰ ਪੰਜਾਂ ਪਿਆਰਿਆਂ ਵਿਚੋਂ ਕੋਈ ਸੱਜਣ ਰਹਿਤ ਦਸੇ:-

ਅਜ ਤੋਂ ਤੁਸੀਂ 'ਸਤਿਗੁਰ ਕੈ ਜਨਮੇ ਗਵਨੁ ਮਿਟਾਇਆ' ਹੈ ਅਤੇ ਖਾਲਸਾ ਪੰਥ ਵਿਚ ਸ਼ਾਮਲ ਹੋਏ ਹੋ । ਤੁਹਾਡਾ ਧਾਰਮਕ

*ਬੀਰ ਆਸਨ:-ਸੱਜਾ ਗੋਡਾ ਜ਼ਿਮੀਂ ਤੇ ਧਰਕੇ ਸੱਜੀ ਲੱਤ ਦਾ ਭਾਰ ਪੈਰ ਤੇ ਰਖ ਕੇ ਬੈਠਣਾ ਤੇ ਖੱਬਾ ਗੋਡਾ ਉੱਚਾ ਕਰਕੇ ਰਖਣਾ ।

SikhBookClub.com

ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਧਾਰਮਕ ਮਾਤਾ ਸਾਹਿਬ ਕੌਰ ਜੀ ਹਨ। ਜਨਮ ਆਪ ਦਾ ਕੇਸਗੜ੍ਹ ਸਾਹਿਬ ਦਾ ਤੇ ਵਾਸੀ ਅਨੰਦਪੁਰ ਸਾਹਿਬ ਦੀ ਹੈ। ਤੁਸੀਂ ਇਕ ਪਿਤਾ ਦੇ ਪੁੱਤਰ ਹੋਣ ਕਰਕੇ ਆਪਸ ਵਿੱਚ ਤੇ ਹੋਰ ਸਾਰੇ ਅੰਮ੍ਰਿਤਧਾਰੀਆਂ ਦੇ ਧਾਰਮਕ ਭ੍ਰਾਤਾ ਹੋ। ਤੁਸੀਂ ਪਿਛਲੀ ਕੁਲ, ਕਿਰਤ, ਕਰਮ, ਧਰਮ ਦਾ ਤਿਆਗ ਕਰਕੇ, ਅਰਥਾਤ ਪਿਛਲੀ ਜ਼ਾਤ ਪਾਤ, ਜਨਮ, ਦੇਸ਼, ਮਜ਼੍ਹਬ ਦਾ ਖਿਆਲ ਤੱਕ ਛੱਡ ਕੇ, ਨਿਰੋਲ ਖਾਲਸਾ ਬਣ ਗਏ ਹੋ। ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ, ਦੇਵਤੇ, ਅਵਤਾਰ, ਪੈਗੰਬਰ ਦੀ ਉਪਾਸ਼ਨਾ ਨਹੀਂ ਕਰਨੀ। ਦਸੋਂ ਗੁਰੂ ਸਾਹਿਬਾਨ ਤੇ ਉਨ੍ਹਾਂ ਦੀ ਬਾਣੀ ਤੋਂ ਬਿਨਾਂ ਕਿਸੇ ਹੋਰ ਨੂੰ ਆਪਣਾ ਮੁਕਤੀ ਦਾਤਾ ਨਹੀਂ ਮੰਨਣਾ। ਤੁਸੀਂ ਗੁਰਮੁਖੀ ਜਾਣਦੇ ਹੋ (ਜੇ ਨਹੀਂ ਜਾਣਦੇ ਤਾਂ ਸਿਖ ਲਓ) ਅਤੇ ਹਰ ਰੋਜ਼ ਘੱਟ ਤੋਂ ਘੱਟ ਇਨ੍ਹਾਂ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ ਜਾਂ ਸੁਣਨਾ:-ਜਪੁ, ਜਾਪੁ, ੧੦ ਸਵੱਯੇ ('ਸ੍ਰਾਵਗ ਸੁੱਧ' ਵਾਲੇ), ਸੋਦਰ ਰਹਿਰਾਸ, ਅਤੇ ਸੋਹਿਲਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਜਾਂ ਸੁਣਨਾ, ਪੰਜਾਂ ਕੱਕਿਆਂ:-ਕੇਸ, ਕ੍ਰਿਪਾਨ*, ਕਛਹਿਰਾ†, ਕੰਘਾ, ਕੜਾ‡, ਨੂੰ ਹਰ ਵੇਲੇ ਅੰਗ ਸੰਗ ਰਖਣਾ।

ਇਹ ਚਾਰ ਕੁਰਹਿਤਾਂ ਨਹੀਂ ਕਰਨੀਆਂ:- (੧) ਕੇਸਾਂ ਦੀ ਬੇਅਦਬੀ, (੨) ਕੁਠਾ§ ਖਾਣਾ (੩) ਪਰ-ਇਸਤ੍ਰੀ ਜਾਂ ਪਰ-ਪੁਰਸ਼ ਦਾ ਭੋਗਣਾ (੪) ਤਮਾਕੂ ਦਾ ਵਰਤਣਾ। ਇਨ੍ਹਾਂ ਵਿਚੋਂ ਕੋਈ ਕੁਰਹਿਤ ਹੋ ਜਾਵੇ, ਤਾਂ ਮੁੜ ਕੇ ਅੰਮ੍ਰਿਤ ਛਕਣਾ ਪਏਗਾ। ਆਪਣੀ ਇਛਾ ਵਿਰੁਧ ਅਣਜਾਣ ਹੀ ਕੇਸਾਂ ਦੀ ਬੇਅਦਬੀ ਜਾਂ ਹੋਰ ਕੋਈ ਕੁਰਹਿਤ ਹੋ ਜਾਵੇ, ਤਾਂ ਕੋਈ ਦੰਡ ਨਹੀਂ। ਸਿਰਗੁੰਮ°, ਨੜੀ-ਮਾਰ, ਕੁੜੀ-ਮਾਰ (ਜੋ ਸਿਖ ਹੋ ਕੇ ਇਹ ਕੰਮ ਕਰਨ) ਦਾ ਸੰਗ ਨਹੀਂ ਕਰਨਾ। ਪੰਥ ਸੇਵਾ ਤੇ ਗੁਰਦਵਾਰਿਆਂ ਦੀ ਟਹਿਲ ਵਿਚ ਤਤਪਰ ਰਹਿਣਾ। ਆਪਣੀ ਕਮਾਈ ਵਿਚੋਂ ਗੁਰੂ ਕਾ ਦਸਵੰਧ ਦੇਣਾ। ਸਾਰੇ ਕੰਮ ਗੁਰਮਤ ਅਨੁਸਾਰ ਕਰਨੇ।

ਖਾਲਸਾ ਧਰਮ ਦੇ ਨਿਯਮਾਂ ਅਨੁਸਾਰ ਜਥੇਬੰਦੀ ਵਿਚ ਇਕ ਸੂਤ ਪਰੋਏ ਰਹਿਣਾ। ਕੋਈ ਰਹਿਤ ਵਿਚ ਭੁਲ ਹੋ ਜਾਵੇ ਤਾਂ ਖਾਲਸੇ ਦੇ ਦੀਵਾਨ ਵਿਚ ਹਾਜ਼ਰ ਹੋਕੇ ਬੇਨਤੀ ਕਰਕੇ ਤਨਖਾਹ ਬਖਸ਼ਾਉਣੀ। ਅਗੋ ਲਈ ਸਾਵਧਾਨ ਰਹਿਣਾ।

(ਠ) ਤਨਖਾਹੀਏ ਇਹ ਹਨ:-

੧. ਮੀਣੇ, ਮਸੰਦ, ਧੀਰਮਲੀਏ, ਰਾਮਰਾਈਏ ਆਦਿਕ ਪੰਥ-ਵਿਰੋਧੀਆਂ ਨਾਲ ਜਾਂ ਨੜੀ-ਮਾਰ, ਕੁੜੀ-ਮਾਰ, ਸਿਰਗੁੰਮ ਨਾਲ ਵਰਤਣ¶ ਵਾਲਾ ਤਨਖਾਹੀਆ ਹੋ ਜਾਂਦਾ ਹੈ।

੨. ਬੇਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲਾ।

੩. ਦਾੜ੍ਹਾ ਰੰਗਣ ਵਾਲਾ, ਚਿਟੇ ਚੁਗਣ ਵਾਲਾ।

੪. ਪੁਤਰ ਜਾਂ ਧੀ ਦਾ ਸਾਕ ਮੁਲ ਲੈ ਕੇ

*ਕ੍ਰਿਪਾਨ ਦੀ ਲੰਮਾਈ ਦੀ ਕੋਈ ਹੱਦ ਨਹੀਂ ਹੋ ਸਕਦੀ।

†ਕਛਹਿਰਾ ਕਿਸੇ ਕਪੜੇ ਦਾ ਹੋ ਸਕਦਾ ਹੈ, ਪਰ ਗੋਡਿਆਂ ਤੋਂ ਨੀਵਾਂ ਨ ਹੋਵੇ।

‡ਕੜਾ ਸਰਬ ਲੋਹ ਦਾ ਹੋਵੇ।

§ਕੁੱਠਾ ਤੋਂ ਭਾਵ ਓਹ ਮਾਸ ਹੈ, ਜੋ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ ਹੋਵੇ।

°ਕੇਸਾਧਾਰੀ ਹੋ ਕੇ ਜੋ ਕੇਸ ਕਟਾ ਦੇਵੇ।

¶ਇਹਨਾਂ ਵਿਚੋਂ ਜਿਹੜੇ ਅੰਮ੍ਰਿਤ ਛਕ ਕੇ ਪੰਥ ਵਿਚ ਮਿਲ ਜਾਣ, ਉਹਨਾਂ ਨਾਲ ਵਰਤਣਾ ਠੀਕ ਹੈ

SikhBookClub.com

ਜਾਂ ਦੇ ਕੇ ਕਰਨ ਵਾਲਾ।

੫. ਕੋਈ ਨਸ਼ਾ (ਭੰਗ, ਅਫ਼ੀਮ, ਸ਼ਰਾਬ, ਪੋਸਤ, ਕੁਕੀਨ ਆਦਿਕ) ਵਰਤਣ ਵਾਲਾ।

੬. ਗੁਰਮਤ ਤੋਂ ਵਿਰੁਧ ਕੋਈ ਸੰਸਕਾਰ ਕਰਨ ਕਰਾਣ ਵਾਲਾ।

੭. ਰਹਿਤ ਵਿਚ ਕੋਈ ਭੁਲ ਕਰਨ ਵਾਲਾ।

(ਙ) ਇਹ ਸਿਖਿਆ ਦੇਣ ਤੋਂ ਉਪ੍ਰੰਤ ਪੰਜਾਂ ਪਿਆਰਿਆਂ ਵਿਚੋਂ ਕੋਈ ਸਜਣ ਅਰਦਾਸਾ ਕਰੇ।

(ਚ) ਫਿਰ ਤਾਬੇ ਬੈਠਾ ਸਿੰਘ 'ਹੁਕਮ' ਲਵੇ। ਜਿਨ੍ਹਾਂ ਨੇ ਅੰਮ੍ਰਿਤ ਛਕਿਆ ਹੈ, ਉਨ੍ਹਾਂ ਵਿਚੋਂ ਜੇ ਕਿਸੇ ਦਾ ਨਾਮ ਅਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਨਹੀਂ ਸੀ ਰਖਿਆ ਹੋਇਆ, ਉਸ ਦਾ ਨਾਮ ਹੁਣ ਬਦਲਾ ਕੇ ਰਖਿਆ ਜਾਵੇ।

(ਛ) ਅੰਤ ਕੜਾਹ ਪ੍ਰਸ਼ਾਦ ਵਰਤੇ। ਜਹਾਜ਼ ਚੜ੍ਹੇ ਸਾਰੇ ਸਿੰਘ ਤੇ ਸਿੰਘਣੀਆਂ ਇਕੋ ਬਾਟੇ ਵਿਚੋਂ ਕੜਾਹ ਪ੍ਰਸ਼ਾਦ ਰਲ ਕੇ ਛਕਣ।

[੩] ਤਨਖਾਹ ਲਾਉਣ ਦਾ ਵਿਧੀ

(ੳ) ਜਿਸ ਕਿਸੇ ਸਿਖ ਪਾਸੋਂ ਕੋਈ ਰਹਿਤ ਦੀ ਭੁਲ ਹੋ ਜਾਵੇ, ਤਾਂ ਉਹ ਨੇੜੇ ਦੇ ਗੁਰ ਸੰਗਤ ਪਾਸ ਹਾਜ਼ਰ ਹੋਵੇ ਅਤੇ ਸੰਗਤ ਦੇ ਸਨਮੁਖ ਖੜੋ ਕੇ ਆਪਣੀ ਭੁਲ ਮੰਨੇ।

(ਅ) ਗੁਰ ਸੰਗਤ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜ ਪਿਆਰੇ ਚੁਣੇ ਜਾਣ, ਜੋ ਪੇਸ਼ ਹੋਏ ਸੱਜਣ ਦੀ ਭੁਲ ਨੂੰ ਵਿਚਾਰ ਕੇ ਗੁਰ ਸੰਗਤ ਪਾਸ ਤਨਖਾਹ (ਦੰਡ) ਤਜਵੀਜ਼ ਕਰਨ।

(ੲ) ਮੈਂ ਗੁਰੂ ਨੂੰ ਬਖਸ਼ਣ ਵੇਲੇ ਹਠ ਨਾਂ ਕਰਨਾ ਚਾਹੀਦਾ। ਨਾ ਹੀ ਤਨਖਾਹ ਲਾਉਣ ਵਾਲੇ ਨੂੰ ਦੰਡ ਭਰਨ ਵਿੱਚ ਅੜੀ ਕਰਨੀ ਚਾਹੀਦੀ ਹੈ। ਤਨਖਾਹ ਕਿਸੇ ਕਿਸਮ ਦੀ ਸੇਵਾ, ਖਾਸ ਕਰਕੇ ਜੋ ਹੱਥਾਂ ਨਾਲ ਕੀਤੀ ਜਾ ਸਕੇ, ਲਾਉਣੀ ਚਾਹੀਏ।

(ਸ) ਅੰਤ ਸੋਧ ਦੀ 'ਅਰਦਾਸ' ਹੋਵੇ।

[੪] ਗੁਰਮਤਾ ਕਰਨ ਦੀ ਵਿਧੀ

(ੳ) ਗੁਰਮਤਾ ਕੇਵਲ ਉਨ੍ਹਾਂ ਸਵਾਲਾਂ ਉਤੇ ਹੀ ਹੋ ਸਕਦਾ ਹੈ, ਜੋ ਸਿਖ ਧਰਮ ਦੀ ਮੁਢਲੇ ਅਸੂਲਾਂ ਦੀ ਪੁਸ਼ਟੀ ਲਈ ਹੋਣ, ਅਰਥਾਤ ਗੁਰੂ ਸਾਹਿਬਾਨ ਜਾਂ ਗੁਰੂ ਗ੍ਰੰਥ ਸਾਹਿਬ ਦੀ ਪਦਵੀ, ਬੀੜ ਦੀ ਨਿਰੋਲਤਾ, ਅੰਮ੍ਰਿਤ, ਰਹਿਤ ਬਹਿਤ, ਪੰਥ ਦੀ ਬਣਾਵਟ, ਆਦਿ ਨੂੰ ਕਾਇਮ ਰੱਖਣ ਬਾਬਤ। ਹੋਰ ਕਿਸੇ ਕਿਸਮ ਦੇ ਸਾਧਾਰਣ (ਧਾਰਮਕ, ਵਿਦਿਅਕ, ਸਮਾਜਕ, ਪੁਲੀਟੀਕਲ) ਸਵਾਲ ਉਤੇ ਕੇਵਲ ਮਤਾ ਹੋ ਸਕਦਾ ਹੈ।

(ਅ) ਇਹ ਗੁਰਮਤਾ ਗੁਰੂ ਪੰਥ ਦਾ ਚੁਣਿਆ ਹੋਇਆ ਕੇਵਲ ਸ਼੍ਰੋਮਣੀ ਜੱਥਾ ਜਾਂ ਗੁਰੂ ਪੰਥ ਦਾ ਪ੍ਰਤੀਨਿਧ ਇਕੱਠ ਹੀ ਕਰ ਸਕਦਾ ਹੈ।

[੫] ਸਥਾਨਕ ਫ਼ੈਸਲਿਆ ਦੀ ਅਪੀਲ

ਸਥਾਨਕ ਗੁਰ ਸੰਗਤਾਂ ਦੇ ਫ਼ੈਸਲਿਆਂ ਦੀ ਅਪੀਲ ਸ੍ਰੀ ਅਕਾਲ ਤਖ਼ਤ ਪਾਸ ਹੋ ਸਕਦੀ ਹੈ।

‡ 'ਵਰਤਣ' ਤੋਂ ਭਾਵ ਰੋਟੀ ਬੇਟੀ ਦੀ ਸਾਂਝ ਹੈ, ਜਿਸ ਦਾ ਸਪਸ਼ਟ ਅਰਥ ਰਿਸ਼ਤਾ ਨਾਤਾ ਕਰਕੇ ਬਰਾਦਰੀ ਦਾ ਸੰਬੰਧ ਪੈਦਾ ਕਰਨਾ ਹੈ। ਗੁਰ ਸਾਹਿਬ ਦਾ ਭਾਵ ਪੰਥ ਨੂੰ ਇਕ ਕਰਕੇ ਰਖਣ ਦਾ ਸੀ ਤਾਕਿ ਵਖਰੇ ਵਖਰੇ ਗੁਰਿਆਈ ਦੇ ਸਟੇਟ ਜਾਂ ਮਿਲ-ਗੋਭਾ ਸਿੱਖੀ ਦੇ ਅੱਡੇ ਨਾ ਬਣਨ

SikhBookClub.com

੧ ਓ ਸਤਿਗੁਰਪ੍ਰਸਾਦਿ ॥

ਸਰਬ ਹਿੰਦ ਸਿੱਖ ਮਿਸ਼ਨ ਬੋਰਡ ਦੇ

ਮਤਾ ਨੰ: ੧ ਮਿਤੀ ੧-੮-੩੬

ਅਤੇ

ਸ਼੍ਰੋ: ਗੁ: ਪ੍ਰ: ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ

ਮਤਾ ਨੰ: ੧੪੯ ਮਿਤੀ ੧੨-੧੦-੩੬ ਅਨੁਸਾਰ ਪ੍ਰਵਾਨ ਹੋਈ

ਸਿੱਖ ਰਹਿਤ ਮਰਯਾਦਾ

ਪਹਿਲੀ ਵਾਰ ੨੦੦੦] ਭੇਟਾ -)

SikhBookClub.com

੧ ੳ ਸਤਿਗੁਰਪ੍ਰਸਾਦਿ ॥

ਅਗਲੇ ਸਫ਼ਿਆਂ ਤੇ ਜੋ ਰਹਿਤ ਮਰਯਾਦਾ ਦਿੱਤੀ ਗਈ ਹੈ, ਉਸ ਦਾ ਖਰੜਾ ਸ਼੍ਰੋਮਣੀ ਕਮੇਟੀ ਦੀ ਰਹੁ-ਰੀਤੀ ਕਮੇਟੀ ਵਲੋਂ ਸ਼੍ਰੋ: ਕਮੇਟੀ ਦੇ ਦਫ਼ਤਰ ਵਿੱਚ ਜਿਸ ਰੀਪੋਰਟ ਸਹਿਤ ਪੁਜਿਆ ਸੀ,ਉਹ ਹੇਠ ਦਿੱਤੀ ਜਾਂਦੀ ਹੈ :-

ਰਪੋਟ ਰਹੁਰੀਤੀ ਸਬ ਕਮੇਟੀ (ਸ਼੍ਰੋ: ਗੁ: ਪ੍ਰ: ਕਮੇਟੀ)

ਸੇਵਾ ਵਿੱਚ ਸ੍ਰੀ ਮਾਨ ਸਕੱਤ੍ਰ ਸਾਹਿਬ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ

ਸ੍ਰੀ ਮਾਨ ਜੀ,

ਸ਼੍ਰੋਮਣੀ ਗੁ: ਪ੍ਰ: ਕਮੇਟੀ ਨੇ ਗੁਰਦਵਾਰਿਆਂ ਵਿੱਚ ਗੁਰ-ਮਰਜਾਦਾ ਨੂੰ ਠੀਕ ਤਰ੍ਹਾਂ ਨੀਅਤ ਕਰਨ ਹਿੱਤ ਇੱਕ ਰਹਿਤ ਮਰਯਾਦਾ ਦਾ ਖਰੜਾ ਤਿਆਰ ਕਰਨ ਲਈ ਹੇਠ ਲਿਖੇ ਸੱਜਣਾਂ ਦੀ ਸਬ ਕਮੇਟੀ ਬਣਾਈ ਸੀ :-

ਗਿਆਨੀ ਠਾਕਰ ਸਿੰਘ ਜੀ ਅਮ੍ਰਿਤਸਰ, ਗਿਆਨੀ ਸ਼ੇਰ ਸਿੰਘ ਜੀ, ਭਾਈ ਬੁਧ ਸਿੰਘ ਜੀ, ਅਕਾਲੀ ਕੌਰ ਸਿੰਘ ਜੀ, ਸੰਤ ਸੰਗਤ ਸਿੰਘ ਜੀ ਕਮਾਲੀਆ, ਭਾਈ ਕਾਹਨ ਸਿੰਘ ਜੀ ਨਾਭਾ, ਸੰਤ ਗੁਲਾਬ ਸਿੰਘ ਜੀ ਘੋਲੀਆ, ਭਾਈ ਲਾਭ ਸਿੰਘ ਜੀ ਗ੍ਰੰਥੀ ਸ੍ਰੀ ਹਰਿ ਮੰਦਰ ਸਾਹਿਬ, ਭਾਈ ਹਜ਼ੂਰਾ ਸਿੰਘ ਜੀ ਹਜ਼ੂਰ ਸਾਹਿਬ (ਜਾਂ ਉਨ੍ਹਾਂ ਦਾ ਭੇਜਿਆ ਹੋਇਆ ਕੋਈ ਪ੍ਰਤੀਨਿਧ), ਪੰਡਤ ਬਸੰਤ ਸਿੰਘ ਜੀ ਪਟਿਆਲਾ, ਭਾਈ ਵੀਰ ਸਿੰਘ ਜੀ ਅੰਮ੍ਰਿਤਸਰ, ਗਿਆਨੀ ਹੀਰਾ ਸਿੰਘ ਜੀ 'ਦਰਦ', ਬਾਵਾ ਹਰਕਿਸ਼ਨ ਸਿੰਘ ਜੀ ਪ੍ਰਿੰਸੀਪਲ ਗੁ: ਨਾ: ਕਾਲਜ ਗੁਜਰਾਂਵਾਲਾ, ਭਾਈ ਤ੍ਰਿਲੋਚਨ ਸਿੰਘ ਜੀ (ਸੁਰ ਸਿੰਘ ਜ਼ਿਲਾ ਲਾਹੌਰ), ਗਿਆਨੀ ਹਮੀਰ ਸਿੰਘ ਜੀ ਅੰਮ੍ਰਿਤਸਰ, ਪੰਡਤ ਕਰਤਾਰ ਸਿੰਘ ਜੀ ਦਾਖਾ ਜ਼ਿਲਾ ਲੁਧਿਆਣਾ, ਜਥੇਦਾਰ ਸਾਹਿਬ ਸ੍ਰੀ ਅਕਾਲ ਤਖਤ ਸਾਹਿਬ,ਜਥੇਦਾਰ ਸਾਹਿਬ ਤਖਤ ਸ੍ਰੀ ਕੇਸਗੜ੍ਹ ਸਾਹਿਬ, ਜਥੇਦਾਰ ਸਾਹਿਬ ਤਖਤ ਸ੍ਰੀ ਪਟਨਾ ਸਾਹਿਬ ਜੀ, ਪ੍ਰੋਫੈਸਰ ਗੰਗਾ ਸਿੰਘ ਜੀ, ਪ੍ਰੋਫੈਸਰ ਜੋਧ ਸਿੰਘ ਜੀ, ਸੰਤ ਮਾਨ ਸਿੰਘ ਜੀ ਕਨਖਲ, ਜਥੇਦਾਰ ਤੇਜਾ ਸਿੰਘ ਜੀ, ਭਾਈ ਰਣਧੀਰ ਸਿੰਘ ਜੀ, ਪ੍ਰੋਫ਼ੈਸਰ ਤੇਜਾ ਸਿੰਘ (ਕਾਨਵੀਨਰ)।

ਇਸ ਸਬ-ਕਮੇਟੀ ਦੇ ਸਮਾਗਮ ੪-੫ ਅਕਤੂਬਰ ੧੯੩੧, ੩ ਜਨਵਰੀ ੧੯੩੨, ਅਤੇ ੩੧ ਜਨਵਰੀ ੧੯੩੨ ਨੂੰ ਸ੍ਰੀ ਅਕਾਲ ਤਖਤ ਸਾਹਿਬ ਉਤੇ ਹੋਏ, ਜਿਨ੍ਹਾਂ ਵਿੱਚ ਹੇਠ ਲਿਖੇ ਮੈਂਬਰ ਦਰਸ਼ਨ ਦੇ ਕੇ ਵਿਚਾਰ ਵਿਚ ਹਿਸਾ ਲੈਂਦੇ ਰਹੇ :-

ਅਕਾਲੀ ਕੌਰ ਸਿੰਘ ਜੀ, ਗਿਆਨੀ ਸ਼ੇਰ ਸਿੰਘ ਜੀ, ਸੰਤ ਮਾਨ ਸਿੰਘ ਜੀ ਨਿਰਮਲੇ, ਪ੍ਰੋਫੈਸਰ ਗੰਗਾ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਗਿਆਨੀ ਹੀਰਾ ਸਿੰਘ ਜੀ 'ਦਰਦ', ਭਾਈ ਲਾਭ ਸਿੰਘ ਜੀ ਗ੍ਰੰਥੀ, ਗਿਆਨੀ ਠਾਕਰ ਸਿੰਘ ਜੀ, ਗਿਆਨੀ ਹਮੀਰ ਸਿੰਘ ਜੀ, ਬਾਵਾ ਹਰਕਿਸ਼ਨ ਸਿੰਘ ਜੀ ਐਮ. ਏ., ਜਥੇਦਾਰ ਤੇਜਾ ਸਿੰਘ ਜੀ, ਭਾਈ ਤ੍ਰਿਲੋਚਨ ਸਿੰਘ ਜੀ ਅਤੇ ਦਾਸ ਕਾਨਵੀਨਰ।

ਇਨ੍ਹਾਂ ਤੋਂ ਇਲਾਵਾ ਹੇਠ ਲਿਖੇ ਸੱਜਣ ਕਦੀ ਕਦੀ ਦਰਸ਼ਨ ਦਿੰਦੇ ਰਹੇ :-

SikhBookClub.com

(ਅ)

ਸ: ਧਰਮ ਅਨੰਤ ਸਿੰਘ ਜੀ ਪ੍ਰਿੰਸੀਪਲ ਸਿੱਖ ਮਿਸ਼ਨਰੀ ਕਾਲਜ, ਸ: ਭਾਗ ਸਿੰਘ ਜੀ ਵਕੀਲ ਗੁਰਦਾਸ ਪੁਰ, ਸ: ਵਸਾਵਾ ਸਿੰਘ ਜੀ ਸਕੱਤ੍ਰ ਸ਼੍ਰੋਮਣੀ ਕਮੇਟੀ, ਸ: ਤਾਰਾ ਸਿੰਘ ਜੀ (ਪ੍ਰੈਜ਼ੀਡੈਂਟ ਸ੍ਰੋ: ਅਕਾਲੀ ਦਲ) ਆਦਿ।

ਇਹ ਖਰੜਾ ਇਸ ਰਹੁਰੀਤ ਕਮੇਟੀ ਵਲੋਂ ਸ਼੍ਰੋਮਣੀ ਕਮੇਟੀ ਦੀ ਸੇਵਾ ਵਿਚ ਪੇਸ਼ ਕੀਤਾ ਜਾਂਦਾ ਹੈ : ਆਸ਼ਾ ਹੈ, ਆਪ ਇਸ ਖਰੜੇ ਨੂੰ ਪੰਥ ਦੀ ਰਾਇ ਲੈਣ ਲਈ ਛਪਵਾ ਕੇ ਪ੍ਰਕਾਸ਼ਤ ਕਰੋਗੇ, ਅਤੇ ਰਾਵਾਂ ਆਵਣ ਤੇ ਸ਼੍ਰੋਮਣੀ ਕਮੇਟੀ ਦੇ ਇਜਲਾਸ ਵਿਚ ਅੰਤਮ ਪ੍ਰਵਾਨਗੀ ਲਈ ਪੇਸ਼ ਕਰੋਗੇ।

ਇਸ ਤੋਂ ਉਪਰੰਤ ਸ਼੍ਰੋਮਣੀ ਕਮੇਟੀ ਦੀ ਆਗਿਆ ਅਨੁਸਾਰ ੮ ਮਈ ੧੯੩੨ ਨੂੰ ਖਰੜੇ ਉਤੇ ਇਕ ਵਾਰੀ ਹੋਰ ਵਿਚਾਰ ਕੀਤੀ ਗਈ। ਹੇਠ ਲਿਖੇ ਸੱਜਣ ਹਾਜ਼ਰ ਸਨ :-

ਜਥੇਦਾਰ ਤੇਜਾ ਸਿੰਘ ਜੀ, ਸੰਤ ਤੇਜਾ ਸਿੰਘ ਜੀ ਗ੍ਰੰਥੀ ਨਨਕਾਣਾ ਸਾਹਿਬ, ਗਿਆਨੀ ਗੁਰਮੁਖ ਸਿੰਘ ਜੀ 'ਮੁਸਾਫ਼ਰ', ਗਿਆਨੀ ਨਾਹਰ ਸਿੰਘ ਜੀ, ਸ: ਵਸਾਵਾ ਸਿੰਘ ਜੀ ਸਕੱਤ੍ਰ ਸ਼੍ਰੋਮਣੀ ਕਮੇਟੀ, ਭਾਈ ਕਰਤਾਰ ਸਿੰਘ ਜੀ ਝੱਬਰ, ਸਰਦਾਰ ਵਰਿਆਮ ਸਿੰਘ ਜੀ ਨਾਰਮੂਲਾ, (ਮੈਂਬਰ ਇਨਚਾਰਜ ਨਨਕਾਣਾ ਸਾਹਿਬ), ਭਾਈ ਪ੍ਰਤਾਪ ਸਿੰਘ ਜੀ ਪੁਸਤਕਾਂ ਵਾਲੇ, ਸ: ਲਾਲ ਸਿੰਘ ਜੀ (ਸ਼੍ਰੋਮਣੀ ਕਮੇਟੀ), ਸ: ਸੋਹਣ ਸਿੰਘ ਜੀ (ਸ੍ਰੀ ਅਕਾਲ ਤਖ਼ਤ) ਆਦਿ।

ਇਸ ਤੋਂ ਉਪਰੰਤ ਕਈ ਸਜਣਾਂ ਦੇ ਜ਼ੋਰ ਦੇਣ ਤੇ ਖਰੜੇ ਉਤੇ ਮੁੜ ਵਿਚਾਰ ਕਰਨ ਲਈ ਰਹੁਰੀਤ ਕਮੇਟੀ ਦਾ ਇਕ ਹੋਰ ਸਮਾਗਮ ੨੬ ਸਤੰਬਰ ੧੯੩੨ ਨੂੰ ਕੀਤਾ ਗਿਆ। ਇਸ ਵਿਚ ਹੇਠ ਲਿਖੇ ਮੈਂਬਰ ਹਾਜ਼ਰ ਸਨ :-

ਗਿ: ਸ਼ੇਰ ਸਿੰਘ ਜੀ, ਗਿ: ਠਾਕਰ ਸਿੰਘ ਜੀ, ਗਿ: ਹਮੀਰ ਸਿੰਘ ਜੀ, ਭਾਈ ਲਾਭ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਗਿ: ਗੁਰਮੁਖ ਸਿੰਘ ਜੀ 'ਮੁਸਾਫ਼ਰ', ਭਾਈ ਜੋਗਿੰਦਰ ਸਿੰਘ ਜੀ (ਮੀਤ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ), ਜਥੇਦਾਰ ਤੇਜਾ ਸਿੰਘ ਜੀ, ਗਿ: ਨਾਹਰ ਸਿੰਘ ਜੀ ਅਤੇ ਦਾਸ ਕਾਨਵੀਨਰ।

ਇਨ੍ਹਾਂ ਤੋਂ ਇਲਾਵਾ ਸੰਤ ਤੇਜਾ ਸਿੰਘ ਜੀ ਐਮ. ਏ. ਭੀ ਵਿਚਾਰ ਵਿੱਚ ਹਿੱਸਾ ਲੈਂਦੇ ਰਹੇ। ਕਮੇਟੀ ਨੇ ਬੜੀ ਗਹੁ ਨਾਲ ਫੇਰ ਸਾਰੇ ਖਰੜੇ ਉਤੇ ਵਿਚਾਰ ਕੀਤੀ ਅਤੇ ਇਸ ਨੂੰ ਅੱਛੀ ਤਰ੍ਹਾਂ ਸੋਧਿਆ।

ਹੁਣ ਇਹ ਖਰੜਾ ਰਹੁਰੀਤ ਕਮੇਟੀ ਵਲੋਂ ਸ਼੍ਰੋਮਣੀ ਕਮੇਟੀ ਦੀ ਸੇਵਾ ਵਿੱਚ ਫੇਰ ਪੇਸ਼ ਕੀਤਾ ਜਾਂਦਾ ਹੈ। ਕਿਰਪਾ ਕਰ ਕੇ ਇਸ ਖਰੜੇ ਨੂੰ ਛਪਵਾ ਕੇ ਸੰਗਤਾਂ ਦੀ ਸੇਵਾ ਵਿਚ ਅੰਤਮ ਵੇਰ ਰਾਇ ਦੇਣ ਲਈ ਭੇਜੋ। ਨਾਲ ਹੀ ਇਸ ਖਰੜੇ ਨੂੰ ਵਿਚਾਰਨ ਅਤੇ ਅੰਤਮ ਪਰਵਾਨਗੀ ਦੇਣ ਲਈ ਸ਼੍ਰੋਮਣੀ ਕਮੇਟੀ ਦਾ ਖਾਸ ਇਜਲਾਸ ਬੁਲਾਇਆ ਜਾਵੇ।

ਦਾਸ-ਤੇਜਾ ਸਿੰਘ, ਕਾਨਵੀਨਰ, ਰਹੁਰੀਤ ਕਮੇਟੀ

੧ ਅਕਤੂਬਰ ੧੯੩੨]

SikhBookClub.com

ਖਰੜੇ ਸੰਬੰਧੀ ਰਾਵਾਂ ਭੇਜਣ ਵਾਲੇ ਸੱਜਣਾਂ ਤੇ ਸਭਾਵਾਂ ਦੀ ਫ਼ਹਿਰਿਸਤ

ਰਹੁਰੀਤ ਦੇ ਖਰੜੇ ਸੰਬੰਧੀ ਰਾਵਾਂ ਭੇਜਣ ਵਾਲੇ ਸੱਜਣਾਂ ਦੇ ਨਾਮ :-

੧. ਭਾ: ਰਣਜੀਤ ਸਿੰਘ ਜੀ, ਮੁਹਾਫ਼ਿਜ਼ ਦਫ਼ਤਰ, ਗੁਰਦਵਾਰਾ ਸ੍ਰੀ ਹਜ਼ੂਰ ਸਾਹਿਬ ਜੀ, ਨੰਦੇੜ।

੨. ਸ: ਹਜ਼ਾਰਾ ਸਿੰਘ ਜੀ, ਠੇਕੇਦਾਰ ਭਵਾਨੀ ਗੜ੍ਹ (ਪਟਿਆਲਾ ਗਵਰਨਮੈਂਟ)।

੩. ਗਿ: ਹੀਰਾ ਸਿੰਘ ਜੀ 'ਦਰਦ', ਲਾਹੌਰ।

੪. ਭਾ: ਹਰਨਾਮ ਸਿੰਘ ਜੀ 'ਨਾਗੀਰੇ' ਪਿੰਡ ਨੌਸ਼ਹਿਰਾ ਸ੍ਰੀਨ ਮਕੇਸਰ, ਜ਼ਿਲਾ ਸ਼ਾਹਪੁਰ।

੫. ਭਾ: ਪ੍ਰਤਾਪ ਸਿੰਘ ਜੀ ਪੁਸਤਕਾਂ ਵਾਲੇ ਅੰਮ੍ਰਿਤਸਰ।

੬. ਭਾ: ਰਾਮ ਸਿੰਘ ਜੀ, ਡੇਰਾ ਬਾਬਾ ਮਿਸਰਾ ਸਿੰਘ, ਚੌਕ ਲਛਮਨ ਸਰ, ਅੰਮ੍ਰਿਤਸਰ

੭. ਗਿ: ਨਾਹਰ ਸਿੰਘ ਜੀ, 'ਅਸਲੀ ਕੌਮੀ ਦਰਦ', (ਪਹਿਲਾ ਖਰੜਾ), ਅੰਮ੍ਰਿਤਸਰ।

੮. ,, ,, ,, (ਦੂਜੀ ਵਾਰ ਦਾ) ,,

੯. ਸ: ਗੰਡਾ ਸਿੰਘ ਜੀ, ਜਮਾਦਾਰ ਪਿਨਸ਼ਨਰ, ਐਗਜ਼ਾਮੀਨਰ, ਨਕੂਲ ਫ਼ਾਰਸੀ, ਦਫ਼ਤਰ ਡੀ. ਸੀ. ਜਾਲੰਧਰ ਸ਼ਹਿਰ।

੧੦. ਵੈਦਜ ਨੌਰੰਗ ਸਿੰਘ ਗੁਰਬਚਨ ਸਿੰਘ ਜੀ 'ਤਾਂਘੀ', ਅੰਮ੍ਰਿਤਸਰ।

੧੧. ਭਾ: ਮੇਲਾ ਸਿੰਘ ਜੀ ਗੁ: ਚੌਰਸਤੀ ਅਟਾਰੀ, ਅੰਮ੍ਰਿਤਸਰ।

੧੨. ਭਾਈ ਸਾਹਿਬ ਭਾ: ਕਾਹਨ ਸਿੰਘ ਜੀ, ਸਰਦਾਰ ਬਹਾਦਰ, ਨਾਭਾ।

੧੩. ਇੱਕ ਪਰੇਮੀ ਸੱਜਣ।

੧੪. ,, ,, ,, ।

੧੫. ਸੰਤ ਟਹਿਲ ਸਿੰਘ ਜੀ, ਮਜੀਠਾ, (ਅੰਮ੍ਰਿਤਸਰ)।

੧੬. ਭਾ: ਨਰੈਣ ਸਿੰਘ ਜੀ, ਮਸੀਤ ਪਲਕੋਟ, ਡਾ: ਗੜ੍ਹ ਦੀਵਾਲਾ, (ਹੁਸ਼ਿਆਰਪੁਰ)।

੧੭. ਭਾਈ ਉੱਤਮ ਸਿੰਘ ਜੀ ਛਿੱਟਾ ਗਾਂਗ (ਬੰਗਾਲ), ਡਾਕਖਾਨਾ ਰੇਲਵੇ ਬਿਲਡਿੰਗ ਛਿੱਟਾ ਗਾਂਗ।

੧੮. ਐਡੀਟਰ, ਖਾਲਸਾ ਤੇ ਖਾਲਸਾ ਐਡਵੋਕੇਟ ਅੰਮ੍ਰਿਤਸਰ।

੧੯. ਭਾਈ ਅਮਰੀਕ ਸਿੰਘ ਜੀ, ਚੂਨੇ ਵਾਲੇ, ਗੁਜਰਾਂ ਵਾਲਾ॥

੨੦. ਸੰਤ ਗੁਲਾਬ ਸਿੰਘ ਜੀ, ਖਾਲਸਾ ਅਨੰਦ ਭਵਨ, ਮੋਗਾ (ਫ਼ੀਰੋਜ਼ ਪੁਰ)॥

੨੧. ਗਿ: ਹੀਰਾ ਸਿੰਘ ਜੀ, ਢਡਿਆਲ, (ਜਿਹਲਮ) ॥

੨੨. ਭਾ: ਨੰਦ ਸਿੰਘ ਜੀ ਇੰਜੀਨੀਅਰ, ਮਾਰਫ਼ਤ ਬਖਤਾਵਰ ਲਾਲ ਸ਼ਰਮਾ ਬਠਿੰਡਾ॥

੨੩. ਮਾ: ਬਚਨ ਸਿੰਘ ਜੀ 'ਬਚਨ', ਸਿਧਵਾਂ ਕਲਾਂ, (ਲੁਧਿਆਣਾ)॥

SikhBookClub.com

੨੪. ਭਾਈ ਬਿਸ਼ਨ ਸਿੰਘ ਜੀ ਸੁਹਾਣਾ, ਗਿਆਨੀ, ਦੁ: ਖਾ: ਹਾ: ਸਕੂਲ, ਜਲੰਧਰ।
੨੫. ਭਾ: ਨਾਜ਼ਰ ਸਿੰਘ ਜੀ ਸੁਧਾਰ, ਦੀਨਾ ਪੁਰ (ਪਟਨਾ)।
੨੬. ਸੰਤ ਗੁਲਾਬ ਸਿੰਘ ਜੀ ਘੋਲੀਆ ਮੋਗਾ।
੨੭. ਸ: ਹੀਰਾ ਸਿੰਘ ਜੀ 'ਜਾਚਕ', ਅੰਮ੍ਰਿਤਸਰ।
੨੮. ਮਾਸਟਰ ਪੂਰਨ ਸਿੰਘ ਜੀ ਅਨੰਦ ਪੁਰੀ, ਚੌਕ ਕਰੋੜੀ ਅੰਮ੍ਰਿਤਸਰ।
੨੯. ਗਿ: ਬਚਿੱਤ੍ਰ ਸਿੰਘ ਜੀ ਮਾਰਫ਼ਤ ਖਾਲਸਾ ਟ੍ਰੇਡਿੰਗ ਏਜੰਸੀ, ਕਲਕੱਤਾ॥
੩੦. ਭਾਈ ਤ੍ਰਿਪਤ ਸਿੰਘ ਜੀ, ਨਾਗੋਕੀ ਸਰਲੀ, (ਅੰਮ੍ਰਿਤਸਰ)।
੩੧. ਗਿਆਨੀ ਰਣ ਸਿੰਘ ਜੀ, ਗੁ: ਦਮਦਮਾ ਸਾਹਿਬ, ਮੀਰ ਪੁਰ, ਬਰਾਸਤਾ ਜੇਹਲਮ
੩੨. ਭਾਈ ਚਤਰ ਸਿੰਘ ਜੀ, ਗੁ: ਸਰੰਬਾਨ ਸ਼ਹਿਰ ਮਲਾਇਆ ਟਾਪੂ॥
੩੩. ਭਾਈ ਠਾਕਰ ਸਿੰਘ ਜੀ 'ਸੰਸਾਰ' ਪਿੰਡ ਫ਼ਤਹਿ ਗੜ੍ਹ ਘਨੀਆਂ, ਡਾ: ਖਾਸ (ਗੁਰਦਾਸਪੁਰ)॥
੩੪. ਪੰਡਤ ਕਰਤਾਰ ਸਿੰਘ ਜੀ, ਦਾਖਾ (ਲੁਧਿਆਣਾ)॥
੩੫. ਭਾਈ ਪ੍ਰੇਮ ਸਿੰਘ ਜੀ ਗਿਆਨੀ, ਖਾ: ਹਾ: ਸਕੂਲ, ਰੱਲਰ (ਰਾਵਲਪਿੰਡੀ)॥
੩੬. ਭਾਈ ਗੁਰਦਿੱਤ ਸਿੰਘ ਜੀ ਦਰਸ ਚਕ ਨੰ: ੧੩੨ ਜਹਾਦੇਵ ਡਾ: ਖਾਸ (ਮੁਲਤਾਨ)॥
੩੭. ਭਾਈ ਸੁੰਦਰ ਸਿੰਘ ਜੀ ਦੁਬਰਨ (ਰਾਵਲਪਿੰਡੀ)॥
੩੮. ਗਿਆਨੀ ਭਗਤ ਸਿੰਘ ਜੀ ਖਾ: ਹਾਈ ਸਕੂਲ ਬਾਬਾ ਬਕਾਲਾ (ਅੰਮ੍ਰਿਤਸਰ)॥
੩੯. ਭਾਈ ਸਰਨ ਸਿੰਘ ਜੀ ਗ੍ਰੰਥੀ ਗੁ: ਰਤਨ ਤਲਾ ਸ੍ਰੀ ਗੁਰੂ ਸਿੰਘ ਸਭਾ ਕਰਾਚੀ॥
੪੦. ਭਾਈ ਛਹਿਬਰ ਸਿੰਘ ਜੀ ਹੈਡ ਮਾਸਟਰ ਖਾ: ਉਪਦੇਸ਼ਕ ਕਾਲਜ ਘਰੀਮਖਾਨਾ ਘਰਜਾਖ (ਗੁਜਰਾਂਵਾਲਾ)॥
੪੧. ਭਾਈ ਮੂਲ ਸਿੰਘ ਖੋਸਲਾ, ਕਸ਼ਮੀਰ ਸਟੇਟ॥
੪੨. ਡਾਕਟਰ ਤੇਜਾ ਸਿੰਘ ਜੀ ਗਿਆਨੀ ਫ਼ਤਹਿ ਚਕ (ਤਰਨ ਤਾਰਨ)॥
੪੩. ਭਾਈ ਗੁਰਮੁਖ ਸਿੰਘ ਜੀ ਗ੍ਰੰਥੀ ਬੜੂੰਦੀ (ਲੁਧਿਆਣਾ)॥
੪੪. ਭਾਈ ਮੋਹਣ ਸਿੰਘ ਜੀ ਵੈਦ, ਤਰਨ ਤਾਰਨ (ਅੰਮ੍ਰਿਤਸਰ)॥
੪੫. ਭਾਈ ਜੋਧ ਸਿੰਘ ਜੀ, 'ਕਿਰਪਾਨ ਬਹਾਦਰ', ਅਲੋਵਾਲ, (ਮਲਾਇਆ ਸਟੇਟਸ)।
੪੬. ਭਾਈ ਪ੍ਰੇਮ ਸਿੰਘ ਜੀ ਪੈਨਸ਼ਨਰ ਮਾਂਗਟ (ਗੁਜਰਾਤ)॥
੪੭. ਮਹਾਬਲਵੀਰ ਸਿੰਘ ਜੀ ਅਕਾਲੀ ਪਿੰਡ ਪਤੋ ਹੀਰਾ ਸਿੰਘ ਵਾਲੀ ਡਾ: ਖਾਸ (ਫ਼ਿਰੋਜ਼ਪੁਰ)॥
੪੮. ਭਾ: ਮਨੋਹਰ ਸਿੰਘ ਜੀ ਪਹਿਲਾ ਹੈਡ ਕਲਰਕ ਸਥਾਨਕ ਗੁਰਦਵਾਰਾ ਕਮੇਟੀ ਅੰਮ੍ਰਿਤਸਰ॥
੪੯. ਭਾਈ ਮਹਿੰਦਰ ਸਿੰਘ ਪ੍ਰਧਾਨ ਗੁ: ਕਮੇਟੀ ਸਮਾਧ ਭਾਈ ਪਿੰਡ ਅਨੂਰੇ (ਫ਼ੀਰੋਜ਼ਪੁਰ)॥

SikhBookClub.com

੫੦. ਭਾਈ ਗੁਰਬਚਨ ਸਿੰਘ Ketrygess M. P. pett, Joimunle B. SC.

ਰਹੁਰੀਤ ਦੇ ਖਰੜੇ ਸੰਬੰਧੀ ਹੇਠ ਲਿਖੇ ਪੰਥਕ ਜਥਿਆਂ ਵਲੋਂ ਰਾਵਾਂ ਪੁਜੀਆਂ :-

੧. ਗੁ: ਪ੍ਰ: ਕਮੇਟੀ ਖਡੂਰ ਸਾਹਿਬ (ਅੰਮ੍ਰਿਤਸਰ) ॥
੨. ਖਾਲਸਾ ਕਮੇਟੀ (ਸਕੂਲ) ਹੋਤੀ।
੩. ਸ੍ਰੀ ਗੁਰੂ ਸਿੰਘ ਸਭਾ ਗੁਜਰਾਂ ਵਾਲਾ ॥
੪. ਸਿੱਖ ਇਸਤ੍ਰੀ ਵਿਦਿਅਕ ਕਮੇਟੀ ਸ਼ਾਂਕਰ (ਜਾਲੰਧਰ) ॥
੫. ਸੰਗਤ ਤਖਤ ਸ੍ਰੀ ਕੇਸ ਗੜ੍ਹ ਸਾਹਿਬ ਅਨੰਦਪੁਰ ॥
੬. ਸ੍ਰੀ ਗੁਰੂ ਸਿੰਘ ਸਭਾ ਗੁਜਰਖਾਨ॥
੭. ਸ੍ਰੀ ਗੁਰੂ ਸਿੰਘ ਸਭਾ ਚਕ ਝੁਮਰਾ ਮੰਡੀ (ਲਾਇਲਪੁਰ) ॥
੮. ਸ੍ਰੀ ਗੁਰੂ ਸਿੰਘ ਸਭਾ ਕੁੰਤਰੀਲਾ (ਰਾਵਲਪਿੰਡੀ) ॥
੯. ਅਕਾਲੀ ਜੱਥਾ ਸ਼ਹਿਰ ਅੰਮ੍ਰਿਤਸਰ ॥
੧੦. ਸਿੱਖ ਟੀਚਰਜ਼ ਐਸੋਸੀਏਸ਼ਨ ਖਾਲਸਾ ਸਕੂਲ ਖਾਰੀਆਂ (ਗੁਜਰਾਤ) ॥
੧੧. ਖਾਲਸਾ ਸੈਂਟਰਲ ਦੀਵਾਨ (ਸ਼ਰੋਮਣੀ ਪੰਥ ਮਲੌਨੀ ਜੱਥਾ ਮਾਂਝਾ)।
੧੨. ਸ੍ਰੀ ਗੁਰੂ ਸਿੰਘ ਸਭਾ ਢੁਡਿਆਲ (ਜਿਹਲਮ)।
੧੩ ਸ੍ਰੀ ਗੁਰੂ ਸਿੰਘ ਸਭਾ, ਬੰਬਈ॥
੧੪. ਗੁਰੂ ਨਾਨਕ ਖਾ: ਮਿਡਲ ਸਕੂਲ ਡੇਹਰਾ ਸਾਹਿਬ ਜਾਮਾ ਰਾਏ ॥
੧੫. ਖਾਲਸਾ ਦੀਵਾਨ, ਲਾਹੌਰ ਛਾਉਣੀ ॥
੧੬. ਸੈਂਟਰਲ ਸਿੱਖ ਨੌਜਵਾਨ ਸਭਾ ਬਰਮਾ ਟੌਂਜ਼ੀ (S. S. S.) ਅਤੇ ਖਾਲਸਾ ਦੀਵਾਨ ਫਤਮਾ॥
੧੭. ਜਥੇਤ੍ਰ, ਅਕਾਲੀ ਜੱਥਾ ਤਹਿਸੀਲ ਅੰਬਾਲਾ ॥
੧੮. ਸ੍ਰੀ ਗੁਰੂ ਸਿੰਘ ਸਭਾ ਖੁਸ਼ਾਬ (ਸਰਗੋਧਾ) ॥
੧੯. ਪੈਸਿਫਿਕ ਕੋਸਟ ਖਾਲਸਾ ਦੀਵਾਨ ਸਟਾਕਟਨ ਅਮਰੀਕਾ ॥
੨੦. ਗੁ: ਕਮੇਟੀ ਮੇਮਿਓ ਬਰਮਾ॥
੨੧. ਜੱਥੇਦਾਰ ਬੁਢਾ ਦਲ ਨਿਹੰਗ ਸਿੰਘ ਦਲ ਦਾ ਵਹੀਰ ਧੋਬੀ ਮੰਡੀ ਲਾਹੌਰ ॥

SikhBookClub.com

੧ ਓ ਸਤਿਗੁਰ ਪ੍ਰਸਾਦਿ ॥

ਸਿੱਖ ਰਹਿਤ ਮਰਯਾਦਾ

ਸਿੱਖ ਦੀ ਤਾਰੀਫ਼

ਜੋ ਇਸਤ੍ਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ) ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਾਂ ਗੁਰੂ ਸਾਹਿਬਾਨ ਦੀ ਬਾਣੀ ਤੇ ਸਿਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸ਼ਚਾ ਰਖਦਾ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।

ਸਿੱਖ ਦੀ ਰਹਿਣੀ ਦੋ ਤਰ੍ਹਾਂ ਦੀ ਹੈ, ਸ਼ਖਸੀ ਤੇ ਪੰਥਕ

ਸ਼ਖ਼ਸੀ ਰਹਿਣੀ

(੧) ਨਾਮ ਬਾਣੀ ਦਾ ਅਭਿਆਸ, (੨) ਗੁਰਮਤ ਦੀ ਰਹਿਣੀ, (੩) ਸੇਵਾ।

(੧) ਨਾਮ ਬਾਣੀ ਦਾ ਅਭਿਆਸ

੧. ਸਿਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗ ਕੇ ਇਸ਼ਨਾਨ ਕਰੇ ਅਤੇ ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ ਨਾਮ ਜਪੇ।

੨. ਨਿਤਨੇਮ ਦਾ ਪਾਠ ਕਰੇ। ਨਿਤਨੇਮ ਦੀਆਂ ਬਾਣੀਆਂ ਇਹ ਹਨ:-

ਜਪੁ, ਜਾਪੁ ਅਤੇ ੧੦ ਸਵੱਯੇ ('ਸ੍ਰਾਵਗ ਸੁੱਧ' ਵਾਲੇ) ਇਹ ਬਾਣੀਆਂ ਅੰਮ੍ਰਿਤ ਵੇਲੇ ਪੜ੍ਹਨੀਆਂ।

ਸੋਦਰੁ ਰਹਿਰਾਸ—ਸ਼ਾਮ ਵੇਲੇ ਸੂਰਜ ਡੁੱਬੇ ਪੜ੍ਹਨੀ। ਇਸ ਵਿਚ ਇਹ ਬਾਣੀਆਂ ਸ਼ਾਮਲ ਹਨ:-

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਲਿਖੇ ਹੋਏ ਨੌ ਸ਼ਬਦ ('ਸੋਦਰੁ' ਤੋਂ ਲੈਕੇ 'ਸਰਣਿ ਪਰੇ ਕੀ ਰਾਖਹੁ ਸਰਮਾ' ਤੱਕ), ਬੇਨਤੀ ਚੌਪਈ ਪਾਤਸ਼ਾਹੀ ੧੦ ('ਹਮਰੀ ਕਰਉ ਹਾਥ ਦੈ ਰਛਾ' ਤੋਂ ਲੈਕੇ 'ਦੁਸ਼ਟ ਦੋਖ ਤੇ ਲੇਹੁ ਬਚਾਈ' ਤਕ), ਅਨੰਦ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ*।

ਸੋਹਿਲਾ—ਇਹ ਬਾਣੀ ਰਾਤ ਨੂੰ ਸਉਣ

* ਇਸ ਮੌਕੇ ਤੇ ਜਾਂ ਦੀਵਾਨ ਦੀ ਸਮਾਪਤੀ ਤੇ ਜੋ ਅਨੰਦ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ, ਉਹਦਾ ਭਾਵ ਕੇਵਲ ਗੁਰੂ ਦੇ ਮਿਲਾਪ ਲਈ ਖੁਸ਼ੀ ਤੇ ਧੰਨਵਾਦ ਕਰਨਾ ਹੁੰਦਾ ਹੈ।

SikhBookClub.com

ਵੇਲੇ ਪੜ੍ਹਨੀ । ਅੰਮ੍ਰਿਤ ਵੇਲੇ ਅਤੇ ਸੋਦਰੁ ਵੇਲੇ ਦੇ ਨਿਤਨੇਮ ਤੋਂ ਉਪਰੰਤ ਅਰਦਾਸ ਕਰਨੀ ਜ਼ਰੂਰੀ ਹੈ।

੩. (ੲ) ਅਰਦਾਸ† ਇਹ ਹੈ:-

ੴ ਵਾਹਿਗੁਰੂ ਜੀ ਕੀ ਫ਼ਤਹ ॥
ਸ੍ਰੀ ਭਗੌਤੀ ਜੀ ਸਹਾਇ ।
ਵਾਰ ਸ੍ਰੀ ਭਗੌਤੀ ਜੀ ਕੀ । ਪਾਤਸ਼ਾਹੀ ੧੦ ।

ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ । ਫਿਰ ਅੰਗਦ ਗੁਰ ਤੇ ਅਮਰ ਦਾਸੁ ਰਾਮਦਾਸੈ ਹੋਈਂ ਸਹਾਇ। ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ । ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੇ ਸਭਿ ਦੁਖ ਜਾਇ । ਤੇਗ ਬਹਾਦਰ ਸਿਮਰੀਐ ਘਰ ਨਉ ਨਿਧਿ ਆਵੈ ਧਾਇ। ਸਭ ਥਾਈਂ ਹੋਇ ਸਹਾਇ । ਦਸਵਾਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ! ਸਭ ਥਾਈਂ ਹੋਇ ਸਹਾਇ । ਦਸਾਂ ਪਾਤਿਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ !

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ, ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ, ਖਾਲਸਾ ਜੀ ! ਬੋਲੋ ਜੀ ਵਾਹਿਗੁਰੂ !

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ, ਖਾਲਸਾ ਜੀ ! ਬੋਲੋ ਜੀ ਵਾਹਿਗੁਰੂ !!

ਚੌਹਾਂ ਤਖ਼ਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ !!

ਪ੍ਰਿਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖਾਲਸਾ ਜੀ ਕੋ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਚਿਤ ਆਵੇ, ਚਿਤ ਆਵਨ ਕਾ ਸਦਕਾ ਸਰਬ ਸੁਖ ਹੋਵੈ । ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ, ਦੇਗ ਤੇਗ ਫ਼ਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ,

† ਇਹ ਅਰਦਾਸ ਦਾ ਨਮੂਨਾ ਹੈ । 'ਪ੍ਰਿਥਮ ਭਗੌਤੀ' ਵਾਲੇ ਸ਼ਬਦ ਅਤੇ 'ਨਾਨਕ ਨਾਮ' ਵਾਲੀਆਂ ਅੰਤਲੀਆਂ ਦੋ ਤੁਕਾਂ ਵਿਚ ਕੋਈ ਤਬਦੀਲੀ ਨਹੀਂ ਹੋ ਸਕਦੀ।

SikhBookClub.com

ਖਾਲਸੇ ਜੀ ਕੇ ਬੋਲ ਬਾਲੇ, ਬੋਲੋ ਜੀ ਵਾਹਿਗੁਰੂ !!

ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਂਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ !!!

ਸਿੱਖਾਂ ਦਾ ਮਨ ਨੀਵਾਂ ਮਤ ਉਚੀ, ਮਤ ਦਾ ਰਾਖਾ ਆਪਿ ਵਾਹਿਗੁਰੂ ! ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸਚੇ ਪਿਤਾ, ਵਾਹਿਗੁਰੂ ! ਆਪ ਦੇ ਹਜ਼ੂਰ.....*ਦੀ ਅਰਦਾਸ ਹੈ ਜੀ।

ਅੱਖਰ ਵਾਧਾ ਘਾਟਾ ਭੁਲ ਚੁਕ ਮਾਫ਼ ਕਰਨੀ।

ਸਰਬੱਤ ਦੇ ਕਾਰਜ ਰਾਸ ਕਰਨੇ।

ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ।
ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬੱਤ ਕਾ ਭਲਾ।

ਇਸਤੋਂ ਉਪਰੰਤ ਅਰਦਾਸ ਵਿਚ ਸ਼ਾਮਲ ਹੋਣ ਵਾਲੀ ਸਾਰੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਅਦਬ ਨਾਲ ਮੱਥਾ ਟੇਕੇ ਅਤੇ ਫਿਰ ਖੜੇ ਹੋ ਕੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਬੁਲਾਵੇ। ਉਪਰੰਤ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ ਜਾਵੇ।

(ਅ) ਅਰਦਾਸ ਹੋਣ ਸਮੇਂ ਸੰਗਤ ਵਿਚ ਹਾਜ਼ਰ ਸਾਰੇ ਇਸਤ੍ਰੀ ਪੁਰਸ਼ਾਂ ਨੂੰ ਹਥ ਜੋੜ ਕੇ ਖੜਾ ਹੋਣਾ ਚਾਹੀਦਾ ਹੈ। ਜੋ ਸੱਜਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਾ ਹੋਵੇ, ਉਹ ਭੀ ਉਠ ਕੇ ਚੌਰ ਕਰੇ।

(ੲ) ਅਰਦਾਸ ਕਰਨ ਵਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਖੜੇ ਕੇ ਤੇ ਹਥ ਜੋੜ ਕੇ ਅਰਦਾਸ ਕਰੇ। ਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੌਜੂਦ ਨਾ ਹੋਣ ਤਾਂ ਕਿਸੇ ਪਾਸੇ ਮੂੰਹ ਕਰਕੇ ਅਰਦਾਸ ਕਰੋ, ਪ੍ਰਵਾਨ ਹੈ।

(ਸ) ਜਦੋਂ ਕੋਈ ਖਾਸ ਅਰਦਾਸ ਕਿਸੇ ਇਕ ਜਾਂ ਵਧੀਕ ਆਦਮੀਆਂ ਵਲੋਂ ਹੋਵੇ, ਤਾਂ ਉਨ੍ਹਾਂ ਤੋਂ ਬਿਨਾਂ ਸੰਗਤਿ ਵਿਚ ਬੈਠੇ ਹੋਰਨਾਂ ਦਾ ਉਠਣਾ ਜ਼ਰੂਰੀ ਨਹੀਂ।

੪. ਸਾਧ ਸੰਗਤਿ ਵਿਚ ਜੁੜ ਕੇ ਗੁਰਬਾਣੀ ਦਾ ਅਭਿਆਸ:--

ਗੁਰਦੁਆਰੇ

(ੳ) ਗੁਰਬਾਣੀ ਦਾ ਅਸਰ ਸਾਧ ਸੰਗਤ ਵਿਚ ਬੈਠਿਆਂ ਵਧੇਰੇ ਹੁੰਦਾ ਹੈ। ਇਸ ਲਈ ਸਿਖ ਲਈ ਉਚਿਤ ਹੈ ਕਿ ਸਿਖ ਸੰਗਤਾਂ ਦੇ ਜੋੜ ਮੇਲ ਦੇ ਅਸਥਾਨਾਂ ਗੁਰ-ਦਵਾਰਿਆਂ ਦੇ ਦਰਸ਼ਨ ਕਰੇ ਅਤੇ ਸਾਧ ਸੰਗਤ ਵਿਚ ਬੈਠਕੇ ਗੁਰਬਾਣੀ ਤੋਂ ਲਾਭ ਉਠਾਵੇ।

(ਅ) ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਿਤਾ-ਪ੍ਰਤਿ ਹੋਵੇ। ਬਿਨਾਂ ਖਾਸ ਕਾਰਨ ਦੇ (ਜਦ ਕਿ ਪ੍ਰਕਾਸ਼

*ਇਥੇ ਉਸ ਬਾਣੀ ਦਾ ਨਾਮ ਲਵੋ, ਜੋ ਪੜ੍ਹੀ ਹੈ, ਜਾਂ ਜਿਸ ਕਾਰਜ ਲਈ ਇਕੱਤ੍ਰ ਜਾਂ ਸੰਗਤ ਜੁੜੀ ਹੋਵੇ, ਉਸਦਾ ਜ਼ਿਕਰ [illegible] ਸ਼ਬਦਾਂ ਵਿਚ ਕਰੋ।

SikhBookClub.com

ਜਾਰੀ ਰਖਣ ਦੀ ਲੋੜ ਹੋਵੇ) ਰਾਤ ਨੂੰ ਪ੍ਰਕਾਸ਼ ਨਾ ਰਹੇ। ਆਮ ਤੌਰ ਤੇ ਰਹਿਰਾਸ ਦੇ ਪਾਠ ਮਗਰੋਂ ਸੁਖ ਆਸਨ ਕੀਤਾ ਜਾਵੇ। ਜਦ ਤਕ ਗ੍ਰੰਥੀ ਜਾਂ ਸੇਵਾਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਲਈ ਹਾਜ਼ਰ ਰਹਿ ਸਕੇ, ਜਾਂ ਪਾਠੀਆਂ ਦਰਸ਼ਨੀਕਾਂ ਦੀ ਆਵਾ-ਜਾਈ ਰਹੇ, ਜਾਂ ਬੇਅਦਬੀ ਦਾ ਖ਼ਤਰਾ ਨਾ ਹੋਵੇ, ਤਦ ਤਕ ਪ੍ਰਕਾਸ਼ ਰਹੇ, ਉਪਰੰਤ ਸੁਖ ਆਸਨ ਕਰ ਦੇਣਾ ਉਚਿਤ ਹੈ, ਤਾਂ ਜੋ ਬੇਅਦਬੀ ਨਾ ਹੋਵੇ।

(ਏ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਨਮਾਨ ਨਾਲ ਪ੍ਰਕਾਸ਼ਿਆ, ਪੜ੍ਹਿਆ ਅਤੇ ਸੰਤੋਖਿਆ ਜਾਵੇ। ਪ੍ਰਕਾਸ਼ ਲਈ ਜ਼ਰੂਰੀ ਹੈ ਕਿ ਮਕਾਨ ਸਾਫ਼ ਸੁਥਰਾ ਹੋਵੇ। ਉੱਪਰ ਚਾਂਦਨੀ ਹੋਵੇ। ਪ੍ਰਕਾਸ਼ ਮੰਜੀ ਸਾਹਿਬ ਤੇ ਸਾਫ਼ ਸੁਥਰੇ ਬਸਤਰ ਵਿਛਾ ਕੇ ਕੀਤਾ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਨੂੰ ਸੰਭਾਲ ਕੇ ਪ੍ਰਕਾਸ਼ਣ ਲਈ ਗਦੇਲੇ ਆਦਿ ਸਮਿਆਨ ਵਰਤੇ ਜਾਣ ਅਤੇ ਉਪਰ ਲਈ ਰੁਮਾਲ ਹੋਵੇ। ਜਦ ਪਾਠ ਨਾ ਹੁੰਦਾ ਹੋਵੇ, ਤਾਂ ਉੱਤੇ ਰੁਮਾਲ ਪਿਆ ਰਹੇ। ਪ੍ਰਕਾਸ਼ ਵੇਲੇ ਚੌਰ ਭੀ ਚਾਹੀਏ।

(ਸ) ਉਪਰ ਦਸੇ ਸਮਿਆਨ ਤੋਂ ਇਲਾਵਾ ਧੂਪ ਜਾਂ ਦੀਵੇ ਮਚਾ ਕੇ ਆਰਤੀ ਕਰਨੀ, ਭੋਗ ਲਾਉਣਾ, ਜੋਤਾਂ ਜਗਾਉਣੀਆਂ, ਟੱਲ ਖੜਕਾਉਣੇ ਆਦਿ ਕਰਮ ਗੁਰਮਤ ਅਨੁਸਾਰ ਨਹੀਂ। ਹਾਂ, ਮਕਾਨ ਨੂੰ ਸੁਗੰਧਿਤ ਕਰਨ ਲਈ ਫੁੱਲ, ਧੂਪ ਆਦਿ ਸੁਗੰਧੀਆਂ ਵਰਤਣੀਆਂ ਵਿਵਰਜਤ ਨਹੀਂ। ਕਮਰੇ ਅੰਦਰ ਰੋਸ਼ਨੀ ਲਈ ਤੇਲ, ਘੀ ਜਾਂ ਮੋਮ-ਬੱਤੀ, ਬਿਜਲੀ, ਲੈਂਪ ਆਦਿ ਜਗਾ ਲੈਣੇ ਚਾਹੀਦੇ ਹਨ।

(ਹ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕਰ ਤੇ ਤੁੱਲ ਕਿਸੇ ਪੁਸਤਕ ਨੂੰ ਅਸਥਾ-ਪਨ ਨਹੀਂ ਕਰਨਾ। ਗੁਰਦੁਆਰੇ ਵਿਚ ਕੋਈ ਮੂਰਤੀ ਪੂਜਾ ਜਾਂ ਹੋਰ ਗੁਰਮਤ ਦੇ ਵਿਰੁਧ ਕੋਈ ਰੀਤੀ ਜਾਂ ਸੰਸਕਾਰ ਨਾ ਹੋਵੇ, ਨਾ ਹੀ ਕੋਈ ਅਨਮਤ ਦਾ ਤਿਉ-ਹਾਰ ਮਨਾਇਆ ਜਾਵੇ। ਹਾਂ, ਕਿਸੇ ਮੌਕੇ ਜਾਂ ਇਕੱਤ੍ਰਤਾ ਨੂੰ ਗੁਰਮਤ ਦੇ ਪ੍ਰਚਾਰ ਲਈ ਵਰਤਣਾ ਅਯੋਗ ਨਹੀਂ।

(ਕ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਘੂੜੇ ਦੇ ਪਾਵਿਆਂ ਨੂੰ ਮੁਠੀਆਂ ਭਰਨੀਆਂ, ਕੰਧਾਂ ਜਾਂ ਥੜਿਆਂ ਤੇ ਨੱਕ ਰਗੜਨਾ ਜਾਂ ਮੁਠੀਆਂ ਭਰਨੀਆਂ, ਮੰਜੀ ਸਾਹਿਬ ਹੇਠ ਪਾਣੀ ਰਖਣਾ, ਗੁਰਦੁਆਰਿਆਂ ਵਿਚ ਮੂਰਤੀਆਂ (ਬੁਤ) ਬਣਾਉਣੀਆਂ ਜਾਂ ਰਖਣੀਆਂ—ਇਹੋ ਜਿਹੇ ਕਰਮ ਮਨਮਤ ਹਨ।

(ਖ) ਇਕ ਤੋਂ ਦੂਜੀ ਥਾਂ ਅਸਵਾਰਾ ਸਾਹਿਬ ਲੈ ਜਾਣ ਵੇਲੇ ਅਰਦਾਸ ਕਰਨੀ ਚਾਹੀਏ। ਜਿਸ ਨੇ ਸਿਰ ਤੇ ਅਸਵਾਰਾ ਸਾਹਿਬ ਚੁਕਿਆ ਹੋਵੇ, ਉਹ ਨੰਗੇ ਪੈਰੀਂ ਚਲੇ, ਪਰ ਜੇਕਰ ਕਿਸੇ ਮੌਕੇ ਜੋੜਾ ਪਾਣ ਦੀ ਅਤੀ ਲੋੜ ਪੈ ਜਾਵੇ, ਤਾਂ ਭਰਮ ਨਹੀਂ ਕਰਨਾ।

(ਗ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਰਦਾਸਾ ਸੋਧ ਕੇ ਪ੍ਰਕਾਸ਼ ਕੀਤਾ ਜਾਵੇ। ਪ੍ਰਕਾਸ਼ ਕਰਨ ਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਇਕ ਸ਼ਬਦ ਦਾ ਵਾਕ ਲਿਆ ਜਾਵੇ।

(ਘ) ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਆਵੇ, ਤਾਂ ਭਾਵੇਂ ਅਗੇ ਪ੍ਰਕਾਸ਼ ਹੋਇਆ ਹੋਵੇ ਜਾਂ ਨਾ, ਹਰ ਇਕ ਸਿਖ ਨੂੰ ਸਨਮਾਨ ਲਈ ਉਠ ਖੜੋਣਾ ਚਾਹੀਏ।

(ਙ) ਗੁਰਦੁਆਰੇ ਅੰਦਰ ਜਾਣ ਲੱਗਿਆਂ ਜੋੜੇ ਬਾਹਰ ਲਾਹ ਕੇ ਸੁਥਰਾ ਹੋ ਕੇ ਜਾਣਾ

SikhBookClub.com

ਚਾਹੀਏ। ਜੇ ਪੈਰ ਮੈਲੇ ਜਾਂ ਗੰਦੇ ਹੋਣ, ਤਾਂ ਜਲ ਨਾਲ ਧੋ ਲੈਣੇ ਚਾਹੀਏ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਥਵਾ ਗੁਰਦੁਆਰੇ ਨੂੰ ਆਪਣੇ ਸੱਜੇ ਪਾਸੇ ਰਖ ਕੇ ਪ੍ਰਕਰਮਾਂ ਕਰਨੀ ਚਾਹੀਏ।

(ਚ) ਗੁਰਦੁਆਰੇ ਅੰਦਰ ਦਰਸ਼ਨਾਂ ਲਈ ਜਾਣ ਲਈ ਕਿਸੇ ਦੇਸ਼ ਮਜ਼੍ਹਬ ਜ਼ਾਤ ਵਾਲੇ ਨੂੰ ਮਨਾਹੀ ਨਹੀਂ, ਪਰ ਉਸ ਦੇ ਪਾਸ ਸਿਖ ਧਰਮ ਤੋਂ ਵਿਵਰਜਤ (ਤਮਾਕੂ ਆਦਿ) ਕੋਈ ਚੀਜ਼ ਨਹੀਂ ਹੋਣੀ ਚਾਹੀਦੀ।

(ਛ) ਗੁਰਦੁਆਰੇ ਅੰਦਰ ਜਾ ਕੇ ਸਿਖ ਦਾ ਪਹਿਲਾ ਕਰਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਸਿਰ ਨਿਵਾ ਕੇ ਮੱਥਾ ਟੇਕਣਾ ਹੈ। ਉਪਰੰਤ ਗੁਰੂ ਰੂਪ ਸੰਗਤ ਦੇ ਦਰਸ਼ਨ ਕਰਕੇ ਸਹਿਜ ਨਾਲ 'ਵਾਹਿਗੁਰੂ ਜੀ ਕਾ ਖ਼ਾਲਸਾ ਵਾਹਗੁਰੂ ਜੀ ਕੀ ਫ਼ਤਹ' ਬੁਲਾਈ ਜਾਵੇ।

(ਜ) ਸੰਗਤ ਵਿਚ ਬੈਠਣ ਲਈ ਭੀ ਸਿੱਖ ਅਸਿੱਖ, ਛੂਤ ਛਾਤ, ਜ਼ਾਤ ਪਾਤ, ਊਚ ਨੀਚ ਦਾ ਭਰਮ ਜਾਂ ਵਿਤਕਰਾ ਨਹੀਂ ਕਰਨਾ।

(ਝ) ਕਿਸੇ ਮਨੁਖ ਦਾ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਜਾਂ ਸੰਗਤ ਵਿਚ ਗਦੇਲਾ, ਆਸਣ, ਕੁਰਸੀ, ਚੌਕੀ, ਮੰਜਾ ਆਦਿ ਲਾ ਕੇ ਬੈਠਣਾ ਜਾਂ ਕਿਸੇ ਹੋਰ ਵਿਤਕਰੇ ਨਾਲ ਬੈਠਣਾ ਮਨਮਤ ਹੈ।

(ਞ) ਸੰਗਤ ਵਿਚ ਜਾਂ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਕਿਸੇ ਸਿਖ ਨੂੰ ਨੰਗੇ ਸਿਰ ਨਹੀਂ ਬੈਠਣਾ ਚਾਹੀਦਾ। ਸੰਗਤ ਵਿਚ ਸਿਖ ਇਸਤ੍ਰੀਆਂ ਲਈ ਪੜਦਾ ਕਰਨਾ ਜਾਂ ਘੁੰਡ ਕਢਣਾ ਗੁਰਮਤ ਵਿਰੁਧ ਹੈ।

(ਟ) ਤਖ਼ਤ ਚਾਰ ਹਨ:–(੧) ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ, (੨) ਤਖ਼ਤ ਪਟਨਾ ਸਾਹਿਬ, (੩) ਸ੍ਰੀ ਕੇਸਗੜ੍ਹ ਸਾਹਿਬ, ਅਨੰਦ ਪੁਰ, (੪) ਸ੍ਰੀ ਹਜ਼ੂਰ ਸਾਹਿਬ, ਨਾਂਦੇੜ।

(ਠ) ਤਖ਼ਤਾਂ ਦੇ ਖ਼ਾਸ ਅਸਥਾਨ ਉਤੇ ਕੇਵਲ ਰਹਿਤਵਾਨ ਅੰਮ੍ਰਿਤਧਾਰੀ (ਸਿੰਘ ਜਾਂ ਸਿੰਘਣੀ) ਹੀ ਚੜ੍ਹ ਸਕਦੇ ਹਨ।

(ਡ) ਤਖ਼ਤਾਂ ਉਤੇ ਪਤਿਤ ਤੇ ਤਨਖਾਹੀਏ ਸਿਖ ਤੋਂ ਬਿਨਾਂ ਹਰ ਇਕ ਪ੍ਰਾਣੀ ਮਾਤ੍ਰ, ਸਿਖ ਗੁਰ ਸਿਖ ਦੀ ਅਰਦਾਸ ਹੋ ਸਕਦੀ ਹੈ।

(ਢ) ਹਰ ਇਕ ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਕਿਸੇ ਉਚੀ ਥਾਂ ਤੇ ਲਗਾ ਹੋਵੇ। ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਵੇ, ਅਤੇ ਨਿਸ਼ਾਨ ਸਾਹਿਬ ਦੇ ਸਿਰ ਤੇ ਸਰਬ ਲੋਹ ਦਾ ਖੰਡਾ ਹੋਵੇ।

ਕੀਰਤਨ

(ੳ) ਸੰਗਤ ਵਿਚ ਕੀਰਤਨ ਕੇਵਲ ਸਿਖ ਹੀ ਕਰ ਸਕਦਾ ਹੈ।

(ਅ) ਕੀਰਤਨ ਗੁਰਬਾਣੀ ਨੂੰ ਰਾਗ ਵਿਚ ਉਚਾਰਣ ਕਰਨ ਨੂੰ ਕਹਿੰਦੇ ਹਨ।

(ੲ) ਸੰਗਤ ਵਿਚ ਕੀਰਤਨ ਕੇਵਲ ਗੁਰਬਾਣੀ ਜਾਂ ਇਸ ਦੀ ਵਿਆਖਿਆ ਸਰੂਪ ਰਚਨਾ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਹੋ ਸਕਦਾ ਹੈ।

(ਸ) ਸ਼ਬਦਾਂ ਨੂੰ ਜੋਟੀਆਂ ਦੀ ਧਾਰ ਜਾਂ ਰਾਗ ਨਾਲ ਪੜ੍ਹਦਿਆਂ ਬਾਹਰ ਦੀ ਮਨਘੜਤ ਤੇ ਵਾਧੂ ਤੁਕਾਂ ਲਾ ਕੇ ਧਾਰਨਾ ਲਾਣ ਜਾਂ ਗਾਉਣਾ ਅਯੋਗ ਹੈ। ਸ਼ਬਦ ਦੀ ਤੁਕ ਹੀ ਧਾਰਨਾ ਬਣਾਈ ਜਾਵੇ।

SikhBookClub.com

'ਹੁਕਮ' ਲੈਣਾ

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਮੱਥਾ ਟੇਕਣਾ ਗੁਰੂ ਰੂਪ ਸੰਗਤ ਦੇ ਅਦਬ ਨਾਲ ਦਰਸ਼ਨ ਕਰਨੇ ਤੇ ਆਵਾਜ਼ਾ ਲੈਣਾ ਜਾਂ ਸੁਣਨਾ ਸਤਿਗੁਰੂ ਦੇ ਦਰਸ਼ਨ ਹਨ। ਵਾਕ ਲੈਣ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਮਾਲ ਚੁਕ ਚੁਕ ਕੇ 'ਦਰਸ਼ਨ' ਕਰਨਾ ਜਾਂ ਕਰਾਉਣਾ ਮਨਮਤ ਹੈ।

(ਅ) ਸੰਗਤ ਵਿਚ ਇਕ ਵਕਤ ਇਕੋ ਗਲ ਹੋਣੀ ਚਾਹੀਏ,–ਜਾਂ ਕੀਰਤਨ ਜਾਂ ਕਥਾ, ਵਖਿਆਨ ਜਾਂ ਪਾਠ।

(ੲ) ਦੀਵਾਨ ਸਮੇਂ ਸੰਗਤਿ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਕੇਵਲ ਸਿਖ (ਮਰਦ ਜਾਂ ਤੀਵੀਂ) ਹੀ ਬੈਠਣ ਦਾ ਅਧਿਕਾਰੀ ਹੈ।

(ਸ) ਸੰਗਤ ਨੂੰ ਪਾਠ ਕੇਵਲ ਸਿਖ ਹੀ ਕਰਕੇ ਸੁਣਾਵੇ। ਆਪਣੇ ਆਪ ਲਈ ਪਾਠ ਕੋਈ ਗੈਰ-ਸਿਖ ਭੀ ਕਰ ਸਕਦਾ ਹੈ।

(ਹ) 'ਹੁਕਮ' ਲੈਣ ਲਗਿਆਂ ਖਬੇ ਪੰਨੇ ਦੇ ਉਤਲੇ ਪਾਸਿਓਂ ਪਹਿਲਾ ਸ਼ਬਦ, ਜੋ ਜਾਰੀ ਹੈ, ਮੁਢ ਤੋਂ ਪੜ੍ਹਨਾ ਚਾਹੀਏ। ਜੇ ਉਸ ਸ਼ਬਦ ਦਾ ਮੁਢ ਪਿਛਲੇ ਪੰਨੇ ਤੋਂ ਸ਼ੁਰੂ ਹੁੰਦਾ ਹੈ, ਤਾਂ ਪਤਰਾ ਪਰਤ ਕੇ ਪੜ੍ਹਨਾ ਸ਼ੁਰੂ ਕਰੋ ਅਤੇ ਸ਼ਬਦ ਸਾਰਾ ਪੜ੍ਹੋ। ਜੇ 'ਵਾਰ' ਹੋਵੇ, ਤਾਂ ਪਉੜੀ ਦੇ ਨਾਲ ਦੇ ਸਲੋਕ ਅਤੇ ਪਉੜੀ ਪੜ੍ਹਨੀ ਚਾਹੀਏ। ਸ਼ਬਦ ਦੇ ਅੰਤ ਵਿਚ ਜਿਥੇ 'ਨਾਨਕ' ਨਾਮ ਆ ਜਾਵੇ, ਉਸ ਤੁਕ ਉਤੇ ਭੋਗ ਪਾਇਆ ਜਾਵੇ।

(ਕ) ਦੀਵਾਨ ਦੀ ਸਮਾਪਤੀ ਜਾਂ ਭੋਗ ਦਾ ਅਰਦਾਸਾ ਹੋਕੇ ਅੰਤਿਮ 'ਹੁਕਮ' ਲਿਆ ਜਾਵੇ।

ਸਧਾਰਨ ਪਾਠ

(ੳ) ਹਰ ਇਕ ਸਿਖ ਨੂੰ ਵੱਸ ਲਗੇ ਆਪਣੇ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਨ ਦਾ ਵੱਖਰਾ ਤੇ ਨਵੇਕਲਾ ਅਸਥਾਨ ਨੀਯਤ ਕਰਨਾ ਚਾਹੀਏ।

(ਅ) ਹਰ ਇਕ ਸਿਖ ਸਿਖਣੀ, ਬਚੇ ਬੱਚੀ ਨੂੰ ਗੁਰਮੁਖੀ ਪੜ੍ਹਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਣਾ ਸਿਖਣਾ ਚਾਹੀਏ।

(ੲ) ਹਰ ਇਕ ਸਿਖ ਅੰਮ੍ਰਿਤ ਵੇਲੇ ਪਰਸ਼ਾਦ ਛਕਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 'ਹੁਕਮ' ਲਵੇ। ਜੇ ਦਿਨ ਵਿਚ ਉਕਾਈ ਹੋ ਜਾਵੇ, ਤਾਂ ਦਿਨ ਵਿਚ ਕਿਸੇ ਨਾ ਕਿਸੇ ਵੇਲੇ ਜ਼ਰੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰੇ ਜਾਂ ਸੁਣੇ। ਸਫਰ ਆਦਿ ਔਕੜ ਵੇਲੇ ਦਰਸ਼ਨ ਕਰਨ ਤੋਂ ਅਸਮਰਥ ਹੋਵੇ, ਤਾਂ ਸ਼ੰਕਾ ਨਹੀਂ ਕਰਨੀ।

(ਸ) ਚੰਗਾ ਤਾਂ ਇਹ ਹੈ ਕਿ ਹਰ ਇਕ ਸਿਖ ਆਪਣਾ ਸਧਾਰਣ ਪਾਠ ਜਾਰੀ ਰਖੇ ਅਤੇ ਮਹੀਨੇ ਦੋ ਮਹੀਨੇ ਮਗਰੋਂ (ਜਾਂ ਜਿਤਨੇ ਸਮੇਂ ਵਿਚ ਹੋ ਸਕੇ) ਭੋਗ ਪਾਵੇ।

(ਹ) ਪਾਠ ਆਰੰਭ ਕਰਨ ਸਮੇਂ ਅਨੰਦ ਸਾਹਿਬ (ਪਹਿਲੀਆਂ ਪੰਜ ਪਉੜੀਆਂ ਤੇ ਇਕ ਅੰਤਲੀ ਪਉੜੀ) ਦੇ ਪਾਠ ਮਗਰੋਂ ਅਰਦਾਸਾ ਕਰਕੇ ਹੁਕਮ ਲੈਣਾ ਚਾਹੀਏ, ਫੇਰ ਜਪੁ ਸਾਹਿਬ ਦਾ ਪਾਠ ਕਰਨਾ ਚਾਹੀਏ।

ਅਖੰਡ ਪਾਠ

(ੳ) ਅਖੰਡ ਪਾਠ ਕਿਸੇ ਭੀੜ ਜਾਂ ਉਤਸ਼ਾਹ ਵੇਲੇ ਕੀਤਾ ਜਾਂਦਾ ਹੈ। ਇਹ ਕਰੀਬਨ ੪੮ ਘੰਟੇ ਵਿਚ ਸੰਪੂਰਨ ਕੀਤਾ ਜਾਂਦਾ ਹੈ।

SikhBookClub.com

ਇਸ ਵਿਚ ਪਾਠ ਲਗਾਤਾਰ ਬਿਨਾਂ ਰੋਕ ਦੇ ਕੀਤਾ ਜਾਂਦਾ ਹੈ। ਪਾਠ ਸਾਫ਼ ਤੇ ਸ਼ੁਧ ਹੋਵੇ। ਬਹੁਤ ਤੇਜ਼ ਪੜ੍ਹਨਾ, ਜਿਸ ਤੋਂ ਸੁਣਨ ਵਾਲਾ ਕੁਝ ਸਮਝ ਨਾ ਸਕੇ, ਗੁਰਬਾਣੀ ਦੀ ਨਿਰਾਦਰੀ ਹੈ। ਅੱਖਰ ਮਾਤ੍ਰਾ ਦਾ ਧਿਆਨ ਰੱਖ ਕੇ ਪਾਠ ਸ਼ੁਧ ਤੇ ਸਾਫ਼ ਕਰਨਾ ਚਾਹੀਏ, ਭਾਵੇਂ ਸਮਾਂ ਕੁਝ ਵਧੀਕ ਲਗ ਜਾਵੇ।

(ਅ) ਅਖੰਡ ਪਾਠ ਜਿਸ ਪਰਵਾਰ ਜਾਂ ਸੰਗਤ ਨੇ ਕਰਨਾ ਹੈ, ਉਹ ਆਪ ਕਰੇ, ਟੱਬਰ ਦੇ ਆਦਮੀ, ਸਾਕ ਸੰਬੰਧੀ ਮਿਤਰ ਆਦਿ ਮਿਲ ਕੇ ਕਰਨ। ਪਾਠੀਆਂ ਦੀ ਗਿਣਤੀ ਮੁਕੱਰਰ ਨਹੀਂ।

ਜੇ ਕੋਈ ਆਦਮੀ ਆਪ ਪਾਠ ਨਹੀਂ ਕਰ ਸਕਦਾ, ਤਾਂ ਕਿਸੇ ਚੰਗੇ ਪਾਠੀ ਕੋਲੋਂ ਸੁਣ ਲਵੇ, ਪਰ ਇਹ ਨਾ ਹੋਵੇ ਕਿ ਪਾਠੀ ਆਪੇ ਇਕੱਲਾ ਬੈਠ ਕੇ ਪਾਠ ਕਰਦਾ ਰਹੇ ਤੇ ਸੰਗਤ ਜਾਂ ਟੱਬਰ ਦਾ ਕੋਈ ਆਦਮੀ ਨਾ ਸੁਣਦਾ ਹੋਵੇ। ਪਾਠੀ ਦੀ ਯਥਾ ਸ਼ਕਤ ਭੋਜਨ, ਬਸਤਰ ਆਦਿ ਨਾਲ ਯੋਗ ਸੇਵਾ ਕੀਤੀ ਜਾਵੇ।

(ੲ) ਅਖੰਡ ਪਾਠ ਜਾਂ ਹੋਰ ਕਿਸੇ ਤਰ੍ਹਾਂ ਦੇ ਪਾਠ ਵੇਲੇ ਕੁੰਭ, ਜੋਤ ਆਦਿ ਰਖਣਾ, ਜਾਂ ਨਾਲ ਨਾਲ ਜਾਂ ਵਿਚ ਵਿਚ ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰਖਣਾ, ਮਨਮਤ ਹੈ।

ਪਾਠ ਦਾ ਆਰੰਭ

ਸਾਧਾਰਨ ਪਾਠ ਦੇ ਆਰੰਭ ਵੇਲੇ ਪ੍ਰਸ਼ਾਦ ਲਿਆ ਕੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰਕੇ ਅਰਦਾਸੇ ਮਗਰੋਂ 'ਹੁਕਮ' ਲਿਆ ਜਾਵੇ।

ਅਖੰਡ ਪਾਠ ਵੇਲੇ ਕੜਾਹ ਪ੍ਰਸ਼ਾਦ ਹੋਵੇ, ਫੇਰ ਅਨੰਦ ਸਾਹਿਬ (ਛੇ ਪਉੜੀਆਂ) ਦੇ ਪਾਠ ਮਗਰੋਂ ਅਰਦਾਸ ਕਰਕੇ ਅਤੇ 'ਹੁਕਮ' ਲੈਕੇ ਪਾਠ ਦਾ ਆਰੰਭ ਕੀਤਾ ਜਾਵੇ।

ਭੋਗ

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉਤੇ ਪਾਇਆ ਜਾਵੇ।(ਇਸ ਗਲ ਬਾਬਤ ਪੰਥ ਵਿਚ ਅਜੇ ਤਕ ਮਤ ਭੇਦ ਹੈ, ਇਸ ਲਈ ਰਾਗ ਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ)। ਇਸ ਤੋਂ ਉਪਰੰਤ ਅਨੰਦ ਸਾਹਿਬ ਦਾ ਪਾਠ ਕਰਕੇ ਭੋਗ ਦਾ ਅਰਦਾਸਾ ਕੀਤਾ ਜਾਵੇ ਤੇ ਕੜਾਹ ਪਰਸ਼ਾਦ ਵਰਤਾਇਆ ਜਾਵੇ।

(ਅ) ਭੋਗ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲੋੜ ਅਨੁਸਾਰ ਰੁਮਾਲ, ਚੌਰ, ਚਾਨਣੀ, ਆਦਿ ਦੇ ਭੇਟਾ, ਅਤੇ ਪੰਥਕ ਕਾਰਜਾਂ ਲਈ ਯਥਾ-ਸ਼ਕਤ 'ਅਰਦਾਸ' ਕਰਾਈ ਜਾਵੇ।

ਕੜਾਹ ਪ੍ਰਸ਼ਾਦ

(ੳ) ਕੜਾਹ ਪ੍ਰਸ਼ਾਦ ਜੋ ਵਿਧੀ ਅਨੁਸਾਰ ਤਿਆਰ ਕਰਕੇ ਜਾਂ ਕਰਾਕੇ ਲਿਆਂਦਾ ਜਾਵੇ, ਸੰਗਤ ਵਿਚ ਪ੍ਰਵਾਨ ਹੋਵੇਗਾ।

(ਅ) ਕੜਾਹ ਪ੍ਰਸ਼ਾਦ ਤਿਆਰ ਕਰਨ ਦੀ ਵਿਧੀ ਇਹ ਹੈ:-

ਸੁਅੱਛ ਭਾਂਡੇ ਵਿਚ ਤ੍ਰਿਹਾਵਲ (ਆਟਾ, ਉਤਮ ਮਿੱਠਾ ਤੇ ਘਿਉ ਇਕੋ ਜਿਹੇ ਪਾ ਕੇ) ਗੁਰਬਾਣੀ ਦਾ ਪਾਠ ਕਰਦੇ ਹੋਏ ਤਿਆਰ ਕੀਤਾ ਜਾਵੇ, ਫਿਰ ਸੁਅੱਛ ਬਸਤ੍ਰ ਨਾਲ ਢਕ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸੁਅੱਛ ਚੌਂਕੀ ਉਪਰ ਰਖਿਆ ਜਾਵੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸੰਗਤ ਨੂੰ

SikhBookClub.com

ਉੱਚੀ ਆਵਾਜ਼ ਵਿਚ ਸੁਣਾ ਕੇ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ ਦਾ ਪਾਠ* ਕੀਤਾ ਜਾਵੇ ਅਤੇ ਅਰਦਾਸਾ ਸੋਧਿਆ ਜਾ ਕੇ ਪ੍ਰਵਾਨਗੀ ਲਈ ਕਿਰਪਾਨ ਭੇਟ ਹੋਵੇ।

(ਏ) ਇਸ ਦੇ ਉਪਰੰਤ ਸੰਗਤ ਨੂੰ ਵਰਤਾਉਣ ਤੋਂ ਪੇਹਿਲਾਂ ਕੜਾਹ ਪਰਸ਼ਾਦ ਵਿਚੋਂ ਪੰਜਾਂ ਪਿਆਰਿਆਂ ਦਾ ਗੱਫਾ ਕਢਿਆ ਜਾਵੇ। ਵਰਤਾਉਣ ਵਾਲਾ ਸਿੰਘ ਤਿਆਰ ਬਰ ਤਿਆਰ ਹੋਵੇ। ਉਹ ਕਿਸੇ ਕੋਲੋਂ ਪੁਛੇ ਨਾ ਕਿ ਕੀ ਤੂੰ ਤਿਆਰ ਬਰਤਿਆਰ ਹੈਂ ਜਾਂ ਨਹੀਂ, ਕੇਵਲ ਆਪ ਹੀ ਸੰਗਤਿ ਵਿਚ ਨਜ਼ਰ ਮਾਰ ਕੇ ਵੇਖ ਲਵੇ ਕਿ ਕਿਹੜਾ ੨ ਰਹਿਤ ਵਿਚ ਪੱਕਾ ਦਿਸਦਾ ਹੈ। ਜੇ ਸੰਗਤਿ (ਜਿਸ ਵਿਚ ਤਾਬੇ ਬੈਠਾ ਸਿੰਘ ਭੀ ਸ਼ਾਮਲ ਹੈ) ਵਿਚ ਪੰਜਾਂ ਤੋਂ ਘਟ ਤਿਆਰ ਬਰ ਤਿਆਰ ਸਿੰਘ ਦਿਸਣ, ਤਾਂ ਜਿਤਨੇ ਹੋਣ ਉਨ੍ਹਾਂ ਨੂੰ ਵਰਤਾ ਕੇ ਬਾਕੀ ਦਾ ਵਾਂਦਾ ਕੜਾਹ ਪ੍ਰਸ਼ਾਦ ਦੀ ਦੇਗ ਵਿਚ ਰਲਾ ਕੇ ਸਾਰੀ ਸੰਗਤ ਵਿਚ ਵਰਤਾ ਦੇਵੇ। ਸੰਗਤ ਵਿਚ ਵਰਤਾਉਣ ਲਗਿਆਂ ਪਹਿਲਾਂ ਤਾਬੇ ਬੈਠੇ ਸਿੰਘ *ਨੂੰ ਕਟੋਰੇ ਜਾਂ ਕੌਲ ਵਿਚ ਪਾਕੇ ਦੇਵੇ ਤੇ ਫਿਰ ਬਾਕੀ ਸੰਗਤ ਨੂੰ ਵਰਤਾਵੇ। ਕਿਸੇ ਦਾ ਲਿਹਾਜ਼ ਜਾਂ ਘਿਣਾ ਕਰਕੇ ਵਿਤਕਰਾ ਨਾ ਕਰੇ, ਸਭ ਸਿਖ, ਅਣਸਿੱਖ, ਨੀਚ ਊਚ ਜ਼ਾਤ ਵਾਲੇ ਨੂੰ ਇਕੋ ਜਿਹਾ ਵਰਤਾਵੇ। ਕੜਾਹ ਪ੍ਰਸ਼ਾਦ ਵਰਤਾਉਣ ਵੇਲੇ ਸੰਗਤ ਵਿਚ ਬੈਠੇ ਕਿਸੇ ਮਨੁਖ ਤੋਂ ਜ਼ਾਤ ਪਾਤ ਜਾਂ ਛੂਤ ਛਾਤ ਦਾ ਖ਼ਿਆਲ ਕਰਕੇ ਗਿਲਾਨੀ ਨਹੀਂ ਕਰਨੀ ਚਾਹੀਦੀ।

(ਸ) ਕੜਾਹ ਪ੍ਰਸ਼ਾਦ ਭੇਟਾ ਕਰਨ ਵੇਲੇ ਘਟ ਤੋਂ ਘਟ ਇਕ ਟਕਾ ਨਕਦ ਅਰਦਾਸ ਭੀ ਹੋਵੇ।

੫. ਗੁਰਬਾਣੀ ਦੀ ਕਥਾ:-

(ੳ) ਸੰਗਤ ਵਿਚ ਗੁਰਬਾਣੀ ਦੀ ਕਥਾ ਸਿਖ ਹੀ ਕਰੇ।

(ਅ) ਕਥਾ ਦਾ ਮਨੋਰਥ ਗੁਰਮਤ ਦਾ ਦ੍ਰਿੜਾਉਣਾ ਹੀ ਹੋਵੇ।

(ੲ) ਕਥਾ ਦਸ ਗੁਰੂ ਸਾਹਿਬਾਨ ਦੀ ਬਾਣੀ, ਜਾਂ ਭਾਈ ਗੁਰਦਾਸ, ਭਾਈ ਨੰਦ ਲਾਲ ਜਾਂ ਕਿਸੇ ਹੋਰ ਪ੍ਰਮਾਣੀਕ ਪੰਥਕ ਪੁਸਤਕ ਜਾਂ ਇਤਿਹਾਸ ਦੀਆਂ ਪੁਸਤਕਾਂ (ਜੋ ਗੁਰਮਤ ਅਨਕੂਲ ਹੋਣ) ਦੀ ਹੋ ਸਕਦੀ ਹੈ; ਪਰ ਅਨਮਤ ਦੇ ਕਿਸੇ ਪੁਸਤਕ ਦੀ ਨਹੀਂ ਹੋ ਸਕਦੀ। ਹਾਂ, ਪਰਮਾਣ ਕਿਸੇ ਮਹਾਤਮਾ ਜਾਂ ਪੁਸਤਕ ਦੀ ਉਤਮ ਸਿਖਿਆ ਦਾ ਲਿਆ ਜਾ ਸਕਦਾ ਹੈ।

੬. ਵਖਿਆਨ:-ਗੁਰਦੁਆਰੇ ਵਿਚ ਗੁਰਮੱਤ ਤੋਂ ਵਿਰੁਧ ਕੋਈ ਵਖਿਆਨ ਨਹੀਂ ਹੋ ਸਕਦਾ।

੭. ਗੁਰਦਵਾਰੇ ਵਿੱਚ ਸੰਗਤਿ ਦਾ ਪ੍ਰੋਗਰਾਮ ਆਮ ਤੌਰ ਤੇ ਇਉਂ ਹੁੰਦਾ ਹੈ:-

ਸ੍ਰੀ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼, ਕੀਰਤਨ, ਕਥਾ, ਵਖਿਆਨ, ਅਨੰਦ ਸਾਹਿਬ, ਅਰਦਾਸ, ਫ਼ਤਹ, ਸਤਿ ਸ੍ਰੀ

---

*ਇਕ ਵਾਰੀ ਅਨੰਦ ਸਾਹਿਬ ਦਾ ਪਾਠ ਹੋ ਚੁਕਣ ਮਗਰੋਂ ਜੇ ਫਿਰ ਕੜਾਹ ਪ੍ਰਸ਼ਾਦ ਦੀ ਦੇਗ ਆ ਜਾਵੇ, ਤਾਂ ਅਨੰਦ ਸਾਹਿਬ ਦਾ ਪਾਠ ਮੁੜ ਮੁੜ ਨਹੀਂ ਕਰਨਾ, ਕ੍ਰਿਪਾਨ ਭੇਟ ਕਰਨਾ ਹੀ ਕਾਫ਼ੀ ਹੈ।

†ਤਾਬੇ ਬੈਠੇ ਸਿੰਘ ਨੂੰ ਦੂਹਰਾ ਗੱਫਾ ਦੇਣਾ ਅਯੋਗ ਵਿਤਕਰਾ ਹੈ।

SikhBookClub.com

ਅਕਾਲ ਦਾ ਜੈਕਾਰਾ ਤੇ 'ਹੁਕਮ'।

(੨) ਗੁਰਮਤ ਦੀ ਰਹਿਣੀ

੧. ਸਿਖ ਦੀ ਆਮ ਰਹਿਣੀ, ਕਿਰਤ ਵਿਰਤ ਗੁਰਮਤ ਅਨੁਸਾਰ ਹੋਵੇ।

ਗੁਰਮਤ ਇਹ ਹੈ:-

(ੳ) ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ ਦੇਵਤੇ ਦੀ ਉਪਾਸ਼ਨਾ ਨਹੀਂ ਕਰਨੀ।

(ਅ) ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ।

(ੲ) ਦਸ ਗੁਰੂ ਸਾਹਿਬਾਨ ਨੂੰ ਇਕੋ ਜੋਤਿ ਦਾ ਪ੍ਰਕਾਸ਼ ਇਕੋ ਰੂਪ ਕਰਕੇ ਮੰਨਣਾ।

(ਸ) ਜ਼ਾਤ ਪਾਤ, ਛੂਤ ਛਾਤ, ਜੰਤ੍ਰ ਮੰਤ੍ਰ, ਤੰਤ੍ਰ, ਸ਼ਗਨ, ਤਿਥ, ਮਹੂਰਤ, ਗ੍ਰਹਿ, ਰਾਸ਼ਾਂ, ਸ਼ਰਾਧ, ਪਿਤਰ, ਖਿਆਹ, ਪਿੰਡ ਪੱਤਲ, ਦੀਵਾ, ਕ੍ਰਿਰਿਆ ਕਰਮ, ਹੋਮ, ਜੱਗ, ਤਰਪਣ, ਸਿਖਾ ਸੂਤ, ਭਦਣ, ਇਕਾਦਸ਼ੀ ਪੂਰਨਮਾਸ਼ੀ ਆਦਿ ਦੇ ਵਰਤ, ਤਿਲਕ, ਜੰਞੂ, ਤੁਲਸੀ ਮਾਲਾ, ਗੋਰ, ਮਟ, ਮੜ੍ਹੀ, ਮੂਰਤੀ ਪੂਜਾ ਆਦਿ ਭਰਮ-ਰੂਪ ਕਰਮਾਂ ਉਤੇ ਨਿਸਚਾ ਨਹੀਂ ਕਰਨਾ।

ਗੁਰ ਅਸਥਾਨ ਤੋਂ ਬਿਨਾਂ ਕਿਸੇ ਅਨ-ਧਰਮ ਦੇ ਤੀਰਥ ਜਾਂ ਧਾਮ ਨੂੰ ਆਪਣਾ ਅਸਥਾਨ ਨਹੀਂ ਮੰਨਣਾ।

ਪੀਰ, ਬ੍ਰਾਹਮਣ, ਪੁਛਣਾ, ਸੁਖਣਾ, ਸ਼ੀਰਨੀ, ਵੇਦ, ਸ਼ਾਸਤ੍ਰ, ਗਾਇਤ੍ਰੀ, ਗੀਤਾ, ਕੁਰਾਨ, ਅੰਜੀਲ ਆਦਿ ਉਤੇ ਨਿਸਚਾ ਨਹੀਂ ਕਰਨਾ। ਹਾਂ, ਆਮ ਵਾਕਫ਼ੀ ਲਈ ਅਨਮਤਾਂ ਦੇ ਗ੍ਰੰਥਾਂ ਦਾ ਪੜ੍ਹਨਾ ਯੋਗ ਹੈ।

(ਹ) ਖਾਲਸਾ ਸਾਰੇ ਮਤਾਂ ਤੋਂ ਨਿਆਰਾ ਰਹੇ; ਪਰ ਕਿਸੇ ਅਨ-ਧਰਮੀ ਦਾ ਦਿਲ ਨਾ ਦੁਖਾਵੇ।

(ਕ) ਹਰ ਇਕ ਕੰਮ ਕਰਨ ਤੋਂ ਪਹਿਲਾਂ ਵਾਹਿਗੁਰੂ ਅਗੇ ਅਰਦਾਸ ਕਰੇ।

(ਖ) ਸਿਖ ਲਈ ਗੁਰਮੁਖੀ ਵਿਦਿਆ ਪੜ੍ਹਨੀ ਜ਼ਰੂਰੀ ਹੈ। ਹੋਰ ਵਿਦਿਆ ਭੀ ਪੜ੍ਹੇ।

(ਗ) ਸੰਤਾਨ ਨੂੰ ਗੁਰਸਿਖੀ ਦੀ ਵਿਦਿਆ ਪੜ੍ਹਾਉਣੀ ਸਿਖ ਦਾ ਫ਼ਰਜ਼ ਹੈ।

(ਘ) 'ਕੇਸ ਲੜਕੇ ਕੇ ਜੋ ਹੋਇ ਸੋ ਉਨ੍ਹਾਂ ਦਾ ਬੁਰਾ ਨਾ ਮੰਗੇ। ਕੇਸ ਉਹੀ* ਰਖੇ, ਨਾਮ ਸਿੰਘ ਰਖੇ'। ਸਿਖ ਆਪਣੇ ਲੜਕੇ ਲੜਕੀਆਂ ਦੇ ਕੇਸ ਸਾਬਤ ਰਖੇ।

(ਙ) ਸਿਖ ਭੰਗ, ਅਫ਼ੀਮ, ਸ਼ਰਾਬ, ਤਮਾਕੂ ਆਦਿ ਨਸ਼ੇ ਨਾ ਵਰਤੇ। ਅਮਲ ਪ੍ਰਸ਼ਾਦੇ ਦਾ ਹੀ ਰਖੇ।

(ਚ) ਸਿਖ ਮਰਦ ਅਥਵਾ ਇਸਤ੍ਰੀ ਨੂੰ ਨਕ ਕੰਨ ਛੇਦਨਾ ਮਨ੍ਹਾਂ ਹੈ।

(ਛ) ਗੁਰੂ ਕਾ ਸਿੱਖ ਕੰਨਿਆਂ ਨਾ ਮਾਰੇ, ਕੁੜੀ-ਮਾਰ ਨਾਲ ਨਾ ਵਰਤੇ।

(ਜ) ਗੁਰੂ ਕਾ ਸਿਖ ਧਰਮ ਦੀ ਕਿਰਤ ਕਰਕੇ ਨਿਰਬਾਹ ਕਰੇ।

(ਝ) ਗੁਰੂ ਕਾ ਸਿਖ ਗਰੀਬ ਦੀ ਰਸਨਾ ਨੂੰ ਗੁਰੂ ਕੀ ਗੋਲਕ ਜਾਣੇ।

(ਞ) ਚੋਰੀ ਯਾਰੀ ਨਾ ਕਰੇ, ਜੂਆ ਨਾ ਖੇਡੇ।

(ਟ) 'ਪਰ-ਬੇਟੀ ਕੋ ਬੇਟੀ ਜਾਨੈ।
ਪਰ-ਇਸਤ੍ਰੀ ਕੋ ਮਾਤ ਬਖਾਨੈ।
ਅਪਨੀ ਇਸਤ੍ਰੀ ਸੋਂ ਰਤ ਹੋਈ।

*ਜਮਾਂਦਰੂ।

SikhBookClub.com

ਰਹਿਤਵਾਨ ਗੁਰ ਕਾ ਸਿਖ ਸੋਈ।' ਇਸੇ ਤਰ੍ਹਾਂ ਸਿਖ ਇਸਤ੍ਰੀ ਆਪਣੇ ਪਤੀਬ੍ਰਤ ਧਰਮ ਵਿਚ ਰਹੇ।

(ਠ) ਗੁਰੂ ਦਾ ਸਿਖ ਜਨਮ ਤੋਂ ਲੈਕੇ ਦੇਹਾਂਤ ਤਕ ਗੁਰ ਮਰਯਾਦਾ ਕਰੇ।

(ਡ) ਸਿਖ ਸਿਖ ਨੂੰ ਮਿਲਣ ਸਮੇਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਬੁਲਾਵੇ। ਮਰਦ ਇਸਤ੍ਰੀ ਦੋਹਾਂ ਲਈ ਇਹੋ ਹੁਕਮ ਹੈ।

(ਢ) ਸਿਖ ਇਸਤ੍ਰੀਆਂ ਲਈ ਪਰਦਾ ਜਾਂ ਘੁੰਡ ਕਰਨਾ ਉਚਿਤ ਨਹੀਂ।

(ਣ) ਸਿਖ ਲਈ ਕਛਹਿਰੇ ਤੇ ਦਸਤਾਰ ਤੋਂ ਛੁਟ ਪੁਸ਼ਾਕ ਸੰਬੰਧੀ ਬਾਕੀ ਕੋਈ ਪਾਬੰਦੀ ਨਹੀਂ। ਸਿਖ ਇਸਤ੍ਰੀ ਦਸਤਾਰ ਸਜਾਵੇ ਜਾਂ ਨਾ ਸਜਾਵੇ ਦੋਵੇਂ ਠੀਕ ਹਨ।

੨. ਜਨਮ ਤੇ ਨਾਮ-ਸੰਸਕਾਰ

(ੳ) ਜਦ ਵਾਹਿਗੁਰੂ ਦੀ ਕਿਰਪਾ ਨਾਲ ਸਿਖ ਦੇ ਘਰ ਬਾਲਕ ਦਾ ਜਨਮ ਹੋਵੇ, ਤਾਂ ਗੁੜ੍ਹਤੀ ਦੀ ਥਾਂ ਜਲ ਵਿਚ ਪਤਾਸੇ ਪਾ ਕੇ ਮੂਲ ਮੰਤ੍ਰ ਉਚਾਰਣ ਕਰਕੇ ਕਿਰਪਾਨ ਦੀ ਨੋਕ ਨਾਲ ਇਕ ਦੋ ਬੂੰਦਾਂ ਬਾਲਕ ਦੇ ਮੂੰਹ ਵਿਚ ਪਾ ਦਿਤੀਆਂ ਜਾਣ। ਬਾਕੀ ਦਾ ਜਲ ਮਾਤਾ ਪੀ ਲਵੇ। ਫੇਰ 'ਧੀਆ ਪੂਤ ਸਭ ਹਰਿ ਕੇ ਕੀਏ' ਗੁਰਵਾਕ ਅਨੁਸਾਰ ਵਾਹਿਗੁਰੂ ਦੇ ਧੰਨਵਾਦ ਅਤੇ ਮਾਤਾ ਦੀ ਅਰੋਗਤਾ ਲਈ ਅਰਦਾਸਾ ਕੀਤਾ ਜਾਵੇ।

(ਅ) ਜਦ ਮਾਤਾ ਉਠਣ ਬੈਠਣ ਤੇ ਇਸ਼ਨਾਨ ਕਰਨ ਦੇ ਜੋਗ ਹੋਵੇ, ਤਾਂ (ਦਿਨਾਂ ਦੀ ਕੋਈ ਗਿਣਤੀ ਮੁਕੱਰਰ ਨਹੀਂ) ਟੱਬਰ ਤੇ ਸੰਬੰਧੀ ਗੁਰਦਵਾਰੇ ਕੜਾਹ ਪ੍ਰਸ਼ਾਦ ਲੈ ਕੇ ਜਾਣ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ 'ਪਰਮੇਸਰਿ ਦਿਤਾ ਬੰਨਾ' (ਸੋਰਠਿ ਮ: ੫) 'ਸਤਿਗੁਰਿ ਸਾਚੈ ਦੀਆ ਭੇਜਿ' (ਆਸਾ ਮ: ੫) ਆਦਿ ਖੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ। ਉਪਰੰਤ ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਰਖਿਆ ਹੋਵੇ, ਤਾਂ ਪਾਠ ਦਾ ਭੋਗ ਪਾਇਆ ਜਾਵੇ। ਫਿਰ ਵਾਕ ਲਿਆ ਜਾਵੇ। ਵਾਕ ਦੇ ਆਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗ੍ਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪਰਵਾਨਗੀ ਲੈ ਕੇ ਨਾਮ ਪਰਗਟ ਕਰੇ। ਲੜਕੇ ਦੇ ਨਾਉਂ ਪਿਛੇ 'ਸਿੰਘ' ਸ਼ਬਦ ਅਤੇ ਲੜਕੀ ਦੇ ਨਾਉਂ ਪਿਛੇ 'ਕੌਰ' ਸ਼ਬਦ ਲਗਾਇਆ ਜਾਵੇ।

ਉਪਰੰਤ ਅਨੰਦ ਸਾਹਿਬ (ਛੇ ਪੌੜੀਆਂ) ਮਗਰੋਂ ਬੱਚੇ ਦੇ ਨਾਮ ਸੰਸਕਾਰ ਦੀ ਖੁਸ਼ੀ ਦਾ ਢੁਕਵੇਂ ਸ਼ਬਦਾਂ ਵਿਚ ਅਰਦਾਸਾ ਕਰਕੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ।

(ੲ) ਜਨਮ ਦੇ ਸੰਬੰਧ ਵਿਚ ਖਾਣ ਪੀਣ ਵਿਚ ਕੋਈ ਸੂਤਕ ਦਾ ਭਰਮ ਨਹੀਂ ਕਰਨਾ, ਕਿਉਂਕਿ 'ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ। ਖਾਣਾ ਪੀਣਾ ਪਵਿਤਰ ਹੈ ਦਿਤੋਨੁ ਰਿਜਕੁ ਸੰਬਾਹਿ।'

(ਸ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੁਮਾਲ ਦੇ ਚੋਲਾ ਬਣਾ ਕੇ ਪਾਉਣਾ ਆਦਿ ਮਨ-ਮੱਤ ਹੈ।

੩. ਅਨੰਦ ਸੰਸਕਾਰ

(ੳ) ਸਿੰਘ ਸਿੰਘਣੀ ਦਾ ਵਿਆਹ ਬਿਨਾਂ ਜ਼ਾਤ ਪਾਤ ਗੋਤ ਵਿਚਾਰੇ ਦੇ ਹੋਣਾ ਚਾਹੀਏ।

(ਅ) ਸਿਖ ਦੀ ਪੁਤਰੀ ਦਾ ਵਿਆਹ ਸਿਖ ਨਾਲ ਹੀ ਹੋਵੇ।

SikhBookClub.com

(ੲ) ਸਿਖ ਦਾ ਵਿਆਹ 'ਅਨੰਦ' ਰੀਤੀ ਨਾਲ ਕਰਨਾ ਚਾਹੀਏ।

(ਸ) ਲੜਕੀ ਲੜਕੇ ਦਾ ਵਿਆਹ ਬਚਪਨ ਵਿਚ ਕਰਨਾ ਵਿਵਰਜਿਤ ਹੈ।

(ਹ) ਜਦ ਲੜਕੀ ਸਰੀਰ, ਮਨ ਤੇ ਆਚਾਰ ਕਰਕੇ ਵਿਆਹ ਕਰਨ ਦੇ ਯੋਗ ਹੋ ਜਾਵੇ, ਤਾਂ ਕਿਸੇ ਯੋਗ ਸਿਖ ਨਾਲ 'ਅਨੰਦ' ਪੜ੍ਹਾਇਆ ਜਾਵੇ।

(ਕ) ਅਨੰਦ ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ; ਪਰ ਜੇ ਕਰਨੀ ਹੋਵੇ, ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧਕੇ ਇਕ ਕ੍ਰਿਪਾਨ, ਕੜਾ ਤੇ ਕੁਝ ਮਿਠਾ ਲੜਕੇ ਦੇ ਪਲੇ ਪਾ ਦੇਣ।

(ਖ) ਅਨੰਦ ਦਾ ਦਿਨ ਮੁਕੱਰਰ ਕਰਨ ਲਗਿਆਂ ਕੋਈ ਥਿਤਿ ਵਾਰ ਚੰਗੇ ਮੰਦੇ ਦਿਨ ਦੀ ਖੋਜ ਕਰਨ ਲਈ ਪਤਰੀ ਵਾਚਣਾ ਮਨਮਤ ਹੈ। ਕੋਈ ਦਿਨ, ਜੋ ਦੋਹਾਂ ਧਿਰਾਂ ਨੂੰ ਆਪਸ ਵਿਚ ਸਲਾਹ ਕਰਕੇ ਚੰਗਾ ਦਿਸੇ, ਨੀਅਤ ਕਰ ਲੈਣਾ ਚਾਹੀਏ।

(ਗ) ਸਿਹਰਾ, ਮੁਕਟ ਜਾਂ ਗਾਨਾ ਬੰਨ੍ਹਣਾ, ਪਿੱਤਰ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ ਜਾਂ ਜੰਡੀ ਵੱਢਣੀ, ਘੜੋਲੀ ਭਰਨੀ, ਰੁਸ ਕੇ ਜਾਣਾ, 'ਛੰਦ' ਪੜ੍ਹਨੇ, ਹਵਨ ਕਰਨਾ, ਵੇਦੀ ਗੱਡਣੀ, ਵੇਸਵਾ ਦਾ ਨਾਚ, ਸ਼ਰਾਬ ਆਦਿ ਮਨਮਤ ਹੈ।

(ਘ) ਜਿਤਨੇ ਥੋੜ੍ਹੇ ਆਦਮੀ ਲੜਕੀ ਵਾਲਾ ਮੰਗਾਵੇ, ਉਤਨੇ ਨਾਲ ਲੈ ਕੇ ਲੜਕਾ ਸਹੁਰੇ ਘਰ ਜਾਵੇ। ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਦ ਗਾਏ ਜਾਣ ਤੇ ਫ਼ਤਹ ਗਜਾਈ ਜਾਵੇ।

(ਙ) ਵਿਆਹ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੀਵਾਨ ਲਗੇ, ਰਾਗੀ ਜਾਂ ਸੰਗਤਿ ਕੀਰਤਨ ਕਰੇ। ਫਿਰ ਲੜਕੀ ਤੇ ਲੜਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਬਿਠਾਏ ਜਾਣ। ਲੜਕੀ ਲੜਕੇ ਦੇ ਖਬੇ ਪਾਸੇ ਬੈਠੇ। ਸੰਗਤ ਦੀ ਆਗਿਆ ਲੈਕੇ ਅਨੰਦ ਪੜ੍ਹਾਉਣ ਵਾਲਾ ਸਿਖ (ਮਰਦ ਜਾਂ ਇਸਤ੍ਰੀ) ਲੜਕੇ ਲੜਕੀ ਤੇ ਉਨ੍ਹਾਂ ਦਿਆਂ ਮਾਪਿਆਂ ਜਾਂ ਸਰਬਰਾਹਾਂ ਨੂੰ ਖੜਾ ਕਰਕੇ ਅਨੰਦ ਦੇ ਆਰੰਭ ਦਾ ਅਰਦਾਸਾ ਸੋਧੇ।

ਫਿਰ ਉਹ ਲੜਕੇ ਲੜਕੀ ਨੂੰ ਗੁਰਮਤ ਅਨੁਸਾਰ ਗ੍ਰਿਹਸਤ ਧਰਮ ਦੇ ਫ਼ਰਜ਼ਾਂ ਦਾ ਉਪਦੇਸ਼ ਕਰੇ:–

ਪਹਿਲੇ ਦੋਹਾਂ ਨੂੰ ਸਾਂਝਾ ਉਪਦੇਸ਼ ਕਰੇ। ਇਸ ਵਿਚ ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਨੁਸਾਰ ਪਤੀ ਪਤਨੀ ਦੇ ਸੰਬੰਧ ਨੂੰ ਜੀਵ ਤੇ ਪਰਮਾਤਮਾ ਦੇ ਪਿਆਰ ਦੇ ਨਮੂਨੇ ਉਤੇ ਢਾਲਣ ਦੀ ਵਿਧੀ ਦਸੇ।

ਆਪਸ ਵਿਚ ਪ੍ਰੇਮ ਦੁਆਰਾ 'ਏਕ ਜੋਤਿ ਦੁਇ ਮੂਰਤੀ' ਹੋਣਾ ਦਸੇ ਅਤੇ ਇਕੱਤਰ ਗ੍ਰਿਹਸਤ ਧਰਮ ਨਿਬਾਹੁੰਦੇ ਹੋਏ ਆਪਣੇ ਸਾਂਝੇ ਭਰਤਾ ਅਕਾਲ ਪੁਰਖ ਨਾਲ ਇਕ ਮਿਕ ਹੋਣਾ ਦ੍ਰਿੜਾਵੇ। ਦੋਹਾਂ ਨੇ ਇਸ ਸੰਜੋਗ ਨੂੰ ਮਨੁਖਾ ਜਨਮ ਦੀ ਯਾਤ੍ਰਾ ਨੂੰ ਸਫਲਤਾ ਨਾਲ ਨਿਬਾਹੁਣ ਦਾ ਸਾਧਨ ਬਣਾਉਣਾ ਹੈ। ਦੋਹਾਂ ਨੇ ਇਸ ਸੰਜੋਗ ਦੇ ਰਾਹੀਂ ਪਵਿਤਰ ਤੇ ਗੁਰਮੁਖੀ ਜੀਵਨ ਬਿਤਾਉਣਾ ਹੈ।

ਫਿਰ ਲੜਕੇ ਤੇ ਲੜਕੀ ਨੂੰ ਆਪੋ ਆਪਣੇ ਵੱਖੋ ਵਖਰੇ ਗ੍ਰਿਹਸਤ ਧਰਮ ਦੇ ਫ਼ਰਜ਼ ਦਸੇ ਜਾਣ।

ਵਰ ਨੂੰ ਦਸਿਆ ਜਾਵੇ ਕਿ ਲੜਕੀ ਵਾਲਿਆਂ ਨੇ ਤੁਹਾਨੂੰ ਹੀ ਸਭ ਤੋਂ ਵਧੀਕ ਯੋਗ ਜਾਣ ਕੇ ਵਰ ਚੁਣਿਆ ਹੈ। ਆਪ ਨੇ ਆਪਣੀ ਪਤਨੀ ਨੂੰ ਅਰਧੰਗੀ ਜਾਣ ਕੇ

SikhBookClub.com

ਸਾਰੀਆਂ ਅਵਸਥਾਂ ਵਿਚ ਇਕੋ ਜਿਹਾ ਪਿਆਰ ਕਰਨਾ ਹੈ ਤੇ ਵੰਡ ਛਕਣਾ ਹੈ। ਇਸ ਦੇ ਸਰੀਰ ਤੇ ਇਜ਼ਤ ਦੇ ਰਾਖੇ ਤੁਸੀਂ ਹੋ। ਇਸਤ੍ਰੀ-ਬ੍ਰਤ ਧਰਮ ਵਿਚ ਪਕੇ ਰਹਿਣਾ। ਇਸ ਦੇ ਮਾਤਾ ਪਿਤਾ ਤੇ ਸਰ-ਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸਰ-ਬੰਧੀਆਂ ਤੁਲ ਆਦਰ ਦੇਣਾ।

ਕੰਨਿਆਂ ਨੂੰ ਦਸਿਆ ਜਾਵੇ ਕਿ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਗਤ ਦੇ ਹਜ਼ੂਰ ਇਸ ਸਜਣ ਦੇ ਲੜ ਲਾਇਆ ਜਾਂਦਾ ਹੈ। ਆਪ ਇਨ੍ਹਾਂ ਦੇ "ਨਿਰਮਲ ਭਉ" ਵਿਚ ਰਹਿੰਦੇ ਹੋਏ ਇਨ੍ਹਾਂ ਨੂੰ ਹੀ ਆਪਣੇ ਸਾਰੇ ਪ੍ਰੇਮ ਤੇ ਸ਼ਰਧਾ ਦਾ ਮਾਲਕ ਸਮਝਣਾ, ਦੁਖ ਸੁਖ, ਦੇਸ ਪ੍ਰਦੇਸ ਵਿਚ ਆਪਣੇ ਪਤੀ-ਬ੍ਰਤ ਧਰਮ ਵਿਚ ਪਕੇ ਰਹਿਣਾ, ਸੇਵਾ ਕਰਨੀ। ਇਹਦੇ ਮਾਤਾ ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸੰਬੰਧੀਆਂ ਵਾਂਗ ਜਾਣਨਾ।

ਉਪਦੇਸ਼ ਦੀਆਂ ਗਲਾਂ ਪਰਵਾਨ ਕਰਦੇ ਹੋਏ ਵਰ ਤੇ ਕੰਨਿਆਂ ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਮਥਾ ਟੇਕਣ। ਫਿਰ ਲੜਕੀ ਦਾ ਪਿਤਾ ਜਾਂ ਮੁਖੀ ਸਰਬੰਧੀ ਲੜਕੇ ਦਾ ਪੱਲਾ ਲੜਕੀ ਦੇ ਹਥ ਫੜਾਵੇ ਤੇ ਤਾਬਿਆ ਬਠਾ ਸਜਣ ਸੂਹੀ ਮਹਲਾ ੪ ਵਿਚ ਦਿਤੀਆਂ ਲਾਵਾਂ ਦਾ ਪਾਠ ਸੁਣਾਵੇ। ਇਕ ਇਕ ਲਾਂਵ ਦਾ ਪਾਠ ਹੋਣ ਮਗਰੋਂ ਅਗੇ ਵਰ ਤੇ ਪਿਛੇ ਕੰਨਿਆਂ ਵਰ ਦਾ ਪੱਲਾ ਫੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪਰਿਕ੍ਰਮਾ ਕਰਨ। ਪਰਿਕ੍ਰਮਾ ਕਰਨ ਸਮੇਂ ਰਾਗੀ ਜਾਂ ਸੰਗਤ ਲਾਵਾਂ ਨੂੰ ਕ੍ਰਮ ਅਨੁਸਾਰ ਸੁਰ ਨਾਲ ਗਾਈ ਜਾਣ, ਅਤੇ ਵਰ ਕੰਨਿਆਂ ਹਰ ਇਕ ਲਾਂਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਂਵ ਸੁਣਨ ਲਈ ਖੜੇ ਹੋ ਜਾਣ। ਉਪਰੰਤ ਓਹ ਮੱਥਾ ਟੇਕ ਕੇ ਆਪਣੀ ਥਾਂ ਤੇ ਬਹਿ ਜਾਣ, ਤੇ ਰਾਗੀ ਸਿੰਘ ਜਾਂ ਅਨੰਦ ਕਰਾਉਣ ਵਾਲਾ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ ਦਾ ਪਾਠ ਕਰੇ। ਫਿਰ ਅਨੰਦ ਦੀ ਸਮਾਪਤੀ ਦਾ ਅਰਦਾਸਾ ਸੋਧਿਆ ਜਾ ਕੇ ਕੜਾਹ ਪਰਸ਼ਾਦ ਵਰਤਾਇਆ ਜਾਵੇ।

(ਚ) ਅਨ-ਮਤ ਵਾਲਿਆਂ ਦਾ ਵਿਆਹ ਅਨੰਦ ਰੀਤੀ ਨਾਲ ਨਹੀਂ ਹੋ ਸਕਦਾ।

(ਛ) ਲੜਕੇ ਜਾਂ ਲੜਕੀ ਦਾ ਸੰਜੋਗ ਪੈਸਾ ਲੈ ਕੇ ਨਾ ਕਰੇ।

(ਜ) 'ਜੈ ਬਾਲਕੀ ਕੇ ਮਾਪੇ ਕਦਾਂਚ ਸਬਬ ਪਾਇ ਕੈ ਬਾਲਕੀ ਦੇ ਗ੍ਰਿਹਿ ਵਿਖੇ ਜਾਣ ਅਤੇ ਉਥੇ ਪ੍ਰਸ਼ਾਦ ਤਿਆਰ ਹੋਵੈ, ਤਾਂ ਖਾਣ, ਸੁਕਚਣ ਨਾਹੀਂ। ਅੰਨ ਨਾ ਖਾਣਾ ਸਭ ਭਰਮ ਹੈ। ਖਾਲਸੇ ਨੂੰ ਖਾਣਾ ਖੁਵਾਲਣਾ ਸ੍ਰੀ ਗੁਰੂ ਬਾਬੇ ਅਕਾਲ ਪੁਰਖ ਬਖਸ਼ਿਆ ਹੈ। ਬੇਟੀ ਬੇਟੇ ਵਾਲੇ ਆਪਸ ਮੈਂ ਖਾਂਦੇ ਪੀਂਦੇ ਰਹਿਣ ਕਿਸ ਵਾਸਤੇ ਜੋ ਗੁਰੂ ਨੇ ਦੋਵੇਂ ਸਾਕ ਇਕ ਕੀਤੇ ਹੈਨ।'*

(ਝ) ਜਿਸ ਇਸਤ੍ਰੀ ਦਾ ਭਰਤਾ ਕਾਲਵਸ ਹੋ ਜਾਵੇ, ਉਹ ਚਾਹੇ ਤਾਂ ਜੋਗ ਵਰ ਦੇਖ ਕੇ ਪੁਨਰ ਸੰਜੋਗ ਕਰ ਲਵੇ। ਸਿਖ ਦੀ ਇਸਤ੍ਰੀ ਮਰ ਜਾਵੇ ਤਾਂ ਉਸ ਲਈ ਭੀ ਇਹੋ ਹੁਕਮ ਹੈ।

(ਞ) ਪੁਨਰ-ਵਿਆਹ ਦੀ ਭੀ ਉਹੋ ਰੀਤ ਹੈ, ਜੋ 'ਅਨੰਦ' ਲਈ ਉਤੇ ਦਸੀ ਹੈ।

(ਟ) ਸਿਖ ਨੂੰ ਇਕ ਇਸਤ੍ਰੀ ਦੇ ਹੁੰਦਿਆਂ

*ਪ੍ਰੇਮ ਸੁਮਾਰਗ।

SikhBookClub.com

ਦੂਜਾ ਵਿਆਹ ਨਹੀਂ ਕਰਨਾ ਚਾਹੀਏ।

(ਠ) ਅੰਮ੍ਰਿਤਧਾਰੀ ਸਿੰਘ ਨੂੰ ਚਾਹੀਦਾ ਹੈ ਕਿ ਆਪਣੀ ਸਿੰਘਣੀ ਨੂੰ ਭੀ ਅੰਮ੍ਰਿਤ ਛਕਾ ਲਵੇ।

੪. ਮਿਰਤਕ ਸੰਸਕਾਰ

(ੳ) ਪ੍ਰਾਣੀ ਨੂੰ ਮਰਨ ਵੇਲੇ-ਜੇ ਮੰਜੇ ਤੇ ਹੋਵੇ, ਤਾਂ ਮੰਜੇ ਤੋਂ ਹੇਠ ਨਹੀਂ ਉਤਾਰਨਾ, ਦੀਵਾ ਵੱਟੀ, ਗਊ ਮਣਸਾਉਣਾ ਜਾਂ ਹੋਰ ਕੋਈ ਮਨਮੱਤ ਸੰਸਕਾਰ ਨਹੀਂ ਕਰਨਾ। ਕੇਵਲ ਗੁਰਬਾਣੀ ਦਾ ਪਾਠ ਕਰਨਾ ਜਾਂ ਵਾਹਿਗੁਰੂ ਵਾਹਿਗੁਰੂ ਕਰਨਾ।

(ਅ) ਪ੍ਰਾਣੀ ਦੇ ਦੇਹ ਤਿਆਗਣ ਤੇ ਧਾਹ ਨਹੀਂ ਮਾਰਨੀ, ਪਿਟਣਾ ਜਾਂ ਸਿਆਪਾ ਨਹੀਂ ਕਰਨਾ। ਮਨ ਨੂੰ ਵਾਹਿਗੁਰੂ ਦੀ ਰਜ਼ਾ ਵਿਚ ਲਿਆਉਣ ਲਈ ਗੁਰਬਾਣੀ ਦਾ ਪਾਠ ਜਾਂ 'ਵਾਹਿਗੁਰੂ' ਦਾ ਜਾਪ ਕਰੀ ਜਾਣਾ ਚੰਗਾ ਹੈ।

(ੲ) ਪ੍ਰਾਣੀ ਭਾਵੇਂ ਛੋਟੀ ਤੋਂ ਛੋਟੀ ਉਮਰ ਦਾ ਹੋਵੇ, ਸੋ ਭੀ ਸਸਕਾਰਨਾ ਚਾਹੀਏ, ਜਿਥੇ ਸਸਕਾਰ ਦਾ ਪ੍ਰਬੰਧ ਨ ਹੋ ਸਕੇ ਉਥੇ ਜਲ-ਪਰਵਾਹ ਜਾਂ ਹੋਰ ਤਰੀਕਾ ਵਰਤਣ ਤੋਂ ਸ਼ੰਕਾ ਨਹੀਂ ਕਰਨੀ।

(ਸ) ਸਸਕਾਰਨ ਲਈ ਦਿਨ ਜਾਂ ਰਾਤ ਦਾ ਭਰਮ ਨਹੀਂ ਕਰਨਾ।

(ਹ) ਮ੍ਰਿਤਕ ਸਰੀਰ ਨੂੰ ਇਸ਼ਨਾਨ ਕਰਾਕੇ ਸੁਅੱਛ ਬਸਤਰ ਪਾਏ ਜਾਣ ਤੇ ਕਕਾਰ ਜੁਦਾ ਨ ਕੀਤੇ ਜਾਣ। ਫਿਰ ਤਖ਼ਤੇ ਉਤੇ ਪਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਵੇ। ਫਿਰ ਅਰਥੀ ਨੂੰ ਚੁਕ ਕੇ ਸ਼ਮਸ਼ਾਨ ਭੂਮੀ ਵਲ ਲਿਜਾਇਆ ਜਾਵੇ। ਨਾਲ ਵੈਰਾਗ-ਮਈ ਸ਼ਬਦਾਂ ਦਾ ਉਚਾਰਣ ਕੀਤਾ ਜਾਵੇ। ਸਸਕਾਰ ਦੀ ਥਾਂ ਤੇ ਪਹੁੰਚ ਕੇ ਚਿਖਾ ਰਚੀ ਜਾਵੇ ਅਤੇ ਪ੍ਰਾਣੀ ਨੂੰ ਅਗਨਿ ਭੇਟਾ ਕਰਨ ਲਈ ਅਰਦਾਸਾ ਸੋਧਿਆ ਜਾਵੇ। ਫਿਰ ਸਰੀਰ ਨੂੰ ਅੰਗੀਠੇ ਉਤੇ ਰਖਕੇ ਪੁਤਰ ਜਾਂ ਕੋਈ ਹੋਰ ਸਨਬੰਧੀ ਜਾਂ ਹਿਤੂ ਆਦਿ ਅਗਨੀ ਲਾ ਦੇਵੇ। ਸੰਗਤ ਕੁਝ ਵਿਥ ਤੇ ਬਹਿ ਕੇ ਕੀਰਤਨ ਕਰੇ ਜਾਂ ਵੈਰਾਗ-ਮਈ ਸ਼ਬਦ ਪੜ੍ਹੇ। ਜਦ ਅੰਗੀਠਾ ਪੂਰੀ ਤਰ੍ਹਾਂ ਬਲ ਉਠੇ, ਤਾਂ (ਕਪਾਲ ਕਿਰਿਆ ਆਦਿ ਕਰਨਾ ਮਨਮੱਤ ਹੈ) ਕੀਰਤਨ ਸੋਹਿਲੇ ਦਾ ਪਾਠ ਕਰਕੇ ਅਰਦਾਸਾ ਸੋਧ ਕੇ ਸੰਗਤ ਮੁੜ ਆਵੇ।

ਘਰ ਆ ਕੇ ਜਾਂ ਲਾਗੇ ਦੇ ਕਿਸੇ ਗੁਰ-ਦੁਆਰੇ ਵਿਚ ਪ੍ਰਾਣੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰਖਿਆ ਜਾਵੇ ਤੇ ਅਨੰਦ (ਛੇ ਪਉੜੀਆਂ) ਦਾ ਪਾਠ ਕਰ ਕੇ ਅਰਦਾਸਾ ਸੋਧ ਕੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ। ਇਸ ਪਾਠ ਦੀ ਸਮਾਪਤੀ ਦਸਵੇਂ ਦਿਨ ਹੋਵੇ। ਜੇ ਦਸਵੇਂ ਦਿਨ ਨਾ ਹੋ ਸਕੇ, ਤਾਂ ਹੋਰ ਕੋਈ ਦਿਨ ਬਰਾਦਰੀ ਦੀ ਸੌਖ ਨੂੰ ਮੁਖ ਰਖਕੇ ਨੀਯਤ ਕੀਤਾ ਜਾਵੇ। ਇਸ ਪਾਠ ਦੇ ਕਰਨ ਵਿਚ ਘਰ ਵਾਲੇ ਤੇ ਸੰਬੰਧੀ ਰਲ ਕੇ ਹਿੱਸਾ ਲੈਣ। ਜੇ ਹੋ ਸਕੇ, ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਭੀ ਹੋਵੇ। 'ਦਸਹਿਰੇ' ਦੇ ਪਿਛੋਂ ਚਲਾਣੇ ਦੀ ਰਸਮ ਕੋਈ ਬਾਕੀ ਨਹੀਂ ਰਹਿੰਦੀ।

(ਕ) ਮ੍ਰਿਤਕ ਪ੍ਰਾਣੀ ਦਾ ਅੰਗੀਠਾ ਠੰਢਾ ਹੋਣ ਤੇ ਸਾਰੀ ਦੇਹ ਦੀ ਭਸਮ, ਅਸਥੀਆਂ ਸਮੇਤ, ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿਤੀ ਜਾਵੇ, ਜਾਂ ਉਥੇ ਹੀ ਦਬ ਕੇ ਜ਼ਮੀਂ ਬਰਾਬਰ ਕਰ ਦਿਤੀ ਜਾਵੇ। ਸਸਕਾਰ ਅਸਥਾਨ ਤੇ ਮ੍ਰਿਤਕ ਪ੍ਰਾਣੀ ਦੀ ਯਾਦਗਾਰ ਬਣਾਉਣੀ ਮਨ੍ਹਾਂ ਹੈ।

SikhBookClub.com

(ਖ) ਅੱਧ-ਮਾਰਗ, ਸਿਆਪਾ ਫੂਹੜੀ, ਦੀਵਾ, ਪਿੰਡ, ਕਿਰਿਆ, ਸਰਾਧ, ਬੁਢ-ਮਰਨਾ ਆਦਿ ਕਰਨਾ ਮਨਮੱਤ ਹੈ। ਅੰਗੀਠੇ ਵਿਚੋਂ ਫੁਲ ਚੁਗ ਕੇ ਗੰਗਾ, ਪਤਾਲ ਪੁਰੀ, ਕਰਤਾਰ ਪੁਰ ਸਾਹਿਬ ਆਦਿਕ ਥਾਵਾਂ ਵਿਚ ਜਾ ਕੇ ਪਾਣੇ ਮਨਮਤ ਹੈ।

੫. ਹੋਰ ਰੀਤੀਆਂ

(ੳ) ਇਨ੍ਹਾਂ ਸੰਸਕਾਰਾਂ ਤੋਂ ਛੁਟ ਸਮੇਂ ਸਮੇਂ ਜੋ ਭੀ ਖੁਸ਼ੀ ਗਮੀ ਦਾ ਮੌਕਾ ਆ ਬਣੇ, (ਜਿਵੇਂ ਨਵੇਂ ਮਕਾਨ ਵਿਚ ਪ੍ਰਵੇਸ਼ ਕਰਨਾ, ਨਵਾਂ ਦੁਕਾਨ ਖੋਲ੍ਹਣਾ, ਬਾਲਕ ਨੂੰ ਮਦਰਸੇ ਪਾਉਣਾ, ਆਦਿ) ਤਾਂ ਸਿਖ ਨੂੰ ਚਾਹੀਏ ਕਿ ਵਾਹਿਗੁਰੂ ਦੀ ਸਹਾਇਤਾ ਮੰਗਣ ਲਈ ਅਰਦਾਸਾ ਸੋਧੇ। ਸਭੀ ਵਿਚ ਸਾਰੇ ਸੰਸਕਾਰਾਂ ਦਾ ਜ਼ਰੂਰੀ ਅੰਗ ਬਾਣੀ ਦਾ ਪਾਠ ਤੇ ਅਰਦਾਸਾ ਹੈ।

(੩) ਸੇਵਾ

੧. ਸੇਵਾ ਸਿਖੀ ਧਰਮ ਦਾ ਇਕ ਉੱਘਾ ਅੰਗ ਹੈ। ਇਸ ਨੂੰ ਨਮੂਨੇ ਮਾਤਰ ਸਿਖਾਣ ਲਈ ਗੁਰਦੁਆਰਿਆਂ ਵਿਚ ਹੀ ਪ੍ਰਬੰਧ ਕੀਤਾ ਹੁੰਦਾ ਹੈ। ਸਧਾਰਣ ਰੂਪ ਇਸ ਦੇ ਇਹ ਹਨ:-ਗੁਰਦੁਆਰੇ ਦਾ ਝਾੜੂ ਲੇਪਣ, ਸੰਗਤਾਂ ਦੀ ਪਾਣੀ ਪੱਖੇ ਦੀ ਸੇਵਾ, ਲੰਗਰ ਦੀ ਸੇਵਾ, ਜੋੜੇ ਝਾੜਨੇ ਆਦਿ।

(ੳ) ਗੁਰੂ ਕਾ ਲੰਗਰ-ਇਸ ਦੇ ਦੋ ਭਾਵ ਹਨ:-ਇਕ ਸਿਖਾਂ ਨੂੰ ਸੇਵਾ ਸਿਖਾਲਣਾ, ਦੂਜਾ ਊਚ ਨੀਚ, ਛੁਤ ਛਾਤ ਦਾ ਭਰਮ ਮਿਟਾਉਣ।

(ਅ) ਗੁਰੂ ਕੇ ਲੰਗਰ ਦੀ ਸਮੱਗਰੀ ਲਈ ਸਹਾਇਤਾ ਕੋਈ ਆਦਮੀ ਦੇ ਸਕਦਾ ਹੈ, ਪਰ ਲੰਗਰ ਪਕਾਣ ਦੀ ਸੇਵਾ ਕੇਵਲ ਸਿਖ ਹੀ ਕਰ ਸਕਦਾ ਹੈ।

(ੲ) ਗੁਰੂ ਕੇ ਲੰਗਰ ਵਿਚ ਬੈਠ ਕੇ ਊਚ ਨੀਚ, ਕਿਸੇ ਜ਼ਾਤ ਜਾਂ ਵਰਨ ਦਾ ਪ੍ਰਾਣੀ ਪ੍ਰਸ਼ਾਦ ਛਕ ਸਕਦਾ ਹੈ। ਪੰਗਤਿ ਵਿਚ ਬਿਠਾਣ ਲਗਿਆਂ ਕਿਸੇ ਦੇਸ ਵਰਣ ਜ਼ਾਤ ਮਜ਼੍ਹਬ ਦਾ ਵਿਤਕਰਾ ਨਹੀਂ ਕਰਨਾ। ਹਾਂ, ਇਕ ਥਾਲੀ ਵਿਚ ਕੇਵਲ ਅੰਮ੍ਰਿਤਧਾਰੀ ਸਿਖ ਹੀ ਛੱਕ ਸਕਦੇ ਹਨ।

ਪੰਥਕ ਰਹਿਣੀ

(੧) ਗੁਰ ਸੰਗਤ ਤੇ ਗੁਰੂ ਪੰਥ, (੨) ਅੰਮ੍ਰਿਤ ਸੰਸਕਾਰ, (੩) ਤਨਖਾਹ ਲਾਉਣ ਦੀ ਵਿਧੀ, (੪) ਗੁਰਮਤ ਕਰਨ ਦੀ ਵਿਧੀ, (੫) ਸਥਾਨਕ ਫ਼ੈਸਲਿਆਂ ਦੀ ਅਪੀਲ।

(੧) ਗੁਰ ਸੰਗਤ ਤੇ ਗੁਰੂ ਪੰਥ

ਸੇਵਾ ਕੇਵਲ ਪਖੇ ਲੰਗਰ ਤ ਆਦਿ ਤੇ ਹੀ ਨਹੀਂ ਮੁਕ ਜਾਂਦੀ। ਸਿਖ ਦੀ ਸਾਰੀ ਜ਼ਿੰਦਗੀ ਪਰਉਪਕਾਰ ਵਾਲੀ ਹੈ। ਸੇਵਾ ਸਫਲ ਉਹ ਹੈ, ਜੋ ਥੋੜੇ ਜਤਨ ਨਾਲ ਵਧੀਕ ਤੋਂ ਵਧੀਕ ਹੋ ਸਕੇ। ਇਹ ਗਲ ਜਥੇਬੰਦੀ ਦੇ ਰਾਹੀਂ ਹੋ ਸਕਦੀ ਹੈ। ਇਕ ਇਕ ਤੇ ਦੋ ਯਾਰ੍ਹਾਂ। ਸਿਖ ਨੇ ਇਸ ਲਈ ਸ਼ਖਸੀ ਧਰਮ ਪੂਰਾ ਕਰਦਿਆਂ ਹੋਇਆਂ ਨਾਲ ਹੀ ਪਬਲਿਕ ਫਰਜ਼ ਭੀ ਪੂਰੇ ਕਰਨੇ ਹਨ। ਇਸ ਜਥੇਬੰਦੀ ਦਾ ਨਾਂ 'ਪੰਥ' ਹੈ। ਹਰ ਇਕ ਸਿਖ ਨੇ ਪੰਥ ਦਾ ਇਕ ਅੰਗ ਹੋਏ ਭੀ ਆਪਣਾ ਧਰਮ ਨਿਬਾਹੁਣਾ ਹੈ।

(ੳ) ਗੁਰੂ ਪੰਥ:-ਤਿਆਰ ਬਰ ਤਿਆਰ ਸਿੰਘਾਂ ਦੇ ਸਮੁਚੇ ਸਮੂਹ ਨੂੰ ਗੁਰੂ ਪੰਥ ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ

SikhBookClub.com

ਤੇ ਇਸ ਦਾ ਉੱਤਮ ਸਰੂਪ ਇੰਨ੍ਹ ਕੇ ਗੁਰਿਆਈ ਸੌਂਪੀ।

(ੲ) ਗੁਰੂ ਸੰਗਤ:- ਜਿਥੇ ਕਿਤੇ ਜਿਹੇ ਸਿੱਖ ਭੀ ਹੋਣ ਤੇ, ਉਹ ਇਕ ਗੁਰ ਸੰਗਤ ਹਵ ਲੈਂਦੀ, ਨਜ਼ਦੀਕ ਜਿਤਨੇ ਹੋਣ, ਉਤਨਾ ਹੀ ਚੰਗਾ ਹੈ। ਜਿਥੇ ਘਟ ਤੋਂ ਘਟ ਪੰਜ ਤਿਆਰ ਬਰ ਤਿਆਰ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਹਾਜ਼ਰ ਹੋਣ, ਉਹ 'ਗੁਰ ਸੰਗਤ' ਹੈ।

(ਸ) ਸਿਖ ਨੂੰ 'ਗੁਰ ਸੰਗਤਿ' ਦਾ ਮੈਂਬਰ ਬਣਨ ਲਈ ਜ਼ਰੂਰੀ ਹੈ ਕਿ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਹੋਵੇ।

(ਹ) 'ਗੁਰ ਸੰਗਤਿ' ਤੋਂ ਇਲਾਵਾ ਸਾਧ ਸੰਗਤ ਜਾਂ ਸਿੱਖਾਂ ਦੇ ਹੋਰ ਜਥਿਆਂ ਵਿਚ ਅੰਮ੍ਰਿਤਧਾਰੀਆਂ ਤੋਂ ਇਲਾਵਾ ਭੀ ਹੋਰ ਸ਼ਾਮਲ ਹੋ ਸਕਦੇ ਹਨ।

(੨) ਅੰਮ੍ਰਿਤ ਸੰਸਕਾਰ

(ੳ) ਅੰਮ੍ਰਿਤ ਛਕਾਉਣ ਲਈ ਇਕ ਖਾਸ ਅਸਥਾਨ ਤੇ ਪ੍ਰਬੰਧ ਹੋਵੇ। ਉਥੇ ਆਮ ਲੋਕਾਂ ਦਾ ਲਾਂਘਾ ਨਾ ਹੋਵੇ।

(ਅ) ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ। ਘਟ ਤੋਂ ਘਟ ਛੇ ਤਿਆਰ ਬਰ ਤਿਆਰ ਸਿੰਘ ਹਾਜ਼ਰ ਹੋਣ, ਜਿਨ੍ਹਾਂ ਵਿਚੋਂ ਇਕ ਤਾਬਿਆ ਬੈਠੇ ਤੇ ਬਾਕੀ ਦੇ ਪੰਜ ਅੰਮ੍ਰਿਤ ਛਕਾਉਣ ਲਈ ਹੋਣ। ਇਨ੍ਹਾਂ ਵਿਚ ਸਿੰਘਣੀਆਂ ਭੀ ਹੋ ਸਕਦੀਆਂ ਹਨ। ਇਨ੍ਹਾਂ ਸਾਰਿਆਂ ਨੇ ਕੇਸੀ ਇਸ਼ਨਾਨ ਕੀਤਾ ਹੋਵੇ।

(ੲ) ਇਨ੍ਹਾਂ ਪੰਜਾਂ ਪਿਆਰਿਆਂ ਵਿਚ ਕੋਈ ਅੰਗ-ਹੀਣ (ਅੰਨ੍ਹਾ, ਕਾਣਾ, ਲੂੰਝਾ, ਲੰਙਾ, ਜਾਂ ਦੀਰਘ ਰੋਗ ਵਾਲਾ ਨ ਹੋਵੇ। ਕੋਈ ਤਨਖਾਹੀਆ ਨ ਹੋਵੇ; ਸਾਰੇ ਤਿਆਰ ਬਰ ਤਿਆਰ ਦਰਸ਼ਨੀ ਸਿੰਘ ਹੋਣ।

(ਸ) ਹਰ ਦੇਸ, ਕੌਮ, ਮਜ਼੍ਹਬ ਤੇ ਜਾਤੀ ਦੇ ਹਰ ਇਕ ਇਸਤ੍ਰੀ ਪੁਰਸ਼ ਨੂੰ ਅੰਮ੍ਰਿਤ ਛਕਣ ਦਾ ਅਧਿਕਾਰ ਹੈ, ਜੋ ਸਿਖੀ ਧਰਮ ਗ੍ਰਹਿਣ ਕਰਨ ਤੇ ਉਸ ਦੇ ਅਸੂਲਾਂ ਉਪਰ ਚਲਣ ਦਾ ਚਾਹਵਾਨ ਹੋਵੇ।

ਬਹੁਤ ਛੋਟੀ ਅਵਸਥਾ ਦਾ ਨਾ ਹੋਵੇ, ਹੋਸ਼ ਸੰਭਾਲੀ ਹੋਵੇ। ਅੰਮ੍ਰਿਤ ਛਕਣ ਵਾਲੇ ਹਰ ਇਕ ਪ੍ਰਾਣੀ ਨੇ ਸਕੇਸੀ ਇਸ਼ਨਾਨ ਕੀਤਾ ਹੋਵੇ ਅਤੇ ਹਰ ਇਕ ਪੰਜ ਕਕਾਰ (ਕੇਸ, ਕ੍ਰਿਪਾਨ ਗਾਤਰੇ ਵਾਲੀ, ਕਛਿਹਰਾ, ਕੰਘਾ ਕੜਾ,) ਦਾ ਧਾਰਨੀ ਹੋਵੇ। ਅਨਮਤ ਦਾ ਕੋਈ ਚਿੰਨ੍ਹ ਨਾ ਹੋਵੇ। ਸਿਰ ਨੰਗਾ ਜਾਂ ਟੋਪੀ ਨਾ ਹੋਵੇ। ਛੇਦਕ ਗਹਿਣੇ ਕੋਈ ਨਾ ਹੋਣ। ਅਦਬ ਨਾਲ ਜੋੜ ਕੇ ਸ੍ਰੀ ਗੁਰੂ ਜੀ ਦੇ ਹਜ਼ੂਰ ਖੜੇ ਹੋਣ।

(ਹ) ਜੇ ਕਿਸੇ ਨੇ ਕੁਰਹਿਤ ਕਰਨ ਕਰਕੇ ਮੁੜ ਅੰਮ੍ਰਿਤ ਛਕਣਾ ਹੋਵੇ, ਤਾਂ ਉਸ ਨੂੰ ਅੱਡ ਕਰਕੇ ਸੰਗਤ ਵਿਚ ਪੰਜ ਪਿਆਰੇ ਤਨਖਾਹ ਲਾ ਲੈਣ।

(ਕ) ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰਿਆਂ ਵਿਚੋਂ ਕੋਈ ਇਕ ਸੱਜਣ ਅੰਮ੍ਰਿਤ ਛਕਣ ਦੇ ਅਭਿਲਾਖੀਆਂ ਨੂੰ ਸਿਖ ਧਰਮ ਦੇ ਅਸੂਲ ਸਮਝਾਵੇ:-

ਸਿਖ ਧਰਮ ਵਿਚ ਕਿਰਤਮ ਦੀ ਪੂਜਾ ਨੂੰ ਤਿਆਗ ਕੇ ਇਕ ਕਰਤਾਰ ਦੇ ਪ੍ਰੇਮਾ ਭਗਤੀ ਤੇ ਉਪਾਸ਼ਨਾ ਕਰਨੀ ਦਸੀ ਹੈ। ਇਸ ਦੀ ਪੂਰਣਤਾ ਲਈ ਗੁਰਬਾਣੀ ਦਾ ਅਭਿਆਸ, ਸਾਧ ਸੰਗਤ ਤੇ ਪੰਥ ਦੀ ਸੇਵਾ, ਉਪਕਾਰ, ਨਾਮ ਦਾ ਪ੍ਰੇਮ ਅਤੇ ਅੰਮ੍ਰਿਤ ਛਕ ਕੇ ਰਹਿਤ ਬਹਿਤ ਰਖਣਾ ਮੁਖ ਸਾਧਨ ਹਨ, ਆਦਿ। ਕੀ ਤੁਸੀਂ ਇਸ ਧਰਮ ਨੂੰ ਖੁਸ਼ੀ ਨਾਲ ਕਬੂਲ

SikhBookClub.com

ਕਰਦੇ ਹੋ ?

(ਖ) 'ਹਾਂ' ਦਾ ਜਵਾਬ ਆਉਣ ਤੇ ਪਿਆਰਿਆਂ ਵਿਚੋਂ ਇਕ ਸਜਣ ਅੰਮ੍ਰਿਤ ਦੀ ਤਿਆਰੀ ਦਾ ਅਰਦਾਸਾ ਕਰਕੇ 'ਹੁਕਮ' ਲਵੇ ॥ ਪੰਜ ਪਿਆਰੇ ਅੰਮ੍ਰਿਤ ਤਿਆਰ ਕਰਨ ਲਈ ਬਾਟੇ ਪਾਸ ਆ ਬੈਠਣ ।

(ਗ) ਬਾਟਾ ਸਰਬ ਲੋਹ ਦਾ ਹੋਵੇ ਤੇ ਚੌਂਕੀ ਸੁਨਿਹਰੇ ਆਦਿ ਕਿਸੇ ਸੁੱਛ ਚੀਜ਼ ਪੁਰ ਰਖਿਆ ਹੋਵੇ ।

(ਘ) ਬਾਟੇ ਵਿਚ ਸੁੱਛ ਜਲ ਤੇ ਪਤਾਸੇ ਪਾਏ ਜਾਣ ਤੇ ਪੰਜ ਪਿਆਰੇ ਬਾਟੇ ਦੇ ਇਰਦ ਗਿਰਦ ਬੀਰ ਆਸਨ* ਹੋ ਕੇ ਬੈਠ ਜਾਣ ਤੇ

(ਙ) ਇਨ੍ਹਾਂ ਬਾਣੀਆਂ ਦਾ ਪਾਠ ਕਰਨ:– ਜਪੁ, ਜਾਪੁ, ੧੦ ਸਵੱਯੇ ('ਸ੍ਰਾਵਗ ਸੁਧ' ਵਾਲੇ), ਬੇਨਤੀ ਚੌਪਈ ('ਹਮਰੀ ਕਰੋ ਹਾਥ ਦੈ ਰੱਛਾ' ਤੋਂ ਲੈ ਕੇ 'ਦੁਸ਼ਟ ਦੋਖ ਤੇ ਲੇਹੁ ਬਚਾਈ' ਤਕ), ਅਨੰਦ ਸਾਹਿਬ ਦੀਆਂ ਪੰਜ ਪਹਿਲੀਆਂ ਤੇ ਇਕ ਅੰਤਲੀ ਪਉੜੀ ।

(ਚ) ਹਰ ਇਕ ਪੜ੍ਹਨ ਵਾਲਾ ਖੱਬਾ ਹਥ ਬਾਟੇ ਦੇ ਕੰਢੇ ਤੇ ਧਰੇ ਤੇ ਸਜੇ ਹਥ ਨਾਲ ਖੰਡਾ ਜਲ ਵਿਚ ਫੇਰੀ ਜਾਵੇ । ਸੁਰਤ ਇਕਾਗਰ ਹੋਵੇ। ਬਾਕੀ ਦਿਆਂ ਦੇ ਦੋਵੇਂ ਹਥ ਬਾਟੇ ਦੇ ਕੰਢੇ ਤੇ, ਅਤੇ ਧਿਆਨ ਅੰਮ੍ਰਿਤ ਵਲ ਟਿਕੇ ।

(ਛ) ਪਾਠ ਹੋਣ ਮਗਰੋਂ ਪਿਆਰਿਆਂ ਵਿਚੋਂ ਕੋਈ ਇਕ ਅਰਦਾਸ ਕਰ ।

(ਜ) ਜਿਸ ਅਭਿਲਾਖੀ ਨੇ ਅੰਮ੍ਰਿਤ ਦੀ ਤਿਆਰੀ ਵੇਲੇ ਸਾਹੇ ਸੇਵਕਾਰ ਵਿਚ ਹਿਸਾ ਲਿਆ ਹੈ, ਉਹੀ ਅੰਮ੍ਰਿਤ ਛਕਣ ਵਿਚ ਸ਼ਾਮਲ ਹੋ ਸਕਦਾ ਹੈ। ਅਧ-ਵਾਟੇ ਆਉਣ ਵਾਲਾ ਨਹੀਂ ਹੋ ਸਕਦਾ।

(ਝ) ਹੁਣ ਸ੍ਰੀ ਕਲਗੀਧਰ ਦਸ਼ਮੇਸ਼ ਪਿਤਾ ਦਾ ਧਿਆਨ ਧਰ ਕੇ ਹਰ ਇਕ ਅੰਮ੍ਰਿਤ ਛਕਣ ਵਾਲੇ ਨੂੰ ਬੀਰ ਆਸਨ ਕਰਾਕੇ ਉਸਦੇ ਖੱਬੇ ਹਥ ਉਪਰ ਸੱਜਾ ਹਥ ਰਖਾਕੇ ਪੰਜ ਚੂਲੇ ਅੰਮ੍ਰਿਤ ਦੇ ਛਕਾਏ ਜਾਣ ਅਤੇ ਹਰ ਚੂਲੇ ਨਾਲ ਇਹ ਕਿਹਾ ਜਾਵੇ:–

ਬੋਲ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ'। ਛਕਣ ਵਾਲਾ ਛਕ ਕੇ ਕਹੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ।' ਫੇਰ ਪੰਜ ਛਟੇ ਅੰਮ੍ਰਿਤ ਦੇ ਨੇਤਰਾਂ ਪਰ ਲਾਏ ਜਾਣ। ਹਰ ਇਕ ਛਟੇ ਨਾਲ ਛਕਣ ਵਾਲਾ ਛਕਾਉਣ ਵਾਲੇ ਦੇ ਪਿਛੇ ਪਿਛੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਗਜਾਈ ਜਾਵੇ। ਜੋ ਅੰਮ੍ਰਿਤ ਬਾਕੀ ਰਹੇ, ਉਸ ਨੂੰ ਉਸੇ ਇਕ ਬਾਟੇ ਵਿਚ ਸਾਰੇ ਅੰਮ੍ਰਿਤ ਛਕਣ ਵਾਲੇ (ਸਿਖ ਤੇ ਸਿਖਣੀਆਂ) ਰੱਲ ਕੇ ਛਕਣ ।

(ਞ) ਉਪਰੰਤ ਪੰਜੇ ਪਿਆਰੇ ਰੱਲ ਕੇ ਇਕੋ ਆਵਾਜ਼ ਨਾਲ ਅੰਮ੍ਰਿਤ ਛਕਣ ਵਾਲਿਆਂ ਨੂੰ ਵਾਹਿਗੁਰੂ ਦਾ ਸਰੂਪ ਦੱਸਣ ਲਈ ਮੂਲ ਮੰਤ੍ਰ ਸੁਣਾਣ ਤੇ ਉਨ੍ਹਾਂ ਪਾਸੋਂ ਇਹਦਾ ਰਟਨ ਕਰਾਉਣ:-ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

(ਟ) ਫਿਰ ਪੰਜਾਂ ਪਿਆਰਿਆ ਵਿਚੋਂ ਕੋਈ ਸੱਜਣ ਰਹਿਤ ਦਸੇ:–

ਅਜ ਤੋਂ ਤੁਸੀਂ 'ਸਤਿਗੁਰ ਕੇ ਜਨਮੇ ਗਵਨ ਮਿਟਾਇਆ' ਹੈ ਅਤੇ ਖਾਲਸਾ ਪੰਥ ਵਿਚ ਸ਼ਾਮਲ ਹੋਏ ਹੋ । ਤੁਹਾਡਾ ਧਾਰਮਕ

*ਬੀਰ ਆਸਨ:–ਸੱਜਾ ਗੋਡਾ ਜ਼ਿਮੀਂ ਤੇ ਧਰਕੇ ਸੱਜੀ ਲੱਤ ਦਾ ਭਾਰ ਪੈਰ ਤੇ ਰਖ ਕੇ ਬੈਠਣਾ ਤੇ ਖੱਬਾ ਗੋਡਾ ਉੱਚਾ ਕਰਕੇ ਰਖਣਾ ।

SikhBookClub.com

[illegible]ਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ [illegible] ਮਾਤਾ ਸਾਹਿਬ ਕੌਰ ਜੀ ਹਨ। [illegible] ਆ[illegible] ਦਾ ਕੇਸ ਗੜ੍ਹ ਸਾਹਿਬ ਦਾ ਤੇ [illegible] ਅ[illegible]ਦਪੁਰ ਸਾਹਿਬ ਦੀ ਹੈ। ਤੁਸੀਂ [illegible] ਪਿਤਾ ਦੇ ਪੁੱਤਰ ਹੋਣ ਕਰਕੇ ਆਪਸ ਵਿੱ[illegible] ਤੇ ਹੋਰ ਸਾਰੇ ਅੰਮ੍ਰਿਤਧਾਰੀਆਂ ਦੇ [illegible] ਭ੍ਰਾਤਾ ਹੋ। ਤੁਸੀਂ ਪਿਛਲੀ ਕੁਲ, [illegible], ਕ[illegible], ਧਰਮ ਦਾ ਤਿਆਗ ਕਰਕੇ, [illegible] ਪਿਛਲੀ ਜ਼ਾਤ ਪਾਤ, ਜਨਮ, ਦੇਸ, [illegible] ਦਾ ਖਿਆਲ ਤੱਕ ਛੱਡ ਕੇ, ਨਿਰੋਲ [illegible] ਬਣ ਗਏ ਹੋ। ਇਕ ਅਕਾਲ ਪੁਰਖ [illegible] ਕਿਸੇ ਦੇਵੀ, ਦੇਵਤੇ, ਅਵਤਾਰ, [illegible] ਦੀ ਉਪਾਸ਼ਨਾ ਨਹੀਂ ਕਰਨੀ। [illegible] ਸਾਹਿਬਾਨ ਤੇ ਉਨ੍ਹਾਂ ਦੀ ਬਾਣੀ [illegible] ਕਿਸੇ ਹੋਰ ਨੂੰ ਆਪਣਾ ਮੁਕਤੀ [illegible] ਮੰਨਣਾ। ਤੁਸੀਂ ਗੁਰਮੁਖੀ [illegible] (ਜੇ ਨਹੀਂ ਜਾਣਦੇ ਤਾਂ ਸਿਖ ਲਓ) ਅਤੇ [illegible] ਘੱਟ ਤੋਂ ਘੱਟ ਇਨ੍ਹਾਂ ਨਿਤਨੇਮ [illegible] ਬਾਣੀਆਂ ਦਾ ਪਾਠ ਕਰਨਾ ਜਾਂ [illegible], ਜਾਪੁ, ੧੦ ਸਵੱਯੇ ('ਸ੍ਰਾਵਗ [illegible] ਸੋਦਰੁ ਰਹਿਰਾਸ, ਅਤੇ ਸੋਹਿਲਾ। [illegible] ਸਾਹਿਬ ਜੀ ਦਾ ਪਾਠ ਕਰਨਾ [illegible], ਪੰਜਾਂ ਕੱਕਿਆਂ:-ਕੇਸ, [illegible] ਕਛਹਿਰਾ, ਕੰਘਾ, ਕੜਾ, ਨੂੰ ਹਰ ਵੇਲੇ ਅੰਗ ਸੰਗ ਰਖਣਾ।

ਇਹ ਚਾਰ ਕੁਰਹਿਤਾਂ ਨਹੀਂ ਕਰਨੀਆਂ:- (੧) ਕੇਸਾਂ ਦੀ ਬੇਅਦਬੀ, (੨) ਕੁਠਾ ਖਾਣਾ (੩) ਪਰ-ਇਸਤ੍ਰੀ ਜਾਂ ਪਰ-ਪੁਰਸ਼ ਦਾ ਭੋਗਣਾ (੪) ਤਮਾਕੂ ਦਾ ਵਰਤਨਾ। ਇਨ੍ਹਾਂ ਵਿਚੋਂ ਕੋਈ ਕੁਰਹਿਤ ਹੋ ਜਾਵੇ, ਤਾਂ ਮੁੜ ਕੇ ਅੰਮ੍ਰਿਤ ਛਕਣਾ ਪਏਗਾ। ਆਪਣੀ ਇਛਾ ਵਿਰੁਧ ਅਣਭੋਲ ਹੀ ਕੋਈ ਕੁਰਹਿਤ ਹੋ ਜਾਵੇ, ਤਾਂ ਕੋਈ ਦੰਡ ਨਹੀਂ। ਸਿਰਗੁੰਮ੦, ਨੜੀ-ਮਾਰ, ਕੁੜੀ-ਮਾਰ (ਜੋ ਸਿਖ ਹੋ ਕੇ ਇਹ ਕੰਮ ਕਰਨ) ਦਾ ਸੰਗ ਨਹੀਂ ਕਰਨਾ। ਪੰਥ ਸੇਵਾ ਤੇ ਗੁਰਦਵਾਰਿਆਂ ਦੀ ਟਹਿਲ ਵਿਚ ਤਤਪਰ ਰਹਿਣਾ ਆਪਣੀ ਕਮਾਈ ਵਿਚੋਂ ਗੁਰੂ ਕਾ ਦਸਵੰਧ ਦੇਣਾ ਸਾਰੇ ਕੰਮ ਗੁਰਮਤ ਅਨੁਸਾਰ ਕਰਨੇ।

ਖਾਲਸਾ ਧਰਮ ਦੇ ਨਿਯਮਾਂ ਅਨੁਸਾਰ ਜਥੇਬੰਦੀ ਵਿਚ ਇਕ ਸੂਤ ਪਰੋਏ ਰਹਿਣਾ, ਕੋਈ ਰਹਿਤ ਵਿਚ ਭੁਲ ਹੋ ਜਾਵੇ ਤਾਂ ਖਾਲਸੇ ਦੇ ਦੀਵਾਨ ਵਿਚ ਹਾਜ਼ਰ ਹੋਕੇ ਬੇਨਤੀ ਕਰਕੇ ਤਨਖਾਹ ਬਖਸ਼ਾਉਣੀ। ਅਗੇ ਲਈ ਸਾਵਧਾਨ ਰਹਿਣਾ।

(ਠ) ਤਨਖਾਹੀਏ ਇਹ ਹਨ:-

੧. ਮੀਣੇ, ਮਸੰਦ, ਧੀਰਮਲੀਏ, ਰਾਮਰਾਈਏ ਆਦਿਕ ਪੰਥ-ਵਿਰੋਧੀਆਂ ਨਾਲ ਜਾਂ ਨੜੀ-ਮਾਰ, ਕੁੜੀ-ਮਾਰ, ਸਿਰ ਗੁੰਮ ਨਾਲ ਵਰਤਣ ਵਾਲਾ

[illegible] ਲੰਮਾਈ ਦੀ ਕੋਈ ਹੱਦ ਨਹੀਂ ਹੋ ਸਕਦੀ।
[illegible] ਕਪੜੇ ਦਾ ਹੋ ਸਕਦਾ ਹੈ, ਪਰ ਗੋਡਿਆਂ ਤੋਂ ਨੀਵਾਂ ਨ ਹੋਵੇ।
[illegible] ਲੋਹ ਦਾ ਹੋਵੇ।
[illegible] ਉਹ ਮਾਸ ਹੈ, ਜੋ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ ਹੋਵੇ।
[illegible] ਹੈ ਜੋ ਕੇਸ ਕਟਾ ਦੇਵੇ।
[illegible] ਜਿਹੜੇ ਅੰਮ੍ਰਿਤ ਛਕ ਕੇ ਪੰਥ ਵਿਚ ਮਿਲ ਜਾਣ, ਓਹਨਾਂ ਨਾਲ ਵਰਤਣਾ ਠੀਕ ਹੈ।
[illegible] ਭਾਵ ਰੋਟੀ ਬੇਟੀ ਦੀ ਸਾਂਝ ਹੈ, ਜਿਸ ਦਾ ਸਪਸ਼ਟ ਅਰਥ ਰਿਸ਼ਤਾ ਨਾਤਾ ਕਰਕੇ [illegible] ਸੰਬੰਧ ਪੈਦਾ ਕਰਨਾ ਹੈ। ਗੁਰੂ ਸਾਹਿਬ ਦਾ ਭਾਵ ਪੰਥ ਨੂੰ ਇਕ ਕਰਕੇ ਰਖਣ ਦਾ [illegible] ਵਖਰੇ ਗੁਰਿਆਈ ਦੇ ਸੈਂਟਰ ਜਾਂ ਮਿਲ-ਗੋਭਾ ਸਿੱਖੀ ਦੇ ਸੋਮੇ ਨਾ ਬਣਨ।

SikhBookClub.com

ਵਾਲਾ ਤਨਖਾਹੀਆ ਹੋ ਜਾਂਦਾ ਹੈ।

੨. ਬੇਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲਾ।

੩. ਦਾੜ੍ਹਾ ਰੰਗਣ ਵਾਲਾ, ਚਿਟੇ ਚੁਗਣ ਵਾਲਾ।

੪. ਪੁਤਰ ਜਾਂ ਧੀ ਦਾ ਸਾਕ ਮੁਲ ਲੈ ਕੇ ਜਾਂ ਦੇ ਕੇ ਕਰਨ ਵਾਲਾ।

੫. ਕੋਈ ਨਸ਼ਾ (ਭੰਗ, ਅਫੀਮ, ਸ਼ਰਾਬ, ਪੋਸਤ, ਕੁਕੀਨ ਆਦਿਕ) ਵਰਤਣ ਵਾਲਾ।

੬. ਗੁਰਮਤ ਤੋਂ ਵਿਰੁਧ ਕੋਈ ਸੰਸਕਾਰ ਕਰਨ ਕਰਾਣ ਵਾਲਾ॥

੭. ਰਹਿਤ ਵਿਚ ਕੋਈ ਭੁਲ ਕਰਨ ਵਾਲਾ।

(ਡ) ਇਹ ਸਿਖਿਆ ਦੇਣ ਤੋਂ ਉਪੰਤ ਪੰਜਾਂ ਪਿਆਰਿਆਂ ਵਿਚੋਂ ਕੋਈ ਸਜਣ ਅਰਦਾਸਾ ਕਰੇ॥

(ਢ) ਫਿਰ ਤਾਬੇ ਬੈਠਾ ਸਿੰਘ 'ਹੁਕਮ' ਲਵੇ। ਜਿਨ੍ਹਾਂ ਨੇ ਅੰਮ੍ਰਿਤ ਛਕਿਆ ਹੈ, ਉਨ੍ਹਾਂ ਵਿਚੋਂ ਜੇ ਕਿਸੇ ਦਾ ਨਾਮ ਅਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਨਹੀਂ ਸੀ ਰਖਿਆ ਹੋਇਆ, ਉਸ ਦਾ ਨਾਮ ਹੁਣ ਬਦਲਾ ਕੇ ਰਖਿਆ ਜਾਵੇ।

(ਣ) ਅੰਤ ਕੜਾਹ ਪ੍ਰਸ਼ਾਦ ਵਰਤੇ। ਜਹਾਜ਼ ਚੜ੍ਹੇ ਸਾਰੇ ਸਿੰਘ ਤੇ ਸਿੰਘਣੀਆਂ ਇਕੋ ਬਾਟੇ ਵਿਚੋਂ ਕੜਾਹ ਪ੍ਰਸ਼ਾਦ ਰਲ ਕੇ ਛਕਣ।

(੩) ਤਨਖ਼ਾਹ ਲਾਉਣ ਦੀ ਵਿਧੀ

(ੳ) ਜਿਸ ਕਿਸੇ ਸਿਖ ਪਾਸੋਂ ਕੋਈ ਰਹਿਤ ਦੀ ਭੁਲ ਹੋ ਜਾਵੇ, ਤਾਂ ਉਹ ਨੇੜੇ ਦੇ ਗੁਰ ਸੰਗਤ ਪਾਸ ਹਾਜ਼ਰ ਹੋਵੇ ਅਤੇ ਸੰਗਤ ਦੇ ਸਨਮੁਖ ਖੜੋ ਕੇ ਆਪਣੀ ਭੁਲ ਮੰਨੇ।

(ਅ) ਗੁਰ ਸੰਗਤ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜ ਪਿਆਰੇ ਚੁਣੇ ਜਾਣ, ਜੋ ਪੇਸ਼ ਹੋਏ ਸੱਜਣ ਦੀ ਭੁਲ ਨੂੰ ਵਿਚਾਰ ਕੇ ਗੁਰ ਸੰਗਤ ਪਾਸ ਤਨਖਾਹ (ਦੰਡ) ਤਜਵੀਜ਼ ਕਰਨ।

(ੲ) ਸੰਗਤ ਨੂੰ ਬਖਸ਼ਣ ਵੇਲੇ ਹਠ ਨਹੀਂ ਕਰਨਾ ਚਾਹੀਦਾ। ਨਾ ਹੀ ਤਨਖਾਹ ਲੁਆਣ ਵਾਲੇ ਨੂੰ ਦੰਡ ਭਰਨ ਵਿੱਚ ਅੜੀ ਕਰਨੀ ਚਾਹੀਦੀ ਹੈ। ਤਨਖਾਹ ਕਿਸੇ ਕਿਸਮ ਦੀ ਸੇਵਾ, ਖਾਸ ਕਰ ਕੇ ਜੋ ਹੱਥਾਂ ਨਾਲ ਕੀਤੀ ਜਾ ਸਕੇ, ਲਾਉਣੀ ਚਾਹੀਦੀ ਹੈ।

(ਸ) ਅੰਤ ਸੋਧ ਦੀ 'ਅਰਦਾਸ' ਹੋਵੇ।

(੪) ਗੁਰਮਤਾ ਕਰਨ ਦੀ ਵਿਧੀ

(ੳ) ਗੁਰਮਤਾ ਕੇਵਲ ਉਨ੍ਹਾਂ ਸਵਾਲਾਂ ਉਤੇ ਹੀ ਹੋ ਸਕਦਾ ਹੈ, ਜੋ ਸਿਖ ਧਰਮ ਦੀ ਮੁਢਲੇ ਅਸੂਲਾਂ ਦੀ ਪੁਸ਼ਟੀ ਲਈ ਹੋਣ, ਅਰਥਾਤ ਗੁਰੂ ਸਾਹਿਬਾਨ ਜਾਂ ਗੁਰੂ ਗ੍ਰੰਥ ਸਾਹਿਬ ਦੀ ਪਦਵੀ, ਬੀੜ ਦੀ ਨਿਰੋਲਤਾ, ਅੰਮ੍ਰਿਤ, ਰਹਿਤ ਬਹਿਤ, ਪੰਥ ਦੀ ਬਣਾਵਟ, ਆਦਿ ਨੂੰ ਕਾਇਮ ਰੱਖਣ ਬਾਬਤ ਹੋਰ ਕਿਸੇ ਕਿਸਮ ਦੇ ਸਾਧਾਰਣ (ਧਾਰਮਕ, ਵਿਦਿਅਕ, ਸਮਾਜਕ, ਪੁਲੀਟੀਕਲ) ਸਵਾਲ ਉਤੇ ਕੇਵਲ ਮਤਾ ਹੋ ਸਕਦਾ ਹੈ॥

(ਅ) ਇਹ ਗੁਰਮਤਾ ਗੁਰੂ ਪੰਥ ਦਾ ਚੁਣਿਆ ਹੋਇਆ ਕੇਵਲ ਸ਼੍ਰੋਮਣੀ ਜੱਥਾ ਜਾਂ ਗੁਰੂ ਪੰਥ ਦਾ ਪ੍ਰਤੀਨਿਧ ਇਕੱਠ ਹੀ ਕਰ ਸਕਦਾ ਹੈ।

(੫) ਸਥਾਨਕ ਫ਼ੈਸਲਿਆਂ ਦੀ ਅਪੀਲ

ਸਥਾਨਕ ਗੁਰ ਸੰਗਤਾਂ ਦੇ ਫ਼ੈਸਲਿਆ ਦੀ ਅਪੀਲ ਸ੍ਰੀ ਅਕਾਲ ਤਖਤ ਪਾਸ ਹੋ ਸਕਦੀ ਹੈ।

SikhBookClub.com

ਅਕਾਲੀ ਪਤ੍ਰਕਾ ਪ੍ਰੈਸ, ਮੈਕਲੇਗਨ ਰੋਡ ਲਾਹੌਰ ਵਿਚ ਸੋਢੀ ਦਰਬਾਰਾ ਸਿੰਘ ਜੀ ਐਮ. ਏ., ਪ੍ਰਿੰਟਰ ਦੇ ਪ੍ਰਬੰਧ ਹੇਠ ਛਪੀ ਤੇ ਸ੍ਰ: ਲਾਲ ਸਿੰਘ ਜੀ ਮੀਤ ਸਕੱਤ੍ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤੀ।

SikhBookClub.com

Appendix VI

ਸਿੱਖ ਰਹਿਤ ਮਰਯਾਦਾ ਵਿਚ ਤਬਦੀਲੀਆਂ ਦੀ ਸੂਚੀ

ਅਧਿਆਇ	ਸਿੱਖ ਰਹਿਤ ਮਰਯਾਦਾ 1936	ਸਿੱਖ ਰਹਿਤ ਮਰਯਾਦਾ 2015
ਸਿੱਖ ਦੀ ਤਾਰੀਫ	ਦਸਾਂ ਗੁਰੁ ਸਾਹਿਬਾਨ ਦੀ ਬਾਣੀ ਤੇ ਸਿੱਖਿਆ	ਦਸ ਗੁਰੁ ਸਾਹਿਬਾਨ ਦੀ ਬਾਣੀ ਤੇ ਸਿੱਖਿਆ
ਨਾਮ ਬਾਣੀ ਦਾ ਅਭਿਆਸ ਦੇ ਅੰਕ (2) ਨਿਤਨੇਮ	ਸੋਦਰੁ ਰਹਿਰਾਸ- ਸ਼ਾਮ ਵੇਲੇ ਸੂਰਜ ਡੁੱਬੇ ਪੜ੍ਹਨੀ। ਇਸ ਵਿਚ ਇਹ ਬਾਣੀਆਂ ਸ਼ਾਮਲ ਹਨ:- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਲਿਖੇ ਹੋਏ ਨੌਂ ਸ਼ਬਦ ('ਸੋਦਰੁ' ਤੋਂ ਲੈ ਕੇ 'ਸਰਣਿ ਪਰੇ ਕੀ ਰਾਖਹੁ ਸਰਮਾ' ਤਕ), ਬੇਨਤੀ ਚੌਪਈ ਪਾਤਸ਼ਾਹੀ 10 ('ਹਮਰੀ ਕਰਉ ਹਾਥ ਦੈ ਰੱਛਾ' ਤੋਂ ਲੈ ਕੇ 'ਦੁਸ਼ਟ ਦੋਖ ਤੇ ਲੇਹੁ ਬਚਾਈ' ਤਕ, [ਸ੍ਵੈਯਾ ('ਪਾਇ ਗਹੇ ਜਬ ਤੇ ਤੁਮਰੇ') ਅਤੇ ਦੋਹਰਾ ('ਸਗਲ ਦੁਆਰ ਕਉ ਛਾਡਿ ਕੈ')], ਅਨੰਦ ਦੀਆਂ ਪਹਿਲੀਆਂ ਪੰਜ ਪਉੜੀਆਂ ਤੇਂ ਅੰਤਲੀ ਇਕ ਪਉੜੀ,	ਸੋ ਦਰੁ ਰਹਿਰਾਸ-ਸ਼ਾਮ ਵੇਲੇ ਸੂਰਜ ਡੁੱਬੇ ਪੜ੍ਹਨੀ। ਇਸ ਵਿਚ ਇਹ ਬਾਣੀਆਂ ਸ਼ਾਮਲ ਹਨ :- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਲਿਖੇ ਹੋਏ ਨੌਂ ਸ਼ਬਦ ('ਸੋ ਦਰ' ਤੋਂ ਲੈ ਕੇ 'ਸਰਨਿ ਪਰੇ ਕੀ ਰਾਖਹੁ ਸਰਮਾ' ਤਕ), ਬੇਨਤੀ ਚੌਪਈ ਪਾਤਸ਼ਾਹੀ 10 ('ਹਮਰੀ ਕਰੋ ਹਾਥ ਦੈ ਰੱਛਾ' ਤੋਂ ਲੈ ਕੇ 'ਦੁਸਟ ਦੋਖ ਤੇ ਲੇਹੁ ਬਚਾਈ' ਤਕ, ਸ੍ਵੈਯਾ ('ਪਾਇ ਗਹੇ ਜਬ ਤੇ ਤੁਮਰੇ') ਅਤੇ ਦੋਹਰਾ ('ਸਗਲ ਦੁਆਰ ਕਉ ਛਾਡਿ ਕੈ'), ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇਂ ਅੰਤਲੀ ਇਕ ਪਉੜੀ, ਮੁਦਾਵਣੀ ਤੇ ਸਲੋਕ ਮਹਲਾਂ 5 'ਤੇਰਾ ਕੀਤਾ ਜਾਤੋ ਨਾਹੀ।'
ਅਰਦਾਸ	ਸ੍ਰੀ ਹਰਿਕਿਸ਼ਨ ਧਿਆਈਐ	ਸ੍ਰੀ ਹਰਿਕ੍ਰਿਸ਼ਨ ਧਿਆਈਐ
ਅਰਦਾਸ	ਚੌਂਹਾਂ ਤਖ਼ਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ!!	ਪੰਜਾਂ ਤਖਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ!
ਅਰਦਾਸ	---	ਹੇ ਅਕਾਲ ਪੁਰਖ ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ ਖੁਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ।
ਅਰਦਾਸ ਦੀ ਸਮਾਪਤੀ	ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ।	ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।
ਗੁਰਦੁਆਰੇ ਦੀ ਮੱਦ (ਅ)	ਦਰਸ਼ਨੀਕਾਂ ਦੀ ਆਵਾਜਾਈ ਰਹੇ	ਦਰਸ਼ਨ ਕਰਨ ਵਾਲਿਆਂ ਦੀ ਆਵਾਜਾਈ ਰਹੇ
ਗੁਰਦੁਆਰੇ ਦੀ ਮੱਦ (ੲ)	ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਨੂੰ ਸੰਭਾਲ ਕੇ ਪ੍ਰਕਾਸ਼ਣ ਲਈ'	'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਭਾਲ ਕੇ ਪ੍ਰਕਾਸ਼ਣ ਲਈ
ਗੁਰਦੁਆਰੇ ਦੀ ਮੱਦ (ਸ)	ਉਪਰ ਦੱਸੇ ਸਮਿਆਨ ਤੋਂ ਇਲਾਵਾ	ਉਪਰ ਦੱਸੇ ਸਾਮਾਨ ਤੋਂ ਇਲਾਵਾ
ਗੁਰਦੁਆਰੇ ਦੀ ਮੱਦ (ਹ)	ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੇ ਵਾਕਰ ਤੇ ਤੁਲ ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ।	ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੇ ਵਾਕਰ (ਤੁੱਲ) ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ।
ਗੁਰਦੁਆਰੇ ਦੀ ਮੱਦ (ਕ)	ਗੁਰਦੁਆਰਿਆਂ ਵਿਚ ਮੂਰਤੀਆਂ (ਬੁੱਤ) ਬਣਾਉਣੀਆਂ ਜਾਂ ਰੱਖਣੀਆਂ, ਇਹੋ ਜਿਹੇ ਕਰਮ ਮਨਮੱਤ ਹਨ।	ਗੁਰਦੁਆਰਿਆਂ ਵਿਚ ਮੂਰਤੀਆਂ (ਬੁੱਤ) ਬਣਾਉਣੀਆਂ ਜਾਂ ਰੱਖਣੀਆਂ,? ਗੁਰੂ ਸਾਹਿਬਾਨ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵੀਰਾਂ ਅੱਗੇ ਮੱਥੇ ਟੇਕਣੇ?, ਇਹੋ ਜਿਹੇ ਕਰਮ ਮਨਮੱਤ ਹਨ।

SikhBookClub.com

ਗੁਰਦੁਆਰੇ ਦੀ ਮੱਦ (ਖ)	ਇਕ ਤੋਂ ਦੂਜੀ ਥਾਂ ਅਸਵਾਰਾ ਸਾਹਿਬ ਲੈ ਜਾਣ ਵੇਲੇ ਅਰਦਾਸ ਕਰਨੀ ਚਾਹੀਏ।	ਇਕ ਤੋਂ ਦੂਜੀ ਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਲੈ ਜਾਣ ਵੇਲੇ ਅਰਦਾਸ ਕਰਨੀ ਚਾਹੀਏ।
ਗੁਰਦੁਆਰੇ ਦੀ ਮੱਦ (ਛ)	ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਸਿਰ ਨਿਵਾ ਕੇ ਮੱਥਾ ਟੇਕਣਾ ਹੈ।	ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਮੱਥਾ ਟੇਕਣਾ ਹੈ।
ਗੁਰਦੁਆਰੇ ਦੀ ਮੱਦ (ਡ)	ਨਿਸ਼ਾਨ ਸਾਹਿਬ ਦੇ ਸਿਰੇ ਉੱਤੇ ਸਰਬਲੋਹ ਦਾ ਖੰਡਾ ਹੋਵੇ।	ਨਿਸ਼ਾਨ ਸਾਹਿਬ ਦੇ ਸਿਰੇ ਉੱਤੇ ਸਰਬਲੋਹ ਦਾ ਭਾਲਾ ਜਾਂ ਖੰਡਾ ਹੋਵੇ।
ਗੁਰਦੁਆਰੇ ਦੀ ਮੱਦ (ਢ)	ਇਹ ਮੱਦ 1936 ਵਿੱਚ ਨਹੀਂ ਸੀ।	ਗੁਰਦੁਆਰੇ ਵਿਚ ਨਗਾਰਾ ਹੋਵੇ, ਜੋ ਸਮੇਂ ਸਿਰ ਵਜਾਇਆ ਜਾਵੇ।
ਕੀਰਤਨ ਦੀ ਮੱਦ (ਅ)	ਕੀਰਤਨ ਗੁਰਬਾਣੀ ਨੂੰ ਰਾਗ ਵਿਚ ਉਚਾਰਨ ਕਰਨ ਨੂੰ ਕਹਿੰਦੇ ਹਨ।	ਕੀਰਤਨ ਗੁਰਬਾਣੀ ਨੂੰ ਰਾਗਾਂ ਵਿਚ ਉਚਾਰਨ ਕਰਨ ਨੂੰ ਕਹਿੰਦੇ ਹਨ।
ਅਖੰਡ ਪਾਠ ਦੀ ਮੱਦ (ੳ)	ਅੱਖਰ ਮਾਤ੍ਰਾ ਦਾ ਧਿਆਨ ਰੱਖ ਕੇ ਪਾਠ ਸ਼ੁੱਧ ਤੇ ਸਾਫ ਕਰਨਾ ਚਾਹੀਏ	ਅੱਖਰ ਮਾਤਰ ਦਾ ਧਿਆਨ ਰੱਖ ਕੇ ਪਾਠ ਸ਼ੁੱਧ ਤੇ ਸਾਫ ਕਰਨਾ ਚਾਹੀਏ
ਅਖੰਡ ਪਾਠ ਦੀ ਮੱਦ (ੲ)	ਪਾਠ ਵੇਲੇ ਕੁੰਭ, ਜੋਤ, ਆਦਿ ਰੱਖਣਾ	ਪਾਠ ਵੇਲੇ ਕੁੰਭ, ਜੋਤ, ਨਲੀਏਰ ਆਦਿ ਰੱਖਣਾ
ਸਾਧਾਰਨ ਪਾਠ/ਅਖੰਡ ਪਾਠ ਦਾ ਅਰੰਭ ਅਧਿਆਇ	ਅਖੰਡ ਪਾਠ ਦਾ ਅਰੰਭ	ਸਾਧਾਰਨ/ਅਖੰਡ ਪਾਠ ਦਾ ਅਰੰਭ
ਭੋਗ ਦੀ ਮੱਦ (ੳ)	(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਣ ਜਾਂ ਅਖੰਡ) ਦਾ ਭੋਗ ਮੁਦਾਵਣੀ ਉਤੇ *[ ]* ਪਾਇਆ ਜਾਵੇ।	(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉਤੇ [ਜਾਂ ਰਾਗਮਾਲਾ ਪੜ੍ਹ ਕੇ ਚਲਦੀ ਸਥਾਨਕ ਰੀਤੀ ਅਨੁਸਾਰ] ਪਾਇਆ ਜਾਵੇ।
ਕੜਾਹ ਪ੍ਰਸ਼ਾਦਿ ਦੀ ਮੱਦ (ੲ)	(ੲ) ਇਸ ਦੇ ਉਪਰੰਤ ਸੰਗਤ ਨੂੰ ਵਰਤਾਉਣ ਤੋਂ ਪਹਿਲਾਂ ਕੜਾਹ ਪਰਸ਼ਾਦ ਵਿਚੋਂ ਪੰਜਾਂ ਪਿਆਰਿਆਂ ਦਾ ਗੱਫਾ [ਕਢਿਆ ਜਾਵੇ। ਵਰਤਾਉਣ ਵਾਲਾ ਸਿੰਘ ਤਿਆਰ ਬਰ ਤਿਆਰ ਹੋਵੇ। ਉਹ ਕਿਸੇ ਕੋਲੋਂ ਪੁਛੇ ਨਾ ਕਿ ਕੀ ਤੂੰ ਤਿਆਰ ਬਰਤਿਆਰ ਹੈਂ ਜਾਂ ਨਹੀਂ, ਕੇਵਲ ਆਪ ਹੀ ਸੰਗਤਿ ਵਿਚ ਨਜ਼ਰ ਮਾਰ ਕੇ ਵੇਖ ਲਵੇ ਕਿ ਕਿਹੜਾ 2 ਰਹਿਤ ਵਿਚ ਪੱਕਾ ਦਿਸਦਾ ਹੈ। ਜੇ ਸੰਗਤਿ (ਜਿਸ ਵਿਚ ਤਾਬੇ ਬੈਠਾ ਸਿੰਘ ਭੀ ਸ਼ਾਮਲ ਹੈ) ਵਿਚ ਪੰਜਾਂ ਤੋਂ ਘਟ ਤਿਆਰ ਬਰ ਤਿਆਰ ਸਿੰਘ ਮਿਲਣ, ਤਾਂ ਜਿਤਨੇ ਹੋਣ ਉਨ੍ਹਾਂ ਨੂੰ ਵਰਤਾ ਕੇ ਬਾਕੀ ਛਾਂਦਾ ਕੜਾਹ ਪ੍ਰਸ਼ਾਦ ਦੀ ਦੇਗ ਵਿਚ ਰਲਾ ਕੇ ਸਾਰੀ ਸੰਗਤ ਵਿਚ ਵਰਤਾ ਦੇਵੇ।] ਸੰਗਤ ਵਿਚ ਵਰਤਾਉਣ ਲਗਿਆਂ ਪਹਿਲਾਂ ਤਾਬੇ ਬੈਠੇ ਸਿੰਘ ਨੂੰ ਕਟੋਰੇ ਜਾਂ ਕੌਲ ਵਿਚ ਪਾਕੇ ਦੇਵੇ ਤੇ ਫਿਰ ਬਾਕੀ ਸੰਗਤ ਨੂੰ ਵਰਤਾਵੇ। ਕਿਸੇ ਦਾ ਲਿਹਾਜ਼ ਜਾਂ ਘ੍ਰਿਣਾ ਕਰਕੇ ਵਿਤਕਰਾ ਨਾ ਕਰੇ, ਸਭ ਸਿਖ ਅਣਸਿੱਖ, ਨੀਚ ਉਚ ਜ਼ਾਤ ਵਾਲੇ ਨੂੰ ਇਕੋ ਜਿਹਾ ਵਰਤਾਵੇ। ਕੜਾਹ ਪ੍ਰਸ਼ਾਦ ਵਰਤਾਣ ਵੇਲੇ ਸੰਗਤ ਵਿਚ ਬੈਠੇ ਕਿਸੇ ਮਨੁਖ ਤੋਂ ਜ਼ਾਤ ਪਾਤ ਜਾਂ ਛੂਆ ਛਾਤ ਦਾ ਖ਼ਿਆਲ ਕਰਕੇ ਗਿਲਾਨੀ ਨਹੀਂ ਕਰਨੀ ਚਾਹੀਦੀ।	(ੲ) ਇਸ ਦੇ ਉਪਰੰਤ ਸੰਗਤ ਨੂੰ ਵਰਤਾਉਣ ਤੋਂ ਪਹਿਲਾਂ ਕੜਾਹ ਪ੍ਰਸ਼ਾਦਿ ਵਿਚੋਂ ਪੰਜਾਂ ਪਿਆਰਿਆਂ ਦਾ ਗੱਫਾ ?ਕੱਢ ਕੇ ਵਰਤਾਇਆ ਜਾਵੇ।? ਉਪ੍ਰੰਤ ਸੰਗਤ ਵਿਚ ਵਰਤਾਉਣ ਲੱਗਿਆ ਪਹਿਲਾਂ ਤਾਬਿਆ ਬੈਠੇ ਸਿੰਘ ਨੂੰ ਕਟੋਰੇ ਜਾਂ ਕੌਲ ਵਿਚ ਪਾ ਕੇ ਦੇਵੇ ਤੇ ਫਿਰ ਬਾਕੀ ਸੰਗਤ ਨੂੰ ਵਰਤਾਏ। ਕਿਸੇ ਲਿਹਾਜ਼ ਜਾ ਘਿਰਣਾ ਕਰਕੇ ਵਿਤਕਰਾ ਨਾ ਕਰੇ। ਸਭ ਸਿੱਖ, ਗੈਰ ਸਿੱਖ, ਨੀਚ-ਉਚ ਜਾਤ ਵਾਲੇ ਨੂੰ ਇਕੋ ਜਿਹਾ ਵਰਤਾਵੇ। ਕੜਾਹ ਪ੍ਰਸ਼ਾਦਿ ਵਰਤਾਉਣ ਵੇਲੇ ਸੰਗਤ ਵਿਚ ਬੈਠੇ ਕਿਸੇ ਮਨੁੱਖ ਤੋਂ ਜ਼ਾਤ-ਪਾਤ, ਛੂਤ-ਛਾਤ ਦਾ ਖਿਆਲ ਕਰਕੇ ਗਿਲਾਨੀ ਨਹੀਂ ਕਰਨੀ ਚਾਹੀਦੀ।

SikhBookClub.com

ਗੁਰਮਤਿ ਦੀ ਰਹਿਣੀ ਦੀ ਮੱਦ (ਅ)	ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ।	ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ।
ਗੁਰਮਤਿ ਦੀ ਰਹਿਣੀ ਦੀ ਮੱਦ (2xਟ)	ਪਰ-ਬੇਟੀ ਕੋ ਬੇਟੀ ਜਾਨੈ। ਪਰ-ਇਸਤ੍ਰੀ ਕੋ ਮਾਤ ਬਖਾਨੈ। ਅਪਨੀ ਇਸਤ੍ਰੀ ਸੋਂ ਰਤ ਹੋਈ ਰਹਿਤਵਾਨ ਗੁਰ ਕਾ ਸਿਖ ਸੋਈ।	ਪਰ ਬੇਟੀ ਕੋ ਬੇਟੀ ਜਾਨੈ। ਪਰ ਇਸਤ੍ਰੀ ਕੋ ਮਾਤ ਬਖਾਨੈ। ਅਪਨਿ ਇਸਤ੍ਰੀ ਸੋਂ ਰਤਿ ਹੋਈ ਰਹਿਤਵੰਤ ਸਿੰਘ ਹੈ ਸੋਈ।
ਜਨਮ ਤੇ ਨਾਮ ਸੰਸਕਾਰ ਦਾ (ੳ) ਤੇ (ਅ) ਅੰਕ	[(ੳ) ਜਦ ਵਾਹਿਗੁਰੂ ਦੀ ਕਿਰਪਾ ਨਾਲ ਸਿਖ ਦੇ ਘਰ ਬਾਲਕ ਦਾ ਜਨਮ ਹੋਵੇ, ਤਾਂ ਗੁੜ੍ਹਤੀ ਦੀ ਥਾਂ ਜਲ ਵਿਚ ਪਤਾਸੇ ਪਾ ਕੇ ਮੂਲ ਮੰਤ੍ਰ ਉਚਾਰਣ ਕਰ ਕੇ ਕਿਰਪਾਨ ਦੀ ਨੋਕ ਨਾਲ ਇਕ ਦੋ ਬੂੰਦਾਂ ਬਾਲਕ ਦੇ ਮੂੰਹ ਵਿਚ ਪਾ ਦਿਤੀਆਂ ਜਾਣ। ਬਾਕੀ ਦਾ ਜਲ ਮਾਤਾ ਪੀ ਲਵੇ। ਫੇਰ 'ਧੀਆ ਪੂਤ ਸਭ ਹਰਿ ਕੇ ਕੀਏ' ਗੁਰਵਾਕ ਅਨੁਸਾਰ ਵਾਹਿਗੁਰੂ ਦੇ ਧੰਨਵਾਦ ਅਤੇ ਮਾਤਾ ਦੀ ਅਰੋਗਤਾ ਲਈ ਅਰਦਾਸਾ ਕੀਤਾ ਜਾਵੇ।] (ਅ) ਜਦ ਮਾਤਾ ਉਠਣ ਬੈਠਣ ਤੇ ਇਸ਼ਨਾਨ ਕਰਨ ਦੇ ਜੋਗ ਹੋਵੇ ਤਾਂ (ਦਿਨਾਂ ਦੀ ਕੋਈ ਗਿਣਤੀ ਮੁਕੱਰਰ ਨਹੀਂ) ਟੱਬਰ ਤੇ ਸੰਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦਿ ਲੈ ਕੇ ਜਾਣ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ 'ਪਰਮੇਸਰਿ ਦਿੱਤਾ ਬੰਨਾ' (ਸੋਰਠਿ ਮ: 5) 'ਸਤਿਗੁਰ ਸਾਚੈ ਦੀਆ ਭੇਜਿ' (ਆਸਾ ਮ. 5) ਆਦਿ ਖ਼ੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ, ਉਪ੍ਰੰਤ, ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਰੱਖਿਆ ਹੋਵੇ, ਤਾਂ ਪਾਠ ਦਾ ਭੋਗ ਪਾਇਆ ਜਾਵੇ। ਫਿਰ ਵਾਕ ਲਿਆ ਜਾਵੇ। ਵਾਕ ਦੇ ਅਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗ੍ਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਨਾਮ ਪਰਗਟ ਕਰੇ। ਲੜਕੇ ਦੇ ਨਾਉ ਪਿੱਛੇ 'ਸਿੰਘ' ਸ਼ਬਦ ਅਤੇ ਲੜਕੀ ਦੇ ਨਾਮ ਪਿੱਛੇ ਕੌਰ' ਸ਼ਬਦ ਲਗਾਇਆ ਜਾਵੇ। ਉਪਰੰਤ, ਅਨੰਦ ਸਾਹਿਬ (ਛੇ ਪੌੜੀਆਂ) ਮਗਰੋਂ ਬੱਚੇ ਦੇ ਨਾਮ ਸੰਸਕਾਰ ਦੀ ਖ਼ੁਸ਼ੀ ਦਾ ਯੋਗ ਸ਼ਬਦਾਂ ਵਿਚ ਅਰਦਾਸਾ ਕਰ ਕੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੈ।	(ੳ) [ਸਿੱਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ] ਜਦ ਮਾਤਾ ਉਠਣ ਬੈਠਣ ਤੇ ਇਸ਼ਨਾਨ ਕਰਨ ਦੇ ਯੋਗ ਹੋਵੇ ਤਾਂ (ਦਿਨਾਂ ਦੀ ਕੋਈ ਗਿਣਤੀ ਮੁਕੱਰਰ ਨਹੀਂ) ਟੱਬਰ ਤੇ ਸੰਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦਿ ਲੈ ਕੇ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ 'ਪਰਮੇਸਰਿ ਦਿੱਤਾ ਬੰਨਾ' (ਸੋਰਠਿ ਮ. 5) 'ਸਤਿਗੁਰ ਸਾਚੈ ਦੀਆ ਭੇਜਿ' (ਆਸਾ ਮ. 5) ਆਦਿ ਖ਼ੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ, ਉਪ੍ਰੰਤ, ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਹੋਵੇ ਤਾਂ ਪਾਠ ਦਾ ਭੋਗ ਪਾਇਆ ਜਾਵੇ, ਫਿਰ ਵਾਕ ਲਿਆ ਜਾਵੇ। ਵਾਕ ਦੇ ਅਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗ੍ਰੰਥੀ ਸਿੰਘ ਬੱਚੇ ਦਾ ਨਾਮ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈ ਕੇ ਨਾਮ ਪ੍ਰਗਟ ਕਰੇ। ਲੜਕੇ ਦੇ ਨਾਉ ਪਿੱਛੇ 'ਸਿੰਘ' ਸ਼ਬਦ ਅਤੇ ਲੜਕੀ ਦੇ ਨਾਮ ਪਿੱਛੇ 'ਕੌਰ' ਸ਼ਬਦ ਲਗਾਇਆ ਜਾਵੇ। ਉਪ੍ਰੰਤ, ਅਨੰਦ ਸਾਹਿਬ (ਛੇ ਪਉੜੀਆਂ) ਮਗਰੋਂ ਬੱਚੇ ਦਾ ਨਾਮ ਸੰਸਕਾਰ ਦੀ ਖ਼ੁਸ਼ੀ ਦਾ ਯੋਗ ਸ਼ਬਦਾਂ ਵਿਚ ਅਰਦਾਸਾ ਕਰ ਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੈ।
ਅਨੰਦ ਸੰਸਕਾਰ ਦੀ ਮੱਦ (ਙ)	ਇਕ ਇਕ ਲਾਂਵ ਦਾ ਪਾਠ ਹੋਣ ਮਗਰੋਂ ਅੱਗੇ ਵਰ ਤੇ ਪਿੱਛੇ ਕੰਨਿਆਂ ਵਰ ਦਾ ਪੱਲਾ ਫੜ ਕੇ	ਹਰੇਕ ਲਾਂਵ ਦਾ ਪਾਠ ਹੋਣ ਮਗਰੋਂ ਅੱਗੇ ਵਰ ਤੇ ਪਿੱਛੇ ਕੰਨਿਆਂ, ਵਰ ਦਾ ਪੱਲਾ ਫੜ ਕੇ
ਅਨੰਦ ਸੰਸਕਾਰ ਦੀ ਮੱਦ (ਟ)	ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।	ਆਮ ਹਾਲਤਾਂ ਵਿਚ ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।
ਮਿਰਤਕ ਸੰਸਕਾਰ ਦੀ ਮੱਦ (ਹ)	ਅਰਦਾਸਾ ਸੋਧ ਕੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ। ਇਸ ਪਾਠ ਦੀ ਸਮਾਪਤੀ ਦਸਵੇਂ ਦਿਨ ਹੋਵੇ।	ਪਾਠ ਕਰਕੇ ਅਰਦਾਸਾ ਦਸਵੇਂ ਦਿਨ ਹੋਵੇ।

SikhBookClub.com

ਸੇਵਾ ਦੀ ਮੱਦ (ਅ)	(ਅ) ਗੁਰੂ ਕੇ ਲੰਗਰ ਦੀ ਸਮੱਗਰੀ ਲਈ ਸਹਾਇਤਾ ਕੋਈ ਆਦਮੀ ਦੇ ਸਕਦਾ ਹੈ, ਪਰ ਲੰਗਰ ਪਕਾਣ ਦੀ ਸੇਵਾ ਕੇਵਲ ਸਿਖ ਹੀ ਕਰ ਸਕਦਾ ਹੈ।	ਇਹ ਅੰਕ (ਅ) ਕੱਟ ਦਿੱਤਾ ਗਿਆ ਹੈ।
ਪੰਥਕ ਰਹਿਣੀ ਦਾ ਅੰਕ (1) ਪੰਥਕ ਰਹਿਣੀ ਦਾ ਅੰਕ (1) ਦੀਆਂ ਧਾਰਾਵਾਂ	(1) ਗੁਰ ਸੰਗਤ ਤੇ ਗੁਰੂ ਪੰਥ (1) ਗੁਰ ਸੰਗਤ ਤੇ ਗੁਰੂ ਪੰਥ ਸੇਵਾ ਕੇਵਲ ਪਖੇ ਲੰਗਰ ਆਦਿ ਤੇ ਹੀ ਨਹੀਂ ਮੁਕ ਜਾਂਦੀ। ਸਿਖ ਦੀ ਸਾਰੀ ਜ਼ਿੰਦਗੀ ਪਰਉਪਕਾਰ ਵਾਲੀ ਹੈ। ਸੇਵਾ ਸਫਲ ਉਹ ਹੈ, ਜੋ ਥੋੜੇ ਜਤਨ ਨਾਲ ਵਧੀਕ ਤੋਂ ਵਧੀਕ ਹੋ ਸਕੇ। ਇਹ ਹਾਲ ਜਥੇਬੰਦੀ ਦੇ ਰਾਹੀਂ ਹੋ ਸਕਦੀ ਹੈ। ਇਕ ਇਕ ਤੇ ਦੋ ਯਾਰਾਂ। ਸਿਖ ਨੇ ਇਸ ਲਈ ਸ਼ਖਸੀ ਧਰਮ ਪੂਰਾ ਕਰਦਿਆਂ ਹੋਇਆਂ ਨਾਲ ਹੀ ਪਬਲਕ ਫ਼ਰਜ਼ ਭੀ ਪੂਰੇ ਕਰਨੇ ਹਨ। ਇਸ ਜਥੇਬੰਦੀ ਦਾ ਨਾਂ 'ਪੰਥ' ਹੈ। ਹਰ ਇਕ ਸਿਖ ਨੇ ਪੰਥ ਦਾ ਇਕ ਅੰਗ ਹੋਕੇ ਭੀ ਆਪਣਾ ਧਰਮ ਨਿਬਾਹੁਣਾ ਹੈ। (ੳ) ਗੁਰੂ ਪੰਥ:- ਤਿਆਰ ਬਰ ਤਿਆਰ ਸਿੰਘਾਂ ਦੇ ਸਮੁਚੇ ਸਮੂੰਹ ਨੂੰ ਗੁਰੂ ਪੰਥ ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ। (ਅ) ਗੁਰ ਸੰਗਤ :- ਜਿਥੇ ਥੋੜੇ ਜਿਹੇ ਸਿਖ ਭੀ ਹੋਣਗੇ, ਉਹ ਇਕ ਗੁਰ ਸੰਗਤ ਰਚ ਲੈਣਗੇ, ਵਧੀਕ ਜਿਤਨੇ ਹੋਣ, ਉਤਨਾ ਹੀ ਚੰਗਾ ਹੈ। ਜਿਥੇ ਘਟ ਤੋਂ ਘਟ ਪੰਜ ਤਿਆਰ ਬਰ ਤਿਆਰ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਹੋਣ, ਉਹ 'ਗੁਰ ਸੰਗਤ' ਹੈ। (ੲ) ਸਿਖ ਨੂੰ 'ਗੁਰ ਸੰਗਤਿ' ਦਾ ਮੈਂਬਰ ਬਣਨ ਲਈ ਜ਼ਰੂਰੀ ਹੈ ਕਿ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਹੋਵੇ। (ਸ) 'ਗੁਰ ਸੰਗਤਿ' ਤੋਂ ਇਲਾਵਾ ਸਾਧ ਸੰਗਤ ਜਾਂ ਸਿਖਾਂ ਦੇ ਹੋਰ ਜਥਿਆਂ ਵਿਚ ਅੰਮ੍ਰਿਤਧਾਰੀਆਂ ਤੋਂ ਬਿਨਾਂ ਭੀ ਹੋਰ ਸ਼ਾਮਲ ਹੋ ਸਕਣਗੇ।	(1) ਗੁਰੂ ਪੰਥ (1) (ੳ) 'ਗੁਰੂ ਪੰਥ'- ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ ਪੰਥ' ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ।
ਅੰਮ੍ਰਿਤ ਸੰਸਕਾਰ ਦੀ ਮੱਦ (ਸ)	(ਸ) ਹਰ ਦੇਸ, ਕੌਮ, ਮਜ਼੍ਹਬ ਤੇ ਜਾਤੀ ਦੇ ਹਰ ਇਕ ਇਸਤ੍ਰੀ ਪੁਰਸ਼ ਨੂੰ ਅੰਮ੍ਰਿਤ ਛਕਣ ਦਾ ਅਧਿਕਾਰ ਹੈ, ਜੋ ਸਿਖੀ ਧਰਮ ਗ੍ਰਹਿਣ ਕਰਨ ਤੇ ਉਸ ਦੇ ਅਸੂਲਾਂ ਉਪਰ ਚਲਣ ਦਾ ਚਾਹਵਾਨ ਹੋਵੇ। ਬਹੁਤ ਛੋਟੀ ਅਵਸਥਾ ਦਾ ਨਾ ਹੋਵੇ, ਹੋਸ਼ ਸੰਭਾਲੀ ਹੋਵੇ। ਅੰਮ੍ਰਿਤ ਛਕਣ ਵਾਲੇ ਹਰ ਇਕ ਪ੍ਰਾਣੀ ਨੇ ਸਕੇਸੀ ਇਸ਼ਨਾਨ ਕੀਤਾ ਹੋਵੇ ਅਤੇ ਹਰ ਇਕ ਪੰਜ ਕਕਾਰ (ਕੇਸ, ਕ੍ਰਿਪਾਨ ਗਾਤਰੇ ਵਾਲੀ, ਕਛਿਹਰਾ, ਕੰਘਾ, ਕੜਾ) ਦਾ ਧਾਰਨੀ ਹੋਵੇ। ਅਨਮਤ ਦਾ	(ਸ) ਹਰ ਦੇਸ, ਹਰ ਮਜ਼੍ਹਬ ਤੇ ਜਾਤੀ ਦੇ ਹਰ ਇਸਤ੍ਰੀ-ਪੁਰਸ਼ ਨੂੰ ਅੰਮ੍ਰਿਤ ਛਕਣ ਦਾ ਅਧਿਕਾਰ ਹੈ, ਜੋ ਸਿਖ ਧਰਮ ਗ੍ਰਹਿਣ ਕਰਨ ਤੇ ਉਸ ਦੇ ਅਸੂਲਾਂ ਉਪਰ ਚਲਣ ਦਾ ਪ੍ਰਣ ਕਰੇ। ਬਹੁਤ ਛੋਟੀ ਅਵਸਥਾ ਦਾ ਨਾ ਹੋਵੇ, ਹੋਸ਼ ਸੰਭਾਲੀ ਹੋਵੇ। ਅੰਮ੍ਰਿਤ ਛਕਣ ਵਾਲੇ ਹਰੇਕ ਪ੍ਰਾਣੀ ਨੇ ਕੇਸੀਂ ਇਸ਼ਨਾਨ ਕੀਤਾ ਹੋਵੇ ਅਤੇ ਹਰ ਇਕ ਪੰਜ ਕਕਾਰ (ਕੇਸ, ਕ੍ਰਿਪਾਨ ਗਾਤਰੇ ਵਾਲੀ, ਕਛਿਹਰਾ, ਕੰਘਾ, ਕੜਾ) ਦਾ ਧਾਰਨੀ

SikhBookClub.com

	ਕੋਈ ਚਿੰਨ੍ਹ ਨਾ ਹੋਵੇ। ਸਿਰ ਨੰਗਾ ਜਾਂ ਟੋਪੀ ਨਾ ਹੋਵੇ। ਛੇਦਕ ਗਹਿਣੇ ਕੋਈ ਨਾ ਹੋਣ। ਅਦਬ ਨਾਲ ਹਥ ਜੋੜ ਕੇ ਸ੍ਰੀ ਗੁਰੂ ਜੀ ਦੇ ਹਜ਼ੂਰ ਖੜੇ ਹੋਣ।	ਹੋਵੇ। ਅਨਮਤ ਦਾ ਕੋਈ ਚਿੰਨ੍ਹ ਨਾ ਹੋਵੇ। ਸਿਰ ਨੰਗਾ ਜਾਂ ਟੋਪੀ ਨਾ ਹੋਵੇ। ਛੇਦਕ ਗਹਿਣੇ ਕੋਈ ਨਾ ਹੋਣ। ਅਦਬ ਨਾਲ ਹਥ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਖੜੇ ਹੋਣ।
ਅੰਮ੍ਰਿਤ ਸੰਸਕਾਰ ਦੀ ਮੱਦ (ਙ)	ਅਨੰਦ ਸਾਹਿਬ ਦੀਆਂ ਪੰਜ ਪਉੜੀਆਂ ਤੇ ਇਕ ਅੰਤਲੀ ਪਉੜੀ)।	ਅਨੰਦ ਸਾਹਿਬ
ਅੰਮ੍ਰਿਤ ਸੰਸਕਾਰ ਦੀ ਮੱਦ (ਝ)	(ਝ) ਜੋ ਅੰਮ੍ਰਿਤ ਬਾਕੀ ਰਹੇ, ਉਸ ਨੂੰ [ਉਸੇ ਇਕ ਬਾਟੇ ਵਿਚ] ਸਾਰੇ ਅੰਮ੍ਰਿਤ ਛਕਣ ਵਾਲੇ (ਸਿੱਖ ਤੇ ਸਿਖਣੀਆਂ) ਰਲ ਕੇ ਛਕਣ।	(ਝ) ਜੋ ਅੰਮ੍ਰਿਤ ਬਾਕੀ ਰਹੇ, ਉਸ ਨੂੰ ਸਾਰੇ ਅੰਮ੍ਰਿਤ ਛਕਣ ਵਾਲੇ (ਸਿੱਖ ਤੇ ਸਿਖਣੀਆਂ) ਰਲ ਕੇ ਛਕਣ।
ਅੰਮ੍ਰਿਤ ਸੰਸਕਾਰ ਦੀ ਮੱਦ (ਞ)	ਅੰਮ੍ਰਿਤ ਛਕਣ ਵਾਲਿਆਂ ਨੂੰ ਵਾਹਿਗੁਰੂ ਦਾ ਸਰੂਪ ਦੱਸਣ ਲਈ ਮੂਲ ਮੰਤ੍ਰ ਸੁਣਾਣ ਤੇ ਉਨ੍ਹਾਂ ਪਾਸੋ ਇਹਦਾ ਰਟਨ ਕਰਾਉਣ:-	ਅੰਮ੍ਰਿਤ ਛਕਣ ਵਾਲਿਆਂ ਨੂੰ 'ਵਾਹਿਗੁਰੂ' ਦਾ ਨਾਮ ਦੱਸ ਕੇ ਮੂਲ ਮੰਤ੍ਰ ਸੁਣਾਉਣ ਤੇ ਉਹਨਾਂ ਪਾਸੋਂ ਇਸ ਦਾ ਰਟਨ ਕਰਾਉਣ:-
ਅੰਮ੍ਰਿਤ ਸੰਸਕਾਰ ਕੁਰਹਿਤਾਂ ਦੀ ਵਿਆਖਿਆ ਮੱਦ (1)	ਸਿਰਗੁੰਮ	ਸਿਰਗੁੰਮ (ਕੇਸਾਧਾਰੀ ਹੋ ਕੇ ਜੋ ਕੇਸ ਕਟਾ ਦੇਵੇ।)
ਅੰਮ੍ਰਿਤ ਸੰਸਕਾਰ ਕੁਰਹਿਤਾਂ ਦੀ ਵਿਆਖਿਆ ਮੱਦ (ਠ)	ਦਾਹੜਾ ਰੰਗਣ ਵਾਲਾ ਅਤੇ ਚਿੱਟੇ ਚੁਗਣ ਵਾਲਾ	ਦਾਹੜਾ ਰੰਗਣ ਵਾਲਾ।
ਅੰਮ੍ਰਿਤ ਸੰਸਕਾਰ ਦੀ ਮੱਦ (ਟ)	ਅੰਤ ਕੜਾਹ ਪ੍ਰਸ਼ਾਦਿ ਵਰਤੇ।	ਅੰਤ ਵਿਚ ਕੜਾਹ ਪ੍ਰਸ਼ਾਦਿ ਵਰਤੇ।

ਸਹਿਯੋਗ

ਡਾ. ਅਨਮੋਲਦੀਪ ਕੌਰ

ਪ੍ਰਿੰਸੀਪਲ, ਸ੍ਰੀ ਗੁਰੂ ਰਾਮਦਾਸ
ਅਕੈਡਮਿਕ ਐਂਡ
ਵੋਕੇਸ਼ਨਲ ਕਾਲਜ,
ਪੰਧੇਰ, ਜ਼ਿਲ੍ਹਾ ਅੰਮ੍ਰਿਤਸਰ

SikhBookClub.com

ਸਹਾਇਕ ਗ੍ਰੰਥ ਅਤੇ ਪੁਸਤਕ ਸੂਚੀ

ਅਕਾਲੀ ਕੌਰ ਸਿੰਘ, ਹਜ਼ੂਰੀ ਸਾਖੀ
ਸੋਹਨ ਕਵਿ, ਗੁਰਬਿਲਾਸ ਪਾਤਸ਼ਾਹੀ ਛੇਵੀਂ
ਸੰਗਤ ਸਿੰਘ, ਇਤਿਹਾਸ 'ਚ ਸਿੱਖ
ਸਰਿਤਾ ਮੁਕਤਾ ਰੀਪ੍ਰਿੰਟ (ਹਿੰਦੀ)
ਸੁਰਜੀਤ ਸਿੰਘ, ਸਿੱਖ ਰਹਿਤ ਤੇ ਸਿੱਖ ਆਚਰਣ
ਗੁਰਦੁਆਰਾ ਗਜ਼ਟ, ਅਕਤੂਬਰ, 1936
ਗੁਰਦੁਆਰਾ ਗਜ਼ਟ, ਲਾਹੌਰ, ਨਵੰਬਰ, 1931
ਗੁਰਦੁਆਰਾ ਗਜ਼ਟ, ਲਾਹੌਰ, ਜਨਵਰੀ 1934
ਗੁਰਬਿਲਾਸ ਪਾਤਸ਼ਾਹੀ ਦਸਵੀਂ
ਗੁਰਮੁਖ ਦਰਸ਼ਨ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਦਾ ਜੀਵਨ,
ਗਿ. ਕ੍ਰਿਪਾਲ ਸਿੰਘ ਜੀ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਸਾਹਿਬਾਨ,
ਗਿ. ਮੋਹਨ ਸਿੰਘ ਜੀ ਆਜ਼ਾਦ, ਡੇਰਾ ਕਰਮਸਰ, ਲੁਧਿਆਣਾ, ਗੁਰਮਤਿ ਰਹਿਤ ਮਰਿਯਾਦ,
ਗਿ. ਮੋਹਨ ਸਿੰਘ ਜੀ, ਡੇਰਾ ਬਾਬਾ ਸ਼ਾਮ ਸਿੰਘ , ਗੁਰਮਤ ਰਹਿਤ ਮਰਯਾਦਾ,
ਗੁਰਬਖਸ਼ ਸਿੰਘ ਜੀ ਗੁਲਸ਼ਨ, ਦਰਪਣ ਸਿੱਖ ਰਹਿਤ ਮਰਯਾਦਾ
ਡਾ. ਗੁਰਸ਼ਰਨਜੀਤ ਸਿੰਘ ਜੀ, ਗੁਰਮਤ ਨਿਰਣਯ ਕੋਸ਼
ਡਾ. ਸਰਬਜਿੰਦਰ ਸਿੰਘ ਜੀ, ਸੰ. ਸਿੱਖ ਧਰਮ ਸਿਧਾਂਤਕ ਤੇ ਇਤਿਹਾਸਕ ਪਰਿਪੇਖ
ਡਾ. ਕਿਰਪਾਲ ਸਿੰਘ, ਮਾਨਸਿੰਘ ਨਿਰੰਕਾਰੀ, ਪੰਥਕ ਮਤੇ
ਡਾ. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼
ਡਾ. ਭਾਰਤਬੀਰ ਕੌਰ ਸੰਧੂ, ਸ੍ਰੀ ਗੁਰੂ ਤੇਗ ਬਹਾਦੁਰ ਬਾਣੀ ਦਾ ਚਿੰਤਨ
ਡਾ. ਮਾਨ ਸਿੰਘ ਨਿਰੰਕਾਰੀ, ਸਿੱਖ ਧਰਮ ਤੇ ਸਿੱਖੀ
ਡਾ. ਜੋਧ ਸਿੰਘ, ਸਿੱਖ ਸਿਧਾਂਤ ਸਰੂਪ ਤੇ ਸਮਰੱਥਾ
ਸਰਬਲੋਹ ਗ੍ਰੰਥ
ਗੰਡਾ ਸਿੰਘ, ਭਾਈ ਨੰਦ ਲਾਲ ਗ੍ਰੰਥਾਵਲੀ
ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ
ਗਿ. ਹਰੀ ਸਿੰਘ ਸਿੰਧੀ, ਪ੍ਰੀਤਮ ਹਰੀ ਉਪਦੇਸ਼
ਗਿ. ਗੁਰਬਖਸ਼ ਸਿੰਘ ਗੁਲਸ਼ਨ, ਦਰਪਣ ਸਿੱਖ ਰਹਿਤ ਮਰਯਾਦਾ
ਗਿ. ਗਿਆਨ ਸਿੰਘ, ਪੰਥ ਪ੍ਰਕਾਸ਼
ਸਿੰਘ ਸਾਹਿਬ ਗਿ. ਕਿਰਪਾਲ ਸਿੰਘ , ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ
ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ, ਗੁਰਮੁਖ ਦਰਸ਼ਨ,
ਸਿੰਘ ਸਭਾ ਪਤ੍ਰਿਕਾ, ਮਈ-ਜੂਨ 1980

SikhBookClub.com

ਹਰਕੀਰਤ ਸਿੰਘ, ਸਿੱਖ ਰਹਿਤ ਮਰਯਾਦਾ ਦੀ ਸਮੀਖਿਆ
ਇਕਬਾਲ ਸਿੰਘ ਬਾਬਾ, ਸਿੱਖ ਸਿਧਾਂਤ
ਪ੍ਰਿੰਸੀਪਲ ਡਾ. ਅਮਰਜੀਤ ਸਿੰਘ ਜੀ , ਮੁੱਢਲੇ ਸਿੱਖ ਸ੍ਰੋਤ ਤੇ ਰਹਿਤ
ਪ੍ਰਿੰਸੀਪਲ ਤੇਜਾ ਸਿੰਘ ਜੀ, ਡਾ. ਗੰਡਾ ਸਿੰਘ, ਸਿੱਖ ਇਤਿਹਾਸ
ਪਿਆਰਾ ਸਿੰਘ ਜੀ ਪਦਮ, ਸੰ. ਰਹਿਤਨਾਮੇ
ਪਿਆਰਾ ਸਿੰਘ ਜੀ ਪਦਮ, ਸੌ ਸਾਖੀ (ਗੁਰ ਰਤਨਮਾਲ)
ਰਾਇ ਜਸਬੀਰ ਸਿੰਘ ਜੀ, ਗੁਰੂ ਪੰਥ ਖਾਲਸੇ ਕੇ ਹੁਕਮਨਾਮੇ
ਰਤਨ ਸਿੰਘ ਜੀ ਭੰਗੂ, ਸ੍ਰੀ ਗੁਰੂ ਪੰਥ ਪ੍ਰਕਾਸ਼
ਨ੍ਰਿਪਇੰਦਰ ਰਤਨ, ਰਤਨ ਕੋਠੜੀ ਖੁਲ੍ਹੀ ਅਨੂਪਾ
ਰੂਪ ਸਿੰਘ, ਹੁਕਮਨਾਮੇ ਆਦੇਸ਼ ਸੰਦੇਸ਼ ਸ੍ਰੀ ਅਕਾਲ ਤਖ਼ਤ ਸਾਹਿਬ
ਧੰਮਪਦ
ਪੰਡਿਤ ਨਿਹਾਲ ਸਿੰਘ ਲਾਹੌਰੀ, ਖਾਲਸਾ ਉਸਤਤਿ
ਪਾਰਾਸ਼ਰਸਮ੍ਰਿਤੀ
ਪ੍ਰੋ. ਸੁਰਜੀਤ ਸਿੰਘ ਨਨੂਆ, ਸਿੱਖ ਰਹਿਤ ਮਰਯਾਦਾ ਦਰਸ਼ਨ,
ਪ੍ਰੋ. ਸਾਹਿਬ ਸਿੰਘ, ਦਰਪਣ ਗੁਰੂ ਗ੍ਰੰਥ ਸਾਹਿਬ
ਪ੍ਰੋ. ਮਹਿੰਦਰ ਸਿੰਘ, ਸਿੱਖ ਸੰਸਕਾਰ ਅਤੇ ਮਰਯਾਦਾ
ਪ੍ਰੋ. ਜੋਗਿੰਦਰ ਸਿੰਘ, ਸਿੱਖ ਧਰਮ ਤੇ ਸਿੱਖ ਪੰਥ
ਰਣਧੀਰ ਸਿੰਘ, ਪ੍ਰੇਮ ਸੁਮਾਰਗ
ਮੁਕਤਨਾਮਾ
ਭਾਈ ਰਣਧੀਰ ਸਿੰਘ, ਗੁਰਮਤਿ ਬਿਬੇਕ
ਭਾਈ ਬੁਧ ਸਿੰਘ, ਖਾਲਸਾ ਸ਼ਤਕ
ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼
ਭਾਈ ਵੀਰ ਸਿੰਘ, ਸੰ. ਸਿੱਖਾਂ ਦੀ ਭਗਤ ਮਾਲਾ
ਭਾਈ ਜੋਧ ਸਿੰਘ, ਕਰਤਾਰਪੁਰੀ ਦੇ ਦਰਸ਼ਨ
ਸੈਨਾਪਤਿ, ਸ੍ਰੀ ਗੁਰ ਸੋਭਾ
ਬਾਵਾ ਸੁਮੇਰ ਸਿੰਘ, ਖਾਲਸਾ ਪੰਚਾਸਿਕਾ
ਮਨੂਸਮ੍ਰਿਤੀ
ਕੰਕਣ, ਦਸ ਗੁਰੂ ਕਥਾ
ਵਾਰਾਂ ਭਾਈ ਗੁਰਦਾਸ
ਹਰਿਬੰਸ ਸਿੰਘ, ਗੁਰਮਤਿ ਕੜਾਹ ਪ੍ਰਸਾਦਿ ਮਰਯਾਦਾ
ਕਬਿੱਤ ਭਾਈ ਗੁਰਦਾਸ
ਹਰਕੀਰਤ ਸਿੰਘ, ਸਿੱਖ ਰਹਿਤ ਮਰਯਾਦਾ ਦੀ ਸਮੀਖਿਆ,
ਸ਼ਮਸ਼ੇਰ ਸਿੰਘ ਅਸ਼ੋਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ
ਜਸਵੰਤ ਸਿੰਘ ਸੂਦਨ, ਬ੍ਰਾਹਮਣ ਸਿੱਖ ਇਤਿਹਾਸ

***

SikhBookClub.com

ਇੰਡੈਕਸ

ਅ

ਅੰਮ੍ਰਿਤਸਰ .... : 38, 39, 40, 41, 42, 43, 46, 47, 48, 49, 52, 53, 54, 60, 61, 63, 64, 65, 67, 69, 71, 77, 78, 79, 80, 81, 82, 101, 102, 103, 106, 114, 116, 117, 124, 140, 141, 150, 151, 152, 159, 162, 166, 173, 188, 264, 297, 309, 360, 361

ਅੰਮ੍ਰਿਤ ਵੇਲਾ .... : 94, 107

ਅੰਮ੍ਰਿਤ ਛਕਣਾ .... : 305, 331, 336, 340

ਅੰਨ................. : 219, 221, 308, 275, 308

ਅਸਵਾਰਾ ਸਾਹਿਬ..... : 130, 141,142

ਅਨੰਦ ਕਾਰਜ .... : 121, 261, 262, 263, 264, 265, 266, 267, 268, 270, 271, 272, 274, 275, 276, 277, 278, 347

ਅਫੀਮ................... : 155, 240, 343, 347

ਅਨਮਤ.................. : 133, 134, 137, 201, 217, 227, 266, 275, 299, 301, 304, 348, 454

ਅਖੰਡ ਪਾਠ .... : 101, 124, 179, 180, 181, 182, 183, 184, 185, 186, 190, 452

ਅਵਤਾਰ .... : 35, 322, 233, 328

ਅਕਾਲੀ ਕੌਰ ਸਿੰਘ... : 42

ੲ

ਇਕ ਅਕਾਲ ਪੁਰਖ....: 57, 65, 85, 87, 92, 93, 95, 113, 122, 205, 206, 234, 322

ਇਸ਼ਟ...................... : 120, 126, 131, 146, 165, 166, 169, 174, 189, 190, 207, 208, 209, 210, 216, 225, 251, 257, 266, 275, 294, 323

ਇਸ਼ਨਾਨ.................. : 65, 68, 92, 93, 94, 95, 98, 106, 113, 114, 116, 117, 192, 255, 256, 281, 300, 301, 340, 453, 454

ਸ, ਸ਼

ਸੰਗਰਾਂਦ .... : 137, 217

SikhBookClub.com

ਸੰਗਤ .... : 29, 30, 42, 78, 82, 83, 91, 92, 94, 105, 106, 118, 119, 120, 121, 122, 123, 124, 144, 145, 146, 147, 148, 149, 154, 155, 164, 165, 166, 167, 168, 169, 170, 171, 172, 173, 174, 176, 178, 179, 181, 182, 190, 193, 194, 195, 196, 198, 199, 202, 203, 204, 210, 214, 252, 255, 256, 258, 263, 267, 268, 271, 272, 273, 281, 289, 291, 292, 293, 297, 298, 304, 305, 306, 307, 318, 341, 342, 344, 350, 351, 354, 355, 452, 453, 454, 456
ਸੁਧਾਈ .... : 39, 72, 102, 350, 351
ਸਾਧਾਰਨ ਪਾਠ .... : 176, 177, 452
ਸਥਾਨਕ ਫ਼ੈਸਲਿਆਂ ਦੀ ਅਪੀਲ : 290, 354
ਸਸਕਾਰ.................. : 280, 281, 282, 283, 284
ਸਹਿਜਧਾਰੀ.............. : 57, 325, 293, 153, 142
ਸਹਿਜਧਾਰੀ ਸਿੱਖ....... : 294, 325
ਸ਼ਰਾਧ .... : 223, 284
ਸ਼ਰਦਾਰ .... : 21, 23, 24, 47, 81, 102, 130, 178, 188, 251, 252, 290
ਸਰਬਲੋਹ .... : 157, 158, 161, 268, 296, 304, 307, 308, 452, 456
ਸੂਤਕ .... : 223, 255, 256, 259, 260, 279
ਸੂਰਾ .... : 94, 164, 168, 182, 296, 335
ਸਿੰਘ ਅਤੇ ਕੌਰ .... : 258, 259
ਸਿੱਖ ਦੀ ਤਾਰੀਫ਼ ...... : 58, 360, 322, 208, 88, 85, 68
ਸਿਖਿਆ .... : 45, 57, 201, 273, 349
ਸਿਰਗੁੰਮ.................. : 155, 325, 341, 342, 343, 344, 345, 455
ਸਿਰੀ .... : 122, 229, 262
ਸਿਰਪਾਉ................. : 161, 261
ਸ਼ਗਨ....................... : 213, 272
ਸ਼ਾਸਤਰ.................... : 24, 227, 230
ਸਤਿ ਸ੍ਰੀ ਅਕਾਲ....... : 106, 119, 120, 172, 203, 252
ਸ਼ਰਾਬ...................... : 47, 88, 144, 155, 176, 240, 241, 269, 270, 290, 339, 343, 347, 348
ਸ਼ਹੀਦ....................... : 46, 53, 64, 77, 111, 112, 116, 140, 228, 229, 252, 340, 360

SikhBookClub.com

ਸ਼ਹੀਦੀ...................... : 111, 330, 348
ਸਰਬ ਲੋਹ.................. : 208, 297, 308, 309

ਹ

ਹਜ਼ੂਰ ਸਾਹਿਬ........... : 29, 42, 78, 80, 113, 132, 135, 140, 148, 150, 151, 226
ਹੱਥ ਜੋੜ.................. : 120, 301, 303, 313
ਹੁਕਮਨਾਮੇ................ : 28, 103, 151, 154, 171, 173, 196, 258, 272, 344, 349, 457
ਹਥ ਜੋੜ.................... : 301, 454
ਹਰਿ ਕੀ ਪਉੜੀ....... : 116
ਹਲਾਲ.................... : 333, 334, 335

ਕ

ਕ੍ਰਿਪਾਨ.................... : 82, 454, 329, 327
ਕਿਰਿਆ ਕਰਮ......... : 213, 218, 228
ਕਿਰਪਾਨ................ : 158
ਕੌਰ........................ : 32, 42, 45, 78, 79, 100, 101, 255, 256, 258, 259, 266, 267, 318, 319, 325, 346, 349, 453, 455, 456
ਕੰਨਿਆ.................. : 220, 242, 243, 244, 263
ਕੁੱਠਾ....................... : 155, 333, 334, 335, 336, 339
ਕੱਚੀ ਲੱਸੀ............... : 269
ਕੇਸਾਂ ਸਵਾਸਾਂ ਸੰਗ... : 112, 220
ਕੇਸਾਂ ਦੀ ਬੇਅਦਬੀ.... : 331
ਕੇਵਲ ਅੰਮ੍ਰਿਤਧਾਰੀ... : 154, 285, 286, 288
ਕੇਵਲ ਸਿੱਖ............. : 86, 126, 164, 165, 166, 173, 174, 214, 289
ਕੌਰ........................ : 32, 42, 45, 78, 79, 100, 101, 255, 256, 258, 259, 266, 267, 318, 319, 325, 346, 349, 453, 455, 456
ਕੌਮ........................ : 22, 28, 29, 72, 161, 231, 237, 253, 301, 302, 320, 329, 335, 354, 454
ਕੱਠਾ ਖਾਣਾ............. : 155, 333
ਕੁਰਹਿਤਾਂ................ : 32, 155, 212, 232, 253, 300, 324, 325, 331, 333, 334, 335, 340, 343, 345, 455
ਕਥਾ....................... : 92, 138, 151, 164, 165, 168, 169, 172, 173, 174, 198, 199, 200, 201, 202, 203, 204, 208, 296, 314, 457

SikhBookClub.com

ਕੀਰਤਨ.................... : 43, 92, 98, 121, 125, 132, 138, 151, 162, 164, 165, 166, 167, 168, 169, 170, 171, 172, 173, 174, 192, 199, 202, 203, 204, 271, 274, 281, 282, 284, 299, 452
ਕਰਮਕਾਂਡ............... : 91, 149, 213, 215, 219, 222, 224, 230, 261, 279
ਕਪਾਲ ਕਿਰਿਆ....... : 281
ਕਬਰ....................... : 224
ਕੜਾ........................ : 253, 267, 268, 301, 304, 324, 329, 330, 454
ਕਕਾਰ..................... : 32, 42, 97, 162, 220, 238, 253, 281, 301, 304, 324, 325, 326, 329, 330, 454
ਕੜਾਹ ਪ੍ਰਸਾਦਿ........ : 43, 192, 349, 457
ਕਛਹਿਰਾ.................. : 220, 253, 301, 304, 326, 327, 328

ਗ

ਗੋਲਕ .... : 155, 246, 247
ਗੰਗਾ ....: 42, 45, 47, 49, 51, 57, 58, 60, 62, 66, 71, 77, 79, 116, 140, 143, 149, 187, 188, 206, 276, 284, 297, 361
ਗੰਧ੍ਰਵ ਵਿਵਾਹ .... : 263
ਗੁਟਕਾ .... : 100, 102, 173
ਗੁਰ ਸੰਗਤ.............. : 30, 290, 291, 292, 293, 297, 298, 342, 350, 355, 454
ਗੁਰੂ ਪੰਥ................. : 24, 28, 29, 32, 45, 56, 72, 92, 103, 105, 113, 161, 162, 196, 199, 201, 211, 258, 278, 284, 290, 291, 292, 293, 294, 295, 297, 298, 318, 341, 342, 352, 353, 354, 355, 454, 457
ਗੁਰਮਤਾ.................. : 55, 126, 136, 290, 291, 352, 353, 354
ਗੁਰਭਾਈ .... : 345
ਗੁਰਮਤਿ ਦੀ ਰਹਿਣੀ..: 91, 92, 150, 165, 169, 177, 199, 204, 205, 207, 221, 227, 240, 248, 252, 284, 319, 323, 345, 347, 348, 453

ਘ

ਘਿਉ....................... : 88, 123, 192, 219, 260
ਘੁੰਡ........................ : 148, 149, 150, 243, 252
ਘੜਾ...................... : 270, 284

SikhBookClub.com

ਚ
ਚਿੱਟੇ ਚੁਗਣ............ : 343, 345, 455
ਚੌਰ......................... : 117, 120, 127, 128, 130, 131, 132, 189, 190
ਚਉਪਾ.................... : 148, 150, 191, 211, 234, 236, 247, 268, 275, 290, 294, 314, 324, 332, 344, 346

ਜ
ਜੂਆ....................... : 247, 248, 348
ਜੈਕਾਰਾ.................... : 106, 119, 120, 152, 172, 203, 252

ਟ
ਟੋਪੀ .... : 223, 269, 301, 304, 339, 454
ਟਕਾ .... : 197, 198

ਤ
ਤੰਤ੍ .... : 215
ਤੌਂਬਾ .... : 303
ਤਸਵੀਰ .... : 1,31,133
ਤਰਪਣ.................. : 195, 201
ਤਨਖਾਹ ਲਾਉਣ ਦੀ ਵਿਧੀ : 272, 273, 332
ਤਨਖਾਹੀਆ .... : 150, 154, 155, 191, 211, 237, 240, 247, 300, 324, 336, 342, 343, 346, 347, 349, 351
ਤਖਤ .... : 111, 141, 151, 156, 283, 355
ਤਿਆਰ ਬਰ ਤਿਆਰ..: 45, 454, 452, 355, 350, 297, 292, 195
ਤਿਲਕ...................... : 29, 213, 222, 223, 233, 304

ਦ
ਦੱਖਣ ਦਿਸ਼ਾ............ : 149
ਦਸਮ ਗ੍ਰੰਥ............... : 102, 157, 200, 201, 202, 270, 283, 312, 352, 353,
ਦਾਹੜਾ ਰੰਗਣ ਵਾਲਾ..: 155, 343, 455

ਧ
ਧਾਗਾ....................... : 269
ਧਰਮ ਦੀ ਕਿਰਤ........ : 205, 244

ਨ
ਨਿਤਨੇਮ .... : 42, 66, 68, 95, 96, 97, 98, 99, 100, 101, 102, 103, 104, 105, 107, 173, 323, 451
ਨਿਯੋਗ................. : 276, 278
ਨਿਸ਼ਾਨ ਸਾਹਿਬ......... : 117, 157, 158, 159, 160, 161, 162, 163, 326, 452

SikhBookClub.com

ਨਿਕਾਹ...................... : 261
ਨੰਗੇ ਸਿਰ.................... : 148, 149
ਨਗਾਰਾ...................... : 152, 163, 164, 288, 452
ਨਾਮ ਬਾਣੀ ਦਾ ਅਭਿਆਸ..: 65, 107, 203
ਨਾਮਧਾਰੀ................. : 148, 166
ਨਾਮਕਰਣ.................. : 254
ਨੜੀ ਮਾਰ................ : 155, 340, 341, 342, 343, 344, 345

ਪ

ਪੁਨਰ ਵਿਆਹ.......... : 276
ਪੰਥ ਵਿਰੋਧੀਆਂ......... : 155, 202, 342, 343
ਪੰਜ ਬਾਣੀਆਂ........... : 66, 96, 97, 98, 99, 105, 309, 310, 323, 324
ਪਰ ਤਨ.................... : 337
ਪੈਰ ਧੋ ਕੇ.................... : 143
ਪੰਥ........................... : 22, 24, 27, 28, 29, 31, 32, 35, 37, 38, 39, 40, 42, 44, 45, 46, 56, 58, 67, 71, 72, 73, 79, 82, 92, 95, 100, 102, 103, 105, 106, 111, 112, 113, 114, 116, 117, 118, 121, 127, 135, 151, 153, 155, 158, 161, 162, 168, 170, 181, 186, 189, 195, 196, 197, 199, 201, 202, 203, 204, 206, 210, 211, 223, 227, 229, 234, 240, 243, 244, 247, 251, 253, 254, 258, 259, 261, 262, 265, 266, 267, 271, 278, 284, 285, 288, 290, 291, 292, 293, 294, 295, 297, 298, 306, 307, 318, 320, 325, 326, 327, 328, 329, 331, 335, 340, 341, 342, 343, 351, 352, 353, 354, 355, 360, 361, 451, 454, 456, 457

ਬ

ਬੇਰੀ ਜਾਂ ਜੰਡੀ.......... : 269, 270
ਬ੍ਰਾਹਮਣ.................... : 30, 175, 213, 218, 227, 228, 229, 239, 254, 260, 268, 279, 287, 308, 346, 457

ਭ

ਭੰਗ.......................... : 47, 155, 240, 241, 281, 301, 339, 343, 347

ਮ

ਮ੍ਰਿਤਕ ਪ੍ਰਾਣੀ .... : 281, 282, 283, 284

SikhBookClub.com

ਮੱਥਾ ਟੇਕਣਾ............ : 120, 144, 145, 171, 172, 452
ਮੌਲੀ........................ : 269, 304
ਮੁੱਠੀਆਂ ਭਰਨੀਆਂ.... : 138
ਮੁਕਟ....................... : 269
ਮੁਕਤੀ ਦਾਤਾ........... : 126, 165, 169, 174, 189, 208, 209, 210, 251, 294, 322, 323
ਮਤ ਦਾ ਰਾਖਾ........... : 106, 117
ਮਸੰਦ........................ : 155, 342, 343, 344
ਮਾਤਾ ਪਿਤਾ.............. : 69, 272
ਮਾਸਟਰ ਤਾਰਾ ਸਿੰਘ.. : 41, 250, 330, 342, 354, 359
ਮੂਲ ਮੰਤ.................... : 316

ਰ

ਰੋਟੀ-ਬੇਟੀ................. : 343
ਰੰਗ......................... : 208, 346
ਰਾਗਮਾਲਾ................. : 186, 187, 188, 189, 452
ਰਸਮਾਂ...................... : 42, 43, 72, 184, 223, 267, 271, 276
ਰਾਮਰਾਈਏ............... : 155, 342, 343, 344
ਰਹਿਤਨਾਮੇ................: 21, 137, 149, 150, 191, 196, 211, 234, 237, 266, 268, 275, 289, 297, 298, 314, 324, 328, 346, 457
ਰਹਿਰਾਸ.................. : 66, 95, 96, 97, 98, 99, 101, 102, 103, 104, 124, 323, 324, 451

ਲ

ਲਗਨ....................... : 215, 269
ਲੰਗਰ....................... : 72, 144, 164, 285, 286, 287, 288, 289, 290, 292, 293, 334, 454

ਵ

ਵੇਸਵਾ ਦਾ ਨਾਚ...... : 269, 270
ਵੇਦ......................... : 31, 86, 175, 227, 230, 238, 346
ਵੇਦੀ........................ : 269, 270
ਵਾਕਰ...................... : 133, 134, 451
ਵਚਨ....................... : 300

***

SikhBookClub.com

ਸਿੱਖੀ ਦੇ ਜਾਮੇ ਵਿਚ ਭੇਖੀ ਸਿੱਖਾ ਉਏ

ਕੁਲਦੀਪ ਸਿੰਘ ਲਾਂਬਾ

ਸਿੱਖੀ ਦੇ ਜਾਮੇ ਵਿਚ ਭੇਖੀ ਸਿੱਖਾ ਓਏ
ਤੈਨੂੰ ਹੋਸ਼ ਕਦੋਂ ਤੱਕ ਆਵੇਗੀ?
ਕੀ ਉਦੋਂ? ਜਦ ਮੌਤ ਨਗਾਰਾ ਵੱਜੇਗਾ
ਜਮਦੂਤ ਤੇਰੇ ਵੱਲ ਭੱਜੇਗਾ
ਤੇਰੇ ਗੱਲ੍ਹ ਵਿਚ ਘੁੰਘਰੂ ਵੱਜੇਗਾ
ਰੂਹ ਆਕਾਸ਼ਾਂ ਵੱਲ ਨੂੰ ਭੱਜੇਗਾ
ਤੇਰੇ ਭੈਣ ਭਾਈ ਸਭ ਰੋਵਣਗੇ
ਤੂੰ ਬਿਟ ਬਿਟ ਸਭ ਵੱਲ ਤਕੇਂਗਾ
ਸਭ ਮਨ ਦੀਆਂ ਮਨ ਵਿਚ ਰਹਿ ਜਾਸਣ
ਕੁਝ ਮੂੰਹ ਤੋਂ ਬੋਲ ਨਾ ਸਕੇਂਗਾ
ਜਦ ਹੋਸ਼ ਠਿਕਾਣੇ ਆਵਣਗੇ
ਤੇ ਗਿੜ ਗਿੜ ਤਰਲੇ ਪਾਵੇਂਗਾ
ਜੋ ਪੰਥ ਧ੍ਰੋਹੀ ਕੀਤੀ ਆ
ਉਦ੍ਹੋ ਤੇ ਪਛਤਾਵੇਂਗਾ
ਫਿਰ ਪ੍ਰੀਤਮ ਬਾਝੋਂ ਕਿਹੜਾ ਏ
ਜੋ ਟੁੱਟੀਆਂ ਗੰਢਾ ਜੋੜ ਦੇਵੇ
ਸਾਹ ਜਾਂਦੇ ਤਾਈਂ ਮੋੜ ਲਵੇ
ਤੂੰ ਗਹਿਰੀ ਨੀਦੀਂ ਸੌਂ ਗਿਐਂ
ਕੁਝ ਹੋਸ਼ ਨਹੀਂ ਹੈ ਅੱਗੇ ਦਾ
ਕਿਸ ਮਸਤੀ ਵਿਚ ਮਦਹੋਸ਼ ਪਿਐਂ
ਕੁਝ ਫਿਕਰ ਨਹੀਂ ਹੈ ਅੱਗੇ ਦਾ
ਤੇਰੇ ਨਾਲ ਦੇ ਸਾਥੀ ਲੰਘ ਗਏ
ਉਹ ਕਈ ਮੰਜ਼ਲਾ ਪਾਰ ਗਏ
ਕੀ ਹੋਸ਼ ਉਦੋਂ ਹੀ ਆਵੇਗੀ
ਜਦ ਪਾਣੀ ਸਿਰ ਤੋਂ ਲੰਘ ਗਿਆ
ਤੂੰ ਜਿਸ ਤੇ ਏਡਾ ਮਾਣ ਕਰੇਂ
ਉਹ ਕਈ ਵਾਰੀ ਅਜ਼ਮਾਏ ਨੇ
ਕਈ ਵਾਰੀ ਠੋਕ ਵਜਾ ਵੇਖੇ
ਤੇ ਸਦਾ ਹੀ ਉਲਟੇ ਪਾਏ ਨੇ
ਜਦ ਮਤਲਬ ਪੂਰਾ ਹੋ ਗਿਆ
ਤੇਰੇ ਭੇਖੀ ਮਿੱਤਰ ਨੱਸਣਗੇ
ਤੇਰੀ ਨਾਦਾਨੀ ਤੇ ਹੱਸਣਗੇ
ਫਿਰ ਤੜਫੇਂਗਾ ਕੁਰਲਾਵੇਂਗਾ
ਜਦ ਸਮਾਂ ਸੁਹਾਨਾ ਬੀਤ ਗਿਆ
ਫਿਰ ਪਛਤਾਇਆਂ ਕੀ ਹੋਣੈ
ਜਦ ਚਿੜੀਆਂ ਨੇ ਚੁਗ ਖੇਤ ਲਿਆ
ਉਠ ਸੂਰਜ ਕਾਫੀ ਚੜ੍ਹ ਗਿਐ
ਤੇ ਰਾਤ ਝਾਤੀਆਂ ਪਾਵੇਗੀ
ਮੱਥੇ ਤੇ ਹੱਥ ਰੱਖ ਰੋਵੇਂਗਾ
ਤੈਨੂੰ ਹੋਸ਼ ਕਦੋਂ ਤੱਕ ਆਵੇਗੀ
ਜਦ ਰੂਪ ਤੇਰਾ ਬਣਾਇਆ ਸੀ
ਜੈ ਜੈ ਕਾਰ ਹੋਈ ਆਕਾਸ਼ਾਂ ਤੇ
ਤੇਰੀ ਨੀਂਹ ਰੱਖੀ ਸੀ ਪ੍ਰੀਤਮ ਨੇ
ਮਾਸੂਮਾਂ ਦੀਆਂ ਲਾਸ਼ਾਂ ਤੇ
ਜੰਗਲਾਂ ਵਿਚ ਰੁਲਦਾ ਫਿਰਦਾ ਸੀ
ਕੰਡਿਆਂ ਤੇ ਉਹ ਸੌਂਦਾ ਸੀ
ਬਲੀਦਾਨ ਪਿਤਾ ਦਾ ਦਿੱਤਾ ਸੀ
ਤੇਰੀ ਕਰਨ ਪੂਰੀਆਂ ਖਾਹਿਸ਼ਾਂ ਤੇ
ਪਰ ਅਫ਼ਸੋਸ ਕਿ ਬੇਕਦਰਾ ਕਦਰ ਨਾ ਪਾਈ ਤੂੰ
ਭਾਈ ਮਤੀ ਦਾਸ ਦੇ ਆਰੇ ਦੀ
ਐਸ਼ਾਂ ਵਿਚ ਰੰਗ ਰਲੀਆਂ ਮਾਣੇ ਤੂੰ
ਰੂਹ ਕੀ ਆਖੇਗੀ ਉਸ ਗੁਰੂ ਦੁਲਾਰੇ ਦੀ
ਕਿੱਧਰ ਗਈ ਉਹ ਅਣਖ ਤੇਰੀ
ਜਦ ਦੂਜੇ ਤਾਈਂ ਢਾਲਾਂ ਬਣਦਾ ਸੈਂ
ਮਜ਼ਲੂਮਾਂ ਤੇ ਦੁਖੀਆਂ ਖਾਤਰ
ਅੱਗੇ ਹੋ ਹੋ ਮਰਦਾ ਸੈਂ
ਅੱਜ ਆਪਣੀ ਤੈਨੂੰ ਹੋਸ਼ ਨਹੀਂ
ਦੂਜੇ ਦੀ ਕੀ ਬਣਾਵੇਂਗਾ
ਤੇਰੀ ਆਪਣੀ ਇੱਜ਼ਤ ਲੁੱਟ ਗਈ
ਦੂਜੇ ਦੀ ਕੀ ਬਚਾਵੇਂਗਾ
ਜੇ ਜੱਗ ਵਿਚ ਜਿਊਂਣਾ ਚਾਹੁਨੈਂ ਸਿੰਘਾ
ਜੇ ਅਣਖੀਲਾ ਜੀਵਨ ਚਾਹੁਨੈਂ ਸਿੰਘਾ
ਛੱਡ ਗਿੱਦੜਾਂ ਵਾਲਾ ਜੀਵਨ ਤੂੰ
ਪ੍ਰੀਤਮ ਦੀ ਫੁਲਵਾੜੀ ਦੇ
ਸੁੱਤੇ ਭਾਗ ਜਗਾ ਸਿੰਘਾਂ।

***

SikhBookClub.com

ਪਾਠਕਾਂ ਲਈ

SikhBookClub.com

ਪਾਠਕਾਂ ਲਈ

SikhBookClub.com

ਪਾਠਕਾਂ ਲਈ

SikhBookClub.com

ਪਾਠਕਾਂ ਲਈ

SikhBookClub.com

ਪਾਠਕਾਂ ਲਈ

SikhBookClub.com

ਪਾਠਕਾਂ ਲਈ

SikhBookClub.com

563/1-06/5000

Tele. Address :-
'SHIROMANI'

੧ ੴ ਵਾਹਿਗੁਰੂ ਜੀ ਕੀ ਫ਼ਤਹ ॥

☎ 2553957
2553958
2553959
Fax : 0183--2553919

Shiromani Gurdwara Parbandhak Committee.

Teja Singh Samundri Hall, SRI AMRITSAR.

No. 582

Date 24.1.09

TO WHOM IT MAY CONCERN.

Be it known that Bhai Gurcharanjit Singh Lamba, renowned scholar of Sikh history, culture and legislative affairs and Editor of *panthic* journal *Sant Sipahi* is an ardent protagonist of Sikh Rehat Maryada (Sikh Code of Conduct).

Appreciating his services to the Panth, Shiromani Gurdwara Prabandhak Committee, the apex body of the Sikhs takes pleasure in designating him as Honorary Envoy for propagation of Guru Nanak Dev ji's message to humanity in accordance with the *Sikh Rehat Maryada* while he is on tour abroad.

One and all are requested to provide him full cooperation.

May Akal Purakh be always with him.

(Avtar Singh)
President
Shiromani Gurdwara Prabandhak Committee)

SikhBookClub.com

ੴ ਵਾਹਿਗੁਰੂ ਜੀ ਕੀ ਫ਼ਤਹ ॥

ਸ੍ਰੀ ਅਕਾਲ ਤਖ਼ਤ ਸਾਹਿਬ

ਸ੍ਰੀ ਅੰਮ੍ਰਿਤਸਰ ਸਾਹਿਬ

Sri Akal Takhat Sahib, Sri Amritsar Sahib

ਨੰਬਰ SPL .... ਮਿਤੀ 19..06..੨੦੨੦.

ਪ੍ਰਸੰਸਾ ਪੱਤਰ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫਾ ਦੇ ਅੰਦਰ ਇਕ ਉੱਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਜਿਨ੍ਹਾਂ ਦਾ ਜਨਮ 04 ਮਈ 1949 ਨੂੰ ਪਿਤਾ ਸ੍ਰ. ਕੁਲਦੀਪ ਸਿੰਘ ਲਾਂਬਾ ਅਤੇ ਮਾਤਾ ਮਹਿੰਦਰ ਕੌਰ ਜੀ ਦੇ ਘਰ ਹੋਇਆ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਘਰ ਵਿਚ ਪ੍ਰਾਪਤ ਕੀਤੀ। ਖੰਡੇ ਦੀ ਪਾਹੁਲ ਸੰਤ ਗਿਆਨੀ ਕਰਤਾਰ ਸਿੰਘ ਜੀ ਦੀ ਪ੍ਰੇਰਨਾ ਨਾਲ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਪ੍ਰਾਪਤ ਕੀਤੀ ਅਤੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ-ਨਾਲ ਟੀ.ਵੀ ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ: ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। **"ਇਕ ਖ਼ਤ ਭਾਈ ਤਾਰੂ ਸਿੰਘ ਜੀ ਦੇ ਨਾਮ"** ਅਤੇ **"ਦਸਤਾਰ ਕਿ ਟੋਪੀ"** ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਮ ਤੇ ਆਰ.ਐਸ.ਐਸ ਵੱਲੋਂ ਜਾਰੀ ਜਾਅਲੀ ਚਿੱਠੀ ਦੇ ਭੇਦ ਨੂੰ ਉਜਾਗਰ ਕਰਨ ਸਦਕਾ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਸ਼ੰਸਾ-ਪੱਤਰ ਵੀ ਪ੍ਰਾਪਤ ਹੋਇਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ-ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥਲੀ ਪੁਸਤਕ ,**"ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ"** ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ-ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ।

ਗੁਰੂ ਰਾਖਾ

ਗੁਰੂ ਪੰਥ ਦਾ ਦਾਸ,

(ਗਿ: ਹਰਪ੍ਰੀਤ ਸਿੰਘ)
ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ ਸਾਹਿਬ।

Phone/Fax : 0183-2540820 | E-Mail : akaltakhatsahib84@gmail.com

SikhBookClub.com

ਰਹਿਤ ਵਾਲਾ - ਰਹਿਤ ਵਾਲੇ ਸਿੰਘ ਦੀ ਪੜ੍ਹੀ ਹੋਈ ਬਣੀ ਸਫਲ ਹੈ ਤੇ ਜਿਨ੍ਹਾਂ ਨੇ ਤਨ, ਮਨ, ਧਨ, ਗੁਰੂ ਸਾਹਿਬ ਜੀ ਨੂੰ ਸੌਂਪਿਆ ਹੈ ਸਤਿਗੁਰਾਂ ਦੀ ਰਜ਼ਾ ਵਿਚ ਚਲਦੇ ਹਨ, ਸਿਦਕ ਭਰੋਸੇ ਵਿਚ ਪੂਰੇ ਹਨ, ਅੰਦਰ ਬਾਹਰ ਸਤਿਗੁਰਾਂ ਨੂੰ ਨਾਲ ਵੇਖਦੇ ਹਨ, ਜਿਉਂਦੇ ਸਤਿਗੁਰਾਂ ਦੇ ਅਨੰਨ ਭਗਤ ਹੋ ਕੇ ਅੰਮ੍ਰਿਤ ਨਾਮ ਦਾ ਰਸ ਮਾਣਦੇ ਹਨ, ਉਹ ਗੁਰਮੁਖ ਸਰੀਰ ਛੱਡ ਕੇ ਸਤਿਗੁਰੂ ਸਾਹਿਬ ਵਿਚ ਲੀਨ ਹੁੰਦੇ ਹਨ- ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥

(ਸੰਤ ਗਿ. ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲੇ), ਗੁਰਬਾਣੀ ਪਾਠ ਦਰਸ਼ਨ ਪੰ.177

ਹਰ ਮਤ ਦੇ ਤਿੰਨ ਅੰਗ ਹੁੰਦੇ ਹਨ: 1. ਅਸੂਲ (Principles), 2.ਜਥੇਬੰਦੀ (Organization) ਅਤੇ 3. ਪ੍ਰਬੰਧ (Regulation)। ਸੋ ਪ੍ਰਬੰਧ ਦਾ ਨਾਮ ਸਿਖਾਂ ਵਿਚ ਮਰਿਯਾਦਾ ਯਾ ਗੁਰ ਮਰਿਯਾਦਾ ਹੈ। ਅਰਥਾਤ ਉਹ ਮਰਿਯਾਦਾ ਜੋ ਗੁਰੂ ਸਾਹਿਬਾਨ ਨੇ ਯਾ ਪੰਥ ਗੁਰੂ ਨੇ ਧਰਮ ਦੇ ਅਸੂਲਾਂ ਦੇ ਮੁਤਾਬਕ ਜਥੇਬੰਦੀ ਦੇ ਅਨਕੂਲ ਕਾਇਮ ਕੀਤੀ ਹੋਈ ਹੈ।

(ਭਾਈ ਵੀਰ ਸਿੰਘ ਜੀ), ਅਮਰ ਲੇਖ 1 ਪੰਨ 72

ਚੂੰਕਿ ਗੁਰੂ ਗੋਬਿੰਦ ਸਿੰਘ ਜੀ ਖ਼ੁਦ ਆਪਣੇ ਸਾਜੇ ਸਿੰਘਾਂ ਤੋਂ ਅੰਮ੍ਰਿਤ ਛਕ ਕੇ ਆਪ ਭੀ ਉਨ੍ਹਾਂ ਵਿਚ ਹੀ ਸ਼ਾਮਲ ਹੋ ਗਏ ਅਤੇ ਆਪ ਭੀ ਉਹੋ ਹੀ ਰਹਿਤ ਪਰਵਾਨ ਅਤੇ ਧਾਰਣ ਕਰ ਲਈ ਜੋ ਖ਼ਾਲਸੇ ਵਾਸਤੇ ਨਿਯਤ ਕੀਤੀ ਗਈ ਸੀ, ਇਸ ਲਈ ਗੁਰੂ ਅਤੇ ਸਿੱਖ ਦਾ ਫ਼ਰਕ ਭੀ ਮਿਟ ਗਿਆ ਅਤੇ ਇੱਕੋ ਹੋ ਕੇ ਸਾਰੇ ਅੰਮ੍ਰਿਤਧਾਰੀ ਸਿੰਘ ਅਕਾਲ ਪੁਰਖ ਵਾਹਿਗੁਰੂ ਜੀ ਦਾ ਖ਼ਾਲਸਾ ਹੋ ਗਏ।

(ਡਾ. ਗੰਡਾ ਸਿੰਘ ਜੀ) ਹੁਕਮਨਾਮੇ, ਪੰ.26

'ਸਿੱਖ ਨਿਯਮਾਂ ਦੀ ਪਾਬੰਦੀ ਅਤੇ ਸਿੱਖ ਧਰਮ ਦੇ ਨਿਯਮਾਂ ਅਨੁਸਾਰ ਰਹਿਣ ਦੀ ਕਿਰਿਆ ਨੂੰ ਰਹਿਤ ਮਰਯਾਦਾ ਕਹਿੰਦੇ ਹਨ।' ਰਹਿਤ ਮਰਯਾਦਾ ਨੂੰ 'ਕੁਲੈਕਟਿਵ ਪ੍ਰਸਨੈਲੇਟੀ ਔਫ ਦੀ ਪੰਥ' (Collective Personality of the Panth) ਵੀ ਕਹਿ ਸਕਦੇ ਹਾਂ। ਕਿਸੇ ਵਿਅਕਤੀ ਨੂੰ ਕੋਈ ਹੱਕ ਨਹੀਂ ਕਿ ਇਸ ਪੰਥਕ ਸ਼ਖਸੀਅਤ ਨੂੰ ਭੰਗ ਕਰਨ ਦਾ ਹੀਆ ਕਰੇ।

(ਪ੍ਰਿੰ. ਸਤਬੀਰ ਸਿੰਘ ਜੀ), ਸੌ ਸਵਾਲ, ਪੰ.58

ਪੰਥ ਦੇ ਪੜ੍ਹੇ-ਅਨਪੜ੍ਹੇ ਸਾਰੇ ਸਜਣ ਸਤਿਗੁਰੂ ਜੀ ਦੀ ਰਹਿਤ ਮ੍ਰਿਯਾਦਾ ਸੰਬਧੀ ਆਗਿਆ ਦੇ ਇਕਸਾਰ ਪਾਲਨ ਕਰਨ ਵਾਲੇ ਬਣੇ ਰਹਿ ਕੇ ਪੰਥ ਤੇ ਧਰਮ ਦਾ ਪ੍ਰਚਾਰ ਕਰਨ ਵਾਲੇ ਸਾਰੇ ਸੁਹਿਰਦ ਸਾਬਤ ਹੋਣ।

(ਅਕਾਲੀ ਕੌਰ ਸਿੰਘ ਜੀ ਨਿਹੰਗ), ਹਜ਼ੂਰੀ ਸਾਥੀ

ਕੇਵਲ ਸਰੀਰਕ ਰਹਿਤ ਰਖਣੀ ਹੀ ਕਾਫ਼ੀ ਨਹੀਂ, ਕਿਉਂਕਿ ਜਿਸ ਤਰ੍ਹਾਂ ਇਕ ਲਾਲਟੈਨ ਵਿਚ ਅੰਦਰ ਬੱਤੀ ਹੁੰਦੀ ਹੈ। ਉਪਰ ਚਿਮਨੀ ਤੇ ਚਿਮਨੀ ਦੇ ਬਚਾਅ ਲਈ ਬਾਹਰ ਲੋਹੇ ਦੀਆਂ ਤਾਰਾਂ ਦਾ ਜੰਗਲਾ ਹੁੰਦਾ ਹੈ। ਜੇ ਅੰਦਰੋਂ ਬੱਤੀ ਬੱਲੇ, ਚਿਮਨੀ ਸਾਫ਼ ਹੋਵੇ, ਜੰਗਲਾ ਦਰੁਸਤ ਹੋਵੇ ਤਾਂ ਹੀ ਲਾਲਟੈਨ ਸਹੀ ਅਰਥਾਂ ਵਿਚ ਆਪਣਾ ਪੂਰਾ ਕੰਮ ਦੇ ਸਕਦੀ ਹੈ।

(ਪ੍ਰਿ. ਗੰਗਾ ਸਿੰਘ ਜੀ), ਪੂਰਨ ਮਨੁੱਖ ਪੰ. 54

SAAKHI SIKH RAHIT MARYADA JI KI

978-1-7327881-1-4

SikhBookClub.com